
ਸਰਬ ਲੋਹ ਦਾ ਕਵੀ



ਰਣਜੀਤ ਸਿੰਘ 'ਖੜਗ'

ਸਰਬ ਲੋਹ ਦਾ ਕਵੀ

ਸਰਬ ਲੋਹ ਦਾ ਕਵੀ

ਰਣਜੀਤ ਸਿੰਘ 'ਖੜਗ'

ਸੰਕਲਨ ਅਤੇ ਸੰਪਾਦਨ
ਇੰਜੀ: ਕਰਮਜੀਤ ਸਿੰਘ

International Publishers
of Indian and Foreign Languages

Representation Offices
• 596 Street, Madera, California-93638
• 8 Automatic Rd, Unit 2C, Brampton L6S 3N5, Canada

ISBN : 978-93-5068-302-6
Price : 500/-

Sarb Loh Da Kavi

by

Ranjit Singh 'Kharag'

Edited by

Er. Karamjit Singh

2013
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
email : lokgeetparkashan@gmail.com
website : www.unistarbooks.com
Punjabi Bhawan, Ludhiana
Printed & bound at Unistar Books Pvt. Ltd.
301, Industrial Area, Phase-9.
S.A.S. Nagar, Mohali-Chandigarh (India)
Mob: 98154-71219

ਸਾਦਰ ਸਮਰਪਣ

ਸੱਚਖੰਡ ਵਾਸੀ ਸ੍ਰ. ਚਮਨ ਸਿੰਘ ਜੀ
ਅਤੇ ਸਰਦਾਰਨੀ ਜਸਵੰਤ ਕੌਰ ਜੀ
(ਸ਼ਿਮਲਾ ਨਿਵਾਸੀ)

ਤਤਕਰਾ

ਅਤੀ ਸ਼ਲਾਘਾ-ਯੋਗ ਉੱਦਮ

ਕਲਾ ਜਾਂ ਸਾਹਿਤ ਦੀ ਕੋਈ ਵੀ ਵਿਧਾ ਹੋਵੇ, ਉਸ ਵਿਚ ਮੁਹਾਰਤ ਤੇ ਨਿਪੁੰਨਤਾ ਹਾਸਲ ਕਰਨੀ ਅਤੇ ਸੰਸਾਰ ਵਿਚ ਇਕ ਵੱਖਰਾ ਨਾਮ ਪੈਦਾ ਕਰਨਾ, ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ ਹੁੰਦੀ। 'ਮੁਹੱਬਤ ਕੇ ਲੀਏ ਕੁਛ ਔਰ ਦਿਲ ਮਖਸੂਸ ਹੋਤੇ ਹੈਂ, ਯੇਹ ਵੋਹ ਨਗ਼ਮਾ ਹੈ ਜੋ ਹਰ ਸਾਜ਼ ਪੇ ਗਾਇਆ ਨਹੀਂ ਜਾਤਾ'-ਵਾਂਗ ਇਨ੍ਹਾਂ ਖੇਤਰਾਂ ਵਿਚ ਯਾਦਗਾਰੀ ਪ੍ਰਾਪਤੀ ਲਈ ਵੀ ਤੀਬਰ ਲਗਨ, ਨਿਰੰਤਰ ਸਾਧਨਾ, ਕਰੜੀ ਘਾਲ-ਕਮਾਈ, ਸਿਦਕਦਿਲੀ, ਸਿਰੜ ਅਤੇ ਜਨੂੰਨ ਦੀ ਭਾਰੀ ਆਵੱਸ਼ਕਤਾ ਹੋਇਆ ਕਰਦੀ ਹੈ। ਜਿਤਨੇ ਗਹਿਰੇ ਸਮੁੰਦਰ ਦੇ ਤਲ 'ਤੇ ਜਾਉਗੇ, ਉਤਨੇ ਹੀ ਕੀਮਤੀ ਤੇ ਦੁਰਲੱਭ ਮਾਣਕ-ਮੋਤੀ ਲੱਭ ਲਿਆਉਣ ਦੀ ਸੰਭਾਵਨਾ ਬਣ ਜਾਂਦੀ ਹੈ-'ਜਿਨ ਖੋਜਿਉ ਤਿਨ ਪਾਇਉ, ਗਹਿਰੇ ਪਾਣੀ ਪੈਠ'।

ਸਾਡੇ ਘਰ ਦਾ ਅਦਬੀ ਤੇ ਧਾਰਮਕ ਮਾਹੌਲ ਹੋਣ ਕਾਰਨ ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ਅਖਬਾਰਾਂ, ਰਿਸਾਲੇ ਅਤੇ ਪੁਸਤਕਾਂ ਪੜ੍ਹਨ ਦੀ ਚੇਟਕ ਤਾਂ ਭਾਵੇਂ ਬਚਪਨ ਤੋਂ ਹੀ ਲੱਗ ਗਈ ਸੀ, ਲੇਕਿਨ ਹਾਇਰ ਸੈਕੰਡਰੀ ਕਰਦਿਆਂ ਸਕੂਲ ਦੇ ਮਾਸਕ ਪੱਤਰ 'ਗੋਬਿੰਦ ਭੂਮੀ' ਦਾ ਵਿਦਿਆਰਥੀ ਸੰਪਾਦਕ ਅਤੇ ਸਕੂਲ ਦੀ ਲਾਇਬਰੇਰੀ ਦਾ ਸਹਾਇਕ ਥਾਪੇ ਜਾਣ ਤੋਂ ਬਾਅਦ ਤਾਂ ਇਹ ਰੁਚੀਆਂ ਹੋਰ ਵੀ ਪ੍ਰਬਲ ਹੋ ਗਈਆਂ। ਕੋਈ ਵੀ ਨਵੀਂ ਪੁਸਤਕ ਜਾਂ ਰਿਸਾਲਾ ਜਦੋਂ ਤੀਕ ਪੂਰੀ ਤਰ੍ਹਾਂ ਪੜ੍ਹ ਨਹੀਂ ਸੀ ਲੈਂਦਾ, ਇਕ ਤਰ੍ਹਾਂ ਚੈਨ ਹੀ ਨਹੀਂ ਸੀ ਮਿਲਦਾ ਅਤੇ ਪਠਨ-ਪਾਠਨ ਦਾ ਇਹ ਸਿਲਸਿਲਾ ਸਕੂਲ, ਕਾਲਜ ਤੇ ਯੂਨੀਵਰਸਿਟੀ ਦੀ ਪੜ੍ਹਾਈ ਉਪਰੰਤ ਵੱਖ-ਵੱਖ ਅਦਾਰਿਆਂ ਵਿਚ ਸਰਵਿਸ ਕਰਨ ਦੌਰਾਨ ਵੀ ਨਿਰੰਤਰ ਜਾਰੀ ਰਿਹਾ। ਇਸ ਪੂਰੇ ਸਮੇਂ ਦੌਰਾਨ ਜਿਨ੍ਹਾਂ ਸਤਿਕਾਰਤ ਲੇਖਕਾਂ ਤੇ ਬੁੱਧੀਜੀਵੀਆਂ ਨੇ ਦਾਸ ਨੂੰ ਵਧੇਰੇ ਪ੍ਰਭਾਵਤ ਕੀਤਾ, ਉਨ੍ਹਾਂ ਵਿਚ ਗੁਰਪੁਰਵਾਸੀ ਸ. ਰਣਜੀਤ ਸਿੰਘ ਜੀ 'ਖੜਗ' ਦਾ ਨਾਮ ਵੀ ਸ਼ਾਮਲ ਹੈ ਅਤੇ ਇਸ ਸਮੇਂ ਖੜਗ ਜੀ ਦੇ ਕੁਝ ਖੋਜ ਭਰਪੂਰ ਲੇਖ, ਜੋ ਪੁਸਤਕ ਰੂਪ ਵਿਚ ਪੁਨਰ-ਪ੍ਰਕਾਸ਼ਤ ਕੀਤੇ ਜਾ ਰਹੇ ਹਨ, ਸਬੰਧੀ ਪ੍ਰਸਤਾਵਨਾ ਵਜੋਂ ਕੁਝ ਸ਼ਬਦ ਲਿਖਦਿਆਂ ਮਨ ਨੂੰ ਅਲੌਕਿਕ ਹੀ ਖੁਸ਼ੀ ਹੋ ਰਹੀ ਹੈ।

ਸਾਲ 1951 ਤੋਂ 1971 ਤੱਕ ਦੇ ਦੋ ਦਹਾਕਿਆਂ ਦੌਰਾਨ ਜੋ ਧੁਰੰਧਰ ਵਿਦਵਾਨ ਆਪਣੀਆਂ ਗਿਆਨ-ਭਰਪੂਰ ਲਿਖਤਾਂ ਕਾਰਨ ਪੰਜਾਬੀ ਤੇ ਅੰਗਰੇਜ਼ੀ ਦੇ ਪ੍ਰਮੁਖ ਸਮਾਚਾਰ ਪੱਤਰਾਂ ਤੇ ਰਿਸਾਲਿਆਂ ਵਿਚ ਛਾਏ ਰਹੇ, ਉਨ੍ਹਾਂ ਵਿਚੋਂ ਵਿਸ਼ੇਸ਼ ਨਾਮ ਪ੍ਰਿੰਸੀਪਲ ਐਸ. ਐਸ. ਅਮੋਲ, ਪ੍ਰਿੰ. ਹਰਭਜਨ ਸਿੰਘ ਜੀ, ਪ੍ਰਿੰ. ਸਤਿਬੀਰ ਸਿੰਘ ਜੀ, ਪ੍ਰਿੰ. ਗੁਰਬਚਨ ਸਿੰਘ ਤਾਲਿਬ, ਪ੍ਰੋ: ਪਿਆਰਾ ਸਿੰਘ ਜੀ ਪਦਮ, ਪ੍ਰੋ. ਹਰਬੰਸ ਸਿੰਘ ਜੀ (ਪਟਿਆਲਾ), ਪ੍ਰੋ. ਪ੍ਰੀਤਮ ਸਿੰਘ ਜੀ, ਪ੍ਰੋ. ਪ੍ਰਕਾਸ਼ ਸਿੰਘ ਜੀ, ਡਾ. ਤਾਰਨ ਸਿੰਘ ਜੀ, ਡਾ. ਹਰਨਾਮ ਸਿੰਘ ਜੀ 'ਸ਼ਾਨ', ਡਾ. ਜੀਤ ਸਿੰਘ ਜੀ ਸੀਤਲ, ਡਾ. ਜੀ. ਐਸ. ਮਨਸੁਖਾਨੀ, ਡਾ. ਦਲੀਪ ਸਿੰਘ ਜੀ 'ਦੀਪ', ਡਾ. ਸੁਰਿੰਦਰ ਸਿੰਘ ਜੀ ਕੋਹਲੀ, ਸ. ਸ਼ਮਸ਼ੇਰ ਸਿੰਘ ਜੀ 'ਅਸ਼ੋਕ', ਸ. ਨਰਿੰਦਰ ਸਿੰਘ ਜੀ ਸੋਚ ਅਤੇ ਸ. ਰਣਜੀਤ ਸਿੰਘ ਜੀ 'ਖੜਗ' ਦੇ ਆਉਂਦੇ ਹਨ। ਅਸ਼ੋਕ ਜੀ, ਸੋਚ ਜੀ ਅਤੇ 'ਖੜਗ'

ਜੀ ਨੂੰ ਛੱਡ ਕੇ ਬਾਕੀ ਸਾਰੇ ਵਿਦਵਾਨ ਵਧੇਰੇ ਕਰਕੇ ਕਿਸੇ ਵਿਦਿਅਕ ਅਦਾਰੇ (ਕਾਲਜ ਜਾਂ ਯੂਨੀਵਰਸਿਟੀ) ਦੇ ਅਧਿਆਪਨ ਜਾਂ ਖੋਜ ਕਾਰਜ ਨਾਲ ਸਬੰਧਤ ਸਨ। ਸ. ਨਰਿੰਦਰ ਸਿੰਘ ਜੀ ਸੋਚ 'ਰੋਜ਼ਾਨਾ ਕੌਮੀ ਦਰਦ' (ਜਲੰਧਰ), 'ਗੁਰ ਸੰਦੇਸ਼' (ਯਮੁਨਾਨਗਰ) ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਉੱਘੇ ਧਾਰਮਕ ਰਿਸਾਲੇ 'ਗੁਰਮਤਿ ਪ੍ਰਕਾਸ਼' ਦੇ ਐਡੀਟਰ ਰਹੇ, ਜਦੋਂ ਕਿ ਸ. ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਦਾਰੇ 'ਸਿੱਖ ਇਤਿਹਾਸ ਰੀਸਰਚ ਬੋਰਡ' ਵਿਚ ਲੰਬਾ ਅਰਸਾ ਰੀਸਰਚ ਸਕਾਲਰ ਵਜੋਂ ਸੇਵਾ ਨਿਭਾਈ। ਸਿੱਖ ਇਤਿਹਾਸ ਨਾਲ ਸਬੰਧਤ ਖਰੜਿਆਂ ਅਤੇ ਰੈਫਰੈਂਸ ਪੁਸਤਕਾਂ ਦੇ ਅੰਗ-ਸੰਗ ਵਿਚਰਦਿਆਂ ਇਨ੍ਹਾਂ ਵਿਦਵਾਨਾਂ ਲਈ ਕਿਸੇ ਵੀ ਵਿਸ਼ੇ 'ਤੇ ਖੋਜ ਪੱਤਰ ਲਿਖਣਾ ਜਾਂ ਛਪਵਾਉਣਾ ਕੋਈ ਸਮੱਸਿਆ ਨਹੀਂ ਸੀ, ਬਲਕਿ ਇਨ੍ਹਾਂ ਦੀ ਡਿਊਟੀ ਦਾ ਇਕ ਤਰ੍ਹਾਂ ਹਿੱਸਾ ਹੀ ਸੀ। ਜਦੋਂ ਕਿ ਸ. ਰਣਜੀਤ ਸਿੰਘ ਜੀ 'ਖੜਗ', ਜੋ ਕੇਂਦਰੀ ਸਰਕਾਰ ਦੇ ਅਕਾਊਂਟੈਂਟ ਜਨਰਲ ਪੋਸਟ ਐਂਡ ਟੈਲੀਗਰਾਫ ਮਹਿਕਮੇ ਵਿੱਚ ਸ਼ਿਮਲਾ ਵਿੱਚ ਸਰਵਿਸ ਕਰਦੇ ਸਨ, ਦਾ ਸਾਹਿਤਕ ਤੇ ਇਤਿਹਾਸਕ ਖੋਜ ਜਾਂ ਅਧਿਆਪਨ ਨਾਲ ਦੂਰ ਦਾ ਰਿਸ਼ਤਾ ਵੀ ਨਹੀਂ ਸੀ, ਕਿਸੇ ਵਿਸ਼ੇ ਨਾਲ ਸਬੰਧਤ ਹਵਾਲਾ ਪੁਸਤਕਾਂ ਵੀ ਥੋੜ੍ਹੇ ਕੀਤੇ ਪ੍ਰਾਪਤ ਨਹੀਂ ਸੀ ਹੁੰਦੀਆਂ, ਲੇਕਿਨ ਗੁਰੂ ਮਹਾਰਾਜ ਨੇ ਆਪ ਜੀ ਪਾਸੋਂ ਕੌਮ ਦੀ ਮਹਾਨ ਸੇਵਾ ਜੋ ਲੈਣੀ ਸੀ, ਇਸ ਲਈ ਵਿਭਿੰਨ ਧਾਰਮਿਕ, ਸਮਾਜਿਕ, ਭਾਈਚਾਰਕ ਤੇ ਸਾਹਿਤਕ ਰੁਚੀਆਂ ਦੇ ਨਾਲ-ਨਾਲ ਗੁਰਬਾਣੀ, ਗੁਰਮਤਿ ਅਤੇ ਸਿੱਖ ਇਤਿਹਾਸ ਦੀ ਖੋਜ ਪ੍ਰਤੀ ਉੱਦਮ, ਉਮਾਹ ਤੇ ਉਤਸ਼ਾਹ ਵੀ ਦਿਲ ਖੋਲ੍ਹ ਕੇ ਬਖਸ਼ ਦਿੱਤਾ ਅਤੇ ਜਿੱਥੇ ਚਾਹ ਹੋਵੇ, ਉਥੇ ਕੋਈ ਨਾ ਕੋਈ ਰਾਹ ਵੀ ਨਿਕਲ ਹੀ ਆਉਂਦੀ ਹੈ।

'ਖੜਗ' ਜੀ ਨੇ ਸਮੇਂ-ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਦੀਆਂ ਬਾਣੀਆਂ, ਗੁਰੂ ਸਾਹਿਬਾਨ, ਭਗਤਾਂ-ਭੱਟਾਂ ਅਤੇ ਗੌਰਵਮਈ ਸਿੱਖ ਇਤਿਹਾਸ ਦੇ ਵੱਖ-ਵੱਖ ਪਹਿਲੂਆਂ ਬਾਰੇ ਅਨੇਕਾਂ ਖੋਜ-ਭਰਪੂਰ ਲੇਖ ਲਿਖੇ ਜੋ ਦੇਸ਼ ਦੇ ਉੱਘੇ ਹਫ਼ਤਾਵਰੀ ਤੇ ਮਾਸਕ ਪੱਤਰਾਂ ਦਾ ਸ਼ਿੰਗਾਰ ਬਣਦੇ ਰਹੇ। ਇਨ੍ਹਾਂ ਪੱਤਰਕਾਵਾਂ ਵਿਚ 'ਗੁਰਮਤਿ ਪ੍ਰਕਾਸ਼' ਤੇ 'ਗੁਰਦੁਆਰਾ ਗਜ਼ਟ' (ਅੰਮ੍ਰਿਤਸਰ), 'ਪੰਜਾਬੀ ਦੁਨੀਆ' ਤੇ 'ਜੀਵਨ ਪ੍ਰੀਤੀ' (ਪਟਿਆਲਾ), 'ਜੀਵਨ', 'ਗੁਰਮਤਿ ਮਾਰਗ' ਅਤੇ 'ਰਣਜੀਤ ਵੀਕਲੀ' (ਬੰਬਈ), 'ਗੁਰੂ ਸੰਦੇਸ਼' (ਯਮੁਨਾਨਗਰ), 'ਕਸ਼ੱਤਰੀ ਬੀਰ' (ਡੇਹਰਾਦੂਨ), 'The Spokesman weekly, 'ਕੌਮੀ ਸੁਤੰਤਰ', 'ਫ਼ਤਹ' ਤੇ 'ਪ੍ਰੀਤਮ' (ਦਿੱਲੀ), 'ਜਾਗ੍ਰਤੀ' (ਚੰਡੀਗੜ੍ਹ), 'The Sikh Review' (ਕਲਕੱਤਾ) ਦੇ ਨਾਮ ਵਿਸ਼ੇਸ਼ ਤੌਰ 'ਤੇ ਲਏ ਜਾ ਸਕਦੇ ਹਨ।

ਆਪਣੇ ਸਮੇਂ ਦੇ ਮਹਾਨ ਚਿੰਤਕ, ਰਾਜਸੀ ਅਤੇ ਪੰਥਕ ਆਗੂ ਸ. ਹੁਕਮ ਸਿੰਘ ਜੀ (ਜੋ ਲੋਕ ਸਭਾ ਦੇ ਡਿਪਟੀ ਸਪੀਕਰ, ਸਪੀਕਰ, ਰਾਜਸਥਾਨ ਦੇ ਗਵਰਨਰ ਅਤੇ ਬਾਅਦ ਵਿਚ ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ ਦੇ ਪ੍ਰਧਾਨ ਵੀ ਰਹੇ) ਵਲੋਂ ਨਵੀਂ ਦਿੱਲੀ ਤੋਂ ਜਾਰੀ ਉਘੇ ਅੰਗਰੇਜ਼ੀ ਸਪਤਾਹਿਕ 'The Spokesmen Weekly' ਵਿਚ ਛਪਣਾ ਉਨ੍ਹੀਂ ਦਿਨੀਂ ਇਕ ਲੇਖਕ ਲਈ ਭਾਰੀ ਮਾਣ ਦੀ ਗੱਲ ਹੋਇਆ ਕਰਦੀ ਸੀ। ਵਿਸਾਖੀ, ਦੀਵਾਲੀ, ਗਣਤੰਤਰ ਦਿਵਸ ਅਤੇ ਮੁੱਖ ਗੁਰਪੁਰਬਾਂ ਆਦਿ ਮੌਕਿਆਂ ਉਤੇ ਛਪਣ ਵਾਲੇ ਸਪੋਕਸਮੈਨ ਵੀਕਲੀ ਦੇ ਸੌ-ਸੌ, ਦੋ-ਦੋ ਸੌ ਪੰਨਿਆਂ ਦੇ ਵਿਸ਼ੇਸ਼ ਅੰਕ ਸੂਝਵਾਨ ਪਾਠਕਾਂ, ਖੋਜੀਆਂ ਅਤੇ ਵਿਦਵਾਨਾਂ ਲਈ ਸਾਂਭਣ ਯੋਗ ਸੌਗਾਤ ਹੋਇਆ ਕਰਦੇ ਸਨ ਅਤੇ ਤਕਰੀਬਨ ਹਰੇਕ ਵਿਸ਼ੇਸ਼ ਅੰਕ ਵਿਚ

'ਖੜਗ' ਜੀ ਦਾ ਕੋਈ ਨਾ ਕੋਈ ਖੋਜ ਭਰਪੂਰ ਲੇਖ ਅਵੱਸ਼ ਸ਼ਾਮਲ ਹੋਇਆ ਕਰਦਾ ਸੀ।

ਇਕ ਗਹਿਰ-ਗੰਭੀਰ ਚਿੰਤਕ, ਸਫਲ ਵਾਰਤਕਕਾਰ ਅਤੇ ਨਿਸ਼ਠਾਵਾਨ ਖੋਜੀ ਹੋਣ ਦੇ ਨਾਲ-ਨਾਲ 'ਜਹਾਂ ਨਾ ਪਹੁੰਚੇ ਰਵੀ-ਵਹਾਂ ਪਹੁੰਚੇ ਕਵੀ' ਅਨੁਸਾਰ ਸ. ਰਣਜੀਤ ਸਿੰਘ ਜੀ 'ਖੜਗ' ਕਵਿਤਾ ਦੇ ਅਕਾਸ਼-ਮੰਡਲ ਵਿਚ ਉਚੀਆਂ ਉਡਾਰੀਆਂ ਲਗਾਉਣ ਵਾਲੇ ਪ੍ਰਬੀਨ ਸ਼ਾਇਰ ਵੀ ਸਨ, ਜਿਨ੍ਹਾਂ ਨੇ ਵਿਭਿੰਨ ਵਿਸ਼ਿਆਂ ਉੱਤੇ ਅਨੇਕਾਂ ਦਿਲਾਂ ਨੂੰ ਟੁੰਬਣ ਵਾਲੀਆਂ ਕਵਿਤਾਵਾਂ ਦੀ ਸਿਰਜਨਾ ਕੀਤੀ ਅਤੇ ਦੇਸ਼ ਭਰ ਵਿਚ ਵੱਖ-ਵੱਖ ਸਟੇਜਾਂ ਉਤੇ ਬਾਖ਼ੂਬੀ ਪੇਸ਼ ਕਰਕੇ ਸਰੋਤਿਆਂ ਤੋਂ ਭਾਰੀ ਪ੍ਰਸੰਸਾ ਹਾਸਲ ਕੀਤੀ। ਕਲਮ ਦੇ ਧਨੀ ਹੋਣ ਦੇ ਨਾਲ-ਨਾਲ ਸਟੇਜ ਦੇ ਧਨੀ ਹੋਣ ਦਾ ਮਾਣ ਵੀ ਵਿਰਲਿਆਂ ਨੂੰ ਹੀ ਪ੍ਰਾਪਤ ਹੋਇਆ ਕਰਦਾ ਹੈ ਅਤੇ ਖੜਗ ਜੀ ਇਨ੍ਹਾਂ ਵਿਚੋਂ ਇਕ ਸਨ।

ਆਪਣੀ ਸਰਵਿਸ ਦੌਰਾਨ ਲਾਹੌਰ, ਕਪੂਰਥਲਾ, ਦਿੱਲੀ, ਨਾਗਪੁਰ, ਸ਼ਿਮਲਾ-ਜਿੱਥੇ ਵੀ ਖੜਗ ਜੀ ਰਹੇ, ਉਥੋਂ ਦੀਆਂ ਸਾਹਿਤਕ, ਧਾਰਮਕ ਤੇ ਸਭਿਆਚਾਰਕ ਸਰਗਰਮੀਆਂ ਵਿਚ ਭਰਵਾਂ ਯੋਗਦਾਨ ਪਾਉਂਦੇ ਰਹੇ। ਪੰਜਾਬੀ ਸਾਹਿਤ ਸਭਾ ਦਿੱਲੀ, ਪੰਜਾਬੀ ਕਵੀ ਸਭਾ ਦਿੱਲੀ, ਸ਼ੇਰੇ-ਪੰਜਾਬ ਕਵੀ ਸਭਾ ਦਿੱਲੀ, ਖਾਲਸਾ ਬਰਦਰਹੁੱਡ, ਕਵੀ ਮੰਡਲ ਸ਼ਿਮਲਾ, ਕਵੀ ਗੁਲਜ਼ਾਰ ਸ਼ਿਮਲਾ, ਆਲ ਇੰਡੀਆ ਲਿਟਰੇਰੀ ਕੌਂਸਲ ਸ਼ਿਮਲਾ ਆਦਿ ਸਾਹਿਤਕ ਸੰਸਥਾਵਾਂ ਦੀ ਸਥਾਪਨਾ ਅਤੇ ਉਸਾਰੀ ਵਿਚ 'ਖੜਗ' ਜੀ ਦੀ ਬੜੀ ਸਾਰਥਕ, ਜ਼ਿੰਮੇਦਾਰਾਨਾ ਅਤੇ ਯਾਦਗਾਰੀ ਭੂਮਿਕਾ ਰਹੀ। 30 ਦਸੰਬਰ 1971 ਨੂੰ ਸਰੀਰਕ ਚੋਲਾ ਤਿਆਗ ਕੇ ਅਗਲੇ ਸਫ਼ਰ ਦੇ ਪਾਂਧੀ ਬਣਨ ਤੀਕ 'ਖੜਗ' ਜੀ ਵਿਭਿੰਨ ਸਾਹਿਤਕ ਅਤੇ ਖੋਜ ਕਾਰਜਾਂ ਵਿਚ ਤਤਪਰਤਾ ਨਾਲ ਜੁੜੇ ਰਹੇ। 'ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਉਹ ਕਰ ਆਰਾਮ ਨਹੀਂ ਬਹਿੰਦੇ' ਅਨੁਸਾਰ ਜੀਵਨ ਦੇ ਅੰਤਮ ਪਲਾਂ ਤੀਕ ਆਪਣੇ ਅਕੀਦੇ ਅਤੇ ਮਕਸਦ ਪ੍ਰਤੀ ਜਾਗਰੂਕ ਰਹਿੰਦੇ ਹੋਏ ਦ੍ਰਿੜ੍ਹਤਾ ਨਾਲ ਮੰਜ਼ਿਲ ਵੱਲ ਨਿਰੰਤਰ ਚੱਲਦੇ ਜਾਣਾ ਹੀ ਚੜ੍ਹਦੀ ਕਲਾ ਅਤੇ ਗਤੀਸ਼ੀਲ ਸਫ਼ਲ ਜੀਵਨ ਦੀ ਨਿਸ਼ਾਨੀ ਹੈ। ਫ਼ਿਰਾਕ ਗੋਰਖਪੁਰੀ ਦੇ ਸ਼ਬਦਾਂ ਵਿਚ—

'ਹਮ ਵਕਤ ਕੇ ਸੀਨੇ ਮੇਂ, ਇਕ ਸ਼ਮ੍ਹਾਂ ਜਲਾ ਜਾਏਂ।
ਸੋਈ ਹੁਈ ਰਾਹੋਂ ਕੇ, ਜ਼ੱਰੋਂ ਕੋ ਜਗਾ ਜਾਏਂ।
ਕੁਛ ਰੰਗ ਉੜਾ ਜਾਏਂ, ਕੁਛ ਰੰਗ ਜਮਾ ਜਾਏਂ।
ਇਸ ਦਸ਼ਤ ਕੋ ਨ਼ਗਮੋਂ ਸੇ, ਗੁਲਜ਼ਾਰ ਬਨਾ ਜਾਏਂ।
ਜਿਸ ਸਿਮਤ ਸੇ ਗੁਜ਼ਰੇਂ ਹਮ, ਕੁਛ ਫੂਲ ਖਿਲਾ ਜਾਏਂ।'

'ਸ਼ਬਦ' ਜਾਂ ਕਲਮ ਰੂਪੀ ਹਥਿਆਰ ਦੀ ਅਹਿਮੀਅਤ ਨੂੰ ਦਰਸਾਉਂਦੇ ਹੋਏ ਹਿੰਦੀ ਦੇ ਮਹਾਨ ਕਵੀ ਸ੍ਰੀ ਹਰੀਵੰਸ਼ ਰਾਏ ਬੱਚਨ ਨੇ ਬੜੀ ਕਮਾਲ ਦੀ ਗੱਲ ਕਹੀ ਹੈ—'ਵੋਹ ਅਜਿੱਤ ਸੰਸਾਰ ਮੇਂ ਹੈ, ਸ਼ਬਦ ਕਾ ਖਰ ਖੜਗ ਲੇਕਰ ਜੋ ਖੜ੍ਹਾ ਹੈ। ਗਰਮ ਲੋਹਾ ਪੀਟ, ਠੰਢਾ ਪੀਟਨੇ ਕੋ ਵਕਤ ਬਹੁਤੇਰਾ ਪੜਾ ਹੈ।' ਆਪਣੇ ਨਾਮ ਨੂੰ ਸਾਰਥਕ ਕਰਦੇ ਹੋਏ ਗੁਰੂ ਕੇ 'ਸਿੰਘ' ਖੜਗ ਜੀ ਨੇ ਨਜ਼ਮ ਤੇ ਨਸਰ, ਗੱਦ ਤੇ ਪਦ—ਦੋਨਾਂ ਹੀ ਖੇਤਰਾਂ ਵਿਚ, ਇਕ ਸ਼ਾਹਸਵਾਰ ਵਾਂਗ, ਕਲਮ ਰੂਪੀ 'ਖੜਗ' ਨੂੰ ਜਿਸ ਨਿਪੁੰਨਤਾ ਨਾਲ ਚਲਾਇਆ ਅਤੇ ਸਾਹਿਤ ਦੇ 'ਰਣ' ਵਿਚ ਭਾਰੀ 'ਜੀਤ' ਪ੍ਰਾਪਤ ਕੀਤੀ, ਉਸ ਨਾਲ ਆਦਮਪੁਰ—ਦੁਆਬੇ ਦੇ ਮਹਾਨ ਸਪੂਤ ਦੇ ਨਾਮ ਦਾ ਡੰਕਾ ਚਾਰੇ ਪਾਸੇ ਵੱਜਣ ਲੱਗਾ, ਜਿਸ ਦੇ ਚਰਚੇ ਅੱਜ ਵੀ ਹੋ ਰਹੇ ਹਨ ਅਤੇ ਭਵਿੱਖ ਵਿਚ ਵੀ ਹੁੰਦੇ ਰਹਿਣਗੇ।

*'ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥ ਤਾ ਮੇਰੈ ਮਨਿ ਭਇਆ ਨਿਧਾਨਾ॥
ਰਤਨ ਲਾਲ ਜਾ ਕਾ ਕਛੂ ਨ ਮੋਲੁ॥ ਭਰੇ ਭੰਡਾਰ ਅਖੂਟ ਅਤੋਲ॥.....'*

(ਗਉੜੀ ਗੁਆਰੇਰੀ, ਮਹਲਾ ੫, ਪੰਨਾ ੧੮੫-੧੮੬)

ਅਨੁਸਾਰ 'ਖੜਗ' ਜੀ ਦੇ ਸਪੁੱਤਰ ਇੰਜੀ. ਕਰਮਜੀਤ ਸਿੰਘ ਜੀ (ਰੀਟਾਇਰਡ) ਵਲੋਂ 'ਖੜਗ' ਜੀ ਦੇ ਵੱਖ ਵੱਖ ਥਾਈਂ ਛਪੇ ਖੋਜ-ਭਰਪੂਰ ਲੇਖਾਂ ਨੂੰ ਇਕੱਤਰ ਕਰਕੇ ਪੁਸਤਕਾਂ ਦੇ ਰੂਪ ਵਿਚ ਪੁਨਰ-ਪ੍ਰਕਾਸ਼ਨ ਦਾ ਜੋ ਮਹਾਨ ਕਾਰਜ ਆਰੰਭਿਆ ਗਿਆ ਹੈ, ਨਿਰਸੰਦੇਹ ਅਤੀ ਸ਼ਲਾਘਾ-ਯੋਗ ਹੈ। ਦੋ ਲੇਖ ਸੰਗ੍ਰਹਿ 'ਸੰਤ ਨਾਮਦੇਵ ਦਰਸ਼ਨ', 'ਨਾਨਕ ਸ਼ਾਇਰ ਇਵ ਕਹਿਆ' ਅਤੇ ਕਵਿਤਾ ਸੰਗ੍ਰਹਿ 'ਸੁੱਚੇ ਮੋਤੀ' ਅਤੇ 'ਰੁਤ ਕਸੁੰਭੇ ਦੀ' ਸਫ਼ਲ ਪ੍ਰਕਾਸ਼ਨਾ ਉਪ੍ਰੰਤ ਹਥਲਾ ਲੇਖ ਸੰਗ੍ਰਹਿ 'ਸਰਬ ਲੋਹ ਦਾ ਕਵੀ' ਦੇਸ਼-ਵਿਦੇਸ਼ ਦੀਆਂ ਸਿੱਖ ਸੰਗਤਾਂ ਦੀ ਸੇਵਾ ਵਿਚ ਹਾਜ਼ਰ ਕੀਤਾ ਜਾ ਰਿਹਾ ਹੈ। ਬੇਸ਼ੱਕ ਇਸ ਸੰਗ੍ਰਹਿ ਵਿਚਲੇ ਸਾਰੇ ਹੀ ਲੇਖ ਇਕ ਤੋਂ ਵਧਕੇ ਖੋਜ-ਭਰਪੂਰ ਅਤੇ 'ਖੜਗ' ਜੀ ਦੀ ਸ਼ਕਤੀਸ਼ਾਲੀ ਲੇਖਣੀ ਨੂੰ ਪ੍ਰਮਾਣਿਤ ਕਰ ਰਹੇ ਹਨ, ਲੇਕਿਨ 'ਗੁਰੂ ਗੋਬਿੰਦ ਸਿੰਘ ਜੀ ਦੀ ਫ਼ਾਰਸੀ ਰਚਨਾ', 'ਜ਼ਫ਼ਰਨਾਮਾ-ਕੁਝ ਭੁਲੇਖੇ, ਕੁਝ ਸੱਚ', 'ਫ਼ਤਹਨਾਮਹ', 'ਚੰਡੀ ਦੀ ਵਾਰ', 'ਬਚਿਤ੍ਰ ਨਾਟਕ (ਇਤਿਹਾਸਕ ਪੱਖ ਤੇ ਪਿਛੋਕੜ)', 'ਦਸਮੇਸ਼ ਜੀ ਦੀ ਯੁੱਧ-ਨੀਤੀ ਅਤੇ ਸੈਨਿਕ-ਪ੍ਰਤਿਭਾ', 'ਗੁਰੂ ਗੋਬਿੰਦ ਸਿੰਘ ਜੀ ਦੀਆਂ ਵਿਸਾਖੀਆਂ', 'ਯੁੱਧ ਭੰਗਾਣੀ' ਅਤੇ 'ਖ਼ਾਲਸੇ ਦਾ ਜਨਮ ਦਿਨ' ਲੇਖ ਸੂਝਵਾਨ ਪਾਠਕਾਂ, ਸਿੱਖ ਇਤਿਹਾਸ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਖੋਜੀਆਂ ਲਈ ਵਿਸ਼ੇਸ਼ ਲਾਭਕਾਰੀ ਅਤੇ ਪਥ-ਪ੍ਰਦਰਸ਼ਕ ਸਿੱਧ ਹੋਣਗੇ—ਅਜਿਹਾ ਮੇਰਾ ਵਿਸ਼ਵਾਸ ਹੈ।

ਮੌਜੂਦਾ ਸਮੇਂ ਦੀ ਤੇਜ਼-ਰਫ਼ਤਾਰ ਅਤੇ ਹਾਈ-ਟੈੱਕ ਜ਼ਿੰਦਗੀ ਵਿਚ ਪਹਿਲਾਂ ਤਾਂ ਕਿਸੇ ਨੂੰ ਪੁਸਤਕਾਂ ਪੜ੍ਹਨ ਦੀ ਫੁਰਸਤ ਹੀ ਨਹੀਂ ਹੈ। ਦੂਜੇ—ਪੰਜਾਬੀ ਸੂਰਮੇ, ਜੋ ਨਸ਼ੇ-ਪੱਤੇ ਕਰਨ, ਨੱਚਣ-ਟੱਪਣ, ਬੱਕਰੇ ਬੁਲਾਉਣ, ਜੰਮੀਆਂ ਤੇ ਅਣਜੰਮੀਆਂ ਧੀਆਂ ਨੂੰ ਮਾਰ-ਮੁਕਾਉਣ, ਜ਼ਰਾ ਜਿਤਨੀ ਗੱਲ 'ਤੇ ਵਿਰੋਧੀਆਂ ਦੇ ਸਿਰ ਪਾੜਨ ਅਤੇ ਮੋਢੇ ਰਫ਼ਲਾਂ ਰੱਖ ਕੋਰਟਾਂ-ਕਚਹਿਰੀਆਂ ਦੇ ਗੇੜੇ ਕੱਢਣ ਵਿਚ ਸਾਰੇ ਦੇਸ਼-ਵਾਸੀਆਂ ਤੋਂ ਅੱਗੇ ਹਨ, ਨੂੰ ਲਿਟਰੇਚਰ ਪੜ੍ਹਨ-ਪੜ੍ਹਾਉਣ ਦਾ ਸ਼ੌਕ ਨਾ ਹੋਣ ਦੇ ਬਰਾਬਰ ਹੀ ਹੈ। ਕਹਿੰਦੇ-ਕਹਾਉਂਦੇ ਘਰਾਂ ਵਿਚ ਕੀਮਤੀ ਸ਼ਰਾਬਾਂ ਤੇ ਵਿਸਕੀਆਂ ਦੇ ਵੱਖ-ਵੱਖ ਬਰਾਂਡ ਤਾਂ ਸ਼ੋਅ-ਕੇਸਾਂ ਵਿਚ ਸਜਾਏ ਮਿਲ ਜਾਣਗੇ, ਲੇਕਿਨ ਪੰਜਾਬੀ ਦੀ ਕੋਈ ਮਿਆਰੀ ਪੁਸਤਕ ਢੂੰਡਣ 'ਤੇ ਵੀ ਸ਼ਾਇਦ ਹੀ ਮਿਲੇ। ਇਨ੍ਹਾਂ ਹਾਲਤਾਂ ਵਿਚ ਇੰਜੀ. ਕਰਮਜੀਤ ਸਿੰਘ ਜੀ ਵਲੋਂ ਵੀਹਵੀਂ ਸਦੀ ਦੇ ਮਹਾਨ ਚਿੰਤਕ, ਖੋਜੀ ਅਤੇ ਲੇਖਕ ਸ. ਰਣਜੀਤ ਸਿੰਘ 'ਖੜਗ' ਰਚਿਤ ਅਣਮੁੱਲੀਆਂ ਰਚਨਾਵਾਂ ਨੂੰ ਪੁਸਤਕਾਂ ਦੇ ਰੂਪ ਵਿਚ ਪੁਨਰ-ਪ੍ਰਕਾਸ਼ਨ ਦਾ ਕੀਤਾ ਜਾ ਰਿਹਾ ਉੱਦਮ ਤੇ ਉਪਰਾਲਾ, ਜੋ ਅਲੂਣੀ ਸਿੱਲ ਚੱਟਣ ਸਮਾਨ ਹੈ, ਅਤਿ ਸ਼ਲਾਘਾ-ਯੋਗ ਹੈ, ਜਿਸ ਦੀ ਜਿਤਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਘੱਟ ਹੋਵੇਗੀ। ਹਰੇਕ ਸਿੱਖ ਸੰਸਥਾ, ਸਕੂਲ-ਕਾਲਜ ਅਤੇ ਗੁਰੂ ਘਰ ਦੀ ਲਾਇਬ੍ਰੇਰੀ ਵਿਚ 'ਖੜਗ' ਜੀ ਅਤੇ ਹੋਰ ਵਿਦਵਾਨਾਂ ਦੀਆਂ ਭਾਰੀ ਮਿਹਨਤ ਤੇ ਮੁਸ਼ੱਕਤ ਨਾਲ ਲਿਖੀਆਂ ਕੀਮਤੀ ਪੁਸਤਕਾਂ ਦਾ ਅੱਪੜਨਾ ਅਤੀ ਆਵੱਸ਼ਕ ਹੈ।

ਅੱਜ, ਜਦੋਂ ਕਿ ਸਾਡੀ ਨੌਜਵਾਨ ਪੀੜ੍ਹੀ ਆਪਣੇ ਗੌਰਵਮਈ ਵਿਰਸੇ ਨੂੰ ਭੁੱਲ ਕੇ ਪਤਿਤਪੁਣੇ ਵੱਲ ਵਧ ਰਹੀ ਹੈ, ਤਾਂ ਇਸ ਮਨੋਬਿਰਤੀ ਨੂੰ ਠੱਲ੍ਹ ਪਾਉਣ ਲਈ ਰਸਦ-ਪਾਣੀ ਦੇ ਲੰਗਰਾਂ ਦੇ ਨਾਲ-ਨਾਲ ਸ਼ਬਦ-ਰੂਪੀ ਲੰਗਰ ਅਤੇ ਸ਼ਬਦ-ਯੱਗ ਲਗਾਏ ਜਾਣ ਦੀ ਵੀ ਭਾਰੀ ਲੋੜ ਹੈ। ਖੜਗ ਜੀ ਦੇ ਸ਼ਬਦਾਂ—

'ਅਮਲਾਂ ਦੀ ਦੌਲਤ ਬਾਝੋਂ, ਖੀਸੇ ਖਾਲੀ ਪੰਥ ਦੇ।
ਦਮਗਜਿਆਂ ਦੇ ਨੇ ਵਾਲੀ, ਬਣੇ ਵਾਲੀ ਪੰਥ ਦੇ'

(ਸੁੱਚੇ ਮੋਤੀ, ਪੰਨਾ ੧੭੨)

ਅਨੁਸਾਰ ਸਾਡੀਆਂ ਕਹਿੰਦੀਆਂ-ਕਹਾਉਂਦੀਆਂ ਸੰਸਥਾਵਾਂ ਅਤੇ ਉਨ੍ਹਾਂ ਦੇ ਆਕਾਵਾਂ ਨੂੰ ਕੋਝੀ ਰਾਜਨੀਤੀ ਤੋਂ ਹੀ ਵਿਹਲ ਨਹੀਂ, ਤਾਂ ਉਨ੍ਹਾਂ ਪਾਸੋਂ ਅਜਿਹੀ ਕੋਈ ਆਸ ਕਰਨੀ ਕਿ ਉਹ ਕਿਸੇ ਲੇਖਕ ਜਾਂ ਖੋਜਕਾਰ ਦੀ ਬਾਂਹ ਫੜਨਗੇ, ਸ਼ੇਖਚਿਲੀ ਵਾਂਗ ਹਵਾਈ ਕਿਲ੍ਹੇ ਉਸਾਰਨ ਵਾਲੀ ਗੱਲ ਹੀ ਹੋਵੇਗੀ। ਇਸ ਲਈ ਆਪਣੇ ਸੀਮਤ ਸਾਧਨਾਂ ਦੇ ਬਾਵਜੂਦ, ਜਵਾਂ-ਮਰਦਾਂ ਵਾਂਗ ਪ੍ਰਕਾਸ਼ਨ ਖੇਤਰ ਵਿਚ ਨਿੱਤਰੇ, ਵੀਰ ਕਰਮਜੀਤ ਸਿੰਘ ਜੀ ਦੀ ਕਦਰਦਾਨੀ, ਹੌਸਲਾ-ਅਫ਼ਜ਼ਾਈ ਅਤੇ ਯਥਾ-ਸ਼ਕਤ ਸਹਿਯੋਗ ਲਈ ਸਮੂਹ ਪੰਥ-ਹਿਤੈਸ਼ੀਆਂ ਤੇ ਪੰਜਾਬੀ-ਪਿਆਰਿਆਂ ਨੂੰ ਅੱਗੇ ਆਉਣਾ ਚਾਹੀਦਾ ਹੈ।—ਇਹੋ ਮੇਰੀ ਬੇਨਤੀ, ਜੋਦੜੀ ਅਤੇ ਗੁਜ਼ਾਰਿਸ਼ ਹੈ।

ਮਿਤੀ : 12 ਜਨਵਰੀ, 2013

—ਨਿਰਵੈਰ ਸਿੰਘ ਅਰਸ਼ੀ, ਆਨੰਦਪੁਰ ਸਾਹਿਬ
01887-232756/232973
(ਸਾਬਕਾ ਪ੍ਰਿੰਸੀਪਲ—ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ,
ਐਡੀਟਰ—'ਗੁਰਮਤਿ ਪ੍ਰਕਾਸ਼', ਅੰਮ੍ਰਿਤਸਰ, 'ਸੱਚਖੰਡ ਪੱਤਰ'
ਸ੍ਰੀ ਹਜ਼ੂਰ ਸਾਹਿਬ ਅਤੇ ਡਾਇਰੈਕਟਰ—ਡਾ. ਬਲਬੀਰ ਸਿੰਘ
ਸਾਹਿਤ ਕੇਂਦਰ, ਡੇਹਰਾਦੂਨ)

ਵਚਨਾਰੰਭ

ਮੇਰੇ ਪਿਤਾ ਜੀ, ਸਚਖੰਡ ਵਾਸੀ ਸ. ਰਣਜੀਤ ਸਿੰਘ ਖੜਗ ਰਚਿਤ ਕੁਝ ਲੇਖ ਅਤੇ ਕਵਿਤਾਵਾਂ ਕਿਤਾਬੀ ਸੂਰਤ ਵਿਚ ਪਾਠਕਾਂ ਦੇ ਹੱਥਾਂ 'ਚ ਪਹੁੰਚ ਚੁੱਕੀਆਂ ਹਨ ਅਤੇ ਇਹਨਾਂ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਸ਼ਿਮਲਾ ਨਿਵਾਸ ਦੌਰਾਨ ਸਰਕਾਰੀ ਨੌਕਰੀ ਵਿਚ ਰਹਿੰਦੇ ਹੋਏ, ਆਪਣੀਆਂ ਰਚਨਾਵਾਂ ਨੂੰ ਉਹ ਕਿਤਾਬੀ ਸੂਰਤ ਨਹੀਂ ਦੇ ਸਕੇ। 30 ਦਿਸੰਬਰ, 1971 ਨੂੰ ਉਹ ਅਕਾਲ ਪਿਆਨੇ ਕਰ ਗਏ। ਉਹਨਾਂ ਦੀ ਇਹ ਰੀਝ ਪੂਰੀ ਨਹੀਂ ਹੋ ਸਕੀ। ਉਹਨਾਂ ਵੱਲੋਂ ਕਿਸੀ ਕਾਗਜ਼ 'ਤੇ ਲਿਖੀਆਂ ਕੁਝ ਲਾਈਨਾਂ ਮੇਰੇ ਮਾਨਸ ਪਟਲ 'ਤੇ ਉਕਰੀਆਂ ਰਹੀਆਂ ਹਨ।

"ਹੁਣ ਕਵਿਤਾ ਨਾਲੋਂ ਵਾਰਤਕ ਜ਼ਿਆਦਾ ਲਿਖਦਾ ਹਾਂ, ਇਤਿਹਾਸ ਤੇ ਸਾਹਿਤ ਮੇਰੇ ਪਿਆਰੇ ਵਿਸ਼ੇ ਹਨ। ਪੰਜਾਬੀ ਤੋਂ ਬਿਨਾਂ ਉਰਦੂ, ਹਿੰਦੀ ਅਤੇ ਅੰਗਰੇਜ਼ੀ ਵਿੱਚ ਵੀ ਥੋੜਾ ਬਹੁਤ ਲਿਖਦਾ ਹਾਂ। ਅਖਬਾਰਾਂ ਅਤੇ ਰਸਾਲਿਆਂ ਵਿੱਚ ਛਪੀਆਂ ਰਚਨਾਵਾਂ ਹਾਲੇ ਕਿਤਾਬੀ ਸੂਰਤ ਧਾਰਨ ਲਈ ਸਹਿਕ ਰਹੀਆਂ ਹਨ, ਸ਼ਾਇਦ ਸਹਿਕਦੀਆਂ ਰਹਿਣ।"

ਇਹ ਸ਼ਾਇਦ 1965-66 ਦੀਆਂ ਗੱਲਾਂ ਹਨ। ਉਹਨਾਂ ਦੇ ਸਵਰਗਵਾਸ ਤੋਂ ਬਾਦ ਤਾਂ ਮੇਰੀ ਦੁਨੀਆਂ ਹੀ ਬਦਲ ਗਈ। ਕਈ ਰਿਸ਼ਤੇਦਾਰਾਂ ਨੇ ਤਾਂ ਕਿਨਾਰਾ ਵੀ ਕਰ ਲਿਆ ਅਤੇ ਕਈ ਨੇੜੇ ਹੁੰਦੇ ਹੋਏ ਵੀ ਦੂਰ ਚਲੇ ਗਏ। ਮੈਂ ਇਕੱਲਾ ਇਸ ਦੁਨੀਆਵੀ ਭਵ ਸਾਗਰ ਵਿਚ ਵਿਚਰਦਾ ਹੋਇਆ ਪਰਿਵਾਰ ਦੀ ਦੇਖਭਾਲ ਕਰਦਾ ਰਿਹਾ। ਪਰ ਉਹ ਲਾਈਨਾਂ ਹਰ ਵੇਲੇ ਮੈਨੂੰ ਸੁਚੇਤ ਕਰਦੀਆਂ ਰਹੀਆਂ—ਪਰ ਆਰਥਿਕ, ਸਮਾਜਿਕ ਅਤੇ ਘਰੇਲੂ ਉਲਝਣਾਂ ਕਾਰਣ ਚਾਹੁੰਦੇ ਹੋਏ ਵੀ ਉਹਨਾਂ ਦੀਆਂ ਲਿਖਤਾਂ ਵਲ ਧਿਆਨ ਨਹੀਂ ਦੇ ਸਕਿਆ। ਕਈ ਰਿਸ਼ਤੇਦਾਰਾਂ, ਸੱਜਣਾ ਮਿਤਰਾਂ ਦੇ ਉਲਾਂਭੇ ਵੀ ਸਹਿਣੇ ਪਏ। ਆਰਥਿਕ ਪੱਖ ਵੀ ਮਜ਼ਬੂਤ ਨਹੀਂ ਸੀ ਅਤੇ ਇਹ ਕੰਮ ਸਮਾਂ ਅਤੇ ਇਕਾਗਰਤਾ ਮੰਗਦਾ ਹੈ। ਪਰ ਹੌਲੀ-ਹੌਲੀ ਮੈਂ ਵੀ ਉਸਰਿਆ ਅਤੇ ਨਾਲ ਹੀ ਉਸਰੇ ਮੇਰੇ ਸਵਰਗੀ ਪਿਤਾ ਜੀ ਦੇ ਸੁਪਨੇ ਅਤੇ ਇਹਨਾਂ ਸੁਪਨਿਆਂ ਦੀ ਰੂਪ ਰੇਖਾ, ਭਾਵੇਂ ਇਹ ਕਾਰਜ ਬਹੁਤ ਉਡੀਕ ਬਾਅਦ ਸ਼ੁਰੂ ਹੋਇਆ—ਪਰ ਆਸ ਦਾ ਧਾਗਾ ਬਹੁਤ ਲੰਮਾ ਹੈ। ਉਹਨਾਂ ਦੀ ਰੁਬਾਈ ਇਸ ਘਟਨਾਕ੍ਰਮ ਨੂੰ ਪੂਰੀ ਤਰ੍ਹਾਂ ਬਿਆਨ ਕਰਦੀ ਹੈ।

ਬੇਚੈਨੀ ਖੁਤਖੁਤੀਆਂ ਸੰਦੀ, ਹੈਸੀ ਇਹੋ ਸ਼ਰੀਕ।
ਵੱਧ ਜਾਵੇ ਜਦੋਂ ਸਤਾਵੇ ਦਿਲ ਨੂੰ ਲਾਵੇ ਆਕੇ ਲੀਕ।
ਉਮਰ ਆਸ ਦੀ ਵੱਧਦੀ ਜਾਵੇ ਨੱਸਦੀ ਘੜੀ ਮੁਰਾਦੀ।
"ਖੜਗ" ਇਹ ਤਾਂ ਭੀ ਪਿਆਰੀ ਲੱਗੇ, ਦਿਲ ਨੂੰ ਅਤਿ ਉਡੀਕ।

ਉਡੀਕ ਸਮਾਪਤ ਹੋਈ, ਰਿਟਾਇਰਮੈਂਟ ਤੋਂ ਬਾਦ ਉਹਨਾਂ ਦੇ ਅਣਪੂਰੇ ਸੁਪਨਿਆਂ, ਰੀਝਾਂ ਅਤੇ ਹਸਰਤਾਂ ਨੂੰ ਮੈਂ ਅਤੇ ਮੇਰੀ ਧਰਮ ਪਤਨੀ ਸਰਦਾਰਨੀ ਹਰਜਿੰਦਰ ਕੌਰ ਪੂਰੀ ਤਨਦੇਹੀ ਨਾਲ ਸਾਕਾਰ ਕਰ ਰਹੇ ਹਾਂ।

ਪੰਜਾਬੀ ਸਾਹਿਤ ਦਾ ਅਨਿੱਖੜਵਾਂ ਅੰਗ: ਮੇਰੇ ਪਿਤਾ ਜੀ 1938-39 ਤੋਂ ਹੀ ਇਕ ਸਿਤਾਰੇ ਦੀ ਤਰ੍ਹਾਂ ਪੰਜਾਬ ਦੇ ਸਾਹਿਤ ਜਗਤ ਵਿਚ ਰੂਪਮਾਨ ਹੋਏ। ਕਵਿਤਾ ਉਹਨਾਂ ਦਾ ਪ੍ਰਥਮ ਸ਼ੌਕ ਸੀ, ਉਹਨਾਂ ਨੇ ਇਸਨੂੰ ਵਿਆਪਕ ਤੌਰ 'ਤੇ ਸਿਰਜਿਆ ਅਤੇ ਅਲੱਗ ਪਹਿਚਾਨ ਬਣਾਈ। ਬਾਦ ਵਿਚ ਉਹਨਾਂ ਦਾ ਝੁਕਾਓ ਜ਼ਿਆਦਾ ਵਾਰਤਕ ਵਲ ਹੋ ਗਿਆ, ਇਤਿਹਾਸ ਉਹਨਾਂ ਦਾ ਪਿਆਰਾ ਵਿਸ਼ਾ ਸੀ।

ਅਲਾਵਲ ਪੁਰ ਦੇ ਹਾਈ ਸਕੂਲ ਤੋਂ ਗਿਆਨ ਪ੍ਰਾਪਤ ਕਰਨ ਉਪਰੰਤ ਉਹਨਾਂ ਲਿਖਿਆ ਕਿ ਮੈਨੂੰ ਅਮੀਰਾਂ ਅਤੇ ਗਰੀਬਾਂ ਦੇ ਰੱਬ ਨੂੰ ਪਹਿਚਾਨਣ ਦਾ ਬਿਬੇਕ ਪ੍ਰਾਪਤ ਹੋਇਆ। 1938 ਤੋਂ ਹੀ ਉਹਨਾਂ ਕਵਿਤਾ ਅਤੇ ਵਾਰਤਕ ਲਿਖਣਾ ਸ਼ੁਰੂ ਕੀਤਾ। ਉਹਨਾਂ ਦਾ ਲੇਖ ਪੰਜਾਬੀ ਦਾ ਭਵਿੱਖਤ ਬਹੁਤ ਪਸੰਦ ਕੀਤਾ ਗਿਆ ਅਤੇ ਇਸੇ ਲੇਖ ਜ਼ਰੀਏ ਉਹਨਾਂ ਦਾ ਸਬੰਧ ਕਰਨਲ ਨਰਿੰਦਰ ਪਾਲ ਸਿੰਘ, ਉਦੋਂ ਕੈਪਟਨ ਨਰਿੰਦਰ ਸਿੰਘ ਨਾਲ ਬਣਿਆ ਜੋ ਕਿ ਉਮਰ ਭਰ ਨਿਭਿਆ। ਉਹਨਾਂ ਦੇ ਲੇਖ ਅਲੱਗ ਅਲੱਗ ਵਿਸ਼ਿਆਂ 'ਤੇ ਜੀਵਨ ਪ੍ਰੀਤੀ, ਪ੍ਰੀਤਮ, ਜੀਵਨ-ਬੰਬਈ, ਦਿਹਾਤ ਸੁਧਾਰ, ਖੋਜ-ਨਵੀਂ ਦਿੱਲੀ, ਆਤਮ ਸਾਇੰਸ, ਦੇਸ਼ ਦਰਪਣ, ਫੁਲਵਾੜੀ, ਗੁਰਮਤਿ ਪ੍ਰਕਾਸ਼, ਗੁਰਮਤਿ ਮਾਰਗ, ਰਣਜੀਤ, ਫਤਹ ਵਿੱਚ ਛਪਦੇ ਰਹੇ। ਜੀਵਨ ਪ੍ਰੀਤੀ ਦੇ ਮਾਲਕ ਸ. ਪ੍ਰੀਤਮ ਸਿੰਘ ਚਾਹਿਲ ਨਾਲ ਉਹਨਾਂ ਦਾ ਚੰਗਾ ਸਨੇਹ ਸੀ। ਜੀਵਨ ਪ੍ਰੀਤੀ ਨਾਲ ਉਹ ਬਹੁਤ ਦੇਰ ਤੱਕ ਜੁੜੇ ਰਹੇ। ਪੰਜਾਬੀ ਵਾਰਤਕ ਤੋਂ ਬਾਅਦ ਉਹਨਾਂ ਦਾ ਝੁਕਾਓ ਸਿੱਖ ਇਤਿਹਾਸ ਵਲ ਹੋਇਆ ਅਤੇ ਇਸਨੂੰ ਉਹਨਾਂ ਬਹੁਤ ਸ਼ਿੱਦਤ ਨਾਲ ਸਿਰਜਿਆ। ਸਿੱਖ ਇਤਿਹਾਸ, ਗੁਰੂ ਸਾਹਿਬਾਨ ਦੇ ਜੀਵਨ ਅਤੇ ਫਲਸਫੇ, ਗੁਰਬਾਣੀ, ਗੁਰਮਤ ਸਿਧਾਂਤ ਨਾਲ ਸੰਬੰਧਿਤ ਲੇਖ ਗੁਰਮਤਿ ਪ੍ਰਕਾਸ਼, ਗੁਰਦੁਆਰਾ ਗਜ਼ਟ, ਗੁਰਮਤਿ ਮਾਰਗ, ਪੰਜਾਬੀ ਦੁਨੀਆਂ, ਗੁਰਮਤਿ ਨਿਰਣਯ ਅਤੇ ਪ੍ਰੀਤਮ ਵਿਚ ਛਪਦੇ ਰਹੇ। ਇਹ ਸਭ ਲਿਖਤਾਂ 1947-1971 ਦੇ ਦੌਰਾਨ ਸਿਰਜੀਆਂ ਗਈਆਂ, ਇਸ ਅਰਸੇ ਦੌਰਾਨ ਉਹਨਾਂ ਦੇ ਲੇਖਾਂ ਦੀ ਬਹੁਤ ਪ੍ਰਸ਼ੰਸਾ ਹੋਈ। ਇਸਦੇ ਨਾਲ-ਨਾਲ ਉਹਨਾਂ ਦੇ ਅੰਗਰੇਜ਼ੀ ਲੇਖ "ਦੀ ਸਪੋਕਸਮੈਨ ਵੀਕਲੀ" ਅਤੇ "ਸਿੱਖ ਰੀਵੀਓ" ਵਿਚ ਵੀ ਛਪਦੇ ਰਹੇ। ਇਸ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦੀ ਬਾਣੀ ਅਤੇ ਫਲਸਫੇ 'ਤੇ ਲਿਖੇ ਖੋਜ ਭਰਪੂਰ ਲੇਖਾਂ ਦਾ ਸੰਗ੍ਰਹਿ "ਨਾਨਕ ਸ਼ਾਇਰ ਇਵ ਕਹਿਆ" ਛਪ ਚੁਕਾ ਹੈ। ਇਹਨਾਂ ਸਭ ਲੇਖਾਂ ਵਿੱਚ ਧੰਨ ਗੁਰੂ ਨਾਨਕ ਸਾਹਿਬ ਦਾ ਕ੍ਰਿਆਸ਼ੀਲ ਸੰਦੇਸ਼, ਆਸਾ ਦੀ ਵਾਰ ਦਾ ਸਮਾਜਿਕ ਪਰਿਪੇਖ, ਉਹਨਾਂ ਦੀ ਪ੍ਰਮੁਖ ਬਾਣੀ ਦਾ ਕ੍ਰਿਆਤਮਕ ਵਰਨਣ ਇਹਨਾਂ ਲੇਖਾਂ ਦੀ ਵਿਸ਼ੇਸ਼ਤਾ ਹੈ।

ਹਥਲੀ ਪੁਸਤਕ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਮਹਾਨ ਸ਼ਖ਼ਸੀਅਤ, ਉਹਨਾਂ ਦਾ ਕਾਰਜ ਖੇਤਰ, ਬਾਣੀ, ਫਾਰਸੀ ਰਚਨਾਵਾਂ ਅਤੇ ਉਹਨਾਂ ਦੇ ਜੀਵਨ ਦੀਆਂ, ਘਟਨਾਵਾਂ ਦੀ ਖੋਜ ਭਰਪੂਰ ਜਾਣਕਾਰੀ ਦਰਜ ਹੈ। ਇਹ ਲੇਖ ਵੱਖ-ਵੱਖ ਸਮੇਂ ਵਿਚ ਪ੍ਰਮੁੱਖ ਪੱਤਰਕਾਵਾਂ ਵਿੱਚ ਛਪਦੇ ਰਹੇ, ਇਹਨਾਂ ਨੂੰ ਸੰਪਾਦਿਤ ਕਰਕੇ ਕਿਤਾਬੀ ਸੂਰਤ ਦਿੱਤੀ ਗਈ ਹੈ। ਦਸਮ ਪਾਤਸ਼ਾਹ ਦੀ ਵਿਚਾਰਧਾਰਾ, ਅਧਿਆਤਮਕ ਅਤੇ ਮਾਨਵਤਾਵਾਦੀ ਉਪਦੇਸ਼ ਨੂੰ ਉਹਨਾਂ ਨੇ ਬਹੁਤ ਡੂੰਘੀ ਸੋਚ, ਅਕਾਦਮਿਕ ਨੁਕਤਾ ਨਿਗਾਹ ਨਾਲ ਵਰਨਣ ਕੀਤਾ ਹੈ।

ਚਰਿਤ੍ਰੋਪਖਯਾਨ ਲੇਖ ਸਭ ਤੋਂ ਪਹਿਲਾਂ 1949 ਵਿਚ ਅਜੀਤ ਅਖਬਾਰ 'ਚ ਛਪਿਆ ਸੀ ਤੇ ਉਸ ਲੇਖ 'ਤੇ ਨਾਮਧਾਰੀ ਸੰਪਰਦਾਇ ਦੇ ਪ੍ਰਮੁੱਖ ਕਾਰਕੁਨ ਸੰਤ ਮਹਿਤਾਬ ਸਿੰਘ ਜੀ ਦਾ ਪ੍ਰਤੀਕ੍ਰਮ ਵੀ ਇਸ ਵਿਚ ਸ਼ਾਮਿਲ ਹੈ ਜੋ ਕਿ 'ਸਤਿਜੁਗ' ਸ੍ਰੀ ਜੀਵਨ ਨਗਰ ਦੇ 21 ਮਾਘ, 2006 ਦੇ ਅੰਕ ਵਿਚ ਛਪਿਆ।

ਉਹਨਾਂ ਦੀ ਪ੍ਰਤਿਭਾ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਮੇਰੇ ਲਈ ਮੁਸ਼ਕਿਲ ਹੈ ਅਤੇ ਇਕ ਮਿਕਨਾਤੀਸੀ ਖਿੱਚ ਸੀ ਉਹਨਾਂ ਦੀ ਸ਼ਖਸ਼ੀਅਤ ਵਿਚ ਜਿਸਨੇ ਉਹਨਾਂ ਨੂੰ ਸ਼ਿਮਲੇ ਵਿਚ ਹਰਮਨ ਪਿਆਰਾ ਬਣਾ ਦਿੱਤਾ। ਉਸ ਅਕਾਲ ਪੁਰਖ ਵਲੋਂ ਬਖਸ਼ੇ ਸਵਾਸਾਂ 'ਚੋਂ ਚਿਰੋਕਾ ਸਮਾਂ ਉਹਨਾਂ ਸ਼ਿਮਲੇ ਗੁਜ਼ਾਰਿਆ ਅਤੇ ਸ਼ਿਮਲੇ ਦੇ ਸਮਾਜਿਕ, ਸਾਹਿਤਕ ਅਤੇ ਧਾਰਮਕ ਖੇਤਰ ਵਿਚ ਇਕ ਖਾਸ ਮੁਕਾਮ ਬਣਾਇਆ। ਪਿਆਰ, ਭਰਪਣ, ਭਾਈਚਾਰਾ, ਹਸੂੰ ਹਸੂੰ ਕਰਦਾ ਚੇਹਰਾ, ਬੋਲਬਾਲ 'ਚ ਮਿੱਠਤਾ ਉਹਨਾਂ ਦੇ ਵਿਅਕਤਿਤਵ ਦੇ ਪ੍ਰਮੁੱਖ ਚਿੰਨ੍ਹ ਸਨ।

ਘਰ-ਪਰਿਵਾਰ, ਆਪਣੇ ਕਾਰਜ ਖੇਤਰ (ਦਫਤਰ), ਕ੍ਰਿਆਤਮਿਕ ਅਤੇ ਅਧਿਆਤਮਕ ਕਾਰਜਾਂ ਵਿਚ ਉਹਨਾਂ ਪੂਰਨ ਸੰਤੁਲਿਨ ਕਾਇਮ ਰੱਖਿਆ। ਸਾਨੂੰ ਉਹ ਸਮਾਜ ਪ੍ਰਤੀ ਸਾਡੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਕਰਵਾਉਂਦੇ ਪਰ ਉਦੋਂ ਅਸੀਂ ਇਹਨਾਂ ਗੱਲਾਂ ਨੂੰ ਜ਼ਿਆਦਾ ਅਹਿਮੀਅਤ ਨਹੀਂ ਸਾਂ ਦਿੰਦੇ, ਪਰ ਹੁਣ ਅਸੀਂ ਉਹਨਾਂ ਦੀ ਸਾਰੀਆਂ ਸਿੱਖਿਆਵਾਂ ਨੂੰ ਆਪਣੇ ਕਾਰ ਵਿਹਾਰ ਵਿਚ ਆਤਮਸਾਤ ਕਰ ਰਹੇ ਹਾਂ। ਆਪਣੀ ਵਿਤ ਮੁਤਾਬਿਕ ਸਮਾਜ ਸੇਵਾ ਲਈ ਯੋਗਦਾਨ ਪਾ ਰਹੇ ਹਾਂ।

ਦਸਮ ਪਿਤਾ ਦੇ ਫਲਸਫੇ ਨਾਲ ਸੰਬੰਧਿਤ ਖੋਜ ਪੱਤਰ ਸਾਹਿਤਕ ਪੱਖੋਂ ਬਹੁਤ ਵਿਸ਼ੇਸ਼ਤਾ ਰੱਖਦੇ ਹਨ। ਉਹਨਾਂ ਨੇ ਬਹੁਤ ਤਰਕਸ਼ੀਲ ਤਰੀਕੇ ਨਾਲ ਹਰ ਵਿਸ਼ੇ ਨੂੰ ਜਾਚਿਆ ਅਤੇ ਆਪਣੀ ਵਿਵੇਕਪੂਰਣ ਰਾਏ ਬਹੁਤ ਸਫਲਤਾ ਪੂਰਵਕ ਪੇਸ਼ ਕੀਤੀ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਾਣੀ ਅਤੇ ਫਲਸਫੇ ਨਾਲ ਸੰਬੰਧਿਤ ਖੋਜ ਪੱਤਰ ਸੰਕਲਨ ਅਤੇ ਸੰਪਾਦਿਤ ਕਰਕੇ ਪੁਸਤਕ ਰੂਪ ਵਿਚ ਪ੍ਰਸਤੁਤ ਕਰਨ ਵਿਚ ਮੈਨੂੰ ਅਤਿਅੰਤ ਖੁਸ਼ੀ ਮਹਿਸੂਸ ਹੋ ਰਹੀ ਹੈ। ਇਸ ਪੁਸਤਕ ਦੀ ਸੰਪਾਦਨਾ ਦੌਰਾਨ ਇਹ ਮਹਿਸੂਸ ਕੀਤਾ ਕਿ ਪ੍ਰਚੱਲਿਤ ਛਾਪੇ ਵਾਲੀ ਬਾਣੀ ਅਤੇ ਡਾ. ਰਤਨ ਸਿੰਘ ਜਗੀ ਦੀ ਇਨਟਰਨੈਟ ਤੇ ਗੋਬਿੰਦ ਸਦਨ ਵਲੋਂ ਉਪਲਬੱਧ ਬਾਣੀ ਵਿਚ ਅੰਤਰ ਹੈ। ਦਸਮ ਗ੍ਰੰਥ ਸਾਹਿਬ ਦੀ ਬਾਣੀ ਨੂੰ ਜਿਥੋਂ ਤੱਕ ਹੋ ਸਕਿਆ ਹੈ ਪ੍ਰਚੱਲਿਤ ਛਾਪੇ ਵਾਲੀ ਬਾਣੀ ਤੋਂ ਸੋਧ ਕੇ ਲਿਖਿਆ ਹੈ ਅਤੇ ਕਿਤੇ ਡਾ. ਜਗੀ ਦੀ ਸੰਪਾਦਤ 'ਦਸਮ ਗ੍ਰੰਥ' ਤੋਂ ਵੀ ਸਹਾਇਤਾ ਲਈ ਹੈ।

ਇਸ ਪਵਿੱਤਰ ਕਾਰਜ ਵਿਚ ਮੇਰੇ ਵੀਰ ਸ੍ਰ. ਕੁਲਦੀਪ ਸਿੰਘ 'ਬੇਦੀ' ਸੰਪਾਦਕ "ਮੈਗਜ਼ੀਨ ਸੈਕਸ਼ਨ-ਜਗਬਾਣੀ" ਦਾ ਬਹੁਤ ਯੋਗਦਾਨ ਹੈ, ਜਿਨ੍ਹਾਂ ਦੀ ਨਿਰੰਤਰ ਸੇਧ ਅਤੇ ਹੌਂਸਲਾ ਅਫਜ਼ਾਈ ਕਾਰਨ ਇਹ ਕਾਰਜ ਅੱਗੇ ਵੱਧ ਰਿਹਾ ਹੈ ਅਤੇ ਉਸ ਅਕਾਲ ਪੁਰਖ ਦੀ ਕ੍ਰਿਪਾ ਦ੍ਰਿਸ਼ਟੀ ਸਦਕਾ ਵਧਦਾ ਹੀ ਰਹੇਗਾ।

ਅੰਤ ਦੀ ਬਾਕੀ ਮੈਂ ਲੋਕਗੀਤ ਪ੍ਰਕਾਸ਼ਨ ਦੇ ਸ੍ਰੀ ਹਰੀਸ਼ ਜੈਨ ਜੀ ਦਾ ਦਿਲੋਂ ਧੰਨਵਾਦੀ ਹਾਂ ਜਿਹਨਾਂ ਨੇ ਬਹੁਤ ਪਿਆਰ ਅਤੇ ਸ਼ਿੱਦਤ ਨਾਲ ਇਸ ਕਿਤਾਬ ਨੂੰ ਪ੍ਰਕਾਸ਼ਿਤ ਕੀਤਾ ਹੈ।

ਆਸ ਕਰਦਾ ਹਾਂ ਕਿ ਪਾਠਕ ਇਹਨਾਂ ਲੇਖਾਂ ਦਾ ਆਨੰਦ ਉਠਾਉਣਗੇ ਅਤੇ ਇਹ ਖੋਜ ਪੱਤਰ ਸਾਹਿਤਕਾਰਾਂ, ਖੋਜੀਆਂ ਅਤੇ ਇਤਿਹਾਸਕਾਰਾਂ ਦੇ ਹੱਥਾਂ ਵਿਚ ਅਧਿਐਨ ਅਤੇ ਮੁਲਾਂਕਣ ਵਾਸਤੇ ਪਹੁੰਚਣਗੇ।

ਇੰਜੀ. ਕਰਮਜੀਤ ਸਿੰਘ
ਮਕਾਨ ਨੰ: 1167, ਵਾਰਡ ਨੰ: 5
ਆਦਮਪੁਰ ਦੋਆਬਾ, ਜਲੰਧਰ-144102
98728-13128

ਸ੍ਰ. ਰਣਜੀਤ ਸਿੰਘ 'ਖੜਗ' ਇਕ ਪਰੀਚੈ

ਮੇਰੇ ਪਿਤਾ ਜੀ ਦਾ ਪਰੀਚੈ ਉਹਨਾਂ ਦੇ ਆਪਣੇ ਸ਼ਬਦਾਂ ਵਿੱਚ ਇੱਕ ਹਸਤ ਲਿਖਤ ਪਤਰੇ ਅਨੁਸਾਰ ਇਸ ਤਰ੍ਹਾਂ ਹੈ।

"ਸਾਡੇ ਵਡਕੇ ਸ. ਗੁਰਦਿਆਲ ਸਿੰਘ ਦੇਵਲ, ਝਾਵਾਂ (ਜ਼ਿਲ੍ਹਾ ਹੁਸ਼ਿਆਰਪੁਰ) ਨਿਵਾਸੀ ਸਿੱਖ ਰਾਜ ਸਮੇਂ ਕੰਧਾਲਾ ਸੇਖਾਂ ਦੇ ਕਿਲੇਦਾਰ ਸਨ। ਗੜ੍ਹਦੀਵਾਲਾ ਦੇ ਸਰਦਾਰਾਂ ਨਾਲ ਲੜਾਈ ਵਿੱਚ ਹਾਰ ਗਏ। ਉੱਥੋਂ ਉੱਠ ਕੇ ਆਦਮਪੁਰ (ਜ਼ਿਲ੍ਹਾ ਜਲੰਧਰ) ਆ ਵਸੇ। ਦੁਆਬੇ ਦੀ ਇਨਕਲਾਬੀ ਧਰਤੀ ਦੇ ਇਸ ਪ੍ਰਸਿਧ ਨਗਰ ਵਿੱਚ ਯੂਨੀਵਰਸਿਟੀ ਸਰਟੀਫਿਕੇਟਾਂ ਅਨੁਸਾਰ, ਮੈਂ 18 ਮਾਰਚ, 1915 ਨੂੰ ਜੰਗ ਜਰਮਨ ਦੇ ਦਿਨਾਂ ਵਿੱਚ ਭਾਈਆ ਮਲਾਵਾ ਰਾਮ ਦੇਵਲ ਦੇ ਘਰ, ਮਾਤਾ ਕਰਤਾਰੀ ਦੀ ਗੋਦ ਵਿੱਚ ਅੱਖ ਪੁੱਟੀ। ਇਹ ਨਗਰ ਇਸ ਲਈ ਪ੍ਰਸਿੱਧ ਨਹੀਂ ਕਿ ਇੱਥੋਂ ਦੀ ਕਿਸੀ ਝਿੜੀ 'ਚੋਂ ਤੀਜਾ ਸਿੱਖ-ਅੰਗਰੇਜ਼ ਯੁੱਧ ਛੇੜਣ ਦੀ ਤਿਆਰੀ ਕਰਦਾ, ਸਿਰਲੱਥ ਦੇਸ਼ ਭਗਤ ਤੇ ਯੋਧਾ ਭਾਈ ਮਹਾਰਾਜ ਸਿੰਘ ਫੜਿਆ ਗਿਆ ਸੀ, ਸਗੋਂ ਇਸ ਲਈ ਵੀ ਕਿ ਅਕਾਲੀ ਅਤੇ ਨਾ-ਮਿਲਵਰਤਨ ਲਹਿਰਾਂ ਸਮੇਂ ਥਾਣੇ ਦੇ ਸਾਹਮਣੇ, ਬੋਹੜ ਹੇਠਾਂ, ਮਾਵਾਂ ਨੇ ਸ਼ਕਰਾਂ ਵੰਡ-ਵੰਡ ਕੇ ਆਪਣੇ ਸੂਰਮੇ ਪੁੱਤਰਾਂ ਨੂੰ ਦੇਸ਼ ਭਗਤੀ ਦੀ ਲਾਟ ਉੱਤੇ ਪਤੰਗੇ ਵਤ ਸੜ ਮਰਨ ਲਈ ਤੋਰਿਆ ਸੀ। ਨਾਲ ਦੇ ਪਿੰਡ ਖੁਰਦਪੁਰ ਵਿੱਚ ਨਿੱਤ ਰਾਜਸੀ ਕਾਨਫਰੰਸਾਂ ਹੁੰਦੀਆਂ ਜਿੱਥੇ "ਨਾਭੇ ਨੂੰ ਖਈ ਰੋਗ ਖਾ ਗਿਆ ਜੀ" ਤੇ "ਬੋਲ ਮਾਈ ਲਾਰਡ ਕੁੱਕੜੂੰ, ਘੜੂੰ ਨਾਂ ਦੇ ਕਿੱਸੇ ਵਿਕਦੇ ਸਨ ਤੇ ਪੰਡਤ ਚੰਬਾ ਰਾਮ 'ਬਾਗੀ' ਵਰਗੇ ਕਵੀ ਜੋਸ਼ੀਲੀਆਂ ਕਵਿਤਾਵਾਂ ਪੜ੍ਹਦੇ।

ਉਰਦੂ ਸਪਤਾਹਿਕ "ਦੁਆਬਾ" (ਜਲੰਧਰ) ਵਿੱਚ ਉਮਰਦੀਨ 'ਉਲਫਤ' ਤੇ ਕੰਵਰ ਬਚਿੰਤ ਰਾਮ 'ਐਸ਼' ਆਦਿ ਦੀਆਂ ਕਵਿਤਾਵਾਂ ਛਪਦੀਆਂ ਸਨ। ਉਲਫਤ ਦੀ ਕਵਿਤਾ 'ਵਿਧਵਾ ਦੇ ਵੈਣ' ਨੇ ਮੈਨੂੰ ਟੁੰਬਿਆ, 'ਕਦੀ ਮੈਂ ਵੀ ਅਜਿਹਾ ਕਰ ਸਕਾਂਗਾ' ਇਸ ਤੋਂ ਬਿਨਾਂ ਜੀਵਨ ਦਾਤੀ ਧਰਮ ਮਾਤਾ ਆਸੀ ਵੱਲੋਂ ਗੱਲ-ਗੱਲ 'ਤੇ ਅਖਾਣਾ ਦੀ ਵਰਤੋਂ ਨਾਲ ਕਵਿਤਾ ਦੀ ਜਾਗ ਲੱਗੀ। ਇੱਕ ਚੰਨ ਮੁਖੜੇ ਦੀ ਝਾਤ ਨੇ ਹਨੇਰੇ ਖੂੰਜੇ ਰੁਸ਼ਨਾ ਦਿੱਤੇ ਤਾਂ ਕਵਿਤਾ ਮੱਚ ਉੱਠੀ। ਇਹ 1930-32 ਦੀਆਂ ਗੱਲਾਂਬਾਤਾਂ ਹਨ। ਸਵਰਗਵਾਸੀ ਵੈਦ ਨੌਰੰਗ ਸਿੰਘ "ਤਾਂਘੀ" ਨੇ ਕਵਿਤਾ ਦੀ ਸੇਧ ਦੇ ਨਾਲ-ਨਾਲ ਆਪਣੀ ਅਖ਼ਬਾਰ ਕੌਮੀ ਸੁਤੰਤਰ ਵਿੱਚ ਵੀ ਥਾਂ ਦੇਣੀ ਸ਼ੁਰੂ ਕਰ ਦਿੱਤੀ।

ਸਵਰਗਵਾਸੀ ਰਾਮ ਸ਼ਰਨ ਦਾਸ ਐਡਵੋਕਟ, ਸੋਭਾ ਸਿੰਘ 'ਆਰਟਿਸਟ' ਤੇ ਈਸ਼ਵਰ ਚਿੱਤਰਕਾਰ ਨੇ ਕਾਵਿ ਦੀ ਅਜੰਤਾ ਦੇ ਦਰਸ਼ਨ ਕਰਵਾਏ। ਭਾਵੇਂ ਭਾਈ ਵੀਰ ਸਿੰਘ, 'ਸ਼ਰਫ਼', ਪ੍ਰੋ: ਮੋਹਨ ਸਿੰਘ (ਮਾਹਰ) ਆਦਿ ਦੀਆਂ ਇਸ ਮੰਦਰ ਵੱਲ ਜਾਂਦੀਆਂ ਪਗਡੰਡੀਆਂ ਉੱਤੇ ਤੁਰਨ ਵਿੱਚ ਵੀ ਸਰੂਰ ਪ੍ਰਾਪਤ ਕੀਤਾ, 23 ਮਾਰਚ 1931 ਨੂੰ ਭਗਤ ਸਿੰਘ ਅਤੇ ਉਹਦੇ ਸਾਥੀਆਂ ਦੀ ਭੂਚਾਲ ਲਿਆਓ ਸ਼ਹਾਦਤ ਨੇ ਦਿਲ ਦਿਮਾਗ ਨੂੰ ਝੰਜੋੜ ਕੇ ਰੱਖ ਦਿੱਤਾ। ਕੋਈ ਉਸਤਾਦ ਨਹੀਂ ਧਾਰਿਆ।"

ਮੈਟ੍ਰਿਕ ਕਰਨ ਤੋਂ ਬਾਅਦ ਰੋਜ਼ੀ-ਰੋਟੀ ਉਹਨਾਂ ਨੂੰ ਲਾਹੌਰ ਲੈ ਗਈ, ਫਿਰ ਦਿੱਲੀ, ਨਾਗਪੁਰ ਫਿਰ ਦਿੱਲੀ ਅਤੇ ਸ਼ਿਮਲਾ ਦੇ ਹੋ ਕੇ ਰਹੇ। ਕੋਈ ਤਿੰਨ ਸਾਲ ਕਪੂਰਥਲਾ ਵੀ ਰਹੇ। ਭਾਈਆ ਈਸ਼ਰ ਤੋਂ ਬਾਅਦ ਉਹ ਆਪਣੀ ਜ਼ਿੰਦਗੀ ਤੱਕ ਕਵੀ ਗੁਲਜ਼ਾਰ ਸ਼ਿਮਲਾ ਦੇ ਪ੍ਰਧਾਨ ਰਹੇ। ਪੰਜਾਬੀ ਸਾਹਿਤ ਸਭਾ ਦਿੱਲੀ ਦੀ ਕਾਇਮੀ ਵਿੱਚ ਹਿੱਸਾ ਪਾਇਆ, ਪੰਜਾਬੀ ਕਵੀ ਸਭਾ ਦਿੱਲੀ ਦੀ ਉਸਾਰੀ ਵਿੱਚ ਮੋਢਾ ਦਿੱਤਾ, ਸ਼ੇਰੇ ਪੰਜਾਬ ਕਵੀ ਸਭਾ ਦਿੱਲੀ ਦੀ ਸਕੱਤਰੀ ਦੀ ਸੇਵਾ ਕੀਤੀ। ਸ਼ਿਮਲੇ ਵਿੱਚ ਈਸ਼ਰ ਭਾਈਏ ਨਾਲ ਰਲ ਕੇ ਕਵੀ ਗੁਲਜ਼ਾਰ ਕਾਇਮ ਕੀਤਾ। ਉਰਦੂ, ਹਿੰਦੀ ਅਤੇ ਪੰਜਾਬੀ ਕਵੀਆਂ ਦੀ ਸਾਂਝੀ ਸੰਸਥਾ ਕਵੀ ਮੰਡਲ ਸ਼ਿਮਲਾ ਦੇ ਮੀਤ ਪ੍ਰਧਾਨ ਵੀ ਰਹੇ। ਆਲ ਇੰਡੀਆ ਲਿਟਰੇਰੀ ਕਾਉਂਸਲ ਸ਼ਿਮਲਾ ਦੇ ਪ੍ਰਧਾਨ ਵੀ ਰਹੇ। ਪੰਜਾਬ ਦੇ ਸ਼ਿਮਲੇ ਵਿੱਚ (1966 ਤੋਂ ਪਹਿਲਾਂ) ਉਹਨਾਂ ਨੇ ਉੱਚ ਪੱਧਰ 'ਤੇ ਕਵੀ ਦਰਬਾਰਾਂ ਦਾ ਆਯੋਜਨ ਕੀਤਾ ਅਤੇ ਸ਼ਿਮਲੇ ਆਉਣ ਵਾਲੇ ਸਾਹਿਤਕਾਰਾਂ ਦਾ ਸਨਮਾਨ ਕੀਤਾ। ਆਪਣੀ ਵਿਤ ਮੁਤਾਬਿਕ ਹਿੱਸਾ ਪਾਇਆ।

ਭਾਈਆ ਈਸ਼ਰ 1953 'ਚ ਰਿਟਾਇਰ ਹੋ ਕੇ ਦਿੱਲੀ ਚਲੇ ਗਏ। ਉਹਨਾਂ ਤੋਂ ਬਾਅਦ 'ਕਵੀ ਗੁਲਜ਼ਾਰ ਸ਼ਿਮਲਾ' ਜਿਸਦੇ ਪ੍ਰਧਾਨ ਉਹ ਆਪਣੇ ਅੰਤਿਮ ਸਵਾਸਾਂ ਤੱਕ ਰਹੇ, ਨੂੰ ਉਹਨਾਂ ਪੰਜਾਬੀ ਬੋਲੀ-ਪੰਜਾਬੀਅਤ ਦੀ ਸਾਹਿਤਿਕ ਚੇਤਨਾ ਦੇ ਤੌਰ 'ਤੇ ਵਿਕਸਿਤ ਕੀਤਾ ਅਤੇ ਪੰਜਾਬੀ ਦੇ ਪ੍ਰਚਾਰ ਅਤੇ ਪਾਸਾਰ 'ਚ ਸਬਰ ਕਤਾ ਹਿੱਸਾ ਪਾਇਆ। ਸ਼ਿਮਲਾ ਨਿਵਾਸ ਦੌਰਾਨ ਉਹ ਗੁਰੂ ਘਰ ਨੂੰ ਪੂਰਨ ਰੂਪ ਨਾਲ ਸਮਰਪਿਤ, ਪਰਬੀਨ ਵਕਤਾ, ਗੁਰਮੁਖ ਸਿੱਖ ਦੇ ਰੂਪ ਵਿਚ 1945 ਤੋਂ ਹੀ ਸਿੱਖਾਂ ਦੀ ਸਿਰਮੌਰ ਸੰਸਥਾ 'ਗੁਰਦੁਆਰਾ ਸਿੰਘ ਸਭਾ ਸ਼ਿਮਲਾ' ਨਾਲ ਆਪਣੇ ਅੰਤਿਮ ਸਵਾਸਾਂ ਤੱਕ ਜੁੜੇ ਰਹੇ। ਉਹਨਾਂ ਦੀ ਸ਼ਖ਼ਸੀਅਤ ਵਿੱਚ ਦਾਰਸ਼ਨਿਕਤਾ ਅਤੇ ਅਧਿਆਤਮ ਦਾ ਸੁਮੇਲ ਸੀ ਅਤੇ ਇਹੋ ਉਹਨਾਂ ਦੀਆਂ ਰਚਨਾਵਾਂ ਵਿੱਚ ਝਲਕਦਾ ਸੀ। ਸ਼ਿਮਲੇ ਵਿਚ ਉਹਨਾਂ ਨੇ ਆਪਣੀ ਸਰਵਿਸ ਦੌਰਾਨ ਸਮਾਜਿਕ ਵਿਹਾਰ ਦੇ ਨਾਲ ਅਧਿਆਤਮਿਕ ਪੱਖ ਵੀ ਪੂਰਣਤਾ ਨਾਲ ਨਿਭਾਇਆ। ਉਹ ਕਥਨੀ ਅਤੇ ਕਰਨੀ ਵਿਚ ਕੋਈ ਫ਼ਰਕ ਨਹੀਂ ਸਨ ਰੱਖਦੇ। ਬੋਲੀ ਦੀ ਮਿਠਾਸ ਅਤੇ ਨਿਮਰਤਾ ਉਹਨਾਂ ਦੀ ਬਾਣੀ, ਕਾਰ ਵਿਹਾਰ ਵਿਚ ਪੂਰਣਤਾ ਨਾਲ ਸੰਮਿਲਿਤ ਸੀ। ਇਹਨਾਂ ਸਭ ਗੁਣਾਂ ਸਦਕਾ ਹੀ ਉਹ ਸ਼ਿਮਲੇ ਵਿੱਚ ਇੱਜ਼ਤਮਾਣ ਤੇ ਸ਼ੋਭਾ ਦੇ ਪਾਤਰ ਬਣੇ।

ਸਚਖੰਡ ਵਾਸੀ ਮੇਰੇ ਪਿਤਾ ਜੀ ਇੱਕ ਕਵੀ, ਚਿੰਤਕ, ਦਾਰਸ਼ਨਿਕ, ਖੋਜੀ ਤੇ ਦਰਦਮੰਦ ਇਨਸਾਨ, ਬਹੁਪੱਖੀ ਪ੍ਰਤਿਭਾ ਦੇ ਮਾਲਕ ਸਨ। ਵਿਦਿਆਰਥੀ ਜੀਵਨ ਤੋਂ ਹੀ ਉਹਨਾਂ ਦਾ ਝੁਕਾਓ ਸਾਹਿਤ ਵੱਲ ਹੋ ਗਿਆ। ਤਤਕਾਲੀ ਤੇ ਸਮਾਜਿਕ ਸਮੱਸਿਆਵਾਂ ਦਾ ਚਿਤਰਨ ਉਹਨਾਂ ਬਖ਼ੂਬੀ ਕੀਤਾ। ਜਿੱਥੇ ਉਹਨਾਂ 1947 ਤੋਂ ਪਹਿਲਾਂ ਦੇ ਭਾਰਤ ਵਿੱਚ ਵਿਚਰ ਰਹੀਆਂ ਸਮੱਸਿਆਵਾਂ ਨੂੰ ਕਲਮਬੱਧ ਕੀਤਾ ਉਥੇ ਉਹਨਾਂ ਨਵੇਂ ਭਾਰਤ ਦੀ ਉਸਾਰੀ ਅਤੇ ਸਮਕਾਲੀ ਘਟਨਾਵਾਂ ਨੂੰ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤਾ। ਕੋਈ ਐਸਾ ਵਿਸ਼ਾ ਨਹੀਂ ਜਿਸ 'ਤੇ ਉਹਨਾਂ ਕਵਿਤਾ ਜਾਂ ਵਾਰਤਕ ਨਾ ਰਚੀ ਹੋਵੇ।

ਪੰਜਾਬੀ ਦੇ ਚੋਟੀ ਦੇ ਹਰ ਮੈਗਜ਼ੀਨ ਅਤੇ ਰਸਾਲੇ ਵਿੱਚ ਉਹਨਾਂ ਦੀ ਰਚਨਾ ਛਪੀ ਹੁੰਦੀ। ਰਣਜੀਤ, ਫ਼ਤਿਹ, ਜੀਵਨ, ਖਾਲਸਾ ਸਮਾਚਾਰ, ਜੀਵਨ ਪ੍ਰੀਤੀ, ਗੁਰਮਤਿ ਪ੍ਰਕਾਸ਼, ਜਨ ਸਾਹਿਤ, ਪ੍ਰੀਤਮ ਅਤੇ ਪੰਜਾਬੀ ਦੁਨੀਆਂ ਵਿੱਚ ਉਹਨਾਂ ਦੀਆਂ ਕਵਿਤਾਵਾਂ ਅਤੇ ਵਾਰਤਕ ਛਪਦੀਆਂ ਅਤੇ ਇਹਨਾਂ ਦੀ ਬਹੁਤ ਸ਼ਲਾਘਾ ਹੁੰਦੀ।

ਉਹਨਾਂ ਦੇ ਲੇਖਾਂ ਅਤੇ ਕਵਿਤਾਵਾਂ ਵਿੱਚ ਉਹਨਾਂ ਦਾ ਮੌਲਿਕ ਅਨੁਭਵ, ਜੀਵਨ ਦਾ ਨਿਚੋੜ, ਘਟਨਾ ਪਿਛੋਕੜ ਨਿਖਰ ਕੇ ਆਉਂਦਾ ਹੈ ਅਤੇ ਪਾਠਕ ਮਹਿਸੂਸ ਕਰਨਗੇ ਕਿ ਉਹਨਾਂ ਦੀਆਂ ਲਿਖਤਾਂ ਵਿੱਚ ਵਸਤੂ ਵਿਸ਼ਾ ਸਾਫ਼ ਝਲਕ ਮਾਰਦਾ ਦਿਸਦਾ ਹੈ ਅਤੇ ਰੂਪਕ, ਅਲੰਕਾਰ ਅਤੇ ਛੰਦ ਬਣਤਰ ਦੀ ਰਵਾਨੀ ਆਪਣੀ ਮਿਸਾਲ ਆਪ ਹੈ। ਉਹਨਾਂ ਦੀਆਂ ਰਚਨਾਵਾਂ ਵਿੱਚ ਇਤਿਹਾਸਕ ਵੰਨਗੀ ਅਤੇ ਸਾਹਿਤਕ ਚੇਤਨਾ ਮੌਜੂਦ ਹੈ ਅਤੇ ਹਰ ਵਿਸ਼ੇ ਨੂੰ ਉਹਨਾਂ ਨੇ ਘੋਖਿਆ, ਵਿਚਾਰਿਆ ਅਤੇ ਫਿਰ ਰਚਨਾ ਕੀਤੀ।

ਮੇਰੇ ਪਿਤਾ ਜੀ ਪੰਜਾਬੀ ਤੇ ਪੰਜਾਬੀਅਤ ਦੇ ਝੰਡਾ ਬਰਦਾਰ ਸਨ ਉਹਨਾਂ ਨੇ ਪੰਜਾਬੀ ਦੁਨੀਆਂ ਅਤੇ ਜੀਵਨ ਪ੍ਰੀਤੀ ਵਿਚ ਪੰਜਾਬੀ ਬੋਲੀ, ਲਿਪੀ ਅਤੇ ਪੰਜਾਬੀਅਤ ਬਾਰੇ ਬਹੁਤ ਖੋਜ ਭਰਪੂਰ ਲੇਖ ਲਿਖੇ। ਪੰਜਾਬੀ ਦਾ ਭਵਿੱਖਤ ਵਿਚ ਉਹਨਾਂ ਲਿਖਿਆ ਸੀ। "ਉਂਞ ਤਾਂ ਸਮੁੱਚੇ ਦੇਸ਼ ਵਿਚ ਹੀ ਵਿਦਵਾਨਾਂ ਦੀ ਕਦਰ ਦੀ ਘਾਟ ਹੈ ਪਰ ਪੰਜਾਬ ਵਿੱਚ ਤਾਂ ਇਹ ਸਚਾਈ ਖੂਬ ਉਘੜ ਕੇ ਪ੍ਰਗਟ ਹੁੰਦੀ ਹੈ। ਵਿਚਾਰਾ ਡਾ. ਹਰੀ ਰਾਮ ਗੁਪਤਾ ਜਿਸ ਨੇ 12 ਸਾਲ ਦੀ ਸਖਤ ਮਿਹਨਤ ਨਾਲ ਸਿੱਖਾਂ ਦਾ ਇਤਿਹਾਸ ਤਿੰਨਾਂ ਹਿੱਸਿਆਂ ਵਿਚ ਲਿਖਿਆ, ਅੱਕ ਕੇ ਇਤਿਹਾਸਕ ਖੋਜ ਦੀ ਲਾਈਨ ਹੀ ਛੱਡ ਬੈਠਾ। ਸਿੱਖ ਧਰਮ, ਇਤਿਹਾਸ ਨਾਲ ਸੰਬੰਧਿਤ ਮਹੱਤਵ ਪੂਰਨ ਖੋਜ ਪੱਤਰ। ਉਹਨਾਂ ਨੇ ਜਿਤਨੇ ਵੀ ਰਚੇ ਉਹ ਸਾਹਿਤਕ ਪੱਖੋਂ ਵਿਸ਼ੇਸ਼ ਮਹੱਤਵ ਰੱਖਦੇ ਹਨ। ਉਹਨਾਂ ਬਹੁਤ ਤਰਕਪੂਰਣ ਢੰਗ ਨਾਲ ਹਰ ਵਿਸ਼ੇ ਨੂੰ ਜਾਚਿਆ ਅਤੇ ਆਪਣੀ ਵਿਵੇਕਪੂਰਤ ਤੁਲਨਾਤਮਕ ਰਾਏ ਪੂਰਣ ਸਫਲਤਾ ਨਾਲ ਪੇਸ਼ ਕੀਤੀ।

ਬੇਨਤੀ : ਪਾਠਕ ਤਕਣਗੇ ਕਿ ਇਸ ਪੁਸਤਕ ਵਿੱਚ ਸ਼ਾਮਲ ਸਾਰੇ ਲੇਖ ਵੱਖ-ਵੱਖ ਸਮੇਂ ਲਿਖੇ ਗਏ ਅਤੇ ਰਚਨਾਕਾਲ 1946 ਤੋਂ ਸ਼ੁਰੂ ਹੋ ਕੇ 1971 'ਚ ਸਮਾਪਤ ਹੁੰਦਾ ਹੈ। ਇਸੀ ਕਾਰਣ ਇਹਨਾਂ ਵਿੱਚ ਦੁਹਰਾ ਆਉਣਾ ਲੇਖ ਅਤੇ ਸਮੇਂ ਦੀ ਜ਼ਰੂਰਤ ਹੈ। ਜਿਥੇ ਤੱਕ ਹੋ ਸਕਿਆ ਹੈ ਮੈਂ ਇਹਨਾਂ ਖੋਜ ਪੱਤਰਾਂ ਦੀ ਸੁੱਚਤਾ ਨੂੰ ਕਾਇਮ ਰੱਖਿਆ ਹੈ। ਮੇਰੀ ਸੋਚ ਹੈ ਕਿ ਕੱਟ ਵੱਢ ਨਾਲ ਖੋਜ ਪੱਤਰ ਦੀ ਰਵਾਨੀ 'ਚ ਫਰਕ ਪੈਂਦਾ ਹੈ। ਆਸ ਕਰਦਾ ਹਾਂ ਕਿ ਲੇਖਕ ਦੇ ਕਲਮਬੱਧ ਲਹੂ ਭਿੱਜੇ ਦਿਲ, ਦਿਮਾਗ ਅਤੇ ਰੂਹ ਨੂੰ ਝੰਝੋੜਣ ਵਾਲੇ ਖੋਜ ਪੱਤਰਾਂ ਨੂੰ ਪਾਠਕ ਪਿਆਰ ਅਤੇ ਸਤਿਕਾਰ ਨਾਲ ਪੜ੍ਹਨਗੇ।

ਇੰਜੀ. ਕਰਮਜੀਤ ਸਿੰਘ
ਆਦਮਪੁਰ ਦੋਆਬਾ

ਬਾਜ਼ ਵਾਲੇ ਨੀਲੇ ਦੇ ਸ਼ਾਹ ਸਵਾਰ

ਇਕ ਲੋਕ ਗੀਤ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਧਿਆਨੀ ਸਰੂਪ ਇਸ ਤਰ੍ਹਾਂ ਵਰਨਣ ਕੀਤਾ ਗਿਆ ਹੈ:-

ਨੀਲਾ ਘੋੜਾ ਬਾਂਕਾ ਜੋੜਾ, ਹੱਥ ਪੁਰ ਬਾਜ ਸੁਹਾਏ ਨੇ।

ਚਲੋ ਸਿੰਘੋ ਚਲ ਦਰਸ਼ਨ ਕਰੀਏ, ਗੁਰੂ ਗੋਬਿੰਦ ਸਿੰਘ ਆਏ ਨੇ।

ਸਵਰਗਵਾਸੀ ਪ੍ਰੋਫੈਸਰ ਪੂਰਨ ਸਿੰਘ ਨੇ ਆਪਣੇ ਇਕ ਅੰਗਰੇਜ਼ੀ ਗੀਤ ਵਿਚ ਗੁਰੂ ਮਹਾਰਾਜ ਨੂੰ ਉਸ ਉਦਭੁਤ ਸ਼ਿਕਾਰੀ ਦੇ ਰੂਪ ਵਿਚ ਪੇਸ਼ ਕੀਤਾ ਹੈ ਜਿਸ ਦੇ ਤੀਰਾਂ ਅੱਗੇ ਮੌਤ ਦਾ ਬਾਰਾਂਸਿੰਗਾਂ ਭੱਜਾ ਜਾ ਰਿਹਾ ਹੈ।

'ਉਹ ਤਾਰਿਆਂ ਦੀ ਕਲਗੀ ਸਜਾਉਂਦਾ ਹੈ। ਆਪਣੇ ਅੰਗੂਠੇ 'ਤੇ ਬਾਜ਼ ਬਠਾਂਦਾ ਹੈ ਅਤੇ ਸੁਰਗਾਂ ਦੀ ਉਹਦੀ ਬਾਦਸ਼ਾਹਤ ਦਾ ਉਚਾ ਨਿਸ਼ਾਨ ਝੂਲ ਰਿਹਾ ਹੈ। ਉਹਦਾ ਛਤਰ ਝੁਲਦਾ ਹੈ ਤੇ ਉਹਦਾ ਝੰਡਾ ਸੁਰਗ ਦੀਆਂ ਦੀਵਾਰਾਂ ਉਤੇ ਲਹਿਰਾਉਂਦਾ ਹੈ। ਫਰਿਸ਼ਤੇ ਉਹਦਾ ਜਸ ਉਚੀ ਗਾਉਂਦੇ ਹਨ—

"ਵਾਹਿਗੁਰੂ ਸਵਾਮੀ।"

ਨੀਲੇ ਘੋੜੇ ਦਾ ਅਸਵਾਰ ਨੀਲਾ ਬਾਣਾ ਸਜਾਈ ਉਸ ਸਿੱਖਾਂ ਦੀ ਸੂਰਬੀਰ ਸੈਨਾ ਦੀ ਕਮਾਨ ਕਰਦਾ ਹੈ, ਜੋ ਧਰਤੀ ਉਤੇ ਰੱਬ ਦੇ ਮੰਤਵ ਅਤੇ ਪਵਿੱਤਰ ਕਾਰਜ ਲਈ ਸੰਗਰਾਮ ਕਰਦੇ ਹਨ।'

ਬਾਜ਼ ਮੁਗਲਾਂ ਦੇ ਸਮੇਂ ਸ਼ਾਹੀ ਚਿੰਨ ਸਮਝਿਆ ਜਾਂਦਾ ਸੀ ਤੇ ਘੋੜੇ ਦੀ ਸਵਾਰੀ ਅਮੀਰੀ ਤੇ ਵਡਿਤਣ ਦੀ ਨਿਸ਼ਾਨੀ ਸੀ। ਔਰੰਗਜ਼ੇਬ ਨੇ ਹਿੰਦੂਆਂ ਲਈ ਘੋੜੇ ਦੀ ਸਵਾਰੀ ਜੁਰਮ ਕਰਾਰ ਦੇ ਦਿੱਤੀ ਸੀ। ਗੁਰੂ ਗੋਬਿੰਦ ਸਿੰਘ ਨੇ ਜਨਤਾ ਨੂੰ ਉਭਾਰਨ ਲਈ ਇਹ ਦੋਨੋਂ ਚਿੰਨ੍ਹ ਐਲਾਨੀਆਂ ਵਰਤੇ। ਸ: ਕਪੂਰ ਸਿੰਘ ਸਾਬਕ ਆਈ. ਸੀ. ਐਸ. ਰਚਿਤ ਅੰਗਰੇਜ਼ੀ ਦੀ ਅਦੁਤੀ ਪੁਸਤਕ 'ਪ੍ਰਾਸ਼ਰ ਪ੍ਰਸ਼ਨ' ਅਥਵਾ 'ਗੁਰੂ ਗੋਬਿੰਦ ਸਿੰਘ ਦੀ ਵੈਸਾਖੀ' ਅਨੁਸਾਰ 1695 ਦੇ ਏੜ ਗੇੜ, ਗੁਰੂ ਮਹਾਰਾਜ ਲਈ ਗਜ਼ਨੀ 'ਚੋਂ ਬਾਜ਼ ਲਿਆਂਦਾ ਗਿਆ।

ਬਾਜ਼ ਇਕ ਮਦੀਨ ਪੰਛੀ ਹੈ, ਜਿਸ ਦਾ ਨਰ ਗੁਰਾਹ ਹੁੰਦਾ ਹੈ। ਇਹ ਇਕ ਗੁਲਾਬੀ ਅੱਖੀਆਂ ਵਾਲਾ ਸ਼ਿਕਾਰੀ ਪੰਛੀ ਹੁੰਦਾ ਹੈ ਜੋ ਸਰਦ ਦੇਸ਼ਾਂ 'ਚੋਂ ਫੜ ਕੇ ਲਿਆਂਦਾ ਜਾਂਦਾ ਹੈ। ਗਰਮੀਆਂ ਦੇ ਦਿਨਾਂ ਵਿਚ ਇਹਨੂੰ ਠੰਡੇ ਥਾਂ ਬਿਠਾ ਰੱਖਦੇ ਹਨ, ਜਦ ਇਹ ਪੁਰਾਣੇ ਖੰਭ ਸੁੱਟ ਦਿੰਦਾ ਹੈ ਅਤੇ ਇਹਦੇ ਨਵੇਂ ਖੰਭ ਨਿਕਲਦੇ ਹਨ। (ਭਾਈ ਕਾਨ ਸਿੰਘ ਮਹਾਨ ਕੋਸ਼) ਬਾਜ਼ ਸ਼ਕਤੀ ਵਡਿਤਣ, ਰੋਅਬ ਦਾਬ ਦਾ ਚਿੰਨ੍ਹ ਹੈ। ਪੁਰਾਣੇ ਮਿਸਰੀ ਲੋਕ ਇਹਨੂੰ ਆਪਣੇ ਸੂਰਜ ਦੇਵਤਾ ਦਾ ਅਵਤਾਰ ਸਮਝ ਕੇ ਇਸ ਦੀ ਪੂਜਾ ਕਰਿਆ ਕਰਦੇ ਸਨ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਬਾਜ਼ ਦੀ ਸੁਫੇਦੀ ਪੰਛੀ ਨੂੰ ਪਵਿੱਤਰਤਾ ਅਤੇ ਮਾਸੂਮੀਅਤ ਪ੍ਰਦਾਨ ਕਰਦੀ ਸੀ। ਚਿਟਿਆਈ ਸ਼ਬਦ ਇਜ਼ਤ ਆਬਰੋ ਲਈ ਵੀ ਵਰਤਿਆ ਗਿਆ ਹੈ, ਜਿਵੇਂ ਚਿੱਟੀ ਚਾਦਰ, ਬੇਦਾਗ ਇੱਜ਼ਤ, ਪਤ ਦਾ ਵਾਚਕ ਹੈ। ਕਵੀ ਡ੍ਰਾਈਡਨ ਦੀ ਸਤਰ ਹੈ:-

White as thy fame and as thy honour clear, (Sikh Studies, ਰਚਿਤ ਸ: ਸਰਦੂਲ ਸਿੰਘ ਕਵੀਸ਼ਰ, ਸਫਾ ਪੰਜ)

ਸ੍ਰ: ਕਪੂਰ ਸਿੰਘ ਅਨੁਸਾਰ ਬਾਜ਼ ਦੀ ਚਿਟਿਆਈ ਆਤਮਿਕ ਗਿਆਨ, ਜੋ ਅਨੋਲ ਹੈ, ਦੀ ਪ੍ਰਤੀਨਿਧਤਾ ਕਰਦੀ ਹੈ। ਆਪਣੇ ਸੱਜੇ ਹੱਥ ਵਿਚ ਫੜੇ ਸਰਬ ਲੋਹ ਦੇ ਬਰਛੇ ਨਾਲ ਉਹ ਅਵਿਦਿਆ ਦੇ ਤਿਮਰ ਪੜ੍ਹਦਿਆਂ ਦੀਆਂ ਤੈਹਾਂ ਦੂਰ ਕਰਦੇ ਹਨ ਅਤੇ ਖੱਬੇ ਹੱਥ ਤੇ ਬੈਠਾ ਬਾਜ਼ ਖਾਲਸ ਆਤਮਾ ਪ੍ਰਤੀਤ ਹੁੰਦਾ ਹੈ, ਜੋ ਅਗਿਆਨਤਾ ਤੋਂ ਸੁਤੰਤਰ ਹੋ ਚੁੱਕੀ ਹੈ। ਇਕ ਵਾਰ ਜਦੋਂ ਉਹਨਾਂ ਨੂੰ ਸਿੱਖਾਂ ਨੇ ਪੁਛਿਆ ਕਿ ਉਹ ਉਹਨਾਂ ਨੂੰ ਜੰਗ ਵਿਚ ਹੱਥ ਆਈਆਂ ਇਸਤਰੀਆਂ ਤੋਂ ਕਿਉਂ ਵਰਜਦੇ ਹਨ ਤਾਂ ਉਹਨਾਂ ਨੇ ਭਾਈ ਸੰਤੋਖ ਸਿੰਘ ਦੇ ਸ਼ਬਦਾਂ ਵਿਚ ਉਤਰ ਦਿੱਤਾ-

ਤਬ ਸ੍ਰੀ ਸਤਿਗੁਰ ਬਚਨ ਉਬੇਰੇ,
ਹਮ ਲੇ ਜਾਨੋ ਪੰਥ ਉਚੇਰੇ।

ਕੁਝ ਇਹੋ ਜਿਹਾ ਭਾਵ, ਉਹਨਾਂ ਦਾ ਨੀਲੇ ਘੋੜੇ ਦਾ ਅਸਵਾਰ ਬਨਣ ਵਿਚ ਕੰਮ ਕਰਦਾ ਦਿਸਦਾ ਹੈ। ਜਿਥੇ ਇਹ ਹਕੂਮਤ ਨੂੰ ਚੈਲੰਜ ਸੀ, ਉਥੇ ਸਿੱਖਾਂ ਅੰਦਰ ਉਤਸ਼ਾਹ ਤੇ ਉਮਾਹ ਨੂੰ ਪ੍ਰਚੰਡ ਕਰਕੇ ਉਨ੍ਹਾਂ ਨੂੰ ਇਨਕਲਾਬ ਪਸੰਦ ਯੋਧੇ ਬਨਾਉਣਾ ਆਪ ਦਾ ਉਚਾ ਦਾਈਆ ਸੀ। ਮੁਗਲ ਰਾਜ ਸਮੇਂ ਪਗੜੀ ਬੰਨ੍ਹਣੀ ਤੇ ਘੋੜੇ ਦੀ ਸਵਾਰੀ ਕਰਨਾ ਹਿੰਦੂਆਂ ਲਈ ਜੁਰਮ ਸਨ। ਦਸਵੇਂ ਪਾਤਸ਼ਾਹ ਨੇ ਖਾਲਸੇ ਨੂੰ ਪੱਗ ਬੰਨ੍ਹ ਘੋੜ ਸਵਾਰ ਹੋਣ ਦਾ ਹੁਕਮ ਦਿੱਤਾ। ਰਹਿਤਨਾਮੇ ਘੋੜ ਸਵਾਰ ਹੋਣਾ ਖਾਲਸੇ ਦਾ ਲਛਣ ਦਸਦੇ ਹਨ। ਸੂਰਜ ਪ੍ਰਕਾਸ਼ ਵਿਚ ਇਕ ਅਜਿਹੀ ਘਟਨਾ ਮਿਲਦੀ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਆਪ ਨੀਲੇ ਨੂੰ ਕਿੱਡਾ ਉਚਾ ਸਤਿਕਾਰ ਅਤੇ ਭਰਾਵਾਂ ਵਾਲਾ ਪਿਆਰ ਬਖ਼ਸ਼ਦੇ ਸਨ। ਆਪ ਮੁਕਤਸਰ ਦੇ ਲਾਗੇ ਜਾ ਰਹੇ ਸਨ ਕਿ ਨੀਲੇ ਨੂੰ ਦੁੜਕੀ ਪਾਉਣ ਅਤੇ ਆਪ ਨੂੰ ਛੇਤੀ ਖਤਰੇ 'ਚੋਂ ਬਾਹਰ ਕੱਢਣ ਲਈ ਕਿਸੇ ਸਿੱਖ ਨੇ ਆਪ ਦੇ ਘੋੜੇ ਨੂੰ ਚਾਬਕ ਮਾਰਿਆ, ਆਪ ਨੇ ਜਲਾਲ ਵਿਚ ਆ ਕੇ ਫੁਰਮਾਇਆ:

ਕਿਮ ਭਰਾਤਾ ਕੇ ਚਮਕੀ ਮਾਰੀ,
ਸੰਤਤੁ ਮਾਰੀ ਜਾਏ ਤੁਮਾਰੀ।

ਅਰਥਾਤ ਮੇਰੇ ਭਰਾ (ਭਾਈ ਜਾਨ ਨਾਮ ਦੇ ਘੋੜੇ) ਦੀ ਚਮਕੀ ਮਾਰਨ ਵਾਲਾ ਔਂਤ ਜਾਏਗਾ।

ਮਹਾਂ ਕਵੀ ਸੰਤੋਖ ਸਿੰਘ ਨੇ ਨੀਲੇ ਦੇ ਪਿਆਰ ਅਤੇ ਗੁਰੂ ਸਾਹਿਬ ਨਾਲ ਲਗਾਵ ਨੂੰ ਕਵਿਤਆਇਆ ਹੈ। ਗੁਰੂ ਸਾਹਿਬ ਨੇ ਨੀਲੇ ਨੂੰ ਭਰਾਤਾ ਕਹਿਕੇ ਸੰਬੋਧਨ ਕੀਤਾ ਹੈ। ਸਾਹਿਬ ਜੀ ਦੇ ਨੀਲੇ ਘੋੜੇ ਵਾਸਤੇ ਉਹਨਾਂ ਦਾ ਠਾਠਾਂ ਮਾਰਦਾ ਪਿਆਰ ਝਲਕਦਾ ਹੈ।

ਗੁਰੂ ਅਰਜਨ ਸਾਹਿਬ ਨੇ ਸਿੱਖਾਂ ਨੂੰ ਘੋੜਿਆਂ ਦੇ ਵਪਾਰ ਦੀ ਪ੍ਰੇਰਣਾ ਦਿੱਤੀ ਸੀ ਤਾਂ ਕਿ ਦੂਰ ਦੂਰ ਦੇ ਕਰੜੇ ਸਫ਼ਰ ਕਰ ਕੇ ਸਖਤ ਜਾਨ ਬਣ ਜਾਵਣ।'ਮਰਦਾਂ ਅਤੇ ਘੋੜਿਆਂ ਕੰਮ ਪੈਣ ਅਵੱਲੇ' ਅਤੇ ਘੋੜਾ ਤੇ ਮਰਦ ਕਦੀ ਬੁੱਢੇ ਨਹੀਂ ਹੁੰਦੇ ਇਸ ਪ੍ਰਕਰਣ ਦੇ ਅਖਾਣ ਬਣੇ। ਗੁਰੂ ਹਰਿਗੋਬਿੰਦ ਸਾਹਿਬ ਦੀ ਆਗਿਆ 'ਤੇ ਭਾਈ ਬਿਧੀ ਚੰਦ ਨੂੰ ਆਪਣੀ ਜਿੰਦ ਤਲੀ 'ਤੇ ਰਖ ਕੇ ਲਾਹੌਰ ਦੇ ਸੂਬੇ ਤੋਂ ਕਿਸੇ ਸਿੱਖ ਤੋਂ ਖੋਹੇ ਹੋਏ ਉਹ ਘੋੜੇ ਮੋੜ ਲਿਆਉਣੇ ਪਏ, ਜੋ ਸਿੱਖ ਗੁਰੂ ਮਹਾਰਾਜ ਦੀ ਭੇਟਾ ਕਰਨ ਲਈ ਲਿਆ ਰਿਹਾ ਸੀ। ਇਸੇ ਤਰ੍ਹਾਂ ਛੇਵੇਂ ਪਾਤਸ਼ਾਹ ਦੇ ਸਮੇਂ ਦਾ ਪਹਿਲਾ ਯੁਧ ਬਾਜ਼ ਦੇ ਸਵਾਲ 'ਤੇ ਛਿੜਿਆ ਤੇ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜ ਕੇ

ਇਹ ਐਲਾਨ ਕੀਤਾ ਸੀ।

ਸਵਾ ਲਾਖ ਸੇ ਏਕ ਲੜਾਊਂ,
ਚਿੜੀਆਂ ਕੋਲੋਂ ਬਾਜ ਤੁੜਾਊਂ।
ਸ਼ਰਨ ਪੜੇ ਕੋ ਮੁਕਤ ਕਰਾਊਂ,
ਤਬੈ ਗੋਬਿਦ ਸਿਘ ਨਾਮ ਧਰਾਊਂ।

ਇਉਂ ਉਹਨਾਂ ਨੇ ਆਪਣੇ ਹੱਥ 'ਤੇ ਬਾਜ਼ ਬਹਾ ਕੇ ਚਿੜੀਆਂ ਨੂੰ ਆਪਣੇ ਅੰਦਰ ਉਸ ਵਰਗੀ ਸ਼ਾਨ, ਉਚਤਾ, ਸ਼ਕਤੀ, ਆਤਮ ਨਿਰਭਰਤਾ ਤੇ ਨਿਡਰਤਾ ਪੈਦਾ ਕਰਨ ਦੀ ਪ੍ਰੇਰਣਾ ਦਿੱਤੀ, ਜਿਸ ਦੇ ਨਤੀਜੇ ਵਜੋਂ ਗੁਲਾਮਾਂ ਅਤੇ ਬਲਹੀਨ ਦਬੇਲਾਂ ਨੇ ਆਜ਼ਾਦੀ ਦੇ ਗਾਨੇ ਬੰਨ੍ਹ ਕੇ ਸਿਆਸੀ ਅਤੇ ਧਾਰਮਕ ਗੁਲਾਮੀ ਵਿਰੁਧ ਜਹਾਦ ਕੀਤਾ। ਜਿਸ ਵੇਲੇ ਆਪ ਹੱਥ 'ਤੇ ਚਿੱਟਾ ਬਾਜ਼ ਸਜਾ ਕੇ ਨੀਲੇ ਘੋੜੇ ਦੀ ਸਵਾਰੀ ਕਰਦੇ ਤਾਂ ਇੰਝ ਪ੍ਰਤੀਤ ਹੁੰਦਾ ਸੀ ਕਿ ਆਪ ਦੇ ਹੱਥ ਉਤੇ ਦਿਨ ਚੜ੍ਹਿਆ ਹੋਇਆ ਹੈ ਅਤੇ ਰਾਤ ਹਨੇਰੇ 'ਤੇ ਕਾਠੀ ਪਈ ਹੋਈ ਹੈ। ਹਨੇਰੇ ਤੇ ਪ੍ਰਕਾਸ਼ ਦਾ ਮੇਲ ਆਪ ਦੀ ਕਵਿਤਾ ਵਿਚੋਂ ਮਿਲਦਾ ਹੈ:-

ਜਹਾਂ ਚੰਦ ਕੀ ਚਾਂਦਨੀ ਛਾਜਤ ਹੈ ਜਹ ਪਾਤ ਚੰਬੇਲੀ ਕੇ ਸੇਜ ਭਰੀ ਹੈ
ਸੇਤ ਜਹਾ ਗੁਲ ਰਾਜਤ ਜਿੰਹਕੇ ਜਮੁਨਾ ਵਿਗ ਆਇ ਬਹੀ ਹੈ।
ਤਾਹੀ ਸਮੈ ਹਰਿ ਰਾਧੇ ਗੁਸੀ ਉਪਮਾ ਤਿਹ ਕੀ ਕਬਿ ਸਯਾਮ ਕਹੀ ਹੈ।
ਸੇਤ ਤ੍ਰੀਯਾ ਤਨ ਸਯਾਮ ਹਰੀ ਮਨੋ ਸੋਮਕਲਾ ਇਹ ਰਾਹ ਗਹੀ ਹੈ।

ਕ੍ਰਿਸ਼ਨਾਵਤਾਰ: 671

ਬਿਲਕੁਲ ਅਜਿਹੇ ਭਾਵ ਦੀ ਉਪਮਾ ਕਵੀ ਸੰਤੋਖ ਸਿੰਘ ਨੇ ਆਪ ਦੇ ਗੋਰੇ ਮੁਖ ਤੇ ਕਾਲੀ ਦਾੜ੍ਹੀ ਸੰਬੰਧੀ ਦਿੱਤੀ ਹੈ। ਜਿਥੇ ਉਹ ਕਦੀ ਕਹਿੰਦਾ ਹੈ ਕਿ ਕੰਵਲਾਂ 'ਚੋਂ ਰਸ ਚੂਸਣ ਲਈ ਮਖੀਰ ਦੀਆਂ ਮੱਖੀਆਂ ਆ ਜੁੜੀਆਂ ਹਨ ਉਥੇ ਉਹ ਇਹ ਵੀ ਆਖਦਾ ਹੈ ਕਿ ਚੰਦਰਮਾ ਪਿਆਰ ਨਾਲ ਹਨੇਰੇ ਕੋਲ ਆ ਵਸਿਆ ਹੈ।

ਸ਼ਾਹੀ ਰੋਅਬ ਦਾਬ ਠਾਠ ਬਾਠ ਬਨਾਉਣ ਤੋਂ ਆਪ ਦਾ ਮਨੋਰਥ ਨਿਰਾ ਉਤਸ਼ਾਹ ਹੀਨ ਜਨਤਾ ਨੂੰ ਹੱਲਾਸ਼ੇਰੀ ਦੇਣੀ ਸੀ ਨਾ ਕਿ ਕੋਈ ਨਿੱਜੀ ਰਾਜ ਕਾਇਮ ਕਰਨਾ ਸੀ। ਆਪ ਨੇ ਸਾਮਰਾਜ ਅਤੇ ਜ਼ਾਲਮ ਹਕੂਮਤ ਦੀ ਨਖੇਧੀ ਬੜੇ ਕਰੜੇ ਸ਼ਬਦਾਂ ਵਿਚ ਕਰਦੇ ਹੋਏ ਅਜਿਹੇ ਘੋੜ ਸਵਾਰਾਂ ਨੂੰ ਨਿੰਦਿਆ ਹੈ:-

ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ॥
ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕਉ ਜਾਤ ਨਿਵਾਰੇ॥
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਯਾਵਤ ਸੀਸ ਨ ਜਾਤ ਬਿਚਾਰੇ॥
ਏਤੇ ਭਏ ਤੋ ਕਹਾ ਭਏ ਭੂਪਤਿ ਅੰਤ ਕੋ ਨਾਗੇ ਹੀ ਪਾਇ ਪਧਾਰੇ॥

ਅਕਾਲ ਉਸਤਤਿ ॥੨॥੨੨॥

ਆਪ ਨੂੰ ਤਾਂ ਕੇਵਲ ਅਕਾਲ ਦੀਆਂ ਭਾਰੀਆਂ ਭੁਜਾਵਾਂ ਦਾ ਭਾਰੀ ਭਰੋਸਾ ਸੀ ਤੇ ਆਪ ਨੇ ਔਰੰਗਜ਼ੇਬ ਨੂੰ ਸੰਬੋਧਨ ਕਰਦਿਆਂ ਲਿਖਿਆ ਸੀ:-

ਕਿ ਓਰਾ ਗ਼ਰੂਰ ਅਸਤ ਬਰ ਮੁਲਕੋ ਮਾਲ।
ਵ ਮਾਰਾ ਪਨਾਹ ਅਸਤ ਯਜ਼ਦਾਂ ਅਕਾਲ॥੧੦੬॥

ਜ਼ਫਰਨਾਮਾ

ਉਹ ਅਕਾਲ ਜੋ ਵੇਹਲੜਾਂ ਦਾ ਰੱਬ ਨਹੀਂ, ਸਗੋਂ ਕਾਮਿਆਂ-ਕਿਰਤੀਆਂ ਦਾ ਸਹਾਰਾ ਹੈ ਅਤੇ ਧੰਦਿਆਂ ਦਾ ਧੰਦਾ ਹੈ:-

ਨਮੋ ਸਰਬ ਧੰਧੇ,
ਨਮੋਸਤ ਅਬੰਧੇ ॥੨੪॥ ਜਾਪ ਸਾਹਿਬ

ਜੋ ਔਰੰਗਜ਼ੇਬ ਵਾਂਗ ਰਾਗ ਤੋਂ ਨਫ਼ਰਤ ਨਹੀਂ ਕਰਦਾ, ਸੰਗੀਤ ਦਾ ਜਨਾਜ਼ਾ ਨਹੀਂ ਕੱਢਦਾ, ਸਗੋਂ ਉਹ 'ਰਾਗ ਰੰਗ ਕੇ ਸੁਨਿੰਦਾ, ਖੈਰ ਖਬੀ ਕੋ ਦਹਿੰਦਾ' (ਗਿਆਨ ਪ੍ਰਬੋਧ) ਹੈ ਅਤੇ ਕਲਾ ਸਾਕਾਰ ਹੈ ਅਤੇ ਖ਼ੂਬਸੂਰਤੀ ਦਾ ਪੁੰਜ।

ਇਸ ਅਕਾਲ ਦੇ ਭਰੋਸੇ ਆਪ ਨੇ ਇਕ ਨਵੀਂ ਦੁਨੀਆਂ ਇਕ ਬੇਗਮਪੁਰੇ ਦਾ ਝਾਂਵਲਾ ਦੁਨੀਆਂ ਦੇ ਸਾਹਮਣੇ ਰੱਖਿਆ।

ਦਾਨਵ ਦੇਵ ਫਨਿੰਦ ਨਿਸਾਚਰ
ਭੂਤ ਭਵਿਖ ਭਵਾਨ ਜਪੈਂਗੇ।
ਜੀਵ ਜਿਤੇ ਜਲ ਮੈ ਥਲ ਮੈ
ਪਲ ਹੀ ਪਲ ਮੈ ਸਭ ਥਾਪ ਥਪੈਂਗੇ।
ਪੁੰਨ ਪ੍ਰਤਾਪਨ ਬਾਢਤ ਜੈ ਧੁਨ
ਪਾਪਨ ਕੇ ਬਹੁ ਪੁੰਜ ਖਪੈਂਗੇ।
ਸਾਧ ਸਮੂਹ ਪ੍ਰਸੰਨ ਫਿਰੈਂ
ਜਗ ਸ਼ੱਤ੍ਰ ਸਭੈ ਅਵਲੋਕ ਚਪੈਂਗੇ।

ਅਕਾਲ ਉਸਤਤਿ ॥੭॥੨੭॥

ਇਸ ਮਹਾਨ ਆਦਰਸ਼ ਨੂੰ ਸਿਰੇ ਚਾੜ੍ਹਨ ਲਈ ਆਪ ਨੇ ਆਨੰਦ ਪੁਰ ਵਰਗਾ ਆਦਰਸ਼ਕ ਸ਼ਹਿਰ ਵਸਾਕੇ ਉਥੇ ਲੋਕਾਂ ਨੂੰ ਇਖਲਾਕੀ ਲੀਹਾਂ ਉਤੇ ਉਸਰੀ ਸ਼ਹਿਰੀਅਤ ਦੀ ਤਰਬੀਅਤ ਦਿੱਤੀ। ਇਹ ਸ਼ਹਿਰ ਸੱਚਮੁਚ ਆਨੰਦ ਮੰਗਲ ਦਾ ਸੋਮਾ ਸੀ ਤੇ ਜਿਥੇ ਆਨੰਦ ਮਾਨਣ ਲਈ ਲੋਕ ਆਪਣੇ ਦੋਸਤਾਂ ਮਿੱਤਰਾਂ ਨੂੰ ਸੱਦੇ ਦਿੰਦੇ ਸਨ-'ਚਾਹੋ ਜੋ ਅਨੰਦ ਤੋਂ ਆਨੰਦ ਪੁਰ ਆਈਏ।' ਹਰ ਸ਼ਹਿਰੀ ਨੂੰ ਸਿਪਾਹੀਆਨਾਂ ਕਵਾਇਦ ਸਿਖਾਈ ਜਾਂਦੀ ਸੀ। ਇਥੋਂ ਤੱਕ ਕਿ ਜਦ ਕੋਈ ਕਵੀ ਵੀ ਆਪ ਤੋਂ ਇਨਾਮ ਲੈ ਕੇ ਜਾਂਦਾ ਤਾਂ ਪ੍ਰਤੀਤ ਹੁੰਦਾ ਕਿ ਕੋਈ ਰਜਵਾੜਾ ਘੋੜਿਆਂ ਹਾਥੀਆਂ ਦੇ ਲਾਓ ਲਸ਼ਕਾਰ ਨਾਲ ਜਾ ਰਿਹਾ ਹੈ। ਰਾਹ ਦੇ ਪਿੰਡਾਂ ਦੇ ਲੋਕ ਭੈ ਖਾਂਦੇ ਮਤਾ ਕੋਈ ਗਨੀਮ ਆ ਗਿਆ ਹੋਵੇ, ਹਜ਼ੂਰ ਦੀ ਫਰਮਾਇਸ਼ ਤੇ ਕਰਨ ਪਰਬ (ਮਹਾਂ ਭਾਰਤ) ਦਾ ਭਾਸ਼ਾ ਅਨੁਵਾਦ ਕਰਨ ਵਾਲਾ ਹੰਸ ਰਾਮ ਇਸੇ ਤਰ੍ਹਾਂ ਜਾ ਰਿਹਾ ਸੀ ਤੇ ਲੋਕ ਭੈ ਭੀਤ ਹੋ ਰਹੇ ਸਨ। ਉਹ ਲੋਕਾਂ ਨੂੰ ਤਸੱਲੀ ਦਿੰਦਾ ਆਖਦਾ ਸੀ ਕਿ ਲੋਕੋ ਡਰੋ ਨਾ ਮੈਂ ਤਾਂ ਗੁਰੂ ਗੋਬਿੰਦ ਸਿੰਘ ਦਾ ਮੰਗਤਾ ਹਾਂ।

'ਹੰਸ ਰਾਮ ਕਹਿਤ ਬਿਰਾਜੇ ਨਿਜ ਭਾਜੋ'

ਇਹ ਗਰੀਬ ਨਿਵਾਜੀ ਉਹ ਫਖਰ ਅਤੇ ਉਪਮਾ ਯੋਗ ਕਦਮ ਸੀ, ਜੋ ਤਾਰੀਖਦਾਨਾਂ ਦੀ ਰਾਏ ਵਿਚ ਇਨਕਲਾਬ ਲੈ ਆਉਣ ਵਾਲਾ ਸੀ, ਜਿਸ ਹਾਲਤ ਵਿਚ ਮਹਿਕੂਮ ਹਾਕਮ ਬਣ ਜਾਣ।

ਇਨ ਗਰੀਬ ਸਿਖਨ ਕੋ ਦੇ ਪਾਤਸ਼ਾਹੀ।
ਇਹ ਯਾਦ ਰੱਖੈ ਹਮਰੀ ਗੁਰਿਆਈ।

ਇਹ ਪਾਤਸ਼ਾਹੀ ਸਾਮਰਾਜੀ ਭਾਵਨਾ ਵਾਲੀ ਨਹੀਂ ਸੀ, ਸਗੋਂ ਗੁਲਾਮਾਂ ਨੂੰ ਸੁਤੰਤਰ ਹੋਣ ਦੀ ਪ੍ਰੇਰਨਾ ਸੀ, ਧੁਰ ਕੀ ਬਾਣੀ ਕੇ ਫੁਰਮਾਨ ਅਨੁਸਾਰ 'ਤਖਤ ਸੋਈ ਬਹੈ ਜੋ ਤਖਤੇ ਲਾਇਕ ਹੋਈ'। ਇਹੋ ਭਾਵ ਖਾਲਸੇ ਦੇ ਰਾਜ ਕਰਨ ਦਾ ਸੀ, ਉਹ ਖਾਲਸਾ ਜੋ ਆਪ ਨੇ ਪ੍ਰਗਟ ਕੀਤਾ ਤੇ ਜਿਸ ਦੇ ਲਛਣ ਹਨ-

ਜਾਗਤਿ ਜੋਤ ਜਪੈ ਨਿਸ ਬਾਸਰ,
ਏਕ ਬਿਨਾ ਮਨ ਨੈਕ ਨ ਆਨੈ।
ਪੂਰਨ ਪਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।
ਤੀਰਥ ਦਾਨ ਦਇਆ ਤਪ ਸੰਜਮ
ਏਕ ਬਿਨਾ ਨਹ ਏਕ ਪਛਾਨੈ।
ਪੂਰਨ ਜੋਤ ਜਗੈ ਘਟਿ ਮੈ
ਤਬ ਖਾਲਸ ਤਾਹਿ ਨਖਾਲਸ ਜਾਨੈ ॥੧॥੩੩ ਸਵੈਯੇ

ਸ਼ਾਇਦ ਇਸੇ ਲਈ ਮਹਾਤਮਾ ਗਾਂਧੀ ਨੇ ਸਿੱਖ ਲੀਗ ਦੇ ਇਕ ਸਮਾਗਮ ਵਿਚ ਆਖਿਆ ਸੀ ਕਿ ਗੁਰੂ ਤੇਗ ਬਹਾਦਰ ਵਰਗਾ ਪਿਆਰ ਲੈ ਕੇ ਜਨਮੇ ਸਿੱਖਾਂ ਨੂੰ ਹੱਕ ਹੈ ਕਿ ਉਹ ਹਿੰਦੁਸਤਾਨ ਨੂੰ ਗੁਲਾਮੀ ਦੇ ਚੁੰਗਲ ਹੇਠੋਂ ਕੱਢਣ ਲਈ ਤਲਵਾਰ ਫੜਨ। ਅਜਿਹੇ ਪਿਆਰ ਤੋਂ ਬਿਨਾਂ ਆਪਣੇ ਬੁਰੇ ਤੋਂ ਬੁਰੇ ਵੈਰੀ ਦੇ ਵਿਰੁਧ ਵੀ ਤਲਵਾਰ ਚੁਕਣਾ ਇਖਲਾਕੀ ਜੁਰਮ ਹੈ। (ਸਿੱਖ ਸਟੱਡੀਜ਼: ਸਰਦੂਲ ਸਿੰਘ ਕਵੀਸ਼ਰ ਸਫਾ 90)

ਪਰ ਪਤਾ ਨਹੀਂ ਫੇਰ ਕਿਉਂ ਗੁਰੂ ਗੋਬਿੰਦ ਸਿੰਘ ਨੂੰ ਕੁਰਾਹੇ ਪਿਆ ਦੇਸ਼ ਭਗਤ ਸਮਝਿਆ। ਏਹੋ ਭੁਲੇਖਾ ਗੁਰੂ ਸਾਹਿਬ ਦੇ ਸੈਨਿਕ ਸਾਜ ਸਮਾਨ ਨੂੰ ਤਕ ਕੇ ਮਹਾਰਿਸ਼ੀ ਰਾਵਿੰਦਰਾ ਨਾਥ ਟੈਗੋਰ ਨੂੰ ਪਿਆ ਸੀ। ਜਿਵੇਂ ਸ਼ਿਵਾ ਜੀ ਦੇ ਗੁਰੂ ਰਾਮਦਾਸ ਨੂੰ ਵੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨ ਕਰਕੇ ਪਿਆ ਸੀ। ਸ੍ਰੀ ਜਾਦੂ ਨਾਥ ਸਰਕਾਰ ਆਪਣੀ ਪ੍ਰਸਿੱਧ ਰਚਨਾ ਔਰੰਗਜ਼ੇਬ ਵਿਚ, ਮਹਾਰਿਸ਼ੀ ਦੇ ਅਪਰੈਲ, 1911 ਦੇ 'ਮਾਡਰਨ ਰੀਵੀਊ' ਵਿਚ ਛਪੇ ਇਕ ਲੇਖ ਦੀ ਟੂਕ ਦਿੰਦੇ ਹਨ:

ਗੁਰੂ ਨਾਨਕ ਨੇ ਜਿਹੜੀ ਸੁਤੰਤਰਤਾ ਮਨ ਵਿਚ ਚਿਤਵੀ ਸੀ, ਉਹ ਸਿਆਸੀ ਆਜ਼ਾਦੀ ਨਹੀਂ ਸੀ, ਸਗੋਂ ਆਤਮਕ ਗੁਰੂ ਨਾਨਕ ਨੇ ਆਪਣੇ ਸਿੱਖਾਂ ਨੂੰ ਖੁਦ ਗਰਜ਼ੀ, ਨੀਵੇਂ ਧਾਰਮਿਕ ਪੱਖਪਾਤ ਅਤੇ ਆਤਮਕ ਨਿਰਮਾਣਤਾ ਤੋਂ ਬਚਣ ਲਈ ਆਖਿਆ ਸੀ। ਗੁਰੂ ਗੋਬਿੰਦ ਸਿੰਘ ਨੇ ਸਿੱਖਾਂ ਨੂੰ ਉਚੇਚੇ ਮੰਤਵ ਲਈ ਜਥੇਬੰਦ ਕੀਤਾ। ਉਹਨਾਂ ਸਿੱਖਾਂ ਦੀ ਸਾਰੀ ਮਨੁੱਖੀ ਸ਼ਕਤੀ ਨੂੰ ਇਕ ਥਾਂ ਕਰਕੇ ਕੇਵਲ ਇਕੋ ਨਹਿਰ ਵਿਚ ਵਗਾਇਆ ਅਤੇ ਉਹ ਮੁੜ ਸੁਤੰਤਰ ਮਨੁੱਖ ਨਾ ਰਹੇ। ਉਨ੍ਹਾਂ ਨੇ ਸਿੱਖਾਂ ਦੀ ਆਤਮਿਕ ਏਕਤਾ ਦੁਨਿਆਵੀ ਸਫਲਤਾ ਲਈ ਵਰਤੀ। ਇਸ ਲਈ ਸਿੱਖ ਜੋ ਸਦੀਆਂ ਤੋਂ ਸਚਿਆਰੇ ਬਣਨ ਦੇ ਮਾਰਗ 'ਤੇ ਵਧੇ ਚਲੇ ਆ ਰਹੇ ਸਨ, ਅਚਾਨਕ ਰੁਕ ਗਏ ਅਤੇ ਉਹ ਵਧੇਰੇ ਸੈਨਿਕ ਬਣ ਕੇ ਰਹਿ ਗਏ, ਸਿੱਖ ਇਤਿਹਾਸ ਦਾ ਅੰਤ ਬੜਾ ਸ਼ੋਕਦਾਇਕ ਹੈ। ਕਵੀ ਜੀ ਨੂੰ ਅਫਸੋਸ ਹੈ ਕਿ ਗੁਰੂ ਨਾਨਕ ਦਾ ਚਲਾਇਆ ਦਰਿਆ, ਗੁਰੂ ਗੋਬਿੰਦ ਸਿੰਘ ਨੇ ਮਾਰੂ ਥਲਾਂ ਵਿਚ ਸੁਕਾ ਦਿੱਤਾ, ਪਰ ਹੈਰਾਨੀ ਹੈ ਕਿ ਕਵੀ ਜੀ ਨੇ, ਉਸੇ ਗੁਰੂ ਗੋਬਿੰਦ ਸਿੰਘ ਦੇ ਸਿੰਘ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦਾ ਅਣਖ ਉਪਜਾਊ ਨਜ਼ਾਰਾ ਬੜੀ ਰੀਝ ਤੇ ਸਫਲਤਾ ਨਾਲ ਚਿਤਰਿਆ ਹੈ।

ਇਹ ਭੁਲੇਖਾ ਜੋ ਨਿਪਟ ਨਿਰਮੂਲ ਹੈ, ਦਾਦੂ ਦੁਆਰੇ ਦੇ ਮਹੰਤ ਜੈਤ ਰਾਮ ਨੂੰ ਵੀ ਪਿਆ ਸੀ। ਦਾਦੂ ਦਾਵਾ ਛੱਡ ਕੇ ਬਿਨ ਦਾਵੇ ਦਿਨ ਕਟ' ਦਾ ਕਾਇਲ ਗੁਰੂ ਦੇ ਮਾਸਾ ਹਾਰੀ ਬਾਜ਼ਾਂ ਨੂੰ ਤੱਕ ਕੇ ਪਿਆ, "ਹੈਂ! ਦਾਦੂ ਦੁਆਰੇ ਇਹ ਮਾਸਾ ਹਾਰੀ ਬਾਜ਼ ਕਿਵੇਂ ਟਿਕ ਸਕਣਗੇ।' ਰਵਾਇਤ ਹੈ ਕਿ ਉਹਨੇ ਬਾਜ਼ਾਂ ਨੂੰ ਜਵਾਰ ਬਾਜਰੇ ਦਾ ਚੋਗਾ ਪੇਸ਼ ਕੀਤਾ, ਜੋ ਉਨ੍ਹਾਂ ਸਵੀਕਾਰ ਕਰ ਲਿਆ। ਗੁਰੂ ਗੋਬਿੰਦ ਸਿੰਘ ਕਨਿੰਘਮ ਦੇ ਸ਼ਬਦਾਂ ਵਿਚ ਇਕ ਮਹਾਨ ਫਿਲਾਸਫਰ ਸਨ ਜੋ ਲੋਕਾਂ ਦੇ ਮਨਾਂ ਨੂੰ ਢਾਲਣਾ ਜਾਣਦੇ ਸਨ, ਉਨ੍ਹਾਂ ਨੇ ਜਰਵਾਣਿਆਂ ਕੋਲੋਂ ਤੇਗਾਂ ਖੋਹ ਕੇ ਬੈਰਾਗੀਆਂ ਨੂੰ ਫੜਾਈਆਂ। ਸਈਅਦ ਬੇਗ ਨੂੰ ਸਿਪਾਹਸਾਲਾਰ ਤੋਂ ਫ਼ਕੀਰ ਬਣਾ ਦਿੱਤਾ ਤੇ ਫ਼ਕੀਰ ਮਾਧੋ ਦਾਸ ਨੂੰ ਸਿਪਾਹ ਸਲਾਰ, ਬੰਦਾ ਸਿੰਘ ਬਹਾਦਰ। ਪਰ ਜਿਥੇ ਉਨ੍ਹਾਂ ਤਕਿਆ ਜ਼ਮੀਨ ਬੰਜਰ ਹੈ, ਬੀਜਣਾ ਗੋਡਣਾ ਅਕਾਰਥ ਹੈ ਉਥੇ ਕੇਵਲ ਹਲ ਫੇਰ ਕੇ ਹੀ ਛੱਡ ਗਏ। ਜੈਤ ਰਾਮ ਨੂੰ 'ਦਾਦੂ ਦਾਵਾ ਬੰਨ੍ਹ ਕੇ ਦੁਸ਼ਮਣ ਲਈਏ ਲੁਟ। ਇਕੋ ਰਹਿਸੀ ਖਾਲਸਾ ਹੋਰ ਜਾਸੀ ਸਭ ਨਿਖੁਟ।' ਦਾ ਉਪਦੇਸ਼ ਦੇ ਕੇ ਅਤੇ ਸਿੱਖੀ ਦਾ ਇਮਤਿਹਾਨ ਲੈਣ ਲਈ ਦਾਦੂ ਦੀ ਸਮਾਧ ਨੂੰ ਤੀਰ ਦੀ ਮੁਖੀ ਨਾਲ ਨਿਮਸ਼ਕਾਰ ਕਰਕੇ ਤਨਖਾਹ ਲਵਾਉਣ ਦਾ ਕੌਤਕ ਰਚ ਕੇ ਅੱਗੇ ਤੁਰ ਗਏ।

ਉਪਰੋਕਤ ਭੁਲੇਖਾ ਜੋ ਸਿੱਖਾਂ ਨੂੰ ਕੇਵਲ ਲੜਾਕੀਆਂ ਮਸ਼ੀਨਾਂ ਤਕ ਕੇ ਹੀ ਪੈਂਦਾ ਰਿਹਾ ਹੈ, ਗੁਰੂ ਮਹਾਰਾਜ ਨੇ ਸਿੱਖ ਦੇ ਆਤਮਿਕ ਸੰਗਰਾਮ ਦਾ ਕਥਨ ਕਰ ਕੇ ਸਾਫ ਕਰ ਦਿੱਤਾ ਹੈ—

ਧੰਨ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ
ਚਿੱਤ ਮੈ ਜੁਧੁ ਬਿਚਾਰੈ।
ਦੇਹ ਅਨਿੱਤ ਨ ਨਿੱਤ ਰਹੇ,
ਜਸੁ ਨਾਵ ਚੜੈ ਭਵ ਸਾਗਰ ਤਾਰੈ।
ਧੀਰਜ ਧਾਮ ਬਨਾਇ ਇਹੈ ਤਨ,
ਬੁੱਧਿ ਸੁ ਦੀਪਕ ਜਿਉਂ ਉਜਿਆਰੈ।
ਗਯਾਨਹਿ ਕੀ ਬਢਨੀ ਮਨਹੁ ਹਾਥ ਲੈ
ਕਾਤਰਤਾ ਕੁਤਵਾਰ ਬੁਹਾਰੈ। ਕ੍ਰਿਸ਼ਨਾਵਤਾਰ: ੨੪੯੨

ਉਨ੍ਹਾਂ ਨੇ ਇਨਸਾਨ ਨੂੰ ਹਰੀ ਸਿਮਰਨ ਕਰਕੇ ਇਥੇ ਨਾਮਣਾ ਖਟਣ, ਬੁਧੀ ਦੀਪਕ ਬਾਲਣ ਅਤੇ ਦੁਨਿਆਵੀ ਗਿਆਨ ਪੂਰੀ ਤਰ੍ਹਾਂ ਪ੍ਰਾਪਤ ਕਰਕੇ ਮਨ ਵਿਚੋਂ ਕਾਇਰਤਾ ਕੱਢਣ ਦੀ ਖੁੱਲ੍ਹ ਦਿੱਤੀ ਹੈ। ਜਦ ਉਹ ਗੁਰੂ ਨਾਨਕ ਦੇ ਮਾਰਗ ਨੂੰ ਪੱਧਰਾ ਕਰਨ ਅਤੇ ਤੋਰਨ ਵਾਲੇ ਸਨ, ਉਹ ਕਿਵੇਂ ਗੁਰੂ ਨਾਨਕ ਦੇ ਮਾਰਗ ਤੋਂ ਅੱਡ ਹੋ ਸਕਦੇ ਸਨ। ਇਤਿਹਾਸਕਾਰ ਏਸ ਗੱਲ ਨੂੰ ਭਲੀ ਪ੍ਰਕਾਰ ਸਵੀਕਾਰ ਕਰਦੇ ਹੋਏ ਪ੍ਰਗਟਾਉਂਦੇ ਹਨ, ਸੀ. ਐਚ. ਪੇਨੀ 'ਏ ਸ਼ਾਰਟ ਹਿਸਟਰੀ ਆਫ ਸਿਖਸ' ਵਿਚ ਲਿਖਦਾ ਹੈ ਕਿ ਗੁਰੂ ਨਾਨਕ ਵਾਂਗ ਗੁਰੂ ਗੋਬਿੰਦ ਸਿੰਘ ਨੇ ਜੀਵਨ ਦੀ ਪਵਿੱਤਰਤਾ ਉਤੇ ਬਹੁਤ ਜ਼ੋਰ ਦਿੱਤਾ, ਪਰੰਤੂ ਏਸ ਦੇ ਨਾਲ ਨਾਲ ਉਹਨਾਂ ਵੀਰਤਾ ਦੇ ਕਾਰਜਾਂ ਅਤੇ ਸਿੱਖੀ ਹਿੱਤ ਨੂੰ ਵੀ ਇਸੇ ਪੱਧਰ 'ਤੇ ਰਖਿਆ।

ਟੈਗੋਰ ਜੀ ਅੱਗੇ ਚਲ ਕੇ ਲਿਖਦੇ ਹਨ, 'ਅੱਜ ਸਿੱਖਾਂ ਵਿਚ ਉਨਤੀ ਦੀ ਕੋਈ ਭਾਵਨਾ ਨਜ਼ਰ ਨਹੀਂ ਆਉਂਦੀ। ਉਹਨਾਂ ਨੇ ਆਪਣੇ ਆਪ ਨੂੰ ਇਕ ਛੋਟੇ ਜਿਹੇ ਫਿਰਕੇ ਵਿਚ

ਸੀਮਤ ਕਰ ਲਿਆ ਹੈ। ਸਦੀਆਂ ਉਹਨਾਂ ਵਿਚ ਨਵ ਸਿੱਖਿਆਦਾਤਾ ਉਪਜਾਉਣ ਵਿਚ ਅਸਫਲ ਰਹੀਆਂ ਹਨ।

ਇਹ ਠੀਕ ਹੈ ਕਿ ਗੁਰੂ ਗੋਬਿੰਦ ਸਿੰਘ ਤੋਂ ਬਾਦ ਸਾਡੇ ਕੋਈ ਦੇਹ ਧਾਰੀ ਗੁਰੂ ਨਹੀਂ ਹੋਏ, ਪਰ ਅਜਿਹਾ ਉਹ ਖ਼ੁਦ ਫੈਸਲਾ ਕਰ ਗਏ ਹਨ, ਗੁਰੂ ਗ੍ਰੰਥ ਸਾਹਿਬ ਨੂੰ ਜੁਗੋ ਜੁਗ ਅਟਲ ਗੁਰਤਾ ਦੇ ਕੇ। ਪਰ ਏਹ ਗਲਤ ਹੈ ਕਿ ਉਦੋਂ (1911 ਵਿਚ) ਸਾਡੇ ਵਿਚ ਉਨਤੀ ਦੀ ਕੋਈ ਭਾਵਨਾ ਨਹੀਂ ਸੀ। ਏਹੋ ਹਾਲ ਸਿੰਘ ਸਭਾ ਦੇ ਅੰਦੋਲਨ ਸਮੇਂ ਦਾ ਸੀ ਅਤੇ ਉਦੋਂ ਦੇ ਸਰਕਾਰੀ ਅੰਕੜੇ ਦਸਦੇ ਹਨ ਕਿ ਸਿੱਖ ਆਪਣੀ ਗਿਣਤੀ ਦੇ ਲਿਹਾਜ਼ ਨਾਲ ਸਭ ਤੋਂ ਵੱਧ ਵਿਦਿਆਵਾਨ ਸਨ ਤੇ ਉਹਨਾਂ ਵਿਚ ਚੋਖੀ ਜਾਗ੍ਰਤੀ ਆ ਰਹੀ ਸੀ। ਮਹਾਂ ਕਵੀ ਦੀ ਇਸ ਨਿਰਾਸਤਾ ਤੋਂ ਕੋਈ ਦਸ ਗਿਆਰਾਂ ਸਾਲ ਬਾਅਦ, ਇਸ ਸਦੀ ਦੇ ਤੀਜੇ ਦਹਾਕੇ ਵਿਚ ਗੁਰਦਵਾਰਾ ਸੁਧਾਰ ਲਹਿਰ ਚਲੀ ਜਿਸ ਨੇ ਸੰਸਾਰ ਨੂੰ ਚਕਾਚੌਂਧ ਕਰ ਦਿੱਤਾ। ਸਿੱਖਾਂ ਦੇ ਏਸ ਸ਼ਾਂਤ ਮਈ ਯੁੱਧ ਨੂੰ ਤਕਣ ਲਈ ਜਿਥੇ ਅਫਰੀਕਾ ਤੱਕ ਦੇ ਪਤ੍ਰ ਪਰੇਰਕ ਆਏ ਉਥੇ ਸੀ. ਐਫ. ਐਂਡਰੀਊਜ਼ ਵੀ ਆਇਆ। ਪਰ ਉਹਦਾ ਮੰਤਵ ਨਿਰਾ ਅਖਬਾਰਾਂ ਨੂੰ ਗ੍ਰਾਹੀਆਂ ਦੇਣਾ ਨਹੀਂ ਸੀ, ਸਗੋਂ ਸਿੱਖਾਂ ਦੇ ਦੁਖ 'ਚ ਦੁਖੀ ਹੋ ਕੇ ਹਾਲ ਪਾਹਰਿਆ ਕਰਨ, ਕੁਝ ਹਜ਼ਰਤ ਮੀਆਂ ਮੀਰ ਵਾਂਗ ਪਾਦਰੀ ਸਾਹਿਬ ਅਨੁਸਾਰ ਗੁਰੂ ਦੇ ਬਾਗ ਦੇ ਮੋਰਚੇ ਸਮੇਂ ਵਰ੍ਹਦੀਆਂ ਡਾਂਗਾਂ ਤੋਂ ਕੁਝ ਉਤਾਂਹ ਇਕ ਬਾਜ਼ ਵੀ ਆਪਣੇ ਪਰ ਫੜਫੜਾਉਂਦਾ ਦਿਸ ਪੈਂਦਾ ਸੀ। ਫੇਰ ਇਹ ਬਾਜ਼ 1948 ਵਿਚ ਫੰਡ ਦੇ ਭੀਸ਼ਨ ਕਾਂਡ ਤੋਂ ਬਾਦ ਪਟਿਆਲੇ ਦੂਖ ਨਿਵਾਰਨ (ਸਾਹਿਬ) ਗੁਰਦਵਾਰੇ ਦੇ ਸਰੋਵਰ ਉਤੇ ਮੰਡਲਾਉਂਦਾ ਵੀ ਤੱਕਿਆ ਗਿਆ। ਇਹ ਆਖਿਆ ਜਾਂਦਾ ਸੀ ਇਹ ਗੁਰੂ ਗੋਬਿੰਦ ਸਿੰਘ ਦਾ ਬਾਜ਼ ਸੀ। ਉਸ ਗੁਰੂ ਗੋਬਿੰਦ ਸਿੰਘ ਦਾ ਜੋ ਲਤੀਫ਼ ਅਨੁਸਾਰ ਮਸਨਦ ਉਤੇ ਬਾਦਸ਼ਾਹ, ਜੱਜੀ ਦੇ ਥੜੇ ਤੇ ਮੁਨਸਿਫ਼, ਮੈਦਾਨੇ ਜੰਗ ਵਿਚ ਜਾਨ ਹੂਲਣ ਵਾਲਾ ਸੰਗਰਾਮੀਆ ਅਤੇ ਖਾਲਸੇ ਦੇ ਭਾਈਚਾਰੇ ਵਿਚ ਫਕੀਰ ਸੀ ਤਦੇ ਉਹਨਾਂ ਦੀ ਬਹੁ-ਅੰਗੀ ਸ਼ਖ਼ਸੀਅਤ ਤਕ ਕੇ ਭਾਈ ਨੰਦ ਲਾਲ ਆਖਦੇ ਸਨ ਕਿ ਮੇਰਾ ਮਹਿਬੂਬ ਬਹੁਰੰਗੀ ਹੈ, ਕਦੀ ਉਹ ਜ਼ਾਹਦ ਹੈ ਕਦੀ ਸੂਫੀ ਤੇ ਕਲੰਦਰ। ਏਸ ਲਈ ਉਹ ਇਕੋ ਸਮੇਂ ਬਾਦਸ਼ਾਹ ਤੇ ਦਰਵੇਸ਼ ਹੈ।

ਹਕ ਹਕ ਅੰਦੇਸ਼ ਗੁਰੂ ਗੋਬਿੰਦ ਸਿੰਘ
ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ

ਉਹ ਦਰਵੇਸ਼ ਜੋ ਹਰ ਛਿਨ 'ਤੂੰ-ਹੀ' 'ਤੂੰ-ਹੀ' ਦਾ ਸਿਮਰਨ ਕਰਦਾ ਵਾਹਿਗੁਰੂ ਦੇ ਖਾਲਸੇ ਦੀ ਜਿੱਤ ਹੁੰਦੀ ਤੱਕਦਾ ਹੁੰਦਾ ਹੈ ਤੇ ਬਾਦਸ਼ਾਹੀ ਦੇ ਠਾਠ-ਬਾਠ ਲਈ ਕਲਗੀਆਂ ਜਿਗਾ ਸਜਾ ਕੇ ਹੱਥ ਉਤੇ ਬਾਜ਼ ਬਿਠਾਉਂਦਾ ਹੈ, ਨੀਲੇ ਬਾਣੇ ਨਾਲ ਨੀਲੇ ਦੀ ਸਵਾਰੀ ਕਰਦਾ ਹੈ ਮਾਨੋ ਅਣਖ ਆਣ ਦਾ ਸਾਗਰ ਠਾਠਾਂ ਮਾਰ ਰਿਹਾ ਹੈ, ਜਿਸ ਦੇ ਸਾਹਵੇਂ ਜ਼ੁਲਮ ਸਿਤਮ ਅਤੇ ਬੇਗ਼ੈਰਤੀ ਦੇ ਕੱਖ ਕਾਨੇ ਨਹੀਂ ਠਹਿਰ ਸਕਦੇ। ਉਹ ਨਿਤਾਣਿਆਂ ਦਾ ਤਾਣ ਹੈ ਅਤੇ ਕੋਈ ਕੰਮ ਉਸ ਦੀ ਕੁਦਰਤ ਅੱਗੇ ਅਸੰਭਵ ਨਹੀਂ ਤਾਂਹੀਓਂ ਦੀਵਾਨ ਨੰਦ ਲਾਲ 'ਗੋਇਆ' ਫੁਰਮਾ ਗਏ ਹਨ:-

ਕਾਦਰੇ ਹਰ ਕਾਰ ਗੁਰੂ ਗੋਬਿੰਦ ਸਿੰਘ
ਬੇਕਸਾਂ ਰਾ ਯਾਰ ਗੁਰੂ ਗੋਬਿੰਦ ਸਿੰਘ

ਜਦ ਉਹਨਾਂ ਹਰ ਬੇਕਸ ਨਿਆਸਰੇ ਅਤੇ ਮਜ਼ਲੂਮ ਦਾ ਆਸਰਾ ਤਰ ਪਰਨਾ ਹੈ, ਤਾਂ ਉਹ ਆਪਣੇ ਸਿੱਖਾਂ ਸੇਵਕਾਂ ਅਤੇ ਨਾਮ ਲੇਵਿਆਂ ਨੂੰ ਕਿਉਂ ਨਾ ਬਹੁੜੇਗਾ, ਏਸ ਸਚਾਈ

ਦੀ ਪੁਸ਼ਟੀ ਇਤਿਹਾਸਕਾਰ ਕਰਦੇ ਹਨ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਈਸਟ ਇੰਡੀਆ ਕੰਪਨੀ ਵਲੋਂ ਅੰਮ੍ਰਿਤਸਰ ਵਿਚ ਨੀਯਤ ਖੁਸ਼ਵਕਤ ਰਾਏ 'ਤਾਰੀਖੇ ਸਿੱਖਾਂ ਵਿਚ ਇਕ ਅਜਿਹੀ ਘਟਨਾ ਦਾ ਜ਼ਿਕਰ ਕਰਦਾ ਹੈ, ਜੋ ਮੀਰ ਮੰਨੂੰ ਦੇ ਵੇਲੇ ਹੋਈ। ਮੰਨੂੰ ਦੀਆਂ ਫੌਜਾਂ ਸਿੰਘਾਂ ਨੂੰ ਨਿਆਜ਼ ਬੇਗ ਪਿੰਡ ਵਿਚ ਘੇਰੀ ਬੈਠੀਆਂ ਸਨ ਤੇ ਚੁਣ ਚੁਣ ਮਾਰ ਰਹੀਆਂ ਹਨ। ਇਕ ਮਾਈ ਏਸ ਅਤੀ ਕਸ਼ਟ ਸਮੇਂ ਕੁਝ ਡੋਲ ਰਹੀ ਸੀ। ਉਹ ਇਕ ਨੌਜਵਾਨ ਨੂੰ ਆਖ ਰਹੀ ਸੀ, ਇਹ ਗੁਰੂ ਗੋਬਿੰਦ ਸਿੰਘ ਨੇ ਚੰਗੀ ਸਿੱਖੀ ਬਣਾਈ, ਆਪ ਤਾਂ ਟੁਰ ਗਿਆ ਤੇ ਸਾਨੂੰ ਵਖਤ ਪਾ ਗਿਆ।'

'ਮਾਈ ਉਹ ਆਪਣੇ ਸਿੱਖਾਂ ਦੇ ਅੰਗ ਸੰਗ ਹੈ ਤੇ ਹੁਣ ਵੀ ਹੈ।

ਸੁਆਹ ਅੰਗ ਸੰਗ ਸੂ, ਜੇ ਕਿਤੇ ਜਿਊਂਦਾ ਜਾਗਦਾ ਹੁੰਦਾ ਤਾਂ ਬਹੁੜਦਾ ਨਾ।'

'ਅੱਛਾ ਅੰਮਾ, ਲੈ ਤੂੰ ਹੁਣ ਪ੍ਰਤੱਖ ਵੇਖ ਲੈ। ਆਪਣੇ ਬੂਹੇ ਢੋ ਲੈ, ਤੇ ਦੇਖ ਲਈਂ ਕਿ ਥੋੜੇ ਚਿਰਾਂ ਵਿਚ ਇਹ ਜ਼ਾਲਮ ਫੌਜ ਨਹੀਂ ਰਹੇਗੀ।'

ਮਾਈ ਦੇ ਦਰਵਾਜ਼ਾ ਢੋਣ ਦੀ ਢਿਲ ਸੀ। ਬਾਹਰ ਹਰ ਪਾਸੇ ਘੋੜਿਆਂ ਦੀ ਦਗੜ ਦਗੜ ਨਾਲ ਸਤਿ ਸ੍ਰੀ ਅਕਾਲ ਦੀਆਂ ਆਵਾਜ਼ਾਂ ਉਚੀਆਂ ਹੋਣ ਲੱਗੀਆਂ। ਮਾਈ ਨੇ ਸ਼ੀਸ਼ਾਂ ਤੋਂ ਤਕਿਆ ਕਿ ਹਰ ਪਾਸੇ ਉਸ ਨੌਜਵਾਨ ਵਰਗੀਆਂ ਨੀਲੇ ਬਾਣੇ ਵਾਲੀਆਂ ਸੂਰਤਾਂ, ਨੀਲੇ ਘੋੜੇ ਚੜ੍ਹੀਆਂ ਦੂਹਾਂ ਦੂਹ ਤੇਗਾਂ ਵਾਹ ਰਹੀਆਂ ਹਨ। ਮਲੋ ਮਲੀ ਵਿਚ ਮੰਨੂੰ ਦੀਆਂ ਧਾੜਾਂ ਦੀਆਂ ਲਾਸ਼ਾਂ ਗਲੀਆਂ ਵਿਚ ਵਿਛੀਆਂ ਹੋਈਆਂ ਸਨ ਤੇ ਸਿੱਖ 'ਧੰਨ ਗੁਰੂ ਗੋਬਿੰਦ ਸਿੰਘ, ਧੰਨ ਗੁਰੂ ਗੋਬਿੰਦ ਸਿੰਘ' ਆਖਦੇ ਉਸ ਨੌਜਵਾਨ ਦੀ ਭਾਲ ਕਰ ਰਹੇ ਸਨ।

ਗੁਰਮਤਿ ਮਾਰਗ, ਬੰਬਈ
ਪ੍ਰੀਤਮ ਦਿੱਲੀ, ਦਸੰਬਰ, 1966

ਸਤਾਰ੍ਹਵੀਂ ਸਦੀ ਦਾ ਸਰਬੋਤਮ ਮਹਾਂਪੁਰਖ

ਸਾਧੂ ਟੀ. ਐਲ. ਵਾਸਵਾਨੀ ਦੇ ਸ਼ਬਦਾਂ ਵਿਚ ਰਮਾਇਣ ਦੇ ਸਮੇਂ ਤੋਂ ਲੈ ਕੇ ਸ਼ਿਵਾ ਜੀ ਮਹਾਰਾਜ ਤਕ ਹਿੰਦੂ ਪਰੰਪਰਾਵਾਂ ਵੀਰ ਪੂਜਾ ਨਾਲ ਭਰੀਆਂ ਹੋਈਆਂ ਹਨ। ਅਹਿੰਸਾ ਨਾਲੋਂ ਸ਼ਕਤੀ ਵਿਚ ਵਧੇਰੇ ਜੋਸ਼ ਹੈ। ਹਿੰਦੂ ਕੌਮ ਦੀ ਰੋਸ਼ਨ ਜ਼ਮੀਰੀ ਨੇ ਆਪਣੇ ਸ਼ਕਤੀ ਦੇ ਅਵਤਾਰਾਂ ਨੂੰ ਉਜਾਗਰ ਕੀਤਾ ਏ। ਇਨ੍ਹਾਂ ਮਹਾਂਪੁਰਖਾਂ ਵਿਚੋਂ ਇਕ ਗੁਰੂ ਗੋਬਿੰਦ ਸਿੰਘ ਜੀ ਵੀ ਸਨ।

ਜਦ ਮੈਂ ਗੁਰੂ ਸਾਹਿਬ ਦੀ ਵਡਿੱਤਣ ਵਲ ਵੇਖਦਾ ਹਾਂ ਤਾਂ ਹੈਰਾਨ ਰਹਿ ਜਾਂਦਾ ਹਾਂ। ਉਹ ਕੇਵਲ ਬਿਆਲੀ ਸਾਲ ਜੀਵੇ ਅਤੇ ਅੰਤ ਵਿਚ ਸ਼ਹਾਦਤ ਦਾ ਤਾਜ ਪਾ ਕੇ ਜੋਤੀ ਜੋਤ ਸਮਾਏ ਕਿਉਂਕਿ ਇਕ ਤਅੱਸਬੀ ਮੁਸਲਮਾਨ ਪਠਾਨ ਨੇ ਜਿਸ ਨੂੰ ਉਨ੍ਹਾਂ ਨੇਕ ਦਿਲੀ ਨਾਲ ਮਾਫ ਕਰ ਦਿੱਤਾ ਸੀ, ਆਪ ਉਤੇ ਕਾਤਲਾਨਾ ਹਮਲਾ ਕੀਤਾ ਸੀ। ਆਪ 1666 ਵਿਚ ਪੈਦਾ ਹੋਏ ਅਤੇ 1708 ਵਿਚ ਜੋਤੀ ਜੋਤ ਸਮਾ ਗਏ। ਉਸ ਸਦੀ ਨੂੰ ਪੜਚੋਲਵੀਂ ਨਜ਼ਰ ਨਾਲ ਤੱਕਿਆਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਟੱਕਰ ਦੀ ਕੋਈ ਪ੍ਰਸਿੱਧ ਹਸਤੀ ਸਾਰੇ ਸੰਸਾਰ ਵਿਚ ਦੀਵਾ ਲੈ ਕੇ ਟੋਲਿਆਂ ਵੀ ਨਹੀਂ ਮਿਲਦੀ। ਇੰਗਲੈਂਡ ਵਿਚ ਉਸ ਸਮੇਂ ਜਾਨ ਬਨਿਆਨ ਸੀ। ਇਹ ਈਸਾਈ ਨੇਤਾ 'ਦੀ ਪਿਲਗ੍ਰਮਜ਼ ਆਫ਼ ਪ੍ਰਾਗ੍ਰੈਸ' ਦਾ ਲੇਖਕ ਅਤੇ ਈਸਾ ਜੀ ਦਾ ਮਹਾਨ ਭਗਤ ਸੀ। ਬਨਿਆਨ ਵੱਡਾ ਸੀ, ਪਰ ਗੁਰੂ ਸਾਹਿਬ ਉਸ ਤੋਂ ਵਡੇਰੇ।

ਹੁਣ ਮੈਂ ਸਵੀਡਨ ਵੱਲ ਤੱਕਦਾ ਹਾਂ। ਉਸ ਸਮੇਂ ਉਸ ਦੇਸ਼ ਵਿਚ ਇਕ ਵੱਡਾ ਵਿਅਕਤੀ ਚਾਰਲਸ ਬਾਰ੍ਹਵੇਂ ਨੂੰ ਰਾਜ ਕਰਦੇ ਦੇਖਦਾ ਹਾਂ। ਇਹ ਸ਼ਹਿਨਸ਼ਾਹ ਬੜਾ ਬਹਾਦਰ ਸੀ ਪਰੰਤੂ ਦੋਹਾਂ ਦੇ ਮੰਤਵ ਜੁਦਾ ਸਨ। ਉਹ ਦੁਨਿਆਵੀ ਜੀਵਨ ਨੂੰ ਤਰਜੀਹ ਦਿੰਦਾ ਸੀ ਪਰ ਗੁਰੂ ਸਾਹਿਬ ਇਸ ਦੇ ਨਾਲ ਨਾਲ ਅਗਲੀ ਦੁਨੀਆਂ ਦੇ ਜੀਵਨ ਵੱਲ ਵੀ ਧਿਆਨ ਦਿੰਦੇ ਸਨ। ਰੂਸ ਵਿਚ ਉਸ ਸਮੇਂ ਪੀਟਰ ਮਹਾਨ ਸੀ ਜੋ ਯੂਰਪੀਨ ਪ੍ਰਸਿੱਧ ਵਿਅਕਤੀਆਂ ਵਿਚ ਵਿਸ਼ੇਸ਼ ਥਾਂ ਦਾ ਮਾਲਿਕ ਸੀ। ਇਹ ਵੱਡੀ ਜੱਥੇਬੰਦੀ ਦਾ ਮਾਹਰ ਸੀ। ਗੁਰੂ ਗੋਬਿੰਦ ਸਿੰਘ ਨੇ ਵੀ ਖਾਲਸਾ ਪੰਥ ਦੀ ਜਥੇਬੰਦੀ ਕੀਤੀ। ਇਹ ਪੰਥ ਇਕ ਲਾਸਾਨੀ ਜਥੇਬੰਦੀ ਸੀ ਜੋ ਭਗਤੀ ਦੇ ਪਿਆਰੇ ਸਿੱਖਾਂ ਨੂੰ ਇਕਮੁੱਠ ਕਰ ਕੇ ਹੋਂਦ ਵਿਚ ਲਿਆਂਦਾ ਗਿਆ। ਹਰ ਇਕ ਸਿੱਖ ਸਿੰਘ ਬਣ ਗਿਆ। ਮੰਨਿਆ ਪੀਟਰ ਨੂੰ ਵਡਿਆਈ ਮਿਲੀ, ਪਰੰਤੂ ਆਚਰਣ, ਸੰਸਕ੍ਰਿਤੀ ਅਤੇ ਆਤਮਿਕ ਸ਼ਕਤੀ ਵਜੋਂ ਗੁਰੂ ਗੋਬਿੰਦ ਸਿੰਘ ਪੀਟਰ ਤੋਂ ਉਚੇਰੇ ਸਨ।

ਫਰਾਂਸ ਵਲ ਮੁੜਿਆਂ ਰੂਸੋ ਦੀ ਉਚੇਰੀ ਹਸਤੀ ਦਿਸਦੀ ਹੈ। ਮੈਂ ਉਹਨੂੰ ਮੌਜੂਦਾ ਜਮਹੂਰੀਅਤ ਦੀ ਆਤਮਾ ਮੰਨਦਾ ਹਾਂ। ਪਰੰਤੂ ਉਹਦੇ ਬੂਟੇ ਨੂੰ ਹਾਲੇ ਚੰਗੀ ਤਰ੍ਹਾਂ ਫਲ ਨਹੀਂ ਲੱਗਾ। ਇਸ ਆਜ਼ਾਦੀ ਦੇ ਪੈਗੰਬਰ ਨੇ ਹਾਲੇ ਹਿਟਲਰ ਮੁਸਲੋਨੀ ਅਤੇ ਸਟਾਲਿਨ ਵਰਗਿਆਂ ਦੀ ਡਿਕਟੇਟਰ ਸ਼ਾਹੀ ਉੱਤੇ ਫਤਹਿ ਪ੍ਰਾਪਤ ਕਰਨੀ ਹੈ। ਰੂਸ ਨੇ ਜਿੱਥੇ ਆਜ਼ਾਦੀ, ਬਰਾਬਰਤਾ ਅਤੇ ਭਰੱਪਣ ਉੱਤੇ ਜ਼ੋਰ ਦਿੱਤਾ, ਉਥੇ ਰੱਬ ਨੂੰ ਵਿਸਾਰ ਦਿੱਤਾ।

ਗੁਰੂ ਮਹਾਰਾਜ ਨੇ ਖ਼ੁਦਾ ਅਤੇ ਇਨਸਾਫ ਦੇ ਪਿਆਰ ਦੀਆਂ ਨੀਹਾਂ ਉਤੇ ਖਾਲਸਾ ਦੀ ਕਾਮਨਵੈਲਥ ਕਾਇਮ ਕੀਤੀ। ਇਕ ਚਿੱਠੀ ਵਿਚ ਉਨ੍ਹਾਂ ਨੇ ਆਪਣੇ ਸਭ ਤੋਂ ਵੱਡੇ ਵਿਰੋਧੀ ਮੁਗਲ ਸ਼ਹਿਨਸ਼ਾਹ ਔਰੰਗਜ਼ੇਬ ਨੂੰ ਲਿਖਿਆ:—

ਕਿ ਓਰਾ .ਗਰੂਰ ਅਸਤ ਬਰ ਮੁਲਕੋ ਮਾਲ

ਵਾ ਮਾਰਾ ਪਨਾਹ ਅਸਤ ਯਜ਼ਦਾਂ ਅਕਾਲ। (੧੦੬)

ਅਰਥਾਤ ਤੈਨੂੰ ਆਪਣੇ ਮੁਲਕ ਅਤੇ ਮਾਲ ਉੱਤੇ ਗਰਬ ਹੈ, ਪਰ ਮੈਨੂੰ ਇਕ ਅਕਾਲ ਪੁਰਖ ਦਾ ਆਸਰਾ ਹੈ।

ਭਾਵੇਂ ਔਰੰਗਜ਼ੇਬ ਦੀ ਜ਼ਾਤੀ ਜ਼ਿੰਦਗੀ ਸਾਦਾ ਤੇ ਬੇਦਾਗ਼ ਸੀ, ਉਹ ਕੁਰਾਨ ਲਿਖ ਕੇ ਟੋਪੀਆਂ ਬਣਾ ਕੇ ਆਪਣੀ ਰੋਟੀ ਕਮਾਉਂਦਾ ਸੀ* ਪਰੰਤੂ ਉਹਦੀ ਜ਼ਹਿਨੀਅਤ ਤਅੱਸਬ ਭਰੀ ਸੀ। ਉਹ ਹਿੰਦੂਆਂ ਨੂੰ ਮੁਸਲਮਾਨ ਬਣਾ ਕੇ ਸੁਰਗ ਪ੍ਰਾਪਤ ਕਰਨਾ ਚਾਹੁੰਦਾ ਸੀ। ਉਹ ਜ਼ੋਰ ਜਬਰ ਦੀ ਪਾਲਸੀ ਵਿਚ ਵਿਸ਼ਵਾਸ ਰੱਖਦਾ ਸੀ। ਉਹਨੇ ਹਿੰਦੂਆਂ ਨੂੰ ਬਹੁਤ ਸਤਾਇਆ ਗੁਰੂ ਸਾਹਿਬ ਉਨ੍ਹਾਂ ਸੱਚੀ ਲਗਨ ਵਾਲੇ ਮਹਾਂਪੁਰਖਾਂ 'ਚੋਂ ਸਨ ਜੋ ਲਗਾਤਾਰ ਇਤਿਹਾਸ ਵਿਚ ਪ੍ਰਗਟ ਹੁੰਦੇ ਰਹਿੰਦੇ ਹਨ। ਜਿਨ੍ਹਾਂ ਦਾ ਕੰਮ ਨਿਮਾਣੇ ਨਿਤਾਣੇ ਨਿਆਸਰੇ ਲੋਕਾਂ ਨੂੰ ਆਪਣੀ ਕੁਰਬਾਨੀ ਦੇ ਕੇ, ਉੱਚਾ ਚੁੱਕਣਾ ਹੁੰਦਾ ਹੈ। ਉਸ ਸਮੇਂ ਦੇ ਧਾਰਮਿਕ ਆਗੂਆਂ ਦੇ ਉਲਟ ਗੁਰੂ ਮਹਾਰਾਜ ਭਗਤੀ ਤੇ ਤਪ ਕਰਦੇ ਪਰਬਤਾਂ ਤੋਂ ਮੈਦਾਨਾਂ ਵਿਚ ਆਏ, ਜਿੱਥੋਂ ਕਿ ਮੁਸਲਮਾਨ ਬਾਦਸ਼ਾਹ ਨਾਲ ਉਹਦੀ ਰਈਅਤ ਝਗੜ ਰਹੀ ਸੀ। ਉਹ ਬਾਦਸ਼ਾਹ ਦੀ ਦੌਲਤ ਅਤੇ ਫੌਜ ਤੋਂ ਤ੍ਰੰਵੇ ਨਹੀਂ, ਮੌਜੂਦਾ ਸਾਇੰਸ ਨੇ ਪ੍ਰਾਚੀਨ ਰਿਸ਼ੀਆਂ ਦੇ ਅਸੂਲ ਦੀ ਸਚਾਈ ਨੂੰ ਪ੍ਰਗਟ ਕੀਤਾ ਹੈ ਕਿ ਕਾਨੂੰਨਾਂ ਦੇ ਸੰਸਾਰ ਵਿਚ ਇਨਸਾਨ ਦੀ ਹਸਤੀ ਅਦਨਾ ਜੁਜ਼ ਦੇ ਬਰਾਬਰ ਹੈ, ਉਹ ਬਾਦਸ਼ਾਹ ਅਤੇ ਹਕੂਮਤਾਂ ਜੋ ਇਨ੍ਹਾਂ ਕਾਨੂੰਨਾਂ ਨੂੰ ਅੱਖੋਂ ਉਹਲੇ ਕਰ ਕੇ ਜ਼ੁਲਮ ਦਾ ਵਰਤਾਰਾ ਕਰਨਗੇ, ਜ਼ਰੂਰ ਮਿਟ ਜਾਣਗੇ। ਅੱਜ ਮੁਗਲੀਆ ਸਲਤਨਤ ਕਿੱਥੇ ਹੈ ? ਤੇ ਕਿੱਥੇ ਹੈ ਔਰੰਗਜ਼ੇਬ ਦੀ ਤਾਕਤ ? ਗੁਰੂ ਗੋਬਿੰਦ ਸਿੰਘ ਜੀ ਦੇ ਕੁਦਰਤੀ ਸ਼ਕਤੀ ਵਿਚ ਰੱਖੇ ਵਿਸ਼ਵਾਸ ਵਿਚ ਰਤਾ ਫ਼ਰਕ ਨਹੀਂ ਆਇਆ ਅਤੇ ਨਾ ਹੀ ਹਿੰਦੂ ਕੌਮ ਦੇ ਮਿਸ਼ਨ ਅਤੇ ਭਵਿੱਖ ਵਿਚ ਰੱਖੇ ਵਿਸ਼ਵਾਸ ਵਿਚ ਉਨ੍ਹਾਂ ਨੇ ਅਸਮਾਨ 'ਤੇ ਕਾਲੀ ਘਟਾ ਤੱਕੀ। ਪਰੰਤੂ ਇਸ ਘਨਘੋਰ ਘਟਾ ਦੇ ਪਰਦੇ ਪਿੱਛੇ ਲੁਕਿਆ ਸੂਰਜ ਵੀ ਉਨ੍ਹਾਂ ਲੱਭ ਲਿਆ।.....ਮੁਗਲੀਆ ਸਲਤਨਤ ਮਿਟ ਗਈ, ਪਰੰਤੂ ਗੁਰੂ ਸਾਹਿਬ ਸਦੀ ਬ ਸਦੀ ਜ਼ਿੰਦਾ ਹਨ। ਉਹ ਹਿੰਦੂ ਕੌਮ ਵਿਚ ਜ਼ਿੰਦਗੀ ਦੀ ਰੂਹ ਫੂਕਣ ਵਾਲੇ ਸਨ। ਉਹ ਫਰਿਸ਼ਤੇ ਸਨ ਜਿਨ੍ਹਾਂ ਹਿੰਦੂ ਕੌਮ ਦੀ ਰੱਖਿਆ ਕੀਤੀ।

ਇਕ ਹੋਰ ਹਿੰਦੂ ਲੇਖਕ ਲਾਲਾ ਦੌਲਤ ਰਾਏ ਲਿਖਦਾ ਹੈ : ਜੋ ਕੰਮ ਭਾਰਤ ਦੇ ਯੋਧਿਆਂ ਅਤੇ ਈਸ਼ਵਰ ਦੇ ਅਵਤਾਰਾਂ ਤੋਂ (ਜੇ ਅਸੀਂ ਈਸ਼ਵਰ ਦੇ ਅਵਤਾਰ ਹੋਣਾ ਅੜਦੇ ਥੁੜਦੇ ਨੂੰ ਮੰਨ ਵੀ ਲਈਏ) ਨਾ ਬਣਿਆ, ਉਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੱਥੋਂ ਬਣ

---

* ਮੁਹੰਮਦ ਲਤੀਫ ਲਿਖਦਾ ਹੈ: ਬਾਦਸ਼ਾਹ ਨੇ ਬਚਤ ਦੀ ਸਕੀਮ ਉਤੇ ਸਖ਼ਤੀ ਨਾਲ ਵਰਤੋਂ ਸ਼ੁਰੂ ਕਰ ਦਿੱਤੀ ਅਤੇ ਇਸ ਲਈ ਸਖ਼ਤ ਨਿਗਰਾਨੀ ਦਾ ਪ੍ਰਬੰਧ ਕੀਤਾ ਗਿਆ। ਇਥੋਂ ਤਕ ਕਿ ਉਹ ਆਪਣੀ ਰੋਜ਼ੀ ਰੋਟੀ ਉਹਨਾਂ ਟੋਪੀਆਂ ਦੀ ਕਢਾਈ ਨਾਲ ਕਮਾਉਂਦਾ ਸੀ ਜਿਹੜੀਆਂ ਉਹ ਆਪਣੇ ਹੱਥ ਨਾਲ ਕੱਢਦਾ ਸੀ।-ਸੰਪਾਦਕ

ਗਿਆ ਤੇ ਬਣ ਕੇ ਸੰਵਰ ਵੀ ਗਿਆ।

ਨੈਪੋਲੀਅਨ ਦੇ ਸਾਹਮਣੇ ਜਰਮਨ, ਰੂਸ ਅਤੇ ਅਸਟਰੀਆ ਨੇ ਆਪਣੀ ਲੱਖਾਂ ਫੌਜਾਂ ਦੇ ਹੁੰਦਿਆਂ ਹਥਿਆਰ ਸੁੱਟ ਦਿੱਤੇ, ਇਸੇ ਤਰ੍ਹਾਂ ਮਿਸਰੀ ਮੁਸਲਮਾਨਾਂ ਨੇ ਉਹਨੂੰ ਆਪਾ ਸਮਰਪਨ ਵਿਚ ਆਰ ਨਹੀਂ ਸਮਝੀ। ਜੰਗ ਟ੍ਰਾਂਸਵਾਲ ਵਿਚ ਜਨਰਲ ਕ੍ਰੋਜੀ ਅਨਗਿਣਤ ਤੋਪਾਂ ਅਤੇ ਚਾਰ ਹਜ਼ਾਰ ਬੋਇਰਾਂ ਦੇ ਹੁੰਦਿਆਂ ਅੰਗਰੇਜ਼ੀ ਫੌਜ ਵਿਚ ਘਿਰ ਗਿਆ। ਇਸਦੇ ਟਾਕਰੇ 'ਤੇ ਗੁਰੂ ਗੋਬਿੰਦ ਸਿੰਘ ਦੀ ਹਿੰਮਤ 'ਤੇ ਦਲੇਰੀ ਦਾ ਇਨਸਾਫ ਨਾਲ ਟਾਕਰਾ ਕਰੋ। ਕੇਵਲ ਚਾਲ੍ਹੀ ਭੁੱਖੇ ਆਦਮੀਆਂ ਨਾਲ ਉਨ੍ਹਾਂ ਇਕ ਵਲਗਣ ਵਿਚ ਘਿਰ ਕੇ ਸਾਰਾ ਦਿਨ ਸ਼ਾਹੀ ਫੌਜ ਦਾ ਮੁਕਾਬਲਾ ਕੀਤਾ। ਕੀ ਇਹ ਸੱਚ ਨਹੀਂ ਕਿ ਅਜਿਹਾ ਮਹਾਂਪੁਰਸ਼ ਅਤੇ ਵੀਰ ਨਾ ਸਮੇਂ ਦੀ ਅੱਖ ਨੇ ਅੱਗੇ ਕਦੀ ਡਿੱਠਾ ਅਤੇ ਨਾ ਅੱਗੇ ਦੇਖੇਗੀ ? ਸਾਰੀਆਂ ਕੌਮਾਂ ਆਪਣੇ ਬਹਾਦਰਾਂ ਅਤੇ ਸ਼ਹੀਦਾਂ ਉੱਤੇ ਜਿੰਨਾ ਫ਼ਖ਼ਰ ਕਰਨ ਠੀਕ ਹੈ, ਪਰੰਤੂ ਜੋ ਫ਼ਖ਼ਰ ਹਿੰਦੂਆਂ ਅਤੇ ਖਾਲਸੇ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ 'ਤੇ ਹੈ, ਉਹਦਾ ਮੁਕਾਬਲਾ ਹੋਰ ਕੋਈ ਕੌਮ ਨਹੀਂ ਕਰ ਸਕਦੀ।

ਮੁਹੰਮਦ ਯੂਸਫ ਕਰਤਾ 'ਹਿੰਦੂ ਮੁਸਲਮ ਇਤਹਾਦ' ਅਨੁਸਾਰ ਸ਼ਾਹੀ ਫੌਜ ਨਾਲ ਕਦੀ ਆਪ ਨੇ ਪਹਿਲ ਨਹੀਂ ਕੀਤੀ, ਬਲਕਿ ਸਦਾ ਬਚਾਓ ਲਈ ਹੀ ਤੇਗ਼ ਚੁੱਕੀ ਜੋ ਹਰ ਇਕ ਦਲੇਰ ਅਤੇ ਵੀਰ ਪੁਰਸ਼ ਦਾ ਫ਼ਰਜ਼ ਹੈ। ਗੁਰੂ ਸਾਹਿਬ ਹਰਗਿਜ਼ ਹਰਗਿਜ਼ ਹਕੂਮਤ ਦੇ ਦੁਸ਼ਮਣ ਨਹੀਂ ਸਨ, ਨਾ ਉਨ੍ਹਾਂ ਨੇ ਕਦੀ ਸਲਤਨਤ ਦੇ ਵਿਰੁੱਧ ਲੜਾਈ ਕੀਤੀ। ਜੇ ਆਪ ਸਲਤਨਤ ਦੇ ਦੁਸ਼ਮਣ ਹੁੰਦੇ ਤਾਂ ਸਾਹਿਬ ਤਾਕਤ ਹੋਣ ਕਰ ਕੇ ਕਈ ਵਾਰ ਰਾਜ ਵਿਚ ਲੁਟ ਮਾਰ ਕਰਦੇ ਪ੍ਰੰਤੂ ਤਾਰੀਖ ਇਸ ਗੱਲ ਦੀ ਗਵਾਹੀ ਨਹੀਂ ਦਿੰਦੀ।'

ਐਲਫਿਕਸਟ ਲਿਖਦਾ ਹੈ ਕਿ ਉਨ੍ਹਾਂ ਨੇ ਆਪਣੇ ਸਿੱਖਾਂ ਵਿਚ ਜ਼ਾਤ ਪਾਤ ਦੇ ਸਭ ਵਿਤਕਰੇ ਦੂਰ ਕਰ ਦਿੱਤੇ। ਹਰ ਇਕ ਇਨਸਾਨ ਨੂੰ ਜਿਹਨੇ ਸਿੱਖ ਧਰਮ ਧਾਰਨ ਕੀਤਾ, ਚਾਹੇ ਉਹ ਮੁਸਲਮਾਨ ਜਾਂ ਹਿੰਦੂ ਬਰਾਬਰ ਸਮਝਿਆ ਗਿਆ।

ਖਾਲਸਾ, 10 ਜਨਵਰੀ, 1960
ਕੌਮੀ ਸੰਦੇਸ਼ ਫਗਵਾੜਾ 24 ਦਿਸੰਬਰ, 1959

ਕਲ.ਗੀਧਰ ਦੀ ਆਸ਼ਾਵਾਦਤਾ

ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਅਦੁਤੀ ਸ਼ਖਸੀਅਤ ਕਈ ਪਹਿਲੂਆਂ ਤੋਂ ਵਾਚਨੀਯ ਹੈ। ਭਾਈ ਸਾਹਿਬ ਭਾਈ ਨੰਦ ਲਾਲ ਗੋਯਾ ਦੇ ਪ੍ਰਸਿੱਧ ਕਥਨ ਅਨੁਸਾਰ:

ਗਾਹੇ ਸੂਫੀ, ਗਾਹੇ ਜ਼ਾਹਿਦ, ਗਾਹ ਕਲੰਧਰ ਮੇ ਸ਼ਵਦ।
*ਰੰਗਹਾਏ ਮੁਖਤਲਿਫ ਦਾਰਦ ਬੁਤੇ ਅੱਯਾਰੇ ਮਾ।**

ਉਹ ਇਕੋ ਸਮੇਂ ਅਨੇਕ ਗੁਣਾਂ ਦਾ ਸਮੂਹ ਸਨ। ਲਤੀਫ ਅਨੁਸਾਰ

"Guru Gobind Singh was a king on his masnad, a law giver on the pulpit and a faqir in the society of the Khalsa." ਹਜ਼ੂਰ ਇਕੋ ਸਮੇਂ ਬਾਦਸ਼ਾਹ ਮੁਨਸਿਫ ਤੇ ਫਕੀਰ ਸਨ। ਪਰ ਇਨ੍ਹਾਂ ਸਚਾਈਆਂ ਦੇ ਬਾਵਜੂਦ ਇਤਿਹਾਸਕਾਰਾਂ ਨੇ ਉਨ੍ਹਾਂ ਨਾਲ ਪੂਰਾ ਨਿਆਂ ਤਾਂ ਇਕ ਪਾਸੇ ਨਿਆਂ ਕਰਨ ਵਿਚ ਵੀ ਕੋਤਾਹੀ ਕੀਤੀ। ਕੋਈ ਉਨ੍ਹਾਂ ਨੂੰ 'ਕੁਰਾਹੇ ਪਾਇਆ ਗਿਆ ਵਤਨ ਪ੍ਰਸਤ' (Misguided Patriot) ਕਹਿੰਦਾ ਹੈ, ਕੋਈ ਇਸਲਾਮ ਦਾ ਦੁਸ਼ਮਣ ਤਾਂ ਕੋਈ ਜੰਗਾਂ ਜੁੱਧਾਂ ਤੋਂ ਉਪਰਾਮ ਹੋ ਕੇ ਢਹਿੰਦੀਆਂ ਕਲਾਂ ਵਿਚ ਜਾਣ ਵਾਲਾ ਆਦਿ। ਇਸ ਕਰ ਕੇ ਪ੍ਰੋ: ਕਰਤਾਰ ਸਿੰਘ ਐਮ. ਏ. ਨੇ ਸਚੀਂ ਹੀ ਹਜ਼ੂਰ ਨੂੰ 'ਗਲਤ ਸਮਝਿਆ ਮਹਾਂਪੁਰਖ' (Great misunderstood) ਆਖਿਆ ਹੈ।

ਹਜ਼ੂਰ ਦੇ ਬਹਾਦਰ ਸ਼ਾਹ ਦੀ ਨੌਕਰੀ ਕਬੂਲ ਕਰਨ ਦੀ ਥਿਊਰੀ ਘੜਨ ਵਾਲੇ ਲੇਖਕਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਪੈ ਦਰ ਪੈ ਸ਼ਕਸਤਾਂ ਦੇ ਕਾਰਨ ਅਤੇ ਆਪਣੇ ਪੁੱਤਰਾਂ ਦੇ ਵਿਯੋਗ ਵਿਚ ਆਪ ਇੰਨੇ ਨਿਢਾਲ ਹੋ ਗਏ ਸਨ ਕਿ ਆਪ ਦਿਮਾਗੀ ਤਵਾਜ਼ਨ ਗੁਆ ਬੈਠੇ ਸਨ। ਇਸੇ ਲਈ ਆਪ ਦੱਖਣ ਚਲੇ ਗਏ ਸਨ। ਦੱਖਣ ਜਾਣ ਦਾ ਕਾਰਨ ਹੋਰ ਕੁਝ ਵੀ ਹੋਵੇ ਪਰ ਇਹ ਨਿਰਮੂਲ ਲਾਂਛਨ ਨਹੀਂ ਹੋ ਸਕਦਾ ਜੋ ਇਤਿਹਾਸਕ ਵਾਕਿਆਤ ਤੋਂ ਕਤਈ ਉਲਟ ਹੈ। ਠੋਸ ਸਚਾਈਆਂ ਇਸ ਰਾਏ ਦੇ ਬੁਰੀ ਤਰ੍ਹਾਂ ਪਰਛੇ ਲਾਹੁੰਦੀਆਂ ਹਨ।

ਚਮਕੌਰ ਤੋਂ ਬੜੀ ਦਲੇਰੀ ਅਤੇ ਬਿਨਾਂ ਕਾਹਲ ਕੀਤਿਆਂ, ਦੁਸ਼ਮਨਾਂ ਨੂੰ ਤਾੜੀਆਂ ਮਾਰ ਲਲਕਾਰਦੇ ਹਜ਼ੂਰ ਬੜੀ ਸ਼ਾਨ ਨਾਲ ਖਾਲਸੇ ਦੇ ਹੁਕਮ ਅੱਗੇ ਸਿਰ ਝੁਕਾ ਕੇ ਆਪਣੀ ਅਸੂਲ ਪ੍ਰਸਤੀ ਦੀ ਇਕ ਹੋਰ ਮਿਸਾਲ ਕਾਇਮ ਕਰਦੇ ਹੋਏ ਨਿਕਲੇ। ਜਾਂਦੇ ਜਾਂਦੇ ਗੁਲਾਬੇ ਮਸੰਦ ਦੇ ਘਰ ਠਹਿਰੇ। ਗੁਲਾਬਾ ਕਹਿੰਦਾ ਹੈ 'ਹਜ਼ੂਰ ਆਪ ਹਕੂਮਤ ਦੇ ਬਾਗੀ ਹੋ, ਮੈਂ ਮਾਰਿਆ ਜਾਵਾਂਗਾ।' ਕ੍ਰਿਪਾਲ ਉਦਾਸੀ ਦੇ ਡੇਰਿਓਂ ਵੀ ਇਹੋ ਟਕੇ ਵਰਗਾ ਉਤਰ ਮਿਲਿਆ। ਕਪੂਰੇ ਨੇ

---

* ਕਿਧਰੇ ਸੂਫੀ, ਕਿਤੇ ਕਲੰਦਰ, ਜਾਹਿਦ ਕਿਤੇ ਕਹਾਵੇ, ਚੋਜੀ ਪ੍ਰੀਤਮ ਮੇਰਾ ਸੱਇਓ, ਪੱਲ ਪੱਲ ਰੂਪ ਵਟਾਵੇ ਹੂ।-ਗਿਆਨੀ ਹਰਿਭਜਨ ਸਿੰਘ (ਸੰਪਾਦਕ)

ਆਪਣੀ ਗੜ੍ਹੀ ਨਾ ਦਿੱਤੀ। ਉਹਨੇ ਗਿੜਗਿੜਾ ਕੇ ਆਖਿਆ, 'ਸਚੇ ਪਾਤਸ਼ਾਹ ਇਥੋਂ ਚਲੇ ਜਾਉ, ਤੁਰਕ ਮੈਨੂੰ ਫਾਹੇ ਲਾ ਦੇਣਗੇ।' ਹਜ਼ੂਰ ਮੁਸਕਰਾਉਂਦੇ ਹੋਏ ਉਸ ਦੀ ਥੋੜ ਦਿਲੀ 'ਤੇ ਟਿੱਪਣੀ ਕਰਦੇ ਹਨ, 'ਕਪੂਰਿਆ, ਅਸੀਂ ਚਾਹੇ ਤੇਰੀ ਗੜ੍ਹੀ ਵਿਚ ਬੈਠ ਕੇ ਮਨੁੱਖਤਾ ਦੇ ਵੈਰੀਆਂ ਨਾਲ ਲੜੀਏ ਚਾਹੇ ਨਾ, ਪਰ ਤੁਰਕ ਤੈਨੂੰ ਜ਼ਰੂਰ ਫਾਹੇ ਲਾ ਦੇਣਗੇ। ਤੇਰੇ ਵਰਗੇ ਦੇਸ਼ ਦਰੋਹੀਆਂ ਦਾ ਇਹੋ ਜਿਹਾ ਹਸ਼ਰ ਹੋਣਾ ਲਾਜ਼ਮੀ ਹੈ।' ਇਸ ਤੋਂ ਪਹਿਲਾਂ ਅਨੰਦਪੁਰ ਦੇ ਮੁਹਾਸਰੇ ਸਮੇਂ ਸੈਆਂ ਸੈਨਕ ਆਪ ਨੂੰ ਬੇਦਾਵਾ ਲਿਖ ਕੇ ਦੇ ਗਏ। ਉਦੋਂ ਵੀ ਆਪ ਖਿੜੇ ਮੱਥੇ ਮਹਾਂ ਸਿੰਘ ਨੂੰ ਚਿਤਾਵਨੀ ਦਿੰਦੇ ਰਹੇ, 'ਮਹਾਂ ਸਿੰਘ, ਪਾਣੀ ਇਨ੍ਹਾਂ ਪੁਲਾਂ ਥਲੇ ਦੀ ਵਗਣਾ ਹੈ, ਬਚੂ ਪੁਤ ਕਪੁਤ ਹੋ ਸਕਦੇ ਹਨ, ਗੁਰੂ ਗੋਬਿੰਦ ਸਿੰਘ ਜੋ ਤੁਹਾਨੂੰ ਆਪਣੀ ਸੰਤਾਨ ਨਾਲੋਂ ਵਧ ਦੁਲਾਰਦਾ ਹੈ, ਕਦੀ ਦੁਰਕਾਰ ਨਹੀਂ ਸਕਦਾ। ਮੈਨੂੰ ਪੂਰੀ ਆਸ ਹੈ ਤੁਸੀਂ ਪਛਤਾਉਗੇ ਤੇ ਬੁਰੀ ਤਰ੍ਹਾਂ ਪਛਤਾਉਗੇ।"

ਸੰਸਾਰ ਦੀ ਅੱਖ ਨੇ ਇਹ ਭਵਿੱਖ ਬਾਣੀ ਸੱਚੀ ਹੁੰਦੀ ਤਕੀ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਦੀ ਚੁੰਬਕ ਭਰੀ ਸ਼ਖਸੀਅਤ ਤੋਂ ਰੂਹਾਂ ਦੇ ਲੋਹ ਕਿੰਕਰ ਕਦ ਤਕ ਵਖ ਰਹਿ ਸਕਦੇ ਸਨ। ਉਸ ਜਾਦੂਗਰ ਨੇ ਸੈਦ ਖਾਂ ਜਿਹੇ ਸਿਪਾਹ ਸਾਲਾਰ ਨੂੰ ਸਾਧ ਬਣਾ ਦਿੱਤਾ ਤੇ ਮਾਧੋ ਦਾਸ ਜਿਹੇ ਬੈਰਾਗੀ ਨੂੰ ਸਿਪਾਹ ਸਾਲਾਰ ਬਣਾ ਦਿੱਤਾ। ਉਨ੍ਹਾਂ ਨੂੰ ਮਨੋ ਵਿਗਿਆਨਕ ਢੰਗ ਨਾਲ ਲੋਕ-ਸ਼ਕਤੀਆਂ ਨੂੰ ਮਨ ਇਛਤ ਪਾਸੇ ਢਾਲਣ ਦਾ ਵਲ ਖੂਬ ਆਉਂਦਾ ਸੀ। ਗੁਰੂ ਤੇਗ ਬਹਾਦਰ ਦੀ ਬੇਮਿਸਾਲ ਤੇ ਲੂੰ ਕੰਡੇ ਖੜ੍ਹੇ ਕਰ ਦੇਣ ਵਾਲੀ ਮਹਾਨ ਸ਼ਹਾਦਤ ਸਮੇਂ ਦਿੱਲੀ ਦੇ ਸਿੱਖਾਂ ਵਲੋਂ ਦਰਸਾਈ ਗਈ ਲਾਚਾਰਗੀ ਨੇ ਉਹਨਾਂ ਦੇ ਮਨ ਅੰਦਰ ਇਕ ਪ੍ਰਤਿੱਗਿਆ ਰੂਪੀ ਗੰਢ ਪਾ ਦਿੱਤੀ ਕਿ ਇਹਨਾਂ ਡਿੱਗੇ ਢੱਠੇ ਨਿਮਾਣੇ ਲੋਕਾਂ ਨੂੰ ਸੰਤ ਸਿਪਾਹੀਆਂ ਦੀ ਜਮਾਤ ਵਿਚ ਬਦਲ ਦੇਣਾ ਹੈ ਤੇ ਜ਼ਰੂਰ ਬਦਲ ਦੇਣਾ ਹੈ। 24 ਸਾਲ ਲਗਾਤਾਰ ਉਹ ਉਸ ਸੁਨਹਿਰੀ ਸਵੇਰ ਦੀ ਉਡੀਕ ਬੜੇ ਸਬਰ ਨਾਲ ਕਰਦੇ ਰਹੇ ਜਦ 1699 ਦੀ ਪਾਵਨ ਤੇ ਸੁਭਾਗੀ ਵਿਸਾਖੀ ਦੀ ਸਵੇਰ ਉਹਨਾਂ ਖਾਲਸਾ ਪ੍ਰਗਟ ਕਰ ਲਿਆ। ਇਹਨਾਂ 24 ਸਾਲਾਂ ਵਿਚ ਉਸ ਮਰਦ ਅਗੰਮੜੇ ਨੇ ਦੁਨੀਆਂ ਦੇ ਬੜੇ ਉਤਰਾਉ ਚੜ੍ਹਾਉ ਤਕੇ; ਪਰ ਕਦੀ ਝਵੇਂ ਨਹੀਂ ਤੇ ਆਪਣੀ ਪ੍ਰਤਿੱਗਿਆ 'ਤੇ ਪਛਤਾਵਾ ਨਹੀਂ ਕੀਤਾ, ਸਗੋਂ ਸਦਾ ਆਸ਼ਾਵਾਦੀ ਰਹੇ।

ਉਨ੍ਹਾਂ ਨੂੰ ਪਤਾ ਸੀ ਕਿ ਔਰੰਗਜ਼ੇਬ ਵਰਗੇ ਨਿਰਦਈ, ਚਾਲਾਕ ਤੇ ਮੱਕਾਰ ਸ਼ਖਸ ਦੇ ਸੀਨੇ ਅੰਦਰ ਵੀ ਦਿਲ ਹੈ, ਜਿਹਨੂੰ ਪਿਆਰ ਦੀ ਛੁਹ ਨਹੀਂ ਪ੍ਰਾਪਤ ਹੋ ਸਕੀ। ਉਹਨੂੰ ਸਦਾ ਨਫ਼ਰਤ, ਬੇਵਫਾਈ ਤੇ ਸਾਜ਼ਸ਼ਾਂ ਦੇ ਥਾਂ ਥਾਂ ਵਿਛੇ ਜਾਲਾਂ 'ਚੋਂ ਲੰਘਣਾ ਪਿਆ ਸੀ। ਆਪ ਨੇ ਆਪਣੀ ਕਲਮੀ ਕਰਾਮਾਤ ਨਾਲ ਫਤਹਨਾਮੇ ਤੇ ਜ਼ਫ਼ਰਨਾਮੇ ਰਾਹੀਂ ਉਹਦੇ ਅਮਲਾਂ ਦੀ ਨੰਗੀ ਤੇ ਕੋਝੀ ਤਸਵੀਰ ਉਹਦੇ ਸਾਹਮਣੇ ਖੜ੍ਹੀ ਕਰ ਦਿੱਤੀ ਤੇ ਕਦੀ ਨਾ ਪਸੀਜਣ ਵਾਲਾ ਦਿਲ ਵੀ ਵਹਿ ਤੁਰਿਆ। ਉਹਨੇ ਹੁਕਮ ਜਾਰੀ ਕੀਤੇ ਕਿ ਅੱਗੋਂ ਤੋਂ ਗੁਰੂ ਗੋਬਿੰਦ ਸਿੰਘ ਨੂੰ ਕੁਝ ਨਾ ਆਖਿਆ ਜਾਵੇ, ਸਗੋਂ ਦੋ ਗੁਰਜਦਾਰ ਭੇਜੇ ਕਿ ਉਹ ਹਜ਼ੂਰ ਨੂੰ ਬਾਦਸ਼ਾਹ ਕੋਲ ਲੈ ਆਉਣ। ਹੰਸ, ਸੋਹਿਨਾ, ਮੋਹਿਨਾ ਆਦਿ ਦੇ ਵਾਕਿਆਤ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਆਪ ਰੂਹਾਂ ਦੀ ਕਲਿਆਨ ਵਿਚ, ਦਿਲ ਦੇ ਬਦਲਣ ਵਿਚ ਕਿੰਨਾ ਵਿਸ਼ਵਾਸ ਰਖਦੇ ਸਨ। ਸੁਰਤਾਂ ਉਚਿਆਓਣ ਨਾਲ ਹੀ ਆਤਮਾ ਉਚੀ ਹੁੰਦੀ ਹੈ, ਚਲਣ ਬਦਲਦੇ ਹਨ ਤੇ ਕੌਮਾਂ ਬਦਲਦੀਆਂ ਹਨ। ਆਪ ਖਾਲਸੇ ਦੀ ਉਤਪਤੀ ਵਿਚੋਂ ਵਿਸ਼ਵ ਕਲਿਆਨ ਦੀ ਡੋਲ ਬਣਾ ਰਹੇ ਸਨ। ਇਨਸਾਨੀ ਜੀਵਨ ਤਾਂ ਇਕ ਪਾਸੇ, ਆਪ ਦੇ ਲੰਮੇ ਤੇ ਉਚੇ ਦਾਈਏ ਰਕੜਾਂ,

ਰੜਿਆਂ ਤੇ ਖੰਜਰ ਜ਼ਮੀਨਾਂ ਨੂੰ ਵੀ ਗੁਲਜ਼ਾਰ ਬਣਾਉਣ ਤੱਕ ਪੁਜ ਗਏ ਸਨ। ਆਪ ਨੇ ਕਿੱਕਰਾਂ ਕਰੀਰਾਂ ਤੇ ਪੀਲੂਆਂ ਭਰੇ ਮਾਲਵੇ ਨੂੰ ਵਰਦਾਨ ਦਿੱਤਾ ਕਿ ਕਿਸੇ ਦਿਨ ਇਥੇ ਨਹਿਰਾਂ ਵਗਣਗੀਆਂ, ਗੰਨੇ ਕਪਾਹ ਤੇ ਮੇਵੇ ਉਗਣਗੇ।

ਡੱਲ੍ਹਾ ਸਿੰਘ ਅਰਧ ਵਿਸ਼ਵਾਸੀ ਦੀ ਹਾਲਤ ਵਿਚ ਕਹਿਣ ਲਗਾ, 'ਹਜ਼ੂਰ ਕੋਈ ਸੁਪਨਾ ਤੱਕ ਰਹੇ ਹੋ?' ਗੁਰੂ ਸਾਹਿਬ ਇਸ ਬੇਪ੍ਰਤੀਤੀ ਤੋਂ ਛਿਥੇ ਨਹੀਂ ਪਏ, ਮੁਸਕਰਾ ਕੇ ਆਖਣ ਲਗੇ, 'ਡੱਲ੍ਹਾ ਸਿੰਘ, ਸੁਪਨੇ ਕੀ ਹਨ, ਸਾਡੇ ਜਜ਼ਬਾਤ, ਸਾਡੀਆਂ ਰੀਝਾਂ ਸਧਰਾਂ ਦੇ ਅਚੇਤ ਮਨ 'ਤੇ ਪਏ ਪ੍ਰਤੀਬਿੰਬ। ਸੁਪਨੇ ਹੀ ਪ੍ਰਬਲ ਪ੍ਰਤਿੱਗਿਆ ਪੂਰਤੀ ਰਾਹੀਂ ਬੱਜਰ ਸਚਾਈਆਂ ਬਣ ਜਾਂਦੇ ਹਨ। ਮਨੁੱਖ ਦੀ ਮੁਸਕਾਨ ਸੁਕੀ ਸੜੀ ਬੰਜਰ ਭੋਇੰ ਨੂੰ ਵੀ ਮੁਸਕਾਨਾਂ ਪ੍ਰਦਾਨ ਕਰ ਸਕਦੀ ਹੈ। ਤੂੰ ਨਹੀਂ ਤਾਂ ਤੇਰੇ ਪੁੱਤਰ ਪੋਤਰੇ ਤਾਂ ਜ਼ਰੂਰ ਇਸ ਪ੍ਰਤਿੱਗਿਆ ਨੂੰ ਪੂਰਾ ਹੋਇਆ ਤੱਕਣਗੇ।'

ਅਟੁੱਟ ਵਿਸ਼ਵਾਸ ਹੀ ਮਨੁੱਖਤਾ ਦੇ ਸਾਹਾਂ ਦੀ ਧੜਕਨ ਤ੍ਰਿਖੇਰੀ ਕਰਦਾ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ ਮਨੁੱਖਤਾ ਨੂੰ ਇਹ ਅਮੁੱਲ ਦਾਤ ਦੇਣ ਵਿਚ ਮਹਾਨ ਆਦਰ ਯੋਗ ਹਿੱਸਾ ਪਾਇਆ।

ਸਪਤਾਹਿਕ 'ਰਣਜੀਤ' ਬੰਬਈ ਕਲਗੀਧਰ ਨੰਬਰ

ਗਲਤ ਸਮਝਿਆ ਗਿਆ ਮਹਾਂ-ਪੁਰਸ਼

ਗੁਰੂ ਗੋਬਿੰਦ ਸਿੰਘ ਜੀ ਇਕ ਅਜਿਹੇ ਮਹਾਂ ਪੁਰਸ਼ ਹਨ ਜਿਨ੍ਹਾਂ ਨੂੰ ਨਾ ਉਨ੍ਹਾਂ ਦੇ ਜੀਵਨ ਤੇ ਨਾ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਲੋਕਾਂ ਨੇ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦੇ ਖਿਆਲਾਤ ਆਪਣੇ ਸਮੇਂ ਤੋਂ ਬਹੁਤ ਅਗੇਰੇ ਸਨ। ਇਕ ਸਮਾਂ ਉਹ ਵੀ ਆਇਆ ਜਦ ਉਨ੍ਹਾਂ ਦੇ ਵਰਾਂ ਅਤੇ ਭਵਿੱਖ ਬਾਣੀਆਂ ਉਤੇ ਲੋਕਾਂ ਨੂੰ ਯਕੀਨ ਨਾ ਆਇਆ। ਜਦ 1699 ਦੀ ਵਿਸਾਖੀ ਦੇ ਮੌਕੇ ਤੇ ਉਨ੍ਹਾਂ ਨੇ ਲੋਕਾਂ ਨੂੰ ਕਰਮਕਾਂਡਾਂ ਤੇ ਵਹਿਮਾਂ ਪਖੰਡਾਂ ਦੇ ਜਾਲ 'ਚੋਂ ਨਿਕਲ ਕੇ ਸਿੰਘ ਸਜਣ ਦੀ ਪ੍ਰੇਰਣਾ ਕੀਤੀ, ਉਦੋਂ ਭਰੇ ਦੀਵਾਨ 'ਚੋਂ ਕਈ ਬ੍ਰਾਹਮਣਾਂ ਤੇ ਖਤਰੀਆਂ ਨੇ ਖੜੋਕੇ ਹਜ਼ੂਰ ਦੀ ਵਿਰੋਧਤਾ ਕਰਦਿਆਂ ਹੋਇਆਂ ਆਖਿਆ, 'ਅਸੀਂ ਇਕ ਛੋਕਰੇ ਦੇ ਆਖਣ 'ਤੇ ਆਪਣੇ ਵਡੇਰਿਆਂ ਦਾ ਧਰਮ ਛੱਡਣ ਨੂੰ ਤਿਆਰ ਨਹੀਂ।' ਚੜ੍ਹਦੇ ਸੂਰਜ ਨੂੰ ਹਰ ਕੋਈ ਸਲਾਮ ਕਰਦਾ ਹੈ, ਪਰ ਅਸਤ ਹੁੰਦੇ ਨੂੰ ਕੋਈ ਨਹੀਂ ਪੁਛਦਾ। ਚਮਕੌਰ ਦੇ ਮੈਦਾਨੇ ਜੰਗ 'ਚੋਂ ਨਿਕਲਕੇ ਆਪਨੂੰ ਜਿਸ ਸਰਦ-ਮਿਹਰੀ ਤੇ ਕ੍ਰਿਤਘਣਤਾ ਦਾ ਸਾਹਮਣਾ ਕਰਨਾ ਪਿਆ, ਉਹ ਮਨੁੱਖੀ ਜੀਵਨ ਦੀ ਬਹੁਤ ਵੱਡੀ ਕਮਜ਼ੋਰੀ ਦਾ ਸੂਚਕ ਹੈ। ਮਨੁੱਖ ਆਪਣੇ ਸਭ ਤੋਂ ਵੱਡੇ ਮਿਹਰਬਾਨ, ਪਰਉਪਕਾਰੀ ਤੇ ਮਹਿਬੂਬ ਨੇਤਾ ਦੇ ਬਚਨ ਉਤੇ ਵਿਸ਼ਵਾਸ ਨਹੀਂ ਕਰਦਾ। ਗੁਰੂ ਗੋਬਿੰਦ ਸਿੰਘ ਜੀ ਉਤੇ ਡੱਲ੍ਹ ਸਿੰਘ ਦਾ ਅਵਿਸ਼ਵਾਸ ਆਪਣੀ ਮਿਸਾਲ ਆਪ ਹੈ, ਜਦ ਆਪ ਮਾਲਵੇ ਦੀ ਧਰਤੀ ਨੂੰ ਵਰਦਾਨ ਦਿੰਦੇ ਹੋਏ ਅਮੋਘ ਬਚਨ ਆਖ ਰਹੇ ਸਨ, 'ਡੱਲਾ ਸਿੰਘ, ਔਹ ਵੇਖ ਅਨਾਰ, ਸੰਤਰੇ ਸਹਾ ਰਹੇ ਹਨ ਔਹ ਵੇਖ ਨਹਿਰਾਂ ਵਗ ਰਹੀਆਂ ਹਨ, ਗੰਨੇ ਤੇ ਕਪਾਹਾਂ ਦੀਆਂ ਪੈਲੀਆਂ ਖਿੜ ਖਿੜ ਹੱਸ ਰਹੀਆਂ ਹਨ।' ਡੱਲਾ ਸਿੰਘ ਹਜ਼ੂਰ ਦੀ ਅਲੌਕਿਕ ਸੋਚ ਸ਼ਕਤੀ ਤੋਂ ਅਨਭਿਜ, ਉਨ੍ਹਾਂ ਨੂੰ ਸਮਝ ਨਾ ਸਕਿਆ ਤੇ ਆਖਣ ਲੱਗਾ 'ਪਾਤਸ਼ਾਹੋ ਮੈਨੂੰ ਪੀਲੂ ਤੇ ਪੀਂਝੂ ਹੀ ਦਿਸ ਰਹੇ ਹਨ।' ਫੇਰ ਜਦ ਰਤਨ ਸਿੰਘ ਭੰਗੂ ਅਨੁਸਾਰ, ਔਰੰਗਜ਼ੇਬ ਦੇ ਮਰਨ ਦੀ ਖਬਰ ਆਪਨੂੰ ਦਮਦਮੇ ਸਾਹਿਬ ਪੁਜੀ ਤਾਂ ਆਪਨੇ ਡੱਲਾ ਸਿੰਘ ਨੂੰ ਆਖਿਆ, 'ਆਓ ਇਸ ਜ਼ੁਲਮੀ ਰਾਜ ਦੇ ਖਾਤਮੇ ਲਈ ਔਰੰਗਜ਼ੇਬ ਦੇ ਪੁੱਤਰਾਂ ਨੂੰ ਲੜਾਕੇ ਮਰਵਾ ਦੇਈਏ ਤੇ ਤੈਨੂੰ ਦਿੱਲੀ ਦੀ ਪਾਤਸ਼ਾਹੀ ਦੁਆਈਏ।' ਡੱਲਾ ਸਿੰਘ ਦੇ ਭਰਾ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਉਹਨੂੰ ਆਖਣ ਲੱਗਾ 'ਤੈਨੂੰ ਵੀ ਉਹੋ ਜਿਹੀ ਪਾਤਸ਼ਾਹੀ ਦੁਆਏਗਾ ਜਿਹੋ ਜਿਹੀ ਆਪਣੇ ਪੁੱਤਰਾਂ ਨੂੰ ਦੁਆਈ ਹੈ।'

---

1. ਇੱਥੇ ਲਾਲਾ ਦੌਲਤ ਰਾਏ ਦਾ ਹਵਾਲਾ ਬਹੁਤ ਸਟੀਕ ਅਤੇ ਢੁਕਵਾਂ ਹੈ। "ਗੁਰੂ ਗੋਬਿੰਦ ਸਿੰਘ ਕੇ ਗ੍ਰੰਥ ਮੇਂ ਜੋ ਦਸਵੀਂ ਪਾਤਸ਼ਾਹੀ ਕਾ ਗ੍ਰੰਥ ਮਸ਼ਹੂਰ ਹੈ, ਏਕ ਬੜਾ ਹਿੱਸਾ ਦੇਵੀ ਦੁਰਗਾ ਔਰ ਰਾਕਸ਼ੋਂ ਕੇ ਜੰਗ ਸੇ ਨੂਰ ਹੈ। ਜਿਸਕੀ ਜ਼ੁਬਾਨ ਕੀ ਬਰਜ਼ੁਸਤਗੀ ਔਰ ਅਲਫ਼ਾਜ ਕੀ ਚੁਸਤੀ, ਤਰਜਿ→

ਇਹੋ ਹਾਲ ਜੀਵਨੀਕਾਰਾਂ ਦਾ ਹੈ। ਭਾਈ ਸੁਖਾ ਸਿੰਘ ਨੇ ਆਪਨੂੰ ਦੇਵੀ ਦਾ ਉਪਾਸਿਕ[1] ਦੱਸਿਆ ਹੈ। ਨਾਰੰਗ ਅਤੇ ਦੌਲਤ ਰਾਏ ਆਪਨੂੰ ਕੇਵਲ ਹਿੰਦੂ ਧਰਮ ਰਖਸ਼ਕ ਸਮਝਦੇ ਹਨ। ਸੱਯਦ ਮੁਹੰਮਦ ਲਤੀਫ ਦੀਆਂ ਨਜ਼ਰਾਂ ਵਿਚ ਜ਼ਫ਼ਰਨਾਮਾ ਇਕ ਮਹਿਜ਼ਰਨਾਮਾ ਹੈ। ਸਰ ਜਾਨ ਮੈਲਕਮ ਨੇ ਰਾਏ ਕਾਇਮ ਕੀਤੀ ਕਿ ਪੁੱਤਰਾਂ ਦੀ ਮੌਤ ਅਤੇ ਜੰਗ ਵਿੱਚ ਹਾਰ ਦੇ ਕਾਰਨ ਗੁਰੂ ਸਾਹਿਬ ਆਪਣਾ ਦਿਮਾਗੀ ਤਵਾਜ਼ਨ ਗੁਆ ਬੈਠੇ ਸਨ, ਜਿਸ ਕਰਕੇ ਉਹ ਕਈ ਚਿਰ ਜੰਗਲਾਂ ਵਿਚ ਘੁੰਮਦੇ ਰਹੇ।[2] ਕਈ ਅੰਗਰੇਜ਼ ਲੇਖਕ ਫਾਰਸੀ ਲਿਖਤਾਂ ਦੇ ਗਲਤ ਤਰਜ਼ਮੇ ਕਰਕੇ ਗੁਰੂ ਗੋਬਿੰਦ ਸਿੰਘ ਨੂੰ ਬਾਦਸ਼ਾਹ ਦਾ ਫੌਜੀ ਜਰਨੈਲ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ। ਕਈ ਆਪ ਨੂੰ 'ਕੁਰਾਹੇ ਪਿਆ ਦੇਸ਼ ਭਗਤ' ਆਖਦੇ ਹਨ ਕਿਉਂਕਿ ਆਪਨੇ ਹਿੰਸਾ ਦਾ ਰਾਹ ਫੜਿਆ ਸੀ। ਇਨ੍ਹਾਂ 'ਤੇ ਅਜਿਹੀਆਂ ਹੋਰ ਉਕਾਈਆਂ ਤੇ ਟਪਲਿਆਂ ਦਾ ਕਾਰਨ ਗੁਰੂ ਸਾਹਿਬ ਨੂੰ ਚੰਗੀ ਤਰ੍ਹਾਂ ਨਾ ਸਮਝਣਾ ਹੈ। ਇਹ ਇਸ ਲਈ ਹੁੰਦਾ ਹੈ ਕਿਉਂਕਿ ਲੇਖਕ ਆਪ ਦੀਆਂ ਮਨੁੱਖਤਾ ਪ੍ਰਤੀ ਘਾਲੀਆਂ ਘਾਲਾਂ ਦੀ ਮਹੱਤਤਾ ਮਹਿਸੂਸ ਨਹੀਂ ਕਰਦੇ ਅਤੇ ਓਹਨਾਂ ਦੇ ਖਿਆਲ ਗੁਰੂ ਸਾਹਿਬ ਪ੍ਰਤੀ ਕ੍ਰਿਤਿਗਯਤਾ ਦੇ ਜਜ਼ਬੇ ਤੋਂ ਖਾਲੀ ਹੁੰਦੇ ਹਨ।

→ਬਿਆਨ ਕਾ ਜ਼ੋਰ, ਇਸ਼ਾਰਾਤ ਕਾ ਜੋਸ਼ ਇਸ ਤਰੀਕੇ ਮੇਂ ਬਿਆਨ ਕੀਆ ਗਿਆ ਹੈ ਕਿ ਸਰਦੀਓਂ ਮੇਂ ਬੀ ਗਰਮੀ ਆ ਜਾਤੀ ਹੈ। ਚੂੰਕਿ ਇਸ ਗ੍ਰੰਥ ਸਾਹਿਬ ਮੇਂ ਏਕ ਬੜਾ ਹਿੱਸਾ ਦੇਵੀ ਕੇ ਜੰਗ ਕੇ ਕਾਰਨਾਮੇ ਸੇ ਮਾਮੂਰ ਹੈ। ਇਸ ਸੇ ਯਿਹ ਨਤੀਜਾ ਨਿਕਾਲਣੇ ਕੀ ਕੋਸ਼ਿਸ਼ ਕੀ ਗਈ ਹੈ ਕਿ ਗੁਰੂ ਗੋਬਿੰਦ ਸਿੰਘ ਦੇਵੀ ਕੇ ਪੁਜਾਰੀ ਥੇ ਮਗਰ ਯਿਹ ਗਲਤ ਹੈ, ਵੋਹ ਸਿਵਾਏ ਇਕ ਨਿਰੰਕਾਰ ਔਰ ਅਕਾਲ ਇਸ਼ਵਰ ਕੇ ਔਰ ਕਿਸੀ ਕੀ ਪੂਜਾ ਨਾ ਕਰਤੇ ਥੇ। ਔਰ ਨਾ ਕਿਸੀ ਦੇਵੀ ਦੇਵਤਾ ਕੀ ਪੂਜਾ ਜਾਇਜ਼ ਬਤਲਾਤੇ ਥੇ, ਬਲਕਿ ਉਸਕੇ ਬਰਖਿਲਾਫ਼ ਹਮੇਸ਼ਾ ਉਪਦੇਸ਼ ਕਰਤੇ ਥੇ।—ਸੰਪਾਦਕ

2. ਇਥੇ ਸਰ ਗੋਕਲ ਚੰਦ ਨਾਰੰਗ ਦਾ ਹਵਾਲਾ ਬਹੁਤ ਪ੍ਰਭਾਵਸ਼ਾਲੀ ਹੈ: ਫੁਟ ਨੋਟ 3 ਸਫਾ 93 "ਬੁਟੀ ਸ਼ਾਹ ਲਿਖਦਾ ਹੈ ਕਿ ਗੁਰੂ ਗੋਬਿੰਦ ਸਿੰਘ ਦੱਖਣ ਵਿਚ ਇਸ ਲਈ ਗਏ ਕਿਉਂਕਿ ਉਹ ਉਦਾਸ ਸਨ ਅਤੇ ਹਵਾ ਬਦਲੀ ਚਾਹੁੰਦੇ ਸਨ। ਮੈਲਕਮ ਦਾ ਵੀ ਇਹ ਵਿਚਾਰ ਹੈ। ਟ੍ਰਪ ਨਿਸ਼ਚਿੰਤ ਨਹੀਂ ਅਤੇ ਕਨ੍ਹਈਆ ਲਾਲ ਇਸਦਾ ਕੋਈ ਜ਼ਿਕਰ ਨਹੀਂ ਕਰਦਾ। ਮੈਲਕਮ ਦੇ ਸ਼ਬਦ ਅਤਿ ਸੁਝਾਓ ਪੂਰਤ ਹਨ। ਉਹ ਲਿਖਦਾ ਹੈ, "ਜਦੋਂ ਅਸੀਂ ਗੁਰੂ ਸਾਹਿਬ ਦੇ ਮਨ ਦੇ ਉਤਸ਼ਾਹ, ਉਹਨਾਂ ਦੀਆਂ ਕਰਮਸ਼ੀਲ ਆਦਤਾਂ, ਉਹਨਾਂ ਦੀ ਦਲੇਰੀ ਅਤੇ ਬਦਲੇ ਦੀ ਉਸ ਅਬੁਝ ਪਿਆਸ ਜਿਹੜੀ ਕਿ ਉਹ ਆਪਣੇ ਪਿਤਾ ਦੇ ਕਾਤਲਾਂ ਅਤੇ ਆਪਣੇ ਧਰਮ ਦੇ ਵਿਰੋਧੀਆਂ ਪ੍ਰਤੀ ਉਮਰ ਭਰ ਮਹਿਸੂਸ ਕਰਦੇ ਰਹੇ ਅਤੇ ਜਦੋਂ ਖਿਆਲ ਕਰਦੇ ਹਾਂ ਕਿ ਉਹਨਾਂ ਦੇ ਮਨ ਦੀ ਪ੍ਰਮੁੱਖ ਭਾਵਨਾ ਆਪਣੇ ਸਾਹਿਬਜ਼ਾਦਿਆਂ ਦੇ ਕਤਲ ਅਤੇ ਆਪਣੇ ਅਤਿ ਸ਼ਰਧਾਲੂ ਅਨੁਯਾਈਆਂ ਦੇ ਬੰਦ ਬੰਦ ਕੱਟੇ ਜਾਣ ਨਾਲ ਹੋਰ ਵੀ ਤਕੜੀ ਹੋਵੇਗੀ, ਤਾਂ ਅਸੀਂ ਇਹ ਵੀ ਸੋਚ ਨਹੀਂ ਸਕਦੇ ਉਹ ਚੁਪ ਕਰਕੇ ਬੈਠ ਗਏ ਹੋਣਗੇ। ਇਸ ਗੱਲ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਉਹ ਉਸ ਸਰਕਾਰ ਦੀ ਸੇਵਾ ਕਰਨ ਲਗ ਪਏ ਹੋਣਗੇ ਜਿਸ ਵਿਰੁਧ ਉਹ ਸਦਾ ਬਗਾਵਤ ਕਰਦੇ ਰਹੇ ਨਾ ਹੀ ਇਸ ਗੱਲ ਦੀ ਕੋਈ ਸੰਭਾਵਨਾ ਹੈ ਕਿ ਗੁਰੂ ਗੋਬਿੰਦ ਸਿੰਘ ਵਰਗੇ ਨੇਤਾ ਦੇ ਉਤੇ ਮੁਸਲਮਾਨ ਸ਼ਹਿਜ਼ਾਦੇ ਨੇ ਵਿਸ਼ਵਾਸ ਕਰ ਲਿਆ ਹੋਵੇ। ਨਾ ਹੀ ਮੁਲਾਜ਼ਮਤ ਦੀ ਇਹ ਕਹਾਣੀ ਗੁਰੂ ਸਾਹਿਬ ਦੇ ਬੰਦੇ ਨੂੰ ਦਿੱਤੇ ਉਹਨਾਂ ਉਦੇਸ਼ਾਂ ਨਾਲ ਮੇਲ ਖਾਂਦੀ ਹੈ ਜਿਸ ਦੁਆਰਾ ਉਸਨੇ ਪੰਜਾਬ ਵਿਚ ਜਾ ਕੇ ਆਪਣੀ ਪ੍ਰਮੁਖਤਾ ਸਥਾਪਿਤ ਕੀਤੀ।"—ਸੰਪਾਦਕ

ਅਹਿਸਾਨ ਮੰਨਣ ਵਾਲਾ ਬੰਦਾ ਹੀ ਮਹਾਂਪੁਰਖਾਂ ਦੇ ਬਦ-ਕਿਸਮਤੀ ਵਿਰੁਧ ਕੀਤੇ ਘੋਲ ਦੀ ਸਚਾਈ ਨੂੰ ਮੰਨ ਸਕੇਗਾ। ਹੈਰਾਨੀ ਦੀ ਗੱਲ ਹੈ ਕਿ ਇਕ ਪਾਸੇ ਤਾਂ ਮੈਲਕਮ ਗੁਰੂ ਸਾਹਿਬ ਬਾਬਤ ਇਥੋਂ ਤਕ ਲਿਖ ਗਿਆ ਹੈ ਕਿ ਇਸ ਸੁਧਾਰਕ ਦੇ ਕਰੈਕਟਰ ਤੇ ਸ਼ਖਸੀਅਤ ਵਿਚ ਬਹੁਤ ਉੱਚੇ ਗੁਣ ਮੌਜੂਦ ਸਨ, ਜਿਹੜੇ ਹੋਰਨਾਂ ਬਹੁਤ ਵੱਡੀ ਮਹਾਨਤਾ ਰੱਖਣ ਵਾਲੀਆਂ ਰਾਜਨੀਤਕ ਜਮਾਤਾਂ ਦੇ ਮੋਢੀਆਂ ਦੀਆਂ ਸ਼ਖਸੀਅਤਾਂ ਦੇ ਭੂਸ਼ਨ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਮੰਤਵ ਤੇ ਨਿਸ਼ਾਨਾ ਬੜਾ ਉੱਚਾ ਹੈ ਤੇ ਪ੍ਰਸੰਸਾ ਯੋਗ ਸੀ ਤੇ ਇਹ ਸੀ ਜਾਤੀ ਨੂੰ ਜ਼ੁਲਮ ਤੇ ਧੱਕੇ ਥੱਲਿਓਂ ਕੱਢਣਾ ਤੇ ਇਸ ਲਈ ਜਿਹੜੇ ਉਨ੍ਹਾਂ ਨੇ ਸਾਧਨ ਵਰਤੇ ਉਹ ਅਜੇਹੇ ਸਨ, ਜਿਹੜੇ ਕੇਵਲ ਇਕ ਸਰਵ-ਸਿਆਣੇ ਮਨ 'ਤੇ ਵਿਸ਼ਾਲ ਸਮਝ ਰੱਖਣ ਵਾਲੇ ਨੂੰ ਹੀ ਪ੍ਰਾਪਤ ਹੋ ਸਕਦੇ ਹਨ।' ਦੂਜੇ ਪਾਸੇ ਇਹੋ ਲੇਖਕ ਆਪਨੂੰ ਜੀਵਨ ਦੀਆਂ ਔਕੜਾਂ ਸਾਹਮਣੇ ਆਪਣਾ ਦਿਮਾਗੀ ਤਵਾਜ਼ਨ ਗੁਆ ਬੈਠੇ ਦਸਦਾ ਹੈ। ਇਸੇ ਤਰ੍ਹਾਂ ਲਤੀਫ਼ ਇਕ ਪਾਸੇ ਕਹਿੰਦਾ ਹੈ ਕਿ ਉਨ੍ਹਾਂ ਵਿਚ ਧਾਰਮਕ ਲੀਡਰ ਤੇ ਸਿਪਾਹੀ ਦੇ ਗੁਣ ਸਨ। ਉਹ ਧਰਮ ਪ੍ਰਚਾਰ ਦੇ ਪੇਸ਼ਵਾ ਸਨ ਤੇ ਮੈਦਾਨ ਦੇ ਅਜਿੱਤ ਸੂਰਮੇ। ਉਹ ਮਸਨਦ ਉਪਰ ਸ਼ਹਿਨਸ਼ਾਹ ਸਨ ਤੇ ਖਾਲਸੇ ਦੇ ਭਾਈਚਾਰੇ ਵਿਚ ਫਕੀਰ। ਉਹ ਆਪਣੇ ਵੇਲੇ ਦੀਆਂ ਜ਼ਰੂਰਤਾਂ ਲਈ ਸਹੀ ਆਦਮੀ ਸਨ। ਦੂਜੇ ਪਾਸੇ ਇਹ ਤਾਰੀਖੇ ਪੰਜਾਬ ਦਾ ਕਰਤਾ ਗੁਰੂ ਸਾਹਿਬ ਨੂੰ ਔਰੰਗਜ਼ੇਬ ਦੀ ਸਰਕਾਰ ਦੀ ਖਿਦਮਤ ਵਿਚ ਮਹਿਜ਼ਰਨਾਮਾ ਪੇਸ਼ ਕਰਦੇ ਹੋਏ ਪ੍ਰਗਟ ਕਰਦਾ ਹੈ। ਇਸੇ ਕਰਕੇ ਪ੍ਰੋ: ਕਰਤਾਰ ਸਿੰਘ ਐਮ. ਏ. ਨੇ ਆਪਨੂੰ 'ਗਲਤ ਸਮਝਿਆ ਗਿਆ ਮਹਾਂਪੁਰਸ਼ ਆਖਿਆ ਹੈ।

ਰਾਵਾਂ ਤੇ ਅੰਦਾਜ਼ੇ ਆਪਣੀ ਬੁੱਧ, ਅਧਿਐਨ, ਗਿਆਨ ਤੇ ਵਾਕਫ਼ੀ ਉਤੇ ਨਿਰਭਰ ਹੁੰਦੇ ਹਨ, ਜਿੰਨਾਂ ਕੋਈ ਡੂੰਘਾ ਮੁਤਾਲਿਆ ਕਰੇਗਾ, ਉਨੀ ਉਹਦੀ ਰਾਏ ਨਿਖਰੀ ਤੇ ਸੁਲਝੀ ਹੋਵੇਗੀ ਤੇ ਦਲੀਲ ਕਾਬਲੇ ਕਬੂਲ। ਜਿਹਦਾ ਗਿਆਨ ਪਤਲਾ ਹੋਵੇਗਾ ਉਹਦੀ ਦਲੀਲ ਤੇ ਅੰਦਾਜ਼ੇ ਪਾਣੀ ਵਿਚ ਸੋਟਾ ਮਾਰਨ ਵਾਂਗ ਹੋਣਗੇ। ਬਹੁਤੀਆਂ ਗਲਤ ਦਲੀਲਾਂ ਹਜ਼ੂਰ ਦੀ ਬਾਣੀ ਤੋਂ ਅਨਭਿਗਤਾ ਦੇ ਕਾਰਨ ਬਣੀਆਂ ਹਨ। ਜੋ ਹਜ਼ੂਰ ਦੀ ਇਸ ਤੁਕ:

ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ॥
ਕ੍ਰਿਸ਼ਨ ਬਿਸ਼ਨ ਕਬਹੂੰ ਨਾ ਧਿਆਊਂ॥
ਤੁਮਹਿ ਛਾਡ ਕੋਈ ਅਵਰ ਨ ਧਯਾਊਂ॥
ਜੋ ਬਰ ਚਾਹੋ ਸੁ ਤੁਮਤੇ ਪਾਊਂ

ਨੂੰ ਪੱਲੇ ਬੰਨ੍ਹਕੇ ਤੁਰੇਗਾ ਉਹ ਸ਼ਿਵਾਜੀ ਵਾਂਗ ਆਪਨੂੰ ਦੁਰਗਾ ਦਾ ਉਪਾਸ਼ਕ ਨਹੀਂ ਦੱਸ ਸਕਦਾ ਤੇ ਜਿਸਨੇ ਜ਼ਫ਼ਰਨਾਮੇ ਦੀ ਇਹ ਤੁਕ ਪੜ੍ਹੀ ਹੋਵੇ-

ਚੂੰ ਕਾਰ ਅਜ਼ ਹਮਾਹ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੇਰ ਦਸਤ (੨੨)

ਅਰਥਾਤ ਜਦ ਕੋਈ ਹੀਲਾ ਕੰਮ ਨਾ ਆਵੇ ਤਦ ਤਲਵਾਰ ਨੂੰ ਹੱਥ ਪਾਉਣਾ ਹੀ ਯੋਗ ਹੈ।

ਜਾਂ

ਫਤਹ ਸ਼ਾਹ ਕੋਪਾ ਤਬ ਰਾਜਾ
ਲੋਹ ਪਰਾ ਹਮ ਸਉ ਬਿਨ ਕਾਜਾ

ਉਹ ਹਜ਼ੂਰ ਦੀ ਅਮਨ ਪਸੰਦੀ ਸੁਲਾਹ ਆਸ਼ਤੀ ਲਈ ਤੜਪ ਦਾ ਕਾਇਲ ਹੋਏ ਬਿਨਾਂ ਨਹੀਂ ਰਹਿ ਸਕੇਗਾ। 'ਦੇਹੁਰੇ' ਤੇ ਮਸੀਤ ਦੀਆਂ ਪੂਜਾਆਂ ਤੇ ਨਿਮਾਜ਼ਾਂ ਨੂੰ ਇਕ ਸਮਝਣ ਵਾਲਾ ਕੇਵਲ ਹਿੰਦੂ ਧਰਮ ਦਾ ਰਖਸ਼ਕ ਨਹੀਂ ਹੋ ਸਕਦਾ, ਜਦ ਉਹ ਪੱਤੇ ਪੱਤੇ ਵਿਚ ਰੱਬ ਨੂੰ ਵਿਆਪਕ ਤੱਕਦਾ ਹੈ:-

ਜ਼ਿਮੀ ਜ਼ਮਾਨ ਕੇ ਬਿਖੇ ਸਮਸਤ ਏਕ ਜੋਤ ਹੈ।
ਨਾ ਘਾਟ ਹੈ ਨਾ ਬਾਢ ਹੈ ਨਾ ਘਾਟ ਬਾਢ ਹੋਤ ਹੈ।

ਤੇ ਹਿੰਦੂ ਧਰਮ ਰਖਸ਼ਕ ਇਹ ਕਿਵੇਂ ਆਖ ਸਕਦਾ ਸੀ ?

ਮਨਮ ਕੁਸ਼ਤਹਨਮ ਕੋਹੀਆ ਪੁਰ ਫਿਤਨ
ਕਿ ਆਂ ਬੁੱਤ ਪ੍ਰਸਤੰਦ, ਓ ਮਨ ਬੁੱਤ ਸ਼ਿਕਨ॥

ਅਰਥਾਤ ਫਸਾਦੀ ਪਹਾੜੀ ਰਾਜਿਆਂ ਨਾਲ ਮੇਰੀ ਇਸ ਲਈ ਲੜਾਈ ਹੋਈ ਕਿਉਂਕਿ ਉਹ ਬੁੱਤ ਪੂਜ ਸਨ ਤੇ ਮੈਂ ਬੁੱਤ ਤੋੜਨ ਵਾਲਾ। ਇਸੇ ਤਰ੍ਹਾਂ ਜੇ ਲਤੀਫ ਨੇ, ਹਜ਼ੂਰ ਦੀ ਔਰੰਗਜ਼ੇਬ ਪ੍ਰਤੀ ਇਹ ਵੰਗਾਰ ਪੜ੍ਹੀ ਸੁਣੀ ਹੁੰਦੀ:

ਚਿਹਾ ਸ਼ੁਦ ਕਿ ਚੂੰ ਬਚਗਾਂ ਕੁਸ਼ਤਹ-ਚਾਰ
ਕਿ ਬਾਕੀ ਬ-ਮਾਂਦ ਅਸਤ ਪੇਚੀਦਾ ਮਾਰ (੭੮)

ਚਿਹ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ
ਕਿ ਆਤਸ਼ ਦਮਾਂਰਾ ਬਦਉਰਾ ਕੁਨੀ (੭੯)

ਨਾ ਈਮਾਂ ਪ੍ਰਸਤੀ ਨਾ ਅਓਜ਼ਾਇ ਦੀਂ
ਨਾ ਸਾਹਿਬ ਸ਼ਨਾਸੀ ਮੋਹੱਮਦ ਯਕੀ (੪੬)

ਮਜ਼ਨ ਤੇਗ਼ ਬਰ ਖ਼ੂੰਨ ਕਸ ਬੇਦਰੇਗ਼
ਤੁਰਾ ਨੀਜ਼ ਖ਼ੂੰ ਅਸਤ ਬਾ ਚਰਖ ਤੇਗ਼ (੬੯)

ਹਜ਼ੂਰੀ ਨਿਆਯਮ ਨਾ ਈਂ ਰਾਹ ਸੁਵਮ
ਅਗਰ ਸ਼ਾਹ ਬ-ਖ਼ਵਾਹਦ ਨਾ ਆਨਜਾਹ ਰਵਮ (੮੮)

ਅਰਥਾਤ ਕੀ ਹੋਇਆ ਜੇ ਤੂੰ ਮੇਰੇ ਚੌਂਹ ਪੁੱਤਰਾਂ ਦਾ ਖ਼ੂਨ ਕਰ ਦਿੱਤਾ ਹੈ, ਹਾਲੇ ਕੁੰਡਲਦਾਰ ਸੱਪ ਭੁਜੰਗੀ ਖਾਲਸਾ ਬਾਕੀ ਹੈ। ਇਹ ਕੋਈ ਮਰਦਾਨਗੀ ਨਹੀਂ ਜੋ ਤੂੰ ਚਿੰਗਿਆਰੀਆਂ ਬੁਝਾ ਰਿਹਾ ਏਂ ਜਦ ਕਿ ਸੁਲਗਦੀ ਅੱਗ ਨੂੰ ਹੋਰ ਪ੍ਰਚੰਡ ਕਰ ਰਿਹਾ ਏਂ। ਨਾ ਤੂੰ ਦੀਨ ਦਾ ਉਪਾਸ਼ਕ ਏਂ ਨਾ ਈਮਾਨ ਦਾ, ਨਾ ਤੂੰ ਰੱਬ ਨੂੰ ਪਛਾਣਦਾ ਏਂ, ਨਾ ਤੇਰਾ ਮੁਹੰਮਦ ਸਾਹਿਬ ਵਿਚ ਯਕੀਨ ਹੈ। ਕਿਸੇ ਉਤੇ ਬੇਕਿਰਕੀ ਨਾਲ ਤੇਗ਼ ਨਾ ਚਲਾ ਤੇਰਾ ਵੀ ਅਰਸ਼ੋਂ ਪੈਣ ਵਾਲੀ ਤੇਗ਼ ਨਾਲ ਖ਼ੂਨ ਹੋ ਸਕਦਾ ਹੈ। ਨਾ ਮੈਂ ਤੇਰੇ ਦਰਬਾਰ ਵਿਚ ਆਵਾਂਗਾ। ਮੈਂ ਤਾਂ ਇਸ ਰਾਹ ਵੀ ਨਹੀਂ ਪਵਾਂਗਾ, ਜਿਥੇ ਤੂੰ ਕਹੇਂਗਾ, ਉਥੇ ਮੈਂ ਬਿਲਕੁਲ ਨਹੀਂ ਜਾਵਾਂਗਾ।' ਤਾਂ ਉਹ ਕਦੀ ਅਜਿਹੇ ਕਿਆਸ ਨਾ ਲਗਾਉਂਦਾ ਅਤੇ ਨਾ ਮੈਲਕਮ ਇਉਂ ਲਿਖਦਾ:

.....Most accounts agree that Guru Gobind, after his flight (from Chamkour) was, from a sense of his misfortunes, and the loss of his children, bereft of his reason, and wandered about for a consider able time in the most deplorable condition.'

{A Sketch of The Sikhs}

ਉਹਨੂੰ ਸ਼ਾਇਦ ਇਹ ਚੇਤਾ ਨਹੀਂ ਰਿਹਾ ਕਿ ਇਸੇ ਅਖੌਤੀ 'ਤਰਸਯੋਗ ਅਵਸਥਾ ਵਿਚ ਫਿਰਦਿਆਂ ਹੀ ਜ਼ਫ਼ਰਨਾਮਾ ਤੇ ਫ਼ਤਹਨਾਮਾ ਲਿਖੇ ਗਏ। ਮੁਕਤਸਰ ਦਾ ਯੁਧ ਕੀਤਾ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁੜ ਸੰਪਾਦਨ ਕਰ ਕੇ ਸਾਰੀ ਗੁਰਬਾਣੀ ਜ਼ਬਾਨੀ ਉਚਾਰਨ ਕਰਕੇ ਲਿਖਵਾਈ ਅਤੇ ਇਕ ਲੱਖ ਵੀਹ ਹਜ਼ਾਰ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ। ਫੇਰ ਦੱਖਣ ਵਿੱਚ ਜਾ ਕੇ ਮਾਧੋ ਦਾਸ ਬੈਰਾਗੀ ਨੂੰ ਬੰਦਾ ਬਣਾ ਕੇ ਪੰਜਾਬ ਭੇਜਿਆ।

ਕਈ ਵਾਰ ਇਉਂ ਵੀ ਹੁੰਦਾ ਹੈ ਕਿ ਜਿਵੇਂ ਪਾਠ ਕਰਦਿਆਂ ਅਚਾਨਕ ਤੁਕ ਭੁੱਲ ਜਾਣ ਤੇ ਮੁੜ ਮੁੜ ਫੇਰ ਉਹੋ ਗਲਤੀ ਪਈ ਜਾਂਦੀ ਹੈ। ਉਵੇਂ ਹੀ ਸਭ ਕੁਝ ਜਾਣਦਿਆਂ ਬੁਝਦਿਆਂ ਇਨਸਾਨ ਆਪ ਗੁੰਝਲਾਂ ਪਾ ਲੈਂਦਾ ਹੈ ਤੇ ਅਜਿਹੀ ਗੁੰਝਲ ਪ੍ਰੀਤਮ ਤੇ ਫਤਹ ਦੇ ਆਦਰਯੋਗ ਸੰਪਾਦਕ ਸ੍ਰ: ਮਾਨ ਸਿੰਘ ਐਡੀਟਰ 'ਮਾਨ ਸਰੋਵਰ' ਦਿੱਲੀ ਨੇ 'ਫਤਹ' ਦਿੱਲੀ ਦੇ 21 ਦਸੰਬਰ 1958 ਦੇ ਪਰਚੇ ਵਿਚ ਪਾਈ ਹੈ। 'ਕੀ ਬਾਲਾ ਪ੍ਰੀਤਮ ਨੂੰ ਆਪਣੇ ਪਿਤਾ ਜੀ ਦੇ ਦਰਸ਼ਨ ਵੀ ਪ੍ਰਾਪਤ ਹੋਏ ?' ਦੇ ਸਿਰਲੇਖ ਹੇਠ ਆਪ ਲਿਖਦੇ ਹਨ–'ਪਰ ਇਹ ਯਕੀਨਨ ਠੀਕ ਹੈ ਕਿ ਪੰਜ ਸਾਲ ਦੀ ਆਯੂ ਵਿਚ ਸਾਹਿਬਜ਼ਾਦਾ ਆਨੰਦਪੁਰ ਸਾਹਿਬ ਨਹੀਂ ਸੀ ਤੇ ਸ਼ਾਇਦ ਗੁਰੂ ਤੇਗ ਬਹਾਦਰ ਜੀ ਨੇ ਆਪ ਦੇ ਸਵਾਏ ਬਚਪਨ ਦੇ ਫੇਰ ਕਦੀ ਦਰਸ਼ਨ ਵੀ ਨਾ ਕੀਤੇ ਹੋਣ।' ਫੇਰ ਵਿਦਵਾਨ ਲੇਖਕ ਜੀ ਇਤਿਹਾਸਕਾਰਾਂ ਤੋਂ ਮੰਗ ਕਰਦੇ ਹਨ ਕਿ ਉਹ ਗੁਰੂ ਉਪਦੇਸ਼ ਨੂੰ ਮੁਖ ਰੱਖਦੇ ਹੋਏ ਤੇ ਬਾਲਾ ਪ੍ਰੀਤਮ ਦੇ ਅਦੁਤੀ ਕੌਤਕ ਜੋ ਆਪ ਨੇ ਪਟਨੇ ਸ਼ਹਿਰ ਵਿਖੇ ਕੀਤੇ। ਉਨ੍ਹਾਂ ਦੇ ਆਧਾਰ ਤੇ ਹਜ਼ੂਰ ਦੀ ਆਯੂ ਦਾ ਮੁਕਾਬਲਾ ਕਰਦੇ ਹੋਏ ਅਤੇ ਫੇਰ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਸਫਰ ਦੀ ਲੰਮੀ ਮਿਆਦ ਦੇ ਚਾਨਣ ਵਿਚ ਇਹ ਦੱਸਣ ਦੀ ਕ੍ਰਿਪਾਲਤਾ ਕਰਨ ਕਿ ਉਨ੍ਹਾਂ ਦੇ ਵਿਚਾਰ ਕੀ ਹਨ ?'

ਇਸ ਸੰਬੰਧ ਵਿਚ ਸ੍ਰੀਮੁੱਖ ਵਾਕ ਦਾ ਸਹਾਰਾ ਲੈਣਾ ਸਭ ਤੋਂ ਉੱਤਮ ਸਾਧਨ ਹੈ ਸ਼ੰਕਾ ਸਮਾਧਾਨ ਦਾ। ਗੁਰੂ ਗੋਬਿੰਦ ਸਿੰਘ ਜੀ ਆਪ ਲਿਖਦੇ ਹਨ:

ਜਬ ਹੀ ਜਾਤ ਤ੍ਰਿਬੇਣੀ ਭਏ।
ਪੁੰਨਦਾਨ ਦਿਨ ਕਰਤ ਬਿਤਏ।੧।
ਤਹੀਂ ਪ੍ਰਕਾਸ਼ ਹਮਾਰਾ ਭਯੋ।
ਪਟਨੇ ਸ਼ਹਿਰ ਬਿਖੈ ਭਵ ਲਯੋ।   ਬਚਿਤ੍ਰ ਨਾਟਕ, ਅਧਿਆਇ ੭, ੧-੨

ਆਪ ਗਰਭ ਵਿਚ ਅਲਾਹਾਬਾਦ ਆਏ ਅਤੇ ਪਟਨੇ ਅਵਤਾਰ ਧਾਰੀ ਹੋਏ। ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਅਨੁਸਾਰ ਹਜ਼ੂਰ ਦਾ ਜਨਮ ਪੋਹ ਸੁਦੀ ਸਤਵੀਂ 1723 ਬਿਕ੍ਰਮੀ (1666 ਈਸਵੀ) ਨੂੰ ਪਟਨੇ ਸ਼ਹਿਰ ਵਿਖੇ ਹੋਇਆ। ਉਦੋਂ ਗੁਰੂ ਤੇਗ ਬਹਾਦਰ ਸਾਹਿਬ ਆਸਾਮ ਵਿਚ ਧੁਬੜੀ ਦੇ ਅਸਥਾਨ 'ਤੇ ਬਿਰਾਜਮਾਨ ਸਨ, ਮੁਗਲ ਹਕੂਮਤ ਦੇ ਰਾਜਪੂਤ ਜਰਨੈਲ ਅਤੇ ਆਸਾਮ ਦੇ ਰਾਜਾ ਵਿਚਾਲੇ ਸੁਲਾਹ ਕਰਵਾ ਰਹੇ ਸਨ। ਇਧਰੋਂ ਪੰਜਾਬ ਤੇ ਕਸ਼ਮੀਰ ਵਿਚ ਔਰੰਗਜ਼ੇਬੀ ਅਤਿਆਚਾਰਾਂ ਦੀਆਂ ਖਬਰਾਂ ਪੁਜਣ 'ਤੇ ਆਪ ਬਿਨਾਂ

ਨਵਜਾਤ ਸਾਹਿਬਜ਼ਾਦੇ ਦੇਖੇ ਸਿੱਧੇ ਆਨੰਦਪੁਰ ਵਾਪਸ ਆ ਗਏ। ਗਿਆਨੀ ਗਿਆਨ ਸਿੰਘ ਦੱਸਦੇ ਹਨ ਕਿ ਆਨੰਦਪੁਰੋਂ ਆਪਨੇ ਮਾਤਾ ਨਾਨਕੀ ਪ੍ਰਤੀ ਚਿੱਠੀ ਲਿਖੀ ਕਿ ਸਾਹਿਬਜ਼ਾਦੇ ਨੂੰ ਨਾਲ ਲੈ ਕੇ ਆ ਜਾਓ, ਰਸਤੇ ਵਿਚ ਕਾਂਸ਼ੀ ਜੀ ਠਹਿਰੇ, ਵਿਸ਼ਵਨਾਥ ਦਾ ਮੰਦਰ ਆਦਿ ਸਥਾਨ ਦੇਖੇ, ਇਕ ਪੰਡਤ ਨੇ ਆਪਨੂੰ ਪੁਛਿਆ ਕਿ ਛੱਤਰੀ ਹੋ ਕੇ ਤੁਸੀਂ ਪੂਜਾ ਕਿਉਂ ਕਰਵਾਉਂਦੇ ਹੋ ? ਚੌਹਾਂ ਵਰਨਾਂ ਦੇ ਲੋਕਾਂ ਨੂੰ ਚਰਨ ਪਾਹੁਲ ਕਿਉਂ ਦਿੰਦੇ ਹੋ ? ਇਹ ਛਤਰੀਆਂ ਦਾ ਧਰਮ ਨਹੀਂ। ਗੁਰੂ ਸਾਹਿਬ ਨੇ ਉਤਰ ਦਿੱਤਾ ਕਿ ਸ੍ਰੀ ਰਾਮ ਚੰਦ੍ਰ ਤੇ ਕ੍ਰਿਸ਼ਨ ਜੀ ਕੌਣ ਸਨ ? ਜੇ ਉਹ ਛਤਰੀ ਹੋ ਕੇ ਵਿਸ਼ਨੂੰ ਦੇ ਅਵਤਾਰੀ ਹੋ ਸਕਦੇ ਹਨ ਤੇ ਪੂਜਾ ਕਰਵਾ ਸਕਦੇ ਹਨ ਤਾਂ ਹੋਰ ਕੋਈ ਛਤਰੀ ਕਿਉਂ ਨਹੀਂ, ਉਥੋਂ ਫੇਰ ਆਯੁਧਿਆ ਜੀ ਸਰਜੂ ਨਦੀ ਦੇ ਗੁਪਤਾਰ ਘਾਟ ਉਤੇ ਜਿੱਥੇ ਲਛਮਨ ਜੀ ਤੋਂ ਬਾਅਦ ਰਾਮ ਚੰਦਰ ਜੀ ਨੇ ਦੇਹ ਤਿਆਗੀ ਸੀ, ਅਸ਼ਨਾਨ ਕੀਤਾ ਉਥੋਂ ਮਥੁਰਾ ਬਿੰਦਰਾਬਨ ਆਏ। ਬਿਸਰਾਮ ਘਾਟ ਅਸ਼ਨਾਨ ਕੀਤਾ। ਹਰਦੁਆਰ ਥਾਣੀ ਲੰਘਦੇ ਬੂੜੀਏ ਦੇ ਨੇੜੇ ਸੂਰਜਕੁੰਡ ਆ ਉਤਰੇ। ਇਥੋਂ ਦੀ ਜੰਤਾ ਤੋਂ ਪਠਾਣਾਂ ਦੇ ਜ਼ੁਲਮ ਸੁਣਕੇ ਬਚਨ ਕੀਤਾ ਕਿ ਇਕ ਬੰਦਾ ਆ ਕੇ ਇਹਨਾਂ ਦੀ ਜੜ੍ਹ ਮੇਖ ਉਖਾੜ ਦਏਗਾ। ਇਥੋਂ ਲੱਖਨੌਰ ਆਏ। ਜੇਠੇ ਮਸੰਦ ਦੇ ਘਰ ਠਹਿਰੇ। ਇਥੇ ਨੌਵੇਂ ਪਾਤਸ਼ਾਹ ਦਾ ਫੁਰਮਾਨ ਆਇਆ ਕਿ ਜਦ ਤੱਕ ਨਾ ਬੁਲਾਈਏ, ਇਥੇ ਹੀ ਟਿਕੋ। ਇਥੇ ਪੀਰ ਭੀਖਨ ਸ਼ਾਹ ਨੇ ਹਜ਼ੂਰ ਨੂੰ ਪਾਲਕੀ 'ਚੋਂ ਉਤਰ ਕੇ ਸਜਦਾ ਕੀਤਾ। ਖੂਹਾਂ ਦੇ ਖਾਰੇ ਪਾਣੀ ਮਿੱਠੇ ਕੀਤੇ। ਕੁਝ ਚਿਰ ਇਥੇ ਟਿਕ ਕੇ ਆਪ ਪਿਤਾ ਜੀ ਦੇ ਮੁੜ ਹੁਕਮ ਆਵਣ ਤੇ ਉਥੋਂ ਤੁਰੇ। ਕੀਰਤਪੁਰ ਹੁੰਦੇ ਹੋਏ ਆਨੰਦਪੁਰ ਪੁਜੇ। ਇਥੇ ਆਪ ਦੀ ਅਨੇਕ ਤਰ੍ਹਾਂ ਪਾਲਣਾਂ ਹੋਣ ਲਗੀ। ਸ਼ਸਤਰ ਅਤੇ ਅੱਖਰੀ ਵਿਦਿਆ ਵੀ ਦਿੱਤੀ ਜਾਣ ਲੱਗੀ। ਆਪ ਖੁਦ ਲਿਖਦੇ ਹਨ:-

ਮਦ੍ਰ ਦੇਸ ਹਮ ਕੋ ਲੇ ਆਏ॥
ਭਾਂਤਿ ਭਾਂਤਿ ਦਾਈਅਨ ਦੁਲਰਾਏ॥੨॥
ਕੀਨੀ ਅਨਿਕ ਭਾਂਤ ਤਨ ਰੱਛਾ॥
ਦੀਨੀ ਭਾਂਤਿ ਭਾਂਤਿ ਕੀ ਸਿੱਛਾ॥
ਜਬ ਹਮ ਧਰਮ ਕਰਮ ਮੋ ਆਏ॥
ਦੇਵ ਲੋਕ ਤਬ ਪਿਤਾ ਸਿਧਾਏ॥ ਬਚਿੱਤ੍ਰ ਨਾਟਕ: ੭ ਅਧਿਆਇ

ਆਨੰਦਪੁਰ ਆ ਕੇ ਗਿਆਨੀ ਜੀ ਆਪ ਦੇ ਮਹਾਨ ਜੀਵਨ ਦਾ ਅਹਿਮ ਵਾਕਿਆ ਆਪ ਦੀ ਸ਼ਾਦੀ ਦਾ ਦਸਦੇ ਹਨ। ਕੋਈ ਸਤ ਸਫ਼ੇ (142ਤੋਂ 149 ਤੱਕ) ਆਪ ਇਕੋ ਘਟਨਾ ਲਈ ਲਿਖ ਗਏ ਹਨ। ਹਜ਼ੂਰ ਦੀ ਸ਼ਾਦੀ ਉਹ ਅੱਠਵੇਂ ਸਾਲ ਵਿਚ ਹੋਈ ਦਸਦੇ ਹਨ:

ਸੰਮਤ ਸਤਰਾਂ ਸੈ ਹੁਤੇ, ਉਪਰ ਤੀਸ ਪ੍ਰਮਾਨ।
ਦਿਨ ਤੇਈਸ ਅਸਾੜ ਕੇ, ਸਾਹਾ ਸੁਧਯੋ ਮਹਾਨ।

ਇਸ ਤੋਂ ਪ੍ਰਗਟ ਹੁੰਦਾ ਹੈ ਕਿ ਪਟਨੇ ਤੋਂ ਹਜ਼ੂਰ ਆਨੰਦਪੁਰ ਆ ਕੇ ਆਪਣੇ ਪੂਜਯ ਪਿਤਾ ਜੀ ਦੀ ਝੋਲ ਵਿਚ ਕਾਫੀ ਚਿਰ ਬਿਰਾਜੇ ਅਤੇ ਪਿਤਾ ਗੁਰਦੇਵ ਦਾ ਸਾਇਆ ਤਕਰੀਬਨ ਦਸ ਸਾਲ ਆਪ ਮਾਣਦੇ ਰਹੇ। ਜਿਸ ਵੇਲੇ ਆਪ ਨੇ 'ਕਰਮ ਧਰਮ' ਅਵਸਥਾ ਵਿਚ ਪ੍ਰਵੇਸ਼ ਕੀਤਾ, ਉਦੋਂ ਆਪ ਦੇ ਪਿਤਾ ਜੀ ਦਿੱਲੀ ਜਾ ਸ਼ਹੀਦ ਹੋਏ। ਆਪ ਫੁਰਮਾਉਂਦੇ ਹਨ:

ਜਬ ਹਮ ਕਰਮ ਧਰਮ ਮੋ ਆਏ।
ਦੇਵ ਲੋਕ ਤਬ ਪਿਤਾ ਸਿਧਾਏ।

ਕਨਿੰਘਮ ਲਿਖਦਾ ਹੈ ਕਿ ਦਿੱਲੀ ਵਲ ਟੁਰਨ ਤੋਂ ਪਹਿਲਾਂ ਨੌਂਵੇਂ ਪਾਤਸ਼ਾਹ ਨੇ ਖੁਦ ਸਾਹਿਜ਼ਾਦੇ ਨੂੰ ਆਪਣੇ ਪਿਤਾ ਗੁਰੂ ਹਰਿ ਗੋਬਿੰਦ ਸਾਹਿਬ ਵਾਲੀ ਤਲਵਾਰ ਪਹਿਨਾਈ। ਪਰ ਗਿਆਨ ਸਿੰਘ ਅਨੁਸਾਰ, ਗੁਰਿਆਈ ਦਾ ਸਾਮਾਨ, (ਪੰਜ ਪੈਸੇ ਤੇ ਨਾਰੀਅਲ) ਨੌਂਵੇਂ ਪਾਤਸ਼ਾਹ ਨੇ ਆਪਣੀ ਸ਼ਹਾਦਤ ਤੋਂ ਇਕ ਦਿਨ ਪਹਿਲਾਂ ਦਿੱਲੀਓਂ ਭੇਜਿਆ।

ਆਮ ਮਨੌਤ ਇਹੋ ਹੈ ਕਿ ਸਾਹਿਬਜ਼ਾਦਾ ਗੋਬਿੰਦ ਰਾਏ ਦੀ ਆਯੂ ਗੁਰਦੇਵ ਪਿਤਾ ਦੀ ਸ਼ਹਾਦਤ ਸਮੇਂ 10 ਕੁ ਸਾਲ ਦੀ ਸੀ। ਪਰ ਕਨਿੰਘਮ ਅਨੁਸਾਰ ਆਪ ਉਸ ਸਮੇਂ ਪੰਦਰ੍ਹਵੇਂ ਵਰਸ਼ ਵਿਚ ਸਨ। ਇਹ ਰਾਏ ਹਜ਼ੂਰ ਦੇ ਸ੍ਰੀ ਮੁੱਖ ਵਾਕ ਅਨੁਸਾਰ ਠੀਕ ਹੀ ਢੁਕਦੀ ਦਿਸਦੀ ਹੈ, ਕਿਉਂਕਿ ਉਸ ਸਮੇਂ ਆਪ 'ਕਰਮ ਧਰਮ' ਵਿਚ ਆ ਚੁੱਕੇ ਸਨ, ਅਰਥਾਤ ਆਪ ਬਾਲਿਗ ਹੋ ਚੁੱਕੇ ਸਨ। ਇਹ ਆਖਣਾ ਕਠਨ ਹੈ ਕਿ ਉਸ ਸਮੇਂ ਸੰਨੇ ਬਲੋਗ ਕਿੰਨੇ ਸਾਲ ਸੀ। ਪਰ ਉਸ ਸਮੇਂ ਤੋਂ ਡੇਢ ਕੁ ਸੌ ਸਾਲ ਪਿੱਛੋਂ ਸਿੱਖ ਰਾਜ ਵਿਚ 16 ਸਾਲ ਦੀ ਅਵਸਥਾ ਬਾਲਗੀ ਦੀ ਉਮਰ ਸਮਝੀ ਜਾਂਦੀ ਸੀ। ਇਸ ਦਾ ਸਬੂਤ ਭੈਰੋਵਾਲ ਦੀ ਸੰਧੀ (ਜੋ 15 ਦਸੰਬਰ 1846 ਨੂੰ ਕੰਪਨੀ ਅਤੇ ਲਾਹੌਰ ਦਰਬਾਰ ਵਿਚਾਲੇ ਹੋਈ) ਦੀ ਗਿਆਰ੍ਹਵੀਂ ਧਾਰਾ ਤੋਂ ਮਿਲਦਾ ਹੈ ਜਿਸ ਅਨੁਸਾਰ ਮਹਾਰਾਜਾ ਦਲੀਪ ਸਿੰਘ ਦਾ 16 ਸਾਲ ਦੀ ਆਯੂ ਵਿਚ (4 ਦਸੰਬਰ 1850 ਨੂੰ) ਬਾਲਗ ਹੋਣਾ ਮੰਨਿਆ ਗਿਆ ਸੀ। ਕੁਝ ਵੀ ਹੋਵੇ ਗੁਰੂ ਸਾਹਿਬ ਆਪਣੇ ਸ੍ਰੀ ਮੁਖ ਵਾਕ ਅਨੁਸਾਰ ਆਪਣੇ ਗੁਰਦੇਵ ਪਿਤਾ ਦੀ ਸ਼ਹਾਦਤ ਸਮੇਂ ਬਾਲਗ ਹੋ ਚੁੱਕੇ ਸਨ। ਇਸ ਹਕੀਕਤ ਦੀ ਰੋਸ਼ਨੀ ਵਿਚ ਹਜ਼ੂਰ ਦੀ ਤਾਰੀਖੇ ਪੈਦਾਇਸ਼* ਇਸ ਵੇਲੇ ਮੰਨੇ ਜਾਣ ਵਾਲੀ ਤਾਰੀਖ਼ ਤੋਂ ਅਗੇਰੇ ਪਾਉਣੀ ਪਏਗੀ। ਇਸ ਸਬੰਧੀ ਇਕ ਵਾਰ ਸ. ਰਣਧੀਰ ਸਿੰਘ ਗੁਰਦਵਾਰਾ ਇੰਸਪੈਕਟਰ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੇ ਅਜੀਤ ਜਲੰਧਰ ਦੇ ਕਿਸੇ ਦਸਮੇਸ਼ ਅੰਕ ਵਿਚ ਇਕ ਲੇਖ ਦੁਆਰਾ ਇਹ ਸਾਬਤ ਕਰਨ ਦਾ ਯਤਨ ਕੀਤਾ ਸੀ ਕਿ ਦਸਮੇਸ਼ ਪਿਤਾ ਦੀ ਇਸ ਸਮੇਂ ਮੰਨੀ ਜਾਣ ਵਾਲੀ ਤਾਰੀਖੇ ਪੈਦਾਇਸ਼ ਠੋਸ ਤਾਰੀਖੀ ਹਕੀਕਤਾਂ ਦੀ ਰੋਸ਼ਨੀ ਵਿਚ ਸਹੀ ਪ੍ਰਤੀਤ ਨਹੀਂ ਹੁੰਦੀ। ਇਸ ਖੇਤਰ ਵਿਚ ਵਧੇਰੇ ਖੋਜ ਦੀ ਲੋੜ ਹੈ। ਪਰ ਕੁਝ ਵੀ ਹੋਵੇ ਉਪਰਲੀ ਬਹਿਸ ਤੋਂ ਇਨਾ ਕੁ ਜ਼ਰੂਰ ਸਪਸ਼ਟ ਹੋ ਜਾਂਦਾ ਹੈ ਕਿ ਨੌਂਵੇਂ ਪਾਤਸ਼ਾਹ ਆਪਣੇ ਸਪੁਤਰ ਸਹਿਤ ਆਨੰਦਪੁਰ ਕਾਫੀ ਚਿਰ ਰਹੇ ਅਤੇ ਬਾਲਾ ਪ੍ਰੀਤਮ ਨੇ ਆਪਣੇ ਪਿਤਾ ਗੁਰਦੇਵ ਦੇ ਰਜਵੇਂ ਦਰਸ਼ਨ ਕੀਤੇ।

ਫਤਹਿ ਦਿੱਲੀ, ਕਲਗੀਧਰ ਨੰਬਰ, 1959

---

* ਸ. ਰਣਧੀਰ ਸਿੰਘ ਨੇ 'ਸਿੱਖ ਇਤਿਹਾਸ ਦੇ ਪ੍ਰਤਖ ਦਰਸ਼ਨ' ਵਿਚ ਗੁਰੂ ਸਾਹਿਬ ਦੀ ਜਨਮ ਅਤੇ ਜੋਤੀ ਜੋਤ ਸਮਾਣੇ ਦੀ ਤਾਰੀਖ ਇਸ ਤਰ੍ਹਾਂ ਦਿੱਤੀ ਹੈ। ਇਸ ਅਨੁਸਾਰ ਆਪਦੀ ਆਯੂ 39 ਸਾਲ ਬਣਦੀ ਹੈ, ਪਰ ਆਮ ਮਨੌਤ ਅਨੁਸਾਰ ਆਪਜੀ 42 ਸਾਲ ਜੀਵੇ।
ਜਨਮ: 19 ਦਿਸੰਬਰ, 1669
ਜੋਤੀ ਜੋਤਿ ਸਮਾਏ: 7 ਅਕਤੂਬਰ, 1708 (ਸੰਪਾਦਕ)

ਕ੍ਰਾਂਤੀਕਾਰੀ ਕਵੀ

ਗਾਹੇ ਸੂਫ਼ੀ, ਗਾਹੇ ਜ਼ਾਹਦ, ਗਹ ਕਲੰਦਰ ਮੇ ਸ਼ਵਦ।
ਰੰਗ ਹਾਏ ਮੁਖ-ਤਲਿਫ ਦਾਰਦ ਬੁਤੇ ਆਈਯਾਰੇ ਮਾ।

ਭਾਈ ਸਾਹਿਬ ਦੀਵਾਨ ਨੰਦ ਲਾਲ ਜੀ ਗੋਯਾ ਨੇ ਗੁਰੂ ਗੋਬਿੰਦ ਸਿੰਘ ਜੀ ਸੰਬੰਧੀ ਇਹ ਠੀਕ ਹੀ ਤਾਂ ਆਖਿਆ ਸੀ ਕਿ ਉਹਨਾਂ ਵਿਚ ਇਕੋ ਸਮੇਂ ਕਈ ਗੁਣ ਸਨ। ਉਹ ਅਵਤਾਰ ਸਨ, ਪੈਗੰਬਰ ਸਨ, ਧਾਰਮਕ ਨੇਤਾ ਅਤੇ ਸੈਨਾਪਤੀ ਆਦਿ। ਪਰ ਸਭ ਤੋਂ ਵੱਡਾ ਗੁਣ ਸੀ ਉਹਨਾਂ ਦਾ ਉਚ ਕੋਟੀ ਦੇ ਕਵੀ ਹੋਣ ਤੇ ਕਵੀ ਵੀ ਇਨਕਲਾਬ ਲਿਆਣ ਵਾਲੇ। ਆਪ ਦੇ ਬਹੁ ਗੁਣੀ ਵਿਯਕਤੀਤਵ ਨਾਲ ਜੋੜੇ ਜਾਣ ਵਾਲੇ ਕਾਰਨਾਮੇ ਆਪ ਦੇ ਉਸ ਐਲਾਨ ਜਾਂ ਮੈਨੀਫੈਸਟੋ ਦੇ ਗਿਰਦ ਘੁੰਮਦੇ ਪ੍ਰਤੀਤ ਹੁੰਦੇ ਹਨ। ਜੋ ਆਪ ਨੇ ਬਚਿਤ੍ਰ ਨਾਟਕ ਵਿਚ ਕੀਤਾ ਹੈ। ਇਸ ਵਿਚ ਇਨਕਲਾਬ ਉਲਸੇਟੇ ਲੈਂਦਾ ਦਿਸਦਾ ਹੈ ਤੇ ਇਕ ਇਕ ਸ਼ਬਦ 'ਚੋਂ ਕਰਾਂਤ ਦੇ ਉਲੰਬੇ ਉਠਦੇ ਦਿਸਦੇ ਹਨ।

ਕਹਿਯੋ ਪ੍ਰਭੁ ਸੁ ਭਾਖਿ ਹੌ॥
ਕਿਸੂ ਨ ਕਾਨ ਰਾਖਿ ਹੌ॥
ਕਿਸੂ ਨ ਭੇਖ ਬੀਜ ਹੌ॥
ਅਲੇਖ ਬੀਜ ਬੀਜ ਹੌ॥੩੪॥
ਪਖਾਣ ਪੂਜ ਹੌ ਨਹੀ॥
ਨ ਭੇਖ ਬੀਜ ਹੌ ਕਹੀ॥
ਅਨੰਤ ਨਾਮ ਗਾਇ ਹੌ॥
ਪਰੱਮ ਪੁਰਖ ਪਾਇ ਹੌ॥੩੫॥
ਜਟਾ ਨ ਸੀਸ ਧਾਰਿਹੋ॥
ਨ ਮੁੰਦ੍ਰਕਾ ਸੁ ਧਾਰਿਹੋ॥
ਨ ਕਾਨ ਕਾਹੂ ਕੀ ਧਰੋ॥
ਕਹਿਯੋ ਪ੍ਰਭੁ ਸੁ ਮੈ ਕਰੋ॥੩੬॥ ਬਚਿਤ੍ਰ ਨਾਟਕ: ਅੰਕ ੬

ਉਸ ਪਿਛਾ ਖਿਚੂ ਸਮੇਂ ਵਿਚ ਜਦ ਕਿ ਜ਼ਾਹਰੀ ਕਰਮ ਕਾਂਡ, ਪਸਤ ਹਿੰਮਤੀ ਅਤੇ ਇਬਨੁਲਵਕਤੀ (ਸਮੇਂ ਅੱਗੇ ਝੁਕ ਕੇ ਅਸੂਲ ਨੂੰ ਛੱਡ ਦੇਣਾ) ਨਾਲ ਦਿਨ ਕੱਟ ਲੈਣਾ ਹੀ ਜ਼ਿੰਦਗੀ ਦਾ ਮਨੋਰਥ ਸਮਝਿਆ ਜਾਂਦਾ ਸੀ, ਇਹ ਦ੍ਰਿੜ੍ਹ ਵਿਸ਼ਵਾਸੀ ਐਲਾਨ ਚਮਤਕਾਰ ਤੋਂ ਘੱਟ ਨਾ ਸੀ। ਇਹ ਪੈਗ਼ਾਮ ਦੁਨੀਆਂ ਲਈ ਇਕ ਨਵੀਂ ਅਤੇ ਅਨਹੋਣੀ ਜਿਹੀ ਪ੍ਰਤੀਤ ਹੁੰਦੀ ਗੱਲ ਸੀ। ਇਸ ਨੂੰ ਵਰਤੋਂ ਵਿਚ ਲਿਆਉਣ ਅਤੇ ਕਰਾਂਤੀ ਨੂੰ ਸਹੀ ਅਰਥਾਂ ਵਿਚ ਪ੍ਰਗਟਾਉਣ ਲਈ ਆਪਨੇ ਜੋ ਕਦਮ ਚੁਕੇ ਉਹਨਾਂ ਵਿਚੋਂ ਇਕ ਜ਼ਿਚ ਹੋਈ ਪਦ-ਦਲਿੱਤ ਗ਼ੁਲਾਮ ਜਨਤਾ ਨੂੰ ਨਵਾਂ ਜੀਵਨ ਦੇਣ ਵਾਲੇ ਸਾਹਿਤ ਦੀ ਰਚਨਾ ਸੀ। ਉਸ ਸਮੇਂ ਵਿਚ ਕਵਿਤਾ ਸਾਹਿਤ ਦਾ

ਪ੍ਰਧਾਨ ਅੰਗ ਸੀ, ਪਰ ਉਦੋਂ ਦੇ ਕਵੀ ਉਸਾਰੂ ਸਾਹਿਤ ਦੀ ਥਾਂ ਮਾਰੂ ਸਾਹਿਤ ਉਪਜਾਉਣ ਵਿਚ ਆਪਣੀਆਂ ਸ਼ਕਤੀਆਂ ਅਜਾਈਂ ਗੁਆ ਰਹੇ ਸਨ। ਬਿਹਾਰੀ ਦੀ ਸਤ ਸਈ ਅਤੇ ਆਲਮ ਦੀ ਮਾਧਵਨਲ ਕਾਮ ਕੰਦਲਾ ਜਿਨ੍ਹਾਂ ਵਿਚ ਸ਼ਿੰਗਾਰ ਰਸ ਪ੍ਰਧਾਨ ਸੀ, ਉਸ ਗਏ ਗੁਜ਼ਰੇ ਸਮੇਂ ਦੀ ਨਿਘਰਦੀ ਸੁਸਾਇਟੀ ਲਈ ਜ਼ਹਿਰ ਤੋਂ ਘਟ ਨਹੀਂ ਸਨ। ਚੁਨਾਂਚਿ ਆਪ ਨੇ ਉਸ ਯੁਗ ਦੇ ਪ੍ਰਸਿੱਧ ਅਤੇ ਸਿਰ ਕਢਵੇਂ ਕਵੀਆਂ ਦੀ ਅਗਵਾਈ ਅਤੇ ਸਰਪ੍ਰਸਤੀ ਕੀਤੀ। ਉਹਨਾਂ ਦੀ ਸੁਤੀ ਕਲਾ ਅਤੇ ਉਸਾਰੂ ਸ਼ਕਤੀਆਂ ਨੂੰ ਜਗਾਇਆ ਅਤੇ ਉਹਨਾਂ ਨੂੰ ਨਿਗਰ, ਨਰੋਇਆ ਅਤੇ ਉਪਯੋਗੀ ਸਾਹਿਤ ਪੈਦਾ ਕਰਨ ਵਲ ਲਾਇਆ ਜੋ ਸੁੱਤੀ ਪਈ ਜਨਤਾ ਨੂੰ ਝੂਣ ਜਗਾ ਦਏ। ਮਤਾਂ ਦੁਨਿਆਵੀ ਲੋੜਾਂ ਉਹਨਾਂ ਦਾ ਰਾਹ ਰੋਕ ਖਲੋਵਨ, ਆਪ ਨੇ ਉਹਨਾਂ ਨੂੰ ਮਾਇਕ ਔਕੜਾਂ ਤੋਂ ਚੰਗੀ ਤਰ੍ਹਾਂ ਆਜ਼ਾਦ ਕਰ ਦਿੱਤਾ। ਕਵੀ ਸੈਨਾਪਤੀ ਨੂੰ ਆਪ ਨੇ ਚਾਣਕ ਨੀਤੀ ਦਾ ਅਨੁਵਾਦ ਕਰਨ ਬਦਲੇ ਫੀ ਛੰਦ ਪੰਜ ਮੋਹਰਾਂ ਦਿੱਤੀਆਂ ਹਾਲਾਂਕਿ ਇਕਰਾਰ ਫ਼ੀ ਛੰਦ ਇਕ ਮੋਹਰ ਦਾ ਸੀ, ਹੰਸ ਰਾਮ ਨੂੰ ਮਹਾਂ ਭਾਰਤ ਦੇ ਕਰਨ ਪਰਬ ਦਾ ਉਲਥਾ ਕਰਨ ਪੁਰ ਸਠ ਹਜ਼ਾਰ ਰੁਪਿਆ ਇਨਾਮ ਦਿੱਤਾ। ਇਸ ਤਰ੍ਹਾਂ ਆਪ ਨੇ ਜਨਤਾ ਦੇ ਜੰਮੇ ਹੋਏ ਖ਼ੂਨ ਨੂੰ ਸਾਹਿਤ ਰਾਹੀਂ ਮੁੜ ਖੌਲਣ ਦਾ ਅਵਸਰ ਦਿੱਤਾ। ਜਿਨ੍ਹਾਂ ਨੇ ਗਿਆਨੀ ਗਿਆਨ ਸਿੰਘ ਦੇ ਕਹਿਣ ਅਨੁਸਾਰ "ਨੰਗੀ ਕਰਦੀ ਕਦੀ ਨਹੀਂ ਪਕੜੀ" ਅਤੇ ਜੋ ਕਦੇ ਕਹਿੰਦੇ ਹੁੰਦੇ ਸਨ "ਹਮ ਤੋ ਤੋਲਣ ਜਾਨੈ ਤਕੜੀ", ਉਹ ਰਾਮਾਇਣ, ਮਹਾਂ ਭਾਰਤ ਅਤੇ ਚੰਡੀ ਚਿਤ੍ਰ ਦੇ ਵੀਰ ਪਾਤਰਾਂ ਸੰਬੰਧੀ ਕਾਵਿ ਪੜ੍ਹ ਸੁਣ ਕੇ ਗੁਰੂ ਜੀ ਦੇ ਸੁਰ ਵਿਚ ਸੁਰ ਮਿਲਾ ਕੇ ਪੁਕਾਰ ਉਠੇ-

ਦੇਹਿ ਸ਼ਿਵਾ ਬਰ ਮੋਹਿ ਇਹੈ ਸਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ॥
ਅਰ ਸਿੱਖ ਹੌਂ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ
ਜਬ ਆਵਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ॥੨੩੧
ਚੰਡੀ ਚਰਿਤ੍ਰ ਉਕਤਿ ਬਿਲਾਸ॥

ਸ਼ਾਇਦ ਇਕਬਾਲ ਨੇ ਇਹ ਆਪ ਲਈ ਹੀ ਆਖਿਆ ਸੀ-

ਨਵਾ ਪੈਰਾ ਹੋ ਐ ਬੁਲਬੁਲ, ਕਿਹੋ ਤੇਰੇ ਨਰਨੱਮ ਸੇ।
ਕਬੂਤਰ ਕੇ ਤਨੇ ਨਾਜ਼ੁਕ ਮੇਂ ਸਾਹੀ ਕਾ ਜਿਗਰ ਪੈਦਾ।

ਆਪ ਦੀ ਜ਼ਿੰਦਗੀ ਦਾ ਉਚੇਚਾ ਮੰਤਵ ਅਤੇ ਆਪ ਦਾ ਸਭ ਤੋਂ ਵੱਡਾ ਕਾਰਨਾਮਾ ਹੈ, ਖਾਲਸਾ ਪ੍ਰਗਟ ਕਰਨਾ। ਇਹ ਵੀ ਇਕ ਮਹਾਨ ਕਵੀ ਤੋਂ ਹੀ ਸੰਭਵ ਹੋ ਸਕਦਾ ਸੀ। ਐਮਰਸਨ ਜੀ ਦਾ ਕਥਨ ਹੈ 'ਕਵੀ ਕੋਈ ਅਜਿਹਾ ਕੁਦਰਤੀ ਨਜ਼ਾਰਾ ਜਾਂ ਪਦਾਰਥ ਨਹੀਂ ਦੇਖ ਸਕਦਾ, ਜਿਸਦੇ ਬਰਾਬਰ ਦਾ ਨਮੂਨਾ ਪਹਿਲਾਂ ਹੀ ਉਹਦੇ ਤਸੱਵਰ ਵਿਚ ਨਾ ਹੋਵੇ।' ਖਾਲਸਾ ਜਿਹੀ ਉਚੀ ਹਸਤੀ ਦਾ ਤਸੱਵਰ ਗੁਰੂ ਗੋਬਿੰਦ ਸਿੰਘ ਵਰਗੇ ਮਹਾਂ ਕਵੀ ਦੇ ਦਿਮਾਗ ਵਿਚ ਹੀ ਆ ਸਕਦਾ ਸੀ। ਸਰ ਲੈਪਲ ਗ੍ਰਿਫ਼ਨ ਨੇ ਠੀਕ ਆਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਆਪਣੇ ਮੁਸਤਕ 'ਚੋਂ ਇੱਦਾਂ ਉਤਪੰਨ ਕੀਤਾ ਜਿਵੇਂ ਜੂਪੀਟਰ ਨੇ ਮਿਨਰਵਾ।

ਆਪ ਨੇ ਬੁਝ ਲਿਆ ਸੀ ਕਿ ਜਿਵੇਂ ਇਨਸਾਨੀ ਸਰੀਰ ਵਿਚ ਫੌਲਾਦ ਦੇ ਘਾਟੇ ਦੇ ਕਾਰਨ ਉਸ ਵਿਚ ਕਈ ਰੋਗ ਘਰ ਕਰ ਲੈਂਦੇ ਹਨ, ਇਸੇ ਤਰ੍ਹਾਂ ਬੇ-ਹਥਿਆਰ ਅਤੇ ਨਿਹੱਥੀ ਕੌਮ ਵਿਚ ਕਈ ਗਿਰਾਵਟਾਂ ਅਤੇ ਕਮਜ਼ੋਰੀਆਂ ਪੈਦਾ ਹੋ ਜਾਂਦੀਆਂ ਹਨ ਜੋ ਉਸ ਦੀ ਮੌਤ

ਅਰਥਾਤ ਗੁਲਾਮੀ ਦਾ ਕਾਰਨ ਬਣਦੀਆਂ ਹਨ। ਉਸ ਕੌਮ ਨੂੰ ਫੌਲਾਦੀ ਇਨਜੈਕਸ਼ਨ ਦੀ ਲੋੜ ਪੈਂਦੀ ਹੈ। ਆਪ ਨੇ ਇਸ ਗੱਲ ਨੂੰ ਮੁੱਖ ਰੱਖਕੇ ਢਹਿੰਦੀ ਕਲਾ ਵਲ ਜਾ ਰਹੀ ਜਨਤਾ ਵਾਸਤੇ ਇਹ ਨੁਸਖ਼ਾ ਤਜਵੀਜ਼ ਕੀਤਾ-

ਚੁ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤੁ ਬੁਰਦਨ ਬ ਸਮਸ਼ੇਰ ਦਸਤ ॥੨੨॥ ਜ਼ਫਰਨਾਮਾਹ

ਇਥੋਂ ਤੱਕ ਕਿ ਆਪ ਨੇ ਪਰਮਾਤਮਾ ਦਾ ਨਾਉਂ ਵੀ 'ਸਰਬ ਲੋਹ' ਰਖਿਆ ਅਤੇ ਆਖਿਆ:-

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥੩॥ ਸ਼ਸ਼ਤਰਨਾਮ ਮਾਲਾ ॥

ਭਾਵੇਂ ਦੁਨੀਆਂ ਦੇ ਮੌਜੂਦਾ ਸ਼ਾਂਤਮਈ ਨੁਕਤਾਚੀਨੀ ਤੇ ਵਿਚਾਰਵਾਨ ਗੁਰੂ ਮਹਾਰਾਜ ਦੇ ਇਸ ਕਰਮ ਬਾਰੇ ਕੋਈ ਚੰਗੀ ਜਾਂ ਮੰਦੀ ਰਾਏ ਬਨਾਉਣ, ਪਰ ਸੁਲਝੇ ਹੋਏ ਖਿਆਲਾਂ ਦੇ ਮਾਲਕ ਦੂਰ ਅੰਦੇਸ਼ ਵਿਚਾਰਵਾਨ ਸਦਾ ਆਪ ਦੇ ਹੱਕ ਵਿਚ ਰਾਏ ਦੇਣਗੇ। ਐਡਮੰਡ ਕੈਂਡਲਰ ਸਾਹਿਬ (Mantle of the East) ਵਿਚ ਲਿਖਦੇ ਹਨ "ਜਦ ਗੁਰੂ ਗੋਬਿੰਦ ਸਿੰਘ ਜੀ ਨੇ ਫੌਲਾਦ (Steel) ਦਾ ਮਸਲਾ ਜਾਰੀ ਕੀਤਾ ਤਾਂ ਉਹਨਾਂ ਨੇ ਆਪਣੇ ਆਪ ਨੂੰ ਇਕ ਦੂਰ ਅੰਦੇਸ਼ ਅਤੇ ਸਮਝਦਾਰ ਨੇਤਾ ਸਾਬਤ ਕੀਤਾ। ਕਿਉਂਕਿ ਉਹਨਾਂ ਸਾਰੀਆਂ ਮਾਦੀ ਚੀਜ਼ਾਂ ਵਿਚੋਂ ਜਿਨ੍ਹਾਂ ਨੂੰ ਇਨਸਾਨੀ ਅਕਲ ਨੇ ਆਤਮਕ ਮਹੱਤਤਾ ਦਿੱਤੀ ਹੈ, ਫੌਲਾਦ (ਸ਼ਸਤਰ) ਸਭ ਤੋਂ ਸੱਚਾ ਅਤੇ ਨਾ ਲਿਫ਼ਣ ਵਾਲਾ ਸਾਬਤ ਹੋਇਆ ਹੈ। ਇਨਸਾਨੀਅਤ ਦੇ ਪੁਜਾਰੀ ਭਾਵੇਂ ਕੁਝ ਪਏ ਆਖਣ ਕੋਈ ਕੌਮ ਇਸ ਤੋਂ ਬਿਨਾਂ ਪਾਕ ਨਹੀਂ ਹੋਈ ਅਤੇ ਸੋਧੀ ਨਹੀਂ ਗਈ।"

ਆਪ ਦੀ ਕਵਿਤਾ ਵਿਚ ਨਵੀਨਤਾ ਅਤੇ ਮੌਲਿਕਤਾ ਹੈ। ਆਪ ਨੇ ਇਸ ਖੇਤਰ ਵਿਚ ਕਈ ਨਵੀਆਂ ਰਾਹਾਂ ਖੋਲ੍ਹੀਆਂ। ਕਨਿੰਘਮ ਦੇ ਸ਼ਬਦਾਂ ਵਿਚ ਆਪ ਫਿਲਾਸਫਰ ਸਨ ਅਤੇ ਆਪ ਚੰਗੀ ਤਰ੍ਹਾਂ ਜਾਣਦੇ ਸਨ ਕਿ ਲੋਕਾਂ ਦੀ ਸੋਚ ਨੂੰ ਕਿਵੇਂ ਢਾਲਿਆ ਜਾ ਸਕਦਾ ਹੈ। ਆਪ ਨੇ ਪੰਜਾਬੀ, ਬ੍ਰਿਜ ਭਾਸ਼ਾ ਅਤੇ ਫ਼ਾਰਸੀ ਵਿਚ ਕਵਿਤਾ ਉਚਾਰੀ ਹੈ। ਪੰਜਾਬੀ ਵਿਚ ਕੇਵਲ 'ਚੰਡੀ ਦੀ 'ਵਾਰ' ਹੈ, ਜੋ ਬੀਰ ਰਸ ਨਾਲ ਭਰਪੂਰ ਹੈ। ਆਪ ਦੀ ਖਿਆਲ ਉਡਾਰੀ ਅਤੇ ਅਲੰਕਾਰਾਂ ਦੀ ਉਚਤਾ ਅਤੇ ਭਾਵਾਂ ਦੀ ਮੌਲਿਕਤਾ ਤੇ ਨਵੀਨਤਾ ਦਾ ਅੰਦਾਜ਼ਾ ਹੇਠ ਲਿਖੀਆਂ ਪੌੜੀਆਂ ਤੋਂ ਲਗ ਸਕਦਾ ਹੈ। ਦੇਵੀ ਦੇ ਤਲਵਾਰ ਦੇ ਫਟ ਦੀ ਉਪਮਾ ਤਕੋ:-

ਚੋਟ ਪਈ ਦਮਾਮੇ ਦਲਾ ਮੁਕਾਬਲਾ ॥
ਦੇਵੀ ਦਸਤ ਨਚਾਈ ਸੀਹਣਿ ਸਾਰ ਦੀ ॥
ਪੇਟ ਮਲੰਦੇ ਲਾਈ, ਮਹਿਖੇ ਦੈਤ ਨੂੰ ॥
ਗੁਰਦੇ ਆਂਦਾਂ ਖਾਈ, ਨਾਲੇ ਰੁਕੜੇ ॥
ਜੇਹੀ ਦਿਲ ਵਿਚ ਆਈ, ਕਹੀ ਸੁਣਾਇ ਕੇ ॥
ਚੋਟੀ ਜਾਣ ਦਿਖਾਈ, ਤਾਰੇ ਧੂਮ ਕੇਤ ॥੧੦॥

ਸੱਟ ਪਈ ਜਮਧਾਣੀਂ, ਦਲਾ ਮੁਕਾਬਲਾ,
ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ,
ਚੰਡੀ ਰਾਕਸ਼ਿ ਖਾਣੀ, ਵਾਹੀ ਦੈਤ ਨੂੰ,
ਕੋਪਰਚੂਰ ਚਵਾਣੀ ਲਥੀ ਕਰਗ ਲੈ,
ਪਾਖਰ ਤੁਰਾ ਪਲਾਣੀ ਰੜਕੀ ਧੌਲ ਜਾਇ,
ਲੈਦੀ ਅਘਾ ਸਿਧਾਣੀ, ਸਿੰਗਾ ਧਉਲਦਿਆਂ
ਕੂਰਮ ਸਿਰ ਲਹਿਲਾਣੀ, ਦੁਸ਼ਮਣ ਮਾਰਕੈ।
ਵੱਢੇ ਗਨ ਤਿਖਾਣੀ ਮੂਏ ਖੇਤ ਵਿਚ॥
ਰਣ ਵਿਚ ਘੱਤੀ ਘਾਣੀ ਲੋਹੂ ਮਿੱਝ ਦੀ॥
ਚਾਰੇ ਜੁਗ ਕਹਾਣੀ ਚੱਲਗ ਤੇਗ ਦੀ॥
ਬਿੱਧਣ ਖੇਤ ਵਿਹਾਣੀ ਮਹਖੈ ਦੈਤ ਨੂੰ॥੧੯॥ ਵਾਰ ਭਗਉਤੀ

ਦੁਰਗਾ ਨੇ ਮਹਿਖਾਸੁਰ ਦੈਂਤ ਉਤੇ ਤਲਵਾਰ ਨਾਲ ਵਾਰ ਕੀਤਾ। ਪਹਿਲੀ ਹਾਲਤ ਵਿਚ ਉਹ ਵਾਰ ਪੇਟ 'ਤੇ ਪਿਆ ਅਤੇ ਉਹਦੇ ਗੁਰਦੇ ਬਾਹਰ ਆ ਗਏ। ਤਲਵਾਰ ਦੀ ਨੋਕ ਨਾਲ ਆਂਦਰਾਂ ਦੀਆਂ ਤਾਰਾਂ ਨਿਕਲਦੀਆਂ ਇਉਂ ਪ੍ਰਤੀਤ ਹੋਈਆਂ ਜਿਵੇਂ ਅਸਮਾਨ ਤੇ ਬੋਦੀ ਵਾਲਾ ਧਰੂਕੇਤੂ ਤਾਰਾ ਨਿਕਲਦਾ ਹੈ। ਦੂਜੀ ਹਾਲਤ ਵਿਚ ਤਲਵਾਰ ਸਰੀਰ ਨੂੰ ਵੱਢ ਕੇ ਘੋੜੇ ਅਤੇ ਪਲਾਣ ਨੂੰ ਚੀਰਦੀ ਧਰਤੀ ਤੋਂ ਪਤਾਲ ਵਿਚ, ਧੌਲ ਦੇ ਸਿੰਘਾਂ ਤੋਂ ਵੀ ਪਰੇ ਕੱਛੂ ਕੁੰਮੇ ਤੇ ਜਾ ਪਈ। ਕਵੀ ਦੀ ਕਲਪਨਾ ਦੀ ਡੂੰਘਾਈ ਦੀ ਦਾਦ ਦਿੱਤੇ ਬਿਨਾਂ ਨਹੀਂ ਰਿਹਾ ਜਾਂਦਾ।

ਫਾਰਸੀ ਦੀਆਂ ਰਚਨਾਵਾਂ ਵਿਚ ਹਕਾਇਤਾਂ, ਜ਼ਫਰਨਾਮਾ ਅਤੇ ਫ਼ਤਹਨਾਮਾ ਸ਼ਾਮਲ ਹਨ। ਛੇਕੜਲੀਆਂ ਆਪ ਦੇ ਪਤ੍ਰ ਹਨ ਔਰੰਗਜ਼ੇਬ ਦੇ ਨਾਮ ਜਿਸ ਵਿਚ ਨਗਨ ਸਚਾਈ ਹੈ। ਮੁਗ਼ਲੀਆ ਸਾਮਰਾਜ ਦੀ ਬਦਇੰਤਜ਼ਾਮੀ, ਅਹਿਲਕਾਰਾਂ ਅਤੇ ਸੂਬਿਆਂ ਦੀ ਨਾਲਾਇਕੀ ਅਤੇ ਖੁਦ ਬਾਦਸ਼ਾਹ ਦੇ ਚਲਣ ਦੀ ਮੂੰਹੋਂ ਬੋਲਦੀ ਤਸਵੀਰ ਹੈ। ਅੱਖਰ ਅੱਖਰ ਤੋਂ ਗੁਰੂ ਜੀ ਦੀ ਨਿਰਭੈਤਾ, ਦ੍ਰਿੜ ਵਿਸ਼ਵਾਸ ਤੇ ਅਡੋਲਤਾ ਦਾ ਕਮਾਲ, ਵੀਰਤਾ ਦਾ ਜਮਾਲ ਅਤੇ ਈਮਾਨਦਾਰੀ ਦਾ ਜਲਾਲ ਚੋ-ਚੋ ਪੈਂਦਾ ਹੈ। ਨਿਰਾ ਆਪਨੇ ਬਾਦਸ਼ਾਹ ਨੂੰ ਤਾੜਿਆ ਹੀ ਨਹੀਂ, ਸਗੋਂ ਇਸ ਚਾਲਬਾਜ਼ੀ ਦੇ ਜੰਗਲ 'ਚ, ਉਹਨੂੰ ਫਸੇ ਨੂੰ ਬਾਹਰ ਨਿਕਲਣ ਦਾ ਢੰਗ ਦੱਸਦੇ ਹੋਏ ਨਸੀਹਤ ਵੀ ਕੀਤੀ ਹੈ। ਆਪ ਝੂਠ ਬੋਲਣ ਅਤੇ ਕਸਮ ਦੇ ਕੌਲ ਤੋੜਨ ਵਾਲਿਆਂ ਦੇ ਵੈਰੀ ਸਨ:

(1) *ਮਨ ਅਕਨੂੰ ਬ-ਅਫਜ਼ਾਲ ਪੁਰਸ਼ੇ ਅਕਾਲ।*
ਕੁਨਮ ਜ਼ਿਆਬੇ ਆਹਨ ਚੁਨਾ ਬੁਰਸਗਾਲ। ਫ਼ਤਹਨਾਮਾਹ

ਹੁਣ ਮੈਂ ਅਕਾਲ ਪੁਰਖ ਦੀ ਕਿਰਪਾ ਨਾਲ ਇਸ ਤਰ੍ਹਾਂ ਲੋਹੇ ਦੀ ਬਰਖਾ ਕਰਾਂਗਾ।

ਚੁਨਾ ਆਤਿਸ਼ੇ ਜੇਰਿ ਨਾਅਮਤ ਨਿਹਮ॥
ਕਿ ਪੰਜਾਬ ਆਬਤ ਨਾ ਖੁਰਦਨ ਦਿਹਮ॥੧੩॥ ਫਤਹਨਾਮਹ

ਮੈਂ ਇੱਦਾਂ ਤੇਰੇ ਘੋੜੇ ਦੇ ਪੈਰਾਂ ਹੇਠ ਅੱਗ ਰਖਾਂਗਾ ਕਿ ਤੈਨੂੰ ਪੰਜਾਬ ਦਾ ਪਾਣੀ ਨਹੀਂ ਪੀਣ ਦਿਆਂਗਾ।

(3) *ਬਾ ਸੌਗੰਦ ਤੋਂ ਇਤਬਾਰੇ ਨਾ ਮਾਨਦ।*
ਮਰਾ ਜੁਜ਼ ਬ ਸ਼ਮਸ਼ੀਰ ਕਾਰੇ ਨਾ ਮਾਨਦ। ਫਤਹਨਾਮਾਹ-੧੭

ਮੈਨੂੰ ਤੇਰੀ ਸੌਗੰਦ ਉਤੇ ਇਤਬਾਰ ਨਹੀਂ ਰਿਹਾ ਅਤੇ ਸਵਾਏ ਤਲਵਾਰ ਫੜਨ ਤੋਂ ਹੋਰ ਕੋਈ ਚਾਰਾ ਨਹੀਂ।

(4) *ਮ ਜ਼ਨ ਤੇ.ਗ ਬਰ ਖ਼ੂੰਨ ਕਸ ਬੇ ਦਰੇ.ਗ।*

ਤੁਰ ਨੀਜ਼ ਖ਼ੂੰਨ ਅਸਤ ਬਾ ਚਰਖ਼ ਤੇ.ਗ। ਜ਼ਫਰਨਾਮਾਹ-੬੯

ਕਿਸੇ ਦਾ ਬੇਦਰਦ ਹੋ ਕੇ ਖ਼ੂਨ ਨਾ ਵਗਾ ਕਿਉਂਕਿ ਤੇਰੇ ਸਿਰ 'ਤੇ ਭੀ ਆਸਮਾਨੀ ਤੇਗ ਲਟਕਦੀ ਹੈ।

(5) *ਚਿ ਮਰਦੀ ਕਿ ਅਖ਼ਗਰ ਖਮੋਸ਼ਾਂ ਕੁਨੀ।*

ਕਿ ਆਤਸ਼ ਦਮਾ ਰਾ ਫਰੋਜ਼ਾਂ ਕੁਨੀ। ਜ਼ਫਰਨਾਮਾਹ-੭੯

ਇਹ ਕੀ ਬੀਰਤਾ ਹੈ ਕਿ ਤੂੰ ਚੰਗਿਆੜੇ ਬੁਝਾ ਰਿਹਾ ਹੈਂ ਅਤੇ ਸੁਲਗ ਰਹੀ ਅੱਗ ਨੂੰ ਹਵਾ ਦੇ ਰਿਹਾ ਹੈਂ।

(6) *ਅਗਰ ਕਾਰ ਈਂ ਬਰੁਤੁ ਬਸਤੀ ਕਮਰ।*

ਖ਼ੁਦਾਵੰਦ ਬਾਸ਼ਦ ਤੁਰਾ ਬਹਿਰ ਵਰ। ਜ਼ਫਰਨਾਮਾਹ-੮੩

ਜੇ ਤੂੰ ਅਜਿਹੇ ਕੰਮਾਂ 'ਤੇ ਹੀ ਲੱਕ ਬੰਨ੍ਹ ਲਿਆ ਹੈ ਤਾਂ ਰੱਬ ਹੀ ਤੈਨੂੰ ਇਸ ਦਾ ਸਿਲਾ ਦੇਵੇਗਾ।

ਇਹਨਾਂ ਖਤਾਂ ਦੀ ਇਤਿਹਾਸਕ ਮਹੱਤਤਾ ਭੀ ਹੈ। ਜ਼ਫਰਨਾਮੇ ਵਿਚ ਚਮਕੌਰ ਦੀ ਲੜਾਈ ਦਾ ਜ਼ਿਕਰ ਹੈ ਜਿਥੇ ਗੁਰੂ ਸਾਹਿਬ ਦਸਦੇ ਹਨ ਕਿ ਦਸ ਲੱਖ ਵੈਰੀ ਦੀ ਫੌਜ ਨਾਲ ਚਾਲੀ ਸੂਰਮੇ ਲੜਦੇ ਰਹੇ। ਇਹਨਾਂ ਦੀ ਕਦਰ ਕੀਮਤ ਹੋਰ ਵੀ ਉਘੜ ਆਉਂਦੀ ਹੈ, ਗੁਰੂ ਸਾਹਿਬ ਵਲੋਂ ਲਿਖੀ ਇਹ ਚਿੱਠੀ ਜਿਥੇ ਇਕ ਫਾਰਸੀ ਜਬਾਨ 'ਚ ਸ਼ਾਹਕਾਰ ਹੈ ਉਥੇ ਇਹਨਾਂ ਸ਼ੇਅਰਾਂ ਨੂੰ ਸ਼ਰਧਾ, ਸਤਿਕਾਰ ਅਤੇ ਪ੍ਰੇਮ ਦੇ ਜਜ਼ਬੇ ਨਾਲ ਹਰ ਅੱਖਰ ਨੂੰ ਡੂੰਘਾਈ 'ਚ ਜਾ ਕੇ ਸਮਝਣ ਅਤੇ ਪਹਿਚਾਣਨ ਦੀ ਲੋੜ ਹੈ। ਹਰ ਇਕ ਸਿੱਖ ਇਸਨੂੰ ਪੜ੍ਹਨ ਅਤੇ ਸੁਣਨ ਵੇਲੇ ਇਸਦੇ ਕਥਾ ਵਸਤੂ ਅਤੇ ਪਿਛੋਕੜ ਵਲ ਸਹਿਜੇ ਹੀ ਪਹੁੰਚ ਜਾਂਦਾ ਹੈ ਅਤੇ ਗੁਰੂ ਸਾਹਿਬ ਦੇ ਮਹਾਨ ਵਿਅਕਤਿਤਵ ਨਾਲ ਘਟੀਆਂ ਘਟਨਾਵਾਂ ਆਪ ਮੁਹਾਰੇ ਸਾਹਮਣੇ ਆ ਜਾਂਦੀਆਂ ਹਨ। ਸਾਹਿਬੇ ਕਮਾਲ, ਬੇਮਿਸਾਲ ਅਤੇ ਬਾਕਮਾਲ ਦਸਮੇਸ਼ ਪਿਤਾ ਅਧਿਆਤਮਕ ਆਗੂ ਹੋਣ ਦੇ ਨਾਲ ਨਾਲ ਉਹ ਇਕ ਸਰਬ-ਸ੍ਰੇਸ਼ਟ ਸ਼ਾਇਰ ਵੀ ਸਨ-ਜਿਹਨਾਂ ਨੇ ਢਹਿੰਦੀ ਲੋਕਾਈ ਨੂੰ ਆਪਣੀ ਕਵਿਤਾ ਨਾਲ ਥੰਮੀਆਂ ਦਿੱਤੀਆਂ। ਗੁਰੂ ਸਾਹਿਬ ਦੀ ਫਾਰਸੀ ਰਚਨਾ ਜ਼ਫਰਨਾਮਾ ਇਕ ਸਚਾਈ ਹੈ ਅਤੇ ਸਮੇਂ ਦੇ ਸ਼ਾਸਕ ਨੂੰ ਇਕ ਚੁਨੌਤੀ ਵੀ ਸੀ। ਇਸ ਕਵਿਤਾ ਵਿਚ ਸਚਾਈ ਉਘੜ ਕੇ ਆਉਂਦੀ ਹੈ। ਗੁਰੂ ਸਾਹਿਬ ਨੇ ਬਗੈਰ ਕਿਸੀ ਲਾਗ ਲਪੇਟ ਕੇਵਲ ਸਚਾਈ ਨੂੰ ਹੀ ਅਪਣਾਇਆ ਹੈ।

ਹਕੁ ਹਕੁ ਆਈਨਾ ਗੁਰੂ ਗੋਬਿੰਦ ਸਿੰਘ

ਖਾਲਸੇ, ਬੇ ਕੀਨਾ ਗੁਰੂ ਗੋਬਿੰਦ ਸਿੰਘ। (ਭਾਈ ਨੰਦ ਲਾਲ)

ਬਾਕੀ ਰਿਹਾ ਆਪ ਦੀ ਬ੍ਰਿਜ ਭਾਸ਼ਾ ਜਾਂ ਅਖੌਤੀ ਹਿੰਦੀ ਦੀ ਕਵਿਤਾ ਦਾ ਭੰਡਾਰ, ਉਸ ਦੇ ਮੁਤੱਲਕ ਰਾਏ ਕਾਇਮ ਕਰਨਾ ਸੌਖੀ ਗੱਲ ਨਹੀਂ। ਛੰਦਾਂ ਦੀ ਬਹੁਲਤਾ, ਭਾਵਾਂ ਦੀ ਤੀਬਰਤਾ ਅਤੇ ਬਹੁਰੂਪਤਾ ਇਤਨੀ ਹੈ ਕਿ ਉਹਨਾਂ 'ਤੇ ਸਮਾਲੋਚਨਾ ਕਰਦਿਆਂ ਹੀ ਇਕ ਤਕੜਾ ਗ੍ਰੰਥ ਲਿਖਿਆ ਜਾ ਸਕਦਾ ਹੈ। ਡਾਕਟਰ ਗੋਕਲ ਚੰਦ ਜੀ ਲਿਖਦੇ ਹਨ ਕਿ ਉਸ (ਕਵਿਤਾ) ਦੀ ਸਾਹਿਤਕ ਅਤੇ ਕਾਵਿਯ ਉਤਮਤਾ ਇਤਨੀ ਉਚੀ ਅਤੇ ਮਹਾਨ ਹੈ ਕਿ ਉਸ ਦੇ ਬਹੁਤ ਸਾਰੇ ਭਾਗ ਨੂੰ ਹਿੰਦੀ ਦੀ ਗਾਥਾ ਅਤੇ ਬਿਆਨੀਆ (ਵਰਣਨਾਤਮਕ) ਕਵਿਤਾ

ਵਿਚ ਸਭ ਤੋਂ ਉੱਚਾ ਦਰਜਾ ਪ੍ਰਾਪਤ ਹੈ। (Transformation of Sikhism Appendix I)

ਆਪ ਜੀ ਨੇ ਸਮੇਂ ਦੀ ਤਰਸਯੋਗ ਸਮਾਜਕ, ਭਾਈਚਾਰਕ ਅਤੇ ਧਾਰਮਿਕ ਦਸ਼ਾ 'ਤੇ ਵਿਅੰਗ ਪੂਰਤ ਕਟਾਖਸ਼ ਕੀਤੇ ਹਨ। ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਇਤਰਾਜ਼ ਯੋਗ ਰਸਮਾਂ ਰਿਵਾਜ਼ਾਂ ਅਤੇ ਫਜ਼ੂਲ ਤੇ ਓਪਰੇ ਦੰਭ ਰੂਪੀ ਕਰਮ ਕਾਂਡ ਉਤੇ ਕਰੜੀ ਨੁਕਤਾਚੀਨੀ ਕੀਤੀ ਹੈ ਅਤੇ ਹੋਣੀ ਵੀ ਚਾਹੀਏ ਕਿਉਂਕਿ ਉਪਰੋਕਤ ਨਾਰੰਗ ਜੀ ਦੀ ਆਪਣੀ ਇੱਕ ਦੂਜੀ ਪੁਸਤਕ (Real Hinduism-ਅਸਲੀ ਹਿੰਦੂ ਧਰਮ) ਦੇ ਮੁਖਬੰਦ ਵਿਚ ਬੁਤ ਪੂਜਾ ਹਿੰਦੂਆਂ ਦੇ ਕਿਸੇ ਮੰਨਣ ਯੋਗ ਗ੍ਰੰਥ ਵਿਚ ਜਾਇਜ਼ ਨਹੀਂ ਦੱਸੀ ਗਈ। ਉਹ ਦਸਦੇ ਹਨ ਕਿ ਇਹ ਬੁਰਿਆਈ ਇਸਲਾਮ ਵਿਚ ਵੀ ਮੜ੍ਹੀ, ਗੋਰ ਅਤੇ ਮਜ਼ਾਰ ਦੀ ਜ਼ਿਆਰਤ ਦੇ ਰੂਪ ਵਿਚ ਪਰਵੇਸ਼ ਕਰ ਚੁੱਕੀ ਹੈ। ਇਸ ਤੋਂ ਸਤੀ ਦੀ, ਸਭਿਅਤਾ ਤੋਂ ਗਿਰੀ ਹੋਈ ਨਿਰਦਈ ਰਸਮ, ਕਾਂਸ਼ੀ ਵਿਚ ਕਰਵਤ* ਉਤੇ ਜਾਨ ਦੇਣਾ, ਕੰਨਿਆਂ ਦੀ ਹੱਤਿਆ, ਪਰਾਏ ਮਰਦ ਅਤੇ ਪਰਾਈ ਔਰਤ ਨਾਲ ਕਾਮ ਆਤਰ ਹੋ ਕੇ ਨਾਜਾਇਜ਼ ਤਅਲੁਕ ਪੈਦਾ ਕਰਨਾ, ਐਸੀਆਂ ਗੱਲਾਂ ਸਨ ਜਿਹਨਾਂ ਤੋਂ ਇਕ ਬੀ ਅਤੇ ਸ਼ਰੋਮਣੀ ਕਵੀ ਅਨੁਭਾਵਿਤ ਕਿਵੇਂ ਰਹਿ ਸਕਦਾ ਸੀ। ਦੂਜੇ ਪਾਸੇ ਧਰਮ ਦੇ ਨਾਂ ਤੇ ਠੱਗੀ, ਅੱਖਾਂ ਵਿਚ ਤੇਲ ਪਾ ਕੇ ਬਨਾਵਟੀ ਅਥਰੂ ਵਗਾਣਾਂ ਤਾਂ ਇੰਝ ਸੀ ਕਿ ਰੱਬ ਨੂੰ ਮਿਲਣ ਲਈ ਵੈਰਾਗ ਦਾ ਠੇਕਾ ਲੈ ਰੱਖਿਆ ਹੋਵੇ। ਬ੍ਰਾਹਮਣ ਆਪਣੇ ਧਰਮ ਤੋਂ ਕੋਹਾਂ ਦੂਰ ਨਿਕਲ ਗਿਆ ਸੀ। ਰਨ ਖੰਭਕਲਾ ਚਿੱਤਰ ਦੀ ਨਾਇਕਾ ਦੇ ਕਥਨ ਅਨੁਸਾਰ ਉਹ ਦੇਖਣ ਨੂੰ ਸੰਤੋਖੀ ਤੇ ਗਿਆਨੀ ਸੀ ਪਰ ਅਸਲ ਵਿਚ ਉਹ ਦਰ ਦਰ ਮੰਗਦਾ ਅਸੰਤੋਖੀ, ਪੱਥਰ ਪੂਜਦਾ ਅਗਿਆਨੀ, ਹਕੂਮਤ ਦਾ ਪਿਠੂ ਅਤੇ ਟੁਕੜਾ ਬੋਚ ਸੀ। ਮਹਾਂ ਕਵੀ ਇਹ ਉਪਦਰਵ ਦੇਖ ਕੇ ਦ੍ਰਵ ਗਿਆ ਅਤੇ ਕੂਕ ਉਠਿਆ:-

"ਪਾਪ ਕਰੇ ਪਰਮਾਰਥ ਕੌ, ਤਿਹ ਪਾਪਨ ਕੇ ਅਤਿ ਪਾਪ ਲਜਾਹੀ।"

ਇਸੇ ਸੰਬੰਧ ਵਿਚ ਆਪ ਨੇ ਮਸੰਦਾਂ ਨੂੰ ਵੀ ਨਹੀਂ ਬਖਸ਼ਿਆ, ਆਪਨੇ ਉਨਾਂ ਦੀ ਲਾਲਚੀ ਰੁਚੀ ਨੂੰ ਪੁਜ ਕੇ ਨਸ਼ਰ ਕੀਤਾ।

ਜੌ ਕਰਿ ਕੋਊ ਮਸੰਦਨ ਸੌ ਕਹੈ ਸਰਬ ਦਰਬ ਲੈ ਮੋਹਿ ਅਬੈ ਦੈ॥
ਲੇਉ ਹੀ ਲੇਉ ਕਹੈ ਸਭ ਕੋ ਨਰ, ਕੋਊ ਨਾ ਬ੍ਰਹਮ ਬਨਾਏ ਹਮੈ ਦੈ॥੨੮॥ ਸਵੈਯੇ

ਆਪਦੀ ਤਿੱਖੀ ਨਜ਼ਰ ਤੋਂ ਬਾਣੀਏ ਦੀ ਦੇਗਚੀ ਵਿਚ ਮਾਸ ਦੀ ਥਾਂ ਉਬਲ ਰਹੇ ਰੋੜੇ ਵੀ ਨਹੀਂ ਬਚ ਸਕੇ। ਦਲਾਵਰ ਖਾਂ ਦੇ ਖਾਨਜ਼ਾਦੇ ਸੰਬੰਧੀ ਲਿਖਦੇ ਹੋਏ ਦਸਦੇ ਹਨ।

ਬਰਵਾ ਗਾਂਊ ਉਜਾਰ ਕੈ ਕਰੇ ਮੁਕਾਮ ਭੁਲਾਨ।
ਪ੍ਰਭ ਬਲ ਹਮੈ ਨਾ ਛੋਇ ਸਕੈ, ਭਾਜਤ ਭਏ ਨਿਦਾਨ॥
ਤਵ ਬਲ ਇਹਾਂ ਨਾ ਪਰ ਸਕੈ, ਬਰਵਾ ਹਨਾਂ ਰਿਸਾਇ।
ਸਾਲਿਨ ਰਸ ਜਿਮ ਬਾਨੀਯੋ ਰੋਰਨ ਖਾਤ ਬਨਾਇ। ਬਚਿਤ੍ਰ ਨਾਟਕ॥੧੦॥

---

* ਪੁਰਾਣੇ ਸਮੇਂ ਕਾਸ਼ੀ ਅਤੇ ਪ੍ਰਯਾਗ ਵਿੱਚ ਇੱਕ ਆਰਾ ਸੀ, ਜਿਸ ਹੇਠ ਅਨੇਕਾਂ ਲੋਕ ਮੁਕਤੀ ਪਾਉਣ ਲਈ ਕੱਟ ਮਰਦੇ ਸਨ।

"ਅਰਥ ਸਰੀਰ ਕਟਾਇਐ ਸਿਰਿ ਕਰਵਤੁ ਧਰਾਇ॥ (ਮਹਾਨ ਕੋਸ਼)—ਸੰਪਾਦਕ

ਆਪ ਨੇ ਪਰਮਾਤਮਾ ਦੀ ਹਸਤੀ ਸੰਬੰਧੀ ਰਾਇਜ਼ ਹੋ ਰਹੇ ਗਲਤ ਨਜ਼ਰੀਏ ਨੂੰ ਬਦਲਣ ਦੀ ਕੋਸ਼ਿਸ਼ ਕੀਤੀ। ਆਪ ਨੇ ਦੱਸਿਆ ਕਿ ਜੇ ਰਾਮ ਚੰਦਰ ਜੀ ਪਰਮਾਤਮਾ ਸਨ ਤਾਂ ਉਹ ਕੋਸ਼ਲਿਆ ਦੀ ਕੁੱਖ ਵਿਚ ਕਿਉਂ ਆਏ ਕਿਉਂਕਿ ਰੱਬ ਤਾਂ ਅਜਨਮਾ ਹੈ। ਰੱਬ ਦਾ ਕੋਈ ਮਜ਼ਹਬ ਨਹੀਂ।

ਨਮਸਤੰ ਅਜਾਤੇ। ਨਮਸਤੰ ਅਪਾਤੇ। ਨਮਸਤੰ ਅਮਜ਼੍ਹਬੇ। ਨਮਸਤਸਤੁ ਅਜ਼ੁਬੇ।

ਜਪ ਸਾਹਿਬ (੧)

ਇਸ ਦੁਨੀਆਂ ਦੇ ਸਾਰੇ ਕਾਰੋਬਾਰ, ਜੀਵਨ ਮੌਤ, ਸ਼ਾਦੀ ਬਰਬਾਦੀ, ਆਬਾਦੀ, ਫਤਹ ਹਾਰ ਸਭ ਉਹਦੇ ਕਾਰਨਾਮੇ ਹਨ। ਚੁਨਾਂਚਿ ਆਪ ਨੇ ਆਪਣੇ ਜੀਵਨ ਦੀ ਹਾਰ ਘਾਲ ਦਾ ਜ਼ਿੰਮੇਵਾਰ ਰੱਬ ਨੂੰ ਠਹਿਰਾਇਆ ਹੈ।

ਭਈ ਜੀਤ ਮੇਰੀ, ਕ੍ਰਿਪਾ ਕਾਲ ਕੇਰੀ।

'ਤਵ ਪ੍ਰਸਾਦਿ' ਅਰਥਾਤ ਹੇ ਅਕਾਲ ਪੁਰਖ ਤੇਰੀ ਕਿਰਪਾ ਹੈ, ਤਾਂ ਆਪ ਦਾ ਤਕੀਆ ਕਲਾਮ ਸੀ। ਆਪ ਨੇ ਦੱਸਿਆ ਕਿ ਉਹਦੇ ਮਿਲਣ ਦੇ ਸਾਧਨ, ਇਹ ਲੰਏ ਜਪ ਤਪ ਨਹੀਂ। ਮੁਕਤੀ ਦਾ ਸਾਧਨ ਪ੍ਰੇਮ ਹੈ ਅਤੇ–

ਏਕ ਚਿੱਤ ਜਿਹ ਇਕ ਛਿਨ ਧਯਾਇਓ॥
ਕਾਲ ਫਾਸ ਕੇ ਬੀਚ ਨਾ ਆਯੋ।

ਅਕਾਲ ਉਸਤਤ-੧੦/੩

ਅਵਤਾਰਾਂ ਅਤੇ ਪੈਗੰਬਰਾਂ ਦਾ ਕਹਿਣਾ ਹੀ ਕੀ ? ਸਾਧਾਂ ਸੰਤਾਂ ਅਤੇ ਪੀਰਾਂ ਫਕੀਰਾਂ ਨੇ ਆਪਣੇ ਆਲੇ ਦੁਆਲੇ ਖੌਫਨਾਕ ਬਜ਼ੁਰਗੀ ਦਾ ਇਕ ਅਜਿਹਾ ਤਾਣਾ ਤਣਿਆ ਹੋਇਆ ਸੀ ਕਿ ਜਿਹਦੇ ਵਿਚ ਫਸੀ ਅਤੇ ਸਰਾਪਾਂ ਦੇ ਗੇੜੇ ਵਿਚ ਪਈ ਜਨਤਾ ਬੁਰੀ ਤਰ੍ਹਾਂ ਬਿਲਬਿਲਾ ਰਹੀ ਸੀ। ਉਹ ਆਪਣੇ ਆਪ ਨੂੰ ਰੱਬ ਸਮਝੀ ਬੈਠੇ ਦੱਸਦੇ ਸਨ। ਗੁਰੂ ਜੀ ਨੇ ਪਹਿਲਾ ਐਟਮ ਬੰਬ ਛੱਡ ਕੇ ਇਨ੍ਹਾਂ ਦੇ ਮਾਇਆ ਜਾਲ ਨੂੰ ਛਿਨ ਭਿਨ ਕਰ ਦਿੱਤਾ, ਲੋਕ ਅਸਲੀਯਤ ਜਾਣ ਕੇ ਅਸ਼ ਅਸ਼ ਕਰ ਉਠੇ ਆਪ ਨੇ ਦੱਸਿਆ।

ਮੈਂ ਹੋਉ ਪਰਮ ਪੁਰਖ ਕੋ ਦਾਸਾ।
ਦੇਖਨ ਆਯੋ ਜਗਤ ਤਮਾਸ਼ਾ।
ਜੋ ਮੁਝ ਕਉ ਪਰਮੇਸ਼ਰ ਉਚਰ ਹੈ।
ਤੇ ਸਭ ਨਰਕ ਕੁੰਡ ਮਹਿ ਪਰਹੈ।

ਆਪ ਨੇ ਲੋਕਾਂ ਨੂੰ ਦੱਸਿਆ ਕਿ ਮੈਂ ਵੀ ਤੁਹਾਡੇ ਵਰਗਾ ਇਨਸਾਨ ਹਾਂ, ਪਰ ਪਰਮਾਤਮਾ ਦੇ ਪ੍ਰੇਮ ਵਿਚ ਲੀਨ ਹੋਣ ਦੇ ਕਾਰਨ ਮੇਰੇ ਵਿਚ ਅਪੂਰਵ ਸ਼ਕਤੀਆਂ ਪਰਵੇਸ਼ ਕਰ ਗਈਆਂ ਹਨ। ਹੁਣ ਤੀਕ ਉਮਤ ਅਤੇ ਅਨੁਆਈਆਂ ਨੂੰ ਆਪਣੇ ਮੁਰਸ਼ਿਦ ਦੇ ਬਰਾਬਰ ਦਾ ਦਰਜਾ ਨਹੀਂ ਸੀ ਮਿਲਿਆ। ਆਪ ਨੇ ਦੂਜਾ ਵਾਰ ਇਸ ਊਚ ਨੀਚ ਦੇ ਤਾਸ਼ ਦੇ ਪੱਤਿਆਂ ਦੇ ਘਰ 'ਤੇ ਕੀਤਾ ਅਤੇ ਉਹ ਜ਼ਮੀਨ ਨਾਲ ਮਿਲ ਗਿਆ। ਆਪ ਨੇ 'ਆਪੇ ਗੁਰ ਚੇਲਾ' ਦਾ ਸਿਧਾਂਤ ਪੇਸ਼ ਕੀਤਾ ਜਿਸ ਨਾਲ ਜਗਤ ਦੀ ਅੱਖ ਚੁੰਧਿਆ ਗਈ। ਹਿੰਦ ਵਿਚ, ਨਹੀਂ ਨਹੀਂ, ਸੰਸਾਰ ਵਿਚ ਇਨਸਾਨੀਅਤ ਦੀ ਪੂਰਨ ਬਰਾਬਰ ਦਾ ਅਮਲੀ ਸਬੂਤ ਦਿੱਤਾ ਗਿਆ ਕਿ ਨਬੀ ਅਤੇ ਉਮਤ ਵਿਚ ਅਕਾਸ਼ ਅਤੇ ਪਾਤਾਲ ਦੀ ਵਿਥ ਨਹੀਂ, ਸਗੋਂ ਉਹ ਦੋਨੋਂ ਇਸੇ ਇਕੋ ਧਰਤੀ ਦੇ ਵਾਸੀ ਹਨ। ਆਪ ਨੇ ਦੱਸਿਆ ਮੇਰੀ ਉਮਤ ਮੇਰੀ ਮਹਿਬੂਬ ਅਤੇ ਮਾਮੂਲ ਹੈ।

ਖਾਲਸਾ ਮੇਰੋ ਇਸ਼ਟ ਸੁਹਿਰਦ ਖਾਲਸਾ ਮੋਰੋ ਕਹੀਅਤ ਬਿਰਦ॥

ਆਪਨੇ ਆਪਣੀ ਸੁਨਹਿਰੀ ਅਤੇ ਅਦੁੱਤੀ ਮਿਸਾਲ ਦੇ ਕੇ ਦਸਿਆ ਕਿ ਭਾਵਨਾ ਤੋਂ ਵਕਰਤਵ ਉੱਚਾ ਹੈ। ਜਜ਼ਬਾਤ ਦੀ ਰੌ ਵਿਚ ਰਹਿ ਕੇ ਫਰਜ਼ ਨੂੰ ਭੁਲਾ ਦੇਣਾ ਮਨੁੱਖਤਾ ਨੂੰ ਕਲੰਕਤ ਕਰਨਾ ਹੈ। ਜਦ ਆਪ ਨੂੰ ਪਰਮੇਸ਼ਰ ਵਲੋਂ ਸੰਸਾਰ ਵਿਚ ਆਵਣ ਦਾ ਹੁਕਮ ਆਇਆ ਤਾਂ ਆਪ ਨੂੰ ਬੜਾ ਦੁਖ ਹੋਇਆ ਪਰ ਫਰਜ਼ ਅੱਗੇ ਆਪ ਨੇ ਸੀਸ ਨਿਵਾਇਆ।

ਚਿਤ ਨਾ ਭਯੋ ਹਮਰੋ ਆਵਣ ਕਹਿ।
ਚੁਭੀ ਰਹੀ ਸ੍ਰੁਤਿ ਚਰਨਨ ਮਹਿ।
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ।
ਇਮ ਕਹਿਕੇ ਇਹ ਲੋਕ ਪਠਾਯੋ ॥੫॥ ਬਚਿੱਤ੍ਰ ਨਾਟਕ

ਆਪ ਕੁਲ ਕਾਇਨਾਤ ਦੇ ਪਿਆਰੇ ਅਤੇ ਪਿਆਰ ਕਰਨ ਵਾਲੇ ਸਨ। ਏਕਤਾ ਦੇ ਪੁਜਾਰੀ ਅਤੇ ਸੰਸਾਰ ਦੇ ਆਪੋ ਵਿਚਲੇ ਪਰੇਮ-ਪਿਆਰ ਦੇ ਆਸ਼ਕ। ਆਪ ਨੂੰ ਦੇਹਰੇ-ਮਸੀਤ ਅਤੇ ਪੂਜਾ-ਨਮਾਜ਼ ਵਿਚ ਕੋਈ ਫਰਕ ਨਹੀਂ ਸੀ ਦਿਸਦਾ। ਆਪ ਮਨੁੱਖ ਨੂੰ ਮਨੁੱਖ ਨਾਲ ਪਿਆਰ ਕਰਦਾ, ਹਮਦਰਦੀ ਦਰਸਾਉਂਦਾ, ਉਹਦੇ ਦੁੱਖ ਸੁੱਖ ਵੰਡਾਉਂਦਾ ਦੇਖਣਾ ਚਾਹੁੰਦੇ ਸਨ। ਇਥੋਂ ਤਕ ਕਿ ਆਪ ਦੀ ਖਾਹਸ਼ ਸੀ ਕਿ ਅੱਡ ਅੱਡ ਸੱਭਿਅਤਾਵਾਂ ਮੁਲਕ ਅਤੇ ਕੌਮਾਂ ਆਪੋ ਵਿਚ ਮਿਲ ਜਾਣ ਅਤੇ ਸੰਸਾਰ ਇਕ ਘਰ ਘਰਾਣਾ ਬਣ ਜਾਏ। ਆਪ ਨੇ ਇਸ ਸੰਬੰਧੀ ਪਹਿਲਾ ਕਦਮ ਇਹ ਚੁਕਿਆ ਕਿ ਸੰਸਕ੍ਰਿਤ ਦੀ ਅਰਬੀ ਫਾਰਸੀ ਨਾਲ ਗਲਵਕੜੀ ਪਵਾ ਦਿੱਤੀ। ਜਾਪ ਸਾਹਿਬ ਇਸ ਗੱਲ ਦੀ ਗਵਾਹੀ ਦੇਂਦਾ ਹੈ। ਕਦੀ ਸੰਸਕ੍ਰਿਤ, ਦੂਤ ਸ਼ਬਦ ਦਾ ਪਹਿਲਾ ਭਾਗ ਹੈ ਕਦੀ ਅੰਤਲਾ:-

ਅਗੰਜੁਲ ਗ਼ਨੀਮ ਹੈਂ। ਰਜ਼ਾਇਕ ਰਹੀਮ ਹੈਂ।
ਸਮਸਤੁਲ ਜ਼ੁਬਾਂ ਹੈਂ। ਕਿ ਸਾਹਿਬੇ ਕਿਰਾ ਹੈਂ।
ਕਿ ਨਰੱਕ ਪ੍ਰਣਾਸ ਹੈਂ। ਬਹਿਸਤੁਲ ਨਿਵਾਸ ਹੈਂ।

ਆਪ ਦਾ ਮੁਤਾਲਿਆ ਬੜਾ ਵਿਸ਼ਾਲ ਅਤੇ ਆਪ ਦੀ ਇਲਮੀਅਤ ਉਚ ਕੋਟੀ ਦੀ ਸੀ। ਆਪ ਦੀ ਬਾਣੀ ਵਿਚ ਥਾਂ ਥਾਂ ਕੁਦਰਤ ਦਾ ਬਿਆਨ, ਜਲ ਵਾਯੂ ਅਤੇ ਆਕਾਸ਼ ਵਿਚ ਰਹਿਣ ਅਤੇ ਉਠਣ ਵਾਲੇ ਜੀਵ ਜੰਤੂਆਂ ਅਤੇ ਪਸ਼ੂ ਪੰਛੀਆਂ, ਬਿਜਲੀ ਦੀ ਕੜਕ, ਬਨ, ਪਰਬਤ, ਦਰਿਆ ਸਾਗਰ ਦੇ ਪਾਣੀਆਂ ਦੇ ਵੇਗ ਦਾ ਜ਼ਿਕਰ ਹੈ, ਤਕੋ ਅਕਾਲ ਉਸਤਤ ਦੇ ਤਵ-ਪ੍ਰਸ਼ਾਦਿ ਕਬਿਤ ਅਤੇ ਸਵਯੈ। ਭਰਮਾਂ ਵਹਿਮਾਂ ਵਿਚ ਭੰਬਲ ਭੂਸੇ ਖਾਂਦੇ, ਇਨਸਾਨ ਨੂੰ ਕਿਸ ਖੂਬੀ ਨਾਲ ਉਪਦੇਸ਼ ਦਿੱਤਾ ਹੈ। ਮੌਤ ਦੀ ਭਿਆਨਕਤਾ ਦੇ ਪੜਦੇ ਲਾ ਕੇ ਇਨਸਾਨ ਦਾ ਭਰਮ ਕਿਸ ਤਰ੍ਹਾਂ ਦੂਰ ਕੀਤਾ ਹੈ। ਕਿਵੇਂ ਪ੍ਰੇਰਿਆ ਹੈ, ਮੌਤ ਨਾਲ ਗਲਵਕੜੀ ਪਾਉਣ ਲਈ:

ਜਾਂ ਤੇ ਨ ਛੂਟੀਐ ਮੂੜ ਕਹੂੰ, ਹਸ ਤਾਂਕੀ ਕਿਉ ਨ ਸਰਣਾਗਤਿ ਜਈਐ ॥੪/੯੬॥

(ਬਚਿਤ੍ਰ ਨਾਟਕ)

ਪ੍ਰਮਾਤਮਾ ਦੀ ਸਰਬ ਵਿਆਪਕਤਾ ਅਤੇ ਸਰਬ ਪ੍ਰੀਯਤਾ ਦਾ ਜ਼ਿਕਰ ਕਰਦੇ ਹੋਏ ਆਪਨੇ ਭੂਗੋਲਕ ਗਿਆਨ ਦਾ ਪ੍ਰਦਰਸ਼ਨ ਕੀਤਾ ਹੈ। ਆਪ ਨੇ ਕਵਿਤਾ ਨੂੰ ਬੜੇ ਸੰਜਮਕ ਅਤੇ ਸੰਕੋਚਵੇਂ ਢੰਗ ਨਾਲ ਕੇਵਲ ਲੋੜ ਅਨੁਸਾਰ ਹੀ ਵਰਤਿਆ ਹੈ। ਬਚਿਤ੍ਰ ਨਾਟਕ ਵਿਚ ਥਾਂ-ਥਾਂ ਆਪ ਨੇ ਆਖਿਆ ਹੈ ***"ਕਥਾ ਬਢਨ ਤੇ ਅਧਿਕ ਡਰਾਊ"।*** ਆਪ ਨੇ ਦਿਲ ਨੂੰ ਦਿਮਾਗ਼ ਨਹੀਂ ਬਨਣ ਦਿੱਤਾ। ਆਪਣੇ ਜਜ਼ਬਾਤ ਨੂੰ ਕਾਬੂ ਵਿਚ ਰੱਖ ਕੇ ਸਾਰੀ ਕਵਿਤਾ ਰਦੀਫ ਕਾਫੀਏ ਅਨੁਸਾਰ ਛੰਦਾ ਬੰਦੀ ਵਿਚ ਕੀਤੀ ਹੈ ਜਿਸ ਨਾਲ ਉਸ ਵਿਚ ਰਾਗ ਅਤੇ ਲੈ

ਪੈਦਾ ਹੋ ਗਏ ਹਨ। ਸ਼ਬਦਾਂ ਦਾ ਨਾਚ ਅਤੇ ਸੰਗੀਤ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। ਨਮੂਨੇ ਮਾਤ੍ਰ ਤੱਕੋ:-

(1) ਘਣੰ ਘੰਟ ਬਾਜੰ। ਧੁੰਣ ਮੇਘ ਲਾਜੰ।
ਭਯੋ ਸਦ ਏਵੰ। ਹੜਿਓ ਨੀਰ ਧੇਵੰ।

(2) ਛੀਰ ਕੈ ਸੀ ਛੀਰਾਵਧ ਛਾਛ ਕੈ ਸੀ
ਛਤ੍ਰਾਨੇਰ ਛਪਾਕਰ ਕੈਸੀ ਛਬ ਕਲਿੰਦੀ ਕੇ ਕੁਲਕੈ।
ਹੰਸਨੀ ਸੀ ਸੀਹਾ ਰੂਮ ਹੀਰਾ ਸੀ ਹੁਸੈਨਾਬਾਦ
ਗੰਗਾ ਕੈ ਸੀ ਧਾਰ ਚਲੀਸਾਤੋ ਸਿੰਧ ਰੁਲਕੇ॥
ਪਾਰਾ ਸੀ ਪਲਾਊ ਗਢ ਰੂਪਾ ਕੈਸੀ ਰਾਮਪੁਰ ਸੋਰਾ ਸੀ
ਸੁਰੰਗਾਬਾਦ ਨੀਕੇ ਰਹੀ ਝੁਲਕੈ॥
ਚੰਪਾਸੀ ਚੰਦੇਰੀ ਕੋਟ ਚਾਂਦਨੀ ਸੀ ਚਾਂਦਾਗੜ੍ਹਿ
ਕੀਰਤਿ ਤਿਹਾਰੀ ਰਹੀ ਮਾਲਤੀ ਸੀ ਫੂਲਕੈ॥੧੨॥

(3) ਨਾਚਿਓ ਈ ਕਰਤ ਮੋਰ, ਦਾਦਰ ਕਰਤ ਸ਼ੋਰ,
ਸਦਾ ਘਨਘੋਰ ਘਨ ਕਰਿਓ ਹੀ ਕਰਤ ਹੈ।
ਏਕ ਪਾਇ ਠਾਢੇ ਸਦਾ ਬਨਮੈ ਰਹਤ ਬ੍ਰਿਛ,
ਫੂਕਫੂਕ ਪਾਵ ਭੂਮ ਸ੍ਰਾਵਗ ਧਰਤ ਹੈ।
ਪਾਹਨ ਅਨੇਕ ਜੁਗ ਏਕ ਠਉਰ ਬਾਸ ਕਰੈ,
ਕਾਗ ਅਉਰ ਚੀਲ ਦੇਸ ਦੇਸ ਬਿਚਰਤ ਹੈ।
ਗਯਾਨ ਕੇ ਬਿਹੀਨ, ਮਹਾ ਦਾਨ
ਮੈ ਨ ਹੂਜੈ ਲੀਨ ਭਾਵਲਾ ਬਿਹੀਨ ਦੀਨ ਕੈਸੇ ਕੈ ਤਰਤ ਹੈ।

ਅਕਾਲ ਉਸਤਤਿ, ੮੧/੧

ਇਸ ਤੋਂ ਬਿਨਾਂ ਆਪ ਦੀ ਬਾਣੀ ਵਿਚ ਕਟਕਾਂ ਦਾ ਵੇਗ ਹੈ। ਪਾਠਕ ਹੌਲੀ ਸਹਿਜੇ ਨਹੀਂ ਪੜ੍ਹ ਸਕਦਾ। ਉਹਨੂੰ ਆਪ ਦੀ ਬਾਣੀ ਦਾ ਪਾਠ ਉਤਸ਼ਾਹ ਅਤੇ ਜੋਸ਼ ਨਾਲ ਕਰਨਾ ਪਵੇਗਾ। ਢਿੱਲਾ ਪੁਰਸ਼ ਆਪਦੀ ਬਾਣੀ ਦਾ ਪਾਠ ਨਹੀਂ ਕਰ ਸਕਦਾ ਅਤੇ ਜੋ ਕਰੇਗਾ ਉਹ ਤਿਆਰ ਬਰ ਤਿਆਰ ਸਾਹਸੀ ਅਤੇ ਪੁਰਸ਼ਾਰਥੀ ਬਣੇਗਾ। ਕਾਸ਼ ਮੇਰਾ ਦੇਸ਼ ਪੁਰਸ਼ਾਰਥੀ ਮਹਾਂ ਕਵੀ ਗੁਰੂ ਦੀ ਉਜਸਵੀ ਬਾਣੀ ਤੋਂ ਲਾਭ ਲੈਣਾ ਸਿੱਖੇ।

ਕੌਮੀ ਸੁਤੰਤਰ, ਨਵੀ ਦਿੱਲੀ
18 ਜਨਵਰੀ, 1948

ਕੀ ਉਹ ਕੇਵਲ ਹਿਦੂ ਰਖਸ਼ਕ ਸਨ ?

ਜਿਨ੍ਹਾਂ ਮਹਾਨ ਸ਼ਖ਼ਸੀਅਤਾਂ ਨਾਲ ਲਿਖਾਰੀਆਂ ਨੇ ਬੇਇਨਸਾਫ਼ੀ ਕੀਤੀ ਹੈ, ਉਨ੍ਹਾਂ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਬਾਬਤ ਬਹੁਤ ਗ਼ਲਤ ਫ਼ਹਿਮੀਆਂ ਅਤੇ ਗੁੰਝਲਾਂ ਪਾਈਆਂ ਗਈਆਂ ਹਨ। ਮਹਾਂ ਕਵੀ ਰਾਬਿੰਦਰਾ ਨਾਥ ਟੈਗੋਰ ਨੂੰ ਖੇਦ ਹੈ ਕਿ ਆਪ ਗੁਰੂ ਨਾਨਕ ਸਾਹਿਬ ਦੇ ਆਤਮਕ ਸੁਧਾਰ ਦੇ ਮਿਸ਼ਨ ਤੋਂ ਦੁਰੇਡੇ ਚਲੇ ਗਏ ਅਤੇ ਮਾਇਆ ਵਿਚ ਪ੍ਰਵਿਰਤ ਹੋ ਕੇ ਫ਼ਕੀਰ ਤੋਂ ਸ਼ਾਹ ਬਣ ਗਏ। ਮਹਾਤਮਾ ਗਾਂਧੀ ਦੇ ਖ਼ਿਆਲ ਵਿਚ ਆਪ ਕੁਰਾਹੇ ਪਾਏ ਗਏ ਦੇਸ਼ ਭਗਤ (Misguided Patriot) ਹਨ ਕਿਉਂਕਿ ਆਪ ਨੇ ਤਲਵਾਰ ਫੜ ਲਈ। ਲਾਲਾ ਦੌਲਤ ਰਾਏ ਅਤੇ ਸਰ ਗੋਕਲ ਚੰਦ ਨਾਰੰਗ ਦੇ ਨੇੜੇ ਆਪ ਹਿੰਦੂ ਅਵਤਾਰ ਸਨ ਜਿਨ੍ਹਾਂ ਨੇ ਹਿੰਦੂ ਜਾਤੀ ਦੀ ਰਕਸ਼ਾ ਕੀਤੀ, ਪਹਿਲੇ ਦੇ ਕਥਨ ਅਨੁਸਾਰ ਆਪ ਨੇ ਉਹ ਕੰਮ ਕੀਤਾ ਜੋ ਨਾ ਸ੍ਰੀ ਰਾਮ ਚੰਦਰ ਜੀ ਤੋਂ ਹੋ ਸਕਿਆ ਅਤੇ ਨਾ ਸ੍ਰੀ ਕ੍ਰਿਸ਼ਨ ਜੀ ਤੋਂ ਸਿਰੇ ਚੜ੍ਹ ਸਕਿਆ। ਇਥੇ ਹੀ ਬਸ ਨਹੀਂ ਸਿੱਖਾਂ ਦੇ ਧੁਰੰਦਰ ਵਿਦਵਾਨ ਸਰਦਾਰ ਬਹਾਦਰ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਉਹ ਉਕਾਈ ਖਾਧੀ ਜਿਸ ਦੀ ਸੁਧਾਈ ਹਸ਼ਰ ਤੀਕ ਨਹੀਂ ਹੋ ਸਕਦੀ ਆਪ ਨੇ ਇਹ ਸ਼ੱਕ ਪਾ ਦਿੱਤਾ ਕਿ ਗੁਰੂ ਜੀ ਨਾਂਦੇੜ ਵਿਚ ਜੋਤੀ ਜੋਤ ਨਹੀਂ ਸਮਾਏ। ਉਹ ਨਾਭੇ ਵਿਚ ਭਾਈ ਅਜਾਪਾਲ ਸਿੰਘ ਜੀ (ਜਿਨ੍ਹਾਂ ਦੇ ਡੇਰੇ ਦੇ ਆਪ ਦੇ ਵਡੇਰੇ ਮਹੰਤ ਸਨ) ਦੇ ਰੂਪ ਵਿਚ ਟਿਕੇ ਰਹੇ। ਇਸ ਨੀਂਹ ਉਤੇ ਨਾਮਧਾਰੀਆਂ ਨੇ ਬਾਬਾ ਬਾਲਕ ਸਿੰਘ ਜੀ ਨੂੰ ਬਾਬਾ ਅਜਾਪਾਲ ਸਿੰਘ ਦੇ ਰੂਪ ਵਿਚ ਸ੍ਰੀ ਕਲਗੀਧਰ ਪਿਤਾ ਦੇ ਹੱਥੀਂ ਗੁਰਿਆਈ ਦੇਣ ਦੀ ਇਮਾਰਤ ਖੜ੍ਹੀ ਕੀਤੀ। ਇਨ੍ਹਾਂ ਸਾਰੀਆਂ ਗੁੰਝਲਾਂ ਅਤੇ ਗ਼ਲਤ ਫ਼ਹਿਮੀਆਂ ਨੂੰ ਤੱਕ ਕੇ ਇਨ੍ਹਾਂ ਲਿਖਾਰੀਆਂ ਉਤੇ ਤਰਸ ਆਉਂਦਾ ਹੈ ਕਿ ਕੋਈ ਭੀ ਆਪ ਦੇ ਜੀਵਨ ਚਰਿਤਰ ਨਾਲ ਇਨਸਾਫ ਨਹੀਂ ਕਰ ਸਕਿਆ ਅਤੇ ਗੁਰੂ ਜੀ ਦੀ ਮਹਾਨ ਸ਼ਖਸੀਅਤ ਨੂੰ ਸਮਝ ਨਹੀਂ ਸਕਿਆ। ਇਸੇ ਲਈ ਪ੍ਰੋਫੈਸਰ ਕਰਤਾਰ ਸਿੰਘ ਐਮ. ਏ. ਨੇ ਆਪ ਨੂੰ "ਨਾ-ਸਮਝਿਆ ਗਿਆ ਬਜ਼ੁਰਗ" (Great Misunder stood) ਆਖਿਆ ਹੈ।

ਹਿੰਦੂ ਧਰਮ ਉਹ ਸਮੁੰਦਰ ਹੈ ਜਿਸ ਵਿਚ ਕਈ ਤਹਿਜ਼ੀਬਾਂ ਅਤੇ ਕੌਮਾਂ ਦਰਿਆ ਵਾਂਗ ਆਪਣਾ ਆਪ ਗੁਆ ਚੁਕੀਆਂ ਹਨ। ਬ੍ਰਾਹਮਣ ਨੇ ਹਰ ਸਿਰ ਚੁਕਣ ਵਾਲੀ ਤਹਿਰੀਕ ਨੂੰ ਨੱਪ ਛੱਡਿਆ। ਪਰ ਪਤਾ ਨਹੀਂ ਮੁਸਲਮਾਨਾਂ ਨੂੰ ਇਹ ਕਿਉਂ ਆਪਣੇ ਆਪ ਵਿਚ ਜਜ਼ਬ ਨਾ ਕਰ ਸਕੇ। ਇਸ ਦਾ ਕਾਰਨ ਇਹੀ ਹੋ ਸਕਦਾ ਹੈ ਕਿ ਧਰਮ ਵਿਚ ਬਹੁਤ ਕਮਜ਼ੋਰੀਆਂ ਦਾਖ਼ਲ ਹੋ ਚੁੱਕੀਆਂ ਸਨ। ਕਮਜ਼ੋਰ ਲੋਗ ਕਿਸੇ 'ਤੇ ਪ੍ਰਭਾਵ ਨਹੀਂ ਪਾ ਸਕਦੇ। ਮੁਸਲਮਾਨ ਜੇਤੂਆਂ ਦੇ ਰੂਪ ਵਿਚ ਆਏ ਅਤੇ ਉਨ੍ਹਾਂ ਤਲਵਾਰ ਦੇ ਜ਼ੋਰ ਨਾਲ ਹਿੰਦੂਆਂ ਨੂੰ ਜੇਰ ਕੀਤਾ। ਇਨ੍ਹਾਂ ਦਾ ਧਰਮ ਈਮਾਨ ਅਤੇ ਇੱਜ਼ਤ ਆਬਰੂ ਧੱਕੇ ਨਾਲ ਖੋਹੀ। ਬ੍ਰਾਹਮਣ ਨੇ ਆਪਣਾ ਫੋਕਾ ਮਾਣ ਮਹੱਤਵ ਬਣਾਈ ਰੱਖਣ ਲਈ ਧਾਰਮਕ ਜਾਲ ਵਿਛਾਏ, ਖੱਤਰੀ ਅਤੇ ਰਾਜਪੂਤ ਆਪਣੀ ਆਨ ਅਤੇ ਸ਼ਾਨ ਲਈ ਆਪੋ ਵਿਚ ਕੱਟ ਮਰੇ। ਵੈਸ਼ ਅਤੇ ਸ਼ੂਦਰ ਨੂੰ ਪੁੱਛਣਾ ਹੀ ਕਿਸ ਸੀ।

ਹਿੰਦੂ ਧਰਮ ਦਾ ਸ਼ੀਰਾਜ਼ਾ ਹੀ ਬਿਖਰ ਗਿਆ। ਉਸ ਹਾਲਤ ਵਿਚ ਓਹ ਕਿਸੇ ਨੂੰ ਆਪਣੇ ਵਿਚ ਜਜ਼ਬ ਕੀ ਕਰ ਸਕਦੇ ਸਨ ? ਮੁਸਲਮਾਨਾਂ ਦੇ ਪਿਛੋਂ ਪਾਰਸੀ ਅਤੇ ਈਸਾਈ ਆਏ ਉਹ ਵੀ ਉਸੇ ਤਰ੍ਹਾਂ ਵੱਖਰੀਆਂ ਹਸਤੀਆਂ ਰੱਖਦੇ ਹਨ।

ਜੈਨੀ ਅਤੇ ਬੋਧੀ ਭਾਵੇਂ ਹਿੰਦੂ ਨਹੀਂ ਅਤੇ ਸ਼ੰਕਰਾਚਾਰੀਆ ਨੇ ਇਨ੍ਹਾਂ ਦੇ ਵਿਰੁਧ ਬੜਾ ਭਾਰੀ ਜਹਾਦ ਖੜ੍ਹਾ ਕਰ ਕੇ ਇਨ੍ਹਾਂ ਨੂੰ ਨੇਸਤੋ ਨਾਬੂਦ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਸੀ ਪਰ ਫੇਰ ਵੀ ਉਹ ਅੱਜਕਲ ਹਿੰਦੂ ਹੀ ਸਮਝੇ ਜਾਂਦੇ ਹਨ। ਇਸ ਦਾ ਕਾਰਨ ਇਹੋ ਹੋ ਸਕਦਾ ਹੈ ਕਿ ਜੈਨ ਅਤੇ ਬੁਧ ਮੱਤ ਦੇ ਪੈਰੋਕਾਰ ਹਿੰਦੂਆਂ 'ਚੋਂ ਬਣਦੇ ਹਨ। ਇਸੇ ਕਾਰਨ ਹਿੰਦੂ ਸਿੱਖਾਂ ਨੂੰ ਵੀ ਹਿੰਦੂਆਂ ਦਾ ਗੋਸ਼ਤ ਪੋਸਤ (Part & Parcel) ਸਮਝਦੇ ਹਨ ਅਤੇ ਇਨ੍ਹਾਂ ਨੂੰ ਆਪਣਾ ਸੈਨਿਕ ਅੰਗ ਆਖਦੇ ਹਨ। ਡਾਕਟਰ ਸਰ ਗੋਕਲ ਚੰਦ ਨਾਰੰਗ ਨੇ ਵੀ ਹਿੰਦੂਆਂ ਨੂੰ ਸਿੱਖਾਂ ਦੀ ਭਰਤੀ ਦਾ ਇਲਾਕਾ (Recruiting Field) ਆਖਿਆ ਹੈ ਅਤੇ ਵੀਰ ਸਾਵਰਕਰ ਨੇ ਹਿੰਦੂ ਇਜ਼ਮ ਦੀ ਵਿਆਖਿਆ ਕਰਦਿਆਂ ਸਿੱਖਾਂ ਨੂੰ ਇਸ ਲਪੇਟ ਵਿਚ ਲੈ ਲਿਆ ਹੈ। ਜੇ ਇਹ ਗੱਲ ਨੇਕ ਨੀਅਤੀ ਉਤੇ ਨਿਰਭਰ ਹੋਵੇ ਤਾਂ ਕੋਈ ਤੌਖਲਾ ਨਹੀਂ, ਸਗੋਂ ਖੁਸ਼ੀ ਹੈ ਕਿ ਭਾਰਤ ਵਰਸ਼ ਵਰਗੇ ਫੁਟ ਦੇ ਮਾਰੇ ਬਦਕਿਸਮਤ ਦੇਸ਼ ਵਾਸੀ ਆਪੋ ਵਿਚ ਰਲ ਬਹਿਣ ਅਤੇ ਇਕ ਸ਼੍ਰੇਣੀ ਦੂਜੀ ਨੂੰ ਅਪਣਾਏ ਪਰ ਇਥੇ ਤਾਂ ਅੰਗਰੇਜ਼ ਵਲੋਂ ਸੁੱਟੀ ਹੋਈ ਹੱਡੀ ਅਤੇ ਕੁੱਤਿਆਂ ਦੇ ਲੜਨ ਵਾਂਗ ਹੱਕਾਂ ਅਤੇ ਸੀਟਾਂ ਦੀ ਪ੍ਰਾਪਤੀ ਦਾ ਸਿਆਸੀ ਸਵਾਲ ਹੈ ਜਿਥੇ ਵੱਡੀ ਮੱਛੀ ਛੋਟੀ ਨੂੰ ਨਿਗਲ ਜਾਣਾ ਚਾਹੁੰਦੀ ਹੈ। ਲੋੜ ਵੇਲੇ ਗਲ ਨਾਲ ਲਾਉਣ ਦਾ ਯਤਨ ਕੀਤਾ ਜਾਂਦਾ ਹੈ ਅਤੇ ਵੇਲਾ ਨਿਕਲਣ ਉਤੇ ਦੁਰਕਾਰਿਆ ਜਾਂਦਾ ਹੈ। ਏਨਾ ਕਾਫ਼ੀ ਹੈ।

ਇਹ ਦਸਣ ਲਈ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਹਿੰਦੂ ਅਵਤਾਰ ਨਹੀਂ ਸਨ ਸਗੋਂ ਸਿੱਖ ਪੰਥ ਨੂੰ ਪੂਰਨਤਾ ਪ੍ਰਦਾਨ ਕਰਨ ਵਾਲੇ ਆਖ਼ਰੀ ਗੁਰੂ। ਇਹ ਉਨ੍ਹਾਂ ਦੀ ਮਹਾਨਤਾ ਅਤੇ ਸਿੱਖੀ ਦੀ ਖ਼ਾਸੀਅਤ ਹੈ ਕਿ ਉਹਨਾਂ ਮਜ਼ਲੂਮਾਂ ਦੀਨਾਂ ਅਨਾਥਾਂ ਦੀ ਜੋ ਉਸ ਵੇਲੇ ਇਤ ਫ਼ਾਕੀਆ ਹਿੰਦੂ ਸਨ ਰੱਖਿਆ ਕੀਤੀ ਅਤੇ ਉਹ ਹਿੰਦੂ ਰਕਸ਼ਕ ਕਹਾਏ। ਪਰ ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਨੂੰ ਕੇਵਲ ਹਿੰਦੂ ਰਖਿਆ ਤੱਕ ਸੀਮਤ ਕਰ ਦੇਣਾ ਉਨ੍ਹਾਂ ਦੀ ਉਚਤਾ ਨੂੰ ਘਟਾਣਾਂ ਹੈ ਅਤੇ ਉਨ੍ਹਾਂ ਦੇ ਜੀਵਨ ਚਰਿੱਤਰ ਦੇ ਮੁਤਾਲੇ ਨਾਲ ਬੇਇਨਸਾਫ਼ੀ ਕਰਨਾ ਹੈ। ਅੱਜਕੱਲ੍ਹ ਦੇ ਸਮੇਂ ਵਿਚ ਵੀ ਇਹ ਗ਼ਲਤ ਫ਼ਹਿਮੀ ਪਸਰ ਰਹੀ ਹੈ ਕਿ ਕਲਕੱਤੇ ਦੇ ਫ਼ਸਾਦਾਂ ਵਿਚ ਸਿੱਖਾਂ ਨੇ ਕੇਵਲ ਹਿੰਦੂਆਂ ਦੀ ਰਖਿਆ ਕੀਤੀ। ਇਹ ਸਿੱਖਾਂ ਦੇ ਉੱਚੇ ਸੁੱਚੇ ਆਚਰਣ, ਫ਼ਰਾਖ਼ ਦਿਲੀ ਅਤੇ ਨਿਰਪੱਖਤਾ ਨਾਲ ਅਨਿਆਏ ਹੈ। ਬੰਗਾਲ ਦੇ ਵਜ਼ੀਰ-ਆਜ਼ਮ ਹਸਨ ਸ਼ਹੀਦ ਸੁਹਰਾਵਰਦੀ ਦਾ ਬਿਆਨ ਹੈ ਕਿ ਸਿੱਖਾਂ ਦਾ ਰਵੱਈਆ ਇਸ ਨਾਜ਼ਕ ਸਮੇਂ ਬੜਾ ਸ਼ਲਾਘਾ ਯੋਗ ਰਿਹਾ ਹੈ। ਉਹਨਾਂ ਨੇ ਮੁਸਲਮਾਨਾਂ ਦੀ ਬੜੀ ਸਹੈਤਾ ਕੀਤੀ।

ਗੁਰੂ ਗੋਬਿੰਦ ਸਿੰਘ ਸਾਹਿਬ ਦੀਨਾਂ ਅਨਾਥਾਂ ਦੀ ਰਖਿਆ ਦੇ ਕਾਇਲ ਸਨ। ਜੇ ਲੋੜ ਪੈਂਦੀ ਤਾਂ ਉਹ ਮੁਸਲਮਾਨਾਂ ਦੀ ਉਸੇ ਤਰ੍ਹਾਂ ਮਦਦ ਕਰਦੇ ਅਤੇ ਕੀਤੀ। ਜਦ ਉਨ੍ਹਾਂ ਨੇ ਤਕਿਆ ਕਿ ਔਰੰਗਜ਼ੇਬ ਦੇ ਪਿਛੋਂ ਤਖ਼ਤ ਦੇ ਅਸਲੀ ਹੱਕਦਾਰ ਦਾ ਹੱਕ ਮਾਰਿਆ ਜਾਂਦਾ ਹੈ ਤਾਂ ਉਨ੍ਹਾਂ ਨੇ ਸ਼ਰਨ ਆਏ ਸ਼ਹਿਜ਼ਾਦਾ ਮੁਆਜ਼ਮ ਦੀ ਮਦਦ ਤੇ ਆਪਣੇ ਸਿੱਖਾਂ ਨੂੰ ਭੇਜਿਆ। ਉਹ ਹਰ ਇਕ ਦੀਨ ਦੁਖੀ ਦੇ ਬਿਨਾਂ ਕਿਸੇ ਰੰਗ ਰੂਪ, ਦੀਨ ਨਸਲ ਅਤੇ ਦੇਸ਼ ਦੀ ਤਮੀਜ਼ ਦੇ ਮਦਦਗਾਰ ਸਨ:-

ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ
ਏਜ਼ਦੀ ਮੰਜ਼ੂਰ ਗੁਰੂ ਗੋਬਿੰਦ ਸਿੰਘ।

ਹੱਕ ਹੱਕ ਅੰਦੇਸ਼ ਗੁਰੁ ਗੋਬਿੰਦ ਸਿੰਘ
ਬਾਦਸ਼ਾਹ ਦਰਵੇਸ਼ ਗੁਰੁ ਗੋਬਿੰਦ ਸਿੰਘ
ਖ਼ਾਲਸੋ ਬੇਕੀਨਾ ਗੁਰੁ ਗੋਬਿੰਦ ਸਿੰਘ
ਹਕ ਹਕ ਆਈਨਾ ਗੁਰੁ ਗੋਬਿੰਦ ਸਿੰਘ
ਕਾਦਰੇ ਹਰ ਕਾਰ ਗੁਰੁ ਗੋਬਿੰਦ ਸਿੰਘ
ਬੇਕਸਾਂ ਰਾ ਯਾਰ ਗੁਰੁ ਗੋਬਿੰਦ ਸਿੰਘ

(ਭਾਈ ਨੰਦ ਲਾਲ ਗੋਯਾ)

ਗੁਰੂ ਗੋਬਿੰਦ ਸਿੰਘ ਸਾਹਿਬ ਜੇਤੂ ਸਨ ਅਤੇ ਖ਼ੁਦ ਜਿੱਤੇ ਹੋਏ ਸਨ। ਉਹ ਰੱਬ ਦੀ ਰਜ਼ਾ ਵਿਚ ਰਹਿਣ ਵਾਲੇ ਸਨ, ਉਹ ਪਰਮਾਤਮਾ ਦਾ ਸਿਮਰਨ ਕਰਨ ਵਾਲੇ ਇਕੋ ਵੇਲੇ ਬਾਦਸ਼ਾਹ ਅਤੇ ਦਰਵੇਸ਼ ਸਨ। ਉਹ ਰੱਬ ਦੇ ਸ਼ੀਸ਼ੇ ਸਨ। ਉਨ੍ਹਾਂ 'ਚੋਂ ਪਰਮਾਤਮਾ ਦੀ ਜ਼ਾਤ ਝਲਕਦੀ ਸੀ। ਉਹ ਸ਼ੀਸ਼ੇ ਵਾਂਗ ਖ਼ਾਲਸ ਸਾਫ਼ ਅਤੇ ਨਿਰਵੈਰ ਸਨ। ਉਹ ਹਰ ਕੰਮ ਦੇ ਕਰਨਹਾਰ ਅਤੇ ਬੇਕਸ਼ਾਂ ਨਿਤਾਣਿਆਂ ਦੇ ਯਾਰ ਸਨ। ਇਹ ਸਤਰਾਂ ਮਹਾਤਮਾ ਗਾਂਧੀ ਅਤੇ ਮਹਾਂ ਕਵੀ ਟੈਗੋਰ ਦੇ ਸ਼ੰਕਿਆਂ ਦਾ ਉਤਰ ਦੇਣ ਲਈ ਕਾਫ਼ੀ ਹਨ। ਇਸ ਸ਼ੰਕੇ ਉਤਪਤੀ ਲਈ ਉਨ੍ਹਾਂ ਨੂੰ ਕਸੂਰਵਾਰ ਆਖਣਾ ਠੀਕ ਨਹੀਂ ਕਿਉਂਕਿ ਉਨ੍ਹਾਂ ਹਿੰਦੂ ਨਜ਼ਰੀਏ ਨਾਲ ਗੁਰੂ ਸਾਹਿਬ ਨੂੰ ਤਕਿਆ ਹੈ ਪਰ ਉਹ ਇਹ ਭੁੱਲ ਗਏ ਹਨ ਕਿ ਸ੍ਰੀ ਰਾਮ ਚੰਦਰ ਜੀ ਨੇ ਸਣੇ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦੇ ਜੋ ਹਿੰਦੂ ਅਵਤਾਰ ਸਨ ਅਤੇ ਮਹਾਤਮਾ ਗਾਂਧੀ ਦੀ ਨਿੱਤ ਕਰਮ ਦੀ ਪੂਜਨੀਕ ਪੁਸਤਕ ਗੀਤਾ ਦੇ ਰਚਨਹਾਰ ਸਨ, ਵੀ ਰਾਜ ਭਾਗ ਮਾਣਿਆ ਅਤੇ ਸ਼ਸਤਰ ਉਠਾਏ ਸਨ। ਖ਼ੈਰ ਅਖ਼ੀਰ ਵਿਚ ਇਕ ਮੁਸਲਮਾਨ ਇਤਿਹਾਸਕਾਰ ਸਈਯਦ ਮੁਹੰਮਦ ਲਤੀਫ ਦੀ ਰਾਏ ਪ੍ਰਗਟ ਕਰਨਾ ਵੀ ਦਿਲਚਸਪੀ ਤੋਂ ਖ਼ਾਲੀ ਨਹੀਂ ਹੋਵੇਗਾ।

Guru Gobind Singh was a King on his masnad, a law giver on his pulpit and a faqir in the society of the Khalsa.

(History of the Punjab)

ਗੁਰੂ ਗੋਬਿੰਦ ਸਿੰਘ ਸਾਹਿਬ ਅਪਨੀ ਮਸਨਦ ਉਤੇ ਬਾਦਸ਼ਾਹ ਅਤੇ ਜੱਜ ਦੀ ਥਾਂ ਉਤੇ ਇਨਸਾਫ਼ ਪਸੰਦ ਕਾਨੂੰਨ ਬਨਾਣ ਵਾਲੇ ਅਤੇ ਖ਼ਾਲਸੇ ਦੇ ਦਰਮਿਆਨ ਫ਼ਕੀਰ ਸਨ। ਇਨ੍ਹਾਂ ਬਹੁਮੁੱਲੀਆਂ ਬੇਅੰਤ ਸਿਫ਼ਤਾਂ ਦੇ ਕਾਰਨ ਵੀ ਸ਼ੈਦ ਭਾਈ ਨੰਦ ਲਾਲ ਜੀ ਨੇ ਆਖਿਆ ਸੀ:-

ਗਾਹੇ ਸੂਫ਼ੀ ਗਾਹੇ ਜ਼ਾਹਦ, ਗਾਹੇ ਕਲੰਦਰ ਮੇ ਸ਼ਵੱਦ।
ਰੰਗ ਹਾਏ ਮੁਖ਼ਤਲਿਫ਼, ਦਾਰ ਬੁਤੇ ਆਯਾਰੇ ਮਾ॥

'ਕਦੀ ਉਹ ਸੂਫ਼ੀ ਹੈ, ਕਦੀ ਜ਼ਾਹਦ (ਸ਼ਰਈ: ਮੁਸਲਮਾਨੀ ਸੱਰਾ ਦਾ ਪਾਬੰਦ) ਹੈ ਅਤੇ ਕਦੀ ਕਲੰਦਰ (ਮਸਤਾਨਾ, ਬੇਪਰਵਾਹ) ਬਣ ਜਾਂਦਾ ਹੈ। ਮੇਰੇ ਚਾਲਾਕ ਸੋਹਣੇ ਇਸ਼ਟ ਦੇ ਰੰਗਾਂ ਦਾ ਪਤਾ ਨਹੀਂ ਲੱਗਦਾ।'

ਪ੍ਰੇਮ ਮਾਰਗ ਲਾਹੌਰ,
ਦਸੰਬਰ, 1946

ਚੜ੍ਹਦੀਆਂ ਕਲਾਂ ਦਾ ਮਾਲਕ

ਸਕੈਚ ਆਫ਼ ਦੀ ਸਿਖਸ ਵਿਚ ਸਰ ਜਾਨ ਮੈਲਕਮ ਨੇ ਇਕ ਥਾਂ ਲਿਖਿਆ ਹੈ ਕਿ ਬਹੁਤ ਸਾਰੀਆਂ ਲਿਖਤਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਚਮਕੌਰ ਤੋਂ ਨਿਕਲਣ ਪਿਛੋਂ ਆਪਣੀ ਅਸਫ਼ਲਤਾ ਮੰਦ ਭਾਗਤਾ ਅਤੇ ਪੁੱਤਰਾਂ ਦੀ ਮੌਤ ਕਾਰਨ ਆਪਣਾ ਦਿਮਾਗੀ ਸੰਤੁਲਨ ਗੁਆ ਬੈਠੇ ਸਨ ਅਤੇ ਕਈ ਚਿਰ ਤਰਸ-ਯੋਗ ਹਾਲਤ ਵਿਚ ਇਧਰ ਉਧਰ ਘੁੰਮਦੇ ਫਿਰਦੇ ਰਹੇ। ਪਰੰਤੂ ਇਹ ਖੁਦ ਇਕ ਗਲਤ ਬਿਆਨੀ ਅਤੇ ਇਤਿਹਾਸਕ ਵਾਕਿਆਤ ਦੇ ਉਲਟ ਝੂਠ ਦਾ ਪੁਲੰਦਾ ਹੈ, ਜੋ ਦੂਜੀਆਂ ਮਨਘੜਤ ਮਨੌਤਾਂ ਵਾਂਗ ਕਪਟ ਭਰੇ ਦਿਮਾਗ ਦੀ ਕਾਢ ਹੈ। ਅਸਲ ਗੱਲ ਇਹ ਹੈ ਅਤੇ ਤਾਰੀਖ ਸਾਖੀ ਹੈ ਕਿ ਚਮਕੌਰੋਂ ਜੇ ਹਜ਼ੂਰ ਨਿਕਲੇ ਤਾਂ ਕੇਵਲ ਪੰਥਕ ਹੁਕਮ ਮੰਨਣ ਲਈ ਅਤੇ ਖਾਲਸੇ ਦੀ ਰਜ਼ਾ ਅੱਗੇ ਸਿਵਾਏ ਸਿਰ ਨਿਵਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਾ ਦੇਖ ਕੇ, ਨਹੀਂ ਤਾਂ ਆਪ ਚਮਕੌਰ ਸਾਹਿਬ ਦੇ ਮੈਦਾਨੇ-ਜੰਗ ਵਿਚ 'ਜਬ ਆਵ ਕੀ ਔਧ ਨਿਧਾਨ ਬਨੈ, ਅਤਿ ਹੀ ਰਣ ਮੈਂ ਤਬ ਜੂਝ ਮਰਉਂ" ਤੇ ਫੁੱਲ ਚਾੜ੍ਹਦੇ, ਸ਼ਹੀਦ ਹੋ ਜਾਂਦੇ ਅਤੇ ਹਜ਼ੂਰ ਦਾ ਹਜ਼ੂਰ ਸਾਹਿਬ, ਚਮਕੌਰ ਸਾਹਿਬ ਹੀ ਬਣਦਾ।

ਚਮਕੌਰ ਤੋਂ ਨਿਕਲ ਕੇ ਆਪ ਨੇ ਦੁਗਣੀ ਚੌਗੁਣੀ ਸ਼ਾਨ ਨਾਲ ਆਪਣੇ ਆਦਰਸ਼ ਦੀ ਬ੍ਰਿਧ ਕੀਤੀ। ਫਤਹ ਨਾਮਾ, ਜ਼ਫ਼ਰਨਾਮਾ ਲਿਖ ਕੇ ਔਰੰਗਜ਼ੇਬ ਨੂੰ ਵੰਗਾਰਿਆ, ਮੁਕਤਸਰ ਦੇ ਯੁੱਧ ਵਿਚ ਵਿਜੈ ਪ੍ਰਾਪਤ ਕੀਤੀ। ਦਮਦਮੇ ਸਾਹਿਬ ਠਹਿਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦੋਬਾਰਾ ਸੰਪਾਦਨ ਕੀਤਾ। ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਦਰਜ਼ ਕਰਵਾਕੇ ਤੀਹ ਰਾਗਾਂ ਦੀ ਥਾਂ ਇਕੱਤੀ ਰਾਗ ਜਮ੍ਹਾਂ ਕੀਤੇ। ਡਾਕਟਰ ਟਰੰਪ ਅਨੁਸਾਰ, ਦਮਦਮੇ ਸਾਹਿਬ ਕਿਆਮ ਸਮੇਂ ਇਕ ਲੱਖ ਵੀਹ ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਫੇਰ ਇਸੇ ਥਾਂ ਜਦ ਮਾਤਾ ਸੁੰਦਰੀ ਜੀ ਨੇ ਪੁੱਤਰਾਂ ਦੀ ਸ਼ਹੀਦੀ ਦੀ ਗੱਲ ਕੀਤੀ ਤਾਂ ਆਪ ਨੇ ਉਹਨਾਂ ਨੂੰ ਧੀਰਜ ਦਿੰਦਿਆਂ ਕਮਾਲ ਤਹੱਮੁਲ ਤੇ ਹੌਸਲੇ ਨਾਲ ਆਖਿਆ:-

ਇਕ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਭਇਆ ਜੀਵਤ ਕਈ ਹਜ਼ਾਰ।

ਵਾਕਈ ਆਨੰਦਪੁਰ ਛਡਣ ਤੋਂ ਲੈ ਕੇ ਅਬਚਲ ਨਗਰ ਤਕ ਦੀਆਂ ਘਟਨਾਵਾਂ ਦਰਦ ਭਰੀਆਂ ਹਨ। ਜੇ ਕੋਈ ਹੋਰ ਹੁੰਦਾ ਤਾਂ ਜ਼ਰੂਰ ਪਾਗਲ ਹੋ ਜਾਂਦਾ। ਪਰ ਗੁਰੂ ਗੋਬਿੰਦ ਸਿੰਘ ਜੀ ਕਿਸੇ ਹੋਰ ਮਿੱਟੀ ਦੇ ਬਣੇ ਹੋਏ ਸਨ। ਪਰਮ ਪੁਰਖ ਦਾ ਦਾਸ ਜੋ ਜਗਤ ਤਮਾਸ਼ਾ ਤਕਣ ਆਇਆ ਸੀ, ਜਗਤ ਲਈ ਖੁਦ ਇਕ ਲਾਸਾਨੀ ਤਮਾਸ਼ਾ ਬਣ ਗਿਆ। ਪਿਤਾ ਪੁੱਤਰਾਂ ਦੀ ਲਾਸ਼ ਕੋਲੋਂ, ਉਨ੍ਹਾਂ ਦੇ ਦਾਹ ਸੰਸਕਾਰ ਦੀ ਚਿੰਤਾ ਤੋਂ ਬੇ-ਨਿਆਜ਼, ਨਿਕਲ ਜਾਂਦਾ ਹੈ। ਗੁਰੂ ਆਪਣੇ ਮਸੰਦ ਗੁਲਾਬੇ ਦੇ ਘਰ ਜਾਂਦਾ ਹੈ। ਮਸੰਦ ਨੂੰ ਗੁਰੂ 'ਚੋਂ ਬਗਾਵਤ ਦੀ ਗੰਧ ਆ ਜਾਂਦੀ ਹੈ ਤੇ ਉਹਦੇ ਪੈਰਾਂ ਹੇਠੋਂ ਮਿੱਟੀ ਨਿਕਲ ਜਾਂਦੀ ਹੈ। ਉਹ ਗੁਰਦੇਵ ਜੀ ਨੂੰ ਆਖਦਾ ਹੈ, 'ਤੁਸੀਂ ਰਾਜ ਤੋਂ ਬਾਗੀ ਹੋ, ਜੇ ਕਿਸੇ ਨੂੰ ਪਤਾ ਲਗ ਗਿਆ ਕਿ ਤੁਸੀਂ ਮੇਰੇ ਘਰ ਹੋ, ਮੇਰਾ ਘਾਣ ਬਚਾ

ਪੀੜਿਆ ਜਾਏਗਾ।' ਆਪ ਮਸੰਦ ਦੀ ਬੇ-ਵਫਾਈ ਉਤੇ ਮੁਸਕ੍ਰਾਏ ਤੇ ਅੱਗੇ ਟੁਰ ਪਏ। ਕ੍ਰਿਪਾਲ ਉਦਾਸੀ ਦੇ ਡੇਰੇ ਵੀ ਉਹੀ ਨਾਟਕ ਖੇਡਿਆ ਗਿਆ। ਦੁਨੀਆਂਦਾਰੀ ਤੋਂ ਮੂੰਹ ਮੋੜ ਬੈਠੇ, ਸਾਧ ਦੇ ਡੇਰੇ ਵੀ ਆਪ ਲਈ ਠਹਿਰਨ ਦੀ ਥਾਂ ਨਹੀਂ। ਆਪ ਨੇ ਮਥੇ ਵੱਟ ਨਹੀਂ ਪਾਇਆ। ਮੁਕਤਸਰ ਦੇ ਯੁੱਧ ਤੋਂ ਪਹਿਲੋਂ ਹਜ਼ੂਰ ਨੇ ਕਪੂਰੇ ਨੂੰ ਆਪਣੀ ਗੜ੍ਹੀ ਦੇਣ ਲਈ ਆਖਿਆ ਕਿਉਂਕਿ ਵਜ਼ੀਰ ਖਾਂ ਸੂਬਾ ਸਰਹੰਦ ਨਾਲ ਦੋ ਦੋ ਹੱਥ ਜ਼ਰੂਰ ਹੋਣੇ ਸਨ। ਕਪੂਰੇ ਉਤੇ ਘੜਿਆਂ ਮੂੰਹੀਂ ਪਾਣੀ ਪੈ ਗਿਆ, ਕਹਿਣ ਲੱਗਾ, 'ਹਜ਼ੂਰ ਜੇ ਹਕੂਮਤ ਨੂੰ ਪਤਾ ਲੱਗ ਗਿਆ ਤਾਂ ਮੈਨੂੰ ਫਾਹੇ ਲਾ ਦੇਣਗੇ, 'ਹਜ਼ੂਰ ਨੇ ਹੱਸ ਕੇ ਆਖਿਆ-'ਕਪੂਰਿਆ, ਅਸੀਂ ਤੇਰੀ ਗੜ੍ਹੀ ਵਿਚ ਪੈਰ ਪਾਈਏ ਯਾ ਨਾਂ, ਪਰ ਤੇਰੇ ਵਰਗੇ ਕਾਇਰ ਨੂੰ ਮੁਗ਼ਲ ਜ਼ਰੂਰ ਫਾਹੇ ਲਾਉਣਗੇ ਕਿਉਂਕਿ ਤੁਸੀਂ ਇਸੇ ਲਾਇਕ ਹੋ।"

ਅੱਗੇ ਚਲੋ! ਡੱਲਾ ਹਜ਼ੂਰ ਦਾ ਪਰਮ ਸ਼ਰਧਾਲੂ ਹੈ। ਇਹਨੂੰ ਆਪ ਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬੜਾ ਰੰਜ ਹੈ। ਕਹਿੰਦਾ ਹੈ-'ਹਜ਼ੂਰ ਨੇ ਉਸ ਸਮੇਂ ਦਾਸ ਨੂੰ ਯਾਦ ਕੀਤਾ ਹੁੰਦਾ ਤਾਂ ਸ਼ਾਇਦ ਇਤਿਹਾਸ ਦਾ ਵਹਿਣ ਬਦਲ ਜਾਂਦਾ।' ਪਰ ਮੌਕਾ ਪੈਣ 'ਤੇ ਉਹ ਵੀ ਡੋਲ ਜਾਂਦਾ ਹੈ। ਹਜ਼ੂਰ ਨੇ ਨਵੀਂ ਬੰਦੂਕ ਦਾ ਨਸ਼ਾਨਾ ਪਰਖਣਾ ਸੀ, ਡੱਲੇ ਨੂੰ ਆਗਿਆ ਕੀਤੀ ਕਿ ਕੋਈ ਆਪਣਾ ਆਦਮੀ ਨਸ਼ਾਨਾ ਬਣਨ ਲਈ ਲੈ ਆਵੇ। ਬਜਾਏ ਇਸ ਦੇ ਕਿ ਆਪ ਇਸ ਮਤਲਬ ਲਈ ਖੜੋ ਜਾਂਦਾ, ਉਹ ਆਦਮੀ ਭਾਲਣ ਚਲਾ ਗਿਆ। ਪਰ ਅੱਗੋਂ ਹਰ ਕੋਈ ਆਖੇ 'ਚੌਧਰੀ ਲੜ ਕੇ ਮਰਨ ਲਈ ਸੱਤ ਵਾਰ ਜਾਨ ਹਾਜ਼ਰ ਹੈ। ਇਉਂ ਬਿਨ ਆਈ ਕੌਣ ਮਰੇ।' ਆਦਮੀ ਨਾ ਆਉਣਾ ਸੀ, ਨਾ ਆਇਆ। ਹਜ਼ੂਰ ਜਾਣੀ ਜਾਣ ਸਨ, ਡੱਲਾ ਸਿੰਘ ਨੂੰ ਆਖਣ ਲੱਗੇ-ਅੱਛਾ ਹੁਣ ਰਤਾ, ਸਾਡੇ ਕਿਸੇ ਸਿੰਘ ਨੂੰ ਖਬਰ ਕਰ ਤਾਂ।' ਡੱਲਾ ਸਿੰਘ ਦੇ ਵੰਗਾਰਨ ਤੇ ਗੁਰੂ ਦੇ ਸਿੰਘ ਤਲੀ ਤੇ ਸੀਸ ਰਖੀ ਹਾਜ਼ਰ ਆਨ ਹੋਏ।

ਭਾਈ ਰਤਨ ਸਿੰਘ ਭੰਗੂ ਇਕ ਹੋਰ ਘਟਨਾ ਦਸਦਾ ਹੈ, ਔਰੰਗਜ਼ੇਬ ਦੇ ਮਰਨ ਤੇ ਹਜ਼ੂਰ ਨੇ ਡੱਲਾ ਸਿੰਘ ਨੂੰ ਕਿਹਾ, 'ਚੱਲ ਤੈਨੂੰ ਦਿੱਲੀ ਦੇ ਤਖਤ ਤੇ ਬਹਾਈਏ।' ਡੱਲਾ ਸਿੰਘ ਦਾ ਭਰਾ ਕੋਲੋਂ ਬੋਲ ਪਿਆ, 'ਆਹੋ, ਡੱਲਿਆ ਤੈਨੂੰ ਵੀ ਉਹੋ ਜਿਹੀ ਪਾਤਸ਼ਾਹੀ ਦੇਵੇਗਾ ਜਿਹੀ ਆਪਣੇ ਪੁੱਤਰਾਂ ਨੂੰ ਦਿੱਤੀ ਹੈ।' ਬੋਲੀ ਬੜੀ ਦਿਲ-ਚੀਰਵੀਂ ਸੀ। ਗੁਰੂ ਸਾਹਿਬ ਦਾ ਪ੍ਰੋਹਿਤ ਹਿਰਖ ਨਾਲ ਹਜ਼ੂਰ ਨੂੰ ਕਹਿਣ ਲੱਗਾ, 'ਜੱਟਾਂ ਨੂੰ ਛੇੜ ਕੇ ਔਂਤਰੇ ਸਦਵਾਇਆ ਨਾ' ਪਰ ਹਜ਼ੂਰ ਨੇ ਦਿਲ-ਝੰਵੀ ਨਾ ਖਾਧੀ ਅਤੇ ਉਦੋਂ ਵੀ ਨਾ ਜਦ ਆਪ ਦੱਖਣ ਜਾ ਰਹੇ ਸਨ। ਸਾਥੀ ਇਕ ਇਕ ਕਰਕੇ ਕਿਰ ਰਹੇ ਸਨ। ਡੱਲਾ ਸਿੰਘ ਲੋਕਾਂ-ਲੱਜੀ ਨਾਲ ਜਾ ਰਿਹਾ ਸੀ। ਇਕ ਦਿਨ ਅੰਤ ਵੇਲੇ ਹਜ਼ੂਰ ਨੇ ਡੱਲਾ ਸਿੰਘ ਨੂੰ ਆਵਾਜ਼ ਦਿੱਤੀ ਤਾਂ ਕੋਈ ਉੱਤਰ ਨਾ ਆਇਆ, ਗੁਰੂ ਸਾਹਿਬ ਦੇ ਡੇਰੇ ਨਾਲ ਜਿਹੜਾ ਇਕ ਬੇਨਵਾ ਫਕੀਰ ਸੀ, ਉਹਨੇ ਉਚੀ ਆਖਿਆ, 'ਡੱਲਾ ਨਾ ਮਲਾ, ਬਸ ਅੱਲ੍ਹਾ ਈ ਅੱਲ੍ਹਾ।' ਗੁਰੂ ਜੀ ਨੇ ਸਹਿਜ ਸੁਭਾਅ ਆਖਿਆ, 'ਗੁਰੂ ਨਹੀਂ ਇਕੱਲਾ।'

ਆਪ ਦਾ ਅੰਤਲਾ ਕੌਤਕ ਵੀ ਇਸੇ ਲੜੀ ਦੀ ਕੜੀ ਸੀ। ਨਿਮਕ ਹਰਾਮ ਪਠਾਨ ਦੇ ਵਿਸ਼ਵਾਸ-ਘਾਤੀ ਵਾਰ ਨਾਲ ਲਗਾ ਘਾਓ ਹਾਲੇ ਆਠਰਿਆ ਸੀ ਕਿ ਪੰਜਾਬੋਂ ਕਮਾਨਾਂ ਆਈਆਂ ਦੇ ਚਿੱਲੇ ਚੜ੍ਹਾਉਣ ਦਾ ਚਾਓ ਚੜ੍ਹ ਪਿਆ। ਇਕ ਤਕੜੀ ਕਮਾਨ ਦਾ ਚਿੱਲਾ ਨਾ ਕਿਸੇ ਤੋਂ ਚੜ੍ਹੇ ਉਹ ਚੜ੍ਹਦੀਆਂ ਕਲਾਂ ਦੇ ਸਵਾਮੀ ਨੇ ਚਾੜ੍ਹਿਆ, ਅੱਲਾ ਘਾਓ ਫੇਰ ਖੁੱਲ੍ਹ ਗਿਆ। ਜਿਸ ਦੇ ਫਲ ਸਰੂਪ ਆਪ ਜੋਤੀ ਜੋਤ ਸਮਾ ਗਏ।

ਇਹ ਦਾਸਤਾਨ ਹੈ, ਉਸ ਮਹਾਨ ਪੁਰਖ ਦੇ ਅੰਤਲੇ ਦਿਨਾਂ ਦੀ, ਜੋ ਸਾਰੀ ਉਮਰ ਨਿਰਾਸਿਆਂ ਲਈ ਆਸ ਦੀ ਕਿਰਨ ਬਣਕੇ ਨ੍ਹੇਰੇ ਤੇ ਸਲ੍ਹਾਬਿਆਂ ਢਾਰਿਆਂ ਵਿਚ ਰੌਸ਼ਨੀ ਕਰਦੇ ਰਹੇ। ਇਥੋਂ ਤੱਕ ਕਿ ਜ਼ਾਲਮਾਂ ਦੇ ਕਾਲੇ ਦਿਲਾਂ ਵਿਚ ਵੀ ਤਰਸ-ਭਰੀ ਤਕਣੀ ਨਾਲ ਝਾਕਦੇ ਰਹੇ। ਸੈਦ ਬੇਗ ਨੂੰ ਸਿਪਾ-ਸਾਲਾਰ ਤੋਂ ਸਾਧ ਬਣਾ ਦਿੱਤਾ ਤੇ ਮਾਧੋ ਦਾਸ ਬੈਰਾਗੀ ਨੂੰ ਸਿਪਾ-ਸਾਲਾਰ ਕਿਉਂਕਿ ਦੋਨੋਂ ਆਪਣੀ ਥਾਂ ਨ੍ਹੇਰਾ ਢੋ ਰਹੇ ਸਨ। ਕੰਗਲੇ, ਕੰਮੀ ਕਿਸਾਨਾਂ ਰੂਪੀ 'ਗਿਆਨ ਵਿਹੂਣੀ ਅੰਧੀ ਰਈਅਤ ਨੂੰ 'ਰਾਜ ਕਰੇਗਾ ਖਾਲਸਾ' ਦਾ ਨਾਹਰਾ ਦਿੱਤਾ, ਇਹ ਆਸ ਦੁਆਕੇ।

ਇਨ ਗਰੀਬ ਸਿਖ ਕੋ ਦਯੋਂ ਪਾਤਸ਼ਾਹੀ,
ਇਹ ਯਾਦ ਰਖੇਂ ਹਮਰੀ ਗੁਰਿਆਈ।

ਔਰੰਗਜ਼ੇਬ ਤੋਂ ਆਪ ਕਦੀ ਨਿਰਾਸ਼ ਨਾ ਹੋਏ ਅਤੇ ਅੰਤ ਇਸ ਮਿਸ਼ਨ ਵਿਚ ਸਫਲ ਵੀ ਹੋਏ ਆਪ ਨੇ ਉਸ ਨੂੰ ਸਚੇ "ਔਰੰਗਜ਼ੇਬ" ਦਾ ਲੱਛਣ ਦੱਸਿਆ:-

ਨਾ ਜ਼ੇਬਦ ਤੁਰਾ ਨਾਮੇ ਔਰੰਗਜ਼ੇਬ,
ਕਿ ਔਰੰਗਜ਼ੇਬਾਂ ਨਾ ਯਾਬਦ ਫਰੇਬ। ਫਤਿਹਨਾਮਾਹ-੫

ਅਰਥਾਤ-ਤੈਨੂੰ ਔਰੰਗਜ਼ੇਬ ਕਹਾਉਣਾ ਸੋਭਦਾ ਨਹੀਂ ਕਿਉਂਕਿ ਔਰੰਗਜ਼ੇਬ (ਤਖਤ ਨੂੰ ਸੋਭਾ ਦੇਣ ਵਾਲੇ) ਫਰੇਬੀ ਨਹੀਂ ਹੁੰਦੇ।' ਤੀਰ ਨਿਸ਼ਾਨੇ 'ਤੇ ਬੈਠਾ ਅਤੇ ਇਤਿਹਾਸ ਗਵਾਹ ਹੈ ਕਿ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਅੱਗੋਂ ਹਜ਼ੂਰ ਨੂੰ ਕੋਈ ਖੇਦ ਨਾ ਪਹੁੰਚਾਏ ਅਤੇ ਉਨ੍ਹਾਂ ਨੂੰ ਮਾਨ ਸਨਮਾਨ ਨਾਲ ਮੇਰੇ ਕੋਲ ਲਿਆਓ।' ਕਿਉਂਕਿ ਬੁੱਢਾ ਗਾਜੀ ਆਪ ਨਾਲ ਮੂੰਹੋਂ ਦੂੰਹੀ ਗੱਲਬਾਤ ਕਰਨਾ ਚਾਹੁੰਦਾ ਸੀ। ਇਹ ਜੁਦੀ ਗੱਲ ਹੈ ਕਿ ਉਹ ਹਜ਼ੂਰ ਦੇ ਦੱਖਣ ਪਹੁੰਚਣ ਤੋਂ ਪਹਿਲਾਂ ਹੀ ਚਲਾਣਾ ਕਰ ਗਿਆ।

ਇਨਸਾਨੀ ਦਿਲ ਦਿਮਾਗ ਤਾਂ ਇਕ ਪਾਸੇ ਆਪ ਤਾਂ ਬੰਜਰ ਤੇ ਰਕੜ ਧਰਤੀਆਂ ਨੂੰ ਵੀ ਸਰਸਬਜ਼ ਤੇ ਸ਼ਾਦਾਬ ਲਹਿ-ਲਹਾਉਂਦਾ, ਫਸਲਾਂ ਤੇ ਫੁੱਲਾਂ ਬੂਟਿਆਂ ਭਰੀ ਗੁਲਜ਼ਾਰ ਤਕਣਾ ਲੋਚਦੇ ਸਨ। ਆਪ ਨੇ ਇਸੇ ਭਾਵ ਨੂੰ ਮੁਖ ਰਖ ਕੇ ਮਾਲਵੇ ਨੂੰ ਵਰਦਾਨ ਦਿੱਤਾ ਸੀ ਕਿ ਇਸ ਅੱਕਾਂ ਕਿੱਕਰਾਂ ਭਰੀ ਧਰਤੀ ਉਤੇ ਕਮਾਦ ਤੇ ਕਪਾਹ ਆਪਣੇ ਖੇੜੇ ਤੇ ਮੁਸ਼ਕਣੀਆਂ ਬਖੇਰਨਗੇ ਅਤੇ ਸੌ ਸਾਲ ਬਾਦ ਇਹ ਭਵਿੱਖਬਾਣੀ ਸਫ਼ਲ ਹੋਈ। ਕੀ ਏਡੀ ਦ੍ਰਿੜ੍ਹਤਾ ਤੇ ਨਿਸਚੇ ਭਰੀ ਆਸ ਦਾ ਮਾਲਕ ਕਦੀ ਨਿਰਾਸ ਹੋ ਸਕਦਾ ਹੈ? ਹਰਗਿਜ਼ ਨਹੀਂ। ਉਹਨੂੰ ਤਾਂ ਆਸ ਸੀ:-

ਦਾਨਵ ਦੇਵ ਫਨਿੰਦ ਨਿਸਾਚਰ, ਭੂਤ ਭਵਿੱਖ ਭਵਾਨ ਜਪੈਂਗੇ।
ਜੀਵ ਜਿਤੇ ਜਲ ਮੈ ਥਲ ਮੈਂ, ਪਲ ਹੀ ਪਲ ਮੈ ਸਭ ਥਾਪ ਥਪੈਂਗੇ।
ਪੁੰਨ ਪ੍ਰਤਾਪਨ ਬਾਢਤ ਜੈ ਧੁਨਿ, ਪਾਪਨ ਕੇ ਬਹੁ ਪੁੰਜ ਖਪੈਂਗੇ।
ਸਾਧ ਸਮੂਹ ਪ੍ਰਸੰਨ ਫਿਰੈਂ ਜਗ, ਸ਼ਤਰ ਸਭੈ ਅਵਲੋਕ ਚਪੈਂਗੇ। ਅਕਾਲ ਉਸਤਤਿ

ਹਰ ਪਾਸੇ ਅਕਾਲ ਪੂਜਾ ਬਿਖਰੇਗੀ, ਪਾਪ ਨਸ਼ਟ ਹੋਵੇਗਾ। ਜਗਤ ਦੇ ਸ਼ਤਰੂ ਮੂੰਹ ਦੀ ਖਾਣਗੇ, ਅਜਿਹਾ ਆਸ਼ਾ ਭਰਪੂਰ ਪੈਗਾਮ ਕੇਵਲ ਕਲਗੀਧਰ ਪਾਤਸ਼ਾਹ ਹੀ ਦੇ ਸਕਦੇ ਸਨ।

ਪ੍ਰੀਤਮ; ਮਾਰਚ 1960

ਵਾਰ ਸ੍ਰੀ ਭਗਉਤੀ ਜੀ ਕੀ

ਗੁਰੂ ਨਾਨਕ ਸਾਹਿਬ ਦਾ ਮਾਰਗ ਬੁਨਿਆਦੀ ਤੌਰ 'ਤੇ ਜ਼ੋਰ ਜ਼ੁਲਮ ਦਾ ਵਿਰੋਧੀ ਹੈ। ਅਨਿਆਏ ਚਾਹੇ ਉਹ ਧਾਰਮਕ ਹੋਵੇ ਜਾਂ ਸਿਆਸੀ, ਭਾਈਚਾਰਕ ਹੋਵੇ ਜਾਂ ਆਰਥਕ, ਗੁਰੂ ਸਾਹਿਬ ਨੇ ਜੀਵਨ ਦੇ ਕਿਸੇ ਵੀ ਪੱਧਰ 'ਤੇ ਹੋਣ ਵਾਲੀ ਬੇਇਨਸਾਫ਼ੀ ਦਾ ਡਟ ਕੇ ਵਿਰੋਧ ਕੀਤਾ ਅਤੇ ਕਰਨਾ ਸਿਖਾਇਆ। ਜ਼ੁਲਮੀ ਰਾਜ ਦੇ ਵਿਰੋਧ ਦੇ ਸੰਬੰਧ ਵਿਚ ਗੁਰੂ ਸਾਹਿਬ ਨੇ ਸ਼ਸਤਰਾਂ ਦਾ ਸੁਝਾਉ ਸ਼ੁਰੂ ਤੋਂ ਹੀ ਦਿੱਤਾ ਹੈ ਅਤੇ ਜਨਤਾ ਉਨ੍ਹਾਂ ਨੂੰ ਸੱਚਾ ਪਾਤਸ਼ਾਹ ਆਖਣ ਲਗ ਪਈ ਸੀ। ਗੁਰੂ ਨਾਨਕ ਸਾਹਿਬ ਨੇ ਹੀ ਦੁਖੀ ਜਨਤਾ ਲਈ ਜੂਝ ਮਰਨਾ ਸੂਰਮਿਆਂ ਦਾ ਹੱਕ ਦੱਸਿਆ। ਰਾਮ ਕਲੀ ਦੀ ਵਾਰ ਵਿਚੋਂ ਤੀਜੇ ਸਤਿਗੁਰੂ ਨੂੰ ਇਕ ਸ਼ਾਹ ਸਵਾਰ ਸ਼ਸਤਰਧਾਰੀ ਦੇ ਰੂਪ ਵਿਚ ਚਿਤ੍ਰਿਆ।

ਘੋੜਾ ਕੀਤੋ ਸਹਿਜ ਦਾ ਜਤੁ ਕੀਓ ਪਲਾਣ॥
ਧਨੁਖ ਚੜਾਇਓ ਸਤਿ ਦਾ ਜਸ ਹੰਦਾ ਬਾਣ॥

ਮਹਾਂ ਕਵੀ ਸੰਤੋਖ ਸਿੰਘ ਨੇ ਤਾਂ ਗੁਰੂ ਰਾਮਦਾਸ ਨੂੰ ਇਕ ਸਮਰਾਟ ਦੇ ਰੂਪ ਵਿਚ ਕਲਪਿਆ ਹੈ। ਗੁਰੂ ਅਰਜਨ ਸਾਹਿਬ ਨੇ ਗਰੀਬੀ ਦੀ ਗਦਾ ਅਤੇ ਸਗਲ ਰੇਣ ਛਾਰੀ ਦੇ ਖੰਡੇ ਦਾ ਉਲੇਖ ਕਰਕੇ ਸੱਚਮੁੱਚ ਸਿੱਖੀ ਵਿਚ ਸ਼ਸਤਰ ਦੇ ਦਾਖਲੇ ਨੂੰ ਨੇੜੇ ਲੈ ਆਂਦਾ। ਆਪਣੀ ਸ਼ਹਾਦਤ ਤੋਂ ਪਹਿਲਾਂ ਆਪਣੇ ਸਾਹਿਬਜ਼ਾਦੇ ਹਰਿਗੋਬਿੰਦ ਨੂੰ ਆਖ ਹੀ ਦਿੱਤਾ ਕਿ ਉਹ ਜਹਾਂਗੀਰ ਦੀ ਹਕੂਮਤ ਨੂੰ ਰਾਹ ਰਾਸਤੀ ਵਲ ਲਿਆਉਣ ਲਈ ਪ੍ਰੇਰਨਗੇ, ਪਰ ਜੇ ਉਹ ਅਸਫ਼ਲ ਰਹੇ ਤਾਂ ਤੁਸੀਂ ਸ਼ਸਤਰਾਂ ਨਾਲ ਸਨਦਬੱਧ ਹੋ ਕੇ ਗੱਦੀ ਤੇ ਬੈਠੋ। ਇਸੇ ਆਦੇਸ਼ ਅਨੁਸਾਰ ਗੁਰੂ ਹਰਿਗੋਬਿੰਦ ਮੀਰੀ ਪੀਰੀ ਦੀਆਂ ਦੋ ਤੇਗਾਂ ਸਜਾਕੇ 'ਦਲ ਭੰਜਨ ਗੁਰੂ ਸੂਰਮਾ ਬਡਜੋਧਾ ਬਹੁ ਪਰ ਉਪਕਾਰੀ' ਦੇ ਰੂਪ ਵਿਚ ਸਿੰਘਾਸਨਾ ਰੂੜ ਹੋਏ ਤੇ ਸਿੱਖੀ ਵਿਚ ਤੇਗ ਪ੍ਰਵਿਸ਼ਟ ਹੋਈ, 'ਅੰਧੀ ਰਈਅਤ ਗਿਆਨ ਵਿਹੂਣੀ' ਦੀਆਂ ਅੱਖਾਂ ਨੂੰ ਨਵਾਂ ਚਾਨਣ ਪ੍ਰਾਪਤ ਹੋਇਆ*। ਸ਼ਾਹਜਹਾਨ ਦੀਆਂ ਫੌਜਾਂ ਨਾਲ ਹੋਏ ਚਾਰ ਯੁੱਧ ਜਿੱਤ ਕੇ ਨੰਗੀ ਤਲਵਾਰ ਤੋਂ ਸਹਿਮ ਜਾਣ ਵਾਲੇ ਲੋਕਾਂ ਵਿਚ ਸਾਹਸ ਅਤੇ ਵੀਰਤਾ ਦਾ ਸੰਚਾਰ ਕੀਤਾ, ਘੱਟੋ ਘੱਟ ਮਾਝੇ ਦੇ ਚੌਗਿਰਦੇ ਵਿਚੋਂ, ਜਿਥੋਂ ਦੇ ਚੋਬਰ ਗੁਰੂ ਦੇ ਸੈਨਕ ਬਣੇ, ਮਾਲਵੇ ਦੇ ਇਲਾਕੇ ਵਿਚੋਂ ਜਿਥੇ ਦੋ ਯੁੱਧ ਹੋਏ ਅਤੇ ਦੋ-ਆਬੇ ਦੀ ਧਰਤੀ ਵਿਚੋਂ ਜਿਥੇ ਅੰਤਲੀ ਲੜਾਈ ਹੋਈ, ਲੋਕਾਂ 'ਚੋਂ ਇਹ ਭਰਮ ਭੁਲੇਖਾ ਉਡ ਗਿਆ ਕਿ ਮੁਗਲ ਅਜਿੱਤ ਹਨ ਅਤੇ ਆਮ ਜਨਤਾ ਉਨ੍ਹਾਂ ਦਾ ਮੁਕਾਬਲਾ

---

*ਕਨਿੰਘਮ ਅਨੁਸਾਰ ਗੁਰੂ ਸਾਹਿਬ ਦੇ ਅਸਤਬਲ ਵਿਚ ਅੱਠ ਸੌ ਘੋੜੇ ਸਨ। ਤਿੰਨ ਸੌ ਸਵਾਰ ਸੱਨਧ ਬਧ ਤਿਆਰ-ਬਰ-ਤਿਆਰ ਹਜ਼ੂਰੀ ਵਿਚ, ਰਹਿੰਦੇ ਸਨ। ਸੱਤ ਤੋਪਚੀ ਹਜ਼ੂਰ ਦੇ ਸਰੀਰ ਰਕਸ਼ਕ ਸਨ। (History of the Sikhs Page 83)

ਨਹੀਂ ਕਰ ਸਕਦੀ। ਗਵਾਲੀਅਰ ਦੀ ਨਜ਼ਰਬੰਦੀ 'ਚੋਂ ਬਵੰਜਾ ਕੈਦੀ ਰਾਜਿਆਂ ਨੂੰ ਗੁਰੂ ਸਾਹਿਬ ਦੀ ਬਦੌਲਤ ਰਿਹਾਈ ਨਸੀਬ ਹੋਣਾ, ਉਪਰੀ ਨਜ਼ਰੇ ਹਜ਼ੂਰ ਦੀ ਧਾਰਮਕ ਜਾਂ ਅਧਿਆਤਮਕ ਉੱਚਤਾ ਦਾ ਲਖਾਇਕ ਹੋ ਸਕਦਾ ਹੈ, ਪਰ ਇਸ ਘਟਨਾ ਨਾਲ ਰਾਜਪੂਤ ਰਾਜਿਆਂ (ਪਹਾੜੀ ਅਤੇ ਰਾਜਸਥਾਨ) ਨੂੰ ਗੁਰੂ ਘਰ ਮੁਕਤੀ ਦਾਤਾ ਨਜ਼ਰ ਆਉਣ ਲੱਗ ਪਿਆ। ਰਾਜ ਕ੍ਰੋਪੀ ਦੇ ਮਾਰੇ ਕੁਝ ਸ਼ਾਹੀ ਅਹਿਲਕਾਰ ਗੁਰੂ ਦੀ ਸ਼ਰਨ ਆਏ। ਇਸੇ ਗੁਰੂ ਨੇ ਪਹਿਲੇ ਫੂਲਕਿਆਂ ਦੇ ਵਡਕਿਆਂ ਨੂੰ ਰਾਜ ਭਾਗ ਦਾ ਵਰ ਦਿੱਤਾ। ਗਵਾਲੀਅਰ ਦੀ ਕੈਦ 'ਚੋਂ ਗੁਰੂ ਦੀ ਕ੍ਰਿਪਾ ਨਾਲ ਰਿਹਾ ਹੋਣ ਵਾਲਾ ਹੰਡੂਰੀਆ (ਨਾਲਾ ਗੜ੍ਹੀਆ) ਟਿੱਕਾ ਹਿੰਮਤ ਚੰਦ ਵੀ ਸੀ। ਪਹਿਲਾਂ ਰਿਹਾ ਹੋ ਕੇ ਆਉਣ ਬਾਦ ਆਪਣਾ ਹੱਕ ਮਾਰਿਆ ਜਾਂਦਾ ਤੱਕ ਕੇ ਉਹਨੇ ਗੁਰੂ ਤੋਂ ਮਦਦ ਲਈ, ਜਦ ਉਹ ਦੇ ਰਾਜ ਵਿਚ ਕੀਰਤਪੁਰ ਵਸਿਆ ਤਦ ਉਹਨੇ ਬੜੀ ਖੁਸ਼ੀ ਨਾਲ ਥਾਂ ਦਿੱਤੀ। ਗੁਰੂ ਸਾਹਿਬ ਦੀ ਹੀ ਸਹਾਇਤਾ ਨਾਲ ਉਹਨੇ 1642 ਵਿਚ ਰੋਪੜ ਦੇ ਨਵਾਬ ਨੂੰ ਅਤੇ ਸਿੱਖਾਂ ਦੀ ਸਹਾਇਤਾ ਨਾਲ 1656 ਵਿਚ ਕਹਿਲੂਰੀਏ ਰਾਜੇ ਦੀਪ ਚੰਦ ਨੂੰ ਹਰਾਇਆ।

ਡਾਕਟਰ ਗੋਕੁਲ ਚੰਦ ਨਾਰੰਗ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਤੋਂ ਬਾਅਦ ਉਨ੍ਹਾਂ ਦੇ ਸਿੱਖਾਂ ਦਾ ਮੁੜ ਕੇਵਲ ਸਾਧੂ ਸੰਤ ਬਣ ਜਾਣ ਦਾ ਡਰ ਘਟ ਹੀ ਰਹਿ ਗਿਆ ਸੀ। ਉਨ੍ਹਾਂ ਨੂੰ ਨਾ ਕੇਵਲ ਇਹੋ ਹੀ ਸਾਫ਼ ਦੱਸਿਆ ਗਿਆ ਸੀ ਕਿ ਸੰਸਾਰੀ ਕਾਰਜਾਂ ਦਾ ਧਾਰਮਕ ਭਾਵਾਂ ਨਾਲ ਗੂੜ੍ਹਾ ਸੰਬੰਧ ਹੈ। ਸਗੋਂ ਇਹ ਵੀ ਕਿ ਆਪਣੇ ਘਰ ਬਾਰ ਦੀ ਰਾਖੀ ਲਈ ਸ਼ਸਤਰ ਪ੍ਰਯੋਗ ਕਰਨਾ ਉਨ੍ਹਾਂ ਦਾ ਮੁਖ ਕਰਤੱਵ ਹੈ। ਉਨ੍ਹਾਂ ਦੀਆਂ ਉਤੋੜਿਤੀ ਸਫਲਤਾਵਾਂ ਨੇ ਉਨ੍ਹਾਂ ਨੂੰ ਅਨੁਭਵ ਕਰਵਾਇਆ ਕਿ ਉਹ ਕਿੰਨੇ ਸ਼ਕਤੀਸ਼ਾਲੀ ਹਨ ਅਤੇ ਮੁਗਲ ਸਰਕਾਰ ਕਿੰਨੀ ਕਮਜ਼ੋਰ। (Transformation of Sikhism P. 106)

ਸ਼ਹਿਜ਼ਾਦਾ ਖੁਸਰੋ ਗੋਇੰਦਵਾਲ ਦੇ ਪਤਣੋਂ ਲੰਘਦਾ ਸ਼ਾਇਦ ਗੁਰੂ ਅਰਜਨ ਸਾਹਿਬ ਨੂੰ ਮਿਲਿਆ ਜਾਂ ਨਾ, ਪਰ ਮਹਿਮਾ ਪ੍ਰਕਾਸ਼ ਇੰਨੀ ਕੁ ਸੈਨਤ ਜ਼ਰੂਰ ਕਰਦਾ ਹੈ:-

"ਥਾ ਬਡ ਦੁਖੀ ਤਾਂ ਪਰ ਭਈ ਆਫਤ। ਦੁਖੀ ਦੇਖ ਗੁਰੂ ਕਰੀ ਜ਼ਿਆਫਤ।"
ਜ਼ਿਆਫਤ ਦਾ ਭਾਵ ਪ੍ਰਸਾਦ ਪਾਣੀ ਦੀ ਸੇਵਾ ਵੀ ਹੋ ਸਕਦੀ ਹੈ, ਜੋ ਗੁਰੂ ਕੇ ਲੰਗਰ 'ਚੋਂ ਹਰ ਕੋਈ ਪ੍ਰਾਪਤ ਕਰ ਸਕਦਾ ਸੀ। ਪਰ ਸਿੱਖੀ ਵਿਚ ਦੇਗ ਦੇ ਪਿੱਛੋਂ ਤੇਗ਼ ਦੇ ਪ੍ਰਵੇਸ਼ ਨਾਲ ਸਿਆਸੀ ਗੌਂ ਨਾਲ ਲੋੜਵੰਦ ਰਾਜੇ, ਰਜਵਾੜੇ ਤੇ ਮੁਗਲ ਸ਼ਹਿਜ਼ਾਦੇ ਗੁਰੂ ਦੇ ਹਜ਼ੂਰ ਆਉਣ ਲੱਗ ਪਏ, ਭਾਵੇਂ ਗੁਰੂ ਸਾਹਿਬ ਦਾ ਆਪਣਾ ਮੰਤਵ ਰਾਜਨੀਤਕ ਪ੍ਰਭਤਾ ਪ੍ਰਾਪਤ ਕਰਨਾ ਹਰਗਿਜ਼ ਨਹੀਂ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਭਾਵੇਂ ਕੋਈ ਜੰਗ ਨਾ ਲੜੀ ਗਈ, ਪਰ ਇਹ ਇੱਕ ਇਤਿਹਾਸਕ ਸੱਚ ਹੈ ਕਿ ਦਾਰਾ ਸ਼ਿਕੋਹ ਸਤਲੁਜ ਟੱਪਦਾ ਕੀਰਤਪੁਰ, ਗੁਰ ਹਰਿ ਰਾਏ ਸਾਹਿਬ ਤੋਂ ਸਹਾਇਤਾ ਮੰਗਣ ਆਇਆ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀਆਂ ਬਾਂਗਰ, ਮਾਝੇ ਅਤੇ ਬੰਗਾਲ, ਬਿਹਾਰ ਆਸਾਮ ਦੀਆਂ ਉਦਾਸੀਆਂ ਨੂੰ ਜਿਨ੍ਹਾਂ ਵਿਚ ਉਹ ਦਬੇਲ ਜਨਤਾ ਨੂੰ ਸਰਬ ਸਮਰੱਥ ਦਰੋਪਦੀ ਦੀ ਲਾਜ ਰੱਖਣ ਵਾਲੇ ਸ਼ਾਮ ਦੀ ਸ਼ਰਨ ਤੇ ਓਟ ਲੈ ਕੇ ਜਾਗਣ, ਉੱਠਣ ਤੇ ਜੂਝਣ ਦੀ ਪ੍ਰੇਰਨਾ ਦਿੰਦੇ ਰਹੇ, ਹਕੂਮਤ ਨੇ ਬਾਗ਼ੀਆਨਾ ਕਾਰਜ ਖਿਆਲ ਕੀਤਾ, ਜਿਸ ਦੇ ਫ਼ਲਸਰੂਪ, ਗੁਰੂ ਅਰਜਨ ਦੇਵ ਦੇ ਪੋਤਰੇ ਨੂੰ ਜੰਞੂ ਟਿੱਕੇ ਦੀ ਰੱਖਿਆ ਲਈ ਸ਼ਹੀਦ ਕੀਤਾ ਗਿਆ ਅਤੇ ਗੁਰੂ ਹਰਿਗੋਬਿੰਦ ਸਾਹਿਬ ਖੜਗਧਾਰੀ ਦੇ ਪੋਤਰੇ ਨੂੰ ਸਮਸ਼ੇਰ

(ਸ਼ੇਰ ਦਾ ਪੰਜਾ) ਚਮਕਾਉਣੀ ਪਈ। ਹਜ਼ੂਰ ਨੂੰ ਚੌਦਾਂ ਪੰਦਰਾਂ ਲੜਾਈਆਂ ਲੜਨੀਆਂ ਪਈਆਂ। ਕੋਈ ਪੰਜਾਹ ਸਾਲ ਬਾਅਦ ਸਿੱਖਾਂ ਨੇ 'ਪ੍ਰਿਥਮ ਭਗਉਤੀ ਸਿਮਰ ਕੈ.....' ਭੰਗਾਣੀ ਦੇ ਰਣ ਖੇਤਰ ਵਿਚ ਬਾਈ ਧਾਰ ਦੇ ਪਹਾੜੀ ਰਾਜਿਆਂ ਨੂੰ ਲੱਕ ਤੋੜਵੀਂ ਹਾਰ ਦਿੱਤੀ, ਜਿਸ ਦੀ ਗਵਾਹੀ ਭੰਗਾਣੀ ਦੇ ਨੇੜੇ ਸਤੀ ਹੋਈਆਂ ਰਾਣੀਆਂ ਦੀਆਂ ਮੜ੍ਹੀਆਂ ਦੇਂਦੀਆਂ ਹਨ।

ਦੇਸ਼ ਕਾਲ ਦੀਆਂ ਹੱਦਾਂ ਅਤੇ ਮਨੁੱਖੀ ਜਾਮੇ ਵਿਚ ਵਿਚਰਨ ਵਾਲੇ 'ਰੰਗਰਾਏ ਮੁਖਤਲਿਫ਼' ਰੱਖਣ ਵਾਲੇ ਬਹੁਮੁਖੀ ਪ੍ਰਤਿਭਾ ਦੇ ਸੁਆਮੀ ਗੁਰੂ ਗੋਬਿੰਦ ਸਿੰਘ ਜੀ ਦੇ ਮਹਾਨ ਕਾਰਨਾਮੇ ਭਾਵੇਂ ਅਠਾਰਵੀਂ ਸਦੀ ਦਾ ਸੁਨਹਿਰੀ ਇਤਿਹਾਸ ਹੈ, ਪਰ 'ਧਰਮ ਚਲਾਵਨ, ਸੰਤ ਉਬਾਰਨ, ਦੁਸ਼ਟ ਸਭਨ ਕੋ ਮੂਲ ਉਪਾਰਨ' ਦੇ ਦੈਵੀ ਕਾਰਜ ਦੀ ਸੰਪੰਨਤਾ ਲਈ ਧਰਮੀ ਯੋਧੇ ਪੈਦਾ ਕਰਨ ਅਤੇ ਧਰਮ ਯੁੱਧ ਦੇ ਸਾਧਨ ਜੁਟਾਣ ਲਈ ਆਪ ਨੇ ਜੋ ਕਦਮ ਚੁੱਕੇ, ਉਹਨਾਂ ਦੀ ਜੜ੍ਹ ਦੇਸ਼ ਦੀਆਂ ਪਰੰਪਰਾਵਾਂ ਵਿਚ ਹੈ, ਥਾਂ ਪਰ ਥਾਂ ਪਾਉਂਟੇ, ਆਨੰਦਪੁਰ ਵਿਚ ਕੀਤੀਆਂ ਕਿਲਾ ਬੰਦੀਆਂ ਦੀ ਲੋੜ ਪੰਚ ਤੰਤਰ ਦਸਦਾ ਹੈ—ਰਾਜਿਆਂ ਦਾ ਉਹ ਕੰਮ ਜਿਹੜਾ ਹਜ਼ਾਰਾਂ ਹਾਥੀਆਂ ਤੇ ਲੱਖਾਂ ਘੋੜਿਆਂ ਤੋਂ ਵੀ ਸਿੱਧ ਨਹੀਂ ਹੁੰਦਾ ਕੇਵਲ ਇਕ ਕਿਲ੍ਹਾ ਹੀ ਕਰ ਸਕਦਾ ਹੈ। (251 ਪਹਿਲਾ ਤੰਤਰ) ਬਾਦਸ਼ਾਹ ਦੀਆਂ ਸੌਹਾਂ-ਸੁਗੰਦਾਂ 'ਤੇ ਆਪ ਨੇ ਕਿਉਂ ਇਤਬਾਰ ਨਾ ਕੀਤਾ। ਕਿਉਂਕਿ 'ਸੌਹਾਂ' ਨਾਲ ਸੰਧੀ ਕਰਨ ਵਾਲੇ ਵੈਰੀ ਦਾ ਵੀ ਵਸਾਹ ਨਹੀਂ ਕਰਨਾ ਚਾਹੀਦਾ। ਇੰਦਰ ਨੇ ਰਾਜ ਦੇ ਲੋਭ ਲਈ ਵਿਰਤੁਰਾਸ਼ੁਰ ਨੂੰ ਸੌਹਾਂ ਨਾਲ ਹੀ ਮਾਰ ਦਿੱਤਾ ਸੀ। (125 ਕਥਾ 2 ਤੰਤਰ ਪਹਿਲਾ) ਇਹ ਅਤੇ ਹੋਰ ਅਜਿਹੀਆਂ ਵੀਰ ਰਸ ਸੰਚਾਰਦੀਆਂ ਪਰੰਪਰਾਵਾਂ, ਜਿਹਾ ਕਿ ਭਗਵਤ ਗੀਤਾ ਦਾ ਜ਼ੁਲਮ ਵਿਰੁਧ ਰਣ ਮੰਡਣ ਦਾ ਉਪਦੇਸ਼, ਸ਼ੰਕਰਾਚਾਰੀਆ ਦੀ ਸਮੇਂ ਦੀ ਲੋੜ ਅਨੁਸਾਰ ਅਹਿੰਸਾ ਤਿਆਗਣ ਦੀ ਨਸੀਹਤ ਅਤੇ ਆਬੂ ਦੀ ਚੋਟੀ ਉਤੇ ਕੀਤੇ ਯਗ ਵਿਚੋਂ ਅਗਨੀ ਕੁਲ ਰਾਜਪੂਤਾਂ ਦਾ ਜਨਮ ਆਦਿ ਜਿਨ੍ਹਾਂ ਨੂੰ ਦੇਸ਼ ਵਾਸੀ ਵਿਸਾਰ ਕੇ ਖੁਆਰ ਹੋ ਰਹੇ ਸਨ ਅਤੇ ਦਿੱਲੀ ਪਤੀ ਮੁਗਲਾਂ ਨੂੰ ਹੀ 'ਈਸ਼ਵਰ' (ਦਿਲੀਸ਼ਵਰੋ ਵਾ ਈਸ਼ਵਰੋ ਵਾ) ਸਮਝੀ ਬੈਠੇ ਸਨ। ਇਨ੍ਹਾਂ ਪਰੰਪਰਾਵਾਂ ਨੂੰ ਨਵੇਂ, ਵਡੇਰੇ ਤੇ ਵਧੇਰੇ ਸ਼ਾਨਦਾਰ ਰੂਪ ਵਿਚ ਆਪ ਨੇ ਪੇਸ਼ ਕਰਕੇ ਇਤਿਹਾਸ ਦੇ ਧਾਰੇ ਨੂੰ ਬਦਲਿਆ। ਖੰਡੇ ਦੀ ਪਾਹੁਲ ਦੇ ਕੇ ਆਪ ਨੇ ਨਿਮਾਣੀ ਨਿਤਾਣੀ ਅਤੇ ਨਿਘਰੀ ਹੋਈ ਕੌਮ ਵਿਚ ਸਰਬ ਕਾਲ ਤੇ ਸਰਬ ਲੋਹ ਈਸ਼ਵਰ ਦੀ ਓਟ ਆਸਰੇ ਨਵਾਂ ਜੀਵਨ, ਸਫ਼ੁਰਤੀ, ਜਾਗਰਤੀ, ਸਾਹਸ ਅਤੇ ਕੁਝ ਕਰ ਗੁਜ਼ਰਨ ਦੀ ਇਨਕਲਾਬੀ ਲੋਹ-ਭਾਵਨਾ ਪੈਦਾ ਕਰ ਦਿੱਤੀ। ਛੇਵੇਂ ਪਾਤਸ਼ਾਹ ਤੋਂ ਤੁਰੇ ਆ ਰਹੇ ਸੰਤ ਸਿਪਾਹੀਆਂ ਨੇ ਇਕਮੁਠ, ਇਕਜੁਟ ਅਤੇ ਇਕ ਆਦਰਸ਼ ਦੇ ਕੇ ਖਾਲਸਾ ਦੇ ਚਟਾਨ ਵਰਗੇ ਮਜ਼ਬੂਤ ਸਮੂਹ ਦੇ ਰੂਪ ਵਿਚ ਪ੍ਰਗਟ ਕੀਤਾ।*

---

* A nation is a group of people. the qualities of a nation are the sum total of the individual qualities of the people who constitute the group. Hence the qualities of a nation change with the change in the qualities of the individual people (N.G. Cherneshevsky's Selected Philosophical Essays. Page 23)

ਸੰਪਾਦਕ ਵਲੋਂ ਕੁਝ ਸ਼ਬਦ:-

ਗੁਰੂ ਹਰਿ ਰਾਏ ਸਾਹਿਬ ਨੇ ਤਖ਼ਤ ਦੇ ਜਾਇਜ਼ ਵਾਰਿਸ ਤੇ ਅਸੰਪਰਦਾਇਕ ਖਿਆਲਾਂ ਦੇ ਧਾਰਨੀ ਦਾਰਾਸ਼ਿਕੋਹ ਦੀ ਮਦਦ ਕਰਕੇ ਔਰੰਗਜ਼ੇਬ ਦੀ ਕਰੋਪੀ ਦੀ ਕੋਈ ਪਰਵਾਹ ਨਹੀਂ ਕੀਤੀ। ਉਹਨਾਂ ਜਾਬਰ ਬਾਦਸ਼ਾਹ ਨਾਲ ਨਾ-ਮਿਲਵਰਤਣ ਕਰਨ ਦਾ ਮਤਾ ਪਕਾਇਆ।

ਅੱਠਵੇਂ ਪਾਤਸ਼ਾਹ ਨੇ ਔਰੰਗਜ਼ੇਬ ਨੂੰ ਦਰਸ਼ਨ ਨਾ ਦਿੱਤੇ।

ਨੌਵੇ ਪਾਤਸ਼ਾਹ ਨੇ ਧਾਰਮਕ ਵਿਸ਼ਵਾਸਾਂ ਦੀ ਖੁੱਲ ਪ੍ਰਾਪਤੀ ਲਈ ਆਪਣਾ ਸੀਸ ਦਲੀਸ (ਦਿਲੀ ਪਤੀ) ਦੇ ਜਬਰ ਦੇ ਸਾਹਵੇਂ ਨਾ ਝੁਕਾਕੇ ਜਨਤਾ ਤੋਂ ਕੁਰਬਾਨ ਕਰ ਦਿੱਤਾ। ਉਹ ਦੇਸ਼ ਦੀ ਪਾਣ ਪਤ ਦੇ ਰਾਖੇ ਬਣਕੇ ਹਿੰਦ ਦੀ ਚਾਦਰ ਅਖਵਾਏ। ਗੁਰੂ ਗੋਬਿੰਦ ਸਿੰਘ ਜੀ ਨੇ ਦੇਸ਼ ਦੋਖੀਆਂ ਰਾਜਿਆਂ ਅਤੇ ਮੁਗਲਾਂ ਦੋਹਾਂ ਵਿਰੁੱਧ ਜਹਾਦ ਕੀਤਾ। ਔਰੰਗਜ਼ੇਬ ਦੇ ਹੁਕਮ 'ਕੋਈ ਹਿੰਦੂ ਚਿੱਟੀ ਪੱਗ ਨਾ ਬੰਨ੍ਹੇ ਘੋੜੇ ਦੀ ਸਵਾਰੀ ਨਾ ਕਰੇ ਦੀਆਂ ਧੱਜੀਆਂ ਉਡਾਕੇ" ਸਾਬਤ ਸੂਰਤ-ਪੱਗ ਬੰਨ੍ਹ ਖਾਲਸਾ ਸਾਜਿਆ ਅਤੇ ਐਲਾਨਿਆ:

ਖਾਲਸਾ ਅਕਾਲ ਪੁਰਖ ਕੀ ਫੌਜ

ਪ੍ਰਗਟਿਓ ਖਾਲਸਾ ਅਕਾਲ ਪੁਰਖ ਕੀ ਮੌਜ।

ਉਨ੍ਹਾਂ ਨੇ ਮਜ਼ਲੂਮ ਦੇਸ਼ ਵਾਸੀਆਂ ਦੇ ਸਾਹਮਣੇ ਇਕ ਸੁਨਹਿਰੀ ਅਸੂਲ ਰੱਖਿਆ ਕਿ ਸੰਗਰਾਮ ਕੀਤੇ ਬਿਨਾਂ ਦੇਸ਼ ਦੀ ਖੁੱਸੀ ਹੋਈ ਧਰਤੀ ਮੁੜ ਪ੍ਰਾਪਤ ਨਹੀਂ ਹੋ ਸਕਦੀ:

ਜੁਧ ਕੀਏ ਬਿਨ ਫਿਰੈ ਨਹਿ ਭੂਮ ਸਭੈ ਅਪਨੀ ਅਵਧਾਰੀ। ਇਸਦੇ ਨਾਲ ਹੀ ਉਹਨਾਂ ਖਾਲਸੇ ਨੂੰ ਜੰਗ ਲਈ ਤਿਆਰ ਬਰ ਤਿਆਰ ਰਹਿਣ ਲਈ ਵੀ ਸੁਚੇਤ ਕੀਤਾ।

"ਖਾਲਸਾ ਸੋ ਜੋ ਚੜ੍ਹੇ ਤੁਰੰਗ, ਖਾਲਸਾ ਸੋ ਜੋ ਕਰੇ ਨਿਤ ਜੰਗ"

ਉਹਨਾਂ ਨੇ ਪਹਿਲੀ ਵਾਰ ਭਾਰਤੀ ਸਾਹਿਤ ਵਿਚ ਸੈਨਿਕਾਂ ਵਲੋਂ ਆਪਣੇ ਸਵਾਮੀ ਦੇ ਪਿਠ ਦਿਖਾਣ ਨਾਲ ਉਪਜੀ ਗਿਲਾਨੀ ਦਾ ਜ਼ਿਕਰ ਬਚਿੱਤ੍ਰ ਨਾਟਕ (ਆਪਣੀ ਕਥਾ) ਵਿਚ ਕਰਕੇ ਸੈਨਕਾਂ ਨੂੰ ਮੈਦਾਨੇ ਜੰਗ ਵਿਚੋਂ ਭੱਜ ਜਾਣ ਦੇ ਅਪਮਾਨ ਤੋਂ ਅਗਾਹ ਕੀਤਾ।

ਸਾਡੀ ਨਿੱਤ ਦੀ ਅਰਦਾਸ ਦੀ ਸ਼ੁਰੂਆਤ "ਵਾਰ ਭਗਾਉਤੀ ਦੀ" ਪਹਿਲੀ ਪਉੜੀ ਤੋਂ ਸ਼ੁਰੂ ਹੁੰਦੀ ਹੈ ਅਤੇ ਭਗਉਤੀ ਦਾ ਉਟ ਆਸਰਾ ਲੈ ਕੇ-ਸਭ ਗੁਰੂ ਸਾਹਿਬਾਨ ਨੂੰ ਸਿਮਰ ਕੇ, ਅਸੀਸ ਪ੍ਰਾਪਤ ਕਰਦੇ ਹਾਂ। ਇਹ ਸਿੱਖੀ ਦੀ ਆਧਾਰ ਸ਼ਿਲਾ ਵੀ ਹੈ ਅਤੇ ਸਾਡਾ ਨਿਸ਼ਾਨ ਵੀ।

ਇਸੇ ਮੰਤਵ ਦੀ ਪੂਰਤੀ ਲਈ ਉਹਨਾਂ ਸਰਬ ਲੋਹ ਦੇ ਸਿਧਾਂਤ ਨੂੰ ਪਹਿਲ ਦਿਤੀ ਅਤੇ ਸਮਾਜ ਵਿਚੋਂ ਗਲਤ ਪਰੰਪਰਾਵਾਂ ਨੂੰ ਦੂਰ ਕਰਨ ਲਈ ਉਹਨਾਂ ਆਪਣਾ ਸਭ ਕੁਝ ਸਮਾਜ ਤੋਂ ਕੁਰਬਾਨ ਕਰ ਦਿੱਤਾ।

ਸਮੇਂ ਨਾਲ ਬਦਲਦੇ ਹਾਲਾਤ ਦੀ ਮੰਗ ਦਾ ਇਸ ਤੋਂ ਸਹੀ ਉੱਤਰ ਹੋਰ ਕੁਝ ਨਹੀਂ ਸੀ ਹੋ ਸਕਦਾ ਅਤੇ ਬਚਿਤਰ ਸਿੰਘ, ਬਾਬਾ ਦੀਪ ਸਿੰਘ, ਬੀਬੀ ਦੀਪ ਕੌਰ, ਜੱਸਾ ਸਿੰਘ ਆਹਲੂਵਾਲੀਆ, ਜਰਨੈਲ ਹਰੀ ਸਿੰਘ ਨਲਵਾ, ਅਕਾਲੀ ਫੂਲਾ ਸਿੰਘ ਇਸ ਮਾਲੀ ਦੇ ਚਮਨ ਦੇ ਕੁਝ ਆਭਾ ਭਰੇ ਫੁੱਲ ਸਨ, ਜੋ ਅਜੋਕੀ ਖਿਜ਼ਾਂ ਸਮੇਂ ਇਸ ਦੀ ਬੀਤੀ ਬਹਾਰ ਦੀ ਯਾਦ ਤਾਜ਼ਾ ਕਰ ਜਾਂਦੇ ਹਨ। ਪੰਜ ਕਕਾਰਾਂ ਵਲੋਂ ਬਖਸ਼ੀ ਹਮ-ਸ਼ਕਲੀ ਵਿਚੋਂ ਡਾ. ਗੋਕਲ ਚੰਦ ਨਾਰੰਗ ਨੂੰ 'ਨਲ ਚੰਪੂ' ਵਿਚ ਕਥਿਤ ਭੀਮ ਦੀ ਫੌਜ ਦਾ ਭੁਾਵਲਾ ਪੈਂਦਾ ਹੈ ਜਿਸ ਦੇ ਸੈਨਿਕਾਂ ਦੀ ਵਰਦੀ ਵੀ ਕੁਝ ਅਜਿਹੀ ਮਿਲਦੀ ਜੁਲਦੀ ਸੀ।**

ਸੰਤ ਸਿਪਾਹੀਆਂ ਦੀ ਜਮਾਤ ਕਾਇਮ ਕਰਨ ਲਈ ਸਾਜਨ ਹਾਰ ਦਸਮ ਪਾਤਸ਼ਾਹ ਦੇ ਸਾਹਮਣੇ ਕਈ ਸਵਾਲ ਸਨ। ਨਿਤਾਣਿਆਂ, ਨਿਹੱਥਿਆਂ ਅਤੇ ਮੁਹਤਾਜਾਂ ਨੂੰ ਸ਼ਕਤੀਸ਼ਾਲੀ ਬਨਾਉਣਾ ਅਤੇ ਮਹਾਂ ਲੋਹ ਦੇ ਲੜ ਲਾਉਣਾ ਸੀ। ਆਦਿ ਕਾਲ ਤੋਂ ਪਰਮੇਸ਼ਰ ਦੀ ਸ਼ਕਤੀ ਦਾ ਤਸੱਵਰ ਵੱਖ-ਵੱਖ ਰੂਪਾਂ ਵਿੱਚ ਮੰਨਿਆ ਗਿਆ ਹੈ। ਭਾਈ ਗੁਰਦਾਸ ਜੀ ਨੇ ਇਸਨੂੰ ਤਲਵਾਰ (ਖੜਗ) ਰੂਪ ਮੰਨਿਆ ਹੈ।

ਨਾਉਂ ਭਗਉਤੀ ਲੋਹ ਘੜਾਇਆ

ਰੱਬ ਨੂੰ ਸਾਕਾਰ ਮੰਨਣ ਵਾਲਿਆਂ ਨੇ ਇਸ ਭਗਾਉਤੀ ਨੂੰ ਮਹਾਮਾਈ, ਕਾਲੀ, ਦੁਰਗਾ, ਚੰਡੀ-ਚਮੰਡੀ, ਅੰਬਾ ਅਤੇ ਭਵਾਨੀ ਦਾ ਨਾਉਂ ਅਤੇ ਰੂਪ ਦਿੱਤਾ। ਭਗਵਤੀ-ਭਗਵਤ ਦਾ ਇਸਤਰੀ ਰੂਪ ਹੈ। ਇਸਦਾ ਅਰਥ ਹੈ ਐਸ਼ਵਰਯ ਵਾਲੀ ਅਤੇ ਗੁਣਵਾਨ ਅਤੇ ਇਸਨੂੰ ਦੁਰਗਾ ਦੇਵੀ ਦੇ ਅਰਥਾਂ ਵਿੱਚ ਵੀ ਸਮਝਿਆ ਜਾਂਦਾ ਹੈ। ਇਸਦਾ ਦੂਜਾ ਰੂਪ ਭਗਾਉਤੀ ਅਰਥਾਤ, ਭਗਉਤ ਭਗਵਾਨ ਵਾਹਿਗੁਰੂ ਦੀ ਸ਼ਕਤੀ ਹੈ-ਇਸ ਸ਼ਬਦ ਨੂੰ ਦਸ਼ਮੇਸ਼ ਜੀ ਨੇ ਕੇਵਲ ਸ਼ਾਸਤਰਾਂ ਦੇ ਅਰਥਾਂ ਵਿੱਚ ਹੀ ਵਰਤਿਆ ਹੈ।

ਪ੍ਰਿਥਮ ਭਗਾਉਤੀ ਸਿਮਰਕੇ ਗੁਰੂ ਨਾਨਕ ਲਈ ਧਿਆਇ
(ਨਮਸਕਾਰ ਸ੍ਰੀ ਖੜਗ ਕਉ, ਕਰਉ ਸੁ ਹਿਤ ਚਿਤ ਲਾਏ)
ਲਈ ਭਗਉਤੀ ਸ਼ਾਹ ਵਰਜਾਗਨ ਭਾਰੀ
ਲਏ ਭਗਉਤੀ ਨਿਕਸ ਤੈ ਆਪ ਕੰਲਕੀ ਹਾਥ

ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਗੰਥ ਸਾਹਿਬ ਵਿਚ ਭਗਾਉਤੀ ਨੂੰ ਭਗਵਾਨ ਦਾ ਉਪਾਸਕ ਦੇ ਅਰਥਾਂ ਵਿੱਚ ਮੰਨਿਆ ਹੈ। ਰਾਗ ਗਉੜੀ ਸੁਖਮਨੀ ਸਾਹਿਬ ਵਿੱਚ ਗੁਰੂ ਅਰਜਨ ਸਾਹਿਬ ਕਹਿੰਦੇ ਹਨ:

ਭਗਉਤੀ ਭਗਵੰਤ ਭਗਤਿ ਕਾ ਰੰਗ
ਸਗਲ ਤਿਆਗੈ ਦੁਸਟ ਕਾ ਸੰਗੁ ॥
ਮਨ ਤੇ ਬਿਨਸੈ ਸਗਲ ਭਰਮੁ ॥
ਕਰਿਬ ਪੂਜੇ ਸਗਲ ਪਾਰਬ੍ਰਹਮ ॥ ਸਫਾ ੨੭੪

** He made it a rule that all Sikhs, should abstain from smoking and should wear turbans and always keep the following five kakas ie kesh or long hair and long beards, kangha or comb, Kirpan or a sword, kara or a steel bracelet and kachchh or a sort of nicker-bocker which came to possess the same singificance as the togavirilis of the Roman youth. If it, was not a copy of the uniform of Bhim's army mentioned in the ancient sanskrit work 'Nala Champa' by Trivikram Bhatt. It was a strange coincidence that the Guru prescrbibed a similiar uniform for his followers, The observances at once singled out the genuine Sikhs from the mass luke warm Hindus and produced a cohesion in the internal body of the Khalsa which was in a short time to make a strong Panth of them (Transformation of Sikhism-{page 136)

ਭਗਤ ਉਹ ਹੈ ਜਿਸਨੂੰ ਈਸ਼ਵਰ ਦੀ ਭਗਤੀ ਨਾਲ ਪਿਆਰ ਹੈ, ਸਭ ਮੰਦੇ ਕੰਮ ਵਾਲਿਆਂ ਦਾ ਸਾਥ ਛੱਡ ਦਿੱਤਾ ਅਤੇ ਉਸਦੇ ਮਨ 'ਚੋਂ ਹਰ ਤਰ੍ਹਾਂ ਦਾ ਵਹਿਮ ਦੂਰ ਹੋ ਜਾਂਦਾ ਹੈ ਅਤੇ ਉਸ ਅਕਾਲ ਪੁਰਖ ਨੂੰ ਹਰ ਥਾਂ ਵਿਆਪਕ ਜਾਣ ਕੇ ਉਸਨੂੰ ਧਿਆਉਂਦਾ ਹੈ।

ਦਸਮ ਪਾਤਸਾਹ ਨੇ ਸਮੇਂ ਦੀ ਦੱਬੀ ਕੁਚਲੀ ਜੰਤਾ ਨੂੰ ਸਰਬ ਲੋਹ ਦੇ ਲੜ ਲਾਉਣਾ ਸੀ-ਇਸੀ ਕਾਰਨ ਉਹਨਾਂ ਨੇ ਵਾਰ 'ਸ੍ਰੀ ਭਗਾਉਤੀ ਜੀ ਕੀ' 'ਚ ਆਖਿਆ **'ਖੰਡਾ ਪ੍ਰਿਥਮ ਮਨਾਇਕੈ ਜਿਨ ਸਭ ਸੈਸਾਰ ਉਪਾਇਆ॥ ਬ੍ਰਹਮਾ ਬਿਸਨੂੰ ਮਹੇਸ ਸਾਜਿ ਕੁਦਰਤਿ ਦਾ ਖੇਲੁ ਬਣਾਇਆ॥**

ਦਸਵੇਂ ਪਾਤਸ਼ਾਹ ਨੇ ਕੋਈ ਨਵਾਂ ਧਰਮ ਨਹੀਂ ਪੈਦਾ ਕੀਤਾ-ਉਹਨਾਂ ਸਿਰਫ ਮੌਜੂਦਾ ਧਰਮ ਵਿੱਚ ਇੱਕ ਨਵੀਂ ਰੂਹ ਫੂਕੀ। ਪਹਿਲੇ ਨਾਨਕ ਨੇ ਵੀ ਇਹੋ ਆਖਿਆ ਸੀ।

"ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ॥
ਇਕ ਸੰਸਾਰੀ ਇਕੁ ਭੰਡਾਰੀ
ਇਕ ਲਾਏ ਦੀਬਾਣੁ

ਸਿਰਫ਼ ਸਮੇਂ ਦਾ ਹੀ ਫਰਕ ਸੀ ਅਤੇ ਦਸਵੇਂ ਪਾਤਸ਼ਾਹ ਨੇ ਆਪਣੇ ਸਿੱਖਾਂ ਨੂੰ ਸਰਬ ਲੋਹ ਦੇ ਲੜ ਲਾ ਕੇ ਨਵਾਂ ਜੋਸ਼ ਨਵਾਂ ਉਤਸ਼ਾਹ ਪੈਦਾ ਕੀਤਾ ਅਤੇ ਇਸ ਸਰਬ ਲੋਹ ਦੀ ਛੋਹ ਨਾਲ ਚਮਕਦਾ, ਦਮਕਦਾ ਅਤੇ ਲਿਸ਼ਕਦਾ ਖਾਲਸਾ ਹੋਂਦ ਵਿੱਚ ਆਇਆ।-ਸੰਪਾਦਕ

ਗੁਰਮਤਿ ਪ੍ਰਕਾਸ਼-ਮਾਰਚ, 1968.

ਦਸਮੇਸ਼ ਜੀ ਦਾ ਰੱਬ

Whatever thou Lovest man,
That to become thou must;
God, if, thou lovest God.
Dust, if thou lovest dust.(Trench)

ਕਵੀ ਟ੍ਰੈਂਚ ਕਹਿੰਦੇ ਹਨ, "ਹੇ ਪੁਰਖਾ, ਜਿਹਨੂੰ ਤੂੰ ਪਿਆਰ ਕਰੇਂਗਾ, ਉਹੋ ਜਿਹਾ ਬਣੇਗਾ। ਜੇ ਪ੍ਰਮਾਤਮਾ ਨੂੰ ਪਿਆਰ ਕਰੇਂਗਾ ਤਾਂ ਪ੍ਰਮਾਤਮਾ ਅਤੇ ਜੇ ਖੇਹ ਨਾਲ ਨੇਂਹ ਲਾਏਂਗਾ ਤਾਂ ਖੇਹ। ਇਸੇ ਤਰ੍ਹਾਂ ਗੁਰਬਾਣੀ ਵਿਚ ਵੀ ਆਇਆ ਹੈ: ਮਨ ਜੇਹਾ ਤੂੰ ਸੇਵੇ, ਤੇਹਾ ਫਲ ਪਾਵੇ, ਤੇਹੇ ਕਰਮ ਕਮਾਹਿ।" ਗੁਰੂ ਗੋਬਿੰਦ ਸਿੰਘ ਜੀ ਰੱਬੀ ਰੂਪ, ਪਰੀ ਪੂਰਨ ਪਰਮ ਮਨੁੱਖ ਸਨ। ਉਹ ਮਨੁੱਖਾਂ ਨੂੰ ਦੇਵਤੇ ਆਪਣੇ ਵਰਗੇ ਰੱਬ-ਰੂਪ, ਪਰੀ ਪੂਰਨ ਮਨੁੱਖ ਜਾਂ ਮੁਕੰਮਲ ਇਨਸਾਨ ਬਨਾਉਣ ਆਏ ਸਨ। ਆਪ ਦੇਖ ਰਹੇ ਸਨ ਕਿ ਮਨੁੱਖ ਖੇਹ ਨਾਲ ਪਿਆਰ ਪਾ ਬੈਠਾ ਹੈ। ਇਹਦਾ ਪਿਆਰ ਰੱਬ ਨਾਲ ਪੁਆਵਣਾ ਲੋੜੀਏ। ਜਿਹੋ ਜਿਹੀ ਸ਼ਕਲ ਵਿਚ ਕੋਈ ਰੱਬ ਨੂੰ ਅਰਾਧਦਾ ਹੈ, ਉਸੇ ਸ਼ਕਲ ਵਿਚ ਰੱਬ ਉਸ ਨੂੰ ਦਰਸ਼ਨ ਦਿੰਦਾ ਹੈ। ਸ਼੍ਰੋਮਣੀ ਭਗਤ ਸ੍ਰੀ ਨਾਮਦੇਵ ਜੀ ਦਾ ਪਹਿਲੀ ਅਵਸਥਾ ਦਾ ਰੱਬ ਦਾ ਤਸੱਵਰ ਸੀ ਕਿ ਪ੍ਰਮਾਤਮਾ ਗਰੜ ਦੀ ਸਵਾਰੀ ਕਰਦਾ ਹੈ। ਇਵੇਂ ਹੀ ਕਵੀ ਤੁਲਸੀ ਦਾਸ ਜੀ ਆਪਣੇ ਇਸ਼ਟ ਭਗਵਾਨ ਰਾਮ ਚੰਦ੍ਰ ਜੀ ਨੂੰ ਰੱਬ ਖਿਆਲ ਕਰਦੇ ਸਨ। ਇਥੋਂ ਤੱਕ ਕਿ ਮਥਰਾ ਵਿਚ ਕ੍ਰਿਸ਼ਨ ਜੀ ਦੀ ਮੂਰਤੀ ਸਾਹਮਣੇ ਸਿਰ ਝੁਕਾਉਣ ਲਈ ਆਖਿਆ ਗਿਆ ਤਾਂ ਉਹਨਾਂ ਆਖਿਆ

"ਕਿਆ ਕਹੂੰ ਛਬੀ ਆਜ ਕੀ ਭਲੇ ਬਿਰਾਜੇ ਨਾਥ।
ਤੁਲਸੀ ਮਸਤਕ ਤਬ ਨਿਵੈ ਜਬ ਧਨੁ ਬਾਣ ਹੋ ਹਾਥ।"

ਉਹਨਾਂ ਦੇ ਵਿਸ਼ਵਾਸ ਦੀ ਦ੍ਰਿੜ੍ਹਤਾ ਦੇ ਕਾਰਨ ਮਥਰਾ ਵਿਚ ਮੂਰਤੀ ਰਾਮਚੰਦ੍ਰ ਜੀ ਵਿੱਚ ਬਦਲ ਗਈ ਦਸੀ ਜਾਂਦੀ ਹੈ।

"ਜਬ ਰਾਮ ਬਣੇ ਗਿਰਧਾਰੀ।"

ਚੁਨਾਂਚਿ ਗਊ ਜੀਉਂਦੀ ਕਰਨ ਦੀ ਘਟਨਾ ਸੰਬੰਧੀ ਨਾਮਦੇਵ ਜੀ ਫੁਰਮਾਉਂਦੇ ਹਨ:

ਪਾਖੰਤਣ ਬਾਜ ਬਜਾਇਲਾ॥
ਗਰੁੜ ਚੜ੍ਹੇ ਗੋਬਿੰਦ ਆਇਲਾ॥

ਇਸ ਤਰ੍ਹਾਂ ਦੀਆਂ ਮਨੋ ਵਿਰਤੀਆਂ ਅਤੇ ਤਸੱਵਰ ਗੁਰੂ ਸਾਹਿਬ ਦੇ ਵੇਲੇ ਵੀ ਰਾਇਜ਼ ਸਨ। ਮੁਸਲਮਾਨ ਸਿਰਫ਼ ਮਗ਼ਰਬ ਵਲ ਹੀ ਰੱਬ ਨੂੰ ਕੈਦ ਕਰੀ ਬੈਠਾ ਸੀ। ਅਜੂਨੀ ਸੈਭੰ ਦੇ 33 ਅਵਤਾਰ ਮੰਨੇ ਜਾਣ ਲੱਗ ਪਏ ਸਨ, ਆਪ ਫੁਰਮਾਉਂਦੇ ਹਨ:

ਕਾਹੂ ਲੈ ਪਾਹਨ ਪੂਜ ਧਰੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਯੋ।
ਕਾਹੂ ਲਖਯੋ ਹਰਿ ਅਵਾਚੀ ਦਿਸ਼ਾ ਮਹਿ, ਕਾਹੂ ਪਛਾਹਿ ਕੋ ਸੀਸ ਨਵਾਯੋ
ਕੋਊ ਬੁਤਾਨ ਕੋ ਪੂਜਤ ਹੈ ਪਸ, ਕੋਊ ਮਿਰਤਾਨ ਕੋ ਪੂਜਨ ਧਾਯੋ।
ਕੂਰ ਕ੍ਰਿਆ ਉਰਝਿਓ ਸਭ ਹੀ ਜਗ, ਸ੍ਰੀ ਭਗਵਾਨ ਕੋ ਭੇਦ ਨਾ ਪਾਯੋ।

ਅਕਾਲ ਉਸਤਤਿ, ੩੦-੧

ਇਸ ਲਈ ਜ਼ਰੂਰੀ ਸੀ ਕਿ ਭੁੱਲੇ ਇਨਸਾਨਾਂ ਦੇ ਰੂਬਰੂ ਰੱਬ ਸੰਬੰਧੀ ਸਹੀ ਨਜ਼ਰੀਆ ਪੇਸ਼ ਕੀਤਾ ਜਾਵੇ ਅਤੇ ਰੱਬ ਉਹਨਾਂ ਨੂੰ ਆਪਣੇ ਅਸਲੀ ਰੂਪ ਵਿਚ ਨਜ਼ਰ ਆ ਸਕੇ ਤੇ ਇਸ ਅਸਲੀ ਰੱਬ ਨਾਲ ਪਿਆਰ ਪਾ ਕੇ ਉਹਦਾ ਰੂਪ, ਮੁਕੰਮਲ ਇਨਸਾਨ ਬਣ ਸਕਣ। ਸਭ ਤੋਂ ਪਹਿਲਾਂ ਆਪ ਨੇ ਦੱਸਿਆ ਕਿ ਰੱਬ ਰੂਪ ਰੰਗ, ਰੇਖ ਅਤੇ ਚਿੰਨ੍ਹ ਤੋਂ ਬਾਹਰਾ ਹੈ। ਉਹ ਕੇਵਲ ਮੂਰਤੀਆਂ ਵਿਚ ਜਾਂ ਮਗ਼ਰਬ ਦੇ ਪਾਸੇ ਹੀ ਕੈਦ ਨਹੀਂ, ਸਗੋਂ ਉਹ ਸਰਬ ਵਿਆਪੀ ਹੈ। ਦੇਵੀ ਦੇਵਤੇ ਉਹਦੇ ਪੈਦਾ ਕੀਤੇ ਹੋਏ ਅਤੇ ਉਸਦੇ ਗ਼ੁਲਾਮ ਹਨ ਜਿਵੇਂ ਅਸੀਂ ਤੁਸੀਂ।

ਪ੍ਰਣਵੋ ਆਦਿ ਏਕੰਕਾਰਾ। ਜਲ ਥਲ ਮਹੀਅਲ ਕੀਓ ਪਸਾਰਾ।
ਅਨਹਦ ਰੂਪ ਅਨਾਹਦ ਬਾਨੀ। ਚਰਨ ਸ਼ਰਨ ਜਿਹ ਬਸਤ ਭਵਾਨੀ॥

(ਅਕਾਲ ਉਸਤਤ)

ਉਹਦਾ ਕੋਈ ਮਜ਼ਹਬ ਨਹੀਂ, ਕੋਈ ਧਰਮ ਨਹੀਂ ਤੇ ਉਹ ਧਾਰਮਕ ਰਹੁ ਰੀਤਾਂ ਨਾਲ ਵਸ ਨਹੀਂ ਆਉਂਦਾ, ਉਹ ਕੇਵਲ ਪ੍ਰੇਮ ਕੀਤਿਆਂ ਹੀ ਮਿਲ ਸਕਦਾ ਹੈ। ਇਸੇ ਬਿਨਾਂ 'ਤੇ ਇਹ ਸੋਚਣਾ ਤੇ ਆਖਣਾ ਗ਼ਲਤ ਹੈ ਕਿ ਖਾਲਸਾ ਪੰਥ, ਗੁਰੂ ਗੋਬਿੰਦ ਦਾ ਪੰਥ ਹੈ। ਇਹ ਨਿਰੰਕਾਰ ਦਾ ਆਪਣਾ ਪੰਥ ਹੈ।

ਠਾਢ ਭਯੋ ਮੈਂ ਜੋਰ ਕਰ, ਬਚਨ ਕਿਹਾ ਸਿਰ ਨਿਆਏ॥
ਪੰਥ ਚਲੈ ਤਵ ਜਗਤ ਮਹਿ ਜਬ ਤੁਮ ਕਰੋ ਸਹਾਏ॥ (ਬਚਿੱਤ੍ਰ ਨਾਟਕ)

ਬਚਿੱਤਰ ਨਾਟਕ ਵਿਚ ਆਪ ਨੇ 33 ਅਵਤਾਰਾਂ ਦੀ ਕਥਾ ਲਿਖੀ ਹੈ। ਆਪ ਨੇ ਇਸ ਤਰ੍ਹਾਂ ਲੋਕਾਂ ਦਾ ਭਰਮ ਦੂਰ ਕੀਤਾ ਕਿ ਉਹ ਅਵਤਾਰ ਆਪਣੇ ਆਪ ਵਿਚ ਰੱਬ ਨਹੀਂ ਸਨ, ਉਹ ਤੁਹਾਡੇ ਸਾਡੇ ਵਰਗੇ ਜਨਮ ਮਰਨ ਦੀ ਕੈਦ ਦੇ ਪਾਬੰਦ ਇਨਸਾਨ ਸਨ। ਆਪਣੀ ਨੇਕ ਕਰਨੀ ਦੇ ਕਾਰਨ ਉੱਚ ਅਤੇ ਸ੍ਰੇਸ਼ਟ ਬਣੇ। ਵਰਨਾ ਅਗਰ ਰਾਮ ਚੰਦਰ ਜੀ ਅਤੇ ਕ੍ਰਿਸ਼ਨ ਜੀ ਰੱਬ ਹੁੰਦੇ ਤਾਂ ਦੇਵਕੀ ਤੇ ਕੁਸ਼ੱਲਿਆ ਦੀ ਕੁਖ਼ ਵਿਚ ਕਿਉਂ ਆਉਂਦੇ? ਮਤਾਂ ਕੋਈ ਆਪ ਨੂੰ ਵੀ ਇਨ੍ਹਾਂ ਮਹਾਂਪੁਰਸ਼ਾਂ ਵਾਂਗ ਰੱਬ ਦਾ ਅਵਤਾਰ ਜਾਂ ਰੱਬ ਹੀ ਸਮਝਣ ਲੱਗ ਪਏ, ਆਪ ਨੇ ਜ਼ੋਰਦਾਰ ਅਤੇ ਕਰੜੇ ਸ਼ਬਦਾਂ ਵਿਚ ਆਖਿਆ:

"ਜੋ ਮੁਝ ਕਉ ਪਰਮੇਸ਼ਰ ਉਚਰਿ: ਤੇ ਸਭ ਨਰਕ ਕੁੰਡ ਮਹਿ ਪਰਿ ਹੈ।"

ਬਚਿਤ੍ਰ ਨਾਟਕ ੬-੩੨/੨

ਯੂਨਾਨ ਦੇ ਪ੍ਰਸਿੱਧ ਫ਼ਲਾਸਫ਼ੀ ਅਫ਼ਲਾਤੂਨ ਤੋਂ ਲੈ ਕੇ, ਹੁਣ ਤੱਕ ਰੱਬ ਨੂੰ ਅਜ਼ਲੀ ਹੁਸਨ ਜਾਂ ਅਨਾਦੀ ਸੁੰਦਰਤਾ ਖ਼ਿਆਲ ਕੀਤਾ ਜਾਂਦਾ ਹੈ ਅਤੇ ਉਸ ਨੂੰ ਕੇਵਲ ਦਿਆਲੂ ਹੀ ਸਮਝਿਆ ਜਾਂਦਾ ਰਿਹਾ ਹੈ। ਇਸਲਾਮ ਵੀ ਅੱਲ੍ਹਾ ਦੀ ਤਾਰੀਫ਼ "ਰਹਿਮਾਨੁਰ ਰਹੀ" ਆਖ ਕੇ ਹੀ ਕਰਦਾ ਹੈ। ਗੁਰੂ ਸਾਹਿਬ ਨੇ ਦੱਸਿਆ ਕਿ ਭਾਵੇਂ ਉਹ ਆਪ ਇਕ ਸੁੰਦਰ ਹਸਤੀ ਹੈ, ਪਰ ਜਗਤ ਵਿਚ ਦੋ ਵਿਰੋਧੀ ਸਭਾਵ ਦਿਸਣ ਦੇ ਕਾਰਨ ਅਸਲ ਵਿਚ ਉਹ ਉਸੇ ਦਾ ਜਮਾਲ ਅਤੇ ਜਲਾਲ ਹਨ, ਪਿਆਰ ਰੂਪ ਵੀ ਆਪ ਹੈ ਤੇ ਭਿਆਨਕ ਰੂਪ ਵੀ।

ਨਮੋ ਨਿੱਤ ਨਾਰਾਇਣੇ ਕ੍ਰੂਰ ਕਰਮੇ। ਨਮੋ ਪ੍ਰੇਤ ਅਪ੍ਰੇਤ ਦੇਵੇ ਸੁਧਰਮੇ। (ਜਾਪ-੫੪)

ਇਸਲਾਮ ਅੱਲਾ ਤਆਲਾ ਨੂੰ ਸਤਵੇਂ ਅਰਸ਼ ਉਤੇ ਲੋਹ 'ਤੇ ਪਈ ਕੁਰਸੀ 'ਤੇ ਬੈਠਾ ਦੱਸਦਾ ਹੈ। ਸਵਰਗਵਾਸੀ ਹਜ਼ਰਤੇ ਇਕਬਾਲ ਨੇ ਇਸ ਗੱਲ 'ਤੇ ਕਟਾਖ਼ਸ਼ ਕਰਦਿਆਂ ਆਖਿਆ ਸੀ:-

ਬਿਠਾ ਕੇ ਅਰਸ਼ ਪਰ ਰੱਖਾ ਹੈ ਤੂੰ ਨੇ ਐ ਵਾਇਜ਼,
ਖ਼ੁਦਾ ਵਹੁ ਕਿਆ ਹੈ, ਜੋ ਬੰਦੋਂ ਸੇ ਕਰੇ ਇਹਤਰਾਜ਼।

ਇਸੇ ਤਰ੍ਹਾਂ ਕਲਗ਼ੀਧਰ ਜੀ ਰੱਬ ਨੂੰ ਇਕ ਥਾਂ ਲਾਡ ਵਿਚ ਆ ਕੇ ਲਿਖਦੇ ਹਨ:

ਕਾਲ ਆਪਨੋ ਨਾਮੁ ਛਪਾਈ॥ ਅਵਰਨ ਕੇ ਸਿਰਿ ਦੇ ਬੁਰਿਆਈ॥
ਆਪਨ ਰਹਤ ਨਿਰਾਲਮ ਜਗ ਤੇ॥ ਜਾਨ ਲਏ ਜਾ ਨਾਮੈ ਤਬ ਤੈ॥
ਆਪ ਰਚੇ, ਆਪੇ ਕਲ ਘਾਏ॥ ਅਵਰਨ ਕੈ ਦੈ ਮੂੰਡ ਹਤਾਏ॥
ਆਪ ਨਿਰਾਲਮ ਰਹਾ ਨਾ ਪਾਯਾ॥ ਤਾਂਤੇ ਨਾਮ ਬਿਅੰਤ ਕਹਾਯਾ॥

(ਚੌਬੀਸ ਅਵਤਾਰ ੫/੧)

ਪਰ ਅਸਲੀਅਤ ਆਪ ਨੇ ਜਾਪ ਸਾਹਿਬ ਵਿਚ ਬਿਆਨ ਕੀਤੀ ਹੈ। ਆਪ ਫ਼ੁਰਮਾਉਂਦੇ ਹਨ ਕਿ ਜਗਤ ਰਚ ਕੇ ਓਹ ਨਾ ਤਾਂ ਨਿਰਾ ਵੱਖਰਾ ਕਿਸੇ ਥਾਂ ਬੈਠ ਰਿਹਾ ਹੈ ਅਤੇ ਨਾ ਹੀ ਨਿਰਾ ਆਪਣੀ ਕੁਦਰਤ ਵਿਚ ਘੁਲਿਆ ਮਿਲਿਆ ਹੈ। ਸਭ ਵਿਚ ਆਪ ਬੋਲ ਰਿਹਾ ਹੈ, ਫਿਰ ਵੀ ਹਰੇਕ ਕਿਸਮ ਦੇ ਚੰਗੇ ਮੰਦੇ ਜੀਵਾਂ ਵਿਚ ਹੁੰਦਾ ਹੋਇਆ, ਆਪ ਚਾਨਣ ਹੀ ਚਾਨਣ ਹੈ, ਜਿਸ ਨੂੰ ਫੜਦਿਆਂ ਕਈ ਕਲਾਈਆਂ ਕੰਬਦੀਆਂ ਰਹਿ ਗਈਆਂ।

ਸੁਫਨੇ ਵਿਚ ਤੁਸੀਂ ਮਿਲੇ ਅਸਾਨੂੰ,
ਅਸੀਂ ਧਾ ਗਲਵਕੜੀ ਪਾਈ।
ਨਿਰਾ ਨੂਰ ਤੁਸੀਂ ਹੱਥ ਨਾ ਆਏ,
ਸਾਡੀ ਕੰਬਦੀ ਰਹੀ ਕੁਲਾਈ। (ਭਾਈ ਵੀਰ ਸਿੰਘ)

ਇਕ ਵਾਰ ਹਜ਼ਰਤ ਇਬਰਾਹੀਮ ਦੇ ਘਰ ਕੋਈ ਬੁੱਢਾ ਪ੍ਰਾਹੁਣਚਾਰੀ ਆਇਆ। ਜਦ ਰੋਟੀ ਖਾਣ ਬੈਠੇ ਤਾਂ ਹਜ਼ਰਤ ਨੇ ਬਿਸਮਿੱਲਾ ਕੀਤੀ, ਪਰ ਪ੍ਰਾਹੁਣਾ ਚੁਪ ਕਰ ਰਿਹਾ। ਪੁੱਛਣ 'ਤੇ ਪਤਾ ਲਗਾ ਕਿ ਓਹ ਅੱਗ ਪੂਜ ਹੈ। ਹਜ਼ਰਤ ਨੂੰ ਬੜਾ ਗੁੱਸਾ ਆਇਆ ਤੇ ਉਹਨੂੰ ਭੁੱਖਾ ਹੀ ਘਰੋਂ ਤੋਰ ਦਿੱਤਾ। ਇੰਨੇ ਵਿਚ ਇਕ ਫ਼ਰਿਸ਼ਤਾ ਰੱਬ ਦਾ ਸੁਨੇਹਾ ਲੈ ਕੇ ਹਜ਼ਰਤ ਕੋਲ ਆਇਆ ਕਿ "ਐ ਇਬ੍ਰਾਹੀਮ, ਮੈਂ ਇਸ ਬੁੱਢੇ ਨੂੰ ਸੱਤਰ ਸਾਲ ਤੋਂ ਰੋਜ਼ੀ ਦੇ ਰਿਹਾ ਹਾਂ ਬਿਨਾਂ ਇਹਦੇ ਗੁਣਾਂ ਔਗੁਣਾਂ ਦੀ ਤਮੀਜ਼ ਤੋਂ, ਤੂੰ ਇਹਨੂੰ ਇਕ ਡੰਗ ਦਾ ਖਾਣਾ ਇਸ ਲਈ ਨਹੀਂ ਦਿੱਤਾ ਕਿ ਇਹ ਤੇਰੇ ਵਾਂਗ ਮੇਰੀ ਪੂਜਾ ਨਹੀਂ ਕਰਦਾ।" ਸ਼ੇਖ ਸਾਅਦੀ ਲਿਖਦੇ ਹਨ:

ਅਗਰ ਰੋਜ਼ੀ ਬਦਾਨਸ਼ ਬਰਫ਼ਜ਼ੂਦੇ। ਬਦਾਨਾਂ ਤੰਗ ਤਰ ਰੋਜ਼ੀ ਨਬਦੇ।
ਬਨਾਦਾਂ ਈਂ ਚੁਨੀਂ ਰੋਜ਼ੀ ਰਸਾਨਦ। ਕਿ ਦਾਨਾ ਅੰਦਰਸ਼ ਹੈਰਾਂ ਬਮਾਨਦ।

ਜੇ ਰੱਬ ਰੋਟੀ ਪਿਛੇ ਅਕਲਮੰਦੀ ਦੀ ਸ਼ਰਤ ਲਾ ਦਿੰਦਾ ਤਾਂ ਦਾਨਿਆਂ ਨੂੰ ਰੋਟੀ ਦਾ ਘਾਟਾ ਨਾ ਰਹਿੰਦਾ। ਪਰ ਉਹ ਨਾਦਾਨਾਂ ਨੂੰ ਇਸ ਤਰ੍ਹਾਂ ਰੋਜ਼ੀ ਦਿੰਦਾ ਹੈ ਕਿ ਦਾਨੇ ਹੈਰਾਨ ਰਹਿ ਜਾਂਦੇ ਹਨ। ਗੁਰੂ ਸਾਹਿਬ ਦੇ ਵੇਲੇ ਕਈ ਧਨਾਢ ਯੱਗ, ਭੰਡਾਰੇ ਆਦਿ ਕਰਨ ਵੇਲੇ ਕੇਵਲ ਆਪਣੀ ਮਨਮਰਜ਼ੀ ਦੇ ਲੋਕਾਂ ਨੂੰ ਹੀ ਰੋਟੀ ਖਿਲਾਂਦੇ ਸਨ। ਮੁਸਲਮਾਨਾਂ ਦੀ ਨਿਆਜ਼ ਅਤੇ ਸ਼ੀਰੀਨੀ ਕੇਵਲ ਮੁਲਾਂ ਮੁਲਾਣਿਆਂ ਤੱਕ ਮਹਿਦੂਦ ਰਹਿੰਦੀ ਸੀ। ਕਈ ਹੰਕਾਰੀ ਨੌਕਰ ਚਾਕਰਾਂ

ਆਦਿ ਨੂੰ ਇਸ ਲਈ ਕੱਢ ਦਿੰਦੇ ਸਨ ਕਿ ਉਹ ਉਸਨੂੰ ਅੰਨਦਾਤਾ ਨਹੀਂ ਸੀ ਮੰਨਦੇ। ਗੁਰੂ ਰਾਮਦਾਸ ਜੀ ਦੇ ਸਮੇਂ ਇਕ ਧਨਾਢ ਨੇ ਇਸੇ ਅਪਰਾਧ ਵਿਚ ਅਪਨੀ ਪੁੱਤਰੀ ਨੂੰ ਇਕ ਪਿੰਗਲੇ ਨਾਲ ਵਿਆਹ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ ਕਿ ਰੱਬ ਨਾਸ਼ ਕਰਨ ਵਾਲਾ ਵੀ ਹੈ, ਰਚ ਕੇ ਪਾਲਣ ਵਾਲਾ ਵੀ। ਪਾਲਦਾ ਵੀ ਇਉਂ ਹੈ ਕਿ ਜੀਵਾਂ ਦੇ ਮੰਦੇ ਕਰਮਾਂ ਤੋਂ ਗੁੱਸੇ ਹੋ ਕੇ ਵੀ ਕਿਸੇ ਦੀ ਰੋਜ਼ੀ ਨਹੀਂ ਬੰਦ ਕਰਦਾ। 'ਰੋਜ਼ੀ ਹੀ ਰਾਜ਼, ਬਿਲੋਕਤ ਰਾਜ਼ਕ, ਰੋਖ ਰੁਹਾਨ ਕੀ ਰੋਜ਼ੀ ਨਾ ਟਾਰੈ।'

ਦੁਨੀਆਂ ਭਗਵਾਨ ਕ੍ਰਿਸ਼ਨ ਦਾ ਉਪਦੇਸ਼ ਭੁੱਲ ਚੁੱਕੀ ਸੀ ਕਿ ਪਾਪੀ ਨੂੰ ਮਾਰਿਆਂ, ਖ਼ੂਨ ਦਾ ਦੋਸ਼ ਨਹੀਂ ਲੱਗਦਾ। ਆਪ ਨੇ ਦੱਸਿਆ ਕਿ ਮਿੱਤਰ ਮਾਰ ਜਾਂ ਗ਼ਰੀਬ ਮਾਰ ਜ਼ਰੂਰ ਸਜ਼ਾਵਾਰ ਹੈ। ਇਸਲਾਮ ਰਾਗ ਨੂੰ ਕੁਫ਼ਰ ਸਮਝਦਾ ਸੀ, ਆਪ ਨੇ ਇਹ ਭੁਲੇਖਾ ਦੂਰ ਕਰਨ ਲਈ ਆਖਿਆ ਕਿ ਰੱਬ ਆਪ "ਰੰਗ ਰਾਗ ਕੇ ਸੁਨਿੰਦਾ" ਹੈ। ਉਹ ਖ਼ੂਨ ਮਾਫ਼ ਕਰਨ ਵਾਲਾ ਹੈ। ਆਪ ਨੇ ਦੱਸਿਆ ਕਿ ਹਰ ਇਕ ਮਨੋਂ-ਕਾਮਨਾ ਇਕ ਅਕਾਲ ਪੁਰਖ ਪੂਰੀ ਕਰਨ ਵਾਲਾ ਹੈ:-

ਤੁਮਹਿ ਛਾਡਿ ਕੋਈ ਅਵਰ ਨ ਧਿਆਊਂ॥ ਜੋ ਬਰ ਚਾਹੌਂ ਸੁ ਤੁਮਤੇ ਪਾਊਂ॥
ਸੇਵਕ ਸਿੱਖਯ ਹਮਾਰੇ ਤਾਰਿਯਹਿ॥ ਚੁਨ ਚੁਨ ਸਤ੍ਰ ਹਮਾਰੇ ਮਾਰਿਯਹਿ॥

ਚਰਿਤ੍ਰੋਪਖਯਾਨ, ੪੦੫, ੩੮੦

ਆਪ ਦਾ ਰੱਬ ਬਾਰੇ ਸਹੀ ਨਜ਼ਰੀਆ, ਜੋ ਇਕ ਮਾਮੂਲੀ ਦੁਨੀਆਂਦਾਰ ਦੀ ਸਮਝ ਵਿੱਚ ਪੈ ਸਕੇ। ਸੰਖੇਪ ਰੂਪ ਵਿਚ ਆਪ ਦੇ ਹੇਠ ਛੰਦਾਂ ਰਾਹੀਂ ਪ੍ਰਗਟ ਹੁੰਦਾ ਹੈ।

ਕਾਮ ਕੋ ਕੁਨਿੰਦਾ ਖ਼ੈਰ ਖ਼ੁਬੀ ਕੋ ਦਹਿੰਦਾ
ਗਜ ਗਾਜੀ ਕੋ ਗਜਿੰਦਾ ਸੋ ਕੁਨਿੰਦਾ ਕੈ ਬਤਾਈਐ।
ਚਾਮ ਕੇ ਚਲਿੰਦਾ ਘਾਉ ਘਾਮ ਤੇ ਬਚਿੰਦਾ
ਛਤਰ ਛੈਨੀ ਕੇ ਛਲਿੰਦਾ, ਸੋ ਦਹਿੰਦਾ ਕੈ ਮਨਾਈਐ।
ਜ਼ਰ ਕੋ ਦਹਿੰਦਾ, ਜਾਨ ਮਾਨ ਕੋ ਜਨਿੰਦਾ,
ਜੋਤ ਜੇਬ ਕੋ ਗਜਿੰਦਾ, ਜਾਨ ਮਾਨ ਜਾਨ ਗਾਈਐ।
ਦੇਖ ਕੇ ਦਲਿੰਦਾ, ਦੀਨ ਦਾਨਸ਼ ਦਹਿੰਦਾ,
ਦੋਖ ਦੁਰਜਨ ਦਲਿੰਦਾ, ਧਯਾਇ ਦੂਜੋ ਕਉਨ ਧਮਾਇਐ॥

(ਗਿਆਨ ਪ੍ਰਬੋਧ, ੪੪-੧)

ਜੋਤ ਕੋ ਜਗਿੰਦਾ, ਜੰਗ ਜਾਫ਼ਰੀ ਦਹਿੰਦਾ,
ਮਿਤਰ ਮਾਰੀ ਕੇ ਮਲਿੰਦਾ, ਪੈ ਕੁਨਿੰਦਾ ਕੈ ਬਖਾਨੀਐ।
ਪਾਲਕ ਪੁਨਿੰਦਾ, ਪਰਮ ਪਾਰਸੀ ਪਰਗਿੰਦਾ,
ਰੰਗ ਰਾਗ ਕੇ ਸੁਨਿੰਦਾ, ਪੈ ਅਨੰਦ ਤੇਜ ਮਾਨੀਐ।
ਜਾਪ ਕੇ ਜਪਿੰਦਾ, ਖ਼ੈਰ ਖ਼ੁਬੀ ਕੇ ਦਹਿੰਦਾ,
ਖ਼ੁਨ ਮਾਫ ਕੇ ਕੁਨਿੰਦਾ, ਹੈ ਅਭਿਜ ਰੂਪ ਠਾਨੀਐ।
ਆਰਜਾ ਦਹਿੰਦਾ, ਰੰਗ ਰਾਗ ਕੇ ਬਢਿੰਦਾ,
ਦੁਸ਼ਟ ਦ੍ਰੋਹ ਕੇ ਦਲਿੰਦਾ, ਛੋਡ ਦੂਜੇ ਕੌਣ ਮਾਨਐ। ('ਗਿਆਨ ਪਰਬੋਧ', ੪੬-੧)

ਇਹ ਬਾਜ਼ਾਂ ਵਾਲੇ ਨੇ ਸਾਧਾਰਨ ਜੰਤਾ ਦੇ ਮਿਆਰ ਦੇ ਰੱਬ ਦੀ ਇਕ ਸਾਧਾਰਨ ਮਨੁੱਖ ਦੇ ਦਿਲ ਵਿਚ ਬੈਠ ਕੇ ਤਸਵੀਰ ਖਿੱਚੀ ਸੀ ਕਿ ਰੱਬ ਕਾਰ ਸਾਜ਼ ਹੈ, ਉਸ ਤੋਂ ਬੰਦਾ ਨਿਰਾਸ਼ ਨਾ ਹੋਵੇ। ਜ਼ਰ (ਧਨ) ਦੀਨ (ਧਰਮ) ਅਤੇ ਦਾਨਸ਼ (ਅਕਲ) ਉਹੋ ਹੀ ਦਿੰਦਾ ਹੈ। ਉਹ ਫਤਹ ਬਖ਼ਸ਼ਦਾ ਹੈ, ਮਿੱਤਰ ਮਾਰ ਨੂੰ ਮਾਰਦਾ ਹੈ ਅਤੇ ਜ਼ਾਲਮ ਦਾ ਖ਼ੂਨ ਕਰਨ ਵਾਲੇ ਨੂੰ ਮਾਫ਼ ਕਰ ਦਿੰਦਾ ਹੈ। ਇਹ ਤਸਵੀਰ ਖਾਲਸੇ ਦਾ ਚਲਣ ਬਨਾਣ ਵਾਲੀ ਸੀ, ਜਿਸ ਨੂੰ ਆਪ ਨੇ ਇਕ ਮੁਕੰਮਲ ਇਨਸਾਨ ਦੀ ਸ਼ਕਲ ਵਿਚ ਆਪਣਾ ਰੂਪ ਦੇ ਕੇ ਸਾਜਿਆ। ਇਹ ਪਾਪ, ਜ਼ੁਲਮ, ਕੁਕਰਮ, ਵਿਲਾਸ ਅਤੇ ਗਿਰਾਵਟ ਦੇ ਨ੍ਹੇਰੇ ਦੇ ਰੂਬਰੂ ਉੱਜਲ ਠੰਡਾ ਅਤੇ ਮਿੱਠਾ ਪ੍ਰਕਾਸ਼ ਸੀ। ਛੁਟਿਆਈ ਨੂੰ ਉਹਦੀ ਛੁਟਿਆਈ ਦਾ ਇਹਸਾਸ ਕਰਵਾਉਣ ਲਈ ਉਹਦੇ ਸਾਹਮਣੇ ਉਚਤਾ ਦਾ ਮੀਨਾਰ ਖੜ੍ਹਾ ਕਰ ਦਿੱਤਾ, ਉਹ ਮੀਨਾਰ ਜੋ ਪ੍ਰਹਿਲਾਦ ਨੂੰ ਪਿਆਰ ਕੇ ਨਿਵਾਜ ਸਕੇ ਅਤੇ ਹਰਨਾਕਸ਼ ਨੂੰ ਮਾਰ ਮੁਕਾਉਣ ਲਈ ਆਪਣੇ ਅੰਦਰ ਨਰਸਿੰਘ ਦੀ ਸ਼ਕਤੀ ਵੀ ਰੱਖਦਾ ਹੋਵੇ। ਅਖੀਰ ਗੱਲ ਮੁੱਕਦੀ ਇਥੇ ਹੈ ਕਿ ਸਾਡੇ ਜੀਵਨ ਦਾ ਮੁਦਾ ਕਿਸ ਤਰ੍ਹਾਂ ਸੁਖਾਲੇ ਤਰੀਕੇ ਨਾਲ ਪੂਰਾ ਹੋ ਸਕਦਾ ਹੈ ? ਉਹਦਾ ਉਤਰ ਮਾਤਾ ਗੁਜਰੀ ਦੇ ਲਾਲ ਤਤ ਫਟ ਦਿੰਦੇ ਹਨ:

ਏਕ ਚਿੱਤ ਜਿਹ ਇਕ ਛਿਨ ਧਯਾਇਓ
ਕਾਲ ਫਾਸ ਕੇ ਬੀਚ ਨ ਆਇਓ ॥ (ਅਕਾਲ ਉਸਤਤਿ, ੧੦-੩)

ਕੌਮੀ ਸੁਤੰਤਰ ਨਵੀਂ ਦਿੱਲੀ,
6 ਜਨਵਰੀ, 1949

ਗੁਰੂ ਗੋਬਿੰਦ ਸਿੰਘ ਬਨਾਮ ਔਰੰਗਜ਼ੇਬ

ਨੇਕੀ ਕਿੰਨੀ ਚੰਗੀ ਹੈ ਤੇ ਨੇਕੀ ਕਰ ਕੇ ਦਰਿਆ ਵਿਚ ਪਾਉਣਾ ਉਸ ਨਾਲੋਂ ਵੀ ਚੰਗਾ ਹੈ। ਨੇਕਾਂ ਨਾਲ ਦੋਸਤੀ ਕਰਨਾ ਮੰਦਿਆਂ ਲਈ ਲੋਹੇ ਦਾ ਲੱਕੜੀ ਨਾਲ ਤੁਰਨ ਤੁੱਲ ਹੈ। ਪ੍ਰੰਤੂ ਕਈ ਵਾਰ ਦੇਖਣ ਵਿਚ ਆਇਆ ਹੈ ਕਿ ਨੇਕਾਂ ਨਾਲ ਦੁਸ਼ਮਣੀ ਕਰਨ ਵਾਲਾ ਵੀ ਪਾਰ ਉਤਰ ਜਾਂਦਾ ਹੈ ਜਿਹਾ ਕਿ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ:

'ਸੰਤ ਕੇ ਦੋਖੀ ਕੌ ਥਾਉ ਕੋ ਨਾਹਿ,
ਨਾਨਕ ਸੰਤ ਭਾਵੈ ਤਾਂ ਉਇ ਵੀ ਗਤ ਪਤਿ ਪਾਹਿ।' ਗਉੜੀ ੫,੨੮੦

ਜਿਵੇਂ ਮਹਾਂਪੁਰਸ਼ਾਂ ਨਾਲ ਨੇਕੀ ਕਰਨ ਵਾਲਾ ਦੁਨੀਆਂ ਵਿਚ ਅਮਰ ਹੋ ਜਾਂਦਾ ਹੈ, ਤਿਵੇਂ ਉਨ੍ਹਾਂ ਨਾਲ ਦੁਸ਼ਮਣੀ ਕਰਨ ਵਾਲਾ ਵੀ ਭੁਲਾਇਆ ਨਹੀਂ ਜਾ ਸਕਦਾ। ਬਦਨਾਮ ਅਗਰ ਹੋਂਗੇ ਤੋ ਕਿਆ ਨਾਮ ਨਾ ਹੋਗਾ' ਅਨੁਸਾਰ, ਰਾਮ ਤੋਂ ਰਾਵਨ, ਕ੍ਰਿਸ਼ਨ ਤੋਂ ਕੰਸ, ਅਮਾਮ ਹਸਨ ਤੋਂ ਯਜ਼ੀਦ ਤੇ ਗੁਰੂ ਤੇਗ਼ ਬਹਾਦਰ ਤੇ ਗੁਰੂ ਗੋਬਿੰਦ ਸਿੰਘ ਤੋਂ ਮੁਹੱਈਉਦੀਨ ਆਲਮਗੀਰ ਔਰੰਗਜ਼ੇਬ ਗ਼ਾਜ਼ੀ ਪਾਤਸ਼ਾਹ ਦਾ ਨਾਂ ਜੁਦਾ ਨਹੀਂ ਹੋ ਸਕਦਾ। ਇਤਿਹਾਸ ਦੇ ਪੰਨਿਆਂ ਤੇ ਮਿਤਜ਼ਾਦ ਕਾਰਨਾਮਿਆਂ ਨਾਲ ਜੁੜੇ ਨਾਵਾਂ ਦਾ ਆਉਣਾ ਇਨਸਾਨੀ ਖ਼ਸਲਤਾ (ਸੁਭਾਅ) ਤੇ ਬੀਰਤਾ ਦੇ ਅੱਡਰੇਪਣ ਦੇ ਕਾਰਨ ਹੈ।

ਜੋ ਸੁਆਦ, ਆਨੰਦ ਤੇ ਲੁਤਫ, ਦੁਸ਼ਮਣ ਨੂੰ ਖਿਮਾ ਕਰ ਦੇਣ ਵਿਚ ਹੈ, ਉਹ ਬਦਲਾ ਲੈਣ ਵਿਚ ਨਹੀਂ। ਇਹ ਮਹਾਂ ਪੁਰਖਾਂ ਦੇ ਜੀਵਨ ਦਾ ਸੁਨਹਿਰੀ ਅਸੂਲ ਹੈ। ਪਰ ਇਸ ਤੋਂ ਵੀ ਵਡੇਰਾ ਤੇ ਉਚੇਰਾ ਅਸੂਲ ਹੈ ਬੁਰਿਆਂ ਨਾਲ ਨੇਕੀ ਕਰਨ ਅਤੇ ਖਿਮਾ ਕਰ ਕੇ ਭੁੱਲ ਜਾਣਾ (Forgive and Forget) ਗੁਰੂ ਸਾਹਿਬ ਸਦਾ ਹੀ ਇਸ ਦੀ ਪਾਲਣਾ ਕਰਦੇ ਰਹੇ ਹਨ:

ਬੁਰਿਆਂ ਨਾਲ ਸਭ ਕਰਨ ਬੁਰਿਆਈ,
ਮਾਫ ਕਰਨ ਕਈ ਸਿਆਣੇ
ਬੁਰਿਆਂ ਨਾਲ ਮੁੜ ਨੇਕੀ ਕਰਨੀ
ਇਹ ਗੁਰੂ ਨਾਨਕ ਜਾਣੇ।

ਇਹ ਕਾਰਨ ਸੀ ਕਿ ਗੁਰੂ ਅਰਜਨ ਦੇਵ ਜੀ ਨੇ ਬਾਬਾ ਫ਼ਰੀਦ ਸਾਹਿਬ ਦਾ ਇਹ ਮੁਬਾਰਕ ਕਥਨ ਸਵੀਕਾਰ ਕੀਤਾ:

"ਫਰੀਦਾ ਜੋ ਤੈ ਮਾਰਨ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ।
ਆਪਨੜੈ ਘਰ ਜਾਇਐ ਪੈਰ ਤਿਨਾ ਦੇ ਚੁੰਮਿ।"

ਔਰੰਗਜ਼ੇਬ ਦੀ ਹਕੂਮਤ

ਔਰੰਗਜ਼ੇਬ (1757-1807) ਦੀ ਹਕੂਮਤ ਨੇ ਸੱਤਵੀਂ ਪਾਤਸ਼ਾਹੀ ਤੋਂ ਲੈ ਕੇ ਗੁਰੂ ਗੋਬਿੰਦ ਸਾਹਿਬ ਦੇ ਸਮੇਂ ਤੱਕ ਅਸਹਿ ਤੇ ਅਕਹਿ ਅਤਿਆਚਾਰ ਕੀਤੇ। ਸੱਤਵੇਂ ਪਾਤਸ਼ਾਹ ਨੂੰ ਤਖਤ ਨਸ਼ੀਨੀ ਜੰਗ ਵਿਚ ਦਾਰਾ ਦੀ ਮਦਦ ਕਰਨ ਕਰ ਕੇ ਦਿੱਲੀ ਸੱਦਿਆ ਗਿਆ, ਕਿਉਂਕਿ ਹਜ਼ੂਰ ਨੇ ਆਪਣੇ 2200 ਸਵਾਰਾਂ ਨਾਲ ਦਾਰਾ ਨੂੰ ਬਿਆਸਾ ਪਾਰ ਨੱਸ ਜਾਣ ਵਿਚ ਮਦਦ ਦਿੱਤੀ ਸੀ। ਹਜ਼ੂਰ ਆਪ ਤਾਂ ਨਾ ਗਏ, ਆਪਣੇ ਜੇਠੇ ਪੁੱਤਰ ਰਾਮ ਰਾਏ ਜੀ ਨੂੰ ਭੇਜ ਦਿੱਤਾ, ਜਿਹਨੂੰ ਔਰੰਗਜ਼ੇਬ ਨੇ ਬਤੌਰ ਯਰਗਮਾਲ ਦਰਬਾਰ ਵਿਚ ਰੱਖਿਆ। ਸਾਹਿਬਜ਼ਾਦਾ ਦਰਬਾਰੀ ਪ੍ਰਭਾਵ ਥੱਲੇ ਗੁਰੂ ਘਰ ਤੋਂ ਦੂਰ ਹੋ ਕੇ ਅਪਨੀ ਗੁਰਿਆਈ ਤੋਰ ਬੈਠਾ ਅਤੇ ਅੱਠਵੀਂ ਪਾਤਸ਼ਾਹੀ ਦੇ ਸਮੇਂ ਗੁਰੂ ਨਾਨਕ ਦੇ ਆਪਣੀ ਤਖਤ ਦਾ ਦਾਵਾ ਕੀਤਾ। ਗੁਰੂ ਹਰਿ ਕ੍ਰਿਸ਼ਨ ਸਾਹਿਬ ਸ਼ਾਹੀ ਬੁਲਾਵਾ ਆਉਣ 'ਤੇ ਦਿੱਲੀ ਗਏ, ਪਰ ਆਪ ਨੇ ਤੁਰਕ ਨੂੰ ਦਰਸ਼ਨ ਨਹੀਂ ਦਿੱਤਾ। ਹਜ਼ੂਰ ਦੇ ਕੌਲ ਫੇਅਲ ਤੋਂ ਔਰੰਗਜ਼ੇਬ ਨੂੰ ਯਕੀਨ ਹੋ ਗਿਆ ਕਿ ਰਾਮ ਰਾਏ ਗੁਰੂ ਨਾਨਕ ਦਾ ਉਤਰਾਧਿਕਾਰੀ ਬਣਨ ਦਾ ਅਧਿਕਾਰੀ ਨਹੀਂ ਹੈ ਕਿਉਂਕਿ ਉਹ ਹਵਾ ਹਿਰਸ ਦਾ ਬੰਦਾ ਹੋ ਕੇ ਹਕੂਮਤ ਨੂੰ ਖੁਸ਼ ਕਰਨ ਲਈ ਗੁਰਬਾਣੀ ਉਲਟਾਉਣ ਦਾ ਅਪਰਾਧ ਬੇਫਿਕਰੀ ਨਾਲ ਕਰ ਸਕਦਾ ਹੈ। ਅਕਾਲ ਤਖਤ ਦੇ ਨੌਵੇਂ ਵਾਰਸ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਦਿੱਲੀ ਸੱਦ ਕੇ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿੱਤਾ ਗਿਆ ਕਿਉਂਕਿ ਜਿਨ੍ਹਾਂ ਹਿੰਦ ਦੇ ਦੀਨਾਂ ਅਨਾਥਾਂ ਦੀ ਉਨ੍ਹਾਂ ਬਾਂਹ ਫੜੀ ਸੀ ਉਨ੍ਹਾਂ ਲਈ ਉਹ ਰੱਖਿਆ ਦੀ ਚਾਦਰ ਬਣ ਗਏ "ਸਤਿਗੁਰੂ ਖੇਮਾ ਤਾਣਿਆ ਜੁਗ ਜੂਥ ਸਮਾਣੇ।" ਉਹ ਆਪਨੇ ਪਵਿਤ੍ਰ ਸਰੀਰ ਦਾ ਠੀਕਰਾ ਦਿੱਲੀ-ਪੱਤੀ ਔਰੰਗਜ਼ੇਬ ਦੇ ਸਿਰ ਭੰਨ ਕੇ ਅਕਾਲ ਪੁਰਖ ਵਿਚ ਅਭੇਦ ਹੋ ਗਏ ਤੇ ਉਨ੍ਹਾਂ ਦੇ ਯਤੀਮ ਸਪੁੱਤਰ, ਸਾਹਿਬਜ਼ਾਦਾ ਗੋਬਿੰਦ ਦਾਸ ਨੇ ਆਪਣੇ ਮਹਾਨ ਸ਼ਹੀਦ ਪਿਤਾ ਦੀ ਕਰਨੀ ਉਤੇ ਫ਼ਖ਼ਰ ਕਰਦਿਆਂ ਲਿਖਿਆ:

ਠੀਕਰ ਫੋਰ ਦਿਲੀਸ ਸਿਰ ਪ੍ਰਭੁਪੁਰੀ ਕੀਯੋ ਪਿਆਨ
ਤੇਗ ਬਹਾਦਰ ਸੀ ਕਿਰਿਆ ਕਰੀ ਨ ਕਿਨਹੂ ਆਨ।

ਬਚਿਤ੍ਰ ਨਾਟਕ, ਅਧਿਆਇ ੫,੧੫-੧

ਗੁਰੂ ਗੋਬਿੰਦ ਸਿੰਘ

ਗੁਰੂ ਗੋਬਿੰਦ ਸਿੰਘ ਦਾ ਬਚਪਨ ਤੋਂ ਹੀ ਇਸ ਮੁਤਅਸਬੀ, ਸ਼ੱਕੀ ਤੇ ਜ਼ਿੱਦੀ ਬਾਦਸ਼ਾਹ ਨਾਲ ਵਾਹ ਪਿਆ। 1675 ਤੋਂ 1708 ਤੱਕ ਪੂਰੇ ਬੱਤੀ ਸਾਲ ਤਕ ਹਜ਼ੂਰ ਨੂੰ ਮੁਗਲ ਹਕੂਮਤ ਨਾਲ ਜੋ ਹਿੰਦੁਸਤਾਨ ਨੂੰ ਦਾਰੁਲਾਇਸਲਾਮ ਬਨਾਉਣ ਉਤੇ ਤੁਲੀ ਹੋਈ ਸੀ, ਲੋਹਾ ਲੈਣਾ ਪਿਆ। 1699 ਵਿਚ ਕਲਗੀਆਂ ਵਾਲੇ ਨੇ ਅਕਾਲ ਦੇ 'ਕਾਲਕਾ' ਰੂਪ ਕ੍ਰਿਪਾਣ ਨੂੰ ਸਿਮਰਿਆ:

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ।
ਭੁਜ ਦੰਡ ਅਖੰਡੰ, ਤੇਜ ਪ੍ਰਚੰਡ ਜੋਤਿ ਅਮੰਡ, ਭਾਨ ਪ੍ਰਭੰ।
ਸੁਖ ਸੰਤਾਂ ਕਰਣੰ, ਦੁਰਮਤਿ ਦਰਨੰ ਕਿਲਬਿਖ ਹਰਣੰ, ਆਸਿ ਸਰਣੰ
ਜੈ ਜੈ ਜਗ ਕਾਰਣ, ਸ੍ਰਿਸ਼ਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ।

ਬਚਿਤ੍ਰ ਨਾਟਕ, ਅਧਿਆਇ ੧, ੨-੧

ਸੰਤਾਂ ਨੂੰ ਸੁਖੀ ਕਰਨ, ਦੁਰਮਤਿ ਅਤੇ ਕਿਲ-ਵਿਖਾਂ ਦਾ ਨਾਸ਼ ਕਰ ਕੇ ਸ੍ਰਿਸ਼ਟੀ ਨੂੰ ਉਬਾਰਨ ਲਈ, ਅੰਮ੍ਰਿਤ ਦੇ ਦਾਤਾ ਨੇ ਸੰਗਤ ਨੂੰ ਖਾਲਸਾ ਕਰਕੇ ਖੰਡੇ ਦੀ ਪਾਹੁਲ ਦਿੱਤੀ। ਉਦੋਂ ਤੋਂ ਬਾਦਸ਼ਾਹ ਨੇ, ਆਪਣੇ ਖ਼ੁਫ਼ੀਆ ਨਵੀਸ ਦੀ ਰਿਪੋਰਟ ਉਤੇ, ਸਿੱਖਾਂ ਅਤੇ ਉਨ੍ਹਾਂ ਦੇ ਗੁਰੂ ਵਿਰੁਧ ਆਪਣੀਆਂ ਕਾਰਵਾਈਆਂ ਵਧੇਰੇ ਸਖ਼ਤ ਕਰ ਦਿੱਤੀਆਂ। ਗੁਰੂ ਸਾਹਿਬ ਨੂੰ ਆਨੰਦਪੁਰ ਛੱਡਣਾ ਪਿਆ। ਆਪ ਦੇ ਚਾਰ ਸਾਹਿਬਜ਼ਾਦੇ, ਪੂਜਯ ਮਾਤਾ ਜੀ ਅਤੇ ਹਜ਼ਾਰਾਂ ਸਿੰਘ ਸ਼ਹੀਦ ਹੋਏ। ਪ੍ਰੰਤੂ ਆਪ ਨੇ ਔਰੰਗਜ਼ੇਬ ਦੇ ਪੁੱਤਰਾਂ ਤੋਂ ਬਦਲਾ ਨਾ ਲਿਆ। ਸਗੋਂ ਜਦ ਭਾਈ ਨੰਦ ਲਾਲ ਰਾਹੀਂ ਸ਼ਹਿਜ਼ਾਦਾ ਮੁਅੱਜ਼ਮ ਨੇ ਮਦਦ ਦੀ ਦਰਖ਼ਾਸਤ ਕੀਤੀ, ਤਾਂ ਆਪ ਨੇ ਉਹਦੀ ਯੋਗ ਮਦਦ ਕੀਤੀ। ਉਹ ਬਹਾਦਰ ਸ਼ਾਹ ਬਣ ਕੇ ਔਰੰਗਜ਼ੇਬ ਦਾ ਜਾ-ਨਸ਼ੀਨ ਬਣਿਆ ਅਤੇ ਉਹਨੇ ਆਪ ਦਾ ਇਹਸਾਨ ਮੰਨਿਆ। ਔਰੰਗਜ਼ੇਬ ਆਪਦੇ ਪੁੱਤਰਾਂ ਨੂੰ ਸ਼ਹੀਦ ਕਰਵਾਉਂਦਾ ਹੈ, ਪਰ ਆਪ ਉਹਦੇ ਪੁੱਤਰ ਨੂੰ ਤਾਜ ਤਖ਼ਤ ਦਿਵਾਉਂਦੇ ਹਨ।

ਠੀਕ ਹੈ ਕਿ ਗੁਰੂ ਸਾਹਿਬ ਔਰੰਗਜ਼ੇਬ ਦੇ ਜ਼ੁਲਮ ਸਿਤਮ ਨੂੰ ਘ੍ਰਿਣਾ ਕਰਦੇ ਸਨ, ਪ੍ਰੰਤੂ ਉਹ ਉਹਦੀ ਜਾਨ ਲੈਣ ਦੀ ਥਾਂ ਉਹਦੀ ਸੁੱਤੀ ਆਤਮਾ ਨੂੰ ਜਗਾ ਕੇ ਉਹਨੂੰ ਨੇਕ ਬਣਾਉਣਾ ਲੋਚਦੇ ਸਨ; ਉਹਨੂੰ ਇਹ ਚਿਤਾਵਨੀ ਦੇ ਕੇ 'ਮਨ ਤੂੰ ਜੋਤਿ ਸਰੂਪ ਹੈਂ ਆਪਣਾ ਮੂਲ ਪਛਾਣ।" ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਬਰਬਰਤਾ ਦੀ ਨੀਂਦ 'ਚੋਂ ਮਨੁੱਖ ਇਕ ਦਿਨ ਜ਼ਰੂਰ ਜਾਗਦਾ ਹੈ।* ਇਹ ਸਚਾਈ ਉਨ੍ਹਾਂ ਵਲੋਂ ਬਾਦਸ਼ਾਹ ਜੋਗ ਲਿਖੇ ਪੱਤਰਾਂ 'ਚੋਂ ਝਾਕਦੀ ਹੈ। ਇਤਿਹਾਸ ਆਲਮਗੀਰ ਦੇ ਨਾਂ ਲਿਖੇ ਗਏ ਚਾਰ ਪੰਜ ਅਹਿਮ ਖ਼ਤ ਸਾਂਭੀ ਬੈਠਾ ਹੈ। ਜਾਰ ਰੂਸ ਨੇ ਤਾਂ ਉਸ ਨਾਲ ਤਜਾਰਤੀ ਮਾਮਲਿਆਂ ਸੰਬੰਧੀ ਚਿੱਠੀ ਪੱਤਰ ਕੀਤਾ, ਪ੍ਰੰਤੂ ਸ਼ਿਵਾ ਜੀ, ਸ਼ਾਹ ਫ਼ਾਰਸ ਅਤੇ ਉਹਦੇ ਆਪਣੇ ਪੁੱਤਰ ਮੁਹੰਮਦ ਅਕਬਰ ਦੇ ਪੱਤਰ ਖਾਸ ਧਿਆਨ ਯੋਗ ਹਨ।

ਸ਼ਿਵਾ ਜੀ

ਇਨ੍ਹਾਂ ਪੱਤਰਾਂ ਵਿਚ ਔਰੰਗਜ਼ੇਬ ਦਾ ਮਜ਼ਾਕ ਉਡਾਇਆ ਗਿਆ ਹੈ, ਉਹਦੀ ਪੁੱਜ ਕੇ ਹੇਠੀ ਕੀਤੀ ਗਈ ਹੈ। ਚੋਭਵੀਆਂ ਗੱਲਾਂ ਨਾਲ ਉਹਨੂੰ ਫਿਟਕਾਰ ਪਾਈ ਗਈ ਹੈ। ਉਹਦੇ ਸੰਪਰਦਾਇਕ ਪਾਗਲਪਨ ਉਤੇ ਕਟਾਕਸ਼ ਕੀਤੇ ਗਏ ਹਨ। ਸ਼ਿਵਾ ਜੀ ਨੇ ਉਹਦੀ ਕੈਦ 'ਚੋਂ ਮਠਿਆਈ ਦੇ ਟੋਕਰੇ 'ਚ ਲੁਕ ਕੇ ਰਿਹਾਈ ਪਾਉਣ ਤੇ ਬਾਦਸ਼ਾਹ ਨੂੰ ਖ਼ਤ ਲਿਖਿਆ, ਇਸ ਵਿਚ ਜਜ਼ੀਏ ਵਿਰੁਧ ਆਵਾਜ਼ ਉਠਾਉਂਦੇ ਹੋਏ ਕਿਹਾ 'ਮੈਂ' ਸੁਣਿਆ ਹੈ ਕਿ **ਜਜ਼ੀਆ ਇਸ ਲਈ ਵਸੂਲ ਕੀਤਾ ਜਾ ਰਿਹਾ ਹੈ, ਕਿਉਂਕਿ ਮੇਰੇ ਵਿਰੁਧ ਜੰਗ ਜਾਰੀ ਰੱਖਣ ਕਾਰਨ ਸ਼ਾਹੀ ਖ਼ਜ਼ਾਨਾ ਖ਼ਾਲੀ ਹੋ ਗਿਆ ਹੈ। ਬਹੁਤ ਸਾਰੇ ਕਿਲੇ ਅਤੇ ਸੂਬੇ ਤੇਰੇ ਹੱਥਾਂ 'ਚੋਂ ਨਿਕਲ ਚੁਕੇ ਹਨ।

---

* ਇਸ ਵਿਸ਼ਵਾਸ ਪ੍ਰੋੜ੍ਹਤਾ ਵਿਚ ਸਾਰਾਵਕ ਦੇਸ਼ ਦੇ ਭਿਆਨਕ ਲੋਕਾਂ ਦੀ ਮਿਸਾਲ ਪੇਸ਼ ਕੀਤੀ ਜਾ ਸਕਦੀ ਹੈ। ਇਹ ਵਹਿਮ ਤੇ ਭਰਮ ਗ੍ਰਸ ਅਸੱਭਿਆ ਆਦਮ ਖੋਰ ਲੋਕ ਸਭਿਅਤਾ ਵਲ ਵਧ ਰਹੇ ਹਨ। ਇਸਾਈ ਪਾਦਰੀਆਂ ਨੇ ਇਨ੍ਹਾਂ ਇਨਸਾਨੀ ਸਿਰਾਂ ਦੇ ਸ਼ਿਕਾਰ ਦੇ ਪਿਆਰੀਆਂ ਵਿਚਾਲੇ ਮਨੁੱਖਤਾ ਦਾ ਪ੍ਰਚਾਰ ਬੜੀ ਸਫਲਤਾ ਨਾਲ ਕੀਤਾ ਹੈ। (ਟ੍ਰੀਬੀਊਨ ਅੰਬਾਲਾ. ੮ ਦਸੰਬਰ ੧੯੬੧ ਸਫ਼ਾ ੯)

** ਗਊ ਬਿਰਾਹਮਣ ਕਉ ਕਰ ਲਾਵਹੁ ਗੋਬਰਿ ਤਰਣੁ ਨ ਜਾਈ। ਗੁਰੂ ਨਾਨਕ ਨੇ ਆਖ ਕੇ ਗ਼ੈਰ ਮੁਸਲਮਾਨਾਂ ਨੂੰ ਜਜ਼ੀਏ ਦੇ ਜਬਰ ਦਾ ਪਹਿਲੀ ਵਾਰ ਇਹਸਾਸ ਕਰਵਾਇਆ ਸੀ।

ਬਾਕੀਆਂ ਨੂੰ ਬਰਬਾਦ ਕਰਨ ਵਿਚ ਮੈਂ ਕਸਰ ਨਹੀਂ ਛਡਾਂਗਾ, ਜੇ ਤੈਨੂੰ ਇਲਹਾਮੀ ਕਿਤਾਬ ਅਤੇ ਖ਼ੁਦਾ ਵਿਚ ਯਕੀਨ ਹੈ ਤਾਂ ਤੈਨੂੰ ਪਤਾ ਹੋਣਾ ਚਾਹੀਦਾ ਹੈ ਕਿ ਕੁਰਆਨ ਪਾਕ ਵਿਚ ਖ਼ੁਦਾ ਨੂੰ ਰੁੱਬਉਲ ਆਲਮੀਨ (ਆਲਮਾਂ, ਸੰਸਾਰਾਂ ਦਾ ਰੱਬ* ਕਿਹਾ ਗਿਆ ਹੈ। ਨਾ ਕਿ ਰੱਬ ਉਲਮੁਸਲਮੀਨ (ਮੁਸਲਮਾਨਾਂ ਦਾ ਰੱਬ)। ਜੇ ਤੂੰ ਜਜ਼ੀਆ ਵਸੂਲ ਹੀ ਕਰਨਾ ਹੈ ਤਾਂ ਪਹਿਲਾਂ ਰਾਣਾ ਰਾਜ ਸਿੰਘ ਤੋਂ ਲੈ। ਐਵੇਂ ਕੀੜੀਆਂ ਕਾਢਿਆਂ (ਆਮ ਲੋਕਾਂ) ਨੂੰ ਦੁੱਖ ਦੇਣ ਦਾ ਕੀ ਲਾਭ। ਮੈਨੂੰ ਤੇਰੇ ਅਹਿਲਕਾਰਾਂ ਉਤੇ ਹੈਰਾਨੀ ਆਉਂਦੀ ਹੈ ਕਿ ਉਹ ਤੈਨੂੰ ਅਸਲੀ ਹਾਲਾਤ ਤੋਂ ਜਾਣੂ ਕਿਉਂ ਨਹੀਂ ਕਰਦੇ ? ਉਹ ਤੂੜੀ ਵਿਚ ਭਾਂਬੜ ਲੁਕਾਉਣ ਦੀ ਕੋਸ਼ਿਸ਼ ਕਰਦੇ ਹਨ।

ਸ਼ਾਹ ਅੱਬਾਸ

ਫ਼ਾਰਸ ਦੇ ਬਾਦਸ਼ਾਹ ਅੱਬਾਸ ਨੇ ਲਿਖਿਆ, "ਮੈਂ ਸੁਣਿਆ ਹੈ ਕਿ ਬਾਦਸ਼ਾਹ (ਔਰੰਗਜ਼ੇਬ) ਦੀ ਕਮਜ਼ੋਰੀ ਕਰਕੇ ਸ਼ਿਵਾ ਜੀ ਵਰਗੇ ਕਾਫ਼ਰ ਸਰਦਾਰਾਂ ਨੇ ਆਕੀ ਹੋ ਕੇ ਅਰਾਜਕਤਾ ਫੈਲਾ ਰੱਖੀ ਹੈ। ਤੂੰ ਆਪਣੇ ਆਪ ਨੂੰ ਆਲਮਗੀਰ ਕਹਿੰਦਾ ਏਂ, ਪਰ ਤੂੰ ਤਾਂ ਕੇਵਲ ਆਪਣੇ ਬਾਪ ਤੇ ਉਨ੍ਹਾਂ ਭਰਾਵਾਂ ਨੂੰ ਹੀ ਜਿੱਤ ਸਕਿਆ ਏਂ, ਜੋ ਆਪਣੇ ਪਿਤਾ ਦੇ ਮੁਲਕ ਅਤੇ ਮਾਲ ਦੇ ਤੇਰੇ ਵਾਂਗ ਕਾਨੂੰਨੀ ਹੱਕਦਾਰ ਸਨ। ਤੂੰ ਮਰਦਾਨਗੀ ਦੇ ਹਰ ਕੰਮ ਵਿਚ ਅਸਫ਼ਲ ਰਿਹਾ ਏਂ। ਖ਼ੁਦਾ ਅਤੇ ਉਹਦੇ ਅਮਾਮਾਂ ਦੀ ਬਖਸ਼ਿਸ਼ ਦਾ ਸਦਕਾ, ਮੈਂ ਅਤੇ ਮੇਰੇ ਵਡਕੇ ਸਦਾ ਦੁਖੀਆਂ ਦੀ ਸੇਵਾ ਕਰਦੇ ਰਹੇ ਹਨ। ਅਸੀਂ ਸਦਾ ਸ਼ਰਨ ਜਾਚਕਾਂ, ਬੇਕਸਾਂ ਨੂੰ ਸ਼ਰਨ ਦਿੱਤੀ ਹੈ। ਦੇਖ ਤੇਰੇ ਵਡਕੇ ਹਮਾਯੂੰ ਅਤੇ ਨਜ਼ਰ ਮੁਹੰਮਦ ਖਾਂ ਨੂੰ ਅਸੀਂ ਤਖਤ ਦੁਆਇਆ। ਇਸ ਲਈ ਮੈਂ ਚਾਹੁੰਦਾ ਹਾਂ ਕਿ ਮੈਂ ਵੀ ਤੇਰੀ ਮਦਦ ਲਈ ਫੌਜ ਲੈ ਕੇ ਆਵਾਂ, ਤਾਂਕਿ ਤੇਰੀ ਪਰਜਾ ਸੁਖੀ ਹੋ ਕੇ ਮੇਰੀ ਜੈ ਜੈ ਕਾਰ ਕਹੇ। (ਫ਼ਿਆਜ਼ਲ ਕਵਾਨੀਨ, ਸਫ਼ਾ 486-99)

ਮੁਹੰਮਦ ਅਕਬਰ

1681 ਵਿਚ ਮੁਹੰਮਦ ਅਕਬਰ ਨੇ, ਸ਼ਹਿਜ਼ਾਦਾ ਸਲੀਮ (ਜਹਾਂਗੀਰ) ਸ਼ਹਿਜ਼ਾਦਾ ਖੁਰਮ (ਸ਼ਾਹਜਹਾਨ) ਅਤੇ ਖ਼ੁਦ ਔਰੰਗਜ਼ੇਬ ਵਾਂਗ ਆਪਣੇ ਪਿਤਾ ਵਿਰੁਧ ਬਗਾਵਤ ਕੀਤੀ। ਸ਼ਹਿਜ਼ਾਦਾ ਉਦੋਂ ਰਾਜਪੂਤਾਂ ਵਿਰੁਧ ਲੜ ਰਿਹਾ ਸੀ। ਉਹਨੂੰ ਰਾਜਪੂਤਾਂ ਦੇ ਪੱਖ ਦੀ ਸਚਾਈ ਦੀ ਸੂਝ ਪਈ ਅਤੇ ਉਹਨੇ ਅਜਮੇਰ ਵਿਚ ਚੌਂਹ ਆਲਮ ਕਾਜ਼ੀਆਂ ਪਾਸੋਂ ਔਰੰਗਜ਼ੇਬ ਵਿਰੁਧ ਫਤਵਾ ਲੈ ਕੇ ਆਪਣੀ ਸ਼ਹਿਨਸ਼ਾਹੀ ਦਾ ਐਲਾਨ ਕਰ ਦਿੱਤਾ। ਪਰ ਸ਼ਾਹੀ ਫ਼ੌਜਾਂ ਦੇ ਆਉਣ ਉਤੇ ਨੱਸ ਤੁਰਿਆ, 1683 ਵਿਚ ਈਰਾਨ ਪੁੱਜਾ। ਉਥੋਂ ਦੇ ਬਾਦਸ਼ਾਹ ਪਾਸੋਂ ਤਖਤ ਹਾਸਲ ਕਰਨ ਲਈ ਫੌਜੀ ਮਦਦ ਮੰਗੀ, ਪਰ ਦਾਨੇ ਸ਼ਾਹ ਈਰਾਨ ਨੇ ਉਹਦੀ ਇਉਂ ਮਦਦ ਕਰਨਾ ਯੋਗ ਨਾ ਸਮਝਿਆ, ਪਰ ਉਹ ਨੂੰ ਭਰੋਸਾ ਦਿਵਾਇਆ ਕਿ ਉਹਦੇ ਪਿਉ ਦੇ ਮਰਨ ਪਿਛੋਂ ਉਹ ਦੀ ਯੋਗ ਸਹਾਇਤਾ ਜ਼ਰੂਰ ਕਰੇਗਾ। ਪਰੰਤੂ ਸ਼ਹਿਜ਼ਾਦਾ 1704 ਵਿਚ ਪਿਓ ਦੇ ਜੀਉਂਦੇ ਜੀ ਈਰਾਨ ਵਿਚ ਹੀ ਮਰ ਗਿਆ। ਇਸ ਤੋਂ ਪਹਿਲਾਂ ਔਰੰਗਜ਼ੇਬ ਨੇ ਮਾਫ਼ੀ ਦੇਣ ਦਾ ਇਕਰਾਰ

---

* ਚੰਦੀਂ ਹਜਾਰ ਆਲਮ ਏਕਲ ਖਾਨਾ, ਹਮ ਚਿਨੀ ਪਾਤਿਸ਼ਾਹ ਸਾਂਵਲੇ ਬਰਨਾਂ, (ਭਗਤ ਨਾਮਦੇਵ) ਜਪੁਜੀ ਵਿਚ ਇਸਲਾਮੀ ਕਿਤਾਬਾਂ ਦੇ ਹਵਾਲੇ ਨਾਲ ਇਨ੍ਹਾਂ ਦੀ ਗਿਣਤੀ ੧੮ ਹਜ਼ਾਰ ਦੱਸੀ ਹੈ।

ਕਰ ਕੇ ਮੁੜ ਆਉਣ ਦਾ ਸੱਦਾ ਦਿੱਤਾ। ਉਸ ਸੱਦੇ ਪੱਤਰ ਦੇ ਉਤਰ ਵਿਚ ਸ਼ਹਿਜ਼ਾਦੇ ਨੇ ਲਿਖਿਆ:

ਤੁਸੀਂ ਮੇਰੇ ਨਾਲ ਬੜੀ ਮਮਤਾ ਜਤਾਈ ਹੈ ਕਿ ਤੁਸੀਂ ਮੈਨੂੰ ਬੜੇ ਲਾਡਾਂ ਪਿਆਰਾਂ ਤੇ ਚਾਵਾਂ ਨਾਲ ਪਾਲਿਆ। ਪਰੰਤੂ ਤੁਸੀਂ ਇਹ ਦੱਸੋ ਕਿ ਤੁਹਾਨੂੰ ਕੀ ਅਖ਼ਤਿਆਰ ਹੈ ਕਿ ਆਪ ਕੇਵਲ ਸਭ ਤੋਂ ਵੱਡੇ ਪੁੱਤਰ ਨੂੰ ਹੀ ਕੁਲ ਸਲਤਨਤ ਦਾ ਵਾਰਿਸ ਬਣਾ ਦਿਉ ਜਦ ਕਿ ਵਿਰਾਸਤ ਦਾ ਹੱਕ ਸਾਰੇ ਪੁੱਤਰਾਂ ਨੂੰ ਪੁਜਦਾ ਹੈ। ਤੁਸੀਂ ਜਸਵੰਤ ਸਿੰਘ ਵਰਗੇ ਰਾਜਪੂਤ ਸਰਦਾਰਾਂ ਬਾਰੇ ਕਹਿੰਦੇ ਹੋ ਕਿ ਦਾਰਾ ਸ਼ਿਕੋਹ ਨੇ ਉਨ੍ਹਾਂ ਦੀ ਮਦਦ ਲੈ ਕੇ ਕੀ ਫਲ ਪਾਇਆ ? ਪਰ ਸਚਾਈ ਇਹ ਹੈ ਕਿ ਚਾਚਾ ਜਾਨ ਦੇ ਦਿਲ ਵਿਚ ਉਨ੍ਹਾਂ ਵਿਰੁਧ ਸ਼ੰਕਾ ਸੀ, ਉਨ੍ਹਾਂ ਨੇ ਰਾਜਪੂਤਾਂ ਉਤੇ ਪੂਰਾ ਵਿਸ਼ਵਾਸ ਨਾ ਕੀਤਾ। ਨਹੀਂ ਤਾਂ ਇਹ ਰਾਜਪੂਤਾਂ ਦੀ ਵੀਰਤਾ ਤੇ ਸੂਰਮਤਾ ਹੀ ਸੀ, ਜਿਸ ਨੇ ਆਪ ਨੂੰ ਉਨ੍ਹਾਂ ਨੂੰ ਅਪਨਾਉਣ 'ਤੇ ਮਜਬੂਰ ਕੀਤਾ। ਇਹ ਉਹੀ ਕੌਮ ਹੈ, ਜਿਸ ਨਾਲ ਰਿਸ਼ਤਾ ਗੰਢ ਕੇ ਸ਼ਹਿਨਸ਼ਾਹ ਅਕਬਰ ਧੰਨ ਹੋਏ (ਆਜ਼ਮ ਕਹਿਲਾਏ) ਅਤੇ ਮਹਾਬਤ ਖਾਂ ਨੇ ਜਿਨ੍ਹਾਂ ਦੇ ਆਸਰੇ ਜਹਾਂਗੀਰ ਨੂੰ ਬੰਦੀ ਬਣਾਇਆ। ਇਹ ਉਹੀ ਕੌਮ ਹੈ ਜਿਹਨੂੰ ਪਰਾਸਤ ਕਰਨ ਲਈ ਸ਼ਹਿਨਸ਼ਾਹੇ ਹਿੰਦ (ਭਾਵ ਔਰੰਗਜ਼ੇਬ) ਤਿੰਨ ਸਾਲ ਤੱਕ ਆਪਣੇ ਪੁੱਤਰਾਂ, ਅਮੀਰਾਂ ਦੇ ਨਾਲ ਮੇਵਾੜ ਦੇ ਜੰਗਲਾਂ ਦੀ ਸੈਰ ਕਰਦੇ ਰਹੇ। ਅਜਿਹਾ ਹੋਵੇ ਵੀ ਕਿਉਂ ਨਾ ਜਦ ਕਿ ਸ਼ਾਹ ਆਲਮਗੀਰ ਗਾਜ਼ੀ ਦੇ ਅਹਿਦ ਵਿਚ ਸਾਬਨ ਵੇਚਣ ਵਾਲੇ ਸਦਰ ਤੇ ਕਾਜ਼ੀ ਬਣੇ ਹੋਏ ਅਤੇ ਜੁਲਾਹੇ ਇਸ ਗੱਲ 'ਤੇ ਮਾਣ ਕਰ ਰਹੇ ਹਨ ਕਿ ਬਾਦਸ਼ਾਹ ਨੇ ਉਨ੍ਹਾਂ ਨੂੰ ਆਪਣਾ ਮੋਤ੍ਰਬਰ ਭੇਤੀ ਬਣਾ ਲਿਆ ਹੈ। ਕਮੀਨੇ ਲੋਕ ਅਜਿਹੀਆਂ ਹੱਥ ਫੇਰੀਆਂ ਕਰਦੇ ਹਨ ਕਿ ਸਾਊ ਲੋਕ ਉਨ੍ਹਾਂ ਤੋਂ ਤੰਗ ਆ ਕੇ ਸ਼ਰਨ ਜਾਚਕ ਹੋ ਰਹੇ ਹਨ। ਖ਼ੁਦਾ ਬਚਾਏ ਅਜਿਹੇ ਕਹਿਰ ਤੋਂ ਜਦ ਕਿ ਗਧਾ ਵੀ ਅਰਬੀ ਘੋੜੇ ਨੂੰ ਦੁਲੱਤੇ ਮਾਰਦਾ ਹੈ। ਅਜਿਹੀ ਬੁਰੀ ਹਾਲਤ ਨੂੰ ਸੁਧਾਰਨ ਲਈ ਹੀ ਮੈਨੂੰ ਉਕਸਾਹਟ ਮਿਲੀ ਸੀ। ਖ਼ੁਦਾ ਮਿਹਰਬਾਨ ਹੋਵੇ ਅਤੇ ਇਹ ਕੰਮ ਮੈਨੂੰ ਸੌਂਪ ਕੇ ਆਪ ਹੱਜ ਕਰਨ ਚਲੇ ਜਾਓ।* ਕਿਉਂਕਿ ਆਪ ਹੁਣ ਤਕ ਦੀਨ ਦੀ ਥਾਂ ਦੁਨੀਆਂ ਨਾਲ ਹੀ ਲਿਪਟੇ ਹੋਏ ਹੋ। ਆਪ ਜੀ ਨੂੰ ਸ਼ਕਾਇਤ ਹੈ ਕਿ ਮੈਂ ਆਪ ਦੀ ਆਗਿਆ ਦਾ ਉਲੰਘਣ ਕੀਤਾ ਹੈ। ਪਰੰਤੂ ਸਚਾਈ ਇਹ ਹੈ ਕਿ ਪਿਤਾ ਵਿਰੁਧ ਬਗ਼ਾਵਤ ਦਾ ਝੰਡਾ ਉੱਚਾ ਕਰਨ ਦੇ ਰਾਹ ਪਾਉਣ ਵਾਲੇ ਹਜ਼ੂਰ ਅੱਬਾ ਜਾਨ ਆਪ ਹੀ ਹੋ।

---

* ਇਹ ਵਿਅੰਗ ਸ਼ਹਿਜ਼ਾਦੇ ਨੇ ਪਿਉ ਉਤੇ ਉਸਦੇ ਆਪਣੇ ਭਰਾ ਮੁਰਾਦ ਨਾਲ ਕੀਤੇ ਵਿਸ਼ਾਹਘਾਤ ਵਲ ਇਸ਼ਾਰਾ ਕਰਦਿਆਂ ਕੀਤਾ। ਦਾਰਾ ਅਤੇ ਸ਼ੁਜਾਅ ਵਿਰੁਧ ਲੜਨ ਲਈ ਮੁਰਾਦ ਨੂੰ ਆਪਣੀ ਵਲ ਕਰਨ ਲਈ ਔਰੰਗਜ਼ੇਬ ਨੇ ਉਹਦੇ ਨਾਲ ਇਕਰਾਰ ਕੀਤਾ ਸੀ, 'ਮੈਂ ਤਾਂ ਫਕੀਰ ਤਬਾਅ ਬੰਦਾ ਹਾਂ, ਮੈਨੂੰ ਰਾਜ ਕਾਜ ਨਾਲ ਬੜਾ ਘਟ ਲਗਾਓ ਹੈ, ਮੈਂ ਤਾਂ ਚਾਹੁੰਦਾ ਹਾਂ ਕਿ ਦਾਰਾ ਵਰਗਾ ਕਾਫ਼ਰ ਮੁਸਲਮਾਨ ਹਿੰਦ ਦਾ ਬਾਦਸ਼ਾਹ ਨਾ ਬਣੇ, ਇਸ ਵਿਚ ਇਸਲਾਮ ਦੀ ਹਾਨੀ ਹੈ। ਆਓ ਅਸੀਂ ਇਕੱਠੇ ਹੋ ਕੇ ਉਸ ਵਿਰੁਧ ਲੜੀਏ। ਮੈਂ ਤੁਹਾਨੂੰ ਤਖਤ ਉਤੇ ਬਿਠਾ ਕੇ ਹੱਜ ਨੂੰ ਚਲਾ ਜਾਵਾਂਗਾ।" ਪਰ ਦਾਰਾ ਨੂੰ ਭਾਂਜ ਦੇ ਕੇ ਔਰੰਗਜ਼ੇਬ ਨੇ ਮੁਰਾਦ ਨੂੰ ਸ਼ਰਾਬ ਪਲਾ ਕੇ ਗੁਟ ਕੀਤਾ ਅਤੇ ਉਹਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਲਿਆ। ਬੇਹੋਸ਼ ਹੋਏ ਭਰਾ ਨੂੰ ਔਰੰਗਜ਼ੇਬ ਨੇ ਲੱਤ ਮਾਰ ਕੇ ਆਖਿਆ "ਇਹ ਬੰਦਾ ਹਕੂਮਤ ਕਰਨ ਦੇ ਲਾਇਕ ਹੈ ?" ਪਾਸ ਖੜੋਤੇ ਅਹਿਲਕਾਰ ਨੇ–ਜਵਾਬ ਦਿੱਤਾ, ਨਹੀਂ ਹਜ਼ੂਰ ਬਸ ਔਰੰਗਜ਼ੇਬ ਬਾਦਸ਼ਾਹ ਬਣ ਗਿਆ।

"ਮੇਰੇ ਪਿਓ ਨੇ ਅਦਨ ਦਾ ਬਾਗ ਕਣਕ ਦੇ ਦੋਂਹ ਦਾਣਿਆਂ ਬਦਲੇ ਗਿਰਵੀ ਰੱਖ ਦਿੱਤਾ। ਮੈਂ ਕਪੁੱਤਰ ਹੋਵਾਂਗਾ। ਜੇ ਇਕ ਜੌਂ ਦੇ ਬਦਲੇ ਇਹਨੂੰ ਵੇਚ ਹੀ ਨਾ ਦੇਵਾਂ।"

ਮੈਨੂੰ ਹਜ਼ੂਰ ਆਪਣੀ ਹਜ਼ੂਰੀ ਵਿਚ ਹਾਜ਼ਰ ਹੋਣ ਦਾ ਹੁਕਮ ਦਿੰਦੇ ਹੋ। ਭਾਵੇਂ ਇਹ ਮੇਰੇ ਲਈ ਸਭ ਤੋਂ ਵੱਡੀ ਬਰਕਤ ਅਤੇ ਸਿਆਦਤਮੰਦੀ ਹੈ। ਪਰੰਤੂ ਮੇਰੀ ਜਵਾਨੀ ਅਤੇ ਆਪ ਦਾ ਬਦਲਾ ਲੈਣ ਦਾ ਜਜ਼ਬਾ ਮੇਰਾ ਰਾਹ ਰੋਕ ਖਲੋਂਦੇ ਹਨ। ਹਾਂ ਆਪ ਅਜਮੇਰ ਵਿਚ ਆਪਣੇ ਕੁਝ ਮੁਸਾਹਬਾਂ ਨਾਲ ਮਿਲ ਸਕੋ ਤਾਂ ਮੈਨੂੰ ਕੋਈ ਉਜ਼ਰ ਨਹੀਂ।

(ਹਿਸਟਰੀ ਆਫ਼ ਔਰੰਗਜ਼ੇਬ, ਕ੍ਰਿਤ ਜੇ. ਐਨ. ਸਰਕਾਰ)

ਉਪਰਲੇ ਖਤਾਂ ਦਾ ਉਹੀ ਅਸਰ ਹੋਇਆ ਜੋ ਇਕ ਪੱਖਪਾਤੀ, ਸ਼ੱਕੀ ਅਤੇ ਜ਼ਿੱਦੀ ਤਬੀਅਤ ਬਾਦਸ਼ਾਹ 'ਤੇ ਹੋਣਾ ਸੀ। ਇਤਿਹਾਸ ਗਵਾਹ ਹੈ ਕਿ ਉਹ ਸਾਰੀ ਉਮਰ ਮਰਹਟਿਆਂ ਨਾਲ ਲੜਦਾ ਰਿਹਾ। ਸ਼ਾਹ ਫਾਰਸ ਦੇ ਰਾਜਦੂਤ ਨਾਲ ਉਹ ਨੇ ਨਿਹਾਇਤ ਬੁਰਾ ਸਲੂਕ ਕੀਤਾ। ਉਹ ਦੇ ਦੇਸ਼ ਦੀ ਪਰੰਪਰਾ ਉਲਟ ਉਹਨੂੰ ਫਰਸ਼ੀ ਸਲਾਮ ਕਰਨ ਉਤੇ ਮਜਬੂਰ ਕੀਤਾ। ਇਸ ਨਾਲ ਦੁਵੱਲੇ ਕੁੜਿਤਣ ਵਧੀ। ਇਥੋਂ ਤਕ ਕਿ ਸ਼ਾਹ ਫਾਰਸ ਨੇ ਈਰਾਨ ਵਿਚ ਔਰੰਗਜ਼ੇਬ ਦੇ ਦੂਤ ਤਰਬੀਅਤ ਖਾਂ ਦੀ ਦਾੜ੍ਹੀ ਮਚਾਲਚੀ ਪਾਸੋਂ ਜਲਵਾ ਦਿੱਤੀ। ਜਦ ਕਿ ਉਹਨੂੰ ਔਰੰਗਜ਼ੇਬ ਦੇ ਸਿੱਕੇ ਦੀ ਇਬਾਰਤ ਮਸ਼ਾਲ ਦੀ ਰੌਸ਼ਨੀ ਵਿਚ ਪੜ੍ਹਨ ਲਈ ਆਖਿਆ ਗਿਆ। ਫੇਰ ਉਹਦੀ ਮੌਜੂਦਗੀ ਵਿਚ ਇਸ ਸਿੱਕੇ ਉੱਤੇ ਜੁੱਤੀਆਂ ਲਵਾਈਆਂ ਗਈਆਂ।

(ਤਾਰੀਖ਼ੇ ਸ਼ਹਿਰ ਲਾਹੌਰ, ਕ੍ਰਿਤ ਕਰਨਲ ਭੋਲਾ ਨਾਥ)

ਜਦ ਤਕ ਮੁਹੰਮਦ ਅਕਬਰ ਜੀਊਂਦਾ ਰਿਹਾ, ਔਰੰਗਜ਼ੇਬ ਨੂੰ ਸ਼ਾਹ ਅੱਬਾਸ ਵਲੋਂ ਤੌਖਲਾ ਹੀ ਲਗਾ ਰਿਹਾ। ਸ਼ਹਿਜ਼ਾਦੇ ਦੇ ਮਰਨ ਉਪਰੰਤ ਉਹ ਇਧਰੋਂ ਸੁਖਾਲਾ ਹੋਇਆ।

ਸ਼ਿਵਾ ਜੀ ਤੇ ਦਸ਼ਮੇਸ਼ ਪਿਤਾ

ਜਦ ਗੁਰੂ ਗੋਬਿੰਦ ਸਾਹਿਬ ਪੰਜਾਂ ਪਿਆਰਿਆਂ ਦਾ ਹੁਕਮ ਮੰਨ ਕੇ ਚਮਕੌਰ ਦੀ ਗੜ੍ਹੀ 'ਚੋਂ ਨਿਕਲੇ ਅਤੇ ਨੰਗੇ ਪੈਰੀਂ ਕੰਡਿਆਲੇ ਰਾਹੋਂ ਲੰਘ ਕੇ ਮਾਛੀਵਾੜੇ ਪੁੱਜੇ, ਉਸੇ ਵੇਲੇ ਹਜ਼ੂਰ ਨੂੰ ਬਾਦਸ਼ਾਹ ਅਤੇ ਉਹਦੇ ਅਹਿਲਕਾਰਾਂ ਦੀਆਂ ਕਰਤੂਤਾ ਉਤੇ ਬੜਾ ਗੁੱਸਾ ਸੀ। ਪ੍ਰੰਤੂ ਕਿਸੇ ਨਾ ਕਿਸੇ ਤਰ੍ਹਾਂ ਕੁਰਾਹੇ ਪਈਆਂ ਆਤਮਾਵਾਂ ਦਾ ਸੁਧਾਰ ਵੀ ਉਨ੍ਹਾਂ ਦੀ ਚਾਹ ਸੀ ਤਾਂ ਕਿ ਜਨਤਾ ਸੁਖੀ ਹੋਵੇ। ਇਹ ਭਾਵ ਸ਼ਿਵਾ ਜੀ ਦੇ ਖ਼ਤ ਵਿਚ ਨਹੀਂ ਮਿਲਦਾ। ਲਾਲਾ ਦੌਲਤ ਰਾਏ ਦੇ ਸ਼ਬਦਾਂ ਵਿਚ ਬੇਸ਼ੱਕ ਸ਼ਿਵਾ ਜੀ ਦੇ ਕੰਮ ਸਮਾਜ ਦੀ ਬਿਹਤਰੀ ਲਈ ਹੋਏ ਪ੍ਰੰਤੂ ਇਨ੍ਹਾਂ ਦਾ ਲਕਸ਼ ਤੇ ਮੰਤਵ ਸਿਆਸੀ ਤਾਕਤ ਦੀ ਪ੍ਰਾਪਤੀ ਸੀ। ਪ੍ਰੰਤੂ ਗੁਰੂ ਸਾਹਿਬ ਦਾ ਆਦਰਸ਼ ਅਜਿਹੀ ਨਿਜੀ ਚਾਹ ਤੋਂ ਉਚੇਰਾ ਸੀ। ਵਿਅਕਤੀਗਤ ਪ੍ਰਭੁਤਵ ਲਈ ਯਤਨ ਕਰਨਾ ਹੋਰ

---

*'ਧਰਮ ਚਲਾਵਨ, ਸੰਤ ਉਬਾਰਨ, ਦੁਸ਼ਟ ਸਭਨ ਕੋ ਮੂਲ ਉਪਾਰਨ।' ਆਪ ਦਾ ਮਿਸ਼ਨ ਸੀ ਜਿਸ਼ਦੀ ਪਾਲਣਾ ਕਰਦਿਆਂ ਆਪ ਨੇ ਇਨ੍ਹਾਂ ਸਾਰਿਆਂ ਅੰਗਾਂ ਉਤੇ ਪਹਿਰਾ ਦਿੱਤਾ ਕਿ ਧਰਮ ਵੀ ਕਾਇਮ ਰਹੇ, 'ਸਾਧਿ ਗਿਰਾਸਿ ਸਦਾ ਮਨ ਵਸੈ ਜਮ ਜੌਹਿਲ ਸਕੈ ਤਿਸ' ਉਤੇ ਫੁਲ ਚੜਾਉਣ ਵਾਲੇ ਸੰਤ ਹਰ ਪ੍ਰਕਾਰ ਸੁਖੀ ਰਹਿਣ ਦੇ ਦੁਸ਼ਟਤਾ ਦੀ ਜੜ੍ਹ ਪੁੱਟੀ ਜਾਏ। ਅਖੀਰਲੇ ਕੰਮ ਵਿਚ ਸੰਭਵਤ: ਦੁਸ਼ਟਾ ਨੂੰ ਜਾਨੋਂ ਮਾਰਨ ਦੀ ਥਾਂ ਉਨ੍ਹਾਂ ਦੀ ਆਤਮਾ ਦੀ ਸੋਧ ਕੀਤੀ ਗਈ। ਸਈਅਦ ਬੇਗ ਨੂੰ ਆਪਨੇ ਸੈਨਾਪਤੀ ਤੋਂ ਸੰਤ ਬਣਾ ਦਿੱਤਾ ਤੇ ਮਾਧੋਦਾਸ ਬੈਰਾਗੀ ਨੂੰ ਕੁਰਾਹੇ ਪਏ ਸੰਤਪੁਣੇ 'ਚੋਂ ਕੱਢ ਕੇ ਸੈਨਾਪਤੀ ਬਣਾ ਦਿੱਤਾ।

ਗੱਲ ਹੈ। ਪ੍ਰੰਤੂ ਦੇਸ਼ ਦੇ ਦੁਸ਼ਮਣਾਂ ਦਾ ਨਾਸ਼ ਕਰਨ ਹਿਤ ਮਰ ਮਿਟਣਾ ਹੋਰ ਗੱਲ ਹੈ।* ਜਦਕਿ ਸ਼ਿਵਾ ਜੀ ਨੇ ਆਪਣੇ ਆਦਰਸ਼ ਲਈ ਤਲਵਾਰ ਚੁੱਕੀ, ਗੁਰੂ ਮਹਾਰਾਜ ਨੇ ਦੂਜਿਆਂ ਲਈ ਕੁਰਬਾਨੀ ਦਿੱਤੀ। ਸ਼ਿਵਾ ਜੀ ਨੇ ਆਪਣੇ ਮੰਤਵ ਦੀ ਸਫਲਤਾ ਲਈ ਝੂਠ ਤੇ ਫਰੇਬ ਦੀ ਵਰਤੋਂ ਬਿਨਾਂ ਸੰਕੋਚ ਕੀਤੀ, ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਧਾਰਮਿਕ ਨੇਤਾ ਸਨ, ਇਕ ਸੱਚੇ ਕਸ਼ਤਰੀ ਵਾਂਗ, ਆਪਣੇ ਸ਼ਸਤਰ ਦੀ ਸ਼ਕਤੀ ਨਾਲ ਖੁਲ੍ਹੇ ਮੈਦਾਨ ਵਿਚ ਲੜ ਕੇ ਫਤਹ ਕਰਨਾ ਯੋਗ ਜਾਤਾ। ਸ਼ਿਵਾ ਜੀ ਦਾ ਆਦਰਸ਼, ਔਰੰਗਜ਼ੇਬ ਅਤੇ ਉਹਦੀ ਹਕੂਮਤ ਨੂੰ ਤਬਾਹ ਕਰਨਾ ਸੀ। ਇਸ ਦੇ ਉਲਟ ਗੁਰੂ ਸਾਹਿਬ ਦੋਹਾਂ ਨੂੰ ਸੁਧਾਰਨਾ ਚਾਹੁੰਦੇ ਸਨ।

ਫਤਹ ਨਾਮਾ

ਸੂਬੇਦਾਰਾਂ ਕੋਲੋਂ ਗੁਰੂ ਸਾਹਿਬ ਨੂੰ ਕੋਈ ਉਮੀਦ ਨਹੀਂ ਸੀ, ਇਸ ਲਈ ਉਨ੍ਹਾਂ ਸਮੇਂ ਦੀ ਸਾਰੀ ਰਾਜਸੀ ਸੱਤਾ ਦੇ ਕੇਂਦਰ ਸ਼ਹਿਨਸ਼ਾਹ ਦੇ ਨਾਮ ਮਾਛੀਵਾੜੇ 'ਚੋਂ ਇਕ ਪੱਤਰ ਫਾਰਸੀ ਭਾਸ਼ਾ ਵਿਚ ਭੇਜਿਆ, ਜਿਸ ਦਾ ਨਾਮ ਫਤਹਨਾਮਾ ਹੈ, ਇਹ ਦੱਸਣ ਲਈ ਕਿ ਫਤਹ ਸਚਾਈ ਦੀ ਹੈ। ਝੂਠ ਦਗਾ ਫਰੇਬ ਜਿੱਤ ਕੇ ਵੀ ਹਾਰੇ ਹਨ। ਇਹਦੇ ਕੁਲ 23 ਕੁ ਸ਼ੇਅਰ ਹੀ ਪ੍ਰਾਪਤ ਹੋਏ ਹਨ, ਪਰ ਜੋ ਕੁਝ ਵੀ ਹੈ, ਉਸ 'ਚੋਂ ਹਜ਼ੂਰ ਦੇ ਜਾਹੋ ਜਲਾਲ ਦਾ ਝਾਵਲਾ ਪੈਂਦਾ ਹੈ:-

'ਮੈਂ ਤੀਰ ਤਲਵਾਰ ਬਰਛੀ ਅਤੇ ਢਾਲ ਦੇ ਮਾਲਿਕ ਦੇ ਨਾਂ ਨਾਲ ਸ਼ੁਰੂ ਕਰਦਾ ਹਾਂ। ਤੈਨੂੰ ਔਰੰਗਜ਼ੇਬ ਨਾਂ ਸੋਭਦਾ ਨਹੀਂ ਕਿਉਂਕਿ ਔਰੰਗਜ਼ੇਬਾਂ (ਤਖ਼ਤ ਨੂੰ ਸ਼ੋਭਾ ਦੇਣ ਵਾਲਿਆਂ) ਨੂੰ ਫਰੇਬ ਸ਼ੋਭਾ ਨਹੀਂ ਦਿੰਦਾ:

ਨਾ ਜ਼ੇਬਦ ਤੁਰਾ ਨਾਮ ਔਰੰਗਜ਼ੇਬ
ਕਿ ਔਰੰਗਜ਼ੇਬਾਂ ਨਾ ਯਾਬਦ .ਫਰੇਬ। ਫਤਹਨਾਮਾ

ਤੂੰ ਆਪਣੇ ਕੁਕਰਮਾਂ ਨਾਲ ਆਪਣੇ ਪਿਤਾ ਦੀ ਮਿੱਟੀ ਆਪਣੇ ਭਰਾਵਾਂ ਦੇ ਖ਼ੂਨ ਨਾਲ ਮਿਲਾ ਕੇ ਜੋ ਗਾਰਾ ਬਣਾਇਆ, ਉਸ ਨਾਲ ਕੱਚੀਆਂ ਨੀਹਾਂ ਉਤੇ ਆਪਣੀ ਸ਼ਹਿਨਸ਼ਾਹੀ ਦੀ ਇਮਾਰਤ ਉਸਾਰੀ ਹੈ। ਚੂੰਕਿ ਤੂੰ ਦੱਕਨ ਅਤੇ ਮੇਵਾੜ ਤੋਂ ਤ੍ਰਿਹਾਇਆ ਮੁੜਿਆ ਏਂ, ਮੈਂ ਹੁਣ ਅਕਾਲ ਪੁਰਖ ਦੀ ਕਿਰਪਾ ਨਾਲ ਸਰਬ ਲੋਹ ਦੀ ਵਰਖਾ ਕਰਾਂਗਾ। ਮੈਂ ਤੇਰੇ ਘੋੜੇ ਦੇ ਸੁਮਾ ਹੇਠ ਉਹ ਅੱਗ ਭੜਕਾਵਾਂਗਾ ਕਿ ਤੈਨੂੰ ਪੰਜਾਬ ਵਿਚ ਪਾਣੀ ਨਸੀਬ ਨਾ ਹੋਵੇਗਾ।

ਚੁਨਾ ਆਤਿਸ਼ੇ ਜ਼ੇਰਿ ਨਾਅਲਤ ਨਿਹਮ॥
ਜ਼ਿ ਪੰਜਾਬ ਆਬਤ ਨ ਖ਼ੁਰਦਨ ਦਿਹਮ॥੧੩॥

ਚਿਹ ਸ਼ੁਦ ਗਰ ਸ਼ੁਗਾਲੇ ਬ ਮਕਰੋ ਰਿਯਾ
ਹਮੀਂ ਕੁਸ਼ਤ ਦੋ ਬਚਾ ਏ ਸ਼ੇਰ ਰਾ॥ ਫਤਹਨਾਮਾ-੧੪॥

ਕੀ ਹੋਇਆ ਜੇ ਇਕ ਬਘਿਆੜ ਨੇ, ਮਕਰ ਫਰੇਬ ਨਾਲ ਸ਼ੇਰ ਦੇ ਦੋ ਬੱਚਿਆਂ ਨੂੰ

---

* ਸਰਹੰਦ ਵਿਚ ਵੀਰ ਗਤੀ ਨੂੰ ਪ੍ਰਾਪਤ ਹੋਣ ਵਾਲੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਦੀ ਸ਼ਹਾਦਤ ਦੀ ਖ਼ਬਰ ਸੰਸਾਰਕ ਤੌਰ ਉਤੇ ਰਾਏ ਕੱਲੇ, ਦੇ ਕੋਲ ਪਹੁੰਚਣ ਸਮੇਂ ਮਿਲੀ; ਭਾਵੇਂ ਆਪਦੀ ਅੰਤਰਜਾਮਤਾ ਨੇ ਇਹ ਨਜ਼ਾਰਾ ਪਹਿਲਾਂ ਹੀ ਤੱਕ ਲਿਆ ਹੋਵੇਗਾ। ਚੌਹ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਦੂਜੇ ਪੱਤਰ ਜ਼ਫ਼ਰਨਾਮੇ ਵਿਚ ਕੀਤਾ ਗਿਆ ਹੈ।

ਮਾਰ ਦਿੱਤਾ, ਜਦ ਕਿ ਤੈਥੋਂ ਬਦਲਾ ਲੈਣ ਲਈ ਰੋਹਲਾ ਸ਼ੇਰ ਜੀਉਂਦਾ ਜਾਗਦਾ ਮੌਜੂਦ ਹੈ। ਮੈਨੂੰ ਉਸ ਨਾਂ ਉਤੇ ਭਰੋਸਾ ਨਹੀਂ ਰਿਹਾ ਜਿਹਨੂੰ ਤੂੰ ਖ਼ੁਦਾ ਕਹਿੰਦਾ ਏਂ, ਕਿਉਂਕਿ ਮੈਂ ਤੇਰੇ ਖ਼ੁਦਾ ਅਤੇ ਉਹਦੇ ਕਲਾਮ ਨੂੰ ਚੰਗੀ ਤਰ੍ਹਾਂ ਵੇਖ ਲਿਆ ਹੈ, ਮੈਨੂੰ ਤੇਰੀ ਸੌਗੰਦ ਉਤੇ ਇਤਬਾਰ ਨਹੀਂ ਰਿਹਾ ਇਸ ਲਈ ਮੇਰੇ ਲਈ ਬਿਨਾਂ ਤੇਗ ਫੜਨੋਂ ਕੋਈ ਚਾਰਾ ਨਾ ਰਿਹਾ।

ਬ ਸੌਗੰਦ ਤੂ ਏਤਬਾਰੇ ਨਾ ਮਾਨਦ
ਮਰਾ ਜੁਜ਼ ਬ ਸ਼ਮਸ਼ਰਿਕਾਰੇ ਨਾ ਮਾਨਦ ॥੧੭॥

ਇਸ ਤੋਂ ਅੱਗੇ ਆਪ ਨੇ ਲਿਖਿਆ, ਪ੍ਰਾਣੀ ਦੇ ਕਲਿਆਣ ਲਈ:

'ਜੇ ਤੂੰ ਮੇਰੇ ਕੋਲ ਆਏਂ ਤਾਂ ਮੈਂ ਤੈਨੂੰ ਸੱਚੇ ਰਾਹ ਪਾ ਦਿਆਂ, ਪਰ ਜੇ ਤੇਰੀ ਲੜਣ ਦੀ ਹੀ ਮਨਸ਼ਾ ਹੋਵੇ ਤਾਂ ਖ਼ੁਦਾ ਦੀ ਖ਼ਲਕਤ ਨੂੰ ਮਰਵਾਉਣ ਦਾ ਕੀ ਲਾਭ ? ਤੇਰੀ ਅਤੇ ਮੇਰੀ ਫੌਜ ਵਿਚਾਲੇ ਚਾਰ ਮੀਲ ਦਾ ਫਾਸਲਾ ਹੋਵੇ, ਮੈਂ ਇਕੱਲਾ ਹੋਵਾਂਗਾ ਤੇ ਤੂੰ ਦੋਂਹ ਸਨਦਬੱਧ ਸਵਾਰਾਂ ਨਾਲ ਦੋ ਦੋ ਹੱਥ ਕਰਨ ਲਈ ਆ। ਜਾਪਦੈ, ਤੈਨੂੰ ਕਿਸੇ ਰਣ ਕੁਸ਼ਲ ਸੈਨਕ ਨਾਲ ਵਾਹ ਨਹੀਂ ਪਿਆ।

ਇਸ ਖ਼ਤ ਵਿਚ ਬਾਦਸ਼ਾਹ ਦਾ ਮਜ਼ਾਕ ਨਹੀਂ ਉਡਾਇਆ ਗਿਆ, ਸਗੋਂ ਸਾਫ਼ ਸਪਸ਼ਟ ਤੇ ਖਰੀਆਂ ਖਰੀਆਂ ਗੱਲਾਂ ਕੀਤੀਆਂ ਗਈਆਂ ਹਨ। ਕੁਝ ਕੁਝ ਤਰਸ ਤੇ ਹਿਤ ਪਿਆਰ ਦੀ ਝਲਕ ਵੀ ਹੈ, ਤਾਰੀਖ ਗਵਾਹ ਹੈ ਕਿ ਔਰੰਗਜ਼ੇਬ ਨੂੰ ਪਿਆਰ ਕਰਨ ਵਾਲਾ ਕੋਈ ਨਹੀਂ ਸੀ, ਤੇ ਸ਼ਾਇਦ ਉਹਨੇ ਵੀ ਕਿਸੇ ਨੂੰ ਨਾ ਪਿਆਰ ਕੀਤਾ ਹੋਵੇ। ਲੈ ਦੇ ਕੇ ਉਹਦਾ ਇਸ਼ਕ ਹੀਰਾ ਬਾਈ ਨਾਚੀ ਨਾਲ ਹੋਇਆ ਜਦ ਕਿ ਉਹ 34, 35 ਸਾਲ ਦੀ ਉਮਰ ਵਿਚ ਦੱਖਣ ਦਾ ਸੂਬੇਦਾਰ ਸੀ। ਇਹਨੇ ਨਾਚੀ ਨੂੰ ਆਪਣੇ ਮਾਮੇ ਦੀ ਹਰਮ ਸਰਾਂ 'ਚੋਂ ਕੱਢ ਕੇ ਆਪਣੇ ਘਰ ਪਾਇਆ, ਪਰ ਜ਼ਾਲਿਮ ਮੌਤ ਨੇ ਉਸ ਤੀਵੀਂ ਨੂੰ ਵੀ ਇਹਤੋਂ ਖੋਹ ਲਿਆ। ਔਰੰਗਜ਼ੇਬ ਫੇਰ ਪਿਆਰ ਤੋਂ ਵਾਂਝਾ ਰਿਹਾ। ਪੁੱਤਰ ਧੀਆਂ, ਜੋ ਇਸ ਤੋਂ ਇਉਂ ਡਰਦੇ ਸੀ, ਜਿਉਂ ਧੁਣਖੀ ਤੋਂ ਕਾਂ, ਨਾ ਪਿਆਰ ਲੈ ਸਕੇ, ਤੇ ਨਾ ਦੇ ਸਕੇ, ਸਗੋਂ ਮੁਅਜ਼ਮ ਨੂੰ ਤਾਂ ਕੈਦ ਵੀ ਕੱਟਣੀ ਪਈ, ਭਰਾ ਸਾਰੇ ਦੇ ਸਾਰੇ ਇਸ ਦੇ ਹੱਥੋਂ ਮਾਰੇ ਗਏ। ਪਿਓ, ਇਕ ਭੈਣ ਜਹਾਂਆਰਾ ਬੇਗਮ ਸਣੇ ਕੈਦ ਵਿਚ ਸੜ ਕੇ ਮੋਇਆ, ਸ਼ਾਹ ਜਹਾਂ ਨੇ ਇਸੇ ਪੁੱਤਰ ਬਾਬਤ ਆਖਿਆ ਸੀ "ਭਲਾ ਇਹ ਕਿਸੇ ਨਾਲ ਦੋਸਤੀ ਵੀ ਕਰੇਗਾ ? ਇਹਦਾ ਦਿਲ ਕਿਸੇ ਉਤੇ ਰੀਝੇਗਾ ਵੀ ?" ਇਸ ਹਾਲਤ ਵਿਚ ਜਦ ਇਹਦੇ ਪੁੱਤਰ ਧੀਆਂ ਇਹਦੇ ਨੇੜੇ ਢੁਕਣੋਂ ਕਤਰਾਂਦੇ ਸਨ, ਗੁਰੂ ਗੋਬਿੰਦ ਸਿੰਘ ਜੀ ਨੇ ਉਹਦੀ ਦੁੱਖਦੀ ਰਗ ਉਤੇ ਹੱਥ ਰੱਖਿਆ, ਫਤਹ ਨਾਮਾ ਲਿਖ ਕੇ।

ਜ਼ਫ਼ਰਨਾਮਾ

ਭਾਈ ਦਯਾ ਸਿੰਘ ਜੀ, ਉੱਚ ਦੇ ਪੀਰਾਂ ਦੇ ਲਿਬਾਸ ਵਿਚ, ਇਹ ਖਤ ਲੈ ਕੇ ਔਰੰਗਜ਼ੇਬ ਕੋਲ ਪੁੱਜੇ। ਬੁੱਢੇ ਆਲਮਗੀਰ ਦੀਆਂ ਅੱਖਾਂ ਖੁਲ੍ਹ ਗਈਆਂ, ਜਿਨ੍ਹਾਂ ਅੱਗੇ ਸਚਾਈ ਨੰਗੀ ਨੱਚਣ ਲੱਗੀ। ਪਹਿਲੀ ਵਾਰ ਉਹਨੂੰ ਆਪਣੇ ਗੁਨਾਹਾਂ ਦਾ ਅਹਿਸਾਸ ਹੋਇਆ। ਉਹਨੇ ਪਛਤਾਵਾ ਕਰਦਿਆਂ ਪੰਜਾਬ ਦੇ ਸੂਬੇਦਾਰਾਂ ਨੂੰ ਲਿਖਿਆ ਕਿ ਹੁਣ ਗੁਰੂ ਗੋਬਿੰਦ ਸਿੰਘ ਜੀ ਨੂੰ ਕੁਝ ਨਾ ਆਖਣ ਅਤੇ ਉਤਰ ਵਿਚ ਸ਼ੱਕੀ ਮਿਜ਼ਾਜ਼ ਸ਼ਾਹ ਨੇ ਆਪਣੀ ਮਜਬੂਰੀ ਪ੍ਰਗਟ ਕਰਦਿਆਂ ਹਜ਼ੂਰ ਨੂੰ ਹੀ ਦੱਖਣ ਆਉਣ ਲਈ ਆਖਿਆ। ਇਹ ਉੱਤਰ ਆਪ ਨੂੰ ਦੀਨੇ ਕਾਂਗੜ ਪੁੱਜਾ। ਇਥੋਂ ਆਪ ਨੇ ਆਪਣਾ ਦੂਜਾ ਪੱਤਰ ਲਿਖਿਆ ਕਿਉਂਕਿ ਆਪ ਤੱਕ ਰਹੇ ਸਨ

ਕਿ ਲੋਹਾ ਗਰਮ ਹੈ ਕਿ ਪਿਘਲਣ ਵਾਲਾ ਹੈ, ਇਹ ਸਮਾਂ ਹੋਰ ਚੰਡਾਈ ਦਾ ਸੀ।

ਜ਼ਫ਼ਰਨਾਮੇ ਵਿਚ ਆਪ ਨੇ ਫੇਰ ਆਪਣੀ ਇਖ਼ਲਾਕੀ ਫ਼ਤਹ ਦਾ ਐਲਾਨ ਕਰਦਿਆਂ ਸਾਬਤ ਕੀਤਾ, "ਮੈਂ ਹਾਰਿਆ ਨਹੀਂ ਸਗੋਂ ਫਤਿਹ ਮੇਰੀ, ਖ਼ਾਲਸੇ ਦੀ ਹੋਈ ਹੈ, ਉਹ ਖਾਲਸਾ ਜੋ ਫਤਹ ਦੇ ਮਾਲਕ ਵਾਹਿਗੁਰੂ ਦਾ ਹੈ। ਚਮਕੌਰ ਵਿਚ ਚਾਲੀ ਭੁੱਖੇ ਸੂਰਮਿਆਂ ਨੇ ਤੇਰੀ ਦਸ ਲੱਖ ਸਿਪਾਹ ਦਾ ਮੁਕਾਬਲਾ ਕਰ ਕੇ ਤੇਰੇ ਭਾੜੇ ਦੇ ਟੱਟੂਆਂ ਦੇ ਛੱਕੇ ਛੁੜਾ ਦਿੱਤੇ। ਫੇਰ ਗੜ੍ਹੀ 'ਚੋਂ ਐਲਾਨੀਆਂ ਨਿਕਲ ਕੇ ਦੁਸ਼ਮਣ ਦੀਆਂ ਸਫ਼ਾਂ ਚੀਰਦੇ ਸਹੀ ਸਲਾਮਤ ਮਾਛੀਵਾੜੇ ਪੁੱਜਣ ਦਾ ਜ਼ਿਕਰ ਕੀਤਾ ਤੇ ਰਿਪੁਦਮਨ ਰੱਬ ਦਾ ਸ਼ੁਕਰ ਕੀਤਾ, ਜਿਨ ਵਾਲ ਵੀ ਵਿੰਗਾ ਨਾ ਹੋਣ ਦਿੱਤਾ।

"ਨ ਪੇਚੀਦ ਮੂਏ ਨ ਰੰਜੀਦ ਤਨ
ਕਿ ਬੇਰੂੰ ਖ਼ੁਦ ਆਵੁਰਦ ਦੁਸ਼ਮਨ ਸ਼ਿਕਨ ॥੪੪॥

ਔਰੰਗਜ਼ੇਬੀ ਹੁਕਮ ਨਾਲ ਨਿਕਲੀਆਂ ਲਿਸ਼ਕਦੀਆਂ ਤਲਵਾਰਾਂ ਨੇ ਗੁਰੂ ਸਾਹਿਬ ਉਤੇ ਦੁੱਖਾਂ ਮੁਸੀਬਤਾਂ ਦੇ ਪਹਾੜ ਢਾਏ। ਇਹਦਾ ਬਦਲਾ ਉਹਨਾਂ ਨੇ ਕਲਮ ਦੀ ਨੋਕ ਨਾਲ ਲਿਆ। ਫਿਰਦੌਸੀ ਤੇ ਵਾਰਿਸ ਵਾਂਗ ਗਾਲ੍ਹਾਂ ਕੱਢ ਕੇ ਨਹੀਂ ਸਗੋਂ ਜ਼ਾਲਮ ਦੇ ਸਾਹਮਣੇ ਉਹਦੀ ਨੰਗੀ ਘਿਨਾਉਣੀ ਤਸਵੀਰ ਪੇਸ਼ ਕਰਕੇ।

ਨਾ ਈਮਾ ਪ੍ਰਸਤੀ ਨਾ ਅਉਜਾਇ ਦੀਂ
ਨਾ ਸਾਹਿਬ ਸ਼ਨਾਸੀ ਨਾ ਮਹਮਦ ਯਕੀਂ ॥੪੬॥

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ,
ਕਿ ਬਾਕੀ ਬਿਮਾਂਦਸਤੁ ਪੇਚੀਦਹ ਮਾਰ ॥੭੮॥

ਚਿਹ ਮਰਦੀ ਕਿ ਅਖ਼ਗਰ ਖ਼ਾਮੋਸ਼ਾਂ ਕੁਨੀ,
ਕਿ ਆਤਸ਼ ਦਮਾਰਾ ਬਦਉਰਾ ਕੁਨੀ ॥੭੯॥

ਮਜ਼ਨ ਤੇਗ ਬਰ ਖ਼ੂੰਨ ਕਸ ਬੇ ਦਰੇਗ,
ਤੁਰਾ ਨੀਜ਼ ਖ਼ੂੰ ਆਸਤ ਬਾ ਚਰਖ਼ ਤੇਗ ॥੬੯॥

ਅਰਥਾਤ ਨਾ ਤੂੰ ਈਮਾਨ ਪੂਜ ਏਂ, ਨਾ ਤੇਰੇ ਚਾਲੇ ਦੀਨਦਾਰਾਂ ਵਾਲੇ ਨੇ। ਨਾ ਤੂੰ ਰੱਬ ਨੂੰ ਪਛਾਣਦਾ ਏਂ, ਨਾ ਤੈਨੂੰ ਹਜ਼ਰਤ ਮੁਹੰਮਦ 'ਤੇ ਭਰੋਸਾ ਹੈ। ਕੀ ਹੋਇਆ ਤੂੰ ਮੇਰੇ ਚਾਰ ਪੁੱਤਰ ਮਾਰ ਦਿੱਤੇ ਜਦ ਕਿ ਕੁੰਡਲੀਦਾਰ ਭੁਜੰਗੀ ਖ਼ਾਲਸਾ ਜੀਉਂਦਾ ਏ। ਕੁਝ ਅੰਗਿਆਰਾਂ ਨੂੰ ਬੁਝਾ ਦੇਣ ਵਿਚ ਕਾਹਦੀ ਮਰਦਾਨਗੀ, ਜਦ ਕਿ ਤੂੰ ਆਪ ਈ ਉਲੰਬਿਆਂ ਨੂੰ ਪ੍ਰਚੰਡ ਕਰ ਰਿਹਾ ਏਂ। ਬਾਦਸ਼ਾਹ ਵਲੋਂ ਦੱਖਣ ਆਉਣ ਦਿੱਤੇ ਸੱਦੇ ਦਾ ਉਤਰ ਦਿੰਦੇ ਆਪ ਨੇ ਲਿਖਿਆ:

ਹਜ਼ੂਰੇ ਨਿਯਾਯਮ ਨ ਈਂ ਰਹਿ ਸ਼ਵਮ ॥
ਅਗਰ ਸ਼ਹ ਬਖਾਹਦ ਮਨ ਆ ਜਾ ਰਵਮ ॥੮੮॥

ਅਰਥਾਤ "ਮੈਂ ਤੇਰੇ ਕੋਲ ਹਰਗਿਜ਼ ਨਹੀਂ ਆਵਾਂਗਾ, ਸਗੋਂ ਤੂੰ ਇਥੇ ਕਾਂਗੜ ਬੇ ਖਟਕੇ ਆ, ਕਿਉਂਕਿ ਬਰਾੜਾਂ ਦੀ ਸਾਰੀ ਕੌਮ ਮੇਰੀ ਤਾਬਿਆ ਵਿਚ ਹੈ। ਆ ਤੇਰੇ ਉਤੇ ਮਿਹਰਬਾਨੀ ਕਰੀਏ।" ਫੇਰ ਬਾਦਸ਼ਾਹ ਨੂੰ ਸਾਫ਼ ਦੱਸਿਆ ਕਿ ਤੂੰ ਆਪਣੇ ਇਕਰਾਰ ਪੂਰੇ ਨਹੀਂ ਕੀਤੇ। ਤੇਰੇ ਬੇਈਮਾਨ ਦੀਵਾਨਾਂ ਅਤੇ ਬਖਸ਼ੀਆਂ ਨੇ ਮੇਰੇ ਨਾਲ ਧੋਖਾ ਕਰ ਕੇ ਮੇਰੀ ਸੈਨਾ ਉਤੇ

ਯਕਬਾਰਗੀ ਹਮਲੇ ਕੀਤੇ ਤੇ ਉਨ੍ਹਾਂ ਨੂੰ ਖ਼ਤਮ ਕਰਨ ਲਈ ਬੜੀ ਜਲਦਬਾਜ਼ੀ ਤੋਂ ਕੰਮ ਲਿਆ, ਜੋ ਫਿਰਦੌਸ਼ੀ ਦੇ ਸ਼ਬਦਾਂ ਵਿਚ ਸ਼ੈਤਾਨਾਂ ਦਾ ਕੰਮ ਹੈ:-

ਚਿਹ ਖੁਸ਼ ਗੁਫ਼ਤ ਫਿਰਦੌਸੀਏ ਖ਼ੁਸ ਜ਼ਬਾਂ
ਸ਼ਿਤਾਬੀ ਬਵਦ ਕਾਰੇ ਆਹਰਮਨਾਂ

ਪਰ ਮਰਦ ਅਸਲ ਵਿਚ ਉਹ ਹੈ, ਜੋ ਅੰਦਰੋਂ ਬਾਹਰੋਂ ਕਹਿਣ ਕਮਾਉਣ ਵਿਚ ਇਕਸਾਰ ਹੋਵੇ।

"ਹਮੁ ਮਰਦ ਬਾਯਦ ਸ਼ਵਦ ਸ਼ੁਖ਼ਨ ਵਰ
ਨਾ ਸ਼ਿਕਮੇ ਦਿਗਰ ਨਾ ਦਹਾਨੇ ਦਿਗਰ ॥੫੫॥

ਤੇਰੇ ਤੇ ਮੇਰੇ ਵਿਚ ਵੱਡਾ ਅੰਤਰ ਇਹ ਹੈ ਕਿ ਤੈਨੂੰ ਆਪਣੇ ਮੁਲਕ ਮਾਲ ਦਾ ਅਭਿਮਾਨ ਹੈ, ਤੇ ਮੈਨੂੰ ਆਪਣੇ ਅਕਾਲ ਦੀ ਓਟ ਹੈ।

ਕਿ ਉਰਾ ਗਰੂਰ ਅਸਤ ਬਰ ਮੁਲਕੁ ਮਾਲ
ਬਿ ਮਾਰਾ ਪਨਾਹ ਅਸ਼ਤ ਯਜ਼ਦਾਂ ਅਕਾਲ।

ਗੁਰੂ ਸਾਹਿਬ ਉਹਨੂੰ ਦੱਸਣਾ ਚਾਹੁੰਦੇ ਸਨ ਕਿ ਇਸ ਮੁਲਕ ਮਾਲ ਦਾ ਜੋ ਅਸਲੀ ਮਾਲਿਕ ਤੇ ਦਾਤਾ ਹੈ, ਉਹਨੂੰ ਬਾਦਸ਼ਾਹ ਅੰਦਰਮੁਖੀ ਹੋ ਕੇ ਤੱਕੇ, ਆਪਣੇ ਕਾਲੇ ਹੋ ਚੁੱਕੇ ਜ਼ਮੀਰ ਵਿਚ ਲੁਕੀ ਰੌਸ਼ਨੀ ਨੂੰ ਲੱਭ ਲਏ। ਉਨ੍ਹਾਂ ਲਿਖਿਆ:

ਕਿ ਰਉਸ਼ਨ ਜ਼ਮੀਰ ਅਸਤੁ ਹੁਸਨਲ ਜਮਾਲ ॥
ਖੁਦਾਵੰਦ ਬਖਸ਼ਿੰਦਹੇ ਮੁਲਕ ਮਾਲ ॥੯੨॥

ਕਲਮ ਦੀ ਕਰਾਮਾਤ

ਤੀਰ ਅਤੇ ਤਲਵਾਰਾਂ ਖੁੰਢੀਆਂ ਹੋ ਗਈਆਂ ਅਤੇ ਰੱਬੀ ਕਲਮਕਾਰ ਦੀ ਫਤਹਿ ਹੋਈ। ਭਾਈ ਸਾਹਿਬ ਦਯਾ ਸਿੰਘ ਤੇ ਧਰਮ ਸਿੰਘ ਜੀ ਪਿਆਰੇ ਜ਼ਫ਼ਰਨਾਮਾ ਲੈ ਕੇ ਪੁੱਜੇ। ਡਾਕਟਰ ਗੋਕਲ ਚੰਦ ਨਾਰੰਗ ਅਨੁਸਾਰ ਉਨ੍ਹਾਂ ਸਲਾਮ ਦੀ ਥਾਂ ਗੱਜ ਕੇ ਫਤਿਹ ਗਜਾਈ ਅਤੇ ਗੁਰੂ ਸਾਹਿਬ ਦਾ ਖ਼ਤ ਪੇਸ਼ ਕੀਤਾ।* ਬਾਦਸ਼ਾਹ ਪੜ੍ਹ ਕੇ ਬੜਾ ਪ੍ਰਭਾਵਿਤ ਹੋਇਆ। ਪਸ਼ੇਮਾਨੀ ਨੇ ਮਜਬੂਰ ਕੀਤਾ ਕਿ ਗੁਰੂ ਸਾਹਿਬ ਨਾਲ ਮੁਲਾਕਾਤ ਹੋ ਜਾਏ। ਆਪਣੇ ਗੁਰਜ਼ ਬਰਦਾਰ ਅਹਿਦੀਆਂ ਨੂੰ ਭੇਜਿਆ ਕਿ ਗੁਰੂ ਸਾਹਿਬ ਨੂੰ ਆਦਰ ਸਨਮਾਨ ਨਾਲ ਲੈ ਆਉਣ। ਖ਼ੁਹ ਨੇ

---

* ਡਾਕਟਰ ਸਾਹਿਬ ਅਪਨੀ ਪੁਸਤਕ ਦੇ ਅੰਤ ਵਿਚ ਗੁਰੂ ਸਾਹਿਬਾਨ ਅਤੇ ਸਿੱਖਾਂ ਦੇ ਸ਼ਾਨਦਾਰ ਕਾਰਨਾਮਿਆਂ ਦੀ ਸਲਾਹੁਤਾ ਦਾ ਭੋਗ ਪਾ ਕੇ ਅੰਤਲੇ ਜ਼ਮੀਮੇ ਵਿਚ ਇਕ ਅਨੋਖੀ ਗੱਲ ਆਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਿੱਖਾਂ ਨੂੰ ਸਿਆਸੀ ਹਥਿਆਰ ਬਨਾਉਣ ਨਾਲ ਸਿੱਖੀ ਦੀ ਸ਼ਾਨ ਬਤੌਰ ਇਕ ਧਰਮ ਦੇ ਮਿਟ ਗਈ ਹੈ। ਮੁਸਲਮਾਨਾਂ ਦੀ ਸੁੰਨਤ, ਹਿੰਦੂਆਂ ਦੇ ਜਨੇਊ ਅਤੇ ਈਸਾਈਆਂ ਦੇ ਬਿਪਤ ਸਮੇਂ ਵਾਂਗ ਸਿੱਖੀ ਵਿਚ ਵੀ ਕੁਝ ਰਹੁ ਰੀਤਾਂ ਦਾਖਲ ਹੋ ਗਈਆਂ ਹਨ। ਤਦ ਤੋਂ ਸਿੱਖ ਬਨਣ ਲਈ ਕੇਸ ਦਾੜ੍ਹੀ ਅਣਛੁਹ ਰਖਣੇ ਲਾਜ਼ਮੀ ਹੋ ਗਏ ਹਨ। ਉਨ੍ਹਾਂ ਦੀ ਨਜ਼ਰ ਵਿਚ ਇਹ ਕਰਮ ਕਾਂਡ ਉਜੇਹਾ ਹੈ ਜਿਸਦੀ ਨਖੇਧੀ ਗੁਰੂ ਨਾਨਕ ਸਾਹਿਬ ਨੇ ਕੀਤੀ ਸੀ। (ਸਫ਼ਾ 251-252) ਇਹ ਡਾਕਟਰ ਸਾਹਿਬ ਦੀ ਦੁਚਿੱਤੀ ਹੈ ਜਿਹਨੂੰ ਸੁਰਗਵਾਸੀ ਸਰ ਜੋਗਿੰਦਰ ਸਿੰਘ ਨੇ ਇਸ ਪੁਸਤਕ ਦਾ ਆਰੰਭਕ ਸ਼ਬਦ ਲਿਖਦਿਆਂ ਡਾਕਟਰ ਦੀਆਂ ਵੰਡੀਆਂ ਹੋਇਆ (Divided loyalties) ਕਿਹਾ ਹੈ। ਇਹ ਸਚਾਈ ਇਸ ਗੱਲ ਤੋਂ ਸਪਸ਼ਟ ਹੈ ਕਿ ਸਿੱਖੀ ਦੇ ਚਿੰਨ੍ਹਾਂ ਨਾਲ ਬਣੀ ਸਿੰਘਾਂ ਸਾਬਤ ਸੂਰਤ→

ਤ੍ਰਿਹਾਏ ਕੋਲ ਜਾਣ ਦਾ ਫੈਸਲਾ ਕਰ ਲਿਆ। ਹਜ਼ੂਰ ਦੱਖਣ ਦੇ ਰਾਹ ਪੈ ਗਏ। ਰਾਹ ਵਿਚ ਹੀ ਰਾਜਪੂਤਾਨੇ ਦੇ ਵਧੇਰੇ ਪਿੰਡ ਕੋਲ ਖਬਰ ਮਿਲੀ ਕਿ ਬਾਦਸ਼ਾਹ 20 ਫਰਵਰੀ 1707 ਨੂੰ ਮਰ ਗਿਆ। ਭਾਵੇਂ ਕੁਤਬ-ਏ-ਸ਼ਮਾਲੀ ਕੁਤਬ-ਏ-ਜਨੂਬੀ ਨੂੰ ਮਿਲ ਨਾ ਸਕਿਆ, ਪ੍ਰੰਤੂ ਗੁਰੂ ਸਾਹਿਬ ਦਾ ਤੀਰ ਨਿਸ਼ਾਨੇ 'ਤੇ ਲੱਗ ਚੁਕਾ ਸੀ। ਅੰਤਲੇ ਦਿਨਾਂ ਵਿਚ ਉਹਦੇ ਖਿਆਲਾਂ ਵਿਚ ਜ਼ਬਰਦਸਤ ਤਬਦੀਲੀ ਆ ਚੁੱਕੀ ਸੀ ਜਿਹਾ ਕਿ ਉਹਦੇ ਆਪਣੇ ਸਭ ਤੋਂ ਛੋਟੇ ਤੇ ਛਿੰਦੇ ਪੁੱਤਰ ਕਾਮ ਬਖਸ਼ ਜੋ ਉਦੈਪੁਰੀ ਬੇਗ਼ਮ ਦੇ ਪੇਟੋਂ ਸੀ, ਵੱਲ ਲਿਖੇ ਖਤ ਤੋਂ ਪ੍ਰਗਟ ਹੁੰਦਾ ਹੈ:

"ਮੇਰੇ ਫਰਜ਼ੰਦ ਜਿਗਰਬੰਦ.....

ਹੁਣ ਜਦ ਕਿ ਮੈਂ ਸਭ ਤੋਂ ਜੁਦਾ ਹੋ ਰਿਹਾ ਹਾਂ, ਤੇਰੀ ਸਰੋਸਾਮਾਨੀ 'ਤੇ ਰਹਿਮ ਆਉਂਦਾ ਹੈ, ਪਰ ਇਹਦਾ ਕੀ ਲਾਭ ? ਭਲਾ ਯਾ ਬੁਰਾ, ਜੋ ਕੁਝ ਬੇ ਕੀਤਾ ਆਪਣੇ ਨਾਲ ਲੈ ਜਾ ਰਿਹਾ ਹਾਂ। ਅਜੀਬ ਚਮਤਕਾਰ ਹੈ ਕਿ ਆਇਆ ਤਾਂ ਕੱਲਾ ਸਾਂ, ਪਰ ਹੁਣ ਅਮਲਾਂ ਦੇ ਕਾਫ਼ਲੇ ਨਾਲ ਜਾ ਰਿਹਾਂ ਹਾਂ। ਸਿਵਾਏ ਅਬਿਨਾਸ਼ੀ ਈਸ਼ਵਰ ਦੇ ਕੋਈ ਨਜ਼ਰ ਨਹੀਂ ਆਉਂਦਾ। ਲਸ਼ਕਰ ਅਤੇ ਸਿਪਾਹ ਦਾ ਫਿਕਰ ਅਤੇ ਅੰਤ ਦੇ ਅਜ਼ਾਬਾਂ ਦਾ ਖਿਆਲ ਦਿਲ ਨੂੰ ਸ਼ੋਕਾਤੁਰ ਕਰ ਰਿਹਾ ਹੈ, ਮੈਨੂੰ ਆਪਣਾ ਪਤਾ ਨਹੀਂ ਕੀ ਬਣੇਗਾ ? ਗੁਨਾਹ ਬਹੁਤ ਕੀਤੇ ਹਨ। ਮਾਲੂਮ ਨਹੀਂ ਕੀ ਸਜ਼ਾ ਮਿਲੇਗੀ ? ਬੇਗ਼ਮ ਦਾ ਹਾਲ ਉਹਨੂੰ ਹੀ ਮਾਲੂਮ ਹੈ। ਤੇਰੀ ਮਾਂ ਉਦੈਪੁਰੀ ਬੀਮਾਰੀ ਵਿਚ ਮੇਰੇ ਕੋਲ ਹੈ ਅਤੇ ਮੇਰੇ ਨਾਲ ਹੀ ਜਾਣ ਦਾ ਇਰਾਦਾ ਰੱਖਦੀ ਹੈ।....ਵੱਸੱਲਾਮ।"

ਜੀਵਨ ਪ੍ਰੀਤੀ-ਜਨਵਰੀ, 1962

→ ਤੋਂ ਉਹ ਪ੍ਰਭਾਵਿਤ ਹੋਣੋਂ ਰਹਿ ਭੀ ਨਹੀਂ ਸਕੇ, ਜਦ ਉਹ ਅੱਗੇ ਜਾ ਕੇ ਇਸ ਹਕੀਕਤ ਨੂੰ ਸਵੀਕਾਰ ਕਰਦੇ ਹਨ ਕਿ ਸਿੱਖ ਆਮ ਤੌਰ ਤੇ ਲੰਮਾ-ਝੰਮਾਂ, ਬਾਂਕਾ ਆਪਣੇ ਲੰਮੇ ਕੇਸਾਂ ਅਤੇ ਲਿਸ਼ਕੀ ਪੁਸ਼ਕੀ ਲੰਮੀ ਦਾੜ੍ਹੀ ਕਾਰਨ ਆਮ ਹਿੰਦੂਆਂ ਦੇ ਸਮੂਹ ਵਿਚੋਂ ਅਸਾਨੀ ਨਾਲ ਪਛਾਣਿਆ ਜਾਂਦਾ ਹੈ ਅਤੇ ਇਸੇ ਜ਼ਮੀਮੇ ਵਿਚ 'Distinguishing Features of Sikhism' ਲਿਖਦੇ ਹਨ:

The Chief pecularity of the Sikh however lies in his soldierly habits and qualifications. Originally no better than the common peasantry of the Punjab, the Sikhs were turned by the tenth Guru into a nation of warriors and heroes who would dare the lion in his own den and challenge the dreaded Aurangzeb in his own Gourt.

(Foot Note) Daya Singh went with the Guru's letter to the court of Aurangzeb. He neither bent his head nor 'uttered any word of salutation. He simply shouted "Wah Guru Ji Ka Khalsa, Shri Wah Guru Ji Ki Fateh" and handed the letter to the Emperor:

(Transformation of Sikhism page 254, Fourth Edition 1966)

ਦਸਮੇਸ਼ ਜੀ ਦੀ ਯੁਧ-ਨੀਤੀ ਅਤੇ ਸੈਨਿਕ-ਪ੍ਰਤਿਭਾ

ਤਲਵਾਰ ਸਿੱਖ ਪੰਥ ਵਿਚ ਛੇਵੇਂ ਪਾਤਸ਼ਾਹ ਦੇ ਸਮੇਂ ਹੀ ਦਾਖ਼ਲ ਹੋ ਗਈ ਸੀ ਅਤੇ ਉਨ੍ਹਾਂ ਨੇ ਮਝੈਲ ਸੂਰਮਿਆਂ ਦੀ ਸੈਨਾ ਸਾਜ ਕੇ ਸ਼ਾਹਜਹਾਨ ਦੀਆਂ ਫ਼ੌਜਾਂ ਨਾਲ ਚਾਰ ਵਾਰੀ ਸਫ਼ਲਤਾ ਨਾਲ ਲੋਹਾ ਲਿਆ ਸੀ। ਸੱਤਵੇਂ, ਅੱਠਵੇਂ ਤੇ ਨੌਵੇਂ ਪਾਤਸ਼ਾਹ ਨੇ ਭਾਵੇਂ ਯੁੱਧ ਕੋਈ ਨਹੀਂ ਕੀਤਾ, ਪਰ ਉਨ੍ਹਾਂ ਨਾਲ 2200 ਸਵਾਰ ਕਾਇਮ ਰਹੇ। ਦਸਵੇਂ ਪਾਤਸ਼ਾਹ ਨੇ ਛੋਟੇ ਮੋਟੇ 18 ਯੁੱਧ ਕੀਤੇ: 1. ਭੰਗਾਣੀ, 2. ਨਦੌਣ, 3. ਹੁਸੈਨੀ ਨਾਲ, 4. ਬਲੀਆ ਚੰਦ ਤੇ ਆਲਮ ਚੰਦ ਨਾਲ, 5. ਅਤੇ 6. ਆਨੰਦਪੁਰ ਦੇ ਦੋ ਯੁੱਧ, 7. ਨਿਰਮੋਹ ਦੀ ਜੰਗ, 8. ਬਸਾਲੀ ਦਾ ਭੇੜ, 9. ਸੈਦ ਬੇਗ ਤੇ ਅਲਿਫ਼ ਖਾਂ ਨਾਲ ਚਮਕੌਰ ਦਾ ਪਹਿਲਾ ਯੁੱਧ, 10., 11. ਅਤੇ 12. ਆਨੰਦਪੁਰ ਦੀ ਤੀਜੀ, ਚੌਥੀ ਤੇ ਪੰਜਵੀਂ ਲੜਾਈ, 13. ਚਮਕੌਰ ਦੀ ਦੂਜੀ ਜੰਗ, 14. ਮੁਕਤਸਰ ਯੁੱਧ। ਪਹਿਲੀਆਂ ਚਾਰ ਲੜਾਈਆਂ ਖ਼ਾਲਸਾ ਸਾਜਣ (1699) ਤੋਂ ਪਹਿਲਾਂ ਹੋਈਆਂ ਤੇ ਬਾਕੀ ਦੀਆਂ ਦਸ, ਇਸ ਤੋਂ ਬਾਦ। ਅਜਿਹੇ ਚੌਦਾਂ ਹੰਗਾਮੇ ਕਰਨ ਲਈ ਉਨਾਂ ਨੂੰ ਸਿੱਖਾਂ ਵਿਚ ਬੀਰਰਸ ਭਰ ਕੇ ਸਿਰਲੱਥ ਯੋਧਿਆਂ ਦੀ ਸੈਨਾ ਤਿਆਰ ਕਰਨੀ ਪਈ, ਉਸ ਸੈਨਾ ਨੂੰ ਸਮਕਾਲੀ ਹਥਿਆਰਾਂ ਨਾਲ ਲੈਸ ਕਰਨਾ ਪਿਆ ਅਤੇ ਉਨ੍ਹਾਂ ਨੂੰ ਲੋੜੀਂਦੀ ਪਰਿਸਿੱਖਿਆ ਦੇਣੀ ਪਈ। ਉਨ੍ਹਾਂ ਸੰਤ ਸਿਪਾਹੀਆਂ ਸਾਹਵੇਂ ਕੋਈ ਆਦਰਸ਼ ਭੀ ਹੋਣਾ ਚਾਹੀਦਾ ਸੀ ਤੇ ਉਨ੍ਹਾਂ ਨੂੰ ਕਿਸੇ ਅਨੁਸ਼ਾਸਨ ਵਿਚ ਵੀ ਰੱਖਣਾ ਸੀ, ਜਿਸਦਾ ਸੂਤਰ ਧਾਰ ਕੋਈ ਆਲੀ ਦਿਮਾਗ਼ ਸੈਨਿਕ ਪ੍ਰਤਿਭਾ ਦਾ ਸੁਆਮੀ ਸੂਰਮਾ (ਜੋ ਯੁੱਧ ਵਿਚ ਸਨਮੁਖ ਹੋ ਕੇ ਜੂਝੇ) ਅਤੇ ਯੋਧਾ (ਜੋ ਯੁੱਧ ਕਰਨ ਤੇ ਕਰਵਾਉਣ ਦੀ ਯੋਗਤਾ ਰੱਖਣ ਦੇ ਨਾਲ ਨਾਲ ਫ਼ਤਿਹ ਵੀ ਦਿਵਾ ਸਕੇ) ਹੀ ਹੋ ਸਕਦਾ ਸੀ, ਇਹ ਇਤਿਹਾਸਕ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘਾਂ ਨੂੰ ਮਾਨਸਕ ਅਤੇ ਸਰੀਰਕ ਤੌਰ 'ਤੇ ਬਲਵਾਨ ਬਣਾ ਕੇ ਉਨ੍ਹਾਂ ਵਿਚ 'ਅਤਿ ਹੀ ਰਣ ਮਹਿ ਤਬ ਜੂਝ ਮਰਉ' ਅਤੇ 'ਨਿਸ਼ਚੈ ਕਰ ਅਪਣੀ ਜੀਤ ਕਰਉ' ਦੀ ਉਗਰ ਭਾਵਨਾ ਉਤਪੰਨ ਕਰਕੇ ਕੀਤੀ ਹੈ।

ਕਿਉਂਕਿ ਖਾਲਸਾ ਤਾਂ ਹੈ ਹੀ ਅਕਾਲ ਪੁਰਖ ਦੀ ਫੌਜ:

ਖਾਲਸਾ ਅਕਾਲ ਪੁਰਖ ਕੀ ਫ਼ੌਜ
ਪ੍ਰਗਟਿਓ ਖਾਲਸਾ ਅਕਾਲ ਪੁਰਖ ਕੀ ਮੌਜ।

ਪਰ ਇਸਦੇ ਨਾਲ ਜਿਥੇ ਇਹ ਸਿੱਖਿਆ ਦਿੱਤੀ ਕਿ ਯੁੱਧ ਅਣਖ ਆਣ ਅਤੇ ਸੁਤੰਤਰਤਾ ਬਚਾਉਣ ਲਈ ਸਾਡਾ ਅੰਤਿਮ ਸਾਧਨ ਹੋਵੇ 'ਚੂੰ ਕਾਰ ਅਜ਼ ਹਮਹ ਹੀਲਤੇ ਦਰਗੁਜ਼ਸ਼ਤ। ਹਲਾਲਸਤ ਬੁਰਦਨ ਬਸ਼ਮਸ਼ੇਰ ਦਸਤ' ਉਥੇ ਯੁੱਧ ਵਿਚ ਆਚਰਨ ਦੀ ਸੁਚੱਜਤਾ ਨੂੰ ਕਾਇਮ ਰਖਦਿਆਂ ਕੋਈ ਅਖ਼ਲਾਕ ਤੋਂ ਨੀਵਾਂ ਕਾਰਜ ਕਰਕੇ ਸਿੱਖੀ ਨੂੰ ਕਲੰਕਤ ਨਾ ਹੋਣ ਦਿੱਤਾ ਜਾਵੇ, ਅਰਥਾਤ ਅਸਲੀ ਅਰਥਾਂ ਵਿਚ ਧਰਮ ਯੁੱਧ-ਧਰਮ ਲਈ ਅਤੇ ਧਰਮ ਦੇ ਅਸੂਲਾਂ ਤੇ ਆਧਾਰਿਤ ਯੁੱਧ ਕੀਤਾ ਜਾਵੇ, ਇਸ ਮਹਾਨ ਮੰਤਵ ਦੀ ਪ੍ਰਾਪਤੀ ਲਈ ਉਨ੍ਹਾਂ ਨੇ,

ਆਪਣੇ ਆਪ ਨੂੰ ਗਾਠ ਅਤੇ ਯੋਧੇ ਹੋਣ ਦੇ ਹੰਕਾਰ ਨਾਲ ਸਿੱਖੀ ਦੀ ਲੋਕ ਲਹਿਰ ਤੋਂ ਅਲੱਗ ਰਹਿਣ ਵਾਲੇ ਖੱਤਰੀਆਂ ਅਤੇ ਰਾਜਪੂਤਾਂ ਨੂੰ ਛੱਡ ਕੇ ਜਨਤਾ ਜਨ ਸਾਧਾਰਨ 'ਚੋਂ ਦਬੇਲ ਅਤੇ ਅਖੌਤੀ ਦਲਿਤ ਤੇ ਨੀਚ ਜਾਤੀਆਂ ਦੇ ਉਨ੍ਹਾਂ ਲੋਕਾਂ ਨੂੰ ਚੁਣਿਆ ਜੋ ਡਰਦੇ ਹਰਿ ਹਰਿ ਕਰਦੇ ਆਖ ਰਹੇ ਸਨ 'ਹਮ ਤੋ ਤੋਲਣ ਜਾਨੇ ਤੱਕੜੀ। ਨੰਗੀ ਕਰਦ ਕਦੀ ਨਹੀਂ ਪਕੜੀ'। ਇਹ ਉਹ ਇਨਕਲਾਬੀ ਸਾਧਨ ਸੀ ਜਿਸਦਾ ਕਿਸੇ ਨੂੰ ਚਿਤ ਚੇਤਾ ਵੀ ਨਹੀਂ ਸੀ* ਅਤੇ ਗੁਰੂ ਗੋਬਿੰਦ ਸਿੰਘ ਨੇ ਅਜਿਹਾ ਅਜ਼ੀਮੁੱਸ਼ਾਨ ਕਾਰਨਾਮਾ ਕਰਕੇ ਆਪਣੇ ਗੁਰਿਆਈ ਦੇ ਕਾਰਨ ਅਤੇ ਮੰਤਵ ('ਚਿੜੀਓਂ ਸੇ ਮੈਂ ਬਾਜ਼ ਤੁੜਾਊਂ') ਨੂੰ ਸਿੱਧ ਅਤੇ ਸਫਲ ਕਰ ਵਿਖਾਇਆ।

ਬੀਰ ਰਸੀ ਸਾਹਿਤ

ਸਿੱਖਾਂ ਨੂੰ ਯੋਧੇ ਦੀ ਮਾਨਸਿਕ ਅਡੋਲਤਾ ਅਤੇ ਜੂਝਣ ਦੀ ਦ੍ਰਿੜ੍ਹਤਾ ਪ੍ਰਦਾਨ ਕਰਨ ਲਈ, ਗੁਰੂ ਸਾਹਿਬ ਨੇ 'ਧਰਮ ਯੁੱਧ ਕੇ ਚਾਇ' ਭਰਪੂਰ ਬੀਰ ਰਸੀ ਸਾਹਿਤ ਰਚਿਆ ਤੇ ਰਚਵਾਇਆ। ਉਨ੍ਹਾਂ ਇਸ ਰੁਦਰ ਮਈ ਰਸ ਪੂਰਤ ਦੋ ਚੰਡੀ ਚਰਿੱਤ੍ਰ, ਚੰਡੀ ਦੀ ਵਾਰ, ਭਾਗਵਤ ਪੁਰਾਣ ਦੇ ਦਸਵੇਂ ਸਕੰਧ ਦੀ ਕਥਾ ਅਤੇ ਜੂਝਦੇ, ਲੜਦੇ, ਸੰਗ੍ਰਾਮ ਕਰਦੇ ਅਵਤਾਰਾਂ ਅਤੇ ਉਪ ਅਵਤਾਰਾਂ ਦੇ ਪ੍ਰਸੰਗ ਜਿਨ੍ਹਾਂ ਵਿਚ ਛੋਟੇ ਮੋਟੇ ਚੁਰੰਜਾ ਯੁੱਧਾਂ ਦਾ ਬਿਆਨ ਹੈ, ਮਨ ਨੂੰ ਉਛਾਲਾ ਦੇਣ ਵਾਲੀ ਅਜਿਹੀ ਸ਼ੈਲੀ ਵਿਚ ਕਾਨੀ ਬੱਧ ਕੀਤੇ ਕਿ ਜਿਹਨੂੰ ਪੜ੍ਹਕੇ ਸੂਮ ਤੇ ਸੂਫ਼ੀ ਦੇ ਡੌਲੇ ਵੀ ਫਰਕ ਪੈਣ।

ਪੜੇ ਮੂੜ ਯਕੋ ਧਨੇ ਧਾਮ ਬਾਢੇ,
ਸੁਨੈ ਸੂਮ ਸੋਫ਼ੀ ਲੜੈ ਯੁਧ ਆਗੈ॥

ਦੁੰਬਾ ਦੁੰਬਾ ਖਾ ਜਾਣ ਵਾਲੇ ਮੁਗਲਾਂ ਅਤੇ ਪਠਾਣਾਂ ਸਾਹਮਣੇ ਚਟਾਨ ਵਾਂਗ ਡਟਣ ਦੀ ਮਰਦਾਨਗੀ ਭਰਨ ਲਈ ਹਜ਼ੂਰ ਨੇ ਇਨ੍ਹਾਂ ਸੂਮ ਸੂਫ਼ੀਆਂ ਦੀਆਂ ਮਨੋ-ਬਿਰਤੀਆਂ ਨੂੰ ਉਚਿਆਉਣ ਲਈ ਯੁੱਧ ਦੀ ਕਲਪਨਾ 'ਚੋਂ ਭਿਆਨਕਤਾ ਦਾ ਡੰਗ ਕੱਢ ਦਿੱਤਾ ਇਹ ਦੱਸਕੇ ਕਿ ਜੰਗ ਤਾਂ ਹੋਲੀਆਂ ਦੀ ਖੇਡ ਹੈ, ਵਿਆਹ ਦੇ ਸੁਲੱਖਣੇ ਸਮੇਂ ਸੁਆਣੀਆਂ ਦਾ ਆਨੰਦਮਈ ਨਾਚ ਰੰਗ ਦਾ ਕਾਰਜ ਹੈ, ਅਣਖ-ਦੀ ਸ਼ਰਾਬ ਦਾ ਠੇਕਾ ਹੈ, ਇਥੋਂ ਤੱਕ ਕਿ ਇਹ ਤਾਂ ਬੱਚਿਆਂ ਦੀ ਖੇਡ ਹੈ-ਚੱਕਰ ਚਲਾਣਾ ਮੁੰਡਿਆਂ ਦੇ ਟੋਭੇ ਉਤੇ ਠੀਕਰੀਆਂ ਚਲਾਉਣ ਵਾਂਗ:

- *ਬਾਨ ਚਲੇ ਤੇਈ ਕੁੰਕਮ ਮਾਨਹੁ ਮੂਠ ਗੁਲਾਲ ਕੀ ਸਾਂਗ ਪ੍ਰਹਾਰੀ॥*
  ਢਾਲ ਮਨੋ ਡਫ ਮਾਲ ਬਨੀ ਹਥ ਨਾਲ ਬੰਦੂਕ ਛੁਟੈ ਪਿਚਕਾਰੀ॥
  ਸ੍ਰਉਨ ਭਰੇ ਪਟ ਬੀਰਨ ਕੇ ਉਪਮਾ ਜਨ ਘੋਰ ਕੈ ਕੇਸਰ ਡਾਰੀ॥
  ਖੇਲਤ ਫਾਗ ਕਿ ਬੀਰ ਲਰੈ ਨਵਲਾਸੀ ਲੀਏ ਕਰਵਾਰ ਕਟਾਰੀ॥੧੩੮੫॥

---

* Prior to the time of Guru Gobind Singh no General ever conceived the idea of raising an army from men who were believed to be unclean and polluted from their birth.

(Evolution of the Khalsa. by I.B. Bannerjee)

- *ਮਾਰ ਹੀ ਮਾਰ ਅਲਾਪ ਉਚਾਰਤ ਦੁੰਦਭ ਢੋਲ ਮ੍ਰਿਦੰਗ ਅਪਾਰਾ॥*
ਸ਼ੱਤ੍ਰਨ ਕੇ ਸਿਰ ਅੱਤ੍ਰ ਤਰਾਕ ਲਗੈ ਤਿਹਿ ਤਾਲਨ ਕੋ ਠਨਕਾਰਾ॥
ਜੂਝਿ ਗਿਰੇ ਧਰਿ ਰੀਝਕੈ ਦੇਤ ਹੈ ਪ੍ਰਾਨਨ ਦਾਨ ਵਡੇ ਰਿਝਵਾਰਾ॥
ਨਿਰਤ ਕਰੈ ਨਟ ਕੋਪ ਲਰੈ ਭਟ ਜੁੱਧ ਕੀ ਠਉਰ ਕਿ ਨਿਰਤ ਅਖਾਰਾ॥੧੩੮੮॥

- *ਜੰਗ ਭਯੋ ਜਿਹ ਠਉਰ ਨਿਸ਼ੰਗ ਸੁ ਛੂਟਤ ਭੇ ਦੁਹੂ ਓਰ ਤੇ ਭਾਲੇ॥*
ਘਾਇਲ ਲਾਗ ਭਜੇ ਭਟ ਯੋ ਮਨੋ ਖਾਇ ਚਲੇ ਗ੍ਰਿਹਿ ਕੋ ਸੁ ਨਿਵਾਲੇ॥
ਬੀਰ ਫਿਰੈ ਅਤਿ ਘੂਮਤਿ ਹੀ ਸੁ ਮਨੋ ਅਤਿ ਪੀ ਮਦਰਾ ਮਤਵਾਲੇ॥
ਬਾਸਨ ਤੇ ਧਨ ਅਓਰ ਨਿਖੰਗ ਫਿਰੈ ਰਨ ਬੀਚ ਖਤੰਗ ਪਿਆਲੇ॥੨੨੯੨॥

ਕ੍ਰਿਸ਼ਨਾਵਤਾਰ

- *ਇਹ ਭਾਂਤ ਕੋ ਜੁੱਧੁ ਕਰਿਓ ਸੁਨਿ ਕੇ ਕਵਲਾਸ ਮੈ ਧਯਾਨ ਛੁਟਿਓ ਹਰਿ ਕਾ॥*
ਪੁਨਿ ਚੰਡ ਸੰਭਾਰ ਉਭਾਰ ਗਦਾ ਧੁਨਿ ਸੰਖ ਬਜਾਇ ਕਰਿਓ ਖਰਕਾ॥
ਸਿਰ ਸੱਤ੍ਰਨਿ ਕੇ ਪਰ ਚੱਕ੍ਰ ਪਰਿਓ ਛੁਟ ਐਸੋ ਬਹਿਓ ਕਰਿ ਕੇ ਬਰਕਾ॥
ਜਨੁ ਖੇਲਨ ਕੋ ਸਰਤਾ ਤਟ ਜਾਇ ਚਲਾਵਤ ਹੈ ਛਿਛਲੀ ਲਰਕਾ॥੪੩॥

ਉਕਤਿ ਬਿਲਾਸ

ਇਉਂ ਯੋਧੇ ਕਵੀ ਨੇ ਗੁਲਾਮਾਂ ਨੂੰ ਬਲਵਾਨ ਬਨਾਕੇ ਉਨ੍ਹਾਂ ਦੇ ਸਨਮੁਖ ਦੇਸ਼ ਦੀ ਆਜ਼ਾਦੀ ਲਈ ਇਹ ਆਲਮਗੀਰ ਸਚਾਈ ਸਾਧਨ ਰੂਪ ਰੱਖੀ ਕਿ ਸ਼ਸਤਰ ਫੜੇ ਬਿਨਾਂ ਗ਼ਾਸਿਬਾਂ ਪਾਸੋਂ ਪਿਤਾ ਪਿਤਾਮਿਆਂ ਦੀ ਖੁੱਸੀ ਧਰਤੀ ਮੋੜੀ ਨਹੀਂ ਜਾ ਸਕਦੀ।

ਜੁਧ ਕੀਏ ਬਿਨ ਫੇਰ ਫਿਰ ਨਹਿ,
ਭੂਮ ਸਭੈ ਅਪਨੀ ਅਵਧਾਰੀ। (ਚੰਡੀ ਚਰਿਤ੍ਰ 1)

ਸਰਬ ਲੋਹ ਦਾ ਸਿਧਾਂਤ

ਗੁਰੂ ਸਾਹਿਬ ਸੁਲਹ ਕੁਲ ਇਨਕਲਾਬੀ ਸਨ ਤੇ ਵਾਹ ਲਗਦੇ ਉਨ੍ਹਾਂ ਜੰਗ ਨਹੀਂ ਕੀਤਾ। ਹਰ ਵਾਰ ਜੰਗ ਉਨ੍ਹਾਂ ਨੂੰ ਮਜਬੂਰਨ ਕਰਨਾ ਪਿਆ ਤੇ ਉਹ ਭੀ ਕੇਵਲ ਬਚਾਓ (Defence) ਲਈ, ਉਨ੍ਹਾਂ ਕਦੇ ਪਹਿਲ (Offence) ਨਹੀਂ ਕੀਤੀ ('ਬੇ ਲਾਚਾਰਗੀ ਦਰਮਯਾ ਆਮਦਮ'–ਜ਼ਫ਼ਰਨਾਮਾ) ਇਸ ਲਈ ਉਹ ਸਮੇਂ ਦੀ ਲੋੜ ਅਨੁਸਾਰ ਆਪਣਾ ਬਾਰੂਦ ਸੁੱਕਾ ਰਖਦੇ ਤੇ ਸ਼ਤਰੂ ਵਲੋਂ ਸਾਵਧਾਨ ਰਹਿਣ ਲਈ ਸਿੰਘਾਂ ਨੂੰ ਸਨੱਧ ਬੱਧ ਤਿਆਰ-ਬਰ-ਤਿਆਰ ਰਹਿਣ ਦਾ ਹੁਕਮ ਦਿੰਦੇ ਸਨ। ਭਾਈ ਨੰਦ ਲਾਲ ਜੀ ਦੇ ਤਨਖਾਹਨਾਮੇ ਅਨੁਸਾਰ ਸ਼ਸਤਰ ਹੀਣ ਸਿੱਖਾਂ ਨੂੰ ਨਿਰਵਾਣ ਪ੍ਰਾਪਤੀ ਨਹੀਂ ਹੁੰਦੀ:

ਸਿਖ ਹੋਏ ਬਿਨ ਲੋਹ ਜੋ ਫਿਰੈ।
ਆਵਤ ਜਾਵਤ ਜਨਮੈ ਮਰੈ।

ਉਨ੍ਹਾਂ ਦੀ ਵੀਰਤਾ, ਦ੍ਰਿੜ੍ਹਤਾ ਅਤੇ ਪੇਸ਼ਕਦਮੀ ਦੀ ਉਸਤਤ ਕਰਦਿਆਂ, ਇਤਿਹਾਸਕਾਰਾਂ ਨੇ ਗੁਰੂ ਜੀ ਦੇ ਸੈਨਿਕਾਂ ਨੂੰ ਲੜਾਕੀਆ ਮਸ਼ੀਨਾਂ ਆਖਿਆ ਹੈ। ਜਾਦੂ ਨਾਥ ਸਰਕਾਰ ਦੇ ਸ਼ਬਦਾਂ ਵਿਚ ਜੇ ਕ੍ਰੋਮਵੈਲ ਦੇ ਸਿਪਾਹੀਆਂ ਵਿਚ ਸਦਾਚਾਰਕ ਅਤੇ ਅਧਿਆਤਮਕ ਮਾਮਲਿਆਂ ਵਿੱਚ ਜੀਸੂਟਾਂ ਵਾਂਗ ਬਿਨਾਂ ਸਵਾਲ ਜਵਾਬ ਕੀਤੇ ਆਪਣੇ ਅਫ਼ਸਰਾਂ ਦਾ ਕਹਿਣਾ ਮੰਨਣ ਦੀ ਭਾਵਨਾ ਪੈਦਾ ਹੋ ਜਾਂਦੀ ਤਾਂ ਉਹ ਲੜਾਕੀ ਮਸ਼ੀਨ ਵਜੋਂ ਗੁਰੂ ਗੋਬਿੰਦ ਸਿੰਘ ਦੇ ਸਿਘਾਂ ਵਾਂਗ ਹੋ ਨਿਬੜਦੇ। ਇਹ ਗੁਰੂ ਗੋਬਿੰਦ ਸਿੰਘ ਦੇ ਕੁਸ਼ਲ ਸੈਨਾ ਨਾਇਕ ਹੋਣ, ਮੋਰਚਾਬੰਦੀ ਕਰਨ, ਹਮਲਾ ਰੋਕਣ ਤੇ ਪਛਾੜਨ ਦੀ ਯੋਗਤਾ ਅਤੇ ਫੌਜ ਨੂੰ ਘੱਟ ਤੋਂ ਘੱਟ ਨੁਕਸਾਨ ਕਰਵਕੇ ਫਤਹ ਦਿਵਾਉਣ ਦੀ ਪਰਬੀਨਤਾ ਲਈ ਅਤੇ ਸਿੰਘਾਂ ਦੇ ਅਨੁਸ਼ਾਸਨ-ਬੱਧ ਹੋਣ ਲਈ ਸ਼ਰਧਾਂਜਲੀ ਹੈ। ਉਨ੍ਹਾਂ ਨੇ ਸਿੰਘਾਂ ਨੂੰ ਆਧੁਨਿਕ ਸ਼ਸਤਰਾਂ ਅਸਤਰਾਂ ਨਾਲ ਲੈਸ ਕਰਕੇ ਉਨ੍ਹਾਂ ਨੂੰ ਬੜੇ ਠਰ੍ਹੰਮੇ ਨਾਲ ਪਰਸਿਖਿਆ ਦਿੱਤੀ ਤੇ ਬੜੇ ਹੌਂਸਲੇ ਤੇ ਜਿਗਰੇ ਨਾਲ ਪ੍ਰਸਿਖਿਆ ਦੇ ਸਫਲ ਨਤੀਜਿਆਂ ਦੀ ਉਡੀਕ ਕੀਤੀ। ਮੈਲਕਮ ਅਨੁਸਾਰ 'ਇਹ ਨਾਮੁਮਕਿਨ ਸੀ ਕਿ ਉਹ ਕੁਝ ਦਿਨਾਂ ਵਿਚ ਹੀ ਸੰਸਾਰ ਦੀ ਸਭ ਤੋਂ ਜ਼ਬਰਦਸਤ ਸਲਤਨਤ ਨਾਲ ਸਫਲਤਾ ਸਹਿਤ ਮੱਥਾ ਲਾਉਣ ਲਈ ਸਾਧਨ ਜੁਟਾ ਸਕਦੇ।' ਉਨ੍ਹਾਂ ਨੇ ਸਿੰਘਾਂ ਨੂੰ ਦੋਧਾਰੇ ਖੰਡੇ ਦਾ ਅੰਮ੍ਰਿਤ ਛਕਕੇ ਪੰਜਾਂ ਕੱਕਿਆਂ ਦੀ ਰਹਿਤ ਵਿਚ ਕ੍ਰਿਪਾਨ ਨੂੰ ਦਾਖ਼ਲ ਕਰਕੇ ਇਸ ਦੀ ਮਹੱਤਤਾ ਇੰਨੀ ਉੱਚੀ ਕਰ ਦਿੱਤੀ ਜਿੰਨੀ ਹਿੰਦੂ ਵਾਸਤੇ ਜੰਞੂ ਦੀ। ਉਨ੍ਹਾਂ ਨੇ ਵਾਹਿਗੁਰੂ ਨੂੰ ਵੀ ਸ਼ਸਤਰਧਾਰੀ, ਅਸਿਧੁੱਜ, ਅਸਿ ਪਾਨ, ਖੜਗਕੇਤੂ, ਦੱਸਕੇ ਮਹਾਂ ਲੋਹ ਤੇ ਸਰਬ ਲੋਹ ਦਾ ਮਰਦਉਪਨ ਭਰਪੂਰ ਸਿਧਾਂਤ ਪੇਸ਼ ਕੀਤਾ। ਭਾਰੀ ਭੁਜਾਨ ਵਾਲੇ 'ਸਰਬ ਲੋਹ ਕੀ ਸਦਾ ਰਛਿਆ ਹਮਨੈ' ਦੀ ਯਾਚਨਾ ਉਨ੍ਹਾਂ ਲਈ 'ਭਾਰੀ ਭਰੋਸੇ' ਸੀ। 'ਮੈਂਟਲ ਆਫ਼ ਦੀ ਈਸਟ' ਦਾ ਕਰਤਾ, ਐਡਮੰਡ ਕੈਂਡਲਰ ਲਿਖਦਾ ਹੈ, 'ਗੁਰੂ ਗੋਬਿੰਦ ਸਿੰਘ ਨੇ ਫੌਲਾਦ (ਸਰਬ ਲੋਹ) ਦਾ ਧਾਰਮਕ ਦਸਤੂਰ ਤੋਰ ਕੇ ਕਮਾਲ ਦਾਨਸ਼ਮੰਦ ਅਤੇ ਦੂਰਅੰਦੇਸ਼ ਨੇਤਾ ਹੋਣ ਦਾ ਸਬੂਤ ਦਿੱਤਾ, ਕਿਉਂਕਿ ਉਨ੍ਹਾਂ ਸਾਰੀਆਂ ਚੀਜ਼ਾਂ ਵਿਚੋਂ, ਜਿਨ੍ਹਾਂ 'ਚੋਂ ਬੁੱਧੀ ਨੇ ਆਤਮਕ ਮਹੱਤਤਾ ਦੀ ਭਾਵਨਾ ਜਗਾਈ ਹੈ, ਫੌਲਾਦ ਸਭ ਤੋਂ ਵੱਧ ਸੱਚਾ ਤੇ ਨਾ ਲਿਫਣ ਵਾਲਾ ਹੈ, ਮਨੁੱਖਤਾ ਵਾਦੀ ਜੋ ਮਰਜ਼ੀ ਪਏ ਬੁੜ ਬੁੜ ਕਰਨ, ਪਰ ਕੋਈ ਐਸੀ ਜਮਾਤ ਨਹੀਂ ਹੋਈ ਜਿਸਨੂੰ ਇਸ (ਫੌਲਾਦ) ਨੇ ਪਵਿੱਤਰ ਨਾ ਕੀਤਾ ਹੋਵੇ, ਕਈਆਂ 'ਚੋਂ ਇਹਨੇ ਖ਼ੁਦਗਰਜ਼ੀ ਅਤੇ ਆਪੇ ਦਾ ਭੂਤ ਕੱਢ ਕੇ ਗੰਦਗੀ ਦੂਰ ਕੀਤੀ ਹੋਵੇ, ਖ਼ਾਲਸੇ ਨੂੰ ਇਸ ਨੇ ਸਾਹਸ ਪੂਰਤ ਕਾਰਜ ਦਿੱਤਾ ਅਤੇ ਇਕ ਕੌਮ ਬਣਾ ਦਿੱਤਾ। ਮੁਸਲਮਾਨੀ ਰਾਜ ਦੇ ਹਨੇਰੇ ਦਿਨਾਂ-ਅਠਾਰ੍ਹਵੀਂ ਸਦੀ ਦੇ ਅੱਧ ਵਿਚ ਜਦ ਕਿ ਸਿੱਖ ਦਿਸਦੇ ਸਾਰ ਮਾਰ ਦਿੱਤਾ ਜਾਂਦਾ ਸੀ ਅਤੇ ਉਹਨੂੰ ਸਿਰ ਲੁਕਾਣ ਲਈ ਠਾਹਰ ਨਹੀਂ ਸੀ ਮਿਲਦੀ, ਉਦੋਂ ਇਹਦੇ ਆਸਰੇ ਹੀ ਉਹ ਬੜੀਆਂ ਭਾਰੀਆਂ ਮੁਹਿੰਮਾਂ 'ਤੇ ਚੜ੍ਹ ਕੇ ਗਿਆ। ਉਹ ਅੱਧੀ ਰਾਤ ਵੇਲੇ ਘੋੜੇ ਤੇ ਸਵਾਰ ਹੋ ਕੇ ਅੰਮ੍ਰਿਤਸਰ ਪੁੱਜਦਾ ਅਤੇ ਇਸ਼ਨਾਨ ਕਰਕੇ ਪਵਿੱਤਰ ਹੁੰਦਾ ਤੇ ਵੈਰੀ ਦੀਆਂ ਸਫ਼ਾਂ ਚੀਰਦਾ ਘੋੜਾ ਭਜਾਉਂਦਾ ਮੁੜ ਆਉਂਦਾ। ਸੈਂਕੜੇ ਸਿੱਖ ਇਸ ਕਾਰਜ ਵਿਚ ਕਤਲ ਵੀ ਹੋਏ ਪਰ ਕਿਸੇ ਨੇ ਵੀ ਆਪਣਾ ਧਰਮ ਨਾ ਤਿਆਗਿਆ ਅਤੇ ਨਾ ਹੀ ਆਪਣੇ ਨਾਸਵੰਤ ਮਿੱਟੀ ਦੇ ਠੀਕਰ ਨੂੰ ਕਾਇਮ ਰੱਖਣ ਲਈ ਆਤਮਾ ਨੂੰ ਮਲੀਨ ਕੀਤਾ।

ਪੰਜ ਹਥਿਆਰ ਤੇ ਘੋੜਾ

ਗੁਰੂ ਸਾਹਿਬ ਸ਼ਸਤਰ ਅਤੇ ਘੋੜਾ ਭੇਟ ਕਰਨ ਵਾਲੇ ਅਤੇ ਸ਼ਸਤਰ ਪਹਿਨ ਕੇ ਹਾਜ਼ਰ ਹੋਣ ਵਾਲੇ ਸਿੱਖ ਉਤੇ ਪ੍ਰਸੰਨ ਹੁੰਦੇ ਸਨ। ਉਸਨੂੰ ਨਾਮਦਾਨ ਤੇ ਜੀਅਦਾਨ ਦਿੰਦੇ ਸਨ, ਨਦਰੀ ਨਦਰ ਨਿਹਾਲ ਕਰਦੇ ਸਨ। ਸ਼ਸਤਰ ਨਾਮ ਮਾਲਾ ਦੇ ਪੰਜ ਅਧਿਆਵਾਂ ਵਿਚ ਹਜ਼ੂਰ ਨੇ ਪੰਜ ਸ਼ਸਤਰਾਂ, ਸ੍ਰੀ ਭਗਾਉਤੀ (ਤਲਵਾਰ), ਸ੍ਰੀ ਚੱਕਰ, ਸ੍ਰੀ ਬਾਣ (ਬੀਰ), ਸ੍ਰੀ ਪਾਸ (ਫਾਸ) ਅਤੇ ਤੁਪਕ (ਬੰਦੂਕ) ਦਾ ਜ਼ਿਕਰ ਕੀਤਾ ਹੈ, ਜਿਸਦੀ ਮਾਰ ਦੀ ਰਫ਼ਤਾਰ ਬਿਮਾਨ ਗਤੀ ਵਰਗੀ ਹੈ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਹਵਾਈ ਜਹਾਜ਼ ਵੀ ਯੁੱਧ ਵਿਚ ਕੰਮ ਆ ਚੁੱਕੇ ਸਨ ਜਾਂ ਆ ਸਕਣਗੇ, ਗੁਰੂ ਸਾਹਿਬ ਦੀ ਸੋਚ ਦੀ ਸੀਮਾ ਵਿਚ ਸੀ। ਇਸ ਤੋਂ ਬਿਨਾਂ ਸੋਲਾਂ ਸਾਂਗ, ਨਾਗਣੀ, ਜਮਧਰ, ਸੱਫ਼ਾਜੰਗ, ਗਦਾ (ਕੁਤਕਾ ਜਿਸ ਨਾਲ ਕ੍ਰਿਪਾਲ ਉਦਾਸੀ ਨੇ ਭੰਗਾਣੀ ਵਿਚ ਹਯਾਤ ਖਾਂ ਦਾ ਸਿਰ ਪਾੜ ਕੇ ਉਹਨੂੰ ਮਾਰ ਦਿੱਤਾ ਸੀ) ਆਦਿ ਕਈ ਪ੍ਰਕਾਰ ਦੇ ਸ਼ਸਤਰ ਉਸ ਸਮੇਂ ਰਾਇਜ ਸਨ ਤੇ ਸਿੰਘ ਵਰਤਦੇ ਸਨ। ਸੰਜੋ ਦਾ ਰਿਵਾਜ ਵੀ ਸੀ। 'ਇਕ ਸੰਜੋ ਉਤੇ, ਜੋ ਗੁਰੂ ਸਾਹਿਬ ਪਹਿਨਦੇ ਸਨ ਚੰਡੀ ਦੀ ਵਾਰ ਅੰਕਿਤ ਹੈ।' (ਸਮੇਂ ਦੀ ਵੰਗਾਰ, ਗੁਰੂ ਗੋਬਿੰਦ ਅੰਕ 1967 ਸਫ਼ਾ 86)

ਕ੍ਰਿਪਾਨ ਕਕਾਰਾਂ ਦਾ ਅੰਗ ਹੋਣ ਕਰਕੇ ਸਿੰਘੀ ਬਾਣੇ ਵਿਚ ਸ਼ਾਮਲ ਹੈ ਤੇ ਇਹ ਬਾਣਾ ਇਉਂ ਸੈਨਿਕ ਵਰਦੀ ਵੀ ਬਣ ਜਾਂਦਾ ਹੈ, ਬਾਣੇ ਦੀ ਲਾਜ ਵੀ ਜ਼ਿੰਮੇਵਾਰੀ ਦੇ ਅਹਿਸਾਸ ਦਾ ਇਕ ਸਾਧਨ ਹੈ ਜੋ ਖ਼ਾਲਸੇ ਦੇ ਲੱਛਣ ਦਾ ਇਕ ਅੰਗ ਹੈ। ਰਹਿਤਨਾਮੇ ਅਨੁਸਾਰ ਖਾਲਸਾ ਘੋੜ ਸਵਾਰ ਯੋਧਾ ਹੈ:

ਖ਼ਾਲਸਾ ਸੋ ਜੋ ਚੜ੍ਹੈ ਤੁਰੰਗ। ਖਾਲਸਾ ਸੋ ਜੋ ਕਰੈ ਨਿਤ ਜੰਗ।

ਘੋੜਾ ਰਾਜਸੀ ਚਿੰਨ੍ਹ, ਸੈਨਿਕ ਪ੍ਰਤਿਭਾ ਤੇ ਸੂਰਮਤਾ ਦਾ ਪ੍ਰਤੀਕ ਹੈ। ਗੈਰ ਮੁਸਲਮਾਨਾਂ 'ਚੋਂ ਅਣਖ ਆਣ ਕੱਢਣ ਲਈ ਔਰੰਗਜ਼ੇਬ ਨੇ ਹੁਕਮ ਦਿੱਤਾ ਕਿ ਕੋਈ ਹਿੰਦੂ ਪਾਲਕੀ ਵਿਚ ਨਾ ਚੜ੍ਹੇ, ਘੋੜੇ ਦੀ ਸਵਾਰੀ ਨਾ ਕਰੇ। ਹੀਣਤਾ ਭਾਵ ਪੈਦਾ ਕਰਨ ਲਈ ਚਿੱਟੀ ਪੱਗ ਬੰਨ੍ਹਣ ਅਤੇ ਦਾੜ੍ਹੀ ਰੱਖਣ ਤੇ ਪਾਬੰਦੀ ਸਥਾਨਕ ਹਾਕਮ ਲਾ ਦਿੰਦੇ ਸਨ। ਘੋੜ ਸਵਾਰੀ ਰੋਕਣ ਦਾ ਇਕ ਹੋਰ ਕਾਰਨ ਇਹ ਸੀ ਕਿ ਉਨ੍ਹਾਂ ਦਿਨਾਂ ਵਿਚ ਘੋੜ ਚੜ੍ਹੇ ਸਿਪਾਹੀ ਚੰਗੀ ਸਿਪਾਹ ਸਮਝੀ ਜਾਂਦੀ ਸੀ, ਪੈਦਲ ਸਿਪਾਹੀਆਂ ਦੀ ਕਦਰ ਕੂਤ ਤੋਪਖਾਨੇ ਦੀ ਮਹੱਤਤਾ ਵਧਣ ਨਾਲ ਉਨੀਵੀਂ ਸਦੀ ਵਿਚ ਵਧੀ, ਜਿਸ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਖ਼ਾਲਸਾ ਫ਼ੌਜ ਨੂੰ ਬਦੇਸ਼ੀ ਜਰਨੈਲਾਂ ਤੋਂ ਪੈਦਲ ਸੈਨਾ ਦੀ ਪ੍ਰਸਿਖਿਆ ਦਿਵਾਈ। ਗੁਰੂ ਸਾਹਿਬ ਨੇ ਆਪਣੀ ਦੇਖ ਰੇਖ ਵਿਚ ਘੋੜ ਚੜ੍ਹੇ ਅਤੇ ਪੈਦਲ ਸੈਨਿਕਾਂ ਨੂੰ ਵਰਤਮਾਨ ਹਥਿਆਰਾਂ, ਤੀਰ ਕਮਾਨ, ਭਾਲਾ ਬਰਛਾ, ਤੇਗਾ, ਖੱਲ ਦੀ ਢਾਲ, ਕਟਾਰ, ਤਲਵਾਰ, ਚੱਕਰ, ਤੋਪ, ਬੰਦੂਕ ਆਦਿ ਦੀ ਸਿਖਲਾਈ ਦਿਵਾਈ। ਇਥੋਂ ਤੱਕ ਕਿ ਆਪ ਦੇ ਵਲੋਂ ਖ਼ੁਦ ਲਾਲ ਸਿੰਘ ਹਲਵਾਈ ਨੂੰ ਢਾਲ ਤਲਵਾਰ ਦੀ ਵਰਤੋਂ ਦੀ ਪ੍ਰਸਿਖਿਆ ਦੇਣ ਦਾ ਜ਼ਿਕਰ ਆਉਂਦਾ ਹੈ।

ਤੀਰ ਅੰਦਾਜ਼ੀ ਦੇ ਖੇਤਰ ਵਿਚ ਆਪ ਪੂਰਨ ਸਿੱਧ ਹਸਤ ਤੇ ਪਾਰਬੀਨ ਸਨ, ਆਪ ਖੱਬੇ ਹੱਥ ਨਾਲ ਵੀ ਤੀਰ ਚਲਾ ਸਕਦੇ ਸਨ। ਪਹਾੜੀ ਰਾਜਿਆਂ 'ਚੋਂ ਹਰੀ ਚੰਦ ਹੰਡੂਰੀਆ ਜੋ

ਇਕੋ ਸਮੇਂ ਦੋ ਤੀਰ ਚਲਾ ਸਕਦਾ ਸੀ, ਭੰਗਾਣੀ ਯੁੱਧ ਵਿਚ ਆਪ ਤੋਂ ਹਾਰ ਖਾ ਗਿਆ। ਆਪ ਦੇ ਤੀਰਾਂ ਦੀ ਮੁਖੀ ਸੁਨਹਿਰੀ ਹੁੰਦੀ ਸੀ ਜੋ ਉਨ੍ਹਾਂ ਤੀਰਾਂ ਦੀ ਵਿਲੱਖਣਤਾ ਅਤੇ ਅਤੇ ਆਪ ਦੀ ਨਿਸ਼ਾਨੀ ਹੁੰਦੀ ਸੀ।* ਤੀਰ ਖਾਣ ਵਾਲੇ ਦੇ ਨਿਰਧਨ ਹੋਣ ਦੀ ਸੂਰਤ ਵਿਚ ਸੋਨਾ ਉਹਦੇ ਟੱਬਰ ਦੇ ਕੰਮ ਆ ਸਕਦਾ ਸੀ। ਨਿਰਮੋਹ ਵਿਚ ਜਦ ਦੂਰੋਂ ਦੋ ਭਰਾ ਵੈਰੀਆਂ ਵਲੋਂ ਆਪ ਉਤੇ ਸ਼ਿਸਤ ਬੰਨ੍ਹ ਕੇ ਗੋਲੀ ਚਲਾਉਣ ਦਾ ਭਰਪੂਰ ਯਤਨ ਕਰ ਰਹੇ ਸਨ, ਆਪ ਦੀ ਗੋਲੀ ਦਾ ਸ਼ਿਕਾਰ ਹੋਏ। ਨਾਯਾਬ ਹਥਿਆਰ ਇਕੱਠੇ ਕਰਨਾ ਆਪ ਦਾ ਖ਼ਾਸ ਸ਼ੌਕ ਸੀ। ਗੋਰੀਪੁਰ (ਢਾਕਾ) ਦਾ ਰਾਜਾ ਰਤਨ ਰਾਏ ਆਪ ਲਈ ਪੰਜ ਕਲਾ ਸ਼ਸਤਰ ਲਿਆਇਆ ਜੋ ਅਜ ਕੱਲ੍ਹ ਗਾਏਕਵਾੜ ਬੜੌਦਾ ਪਾਸ ਹੈ, ਇਸ ਵਿਚ ਤਮੰਚਾ, ਤਲਵਾਰ, ਕਟਾਰ, ਭਾਲਾ ਅਤੇ ਗੁਰਜ ਸ਼ਾਮਲ ਸੀ, ਇਸ ਤੋਂ ਬਿਨਾਂ ਇਕ ਤਖ਼ਤ ਜਿਸਦਾ ਬਟਨ ਦਬਾਉਣ ਨਾਲ ਚਾਰ ਪੁਤਲੀਆਂ ਨਿਕਲ ਕੇ ਚੌਪੜ ਖੇਲਦੀਆਂ ਸਨ, ਸੁਨਹਿਰੀ ਜ਼ੀਨ ਵਾਲੇ ਪੰਜ ਘੋੜੇ ਅਤੇ ਪ੍ਰਸਾਦੀ ਹਾਥੀ** ਜੋ ਸੁੰਡ ਨਾਲ ਚੌਰ ਝੁਲਾਂਦਾ ਸੀ ਤੇ ਪਾਣੀ ਦਾ ਗੜਵਾ ਫੜਕੇ ਪੈਰ ਧੁਆਉਂਦਾ ਸੀ। ਪਾਉਂਟੇ ਸਾਹਿਬ ਇਕ ਸਿੱਖ ਨੇ ਹਜ਼ੂਰ ਦੀ ਭੇਟਾ ਧਾਤ ਦੀ ਬਣੀ ਪੇਟੀ ਪੇਸ਼ ਕੀਤੀ ਸੀ ਜਿਸ ਉਤੇ ਜਾਪ ਸਾਹਿਬ ਅੰਕਤ ਸੀ, ਇਹ ਪੇਟੀ ਆਪਨੇ ਭੰਗਾਣੀ ਯੁੱਧ ਸਮੇਂ ਪਹਿਨੀ ਸੀ ਜਿਸ ਵਿਚ ਆ ਕੇ ਹਰੀ ਚੰਦ ਹੰਡੂਰੀਏ ਦਾ ਤੀਰ ਵੱਜਣ ਦਾ ਜ਼ਿਕਰ ਆਪ ਨੇ ਬਚਿੱਤਰ ਨਾਟਕ ਵਿਚ ਕੀਤਾ ਹੈ, ਇਹ ਪੇਟੀ ਮਹਾਰਾਜਾ ਪਟਿਆਲਾ ਪਾਸ ਹੈ।

(Relations between Aurangzeb & Guru Gobind Singh by Dr. Tirlochan Singh, Sikh Review, January 67.)

ਜੰਗੀ ਹਾਥੀ

ਹਾਥੀ, ਹਜ਼ੂਰ ਰਾਜਸੀ ਠਾਠ ਲਈ ਹੀ ਨਹੀਂ ਸਨ ਵਰਤਦੇ ਸਗੋਂ ਜਿਥੇ ਆਪ ਬਾਰਬਰਜਨੀ ਲਈ ਬੈਲਾਂ ਘੋੜਿਆਂ ਦੀ ਵਰਤੋਂ ਕਰਦੇ ਸਨ ਉਥੇ ਯੁੱਧ ਦੀ ਲੋੜ ਲਈ ਹਾਥੀ ਵੀ ਵਰਤਦੇ ਸਨ, ਆਪ ਨੇ ਸਿਲਹਟ (ਆਸਾਮ) ਤੇ ਢਾਕੇ ਦੀ ਸੰਗਤ ਨੂੰ ਜੰਗੀ ਹਾਥੀ ਭੇਜਣ ਲਈ ਹੁਕਮ ਕੀਤਾ। ਸੰਮਤ 1758 (1701 ਈਸਵੀ) ਵਿਚ ਜਦ ਕਿ ਆਨੰਦਪੁਰ ਦੀ ਜੰਗ ਜ਼ੋਰਾਂ ਤੇ ਸੀ:

---

* ਸੰਨ (1966-67) ਵਿਚ ਅਜਿਹੇ ਤੀਰ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਵਿਚ ਸੁਰੱਖਿਅਤ ਸਨ।-ਸੰਪਾਦਕ

** ਡਾ. ਗੋਪਾਲ ਸਿੰਘ ਇਸ ਹਾਥੀ ਬਾਬਤ ਲਿਖਦੇ ਹਨ ਕਿ ਕੁਝ ਇਤਿਹਾਸਕਾਰਾਂ ਦਾ ਮੱਤ ਹੈ ਕਿ ਇਹ ਹਾਥੀ ਉਹ ਜੰਗੀ ਹਾਥੀ ਹੋ ਸਕਦਾ ਹੈ ਜੋ ਚਟਾਂਗਾਵ ਦੇ ਰਾਜੇ ਮਾਨਕ ਰਾਏ ਨੇ ਢਾਕੇ ਦੀ ਸੰਗਤ ਰਾਹੀਂ, ਗੁਰੂ ਜੀ ਦੇ ਹੁਕਮ ਅਨੁਸਾਰ ਭੇਜਿਆ ਸੀ ਜਿਹਾ ਕਿ ਗੁਰੂ ਸਾਹਿਬ ਦੇ, ਢਾਕੇ ਦੀ ਸੰਗਤ ਦੇ ਨਾਮ ਦੂਜੇ ਹੁਕਮਨਾਮੇ ਤੋਂ ਪ੍ਰਗਟ ਹੈ: ਹਾਥੀ ਦੀ ਪਹੁੰਚ ਅਗਲੇ ਹੁਕਮਨਾਮੇ ਵਿਚ ਦਿੱਤੀ ਗਈ ਹੈ। ਪਰ ਜੰਗੀ ਹਾਥੀ ਦੀ ਮੰਗ 1701 ਵਿਚ ਆਨੰਦਪੁਰ ਦੇ ਹੰਗਾਮਿਆਂ ਵਿਚ ਕੀਤੀ ਗਈ ਸੀ ਜਦ ਕਿ ਪ੍ਰਸਾਦੀ ਹਾਥੀ ਰਾਜਾ ਰਤਨ ਰਾਏ ਹਜ਼ੂਰ ਦੇ ਬਚਪਨ ਵਿਚ ਲੈ ਕੇ ਆਇਆ ਸੀ।-ਸੰਪਾਦਕ

ਦਸਵੇਂ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸੰਗਤਿ ਢਾਕਾ ਚਟਗਾਂਵ ਆਦਿ ਜੋਗ

ੴ ਸਤਿਗੁਰੂ

ਸਿਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਹੁਲਾਸ ਚੰਦ, ਬਖਸ਼ੀਸ਼ ਚੰਦ ਸਰਬਤ ਸੰਗਤ ਢਾਕੇ ਕੀ ਸੰਗਤ ਚਟਗਾਂਵ ਕੀ ਸੰਗਤ ਸੋਨਦੀਪ ਕੀ ਸੰਗਤ ਸਿਲਹਟ ਕੀ ਸਰਬਤ ਸੰਗਤ ਗੁਰੂ ਰਖੈਗਾ ਹਛਾ ਹਾਥੀ ਜੰਗੀ ਭੇਜਣਾ ਅਵਲ ਸੰਗਤ ਨਿਹਾਲ ਹੋਈ ਸੰਗਤ ਦੇ ਰੋਜਗਾਰ ਵਿਚ ਗੁਰੂ ਬਰਕਤ ਕਰੇਗਾ ਸੰਗਤ ਨਿਹਾਲ ਹੋਈ ਜੋ ਸਿਖ ਕਵਡੀ ਪਾਵੇਗਾ ਸੋ ਨਿਹਾਲ ਹੋਗੁ ਸੰਗਤ ਕੀ ਗੁਰੂ ਬਹੁੜੀ ਕਰੇਗਾ। (ਹੁਕਮਨਾਮੇ-ਸੰਪਾਦਿਕ ਗੰਡਾ ਸਿੰਘ-ਨੰਬਰ 35)

ਗੁਰੂ ਮਹਾਰਾਜ ਕੋਲ ਤੋਪਾਂ ਢਾਲਣ ਦਾ ਤਕੜਾ ਪ੍ਰਬੰਧ ਸੀ, ਭੰਗਾਣੀ ਯੁੱਧ ਸਮੇਂ ਬਨਾਰਸ ਦੇ ਭਾਈ ਰਾਮਾ (ਰਾਮ ਸਿੰਘ) ਨੇ ਲੱਕੜ ਦੀਆਂ ਤੋਪਾਂ ਤਿਆਰ ਕੀਤੀਆਂ ਸਨ। ਆਨੰਦਪੁਰ ਦੇ ਕਿਲ੍ਹਿਆਂ ਉਤੇ ਜਿਹੜੀਆਂ ਤੋਪਾਂ ਬੀੜੀਆਂ ਗਈਆਂ ਸਨ ਉਨ੍ਹਾਂ ਵਿਚੋਂ ਬਿਜੈ ਘੋਸ਼ ਅਤੇ ਬਾਘਣ ਨਾਮ ਦੀਆਂ ਤੋਪਾਂ ਪ੍ਰਸਿੱਧ ਸਨ। ਲਾਹੌਰ ਦੇ ਅਜਾਇਬ ਘਰ ਵਿਚ ਅਜਿਹੀਆਂ ਦੋ ਤੋਪਾਂ ਸਨ।

ਰਣਜੀਤ ਨਗਾਰਾ ਤੇ ਨਿਸ਼ਾਨ ਸਾਹਿਬ

ਨੌਬਤ ਅਤੇ ਝੰਡਾ ਸੈਨਿਕ ਅਨੁਸ਼ਾਸਨ ਦੇ ਚਿੰਨ, ਸੈਨਿਕਾਂ ਦੀ ਇਕਸਾਰਤਾ, ਇਕ ਸੁਰਤਾ, ਕਾਰਜ ਦੀ ਸਾਂਝ ਅਤੇ ਆਪਣੇ ਕਰਤੱਵ ਦੀ ਚਿਤਾਵਨੀ ਦੇ ਸਾਧਨ ਹਨ। ਔਰੰਗਜ਼ੇਬ ਨਗਾਰਾ ਵਜਾਉਣਾ ਕੇਵਲ ਬਾਦਸ਼ਾਹਾਂ ਦਾ ਅਧਿਕਾਰ ਸਮਝਦਾ ਸੀ। ਜਦ ਉਹਦੇ ਪੁੱਤਰ ਮੁਅਜ਼ਮ ਸ਼ਾਹ ਆਲਮ ਨੇ ਕਾਬਲ ਦਾ ਸੂਬੇਦਾਰ ਨੀਯਤ ਹੋ ਕੇ ਚਾਰ ਨਗਾਰੇ ਵਜਵਾਏ ਤਦ ਸ਼ਹਿਨਸ਼ਾਹ ਨੇ ਉਹਨੂੰ ਤਾੜਨਾ ਕੀਤੀ ਕਿ ਅਜਿਹਾ ਕਰਨ ਦਾ ਉਹਨੂੰ ਕੋਈ ਹੱਕ ਨਹੀਂ, ਉਹਨੂੰ ਕੇਵਲ ਚਾਰ ਢੋਲ ਹੀ ਵਜਵਾਉਣੇ ਚਾਹੀਦੇ ਸਨ। 1688 ਈਸਵੀ ਵਿਚ ਹਜ਼ੂਰ ਨੇ ਆਪਣੇ ਬਖ਼ਸ਼ੀ (Pay Master) ਦੀਵਾਨ ਨੰਦ ਚੰਦ ਨੂੰ ਇਕ ਬਹੁਤ ਵੱਡੀ ਨੌਬਤ (ਰਣਜੀਤ ਨਗਾਰਾ) ਅਤੇ ਕੇਸਰੀ ਨਿਸ਼ਾਨ ਸਾਹਿਬ ਤਿਆਰ ਕਰਵਾਉਣ ਦਾ ਹੁਕਮ ਦਿੱਤਾ।

ਨੰਦ ਚੰਦ ਕੋ ਹੁਕਮ ਬਾਧਨਾ ਕੀਜੈ ਤਿਆਰ ਨਿਸ਼ਾਨ ਮਹਾਨਾ। (ਸੂ. ਪ੍ਰ.)

ਰਣਜੀਤ ਨਗਾਰੇ ਦੀ ਦੋਹੀ ਨੇ ਪਹਾੜੀ ਰਾਜਿਆਂ ਦੇ ਦਿਲ ਦਹਿਲਾ ਦਿੱਤੇ। ਉਨ੍ਹਾਂ ਅੰਦਰ ਸਹਿਮ ਛਾ ਗਿਆ ਕਿ ਗੁਰੂ ਸਾਹਿਬ ਆਪਣਾ ਰਾਜ ਕਾਇਮ ਕਰਨਾ ਚਾਹੁੰਦੇ ਹਨ ਅਤੇ ਉਨ੍ਹਾਂ ਦੀ ਰਾਜਗੀ ਨੂੰ ਚਨੌਤੀ ਦਿੰਦੇ ਹਨ। ਇਹ ਹੀ ਪਹਾੜੀ ਰਾਜਿਆਂ ਵਲੋਂ ਗੁਰੂ ਜੀ ਦੀ ਮੁਖ਼ਾਲਫ਼ਤ ਦਾ ਇਕ ਕਾਰਨ ਬਣਿਆ। 1695 ਦੇ ਨੇੜੇ ਤੇੜੇ ਗਜ਼ਨੀ ਤੋਂ ਬਾਜ਼ ਮੰਗਵਾਇਆ ਗਿਆ, ਜਿਸ ਨਾਲ ਪਹਾੜੀ ਰਾਜਿਆਂ ਨੇ ਘਬਰਾ ਕੇ ਔਰੰਗਜ਼ੇਬ ਨੂੰ ਹੋਰ ਭੜਕਾਇਆ। ਇਸ ਤੋਂ ਪਹਿਲਾਂ ਵੀ ਨਵੰਬਰ 1693 ਵਿਚ ਬਾਦਸ਼ਾਹ ਨੇ ਸਰਹਿੰਦ ਦੇ ਫੌਜਦਾਰ ਨੂੰ ਹੁਕਮ ਦਿੱਤਾ ਸੀ ਕਿ ਗੁਰੂ ਗੋਬਿੰਦ ਸਿੰਘ ਨੂੰ ਜਮੀਅਤ ਜਮਾਂ ਕਰਨੋ ਰੋਕੇ।*

---

* That Aurangzeb was alarmed is evident from Akhbarat-i-Darbar-i-Mualla Vol. I. 1693, November 20: News from Sarhind-Govind declares himself to be Guru Nanak. Faujdars ordered to prevent him from assembling his forces. [Guru Gobind Singh by Gopal Singh M.P. foot note P. 21]

ਹੋਲਾ ਮਹੱਲਾ

ਗੁਰੂ ਸਾਹਿਬ ਨੇ ਸੈਨਿਕ ਅਭਿਆਸ ਨੂੰ ਮਹੱਲਾ ਕੱਢਣ ਦਾ ਨਾਂ ਦਿੱਤਾ। ਮਹੱਲਾ ਜਿਸਦਾ ਅਰਥ ਹੱਲਾ ਕਰਨਾ ਹੀ ਹੈ, ਫੋਕੀ ਲੜਾਈ ਜਾਂ ਮਨੂਵਰ (Manoeuvre) ਦਾ ਦੂਜਾ ਨਾਮ ਸੀ। ਇਹ ਗੁਰੂ ਸਾਹਿਬ ਦੇ ਆਨੰਦਪੁਰ ਟਿਕਣ ਤੱਕ ਉਥੇ ਹੋਲੇ ਦੇ ਮੌਕੇ 'ਤੇ ਬਾਕਾਇਦਾ ਹੁੰਦਾ ਰਿਹਾ। ਜਦ ਆਪ ਦਮਦਮੇ (ਸਾਬੋਕੀ ਤਲਵੰਡੀ)-ਪੁੱਜੇ, ਤਦ ਆਪ ਨੇ ਉਥੇ ਵਿਸਾਖੀ ਦੇ ਮੌਕੇ 'ਤੇ ਮਹੱਲਾ ਕੱਢਣ ਦਾ ਹੁਕਮ ਦਿੱਤਾ। ਇਉਂ ਆਪ ਆਪਣੇ ਦਲਾਂ ਨੂੰ ਫ਼ੌਜੀ ਅਭਿਆਸ ਕਰਨ ਦਾ ਕੋਈ ਨਾ ਕੋਈ ਮੌਕਾ ਬਣਾਈ ਰਖਦੇ।

ਗੁਰੂ ਦੀਆਂ ਫ਼ੌਜਾਂ ਦੀ ਬਾਕਾਇਦਾ ਨਫ਼ਰੀ ਥੋੜੀ ਸੀ ਤੇ ਲੋੜਵੰਦ ਕਿਸਾਨਾਂ ਨੂੰ ਫ਼ਸਲਾਂ ਦੀ ਬਿਜਾਈ ਤੇ ਕਟਾਈ ਸਮੇਂ ਛੁੱਟੀਆਂ ਦਿੱਤੀਆਂ ਜਾਂਦੀਆਂ ਸਨ। ਪਰ ਵਾਰਸ਼ਕ ਅਭਿਆਸ ਜੋ ਬਸੰਤ ਤੋਂ ਹੋਲੇ ਤੱਕ ਹੁੰਦੇ ਸਨ, ਕੁਲ ਨਫ਼ਰੀ ਨੂੰ ਹਾਜ਼ਰ ਹੋਣਾ ਪੈਂਦਾ ਸੀ। ਇਸ ਸਮੇਂ ਫੋਕੀ ਲੜਾਈ ਹੁੰਦੀ ਸੀ। ਹੋਲੇ ਵੇਲੇ ਸਿੰਘ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਉਂਦੇ ਅੱਗੇ ਵਧਦੇ ਗੁਰੂ ਨੂੰ ਗੁਲਾਮੀ ਦਿੰਦੇ ਸਨ। ਕਿਸੇ ਪਹਾੜੀ ਨੂੰ ਵੈਰੀ ਦਾ ਕਿਲਾ ਮੰਨ ਕੇ ਹੱਲੇ ਕਰਵਾਏ ਜਾਂਦੇ ਸਨ। ਔਰੰਗਜ਼ੇਬ ਦੀ ਨਕਲੀ ਕਬਰ, ਉਹਦੇ ਜੀਉਂਦੇ ਜੀ ਬਣਵਾਈ ਗਈ ਤਾਂਕਿ ਸੂਰਮਿਆਂ ਦੇ ਦਿਲਾਂ 'ਚੋਂ ਮੁਗਲ ਦੇ ਅਜਿੱਤ ਹੋਣ ਦਾ ਵਹਿਮ ਨਿਕਲ ਜਾਏ। ਅਭਿਆਸ ਸਮੇਂ ਘੋੜ ਦੌੜ , ਨੇਜ਼ਾਬਾਜ਼ੀ ਦੇ ਕਰਤੱਬ ਹੁੰਦੇ, ਕੜਾਹ ਪ੍ਰਸਾਦਿ ਦੀਆਂ ਦੇਗਾਂ ਦੀ ਲੁੱਟ ਹੁੰਦੀ, ਕਵੀ ਸੰਤੋਖ ਸਿੰਘ ਦੇ ਸ਼ਬਦਾਂ ਵਿਚ

ਸ਼ਸਤਰ ਗਹੇਂ ਅਭਿਆਸ ਕਮਾਵੈਂ।
ਤੀਰ ਤੁਪਕ ਤਲਵਾਰ ਚਲਾਵੈਂ।
ਸਭ ਜਾਤਨ ਕੇ ਬਨਹਿਂ ਸਿਪਾਹੀ।
ਵਸਹਿ ਬੀਰ ਰਸ ਬਹੁ ਉਰ ਮਾਹੀ।
ਫੌਜ ਗੁਰੂ ਕੇ ਸੰਗ ਹਜ਼ਾਰੈ।
ਕਹਿ ਜੈਕਾਰ ਦਰਸ ਨਿਹਾਰੇ।

(ਗੁ: ਪ੍ਰ: ਸੂਰਜ ਗ੍ਰੰਥ ਸਫ਼ਾ ੪੫੮)

ਹੋਲੇ ਮਹੱਲੇ ਤੋਂ ਬਿਨਾਂ ਸੰਕਟ ਸਮੇਂ ਸੈਨਿਕਾਂ ਨੂੰ ਉਚੇਚੇ ਸੱਦੇ ਭੇਜੇ ਜਾਂਦੇ ਸਨ। ਛੁੱਟੀਆਂ ਉਤੇ ਗਏ ਸੈਨਿਕਾਂ ਨੂੰ ਵਾਪਸ ਬੁਲਾਇਆ ਜਾਂਦਾ ਸੀ, ਜਿਹਾ ਕਿ ਭਾਈ ਜੋਗਾ ਸਿੰਘ ਨੂੰ ਉਹਦੇ ਆਪਣੇ ਵਿਆਹ ਤੋਂ ਵਾਪਸ ਬੁਲਾਇਆ ਗਿਆ ਅਤੇ ਖਾਸ ਹੁਕਮਨਾਮੇ ਭੇਜ ਕੇ ਸਿੰਘਾਂ ਨੂੰ ਜਮੀਅਤ ਸਮੇਂ ਹਾਜ਼ਰ ਹੋਣ ਦੀ ਤਾਕੀਦ ਕੀਤੀ ਜਾਂਦੀ ਸੀ ਜਿਹਾ ਕਿ ਦੋ ਭਾਦੋਂ ਸੰਮਤ 1753 (1706 ਈਸਵੀ) ਦੇ, ਫੂਲਕਿਆਂ ਦੇ ਵਡੇਰਿਆਂ ਦੇ ਨਾਮ ਲਿਖੇ ਹੁਕਮਨਾਮੇ ਤੋਂ ਜੋ ਮਹਾਰਾਜਾ ਨਾਭਾ ਪਾਸ ਸੁਰੱਖਿਅਤ ਹੈ, ਜ਼ਾਹਰ ਹੁੰਦਾ ਹੈ। ਉਦੋਂ ਹਜ਼ੂਰ ਦਮਦਮੇ ਸਾਹਿਬ ਤੋਂ ਗ਼ਾਲਿਬਨ ਦੱਖਣ ਵਲ ਕੂਚ ਕਰਨ ਦੇ ਆਹਰ ਵਿਚ ਸਨ, ਜਾਂ ਸੂਬਾ ਸਰਹੰਦ ਵਲੋਂ ਖਤਰਾ ਸੀ।

ਹੁਕਮਨਾਮਾ ਪਾਤਸ਼ਾਹੀ ੧੦

ਭਾਦੋਂ ੨, ਸੰਮਤ ੧੬੫੩ ਬਿ.

(ਗੁਰੂ ਜੀ ਦੀ ਲਿਖਤ)

ੴ ਸਤਿ ਗੁਰ ਜੀ

ਭਾਈ ਤਲੋਕਾ ਭਾਈ ਰਾਮਾ ਸੰਗਤ ਗੁਰੂ ਰਖੈਗਾ ਤੁਸਾਂ ਅਸਵਾਰ ਲੈ ਕੇ ਆਵਣਾ ਜ਼ਰੂਰ ਆਵਣਾ

ਤੇਰੇ ਉਤੈ ਅਸਾਡੀ ਭਾਰੀ ਮੇਹਰਵਾਨਗੀ ਅਸੈ ਤੈ ਆਵਣਾ ੧ ਜੋੜਾ ਰਖਾਵਣਾ

(ਲਿਖਾਰੀ ਦੀ ਲਿਖਤ)

ਸਿਰੀ ਗੁਰੂ ਜੀਓ ਕੀ ਆਗਿਆ ਹੈ ਭਾਈ ਤਲੋ-ਕਾ ਭਾਈ ਰਾਮਾ ਸਰਬਤ ਸੰਗਤ ਗੁਰੂ ਰਖੈਗਾ

ਤੁਧੁ ਜਮੀਅਤ ਲੈ ਕੇ ਅਸਾਡੇ ਹਜੂਰ ਆ-ਵਣਾ ਮੇਰੀ ਤੇਰੇ ਉਪਰਿ ਬਹੁਤ ਖੁਸੀ ਹੈ ਤੇਰਾ ਘਰੁ ਮੇਰਾ ਹੈ ਤੁਧੁ ਹੁਕਮੁ ਦੇਖਦਿਆਂ ਹੀ ਛੇਤੀ ਅਸਾਡੇ ਹਜ਼ੂਰ ਆਵਣਾ ਤੇਰਾ ਘਰ ਮੇਰਾ ਅਸੈ ਤੁਧ ਸਿਤਾਬੀ ਹੁਕਮੁ ਦੇਖਦਿਆਂ ਹੀ ਆਵਣਾ ਤੁਸਾਂ ਅਸਵਾਰ ਲੈਕੇ ਆਵਣਾ ਜ਼ਰੂਰ ਆਵਣਾ ਤੇਰੇ ਉਤੈ ਅਸਾਡੀ ਖਰੀ ਮਿਹਰ ਵਾਨਗੀ ਅਸੈ ਤੈ ਆਵਦਾ ਇਕ ੧ ਜੋੜਾ ਭੇਜਾ ਹੈ ਰਖਾਵਣਾ ਭਾਦੋਂ 2 ਸੰਮਤ 53

(ਹੁਕਮਨਾਮੇ-ਸੰਪਾਦਿਤ ਗੰਡਾ ਸਿੰਘ ਨੰਬਰ 43)

ਲੜਾਈ ਦੇ ਢੰਗ

ਹੱਲਾ ਕੀਤਾ ਤੇ ਪਛਾੜਿਆ ਵੀ ਜਾਂਦਾ ਸੀ। ਸਮੂਹਕ ਹੱਲਾ ਵੀ ਹੁੰਦਾ ਸੀ ਤੇ ਮੁਕਾਬਲੇ ਇਕੱਲੇ ਇਕੱਲੇ ਵੀ ਹੁੰਦੇ ਸਨ। ਭੰਗਾਣੀ ਦੇ ਯੁੱਧ ਵਿਚ ਕਿਰਪਾਲ ਉਦਾਸੀ ਕੁਤਕੇ ਨਾਲ ਹੀ ਲੜਦਾ ਰਿਹਾ ਤੇ ਉਹਨੇ ਗੁਰੂ ਸਾਹਿਬ ਨਾਲ ਗ਼ੱਦਾਰੀ ਕਰਨ ਵਾਲੇ ਹਯਾਤ ਖਾਂ ਨੂੰ ਥਾਂ ਰਖਿਆ ਸੀ। ਆਨੰਦਪੁਰ ਦੇ ਯੁੱਧ ਵਿਚ ਭਾਈ ਬਚਿੱਤਰ ਸਿੰਘ ਨਾਗਣੀ ਹਥਿਆਰ ਲੈ ਕੇ ਮਸਤ ਹਾਥੀ ਨਾਲ ਜੂਝਿਆ ਤੇ ਭਾਈ ਮੋਹਕਮ ਸਿੰਘ ਪਿਆਰੇ ਨੇ ਉਹਦੀ ਸੁੰਡ ਤਲਵਾਰ ਨਾਲ ਵੱਢ ਛੱਡੀ। ਸੈਦ ਖਾਂ ਸ਼ਾਹੀ ਜਰਨੈਲ ਦਾ ਆਪ ਨੇ ਇਕੱਲੇ ਟਾਕਰਾ ਕੀਤਾ ਤੇ ਫ਼ਤਹ ਨਾਮੇ ਵਿਚ ਆਪ ਨੇ ਔਰੰਗਜ਼ੇਬ ਨੂੰ ਵੰਗਾਰਿਆ ਕਿ ਦੁਪਾਸੜ ਫ਼ੌਜਾਂ ਦੋ ਫ਼ਰਸੰਗ (ਇਕ ਫ਼ੁਰਲਾਂਗ) ਦੇ ਫਾਸਲੇ 'ਤੇ ਰਹਿਣ, ਤੂੰ ਦੋਹ ਸਵਾਰਾਂ ਨੂੰ ਨਾਲ ਲੈ ਕੇ ਆ ਤੇ ਇਧਰੋਂ ਮੈਂ ਇਕੱਲਾ ਤੁਹਾਡੇ ਟਾਕਰੇ 'ਤੇ ਨਿਕਲਾਂਗਾ ਤਾਂ ਕਿ ਨਾਹੱਕ ਸੈਨਿਕਾਂ ਦਾ ਖ਼ੂਨ ਨਾ ਵਗੇ। ਘੇਰੇ ਵੇਲੇ ਫੌਜੀ ਨਫ਼ਰੀ ਦੇ ਲਿਹਾਜ਼ ਨਾਲ ਇਕੱਲੇ ਇਕੱਲੇ ਯਾ ਇਕ ਤੋਂ ਵੱਧ ਸੈਨਿਕਾਂ ਦੇ ਜਥੇ ਬਾਹਰ ਭੇਜੇ ਜਾਂਦੇ ਸਨ। ਸਮੂਹਕ ਹੱਲੇ ਵੇਲੇ ਲੋੜ ਅਨੁਸਾਰ ਹਰੋਲ (ਹਰਾਵਲ Vangurad), ਮੱਧ (Centre) ਅਤੇ ਕਰੋਲ (ਕਰਾਵਲ Rear) ਦਸਤਿਆਂ ਵਿਚ ਸੈਨਾ ਵੰਡੀ ਜਾਂਦੀ ਸੀ। ਜਿਵੇਂ ਅਨੰਦਪੁਰ ਤਿਆਗ ਸਮੇਂ ਵੈਰੀ ਦੇ ਟੁੱਟ ਪੈਣ 'ਤੇ ਕੀਤਾ ਗਿਆ। ਚਮਕੌਰ ਦੀ ਗੜ੍ਹੀ ਵਿਚ ਘਿਰ ਜਾਣ ਕਾਰਨ ਜਿਥੇ ਕਿ ਪਹਾੜੀਆਂ ਦੀ ਸੈਨਾ, ਮੁਗ਼ਲ ਫ਼ੌਜ ਅਤੇ ਮਾਂਗਵੀਆਂ ਧਾੜਾਂ ਦੇ ਦਸ ਲੱਖ ਹੋਣ ਦਾ ਗੁਮਾਨ ਪੈਂਦਾ ਸੀ ਤੇ ਗੁਰੂ ਸਾਹਿਬ ਕੋਲ ਕੇਵਲ ਚਾਲੀ ਭੁੱਖੇ ਸੂਰਮੇ ਸਨ।

ਪਹਿਲਾਂ ਕੋਠਾ ਸਿੰਘ ਤੇ ਮਦਨ ਸਿੰਘ ਇਕੱਲੇ ਇਕੱਲੇ, ਫੇਰ ਖ਼ਜ਼ਾਨ ਸਿੰਘ ਦਾਨ ਸਿੰਘ ਤੇ ਧਿਆਨ ਸਿੰਘ, ਉਨ੍ਹਾਂ ਦੇ ਪਿਛੋਂ ਪਿਆਰੇ ਭਾਈ ਮੋਹਕਮ ਸਿੰਘ ਤੇ ਹਿੰਮਤ ਸਿੰਘ ਇਕੱਲੇ ਇਕੱਲੇ ਜੂਝੇ। ਫੇਰ ਪੰਜ ਮੁਕਤੇ ਇਕੱਠੇ ਭਾਈ ਈਸ਼ਰ ਸਿੰਘ ਦੇਵਾ ਸਿੰਘ ਸਣੇ ਗੜ੍ਹੀ ਤੋਂ ਬਾਹਰ ਆਏ। ਸਾਹਿਬਜ਼ਾਦਾ ਅਜੀਤ ਸਿੰਘ ਨਾਲ ਆਲਮ ਸਿੰਘ ਜਵਾਹਰ ਸਿੰਘ, ਧਿਆਨ ਸਿੰਘ, ਸੁੱਖਾ ਸਿੰਘ ਬੀਰ ਸਿੰਘ ਪੰਜ ਸਿੰਘ ਸ਼ਹੀਦ ਹੋਏ। (ਕਲਗੀਧਰ ਚਮਤਕਾਰ)

ਮੋਰਚੇ ਤੇ ਕਿਲੇ ਬੰਦੀਆਂ

ਉਨ੍ਹਾਂ ਬਿਖੜੇ ਸਮਿਆਂ ਵਿਚ ਜਦੋਂ ਕਦੇ ਵੀ ਧਾੜਾਂ ਦੇ ਧਾਵੇ ਹੋ ਸਕਦੇ ਸਨ ਤੇ ਹਮਲੇ ਹੋ ਸਕਦੇ ਸਨ, ਪਿੰਡ ਤੇ ਸ਼ਹਿਰ ਕਿਲਾ ਨੁਮਾ ਹੁੰਦੇ ਸਨ। ਖਾਂਦੇ ਪੀਂਦੇ, ਸਰਦੇ ਪੁਜਦੇ ਲੋਕਾਂ ਦੀਆਂ ਹਵੇਲੀਆਂ ਅਜਿਹੇ ਸੰਕਟ ਸਮੇਂ ਗੜ੍ਹੀਆਂ ਦਾ ਕੰਮ ਦਿੰਦੇ ਹਨ ਜਿਹਾ ਕਿ ਚਮਕੌਰ ਦੀ ਗੜ੍ਹੀ ਗੁਰੂ ਗੋਬਿੰਦ ਸਿੰਘ ਨੇ ਮੱਲੀ ਅਤੇ ਦੁਨੀ ਚੰਦ ਦੀ ਹਵੇਲੀ ਬੰਦਾ ਸਿੰਘ ਨੇ, ਪਾਉਂਟੇ ਦਾ ਅਸਥਾਨ ਕਿਲਾ ਨੁਮਾ ਬਨਾਇਆ ਗਿਆ। ਭੰਗਾਣੀ ਯੁੱਧ ਤੋਂ ਬਾਦ ਆਨੰਦਪੁਰ ਵਿਚ ਕਿਲਾ ਬੰਦੀਆਂ ਕੀਤੀਆਂ ਗਈਆਂ। ਆਨੰਦਗੜ੍ਹ, ਕੇਸਗੜ੍ਹ, ਤਾਰਾ ਗੜ੍ਹ ਪਹਾੜ ਦੀਆਂ ਚੋਟੀਆਂ ਉਤੇ ਉਸਾਰੇ ਗਏ, ਲੋਹ ਗੜ੍ਹ, ਹੋਲ ਗੜ੍ਹ ਅਤੇ ਫ਼ਤਹ ਗੜ੍ਹ ਚਰਨ ਗੰਗਾ ਦੇ ਕੰਢਿਆਂ 'ਤੇ, ਜਿਸ ਨਾਲ ਆਨੰਦਪੁਰ ਨੂੰ ਆਉਣ ਵਾਲੇ ਸਾਰੇ ਰਾਹਾਂ ਦੀ ਨਾਕਾ ਬੰਦੀ ਹੋ ਸਕਦੀ ਸੀ। ਜਿਥੇ ਕਿਲੇ ਨਾ ਮਿਲ ਸਕਣ ਉਥੇ ਕੁਦਰਤੀ ਸ਼ਕਤੀ ਵਾਲੀਆਂ ਥਾਵਾਂ, ਜਿਹਾ ਕਿ ਭੰਗਾਣੀ ਅਤੇ ਖਿਦਰਾਣਾ ਚੁਣੀਆਂ ਜਾਂਦੀਆਂ ਸਨ।

ਸੰਕਟ ਸਮੇਂ ਇਨ੍ਹਾਂ ਕਿਲਿਆਂ ਵਿਚ ਲੋੜੀਂਦਾ ਦਾਰੂ ਸਿੱਕਾ ਜਮਾਂ ਕਰਕੇ ਸੈਨਿਕ ਤਾਇਨਾਤ ਕੀਤੇ ਜਾਂਦੇ ਸਨ ਜਿਨ੍ਹਾਂ ਦੀ ਕਮਾਨ ਸਯੋਗ ਸੈਨਾ ਅਧਿਕਾਰੀਆਂ ਨੂੰ ਸੌਂਪੀ ਗਈ। ਆਨੰਦਪੁਰ ਦੇ ਅੰਤਲੇ ਘੇਰੇ ਸਮੇਂ ਕੇਸਗੜ੍ਹ ਵਿਚ ਬਾਬਾ ਅਜੀਤ ਸਿੰਘ ਦੇ ਅਧੀਨ ਪੰਜ ਸੌ ਸੈਨਿਕ ਰਖੇ ਗਏ, ਲੋਹ ਗੜ੍ਹ ਦੀ ਰਾਖੀ ਸ਼ੇਰ ਸਿੰਘ ਨਾਹਰ ਸਿੰਘ ਨੂੰ ਸੌਂਪੀ ਗਈ। ਅਗਮਪੁਰੇ ਦੀ ਸੈਨਿਕ ਟੁਕੜੀ ਆਲਮ ਸਿੰਘ ਤੇ ਉਦੈ ਸਿੰਘ ਦੇ ਅਧੀਨ ਕੀਤੀ ਗਈ। ਚਾਰ ਸੌ ਸਿਪਾਹੀਆਂ ਸਣੇ ਭਾਈ ਮੋਹਕਮ ਸਿੰਘ ਪਿਆਰੇ ਹੋਲਗੜ੍ਹ ਵਿਚ ਟਿਕਾਏ ਗਏ। ਬਾਕੀ ਸੈਨਾ ਗੁਰੂ ਸਾਹਿਬ ਦੇ ਆਪਣੇ ਤਹਿਤ ਵਿਚ ਆਨੰਦ ਗੜ੍ਹ ਦੇ ਕਿਲੇ ਵਿਚ ਰਹੀ।

ਸੁਰਾਗ ਰਸਾਨੀ

ਵੈਰੀ ਦੀਆਂ ਫ਼ੌਜਾਂ ਦੀ ਗਤੀ ਵਿਧੀ ਜਾਨਣ ਅਤੇ ਉਹਦੇ ਹੱਲੇ ਦਾ ਤਰੀਕਾ ਆਦਿ ਜਾਨਣ ਲਈ ਹਜ਼ੂਰ ਨੇ ਫ਼ੌਜੀ ਸੂਹਿਆਂ ਦਾ ਪ੍ਰਬੰਧ ਕੀਤਾ ਹੋਇਆ ਸੀ। ਇਸੇ ਚੌਕਸੀ ਦਾ ਫਲ ਸੀ ਕਿ ਦਿਲਾਵਰ ਖਾਂ ਦੇ ਪੁੱਤਰ ਰੁਸਤਮ ਖਾਂ ਦੇ ਆਨੰਦਪੁਰ ਉਤੇ ਹੱਲੇ ਦੀ ਖ਼ਬਰ ਆਪ ਨੂੰ ਆਲਮ ਸਿੰਘ ਨੇ ਸਮੇਂ ਸਿਰ ਪਹੁੰਚਾ ਦਿੱਤੀ ਸੀ ਤੇ ਖਾਨਜ਼ਾਦੇ ਨੂੰ ਹਾਰ ਹੋਈ। ਸੂਹੀਆਂ ਦੀ ਯੋਗਤਾ ਦਾ ਸਦਕਾ ਪਹਿਲੀ ਜੰਗ ਸਮੇਂ ਆਪ ਆਪਣੇ ਲਸ਼ਕਰ ਨਾਲ ਵਧਦੇ ਵਧਦੇ ਪਹਾੜੀ ਰਾਜਿਆਂ ਨੂੰ ਭੰਗਾਣੀ ਜਾ ਟੱਕਰੇ ਸਨ। ਇਸ ਨਾਲ ਪਾਉਂਟੇ ਅਤੇ ਆਸ ਪਾਸ ਦੀ ਅਸੈਨਿਕ ਵਸੋਂ ਦਾ ਨੁਕਸਾਨ ਨਾ ਹੋਇਆ। ਕੁਲਦੀਪ ਸਿੰਘ ਜਿਸ ਨੂੰ ਆਪ ਨੇ ਸ਼ਹਿਜ਼ਾਦਾ ਮੁਅੱਜ਼ਮ ਦੀ ਮਦਦ ਲਈ ਭੇਜਿਆ, ਜਿਥੇ ਇਕ ਚੰਗਾ ਯੋਧਾ ਸੀ, ਉਥੇ ਉਹ ਪਰਬੀਨ

ਸੂਹੀਆ ਵੀ ਸੀ। ਉਹ ਦੂਜੇ ਪਾਸੇ (ਆਜ਼ਮ) ਦੀ ਫ਼ੌਜ ਦੀਆਂ ਗਤੀਵਿਧੀ ਦੀਆਂ ਖ਼ਬਰਾਂ ਲੈਂਦਾ ਰਿਹਾ।

ਜੰਗੀ ਸ਼ਤਰੰਜ ਦੀਆਂ ਚਾਲਾਂ

ਹਰ ਫ਼ੌਜ ਆਪਣੀ ਜਿੱਤ ਲਈ ਜੰਗੀ ਚਾਲਾਂ ਚਲਦੀ ਹੈ। ਪੁਰਾਣੇ ਸਮਿਆਂ ਵਿਚ ਸ਼ਬ ਖ਼ੂਨ (ਛਪੋਲ) ਮਾਰਨ ਦਾ ਆਮ ਰਿਵਾਜ਼ ਸੀ ਤੇ ਅਜੋਕੇ ਸਮੇਂ ਵਿਚ ਛਪੋਲ ਹਵਾਈ ਹਮਲੇ ਦੀ ਸੂਰਤ ਵਿਚ ਰਾਤੀਂ ਹੀ ਹੁੰਦਾ ਹੈ। ਗੁਰੂ ਸਾਹਿਬ ਕੇਵਲ ਉਹੋ ਚਾਲਾਂ ਪ੍ਰਵਾਨ ਕਰਦੇ ਸਨ ਜੋ ਇਖ਼ਲਾਕ ਤੋਂ ਨੀਵੀਆਂ ਨਾ ਹੋਣ ਕਿਉਂਕਿ ਉਨ੍ਹਾਂ ਦਾ ਉਦੇਸ਼ ਕੋਈ ਰਾਜਸੀ ਸੱਤਾ ਦੀ ਪ੍ਰਾਪਤੀ ਨਹੀਂ ਸੀ, ਉਹ ਤਾਂ ਆਉਣ ਵਾਲੇ ਸਮੇਂ ਲਈ ਸਿੰਘਾਂ ਨੂੰ ਜੰਗੀ ਕਰਤੱਬਾਂ ਵਿਚ ਨਿਪੁੰਨ ਕਰ ਰਹੇ ਸਨ। ਡਾਕਟਰ ਫ਼ੌਜਾ ਸਿੰਘ ਅਨੁਸਾਰ ਉਨ੍ਹਾਂ ਨੇ ਦੋ ਅਸੂਲ ਉਨ੍ਹਾਂ ਦੇ ਸਾਹਮਣੇ ਰਖੇ: ਇਕ ਤਾਂ ਦੁਸ਼ਮਨ ਦੀ ਸ਼ਕਤੀ ਨੂੰ ਘਟ ਨਾ ਸਮਝੋ ਅਤੇ ਦੂਜਾ ਉਹਦੇ ਇਕਰਾਰਾਂ ਤੇ ਇਤਬਾਰ ਨਾ ਕਰੋ। ਸਿੰਘਾਂ ਵਲੋਂ ਦੂਜੇ ਅਸੂਲ 'ਤੇ ਅਮਲ ਨਾ ਕਰਨੇ ਦੇ ਕਾਰਨ ਹੀ ਉਨ੍ਹਾਂ ਨੂੰ ਆਨੰਦਪੁਰੋਂ ਨਿਕਲਣਾ ਪਿਆ। ਇੰਦੂ ਭੂਸ਼ਨ ਬੈਨਰਜੀ ਅਨੁਸਾਰ ਗੁਰੂ ਸਾਹਿਬ ਨੇ ਚਮਕੌਰ ਵਿਚ ਜੋ ਬਚਾਓ ਦੀ ਰਣਨੀਤੀ ਬਣਾਈ, ਉਸ ਨਾਲ ਘੰਟਿਆਂ ਬੱਧੀ ਵੈਰੀ ਗੜ੍ਹ ਦੀ ਦੀਵਾਰ ਤੱਕ ਨਾ ਪੁੱਜ ਸਕਿਆ ਅਤੇ ਜਿਸ ਬਾਰੀਕ ਬੀਨੀ ਅਤੇ ਦੂਰ ਅੰਦੇਸ਼ੀ ਨਾਲ ਉਨ੍ਹਾਂ ਖਿਦਰਾਣੇ ਨੂੰ ਯੁੱਧ ਸਥਲ ਵਜੋਂ ਚੁਣਿਆ, ਉਸ ਤੋਂ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਗੁਰੂ ਸਾਹਿਬ ਜੰਗੀ ਚਾਲਾਂ ਚਲਣ ਵਿਚ ਕਮਾਲ ਦੇ ਮਾਹਰ ਸਨ:

"The defence that he extemporised at Chamkaur where as, tradition affirms, the Guru with only forty chosen companions, kept at bay for several hours a whole host of the opposing troops, has hardly a parallel and the keen and discerning eye with which he chose the spot where the battle of Khidrana was fought and the army of Wazir Khan was compelled to retire, leaves us in no doubt as to his tactical genius'.

ਭਾਈ ਵੀਰ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੀ ਤੀਰ ਅੰਦਾਜ਼ੀ ਕਮਾਲ ਦੀ ਸੀ, ਬੰਦੂਕ ਨਾਲੋਂ ਤੀਰ ਛੇਤੀ ਚਲਾਇਆ ਜਾ ਸਕਦਾ ਸੀ ਤੇ ਇਸ ਨਾਲ ਗੁਰੂ ਸਾਹਿਬ ਥੋੜੇ ਵਿਚ ਬਹੁਤ ਕਾਮਯਾਬੀ ਲੈਂਦੇ ਰਹੇ। 1747 ਬਿਕ੍ਰਮੀ ਦੇ ਹੋਲੇ ਮਹੱਲੇ ਤੋਂ ਪਿਛੋਂ ਕਹਿਲੂਰੀਏ ਦੇ ਭੇਜੇ ਹੋਏ ਫ਼ੌਜੀ ਸਰਦਾਰਾਂ ਆਲਮ ਚੰਦ ਤੇ ਬਲੀਆ ਚੰਦ ਨੇ ਸ਼ਿਕਾਰ ਖੇਡਦੇ ਗੁਰੂ ਸਾਹਿਬ 'ਤੇ ਹਮਲਾ ਕੀਤਾ। ਆਲਮ ਸਿੰਘ ਤੇ ਆਲਮ ਚੰਦ ਦਾ ਤਲਵਾਰ ਭੇੜ ਹੋਇਆ, ਆਲਮ ਚੰਦ ਦਾ ਹੱਥ ਵੱਢਿਆ ਗਿਆ। ਦੂਜੇ ਬੰਨਿਉਂ ਬਲੀਆ ਚੰਦ ਬੰਦੂਕਾਂ ਦੀ ਸ਼ਲਕ ਕਰਦਾ ਆ ਰਿਹਾ ਸੀ। ਉਹਦੀ ਜੰਘ ਵਿਚ ਉਦੈ ਸਿੰਘ ਦੀ ਗੋਲੀ ਲਗੀ ਤੇ ਪਹਾੜੀ ਸੈਨਾ ਹਾਰ ਖਾ ਕੇ ਨਸ ਉੱਠੀ। ਗੁਰੂ ਜੀ, ਲਾਭਦਾਇਕ ਅਸਥਾਨ ਤੋਂ ਤੀਰਾਂ ਨਾਲ ਯੁੱਧ ਦੀ ਚਾਲ ਸੰਭਾਲਦੇ ਰਹੇ ਸਨ, ਖਾਲਸੇ ਨੂੰ ਧੀਰਜ ਦੇ ਰਹੇ ਸਨ ਤੇ ਨਾਲ ਯੁੱਧ ਦਾ ਇਹ ਸਬਕ ਦਿੱਤਾ: ਦੁਸ਼ਮਨ ਦੇ

ਵਧੀਕ ਬਲ ਪੈਣ ਤੇ ਭੱਜ ਉੱਠਣਾ ਤੇ ਕੁਝ ਦੂਰ ਜਾ ਕੇ ਪੈਰ ਜਮਾਕੇ ਡਟ ਜਾਣਾ, ਦੁਸ਼ਮਣ ਖੁਸ਼ੀ ਵਿਚ ਵਧਿਆ ਆਉਂਦਾ ਹੈ ਤੇ ਆਪਣੀ ਸੋਚ ਵਿਚ ਨਹੀਂ ਹੁੰਦਾ। ਵੈਰੀ ਦੇ ਬੇਪ੍ਰਵਾਹ ਵਧੇ ਆਉਣ 'ਤੇ ਅਚਾਨਕ ਅੱਗੋਂ ਪੈ ਕੇ ਉਸ ਦੇ ਪੈਰ ਉਖੇੜ ਦੇਣੇ ਤੇ ਮੈਦਾਨ ਮਾਰ ਲੈਣਾ। ਸਿੰਘਾਂ ਵਲੋਂ ਅਬਦਾਲੀ ਵਿਰੁਧ ਵਰਤੀ ਗਈ ਇਸ ਯੁੱਧ ਚਾਲ ਦਾ ਜ਼ਿਕਰ ਕਾਜ਼ੀ ਨੂਰ ਮੁਹੰਮਦ ਨੇ ਆਪਣੇ ਜੰਗ ਨਾਮੇ ਵਿਚ ਕੀਤਾ ਹੈ। ਦੂਜੀ ਵਿਉਂਤ ਇਹ ਹੈ ਕਿ ਵੈਰੀ ਦੇ ਜ਼ੋਰ ਪੈਣ 'ਤੇ ਪਿਛਲੇ ਪੈਰਾਂ ਹਟੀ ਜਾਣਾ, ਪਰ ਐਸਾ ਪੈਂਤੜਾ-ਬਧ ਪਿਛੇ ਹਟਣਾ ਕਿ ਦੁਸ਼ਮਣ ਨੂੰ ਹੱਲਾ ਕਰਨ ਦਾ ਹੌਂਸਲਾ ਨਾ ਪਵੇ ਤੇ ਇਉਂ ਵੈਰੀ ਨੂੰ ਢਾ ਦੇਣਾ। ਇਸ ਕਰਤੱਬ ਦਾ ਅਜਿਹਾ ਕਮਾਲ ਖ਼ਾਲਸਾ ਨੇ ਵੱਡੇ ਘਲੂਘਾਰੇ ਵਿਚ ਦਿਖਾਇਆ ਸੀ ਕਿ 12 ਕੋਹ ਪਿਛੇ ਹਟਣ ਵਿਚ ਅਬਦਾਲੀ ਇਕ ਵੇਰ ਵੀ ਉਨ੍ਹਾਂ ਦੀਆਂ ਸਫ਼ਾਂ ਨਹੀਂ ਤੋੜ ਸਕਿਆ ਤੇ ਹਫਕੇ ਪਾਣੀ ਦੀ ਢਾਬ ਆਈ ਤੇ ਉਸ ਦੀ ਸੈਨਾ ਪਾਣੀ ਪੀਣ ਬਹਿ ਗਈ।

ਆਨੰਦਪੁਰ ਦੇ ਘੇਰੇ ਸਮੇਂ ਸਿੰਘ ਆਪਣੇ ਬਚਾਉ ਦੀਆਂ ਤਜਵੀਜ਼ਾਂ ਕਰਦੇ। ਦੁਸ਼ਮਣ ਦੀ ਸ਼ਕਤੀ ਸਿਥਲ ਕਰਨ ਲਈ ਉਹ ਰਾਤ ਦੇ ਛਪੋਲ ਮਾਰਦੇ ਤੇ ਰਸਦ ਪਾਣੀ ਅੰਦਰ ਲੈ ਜਾਣ ਲਈ ਮੌਕਾ ਬਣਾ ਲੈਂਦੇ ਕਿਉਂਕਿ ਦਿਨ ਨੂੰ ਅਜਿਹਾ ਕਰਨਾ ਕਠਨ ਸੀ। ਸ: ਸੁੰਦਰ ਸਿੰਘ ਐਮ. ਏ., ਅਨੁਸਾਰ ਆਨੰਦਪੁਰ ਦੇ ਅੰਤਲੇ ਘੇਰੇ ਸਮੇਂ ਜਦ ਦੁਸ਼ਮਣ ਸ਼ਹਿਰ ਦੇ ਬਹੁਤ ਨੇੜੇ ਆ ਪੁਜਾ ਤਦ ਲੋਹਗੜ੍ਹ 'ਚੋਂ ਨਿਕਲ ਕੇ ਭਾਈ ਸ਼ੇਰ ਸਿੰਘ ਅਤੇ ਨਾਹਰ ਸਿੰਘ ਨੇ ਇਕ ਨ੍ਹੇਰੀ ਰਾਤ ਨੂੰ ਕਾਮਯਾਬ ਛਪੋਲ ਮਾਰਿਆ। ਬਹੁਤ ਸਾਰੇ ਵੈਰੀ ਮਾਰੇ ਗਏ ਅਤੇ ਬਹੁਤ ਸਾਰੇ ਹਨੇਰੀ ਵਿਚ ਹਫੜਾ ਦਫੜੀ ਪੈਣ ਨਾਲ ਆਪੋ ਵਿਚ ਕੱਟ ਮਰੇ। ਹਜ਼ੂਰ ਨੇ ਪ੍ਰਸੰਨ ਹੋ ਕੇ ਇਨ੍ਹਾਂ ਸਿੰਘਾਂ ਦੀ ਵੀਰਤਾ ਦੀ ਦਾਦ ਦਿੱਤੀ ਅਤੇ ਇਨਾਮ ਇਕਰਾਮ ਬਖਸ਼ੇ (Battle of Guru Gobind Singh P. 52-53) ਸ਼ਾਹੀ ਫੌਜ ਦੇ ਸੱਤ ਮਹੀਨੇ ਦੇ ਘੇਰੇ ਕਾਰਨ ਚੀਜ਼ਾਂ ਵਸਤਾਂ ਉਂਝ ਵੀ ਦੁਰਲੱਭ ਹੋ ਗਈਆਂ ਸਨ ਤੇ ਮਹਿੰਗਾ ਵੀ ਅਤਿ ਦਾ ਸੀ। ਅਨਾਜ ਰੁਪਏ ਦਾ ਇਕ ਸੇਰ ਵਿਕਦਾ ਸੀ। ਚਾਰ ਸਿੰਘ ਦਾਣਾ ਪਾਣੀ ਲੈਣ ਲਈ ਨਿਕਲਦੇ। ਦੋ ਖੜ੍ਹੇ ਵੈਰੀਆਂ ਨਾਲ ਲੜਦੇ ਉਨ੍ਹਾਂ ਨੂੰ ਰੁਝਾਈ ਰੱਖਦੇ ਤੇ ਦੋ ਲੋੜੀਂਦੀਆਂ ਵਸਤਾਂ ਲੈ ਕੇ ਮੁੜਦੇ:

ਆਵਨ ਜਾਨ ਨ ਕੋਊ ਪਾਵੈ।
ਤਹਾਂ ਰਸਤ ਕੈਸੇ ਕਰ ਆਵੈ।
ਕੇਤਕ ਦਿਨ ਬੀਤੇ ਬਿਧਿ ਯਾਹੀ।
ਏਕ ਰੁਪੀਐ ਸੇਰ ਬਿਕਾਹੀ ॥੩੮ ॥੪੪੨ ॥

ਚਾਰ ਸਿੱਖ ਪਾਨੀ ਕੋ ਜਾਵੈਂ।
ਦੋ ਜੂਝੇਂ ਦੋ ਪਾਨੀ ਲਿਆਵੈਂ।
ਐਸੀ ਭਾਂਤਿ ਖੇਲ ਪ੍ਰਭੁ ਕਰੀ।
ਪਿਰਥੀ ਅਨਕ ਦੇਖ ਕੇ ਡਰੀ ॥੩੯ ॥੪੪੩ ॥

ਏਕ ਰੁਪੀਯੈ ਸੇਰ ਬਿਕਾਵੈ।
ਸੋ ਭੀ ਢੂੰਢਤ ਹਾਥ ਨ ਆਵੈ।

ਮਿਲਿ ਜੋਧਨ ਇਹ ਭਾਂਤਿ ਨਿਹਾਰਾ।
ਅਪਨੇ ਮਨ ਕੇ ਬੀਚ ਬਿਚਾਰਾ ॥੪੧ ॥੪੪੫ ॥

ਕੇਤਕ ਸਿੰਘ ਯਹੈ ਬਿਧਿ ਕਰਹੀਂ।
ਰਾਤ ਸਮੇਂ ਫ਼ਉਜਨ ਪਰ ਪਰਹੀਂ ॥੪੨ ।੪੪੮
ਕਰ ਸੰਗ੍ਰਾਮ ਅੰਨ ਤਹਾਂ ਲੀਨਾ।
ਪੋਟ ਬਾਂਧ ਕੇਤਕ ਸਿਰ ਦੀਨਾ। ॥੪੨ ॥੪੪੬

ਸੈਨਾਪਤੀ ਅੱਗੇ ਦੱਸਦੇ ਹਨ ਕਿ ਆਨੰਦਪੁਰ ਤਿਆਗ ਸਮੇਂ ਹਜ਼ੂਰ ਨੇ ਫ਼ੌਜਾਂ ਨੂੰ ਤਲਬਾਂ ਤੇ ਇਨਾਮ ਦੇ ਕੇ ਬਾਕੀ ਸਾਰੀ ਸਮੱਗਰੀ ਤੇ ਸੰਪਤੀ ਜਲਾ ਦਿਤੀ ਤਾਂਕਿ ਦੁਸ਼ਮਣ ਦੇ ਹੱਥ ਨਾ ਲਗੇ:

ਨਗਰ ਭਯੋ ਇਹ ਭਾਂਤ ਤਯਾਰ।
ਬਾਂਧੇ ਬੋਝ ਲੀਯੇ ਸਿਰ ਭਾਰ।
ਸਾਮਾਂ ਸਬਹੂੰ ਕੂਚ ਨਾ ਕੀਨੈ।
ਅਪਨ ਬੋਝ ਅਪ ਧਿਰ ਲੀਨੈ ॥੬੩ ॥੪੬੭ ॥

ਸਾਮਾਂ ਕੂਚ ਸਾਹਿਬ ਨੇ ਕੀਨਾ।
ਸਿੱਖਨ ਬਾਂਟ ਖ਼ਜਾਨਾ ਦੀਨਾ।
ਸਬਨ ਪਾਂਚ ਹਥਿਆਰ ਬੰਧਾਏ।

ਸਿੰਘ ਸੂਰ ਬਨਿ ਬਨਿ ਸਭ ਆਏ ॥੬੪ ।੪੬੮ ।
ਦੋਹਰਾ: *ਔਰ ਵਸਤ ਜੇਤੀ ਹੁਤੀ ਦੀਨੀ ਸਭੈ ਜਲਾਇ।*
ਛੋਡ ਚਲੇ ਆਨੰਦ ਗੜ੍ਹ ਨਿਮਖ ਬਿਲਮ ਨਹੀਂ ਲਾਇ ॥੬੫ ।੪੬੯

ਸਮਾਂ ਵਿਚਾਰ ਕੇ ਅਤੇ ਸੈਨਿਕਾਂ ਦਾ ਅਕਾਰਨ ਅਕਾਰਥ ਖ਼ੂਨ ਨਾ ਵਗਾਉਣ ਲਈ ਉਹ ਇਸ ਤੋਂ ਪਹਿਲਾਂ ਵੀ ਆਨੰਦਪੁਰ ਛੱਡ ਕੇ ਨਿਰਮੋਹ ਚਲੇ ਗਏ ਸਨ ਅਤੇ ਆਪਣੇ ਸੈਨਿਕਾਂ ਦੇ ਜਜ਼ਬਾਤ ਦਾ ਸਤਿਕਾਰ ਕਰਦੇ ਹੋਏ ਉਹ ਰਾਤ ਨੂੰ ਚਮਕੌਰ ਦੀ ਗੜ੍ਹੀ 'ਚੋਂ ਨਿਕਲ ਗਏ ਸਨ। ਵੈਰੀ ਨੂੰ ਭੁਚਲਾਵਾ ਦੇਣ ਲਈ ਉਹ ਆਪਣੇ ਹਮ-ਸ਼ਕਲ ਭਾਈ ਸੰਤ ਸਿੰਘ ਨੂੰ ਆਪਣੀ ਜਗਾ ਕਲਗੀ ਪਹਿਨਾ ਗਏ ਸਨ ਜਿਵੇਂ ਬਾਬਾ ਬੰਦਾ ਸਿੰਘ ਮੁਖਲਿਸਪੁਰ (ਲੋਹਗੜ੍ਹ) ਦੇ ਕਿਲ੍ਹੇ ਵਿਚ ਆਪਣੇ ਹਮ ਸ਼ਕਲ ਭਾਈ ਗੁਲਾਬ ਸਿੰਘ ਨੂੰ ਪਿਛੇ ਛੱਡ ਗਏ। ਇਸੇ ਤਰ੍ਹਾਂ ਵੈਰੀ ਨੂੰ ਖ਼ਾਲਸੇ ਦੀ ਬਹੁਗਿਣਤੀ ਦਾ ਟਪਲਾ ਲਾਉਣ, ਉਨ੍ਹਾਂ ਨੇ ਖਿਦਰਾਣੇ ਦੇ ਮੈਦਾਨ ਜੰਗ ਵਿਚ ਝਾੜੀਆਂ ਉਤੇ ਸਿੰਘਾਂ ਦੇ ਚਿੱਟੇ ਚਾਦਰੇ ਪੁਆ ਦਿੱਤੇ ਕਿ ਦੂਰੋਂ ਤੰਬੂ ਜਾਪਣ ਤੇ ਰਾਤ ਨੂੰ ਥੋੜੀ ਥੋੜੀ ਦੇਰ ਬਾਦ ਜੈਕਾਰੇ ਗਜਾਉਣ ਦਾ ਹੁਕਮ ਦਿੱਤਾ, ਇਹ ਦਰਸਾਉਣ ਲਈ ਕਿ ਗੁਰੂ ਦੀ ਫ਼ੌਜ ਨੂੰ ਕੁਮਕ ਪੁਜ ਰਹੀ ਹੈ।

ਭਰਤੀ ਅਤੇ ਸੇਵਾ ਅਭਿ ਲੇਖ

ਗੁਰੂ ਸਾਹਿਬ ਦੀ ਫ਼ੌਜ ਵਿਚ ਕਿਸੇ ਨਸਲ ਰੰਗ, ਜ਼ਾਤ, ਗੋਤ, ਦੇਸ਼, ਫਿਰਕੇ ਦਾ ਵੀ ਲੜਾਕਾ ਭਰਤੀ ਹੋ ਸਕਦਾ ਸੀ। ਕਿਸੇ ਉਤੇ ਕੋਈ ਪਾਬੰਦੀ ਨਹੀਂ ਸੀ, ਭਰਤੀ ਮਜਬੂਰੀ ਨਹੀਂ ਸੀ, ਸਗੋਂ ਸਿੱਖ, ਗੁਰੂ ਦੀ ਸੈਨਿਕ ਸੇਵਾ ਨੂੰ ਆਪਣਾ ਧਰਮ ਜਾਣ ਕੇ ਚਾਈਂ ਚਾਈਂ ਭਰਤੀ ਹੁੰਦੇ ਸਨ। ਮਾਵਾਂ ਪੁੱਤਰਾਂ ਨੂੰ ਗੁਰੂ ਦੇ ਚਰਨਾਂ ਤੋਂ ਨਿਛਾਵਰ ਕਰਨਾ ਆਪਣਾ ਧੰਨ ਭਾਗ ਸਮਝਦੀਆਂ ਸਨ। ਰਵਾਇਤ ਹੈ ਕਿ ਇਕ ਮਾਂ ਨੇ ਆਪਣੇ ਪੁੱਤਰ ਦੀ ਅਰੋਗਤਾ ਲਈ ਗੁਰੂ ਮਹਾਰਾਜ ਦੇ ਹਜ਼ੂਰ ਅਰਦਾਸ ਕਰਦਿਆਂ ਆਪਣੀ ਇਹ ਰੀਝ ਦੱਸੀ ਸੀ, ਮੇਰਾ ਪਤੀ ਤੇ ਵੱਡਾ ਪੁੱਤਰ ਆਪ ਦੀ ਸੇਵਾ ਕਰਦੇ ਸ਼ਹੀਦ ਹੋਏ ਹਨ। ਮੈਂ ਚਾਹੁੰਦੀ ਹਾਂ ਕਿ ਇਹ ਇਸ ਰੋਗ ਨਾਲ ਨਾ ਮਰੇ, ਸਗੋਂ ਪਿਉ ਤੇ ਭਰਾ ਵਾਂਗ ਸਨਮੁਖ ਜੂਝ ਕੇ ਵੀਰ ਗਤੀ ਨੂੰ ਪ੍ਰਾਪਤ ਹੋਵੇ। ਉਨ੍ਹਾਂ ਦਾ ਆਦਰਸ਼ ਦਬੇਲ ਜਨਤਾ ਨੂੰ ਪ੍ਰੇਰ ਕੇ ਗੁਰੂ ਦੀਆਂ ਫੌਜਾਂ ਵਿਚ ਭਰਤੀ ਕਰਵਾ ਰਿਹਾ ਸੀ। ਉਨ੍ਹਾਂ ਦੇ ਸਾਹਮਣੇ ਸੁਰਾਜ ਦਾ ਸੁਪਨਾ ਸੀ। ਭਾਈ ਰਤਨ ਸਿੰਘ ਭੰਗੂ ਦੇ ਸ਼ਬਦਾਂ ਵਿਚ ਗੁਰੂ ਸਾਹਿਬ ਨੇ ਗ਼ਰੀਬ ਤੇ ਦਲਿਤ ਸਿੱਖਾਂ ਨੂੰ ਰਾਜਗੀ ਦਾ ਵਰ ਦਿੱਤਾ ਸੀ।

ਇਨ ਗ਼ਰੀਬ ਸਿਖਨ ਕੋ ਦੇਉ ਪਾਤਸ਼ਾਹੀ
ਇਹ ਯਾਦ ਰਖੈ ਹਮਰੀ ਗੁਰਿਆਈ।
ਤੋ ਸਦ ਸਤਿਗੁਰ ਸਿੱਖ ਲਲਕਾਰੇ।
ਫੜੋ ਸ਼ਸਤ੍ਰਨ ਲਿਹੁ ਤੁਰਕਨ ਮਾਰੇ।

ਸਿੰਘਾਂ ਤੋਂ ਬਿਨਾਂ ਹਿੰਦੂ ਤੇ ਮੁਸਲਮਾਨ ਵੀ ਆਪ ਦੇ ਸਿਪਾਹੀ ਸਨ। ਪੀਰ ਬੁੱਧੂ ਸ਼ਾਹ ਨੇ ਜਦ ਤਕਿਆ ਕਿ ਉਹਦੀ ਸਫ਼ਾਰਸ਼ ਨਾਲ ਔਰੰਗਜ਼ੇਬ ਦੀ ਫ਼ੌਜ ਦੇ ਨਾਂ ਕੱਟੇ ਪੰਜ ਸੌ ਪਠਾਣ ਭੰਗਾਣੀ ਯੁੱਧ ਤੋਂ ਪਹਿਲਾਂ ਹੀ ਪਿੱਠ ਦੇ ਗਏ ਹਨ ਤੇ ਪਹਾੜੀਆਂ ਨਾਲ ਜਾ ਰਲੇ ਹਨ ਤਦ ਉਹ ਆਪਣੇ 700 ਮਰੀਦਾਂ ਤੇ ਚੌਂਹ ਪੁੱਤ੍ਰਾਂ ਨੂੰ ਨਾਲ ਲੈ ਕੇ ਸੇਵਾ ਵਿਚ ਹਾਜ਼ਰ ਹੋਇਆ। ਪਰ ਸੈਦ ਬੇਗ ਮੁਗ਼ਲ ਫ਼ੌਜ ਦਾ ਅਧਿਕਾਰੀ ਹਜ਼ੂਰ ਦੇ ਇਲਾਹੀ ਤੇਜ ਤੋਂ ਪ੍ਰਭਾਵਿਤ ਹੋ ਕੇ ਆਪ ਦੀ ਸ਼ਰਨ ਆਇਆ ਅਤੇ ਆਪ ਵਲੋਂ ਹੋ ਕੇ ਲੜਦਾ ਰਿਹਾ।

ਗੁਰੂ ਸਾਹਿਬ ਰੰਗਰੂਟਾਂ ਦਾ ਮੁਆਇਨਾ ਕਰਕੇ ਮੁਜਰਾ ਲੈਂਦੇ, ਉਨ੍ਹਾਂ ਨੂੰ ਵਰਦੀਆਂ ਅਤੇ ਸ਼ਸ਼ਤਰ ਦਿੰਦੇ, ਉਨ੍ਹਾਂ ਦੇ ਸੇਵਾ ਅਭਿਲੇਖ (Service records) ਤਿਆਰ ਕਰਵਾਉਂਦੇ*, ਜਿਹਾ ਕਿ ਸੂਰਜ ਪ੍ਰਕਾਸ਼ ਸਫ਼ਾ 5747 ਤੋਂ ਪ੍ਰਗਟ ਹੁੰਦਾ ਹੈ। ਜਿਸਦੀ ਪ੍ਰੋੜ੍ਹਤਾ ਸੈਨਾਪਤੀ ਵੀ ਕਰਦਾ ਹੈ:-

---

* It is likely that some rough sort of registeration of their names etc; was kept with the Guru.......the author of Suraj Parkash also mentions the same procedure: 'When the people gathered round the Guru he asked them to join his army. Those who were willing to join got their names registered and their descriptive rolls prepared. [The Battle of Guru Gobind Singh by Sunder Singh, M. A. Page 69)

ਦੋਹਰਾ: ਏ ਕਉਤਕ ਤਹ ਮੰਡਿ ਰਹੇ ਕਰਤ ਤਾਸ ਬੀਚਾਰ।
ਨਗਰ ਨਗਰ ਕੀ ਸੰਗਤੇ ਆ ਪਹੁੰਚੀ ਦਰਬਾਰ।੧੪॥੧੩੫੧
ਰਾਖੇ ਤਬੇ ਹਜ਼ੂਰ ਪ੍ਰਭੂ ਕਰ ਚਾਕਰ ਦਰਬਾਰ।
ਮੁਜਰਾ ਲੀਨੇ ਤਿਨਨ ਤੇ ਪਹਿਰਾਏ ਹਥਿਆਰ।੧੫॥੩੫੨

(ਗੁਰ ਸੋਭਾ)

ਪੂਰਨ ਗੁਰ ਸਿੱਖ ਗੁਰੂ ਤੋਂ ਤਲਬ ਨਹੀਂ ਸਨ ਲੈਂਦੇ, ਜਿਹਾ ਕਿ ਦਾਨ ਸਿੰਘ ਨੇ ਸਾਰੇ ਬਰਾੜਾਂ ਦੇ ਤਲਬ ਮੰਗਣ 'ਤੇ ਕੀਤਾ। ਬਾਕੀ ਆਮ ਸਿਪਾਹੀਆਂ ਨੂੰ ਜਾਂ ਤਾਂ ਰੋਜ਼ੀਨਾ ਮਿਲਦਾ ਸੀ ਅਰਥਾਤ ਰੋਜ਼ ਤਨਖਾਹ ਮਿਲਦੀ ਸੀ ਜਾਂ ਛਿਮਾਹੀ ਪਿਛੋਂ ਇਕੱਠੀ, ਜਿਹਾ ਕਿ ਹਜ਼ੂਰ ਦੇ, ਧੌਲ (ਜੋ ਆਨੰਦਪੁਰ ਦੇ ਲਾਗੇ ਹੈ) ਦੀ ਸੰਗਤ ਦੇ ਨਾਮ ਹੁਕਮਨਾਮੇ ਤੋਂ ਪ੍ਰਗਟ ਹੁੰਦਾ ਹੈ, ਜੋ ਸ: ਰਣਧੀਰ ਸਿੰਘ ਹਿਸਟਰੀ ਰਿਸਰਚ ਸਕਾਲਰ ਅਨੁਸਾਰ 15 ਅਕਤੂਬਰ 1707, ਦੀਵਾਲੀ ਵਾਲੇ ਦਿਨ ਆਗਰੇ ਤੋਂ, ਬਹਾਦਰਸ਼ਾਹ ਨਾਲ ਹੋਈ ਮੁਲਾਕਾਤ ਮਗਰੋਂ ਲਿਖਿਆ ਗਿਆ।

੧੦ ਸਤਿਗੁਰੂ ਜੀ

ਸ੍ਰਬਤਿ ਸੰਗਤ ਧਉਲ ਕੀ, ਤੁਸੀਂ ਮੇਰਾ ਖ਼ਾਲਸਾ ਹੋ, ਗੁਰੂ ਰਖੈਗਾ, ਗੁਰੂ ਗੁਰੂ ਜਪਣਾ, ਜਨਮ ਸਓਰੈਗਾ। ਸ੍ਰਬ ਸੁਖ ਨਾਲ ਪਾਤਸ਼ਾਹ ਪਾਸ ਆਏ ਸਿਰੋਪਾਓ ਅਰੁ ਸਠਿ ਹਜ਼ਾਰ ਕੀ ਧੁਖ ਧੁਖੀ ਜੜਾਊ ਇਨਾਮ ਹੋਈ। ਹੋਰ ਵੀ ਕੰਮ ਗੁਰੂ ਦਾ ਸਦਕਾ ਸਭ ਹੋਤੇ ਹੈ, ਅਸੀਂ ਵੀ ਥੋੜੇ ਦਿਨਾਂ ਨੌਂ ਆਵਤੇ ਹਾਂ। ਸ੍ਰਬਤਿ ਸੰਗਤ ਖਾਲਸੇ ਨੋ ਮੇਰਾ ਹੁਕਮ ਹੈ, ਆਪਸ ਮੋ ਮੇਲ ਕਰਣਾ। ਜਦਿ ਅਸੀਂ ਕਹਲੂਰ ਆਵਤੇ ਤਦਿ ਸ੍ਰਬਤ ਖਾਲਸੇ ਹਥਿਆਰ ਬੰਨ ਕੇ ਹਜ਼ੂਰ ਆਵਣਾ। ਜੋ ਆਵੇਗਾ ਸੋ ਨਿਹਾਲ ਹੋਵੇਗਾ। 2) ਦੁਇ ਤੋਲੇ ਸੋਨਾ ਤਿਸ ਕੇ ਰੁਪਏ (40)- ਅਸਾਂ ਜਮਾਤਾ ਨੂੰ ਮਧਾ ਛਿਮਾਹੀ ਬਖਸ਼ੇ ਹੈਨ, ਤੁਸਾਂ ਹੁਕਮ ਦੇਖਦਿਆਂ ਹੁੰਡੀ ਕਰਾਇ ਭੇਜਣੀ। ਮੇਵੜੇ ਨੋ ਤੁਰਤ ਭੇਜਣਾ। ਜੇ ਮੇਵੜਾ ਢਿਲ ਕਰੇ ਤਾਂ ਸੰਗਤ ਵਿਚੋਂ ਕੱਢ ਦੇਣਾ। ਪੈਸੇ ਹੁੰਡੀ ਕਰਾਏ ਭੇਜਣੇ, ਸੰਮਤ 1764, ਮਿਤੀ ਕਤਕੋਂ 1 ਮਾ.

ਡਾ. ਗੰਡਾ ਸਿੰਘ ਨੇ ਦੋ ਹੁਕਮਨਾਮੇ, 63 ਅਤੇ 64 ਨੰਬਰ ਆਪਣੀ ਪੁਸਤਕ ਵਿਚ ਦਿੱਤੇ ਹਨ। 2 ਅਕਤੂਬਰ, 1707 ਨੂੰ ਧਉਲ ਦੀ ਸੰਗਤ ਦੇ ਨਾਂ ਅਤੇ ਖਾਰਾ ਦੀ ਸੰਗਤ ਦੇ ਨਾਂ। ਦੋਵਾਂ ਹੁਕਮਨਾਮਿਆਂ ਦੀ ਇਬਾਰਤ ਇਕੋ ਜਿਹੀ ਹੈ।-ਸੰਪਾਦਕ

ਮਾਣ ਸਤਿਕਾਰ

ਕਦਰਦਾਨ ਤੇ ਦੂਰ ਅੰਦੇਸ਼ ਸਿਪਾਹ ਸਾਲਾਰ ਵਾਂਗੂੰ ਆਪ ਆਪਣੇ ਸੈਨਿਕਾਂ ਦਾ ਮਾਨ ਸਤਿਕਾਰ ਕਰਦੇ ਸਨ। ਉਨ੍ਹਾਂ ਦੀ ਸੇਵਾ ਦੀ ਸ਼ਲਾਘਾ ਕਰਕੇ ਉਨ੍ਹਾਂ ਦੇ ਹੌਸਲੇ ਵਧਾਉਂਦੇ ਸਨ। ਹਜ਼ੂਰ ਨੇ ਆਤਮ ਕਥਾ (ਬਚਿੱਤਰ ਨਾਟਕ) ਵਿਚ ਭਿੰਨ ਭਿੰਨ ਜੰਗਾਂ ਵਿਚ ਬਹਾਦਰੀ ਦਿਖਾਉਣ ਵਾਲੇ ਸਿੱਖ ਸੈਨਿਕਾਂ ਦੀ ਵੀਰਤਾ ਦਾ ਵਰਨਣ ਕਰਕੇ ਉਨ੍ਹਾਂ ਦੇ ਨਾਂ ਇਤਿਹਾਸ ਵਿਚ ਅਮਰ ਕਰ ਦਿੱਤੇ ਹਨ। ਇਸੇ ਵਰਨਣ ਤੋਂ ਪਤਾ ਲਗਦਾ ਹੈ ਕਿ ਭੰਗਾਣੀ ਯੁੱਧ ਮਗਰੋਂ ਸੈਨਾ ਨੂੰ ਬੇਅੰਤ ਧਨ ਇਨਾਮ ਦਿੱਤਾ ਗਿਆ ਅਤੇ ਖੁਸ਼ੀ ਵਿਚ ਸਿਪਾਹੀਆਂ ਦੇ ਪੈਰ ਜ਼ਮੀਨ ਤੇ ਨਹੀਂ ਸਨ ਲੱਗਦੇ। ਭਾਈ ਸੰਗੋ ਸ਼ਾਹ ਆਦਿ ਨੂੰ ਸੰਗਰਾਮ ਸ਼ਾਹ ਗਾਜੀ ਦੀ, ਮਰਨ ਉਪਰੰਤ (Posthumous) ਉਪਾਧੀ ਦਿੱਤੀ ਗਈ। ਪੀਰ ਬੁੱਧੂ ਸ਼ਾਹ ਨੂੰ ਉਨ੍ਹਾਂ ਦੀ ਅਪੂਰਵ ਕੁਰਬਾਨੀ

ਭਰੀ ਸੇਵਾ ਬਦਲੇ ਆਪਣੀ ਦਸਤਾਰ, ਕੇਸਾਂ ਸਣੇ ਕੰਘਾ ਅਤੇ ਇਕ ਹੁਕਮਨਾਮਾ ਪ੍ਰਦਾਨ ਕੀਤਾ ਗਿਆ। ਜਿਸ ਵਿਚ ਪੀਰ ਸਾਹਿਬ ਦੀ ਸੇਵਾ ਦੀ ਸ਼ਲਾਘਾ ਕੀਤੀ ਗਈ ਸੀ। ਮੁਕਤਸਰ ਯੁੱਧ ਪਿੱਛੋਂ ਸ਼ਹੀਦ ਸੈਨਿਕਾਂ ਨੂੰ ਪੰਜ ਹਜ਼ਾਰੀ ਦਸ ਹਜ਼ਾਰੀ ਦੇ ਮਨਸਬ ਦਿੱਤੇ ਗਏ। ਭਾਈ ਰਾਮ ਸਿੰਘ ਤ੍ਰਿਲੋਕ ਸਿੰਘ ਨੂੰ ਹਜ਼ੂਰ ਸੱਦਣ ਲਈ ਹੁਕਮਨਾਮੇ ਨਾਲ ਖਿਲਅਤ ਭੇਜਿਆ ਗਿਆ।

ਅਨੁਸ਼ਾਸਨ

'ਰਹਿਤ ਪਿਆਰੀ ਮੋਹਿ ਕੇ ਸਿੱਖ ਪਿਆਰਾ ਨਾਹਿ' ਅਨੁਸਾਰ ਸਿੱਖੀ ਅਤੇ ਸੈਨਿਕ ਮਰਯਾਦਾ, (ਜੋ ਇਕ ਦਰਜੇ ਤੇ ਆਕੇ ਘੁਲ ਮਿਲ ਜਾਂਦੀਆਂ ਹਨ) ਦੇ ਗੁਰੂ ਸਾਹਿਬ ਕਰੜੇ ਪਾਲਣਹਾਰ ਮਰਯਾਦਾ ਪੁਰਸ਼ੋਤਮ ਸਨ। ਉਹ ਦੁਨੀਆਵੀ ਪੱਧਰ ਦੀਆਂ ਜਿੱਤਾਂ ਦੀ ਥਾਂ ਧਾਰਮਕ, ਆਚਰਣਕ ਪੱਧਰ ਦੀ ਜਿੱਤ ਵਿਚ ਵਿਸ਼ਵਾਸ ਰੱਖਦੇ ਸਨ। ਸਿੰਘ ਰਹਿਤ ਵਿਚ ਹੀ ਸੈਨਿਕ ਬਾਣੇ ਅਤੇ ਸ਼ਸਤਰਾਂ ਦੀ ਸਜਾਵਟ ਤੇ ਸੰਗਤ ਦਾ ਹੁਕਮ ਸ਼ਾਮਲ ਹਨ। ਇਸ ਉਤੇ ਕਰੜਾਈ ਨਾਲ ਅਮਲ ਕਰਵਾਇਆ ਜਾਂਦਾ ਸੀ। ਗੁਰੂ ਦੀ ਦੋਹਾਂ ਤਰ੍ਹਾਂ ਦੀ ਪ੍ਰਸੰਨਤਾ, ਲੌਕਿਕ ਅਤੇ ਪਰਲੌਕਿਕ ਪ੍ਰਾਪਤ ਕਰਨ ਲਈ ਸੰਤ ਸਿਪਾਹੀ ਨੂੰ ਅਨੁਸ਼ਾਸਨ ਜਾਂ ਜ਼ਬਤ ਵਿੱਚ ਰਹਿਣਾ ਜ਼ਰੂਰੀ ਸੀ। ਲੜਾਈ ਵਿਚ ਤਨ ਮਨ ਧਨ ਨਾਲ ਸੰਗਰਾਮ ਕਰਦਾ ਉਹ ਚੌਕਸ ਰਹਿੰਦਾ ਸੀ ਕਿ ਕੋਈ ਕੁਰਹਿਤ ਨਾ ਹੋ ਜਾਏ, ਗੁਰੂ ਦੇ ਸੈਨਿਕ ਅਨੁਸ਼ਾਸਨ ਜਾਂ ਨੀਤੀ ਵਿਰੁਧ ਕੋਈ ਕਰਮ ਨਾ ਹੋ ਜਾਏ। ਨਦੌਨ ਯੁੱਧ ਵਿਚ ਜਦ ਕਿਸੇ ਮੁਗਲ ਸਰਦਾਰ ਦਾ ਡੋਲਾ ਸਿੱਖ ਫੜ ਲਿਆਏ ਤਦ ਹਜ਼ੂਰ ਨੇ ਬਹੁਤ ਬੁਰਾ ਮਨਾਇਆ ਤੇ ਉਨ੍ਹਾਂ ਨੂੰ ਤਾੜਨਾ ਕੀਤੀ, 'ਅਸੀਂ ਦੁਸ਼ਮਣਾਂ ਵਾਂਗ ਆਪਣਾ ਆਚਰਣ ਨੀਵਾਂ ਨਹੀਂ ਕਰਨਾ, ਸਗੋਂ ਅਸੀਂ ਤਾਂ ਪੰਥ ਨੂੰ ਉਚੇ ਆਦ੍ਰਸ਼ ਵਲ ਲੈ ਜਾਣਾ ਏ। ਇਨ੍ਹਾਂ ਬੀਬੀਆਂ ਨੂੰ ਸਤਿਕਾਰ ਨਾਲ ਵੈਰੀ ਦੇ ਡੇਰੇ ਪਹੁੰਚਾ ਦਿਓ। ਗੱਦਾਰਾਂ ਅਤੇ ਗੀਦੀਆਂ ਨੂੰ ਆਪ ਬਹੁਤ ਬੁਰਾ ਸਮਝਦੇ ਸਨ। ਭੰਗਾਣੀ ਯੁੱਧ ਸਮੇਂ ਜਿਹੜੇ ਲੋਕ ਜੰਗ 'ਚੋਂ ਭਗੌੜੇ ਹੋਏ ਸਨ, ਉਨ੍ਹਾਂ ਨੂੰ ਜਲਾਵਤਨੀ ਦੀ ਸਜ਼ਾ ਦਿੱਤੀ ਗਈ:

ਜੇ ਜੇ ਨਰ ਤਹੱ ਨ ਭਿਰੈ ਦੀਨੇ ਨਗਰ ਨਿਕਾਰ।
ਜੇ ਠਉਰ ਤਿਹ ਭਲੇ ਭਿਰੇ ਤਿਨੈ ਕਰੀ ਪ੍ਰਤੀਪਾਰ।੩੭। ਅਪਨੀ ਕਥਾ

ਅਜਿਹੇ ਸਿਪਾਹੀ, ਪੰਜ ਸੌ ਪਠਾਨਾਂ ਅਤੇ ਕਿਰਪਾਲ ਦੇ ਡੇਰੇ ਦਾਰਾਂ ਤੋਂ ਅੱਡ ਸਨ। ਆਨੰਦਪੁਰ ਦੇ ਜੰਗ ਸਮੇਂ ਮਸਤ ਹਾਥੀ ਦਾ ਮੁਕਾਬਲਾ ਕਰਨ ਲਈ ਦੁਨੀ ਚੰਦ ਨੂੰ ਚੁਣਿਆ ਗਿਆ ਸੀ, ਉਹ ਆਪ ਗੀਦੀ ਹੋ ਕੇ ਭਾਈ ਦਯਾ ਸਿੰਘ ਨੂੰ ਵੀ ਭਗੌੜੇ ਹੋਣ ਦੀ ਅਸਫਲ ਪ੍ਰੇਰਨਾ ਕਰਦਾ ਰਿਹਾ। ਅਖ਼ੀਰ ਨਿਰਾਸ਼ ਹੋ ਕੇ ਆਨੰਦਗੜ੍ਹ ਕਿਲੇ ਦੀ ਫਸੀਲ ਟੱਪਦਾ ਲੱਤ ਤੁੜਾ ਬੈਠਾ ਤੇ ਰਾਤੋ ਰਾਤ ਭੱਜ ਨਿਕਲਿਆ। ਇਵੇਂ ਹੀ ਅੰਤਲੇ ਮੁਹਾਸਰੇ ਸਮੇਂ ਭਾਈ ਮਹਾਂ ਸਿੰਘ ਅਤੇ ਉਨ੍ਹਾਂ ਦੇ ਸਾਥੀ ਬੇਦਾਵਾ ਲਿਖ ਕੇ ਦੇ ਗਏ। ਹਜ਼ੂਰ ਨੇ ਬੇਦਾਵਾ ਇਸ ਲਈ ਪ੍ਰਵਾਨ ਕਰ ਲਿਆ ਕਿ ਇਹ ਛੂਤ ਦੀ ਬੀਮਾਰੀ ਹੋਰ ਅੱਗੇ ਨਾ ਫੈਲੇ ਅਤੇ ਬਾਕੀ ਸੈਨਿਕ ਦ੍ਰਿੜ੍ਹਤਾ ਨਾਲ ਆਪਣਾ ਕਰਤੱਵ ਪਾਲਣ ਕਰਦੇ ਰਹਿਣ। ਹੋ ਸਕਦਾ ਹੈ ਬੇਦਾਵਾ ਲਿਖਣ ਵਾਲਿਆਂ ਨੂੰ ਪ੍ਰੇਰਣਾ ਕਰਨ ਵਾਲੇ ਮਸੰਦਾਂ ਤੋਂ ਬਿਨਾਂ ਵੈਰੀ ਵਲੋਂ ਖ਼ਰੀਦੇ ਗਏ ਪੰਜਵੇਂ ਕਾਲਮੀਏ (Fifth Columnist) ਵੀ ਹੋਣ। ਸ਼ਾਇਰੇ ਮਸ਼ਰਕ ਇਕਬਾਲ ਨੇ ਜਾਵੀਦ ਨਾਮਾ ਵਿਚ ਜਾਫ਼ਰ ਅਤੇ ਸਾਦਕ ਜਿਹੇ ਦੇਸ਼ ਧਰੋਹੀਆਂ ਦੀ ਘੋਰ ਨਿੰਦਾ ਕੀਤੀ ਹੈ ਕਿ ਉਨ੍ਹਾਂ ਨੂੰ ਨਰਕ ਦੀ ਅੱਗ ਨੇ ਵੀ

ਸਾੜਨੋਂ ਨਾਂਹ ਕਰ ਦਿੱਤੀ। ਗੁਰੂ ਸਾਹਿਬ ਜੀ ਫਰਮਾਉਂਦੇ ਹਨ ਕਿ ਹਮਲਾਆਵਰ ਦੇ ਆਤੰਕ ਤੋਂ ਡਰ ਕੇ ਦੇਸ਼ ਛੱਡ ਜਾਣ ਵਾਲੇ ਦੇਸ਼ ਧਰੋਹੀ ਮਨਮੁਖਾਂ ਦੇ ਘਰ ਇਸ ਲੋਕ ਵਿਚ ਸ਼ਾਹੀ ਅਹਦੀਏ ਮਿਰਜ਼ਾ ਬੇਗ ਨੇ ਢਾ ਦਿੱਤੇ। ਅਗਲੇ ਲੋਕ ਵਿਚ ਇਨ੍ਹਾਂ ਨਿਥਾਵਿਆਂ ਨੂੰ ਆਪਣੇ ਪਾਪ ਕਾਰਨ ਕੋਈ ਠੌਰ ਨਹੀਂ ਮਿਲੇਗੀ।

ਕਿਤਕ ਲੋਕ ਤਜਿ ਸੰਗਿ ਸਿਧਾਰੇ।
ਜਾਇ ਬਸੇ ਗਿਰਿਵਰ ਜੱਹ ਭਾਰੇ।
ਚਿਤ ਮੂਜ਼ੀਯਨ ਕੋ ਅਧਿਕ ਡਰਾਨਾ।
ਤਿਨੈ ਉਬਾਰ ਨ ਅਪਨਾ ਜਾਨਾ।੩।

ਤਬ ਅਉਰੰਗ ਜੀਅ ਮਾਂਝ ਰਿਸਾਏ।
ਏਕ ਅਹਦੀਆ ਇਹਾਂ ਪਠਾਏ।
ਹਮ ਤੇ ਭਾਜਿ ਬਿਮੁਖ ਜੇ ਗਏ।
ਤਿਨਕੇ ਧਾਮ ਗਿਰਾਵਤ ਭਏ।੪।

ਜੇ ਅਪਨੇ ਗੁਰ ਤੇ ਮੁਖ ਫਿਰ ਹੈ।
ਇਹਾਂ ਉਹਾਂ ਤਿਨ ਕੇ ਗ੍ਰਿਹ ਗਿਰ ਹੈਂ।
ਇਹਾਂ ਉਪਹਾਸ ਨ ਸੁਰਪੁਰ ਬਾਸਾ
ਸਭ ਬਾਤਨ ਤੇ ਰਹੇ ਨਿਰਾਸਾ।੫।

ਦੂਖ ਭੂਖ ਤਿਨ ਕੋ ਰਹੇ ਲਾਗੀ
ਸੰਤ ਸੇਵ ਤੇ ਜੋ ਹੈ ਤਯਾਗੀ।
ਜਗਤ ਬਿਖੈ ਕੋਈ ਕਾਮ ਨ ਸਰਹੀਂ
ਅੰਤਹਿ ਕੁੰਡ ਨਰਕ ਕੀ ਪਰਹੀਂ।੬।

ਤਿਨ ਕੋ ਸਦਾ ਜਗਤ ਉਪਹਾਸਾ॥
ਅੰਤਹਿ ਕੁੰਡ ਨਰਕ ਕੀ ਬਾਸਾ॥
ਗੁਰ ਪਗ ਤੇ ਜੇ ਬੇਮੁਖ ਸਿਧਾਰੇ॥
ਇਹਾਂ ਉਹਾਂ ਤਿਨਕੇ ਮੁਖਕਾਰੇ॥੭॥

ਪੁਤ੍ਰ ਪਉਤ੍ਰ ਤਿੰਨ ਕੋ ਨਹੀਂ ਫਰੈ
ਦੁਖ ਦੈ ਮਾਤ ਪਿਤਾ ਕੌ ਮਰੈ॥
ਗੁਰ ਦੋਖੀ ਸਗ ਕੀ ਮ੍ਰਿਤ ਪਾਵੈ॥
ਨਰਕ ਕੁੰਡ ਡਾਰੇ ਪਛਤਾਵੈ॥੮॥

(ਬਚਿੱਤ੍ਰ ਨਾਟਕ, ਆਪਣੀ ਕਥਾ ਅਧਿਆਇ 12)

ਗੁਰੂ ਸਾਹਿਬ ਨੇ ਅਜਿਹੇ ਗੱਦਾਰਾਂ ਦੀ ਮਦਦ ਕਰਨ ਦੀ ਮਨਾਹੀ ਕੀਤੀ ਤੇ ਮਦਦ ਕਰਨ ਵਾਲਿਆਂ ਨੂੰ ਉਨ੍ਹਾਂ ਦੀ ਹੋਣ ਵਾਲੀ ਦੁਰਗਤੀ ਤੋਂ ਆਗਾਹ ਕੀਤਾ ਹੈ।

ਫਟੜਾਂ ਦੀ ਸੇਵਾ ਸੰਭਾਲ

ਭਾਈ ਸੁੱਖਾ ਸਿੰਘ ਕਰਤਾ ਗੁਰ ਬਿਲਾਸ ਪਾਤਸ਼ਾਹੀ ਦਸਵੀਂ ਅਨੁਸਾਰ ਜੰਗ ਸਮੇਂ, ਬਾਲ ਬੁੱਢੇ ਤੇ ਇਸਤਰੀਆਂ ਜੋ ਸੁਸ਼ਸਤਰ ਸੇਵਾ ਨਹੀਂ ਕਰ ਸਕਦੇ ਸਨ, ਲੜਾਕੇ ਸਿੰਘਾਂ ਦੀ ਸੇਵਾ ਲਈ ਮੈਦਾਨੇ ਜੰਗ ਵਿਚ ਪਾਣੀ ਦੇ ਘੜੇ ਸਿਰਾਂ 'ਤੇ ਰੱਖ ਕੇ ਪੁਜਦੇ, ਪ੍ਰਸ਼ਾਦਿ ਛਕਾਉਂਦੇ, ਅਜਿਹੀ ਸੇਵਾ ਦਾ ਮੋਹਰੀ ਭਾਈ ਕਨ੍ਹਈਆ ਸੀ ਜਿਸਨੇ ਸਿੰਘਾਂ ਦੇ ਨਾਲ ਨਾਲ ਵੈਰੀ ਦਲ ਦੇ ਫਟੜਾਂ ਨੂੰ ਵੀ ਪਾਣੀ ਪਿਲਾਇਆ ਅਤੇ ਮਰ੍ਹਮ ਪੱਟੀ ਕੀਤੀ। ਇਉਂ ਉਸ ਬ੍ਰਹਮ ਗਿਆਨੀ ਸਮਦਰਸੀ ਨੇ ਰੈਡਕਰਾਸ ਸੰਸਥਾ ਦੇ ਵਜੂਦ ਵਿਚ ਆਉਣ ਤੋਂ ਸੌ ਕੁ ਸਾਲ ਪਹਿਲਾਂ ਇਸ ਭਾਵਨਾ ਨੂੰ ਜਨਮ ਦਿੱਤਾ। ਸੂਰਜ ਪ੍ਰਕਾਸ਼ ਅਨੁਸਾਰ ਪੰਨਾ 5629, ਸਾਲ ਪੱਤਰ ਦੇ ਸਨ ਸੱਕ ਨਾਲ ਅਤੇ ਹੋਰ ਉਪਾਵਾਂ ਨਾਲ ਜ਼ਖ਼ਮੀਆਂ ਦਾ ਇਲਾਜ ਕਰਨ ਲਈ ਇਕ ਔਸ਼ਧਾਲਿਆ ਕਾਇਮ ਕੀਤਾ ਗਿਆ ਜਿਥੇ ਗੁੱਰਮ ਨਿਵਾਸੀ ਹਕੀਮ ਸਕੰਦਰਸ਼ਾਹ ਸਿੱਖ ਵੈਦਾਂ ਨੂੰ ਇਸ ਹੁਨਰ ਵਿਚ ਤਾਕ ਕਰਦਾ ਸੀ। ਇਸ ਗੱਲ ਦੀ ਪੁਸ਼ਟੀ 'ਫਟੜਾਂ ਦਾ ਇਲਾਜ' ਨਾਮ ਦੀ ਉਸ ਪੋਥੀ ਤੋਂ ਹੁੰਦੀ ਹੈ ਜੋ ਝੰਗ ਦੇ ਇਲਾਕੇ ਦੇ ਗੁਰਦੁਆਰਾ ਗੁਰੂ ਸਰ ਵਿਚ ਹੁੰਦੀ ਸੀ। ਇਸ ਵਿਚ ਉਨ੍ਹਾਂ ਇਲਾਜਾਂ ਦਾ ਜ਼ਿਕਰ ਸੀ ਜੋ ਗੁਰੂ ਸਾਹਿਬ ਦੇ ਵੈਦ ਹਕੀਮ ਫਟੜਾਂ ਨੂੰ ਰਾਜ਼ੀ ਕਰਨ ਲਈ ਕਰਦੇ ਸਨ।

ਜੁਗ ਜੁਗ ਜ਼ਿੰਦਾ ਛਾਪ

ਇਹ ਸਭ ਕੁਝ ਉਸ ਉੱਚੇ ਸੁੱਚੇ ਆਦਰਸ਼ ਤੇ ਅਦੁੱਤੀ ਟੀਚੇ ਲਈ ਕੀਤਾ ਗਿਆ ਜੋ ਗੁਰੂ ਗੋਬਿੰਦ ਸਿੰਘ ਨੇ ਸਿੰਘਾਂ ਦੇ ਸਾਹਮਣੇ ਰੱਖਿਆ। ਪ੍ਰੇਮ ਸੁਮਾਰਗ ਅਨੁਸਾਰ, ਖ਼ਾਲਸੇ ਨੂੰ ਕਮਰਕਸਾ ਸਜਾ ਕੇ ਸ਼ਸਤਰਾਂ ਨਾਲ ਸਨੱਧਬੱਧ ਰਹਿਣਾ ਚਾਹੀਦਾ ਹੈ। ਉਹ ਦਿਸਣ ਵਿੱਚ ਗਊ ਹੋਵੇ ਪਰ ਦਿਲੋਂ ਸ਼ੇਰ ਦੀ ਨਿਆਈਂ, ਜਦ ਉਹ ਤੱਕੇ ਕਿ ਦੁਸ਼ਟ ਜਨਤਾ ਨੂੰ ਦੁਖਾਉਣੋਂ ਨਹੀਂ ਹਟਦੇ ਅਤੇ ਰਾਜਾ ਨਿਆਂ ਨਹੀਂ ਕਰਦਾ, ਤਦ ਇਉਂ ਆਨ ਬਣੀ ਤੇ ਖ਼ਾਲਸਾ ਸ਼ਸਤਰ ਚੁੱਕੇ ਕਿਉਂਕਿ ਅੰਤ ਦੀ ਬਾਕੀ ਇਹੋ ਇੱਕੋ ਇਕ ਉਪਾਅ ਹੈ, 'ਦੁਸ਼ਟ ਦੋਖੀਅਨ' ਨੂੰ 'ਪਛਾੜਨ' ਦਾ ਅਤੇ 'ਧਰਮ ਬਿਸਥਾਰਨ' ਦਾ। ਇਹ ਇਨਕਲਾਬੀ ਕਾਰਜ ਇਨਕਲਾਬੀ ਸਾਧਨ 'ਦੁਸ਼ਟਾਂ ਹੱਥੋਂ ਸਤਾਏ ਹੋਏ ਦੁਖੀਆਂ ਦੀ ਅਣਖ ਨੂੰ ਜਗਾ ਕੇ ਸੁਸ਼ਤਰ ਕਰਕੇ ਸੰਪੰਨ ਕੀਤਾ ਗਿਆ। ਅਖੌਤੀ ਅਸੈਨਿਕ ਜਾਤੀਆਂ (Non Martial Races) ਨੇ ਗੁਰੂ ਸਾਹਿਬ ਦੀ ਅਗਵਾਈ ਹੇਠ ਅਤੇ 'ਗੁਰੂ ਮੇਰੇ ਸੰਗ ਸਦਾ ਹੈ ਨਾਲੇ' ਦੇ ਦ੍ਰਿੜ ਵਿਸ਼ਵਾਸ ਨਾਲ ਉਨ੍ਹਾਂ ਸੈਨਿਕ ਪਰੰਪਰਾਆਂ ਨੂੰ ਜਨਮ ਦਿੱਤਾ ਜਿਨ੍ਹਾਂ ਨੇ ਭਾਰਤ ਦਾ ਇਤਿਹਾਸ ਬਦਲ ਕੇ ਰੱਖ ਦਿੱਤਾ। ਸਿੱਖ ਸੈਨਿਕ ਸ਼ਕਤੀ ਨੇ ਗੁਰੂ ਅਰਜਨ ਦੇ ਕਲਪੇ ਹਲੇਮੀ ਰਾਜ ਦੀ ਸਥਾਪਨਾ ਲਈ ਪੰਜਾਬ 'ਚੋਂ ਮੁਗ਼ਲ ਅਤੇ ਅਬਦਾਲੀ ਹਕੂਮਤ ਦੀਆਂ ਜੜ੍ਹਾਂ ਪੁੱਟ ਸੁੱਟੀਆਂ। ਇਸ ਕਾਰਜ ਲਈ ਉਨ੍ਹਾਂ ਨੂੰ ਸਿਰ ਧੜ ਦੀਆਂ ਬਾਜ਼ੀਆਂ ਲਾ ਕੇ ਰਣ ਤੱਤਿਆਂ ਵਿਚ ਉਤਰਨਾ ਪਿਆ। ਇਤਿਹਾਸਕਾਰ ਹੈਰਾਨ ਹੋ ਕੇ ਆਖਦੇ ਹਨ ਕਿ ਪਤਾ ਨਹੀਂ ਬੰਦੂਕ ਸਿੱਖ ਲਈ ਬਣੀ ਹੈ ਜਾਂ ਸਿੱਖ ਬੰਦੂਕ ਲਈ। ਉਨ੍ਹਾਂ ਦੀ

ਗੋਲੀ ਨੌਂ ਸੌ ਕਦਮ ਦੀ ਖ਼ਬਰ ਲਿਆਉਂਦੀ ਹੈ। ਕਾਜ਼ੀ ਨੂਰ ਮੁਹੰਮਦ ਅਨੁਸਾਰ "ਸਿੱਖ ਯੁੱਧ ਵਿਚ ਸ਼ੇਰ ਹਨ ਤੇ ਆਪਣੇ ਸਮੇਂ ਹਾਤਮ ਨਾਲੋਂ ਵਧੇਰੇ ਸਖ਼ੀ। ਜਦ ਉਹ ਹੱਥ ਵਿਚ ਤਲਵਾਰ ਫੜਦੇ ਹਨ ਤਾਂ ਉਹ ਹਿੰਦ ਤੋਂ ਸਿੰਧ ਤੱਕ ਦਾ ਇਲਾਕਾ ਫ਼ਤਹ ਕਰ ਲੈਂਦੇ ਹਨ।" ਅੱਠ੍ਹਾਰਵੀਂ ਸਦੀ ਦੇ ਭਾਰਤ ਵਿਚ ਉਭਰ ਰਹੀ ਅੰਗਰੇਜ਼ੀ ਸ਼ਕਤੀ ਦੇ ਇਕ ਪ੍ਰਤੀਨਿਧ ਜਰਨੈਲ ਬਾਰਕਰ ਨੇ 1777 ਵਿਚ ਅਹਿਮਦਸ਼ਾਹ ਅਬਦਾਲੀ ਦੇ ਜਾਲ-ਸ਼ਿਨਾਂ ਦੇ ਹਮਲਿਆਂ ਦੇ ਸੰਦਰਭ ਵਿਚ ਆਖਿਆ ਸੀ: "ਇਹ ਗੱਲ ਸਪਸ਼ਟ ਹੈ ਕਿ ਜਦ ਤੱਕ ਖਾਲਸਾ ਦਲ ਦੇਸ਼ ਵਿਚ ਸਾਵਧਾਨ ਹੈ, ਤਦ ਤੱਕ ਕੋਈ ਹਮਲਾ-ਆਵਰ ਹਿੰਦੁਸਤਾਨ ਉਤੇ ਹਮਲਾ ਕਰ ਕੇ ਸੁੱਕਾ ਬਚ ਕੇ ਨਹੀਂ ਜਾ ਸਕਦਾ।" ਇਸ ਗੱਲ ਤੋਂ 70 ਸਾਲ ਬਾਦ ਜਦ ਪੰਜਾਬ ਦੀ ਆਜ਼ਾਦੀ ਦਾ ਦੀਵਾ ਅੰਗਰੇਜ਼ੀ ਨਾਗ ਦੀ ਫੂੰਕਾਰ ਨਾਲ ਬੁਝਿਆ ਉਦੋਂ ਲਾਰਡ ਗਫ਼ ਕਮਾਂਡਰ ਇਨ ਚੀਫ਼ ਨੇ ਸਿੱਖ ਸੈਨਿਕਾਂ ਦੀ ਸਰਫਰੋਸ਼ੀ ਬਾਰੇ ਭਰੇ ਦਿਲ ਨਾਲ ਆਖਿਆ ਸੀ: "ਮੈਨੂੰ ਨੀਤੀ ਆਗਿਆ ਨਹੀਂ ਸੀ ਦਿੰਦੀ ਕਿ ਮੈਂ ਆਪਣੇ ਹਾਰੇ ਹੋਏ ਦੁਸ਼ਮਣ (ਸਿੱਖਾਂ) ਦੀ ਸ਼ਾਨਦਾਰ ਬਹਾਦਰੀ ਦਾ ਖੁੱਲ੍ਹੇਆਮ ਪ੍ਰਗਟਾਵਾ ਕਰਦਾ ਜਾਂ ਜੋ ਸੂਰਬੀਰਤਾ ਉਨ੍ਹਾਂ ਵਿਚੋਂ ਹਰ ਇਕ ਨੇ-ਭਾਵੇਂ ਉਹ ਸਰਦਾਰ ਸੀ ਜਾਂ ਸਿਪਾਹੀ—ਇਕੱਲੇ-ਇਕੱਲੇ ਜਾਂ ਮਿਲਵੇਂ ਤੌਰ 'ਤੇ ਵਿਖਾਈ ਸੀ, ਉਸ ਸੰਬੰਧੀ ਆਪਣੇ ਜਜ਼ਬਾਤ ਉਘਾੜਦਾ, ਪਰੰਤੂ ਮੈਂ ਇਹ ਕਹਿਣੋ ਨਹੀਂ ਰਹਿ ਸਕਦਾ ਕਿ ਜੇਕਰ ਉਨ੍ਹਾਂ ਨੂੰ ਮਾਰਨ ਵਿਚ ਮੇਰੇ ਆਪਣੇ ਮੁਲਕ ਦੇ ਭਲੇ ਦਾ ਸਵਾਲ ਨਾ ਹੁੰਦਾ ਤਾਂ ਮੈਂ ਅਜਿਹੇ ਬਹਾਦਰਾਂ ਦੀ ਜਮਾਤ ਦੀ, ਜਿਸ ਨੇ ਆਪਣਾ ਸਭ ਕੁਝ ਸਿੱਖੀ ਦੇ ਨਾਮ ਤੇ ਕੁਰਬਾਨ ਕਰ ਦਿੱਤਾ ਹੋਇਆ ਸੀ, ਅਜਿਹੀ ਡਰਾਉਣੀ ਮੌਤ ਉਤੇ ਖ਼ੂਨ ਦੇ ਹੰਝੂ ਰੋਂਦਾ। ਅਜੋਕੇ ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ ਦੇ ਸ਼ਬਦਾਂ ਵਿੱਚ 'ਸਿੱਖ ਉਸ ਜੰਗੀ ਹੁਨਰ ਦੇ ਮਾਲਕ ਹਨ ਜਿਸ ਵਿਚ ਫੁਰਤੀਲੀ ਬਾਰੀਕਬਾਨੀ, ਪੇਸ਼ਾਵਰੀ ਅਤੇ ਨਿਸ਼ਕਾਮਤਾ ਨਾਲ ਆਪਣੇ ਆਗੂਆਂ ਦੇ ਝੰਡੇ ਹੇਠ ਜੂਝਣ ਦਾ ਸੁਮੇਲ ਹੈ, ਅੱਜ ਤੱਕ ਉਹ ਦੇਸ਼ ਦੀ ਹਰ ਔਕੜ ਸਮੇਂ ਆਪਣੀ ਰਣ ਕੌਸ਼ਲਤਾ ਦਾ ਪਰਿਚਯ ਦਿੰਦੇ ਰਹੇ ਹਨ। ਪੰਝੀ ਸਾਲਾਂ ਵਿੱਚ ਆਜ਼ਾਦ ਹਿੰਦ ਫੌਜ ਤੋਂ ਲੈ ਕੇ ਚੀਨ ਅਤੇ ਪਾਕਿਸਤਾਨ ਦੇ ਹਮਲਿਆਂ ਤੱਕ ਉਨ੍ਹਾਂ ਨੇ ਆਪਣੀਆਂ ਸੈਨਿਕ ਪਰੰਪਰਾਆਂ ਨੂੰ ਕਾਇਮ ਰੱਖਿਆ ਹੈ ਅਤੇ ਅੱਜ ਵੀ ਦੇਸ਼ ਦੀਆਂ ਸਰਹੱਦਾਂ ਉਤੇ ਸਿੰਘ ਇਕ ਹੱਥ ਹਲ ਦੀ ਹੱਥੀ ਉਤੇ ਰੱਖ ਕੇ ਮੋਢੇ ਉਤੇ ਕਾਰਤੂਸਾਂ ਭਰੀ ਦੁਨਾਲੀ ਬੰਦੂਕ ਪਾ ਕੇ ਦੇਸ਼ ਦੀ ਰਖਿਆ ਕਰਨ ਅਤੇ ਅੰਨ ਉਗਾਉਣ ਦੀ ਦੋਹਰੀ ਸੇਵਾ ਕਰ ਰਹੇ ਹਨ। ਇਸ ਮਹਾਨ ਕਾਰਜ ਪਿੱਛੇ ਕਲਗੀਧਰ ਦਸ਼ਮੇਸ਼ ਪਿਤਾ ਦੀ ਆਤਮਕ ਅਗਵਾਈ ਧੜਕਦੀ ਹੈ। ਇਸ ਢਾਈ ਕੁ ਸੌ ਸਾਲ ਪੁਰਾਣੀ ਪਰ ਸਦਾ ਨਵੀਂ ਨਰੋਈ ਰਵਾਇਤ ਦੀ ਜਿੰਦ ਜਾਨ ਇਸ ਈਮਾਨ ਉਤੇ ਆਧਾਰਿਤ ਹੈ ਕਿ ਸਿੰਘ ਸਦਾ ਸਵਾ ਲੱਖ ਉਤੇ ਭਾਰੂ ਹੈ, ਗੁਰੂ ਗੋਬਿੰਦ ਸਿੰਘ ਸਦਾ ਖਾਲਸੇ ਦੇ ਅੰਗ ਸੰਗ ਹੈ। ਖ਼ਾਲਸਾ ਵਾਹਿਗੁਰੂ ਦਾ ਹੈ, ਇਸ ਲਈ ਖਾਲਸੇ ਦੀ ਫ਼ਤਹ ਵਾਹਿਗੁਰੂ ਦੀ ਫ਼ਤਹ ਹੈ। ਇਸ ਮਹਾਨ ਆਦਰਸ਼ ਦੀ ਪੂਰਤੀ ਅਤੇ ਇਤਿਹਾਸਕ ਕਾਰਜ ਦੀ ਸਫਲ ਸੰਪੰਨਤਾ ਨੂੰ ਮੁਖ ਰੱਖ ਕੇ, ਇੰਦੂ ਭੂਸ਼ਨ ਬੈਨਰਜੀ ਦੇ ਸ਼ਬਦਾਂ ਵਿਚ ਫ਼ਖਰ ਨਾਲ ਆਖਿਆ ਜਾ ਸਕਦਾ ਹੈ ਕਿ ਨਿਰਸੰਦੇਹ ਗੁਰੂ ਗੋਬਿੰਦ ਸਿੰਘ ਜੀ ਨੂੰ ਹਰ ਯੁਗ ਦਾ ਸਭ ਤੋਂ ਮਹਾਨ ਭਾਰਤੀ ਗਿਣਿਆ ਜਾ ਸਕਦਾ ਹੈ। ਜਿਸ ਮੰਤਵ ਦੀ ਪੂਰਤੀ ਲਈ ਉਨ੍ਹਾਂ ਪ੍ਰਯਤਨ ਕੀਤਾ ਉਹ ਮਹਾਨਤਮ ਅਤੇ ਪ੍ਰਸ਼ੰਸਨੀਯ ਸੀ ਅਤੇ ਇਸ ਲਈ ਜੋ ਸਾਧਨ ਉਨ੍ਹਾਂ ਵਰਤੇ ਉਹ ਕੋਈ ਆਲੀ ਦਿਮਾਗ ਹੀ ਸੁਝਾ ਸਕਦਾ ਸੀ।

ਸਹਾਇਕ ਸੋਮੇ

1. Evolution of the Khalsa by I.B. Bannerjee.
2. ਪਾਤਸ਼ਾਹੀ 9 ਅਤੇ 10 ਦੇ ਦੌਰਿਆਂ ਦੀ ਸਾਖੀ।
3. ਬਚਿੱਤ੍ ਨਾਟਕ
4. ਜ਼ਫ਼ਰਨਾਮਾ
5. ਫ਼ਤਹਨਾਮਾ
6. ਤਨਖ਼ਾਹਨਾਮਾ ਭਾਈ ਨੰਦ ਲਾਲ।
7. Banda Singh Bahadur by Ganda Singh.
8. ਗੁਰੂ ਗੋਬਿੰਦ ਸਿੰਘ ਤੀਜੀ ਜਨਮ ਸ਼ਤਾਬਦੀ ਅੰਕ (ੳ) ਸਮੇਂ ਦੀ ਵੰਗਾਰ (ਅ) ਸਿੱਖ ਰੀਵੀਊ।
9. Guru Gobind singh by Dr. Gopal Singh M.P.
10. ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ
11. ਪੰਥ ਪ੍ਰਕਾਸ਼ ਕ੍ਰਿਤ ਭਾਈ ਰਤਨ ਸਿੰਘ ਭੰਗੂ।
12. History of the Sikhs (1709-1799) by Dr. H.R. Gupta.

'ਗੁਰਮਤਿ ਪ੍ਰਕਾਸ਼'-ਮਈ 1967

ਦਸਮੇਸ਼ ਜੀ ਦੇ ਦਰਬਾਰੀ ਕਵੀ

ਕਿਸੇ ਕੌਮ, ਮੁਲਕ ਜਾਂ ਜਮਾਇਤ ਲਈ ਸ਼ਾਇਰ ਦੀ ਹਸਤੀ ਓਨੀ ਜ਼ਰੂਰੀ ਹੈ ਜਿੰਨੀ ਹਨੇਰੇ ਵਿੱਚ ਦੀਵੇ ਦੀ, ਉਹ ਆਪਣੀ ਇਨਕਲਾਬੀ ਰੁਚੀ ਅਤੇ ਅਗਾਂਹ-ਵਧੂ ਖਿਆਲਾਂ ਦੇ ਸਦਕੇ ਸਦਾ ਹੀ ਜਨਤਾ ਦਾ ਆਗੂ ਅਤੇ ਸਰਵਪ੍ਰੀਯ ਬਣਿਆ ਰਿਹਾ ਹੈ। ਉਹਨੇ ਕੌਮਾਂ ਨੂੰ ਉਥਾਨ ਦੀ ਪ੍ਰੇਰਨਾ ਦਿੱਤੀ ਅਤੇ ਪਤਨ ਦੀ ਜਿਲਣ ਤੋਂ ਕੱਢਿਆ। ਅਮਨ, ਜੰਗ, ਖੁਸ਼ਹਾਲੀ, ਅਮਨ ਅਤੇ ਬਦਬਖਤੀ ਸਮੇਂ ਜਨਤਾ ਦੀ ਤਰਜਮਾਨੀ, ਪ੍ਰਤੀਨਿਧਤਾ ਅਤੇ ਅਗਵਾਈ ਕਰਨ ਵਿਚ ਉਹ ਕਿਸੇ ਨਾਲੋਂ ਪਿਛੇ ਨਹੀਂ ਰਿਹਾ। ਪੰਜਾਬ ਦੀ ਖੁਸ਼ ਕਿਸਮਤੀ ਹੈ ਅਤੇ ਉਹਨੂੰ ਫ਼ਖ਼ਰ ਵੀ ਹੈ ਕਿ ਉਹਨੇ ਹਰ ਦੌਰ ਵਿਚ ਇਨਕਲਾਬੀ ਸ਼ਾਇਰਾਂ ਨੂੰ ਜਨਮ ਦਿੱਤਾ। ਵੇਦ ਦੀਆਂ ਰਿਚਾਂ ਅਤੇ ਗੀਤਾਂ ਦੇ ਸੱਤ ਸੌ ਸਲੋਕਾਂ ਦੇ ਰਚਨ-ਹਾਰਾਂ ਦੀ ਜਨਮ ਭੂਮੀ ਨੇ ਜਿਥੇ ਪਾਨਿਨੀ ਵਰਗਾ ਵਿਆਕਰਨ ਕਾਰ ਅਤੇ ਚਾਣੱਕਯ ਵਰਗਾ ਨੇਤੀ ਵੇਤਾ ਪੈਦਾ ਕੀਤਾ ਉਥੇ ਚਰਪਟ ਨਾਥ, ਫਰੀਦ, ਬੁੱਲ੍ਹੇਸ਼ਾਹ, ਗੁਰੂ ਨਾਨਕ, ਚੰਦਰ ਬਰਦਾਈ, ਭਾਈ ਗੁਰਦਾਸ, ਭਾਈ ਸੰਤੋਖ ਸਿੰਘ ਤੇ ਛੱਜੂ ਵਰਗੇ ਉੱਚ ਕੋਟੀ ਦੇ ਕਵੀਆਂ ਨੂੰ ਆਪਣੀ ਗੋਦੇ ਖਿਲਾਇਆ। ਗੁਰੂ ਨਾਨਕ ਦੇਵ ਜੀ ਦੇ ਉਤਰਾਧਿਕਾਰੀਆਂ ਨੇ ਕਵਿਤਾ ਦੀ ਨਵੀਂ ਟਕਸਾਲ ਕਾਇਮ ਕੀਤੀ ਤੇ ਨਵੀਨ ਪਰਪਾਟੀ ਪਾਈ। ਗੁਰੂ ਗੋਬਿੰਦ ਸਿੰਘ ਜੀ ਨੇ ਜਿਥੇ ਪਹਿਲੇ ਕਾਇਮ ਹੋਈ ਟਕਸਾਲ ਨੂੰ ਤਰੱਕੀ ਤੋਂ ਤਕੜਾਈ ਦਿੱਤੀ, ਓਥੇ ਓਹਦੇ ਵਾਧੇ ਤੇ ਪੂਰਣਤਾ ਨੂੰ ਮੁਖ ਰੱਖਦਿਆਂ ਨਵੇਂ ਸਿੱਕਿਆਂ ਦੇ ਨਵੇਂ ਸਾਂਚੇ ਤੇ ਢਾਂਚੇ ਬਣਾਏ। ਦੇਸ਼ ਦੇ ਗੁੰਮ ਹੋ ਰਹੇ ਪ੍ਰਾਚੀਨ, ਦੁਰਲੱਭ ਸਾਹਿਤ ਨੂੰ ਇਕ ਥਾਂ ਕਰਕੇ ਜਨਤਾ ਦੀ ਭਾਸ਼ਾ ਵਿਚ ਅਨੁਵਾਦ ਕਰਕੇ ਤੇ ਕਰਵਾਕੇ ਮੁਲਕ ਤੇ ਕੌਮ ਦੀ ਵਡਮੁਲੀ ਸੇਵਾ ਕੀਤੀ। ਰਾਮਾਇਣ, ਭਾਗਵਤ ਪੁਰਾਣ, ਮਹਾਂ ਭਾਰਤ ਦੇ ਕੁਝ ਅੰਸ਼, ਵਿਸ਼ਨੂੰ ਅਤੇ ਸ਼ਿਵ ਦੇ ਅਵਤਾਰਾਂ ਦੀ ਕਥਾ, ਮਾਰਕੰਡੇ ਪੁਰਾਣ ਆਦਿ ਦਾ ਟੀਕਾ ਆਪਨੇ ਖੁਦ ਕੀਤਾ ਜੋ ਦਸਮ ਗਰੰਥ ਵਿਚ ਚੌਵੀ ਅਵਤਾਰਾਂ ਦੀ ਕਥਾ, ਚਰਿਤ੍ਰੋ ਪਖਿਆਨ, ਚੰਡੀ ਦੀ ਵਾਰ, ਚੰਡੀ ਚਰਿੱਤਰ ਤੇ ਗਿਆਨ ਪ੍ਰਬੋਧ ਦੀ ਸ਼ਕਲ ਵਿਚ ਮਿਲਦਾ ਹੈ। ਬਾਕੀ ਕੰਮ ਯਾਨੀ ਮਹਾਂਭਾਰਤ ਦੇ ਬਹੁਤ ਸਾਰੇ ਪਰਬਾਂ, ਪਿੰਗਲ, ਪੰਜ ਤੰਤਰ ਆਦਿ ਦੇ ਅਨੁਵਾਦ ਆਪਣੇ ਦਰਬਾਰੀ ਕਵੀਆਂ ਤੋਂ ਕਰਵਾਏ।

ਪਾਉਂਟੇ ਅਤੇ ਅਨੰਦਪੁਰ ਵਿਚ ਆਪਦੀ ਸੇਵਾ ਵਿਚ ਬਹੁਤ ਸਾਰੇ ਕਵੀ, ਕੋਵਿਦ ਅਤੇ ਵਿਦਵਾਨ ਨਵੇਂ ਸਾਹਿਤ ਦੀ ਸਾਜਨਾ ਲਈ ਅਤੇ ਪੁਰਾਣੇ ਸਾਹਿਤ ਦੀ ਸੰਭਾਲ ਖਾਤਰ ਮੌਜੂਦ ਰਹਿੰਦੇ ਸਨ, ਇਨ੍ਹਾਂ ਦੀ ਗਿਣਤੀ ਆਮ ਤੌਰ 'ਤੇ ਬਵੰਜਾ ਆਖੀ ਜਾਂਦੀ ਹੈ:—

(1) ਉਦੇ ਰਾਮ (2) ਅਲੂ (3) ਆਸਾ ਸਿੰਘ (4) ਆਲਮ (5) ਅਲੀ ਹੁਸੈਨ (6) ਅੰਮ੍ਰਿਤ ਰਾਏ (7) ਈਸ਼ਵਰ (8) ਸੁਖਾ ਸਿੰਘ (9) ਸੁਖਦੇਵ (10) ਸੁਖੁ (11) ਸੁਖੀਆ (12) ਸੁਦਾਮਾ (13) ਸੈਨਾਪਤੀ (14) ਹੰਸ ਰਾਮ (15) ਕਲੂਆ (16) ਕੁੰਵਰੇਸ਼ (17) ਖਾਨ

ਚੰਦ (18) ਗੁਣੀਆ, (19) ਗੁਰਦਾਸ (20) ਚੰਦਨ (21) ਚੰਦਾ (22) ਧਰਮ ਸਿੰਘ (23) ਧਿਆਨ ਸਿੰਘ (24) ਧੰਨਾ ਸਿੰਘ (25) ਨਿਹਾਲ ਚੰਦ (26) ਨੰਦ ਲਾਲ (27) ਨੰਦ ਸਿੰਘ (28) ਪਿੰਡੀ ਲਾਲ (29) ਬੱਲਭ (30) ਬਲੂ (31) ਬਿਧੀ ਚੰਦ (32) ਬਿਰਖਾ (33) ਬ੍ਰਿਜ ਲਾਲ (34) ਮਦਨ ਗਿਰੀ (35) ਮਸੂ (36) ਮਾਨ ਚੰਦ (37) ਮਾਲਾ ਸਿੰਘ (38) ਮੰਗਲ (39) ਮਾਨ ਦਾਸ (40) ਰਾਵਲ (41) ਲੱਖਾ (42) ਅਣੀ ਰਾਏ (43) ਸ਼ਿਆਮ (44) ਸੁੰਦਰ (45) ਸੋਹਣ (46) ਹੀਰ (47) ਟਹਿਕਣ (48) ਦਯਾ ਸਿੰਘ (49) ਨਾਨੂੰ (50) ਨਿਸ਼ਚਲ ਦਾਸ (51) ਰਾਮ ਚੰਦਰ (52) ਰੌਸ਼ਨ ਸਿੰਘ।

ਭਾਈ ਹਜ਼ੂਰਾ ਸਿੰਘ ਗਰੰਥੀ ਹਜ਼ੂਰ ਸਾਹਿਬ (ਦੱਖਣ) ਦੇ ਪਾਸ ਇਕ ਉਦਾਸੀ ਸਾਧੂ ਦੀਆਂ ਯਾਦਦਾਸ਼ਤਾਂ ਦਾ ਇਕ ਲਿਖਤੀ ਖਰੜਾ ਹੈ, ਉਸ ਵਿਚ ਲਿਖਿਆ ਹੈ ਕਿ ਭੰਗਾਣੀ ਦੇ ਯੁੱਧ ਮਗਰੋਂ ਮਾਖੋਵਾਲ ਨੂੰ ਮੁੜ ਆਬਾਦ ਕਰਕੇ ਜਿਥੇ ਜੰਗੀ ਸਾਜ਼ੋ ਸਾਮਾਨ ਤਿਆਰ ਕਰਨ ਲਈ ਦੂਰੋਂ ਦੂਰੋਂ ਕਾਰੀਗਰ ਤੇ ਹੁਨਰਮੰਦ ਇਕੱਠੇ ਹੋਏ, ਉਥੇ ਕਈ ਇਲਮ ਹੁਨਰ ਜਾਣਨ ਵਾਲੇ ਮਾਹਰ ਵੀ ਬੁਲਾਏ ਗਏ, ਸੰਸਕ੍ਰਿਤ ਵਿਦਿਆ ਦੇ ਪੰਡਿਤ ਆਏ, ਲਿਖਾਰੀਆਂ ਦੀ ਗਿਣਤੀ ਅੱਸੀ ਤੋਂ ਘਟ ਨਹੀਂ ਸੀ। ਗੁਰਪੁਰਬਾਂ ਸਮੇਂ ਗੁਰਬਾਣੀ ਦੀਆਂ ਪੋਥੀਆਂ ਲਿਖਵਾ ਕੇ ਵੰਡੀਆਂ ਜਾਂਦੀਆਂ ਸਨ। ਪੰਡਤ ਅਤੇ ਆਲਮ ਸਿੱਖਾਂ ਨੂੰ ਭਾਂਤ ਭਾਂਤ ਦੀ ਸਿੱਖਿਆ ਦਿੰਦੇ ਸਨ, ਸੰਸਕ੍ਰਿਤ ਤੋਂ ਛੁਟ ਅਰਬੀ ਫਾਰਸੀ ਦੇ ਗਿਆਤਾ ਵੀ ਮੌਜੂਦ ਸਨ, ਘਟੋ ਘੱਟ ਪੰਜ ਕਾਜ਼ੀ ਮਾਹਾਨਾ ਤਨਖਾਹ 'ਤੇ ਰੱਖੇ ਗਏ ਸਨ ਜੋ ਅਰਬੀ ਫਾਰਸੀ ਦੀ ਤਾਲੀਮ ਦੇਣ ਤੋਂ ਬਿਨਾਂ ਇਨ੍ਹਾਂ ਬੋਲੀਆਂ ਦੇ ਗਰੰਥਾਂ ਦਾ ਅਨੁਵਾਦ ਵੀ ਕਰਦੇ ਸਨ। (ਖਾਲਸਾ ਸਮਾਚਾਰ, ਗੁਰਪੁਰਬ ਐਡੀਸ਼ਨ, 16 ਜਨਵਰੀ 1940)।

ਇਨ੍ਹਾਂ ਆਲਮਾਂ ਤੇ ਕਵੀਆਂ ਵਿਚੋਂ ਕੁਝ ਮੁਤਸੱਦੀ, ਖੁਸ਼ਨਵੀਸ ਤੇ ਮੁਨਸ਼ੀ ਵੀ ਸਨ, ਜਿਨ੍ਹਾਂ ਦੀ ਗਿਣਤੀ 36 ਦੱਸੀ ਜਾਂਦੀ ਹੈ। ਰੌਸ਼ਨ ਸਿੰਘ ਤੇ ਆਸਾ ਸਿੰਘ ਕਵੀ ਤੇ ਮੁਤਸੱਦੀ ਵੀ ਸਨ। ਧੰਨਾ ਸਿੰਘ ਹਜ਼ੂਰ ਦੇ ਅਸਤਬਲ ਦਾ ਦਰੋਗਾ ਸੀ, ਭਾਈ ਨੰਦ ਲਾਲ ਗੋਇਆ ਆਪ ਦਾ ਦੀਵਾਨ, ਸਫੀਰ ਅਤੇ ਲਾਂਗਰੀ ਵੀ ਸੀ।

ਗੋਇਆ ਜੀ ਨੇ ਆਪ ਦੀ ਉਚੀ ਸ਼ਾਨ ਵਿਚ ਫਾਰਸੀ ਕਲਾਮ ਲਿਖਿਆ ਹੈ। ਆਪ ਦੀਆਂ ਪ੍ਰਸਿੱਧ ਰਚਨਾਵਾਂ ਜ਼ਿੰਦਗੀ ਨਾਮਾਂ, ਜੋਤ ਵਿਗਾਸ, ਅਰੂਜ਼ੁਲ ਅਲਿਫਾਜ਼ਾ, ਜ਼ਿੰਦਗੀ ਨਾਮਾ ਦਾ ਅਸਲੀ ਨਾਓਂ ਬੰਦਗੀ ਕੰਦਲਾ ਸੀ, ਹਜ਼ੂਰ ਨੇ ਜ਼ਿੰਦਗੀਨਾਮਾ ਰਖਿਆ, ਅਣੀ ਰਾਏ ਨੇ ਆਪਦਾ ਜੰਗਨਾਮਾ ਨਜ਼ਮ ਕੀਤਾ ਤੇ ਚਾਣਕ ਨੀਤੀ ਦਾ ਮੁਕੰਮਲ ਤਰਜ਼ਮਾ ਕੀਤਾ। ਆਲਮ ਨੇ ਨਾਮ ਕੰਦਲਾ, ਗੁਰਦਾਸ ਨੇ ਆਪਦੀ ਵਾਰ ਲਿਖੀ, ਸੈਨਾਪਤੀ ਨੇ ਗੁਰੂ ਸੋਭਾ ਲਿਖੀ, ਹੰਸ ਰਾਮ ਨੇ ਮਹਾਂ ਭਾਰਤ ਦੇ ਕਰਣ ਪਰਵ ਦੀ ਭਾਖਾ ਕੀਤੀ ਜੋ ਮਾਘ ਵਦੀ ਦੂਜ, ਮੰਗਲਵਾਰ 1752 ਬਿਕਰਮੀ ਨੂੰ ਆਰੰਭ ਹੋਈ। ਇਸ ਦਾ ਇਵਜ਼ਾਨਾ ਸੱਠ ਹਜ਼ਾਰ ਟਕਾ ਸੀ। ਇਨਾ ਈ ਇਵਜ਼ਾਨਾ ਅੰਮ੍ਰਿਤ ਰਾਏ ਨੂੰ ਸਭਾ ਪਰਬ ਲਈ ਦਿੱਤਾ—

ਪ੍ਰਥਮ ਕ੍ਰਿਪਾ ਕਰ ਰਾਖ ਮੋਹਿ ਗੁਰੂ ਗੋਬਿੰਦ ਉਦਾਰ
ਟਕਾ ਕਰੇ ਬਖਸੀਸ ਤਬ ਮੋਕੋ ਸਾਠ ਹਜ਼ਾਰ।

ਮੰਗਲ ਨੇ ਸ਼ਲਯ ਪਰਬ

ਗੁਰੂ ਗੋਬਿੰਦ ਮਨ ਹਰਖ ਹ੍ਵੈ ਮੰਗਲ ਲਿਯੋ ਬੁਲਾਇ
ਸ਼ਲਸ ਪਰਬ ਆਗਿਆ ਕਰੀ ਲੀਜੈ ਤੁਰਤ ਬਨਾਇ
ਸੰਬਤ ਸਤ੍ਰਹਿ ਸੈ ਬਰਖ ਤ੍ਰੰਪਨ ਬੀਤਨ ਹਾਰ
ਮਾਧਵ ਰਿਤੂ ਤਿਥੁ ਤ੍ਰੋਦਸੀ ਤਾ ਦਿਨ ਮੰਗਲਵਾਰ
ਸ਼ਲਯ ਪਰਬ ਭਾਖਾ ਭਯੋ ਗੁਰ ਗੋਬਿੰਦ ਕੇ ਰਾਜ
ਅਰਬ ਖਰਬ ਬਹੁ ਦਰਬਦੈ ਕਰ ਕਾਵਿ ਜਨ ਕੋ ਕਾਜ।
ਜੌਲੌਂ ਧਰਨਿ ਅਕਾਸ ਗਿਰਿ ਚੰਦ ਸੂਰ ਸੁਰ ਇੰਦ,
ਤੌਲੋਂ ਚਿਰਜੀਵੈ ਜਗਤ ਸਾਹਿਬ ਗੁਰੂ ਗੋਬਿੰਦ॥

ਟਹਿਕਣ ਨੇ ਅਸਵਮੇਧ ਤੇ ਕੁੰਵਰੇਸ਼ ਨੇ ਦ੍ਰੋਣ ਪਰਬ ਆਦਿ ਦਾ ਅਨੁਵਾਦ ਕੀਤਾ

ਸੰਮਤ ਸਤ੍ਰਹ ਸੈ ਅਧਿਕ ਬਾਵਨ ਬੀਤੇ ਔਰ
ਤਾ ਮੈ ਕਵਿ ਕੁਵਰੇਸ਼ ਯਹ ਕਿਯੋ ਗ੍ਰੰਥ ਕੋ ਡੋਰ।

ਲਾਹੌਰ ਦੇ ਤਨਸੁਖ ਰਾਏ ਨੇ ਪੰਚ ਤੰਤਰ ਦੀ ਭਾਖਾ ਕੀਤੀ ਅਤੇ ਆਗਰੇ ਦੇ ਗਿਰਧਾਰੀ ਲਾਲ ਤੋਂ ਪਿੰਗਲ ਦਾ ਗਰੰਥ ਲਿਖਵਾਇਆ। ਇਸ ਤੋਂ ਬਿਨਾਂ ਗੁਰੂ ਸਾਹਿਬ ਦੀ ਉੱਜਲ ਕੀਰਤੀ ਤੇ ਯਸ਼ ਵਜੋਂ ਜੋ ਕੁਝ ਇਨ੍ਹਾਂ ਲਿਖਾਰੀਆਂ ਲਿਖਿਆ ਤੇ ਉਚਾਰਿਆ ਓਹ ਅੱਡ ਹੈ, ਅਜਿਹੀਆਂ ਅਮੋਲਕ ਰਚਨਾਵਾਂ ਦਾ ਵਜ਼ਨ ਨੌਂ ਮਣ ਦੇ ਲਗਭਗ ਸੀ, ਇਨ੍ਹਾਂ ਦੇ ਸੰਚਯ ਦਾ ਨਾਮ ਵਿਦਯਾ ਸਾਗਰ ਜਾਂ ਵਿਦਯਾ ਸਰ ਰੱਖਿਆ ਗਿਆ।

ਭਾਈ ਰਣਧੀਰ ਸਿੰਘ ਸਿੱਖ ਇਤਿਹਾਸ ਦੇ 'ਪ੍ਰਤੱਖ ਦਰਸ਼ਨ' 'ਚ ਲਿਖਦੇ ਹਨ:

ਸੰਮਤ 1752 (1695) ਗੁਰੂ ਸਾਹਿਬ ਨੇ ਆਪਣੇ ਦਰਬਾਰੀ ਕਵੀਆਂ, ਅੰਮ੍ਰਿਤ ਰਾਇ, ਹੰਸਰਾਮ, ਕੁਵਰੇਸ਼ ਤੇ ਮੰਗਲ ਆਦਿ-ਪਾਸੋਂ 'ਮਹਾਂ ਭਾਰਤ' ਗ੍ਰੰਥ ਦੇ ਅਠਾਰਾਂ ਪਰਬ, ਭਾਖਾ ਕਰਵਾਏ। 'ਚਾਣਕਯ ਨੀਤੀ' 'ਚੰਦ੍ਰ ਸੈਨ ਸੈਨਾਪਤੀ' ਨੇ ਭਾਖਾ ਕੀਤੀ। ਹਿਤੋਪਦੇਸ਼ ਭਾਈ ਲੱਖਣ ਤੇ ਭੋਜ ਰਾਜ ਨੇ ਲਿਖਿਆ, ਅਰ ਪਿੰਗਲ ਸਾਰ ਗਿਰਧਾਰੀ ਲਾਲ ਨੇ:

ਤਿਨ ਕਵਿਯਨ ਬਾਣੀ ਰਚੀ ਲਿਖ ਕਾਗਦ ਤੁਲਵਾਇ
ਨੌ ਮਣ ਹੋਇ ਤੋਲ ਮਹਿ ਸੂਖਮ ਲਿਖਤ ਲਿਖਾਇ
ਵਿਦਯਾਸਰ ਤਿਸ ਗ੍ਰੰਥ ਕੋ ਨਾਮ ਧਰਯੋ ਕਹ ਪ੍ਰੀਤ
ਨਾਨ ਵਿਧੀ ਕਵਿਤਾ ਰਚੀ ਰਖਿ ਰਖਿ ਨੌ ਰਸ ਰੀਤ।

ਸੂਰਜ ਪ੍ਰਕਾਸ਼ ਗ੍ਰੰਥ ਅੰਸੂ ੫੨

ਪਰ ਸੋਕ ਕਿ ਇਹ ਅਮੁੱਲ ਰਤਨਾਂ ਦਾ ਖਜ਼ਾਨਾ 1704 ਈਸਵੀ ਦੀ ਅਨੰਦਪੁਰ ਦੀ ਲੁੱਟ ਸਮੇਂ ਗੁੰਮ ਹੋ ਗਿਆ। ਇਹਦੇ ਕੁਝ ਅੰਸ਼ ਅੱਡ ਅੱਡ ਸਮਿਆਂ ਤੇ ਕਿਤੋਂ ਕਿਤੋਂ ਮਿਲਦੇ ਰਹੇ ਹਨ, ਕੁਝ ਪਤਰੇ ਕਵੀ ਸੰਤੋਖ ਸਿੰਘ ਨੂੰ ਮਿਲੇ ਅਤੇ ਉਨ੍ਹਾਂ ਇਸ ਦਾ ਉਤਾਰਾ ਸੂਰਜ ਪ੍ਰਕਾਸ਼ ਵਿਚ ਦੇ ਦਿੱਤਾ, ਮਹਾਂਭਾਰਤ ਦੇ ਕੁਝ ਪਰਬ ਮਹਾਰਾਜ ਪਟਿਆਲਾ ਨੂੰ ਮਿਲੇ, ਉਨ੍ਹਾਂ ਬਾਕੀ ਦੇ ਆਪਣੇ ਦਰਬਾਰੀ ਕਵੀਆਂ ਤੋਂ ਲਿਖਵਾ ਕੇ ਗ੍ਰੰਥ ਪੂਰਾ ਕਰਵਾ ਲਿਆ।

ਗੁਰੂ ਗੋਬਿੰਦ ਸਿੰਘ ਜੀ ਪੂਰੇ ਕਦਰ ਸ਼ਨਾਸ, ਕਦਰਦਾਨ ਤੇ ਸਖੀ ਸਨ। ਉਨ੍ਹਾਂ ਨੇ ਔਰੰਗਜ਼ੇਬ ਦੇ ਉਨ੍ਹਾਂ ਕਵੀਆਂ ਨੂੰ ਨਿਵਾਜਿਆ ਜਿਨ੍ਹਾਂ ਨੂੰ ਉਹਨੇ ਦਰਬਾਰੋਂ ਕੱਢ ਦਿੱਤਾ ਜਾਂ ਜਿਨ੍ਹਾਂ ਨੂੰ ਧਰਮ ਤਿਆਗਣ ਲਈ ਮਜਬੂਰ ਕੀਤਾ, ਇਨ੍ਹਾਂ ਵਿਚ ਭੂਸ਼ਨ ਅਤੇ ਨੰਦ ਲਾਲ ਗੋਇਆ ਪ੍ਰਸਿੱਧ ਹਨ। ਪਹਿਲਾ ਛਤ੍ਰ ਸਾਲ ਅਤੇ ਸ਼ਿਵਾ ਜੀ ਕੋਲ ਰਿਹਾ, ਦੂਜਾ ਗੁਰੂ ਗੋਬਿੰਦ

ਸਿੰਘ ਜੀ ਦੀ ਸ਼ਰਨ ਆਇਆ। ਇਨ੍ਹਾਂ ਵਾਂਗ ਜੋ ਵੀ ਆਇਆ, ਨਿਹਾਲ ਹੋਇਆ। ਧੰਨ ਦੌਲਤ, ਵਸਤਰ, ਭੂਸ਼ਨ ਨਾਲ ਰੱਜ ਗਿਆ। ਮੰਗਲ ਸ਼ਾਲ ਦੁਸ਼ਾਲਿਆਂ ਅਤੇ ਕਸ਼ਮੀਰੀ ਪਾਮਰੀਆਂ ਦੀ ਉਸਤਤ ਕਰਦਾ ਰਜਦਾ ਨਹੀਂ।

ਊਪਰ ਨਰੇਸ਼ ਹੂੰ ਕੀ,
ਹੋਏ ਸ਼ੁਭ ਬੇਸ਼ ਹੂੰ ਕੀ,
ਕਾਸ਼ਮੀਰ ਦੇਸ਼ ਹੂੰ ਕੀ,
ਭਰੀ ਆਨ ਨਾਮਰੀ।
ਬੁਨੀ ਕਾਰੀਗਰ ਭਾਰੀ,
ਕਰੀ ਖ਼ੂਬ ਗੁਲਕਾਰੀ,
ਪਹਿਰੇਂ ਭਿਖਾਰੀ
ਔਰ ਪਾਵੇਂ ਲਾਖ ਦਾਮਰੀ
ਸ਼ੀਤ ਹੂੰ ਕੋ ਜੀਤ ਲੇਤ,
ਐਸੀ ਸ਼ੋਭਾ ਦੇਹੀ ਦੇਤੁ,
ਮੰਗਲ ਸੁ ਕਵਿ ਜਿਊ,
ਕਨ੍ਹਈਆ ਜੀ ਕੀ ਕਾਮਰੀ।
ਸਿਆਮ, ਸੇਤ, ਪੀਰੀ,
ਲਾਲ, ਜਰਦ, ਸਬਜ਼ ਰੰਗ,
ਗੁਰੂ ਜੀ ਗੋਬਿੰਦ
ਐਸੀ ਦੇਤ ਮੌਤ ਪਾਮਰੀ।

ਇਸ ਤਰ੍ਹਾਂ ਆਪ ਉਨ੍ਹਾਂ ਦੀਆਂ ਜੀਵਨ ਲੋੜਾਂ ਥੋੜਾਂ ਨੂੰ ਪੂਰੀ ਤਰ੍ਹਾਂ ਪੂਰਾ ਕਰਦੇ। ਜਦ ਕਦਰਦਾਨੀ ਦੀ ਹੱਦ ਹੋ ਜਾਏ ਅਤੇ ਸਹਿਜ ਸੁਭਾ ਵਾਹ ਵਾਹ ਮੂੰਹੋਂ ਨਿਕਲੇ ਤਾਂ ਕੋਈ ਅਜਬ ਨਹੀਂ ਕਿ ਉਸ ਜੁਗ ਦੇ ਸੁਰਗ ਆਨੰਦਪੁਰ ਆਉਣ ਲਈ ਕੋਈ ਆਪਣੇ ਭਾਈ ਬੰਦਾਂ ਨੂੰ ਸੱਦਾ ਦੇਵੇ। ਮੰਗਲ ਲਿਖਦਾ ਹੈ:

ਚਾਹੇ ਜੋ ਆਨੰਦ ਤੋ
ਆਨੰਦਪੁਰ ਆਈਏ।

ਕਿਉਂਕਿ ਉਨ੍ਹਾਂ ਦੀ ਸਰਪ੍ਰਸਤੀ ਹੇਠ ਰਾਜਾ ਭੋਜ ਦੇ ਰਾਜ ਦੀ ਮੌਜ ਦੀ ਯਾਦ ਤਾਜ਼ਾ ਹੋ ਜਾਂਦੀ ਸੀ।

ਸ਼ੋਭਾ ਹੂੰ ਕੇ ਸਾਗਰ,
ਨਵਲ ਨੇਂਹ ਨਾਗਰ ਹੈਂ,
ਬਲ ਭੀਮ ਸਮ,
ਸ਼ੀਲ ਕਹਾਂ ਲੌ ਗਿਨਾਈਏ।
ਭੂਮੀ ਕੇ ਬਿਭੂਖਨ ਜੋ
ਦੂਖਨ ਕੇ ਦੂਖਨ,
ਸਮੂਹ ਸੁਖ ਹੂੰ ਕੇ,
ਮੁਖ ਦੇਖੇ ਤੇ ਅਘਾਈਏ।

ਹਿੰਮਤ ਨਿਧਾਨ ਆਨ
ਦਾਨ ਕੋ ਬਿਖਾਨੇ?
ਜਾਨ ਆਲਮ ਤਮਾਮ
ਜਾਮ ਆਠੋਂ ਗੁਨ ਗਾਈਏ।
ਪ੍ਰਬਲ ਪ੍ਰਤਾਪੀ ਪਾਤਸ਼ਾਹ
ਗੁਰੂ ਗੋਬਿੰਦ ਜੀ,
ਭੋਜ ਕੀ ਸੀ ਮੌਜ
ਤੇਰੇ ਰੋਜ਼ ਰੋਜ਼ ਪਾਈਏ।

ਜਦ ਜੰਗ ਦੇ ਬੱਦਲ ਘਿਰ ਆਏ ਤਾਂ ਸਭ ਨੂੰ, ਆਪ ਨੇ ਇਨਾਮ ਇਕਰਾਮ ਦੇ ਕੇ ਵਿਦਾ ਕਰ ਦਿੱਤਾ ਤਾਂ ਕਿ ਉਨ੍ਹਾਂ ਦੀਆਂ ਅਨਮੋਲ ਜਿੰਦਾਂ ਕੌਮ ਅਤੇ ਮੁਲਕ ਦੀ ਸੇਵਾ ਲਈ ਬਚੀਆਂ ਰਹਿਣ। ਬਹੁਤ ਸਾਰੇ ਕਵੀਆਂ ਨੂੰ ਸਾਜ਼ ਸਾਮਾਨ ਸਹਿਤ ਘੋੜੇ ਤੇ ਹਾਥੀ ਮਿਲੇ। ਇਸ ਤਰ੍ਹਾਂ ਜਦ ਇਹ ਲੋਕ ਆਨ ਸ਼ਾਨ ਨਾਲ ਘਰਾਂ ਨੂੰ ਜਾ ਰਹੇ ਸਨ ਤਾਂ ਰਾਹ ਦੇ ਰਜਵਾੜੇ ਤੇ ਪਿੰਡਾਂ ਦੇ ਲੋਕ ਭੈ ਭੀਤ ਹੋ ਕੇ ਨੱਠ ਉਠੇ, ਮਤਾਂ ਕੋਈ ਗਨੀਮ ਹਮਲਾ ਆਵਰ ਹੋਇਆ ਹੋਵੇ। ਹੰਸ ਰਾਮ ਉਨ੍ਹਾਂ ਨੂੰ ਤਸੱਲੀ ਦਿੰਦੇ ਹਨ ਕਿ ਭਾਈ ਨਾ ਡਰੋ ਅਸੀਂ ਤਾਂ ਗੁਰੂ ਗੋਬਿੰਦ ਸਿੰਘ ਦੇ ਮੰਗਤੇ ਹਾਂ:

ਦੂੰਧ ਭੀ ਧੁੰਕਾਰ ਬਾਜੇ,
ਮਾਨੋ ਜਲਧਰ ਗਾਜੇ,
ਗਜਤ ਨਸ਼ਾਨ ਭੈ
ਭਾਨ ਛਿਪੈ ਜਾਤ ਹੈਂ।
ਹਾਥਿਨ ਕੇ ਹਲਕਾ
ਹਜ਼ਾਰਨ ਗਨੈ ਕੋ ਹਯ,
ਜਟਤ ਜਵਾਹਰ ਜੇ
ਜਗਮਗ ਗਾਤ ਹੈਂ।
ਕੋਰ ਸਾਜੈ ਜ਼ੋਰ ਕਰ
ਨਾਲਨ ਕੋ ਸ਼ੋਰ ਸੁਨੇ,
ਸੰਕਟ ਸੁਰੇਸ਼ ਔ
ਨਰੇਸ਼ ਬਿਲਖਾਤ ਹੈਂ
ਹੰਸ ਰਾਮ ਕਹਿਤ
ਬਿਰਾਜੋ ਜਿਨ ਭਾਜੋ,
ਗੁਰੂ ਗੋਬਿੰਦ ਕੇ ਮਾਂਗੇ
ਕਵੀ ਰਾਜ ਚਲੇ ਜਾਤ ਹੈਂ।

ਦੂਜੇ ਪਾਸੇ ਕਵੀਆਂ ਨੇ ਵੀ ਆਪ ਨੂੰ ਪੂਰੀ ਮਿਲਵਰਤਨ ਦਿੱਤੀ। ਜਿੱਥੇ ਉਨ੍ਹਾਂ ਪੂਰੀ ਦਿਆਨਤਦਾਰੀ ਤੇ ਤਨ ਦਿਹੀ ਨਾਲ ਆਪਣਾ ਕੰਮ ਪੂਰਾ ਕੀਤਾ, ਉਥੇ ਆਪਣੇ ਦਿਲ ਵਿਚ ਆਪਣੇ ਮਹਾਨ ਕਵੀ-ਦਾਤਾ ਨੂੰ ਪੂਰਾ ਥਾਂ ਦਿੱਤਾ ਕਿਉਂਕਿ ਉਹ ਦੁਖੀ ਜਨਤਾ ਦੇ ਦੁੱਖਾਂ

ਕਲੇਸ਼ਾਂ ਤੇ ਪੀੜਾਂ ਨੂੰ ਹਰ ਰਹੇ ਸਨ। ਉਨ੍ਹਾਂ ਦੇ ਸੁਖਾਂ ਲਈ ਆਪ ਸਭ ਕੁਝ ਨਿਛਾਵਰ ਕਰ ਰਹੇ ਸਨ। ਚੁਨਾਂਚਿ ਆਪ ਇਨ੍ਹਾਂ ਕਵੀਆਂ ਦੀ ਦ੍ਰਿਸ਼ਟੀ ਵਿਚ ਆਪ ਭਗਵਾਨ ਰਾਮ ਤੇ ਕ੍ਰਿਸ਼ਨ ਦਾ ਰੂਪ ਸਨ। ਸੁਦਾਮਾ ਨੇ ਕਮਾਲ ਹੁਨਰਮੰਦੀ ਨਾਲ ਆਪਣੇ ਆਪ ਨੂੰ ਦੁਆਪਰ ਦਾ ਗ਼ਰੀਬ ਸੁਦਾਮਾ ਅਤੇ ਆਪ ਨੂੰ ਭਗਵਾਨ ਕ੍ਰਿਸ਼ਨ ਦੱਸ ਕੇ ਮਨ ਦੀ ਮੁਰਾਦ ਪਾਈ।

ਏਕ ਸੰਗ ਪੜ੍ਹੇ ਹੈਂ
ਅਵੰਤਿਕਾ ਸੰਦੀਪਨੀ ਕੇ,
ਸੋਈ ਸੁਧ ਆਈ
ਤੋ ਬੁਲਾਈ ਬੂੰਸ਼ੀ ਬਾਮਾ ਮੈ,
ਪੁੰਗੀ ਫਲ ਹੋਤ ਤੋ
ਅਸੀਸ ਦੇਤੋ ਨਾਥ ਜੀ ਕੋ,
'ਤੰਦਲ ਲੇ' ਦੀਨੇ
ਬਾਂਧ ਲੀਨੇ ਫਟੇ ਜਾਮਾ ਮੈਂ।
ਦੀਨ ਦਯਾਲ ਸੁਨ ਕੈ,
ਦਿਆਲ ਦਰਬਾਰ ਮਿਲੇ
ਏਤੋ ਕੁਛ ਦੀਨੋ ਪਾਈ
ਅਗਣਿਤ ਸਾਮਾ ਮੈਂ।
ਪ੍ਰੀਤ ਕਰ ਜਾਨੈ
ਗੁਰ ਗੋਬਿੰਦ ਕੇ ਮਾਨੈ,
ਤਾਂਤੇ ਵਹੀ ਤੂੰ ਗੋਬਿੰਦ
ਵਹੀ ਬਾਪਨ ਸੁਦਾਮਾ ਮੈਂ।

ਅਰਥਾਤ ਜਦ ਮੈਨੂੰ ਇਹ ਪਤਾ ਲੱਗਾ ਕਿ ਤੁਸੀਂ ਤੇ ਮੈਂ ਇਕੱਠੇ ਸਦੀਪਨ ਰਿਸ਼ੀ ਪਾਸ ਪੜ੍ਹਦੇ ਰਹੇ ਹਾਂ ਤਾਂ ਮੈਂ ਆਪਣੀ ਸੁਪਤਨੀ ਨੂੰ ਕਿਹਾ ਕਿ ਘਰ ਵਿਚ ਸੁਪਾਰੀ ਹੁੰਦੀ ਤਾਂ ਮੈਂ ਨਾਥ (ਗੋਬਿੰਦ ਕ੍ਰਿਸ਼ਨ) ਨੂੰ ਅਸੀਸ ਦਿੰਦਾ, ਉਹ ਨੇ ਕਿਹਾ ਕਿ ਤੰਦੂਲ ਹਨ, ਮੈਂ ਕਿਹਾ ਅੱਛਾ ਇਸ ਫਟੇ ਕੱਪੜੇ ਵਿਚ ਬੰਨ੍ਹ ਦਿਓ, ਜਦ ਤੁਹਾਨੂੰ ਪਤਾ ਲੱਗਾ ਕਿ ਮੈਂ ਦੀਨ ਦੁਆਰੇ ਖੜ੍ਹਾ ਹਾਂ ਤਾਂ ਆਪ ਦਿਆਲ ਹੋਏ ਤੇ ਦਰਬਾਰ ਵਿਚ ਲੈ ਗਏ, ਜੇ ਕੋਈ ਪ੍ਰੀਤ ਕਰ ਕੇ ਗੁਰੂ ਗੋਬਿੰਦ ਸਿੰਘ ਨੂੰ ਜਾਣ ਲਵੇ ਤੇ ਮੰਨੇ ਤਾਂ ਤੂੰ ਉਹੀ ਗੋਬਿੰਦ (ਕ੍ਰਿਸ਼ਨ) ਹੈਂ ਤੇ ਮੈਂ ਉਹੀ ਸੁਦਾਮਾ ਬ੍ਰਾਹਮਣ। ਇਸੇ ਤਰ੍ਹਾਂ ਹੀਰ ਕਵੀ ਨੇ ਉਕਤੀ ਯੁਕਤੀ ਨਾਲ ਦ੍ਰਿਦਰਤਾ ਨੂੰ ਛੰਡ ਕੇ ਆਖਿਆ ਕਿ ਤੂੰ ਮੈਨੂੰ ਗੁਰੂ ਮਹਾਰਾਜ ਨਾਲ ਗੱਲ ਨਹੀਂ ਕਰਨ ਦਿੰਦਾ, ਚੰਗਾ ਹੋਵੇ ਜੇ ਤੂੰ ਮੈਨੂੰ ਛੱਡ ਕੇ ਚਲਾ ਜਾਏਂ ਨਹੀਂ ਤਾਂ ਚੇਤੇ ਰੱਖੀਂ, ਉਹ ਤੈਨੂੰ ਆਪਣੇ ਤੀਰਾਂ ਨਾਲ ਟੁਕੜੇ ਟੁਕੜੇ ਕਰ ਦੇਣਗੇ।

ਪਾਸ ਤਾਓ ਝਗਰਤ
ਝੁਕਤ ਦਰੇਰੈ ਮੋਹਿ
ਬਾਨ ਨ ਕਰਨ ਪਾਊਂ
ਮਹਾਂ ਬਲੀ ਬੀਰ ਸੋਂ,
ਐਸੋ ਅਰਿ ਬਿਕਟ
ਨਿਕਟ ਬਸੈ ਨਿਸਦਿਨ

ਨਿਪਟ ਨਿਸ਼ੰਕ ਸਠ
ਘੇਰੈ ਫੇਰ ਭੀਰ ਸੋ
ਦਾਰਿਦ ਕਪੂਤ ! ਤੇਰੋ
ਮਰਨ ਬਣਿਓ ਹੈ ਆਜ,
ਕਰ ਕੇ ਸਲਾਮ ਵਿਦਾ
ਹੂਜੇ ਕਬ ਹੀਰ ਸੋਂ।
'ਨਾਤਰ ਗੋਬਿੰਦ ਸਿੰਘ
ਵਿਕਲ ਕਰੈਂਗੇ ਤੋਹਿ,
ਟੂਕ ਟੂਕ ਹਵੈ ਹੈਂ
ਗਾਢੇ ਦਾਨਨ ਕੇ ਤੀਰ ਸੋਂ।

ਹਜ਼ੂਰ ਦਾ ਉਦੇਸ਼ ਤੇ ਉਪਦੇਸ਼ ਸੀ ਕਿ ਜਿਥੇ ਜਨਤਾ ਦਾ ਚਰਿੱਤਰ ਉੱਚਾ ਹੋਵੇ, ਉਥੇ ਉਨ੍ਹਾਂ ਦੇ ਲੋਕ-ਪ੍ਰਿਯ ਕਵੀ ਅਤੇ ਕੋਵਿਦ ਕਰਤੱਵ ਪਾਲਕ ਹੋਣ। ਉਹ ਜੋ ਕੁਝ ਆਖਣ ਕਰ ਕੇ ਵੀ ਵਿਖਾਉਣ ਆਪ ਦਾ ਫੁਰਮਾਨ ਹੈ:

ਹਮੂ ਮਰਦ ਬਾਇਦ, ਸ਼ਵੱਦ ਸੁਖ਼ਨਵਰ
ਨਾ ਸ਼ਿਕਮੇ ਦਿਗਰ, ਨਾ ਦਿਹਾਨੇ ਦਿਗਰ।

ਜੇ ਇਨ੍ਹਾਂ ਲੇਖਕਾਂ ਤੇ ਲਿਖਾਰੀਆਂ ਦੇ ਇਖ਼ਲਾਕ ਵਿਚ ਕਿਤੇ ਘਾਟ ਆਈ ਤਾਂ ਆਪ ਨੇ ਬੜੇ ਪਿਆਰ ਸਤਿਕਾਰ ਤੇ ਹਲੀਮੀ ਨਾਲ ਉਹਨਾਂ ਨੂੰ ਇੱਦਾਂ ਸਮਝਾਇਆ ਕਿ ਮੁਜਰਮ ਸ਼ਰਮਸਾਰ ਹੋ ਕੇ ਆਪ ਪਸ਼ਚਾਤਾਪ ਕਰੇ। ਇਕ ਵਾਰ ਆਸਾ ਸਿੰਘ ਮੁਤਸੱਦੀ ਨੇ ਕਿਸੇ ਗ਼ਰੀਬ ਦੀ ਗ਼ਰਜ਼ ਪੂਰੀ ਕਰਨ ਲਈ, ਹਜ਼ੂਰ ਦੀ ਆਗਿਆ ਬਿਨਾਂ, ਆਪ ਦੀ ਮੁਬਾਰਕ ਮੁਹਰ ਲਾ ਕੇ ਉਹਦੇ ਨਾਂ ਦੀ ਹੁੰਡੀ ਕਰ ਦਿੱਤੀ। ਪਤਾ ਲੱਗਣ 'ਤੇ ਸ਼ਰਮ ਦਾ ਮਾਰਿਆ ਦਰਬਾਰੋਂ ਗ਼ੈਰ ਹਾਜ਼ਰ ਹੋਣ ਲੱਗਾ। ਅਖੀਰ ਹਜ਼ੂਰ ਨੇ ਸਦ ਘਲਿਆ ਤੇ ਸਮਝਾਇਆ ਕਿ ਕੰਮ ਨੇਕ ਸੀ, ਪਰੰਤੂ ਕੀਤਾ ਗਿਆ ਅਯੋਗ ਤਰੀਕਿਆਂ ਰਾਹੀਂ ਜੋ ਸਾਡੇ ਕਾਨੂੰਨ ਵਿਰੁਧ ਹੈ।

ਇਸੇ ਤਰ੍ਹਾਂ ਰੌਸ਼ਨ ਸਿੰਘ ਖੁਸ਼ਨਵੀਸ ਕਿਸੇ ਕਵੀ ਦੀ ਉਹ ਰਚਨਾ ਜੋ ਉਸ ਨੂੰ ਉਤਾਰਾ ਕਰਨ ਲਈ ਦਿੱਤੀ ਗਈ, ਚੋਰੀ ਨਕਲ ਕਰ ਲਈ, ਤਾਂ ਕਿ ਕਿਸੇ ਹੋਰ ਰਾਜ ਦਰਬਾਰ ਵਿਚ ਪੜ੍ਹ ਕੇ ਸੁਣਾਏ ਤੇ ਇਨਾਮ ਪ੍ਰਾਪਤ ਕਰੇ। ਆਪ ਨੇ ਚੋਰ ਇਉਂ ਫੜਿਆ ਕਿ ਸਭ ਹੈਰਾਨ ਰਹਿ ਗਏ। ਰੌਸ਼ਨ ਸਿੰਘ ਨੇ ਪਸ਼ਚਾਤਾਪ ਕੀਤਾ। ਗੁਰੂ ਪਾਤਸ਼ਾਹ ਨੇ ਆਖਿਆ, ਰੌਸ਼ਨ ਸਿੰਘ, ਕਵਿਤਾ ਦੀ ਚੋਰੀ ਮਹਾਂ ਪਾਪ ਹੈ ਤੇ ਸਭ ਤੋਂ ਭਿਆਨਕ ਡਾਕਾ, ਫੇਰ ਉਸ ਚੋਰੀ 'ਚੋਂ ਉਦਰ ਪੂਰਨਾ ਦਾ ਸਾਧਨ ਲੱਭਣਾ ਇਖ਼ਲਾਕ ਦੀ ਕਿੱਡੀ ਗਿਰਾਵਟ ਹੈ। ਰੌਸ਼ਨ ਸਿੰਘ ਰੋ ਕੇ ਆਖਣ ਲੱਗਾ ਕੀ ਕਰਾਂ ਕਵਿਤਾ ਸਿਖਣ 'ਤੇ ਵੀ ਨਹੀਂ ਆਈ, 'ਝਸ ਕਿਵੇਂ ਪੂਰਾ ਕਰਦਾ ? ਹਜ਼ੂਰ ਨੇ ਵਰਦਾਨ ਦਿੱਤਾ ਕਿ ਅਗਲੇ ਜਨਮ ਵਿਚ ਕਵੀ ਬਣੇਂਗਾ। ਰੌਸ਼ਨ ਸਿੰਘ ਇਸੇ ਖ਼ੁਸ਼ੀ ਵਿਚ ਤਸੱਲੀ ਨਾਲ ਮਰਿਆ ਤੇ ਕਿਹਾ ਜਾਂਦਾ ਹੈ, ਅਗਲੇ ਜਨਮ ਵਿਚ ਮਹਾਂ ਕਵੀ ਸੰਤੋਖ ਸਿੰਘ ਦੇ ਰੂਪ ਵਿਚ ਪ੍ਰਗਟ ਹੋਇਆ।

ਚੰਦਨ ਨੂੰ ਹੰਕਾਰ ਸੀ ਬੜਾ ਤੀਬਰ ਤੇ ਪ੍ਰਬਲ ਕਿ ਕੋਈ ਉਹਦੇ ਛੰਦ ਦਾ ਅਰਥ ਤੇ ਕਰ ਦੇਵੇ, ਹਜ਼ੂਰ ਨੇ ਉਹਦੇ ਇਸ ਛੰਦ ਦਾ ਅਰਥ ਆਪ ਨੇ ਅਸਤਬਲ ਦੇ ਦਰੋਗੇ ਤੋਂ ਕਰਵਾ ਦਿੱਤਾ:

ਨਵ ਸਾਤ ਤੀਏ, ਨਵ ਸਾਤ ਕੀਏ,
ਨਵ ਸਾਤ ਪੀਏ, ਨਵ ਸਾਤ ਪੀਆਏ।
ਨਵ ਸਾਤ ਰਚੇ, ਨਵ ਸਾਤ ਬਦੇ,
ਨਵ ਸਾਤ ਪੀਆ ਪੈ ਦਾਇਕ ਪਾਏ।
ਜੀਤ ਕਲਾ ਨਵ ਸਾਤਨ ਕੀ,
ਨਵ ਸਾਤਨ ਕੇ ਮੁਖ ਅੰਦਰ ਛਾਏ।
ਮਾਨੋ ਮੇਘ ਕੇ ਮੰਡਲ ਮੈ,
ਕਵਿ ਚੰਦਨ ਚੰਦ ਕਲੇਵਰ ਛਾਏ।

ਗੱਲ ਕੇਵਲ ਨਵ+ਸਾਤ (ਸੋਲ੍ਹਾਂ) ਦੇ ਹੇਰ ਫੇਰ ਦੀ ਸੀ। ਸੋਲ੍ਹਾਂ ਸਾਲ ਦੀ ਯੁਵਤੀ ਨੇ ਸੋਲ੍ਹਾਂ ਸ਼ਿਂਗਾਰ ਕੀਤੇ ਕਿਉਂਕਿ ਉਸ ਦਾ ਪਤੀ ਸੋਲਾਂ ਸਾਲਾਂ ਦਾ ਯੁਵਕ ਸੋਲਾਂ ਦਿਨਾਂ ਬਾਦ ਘਰ ਆਇਆ ਸੀ। ਉਨ੍ਹਾਂ ਨੇ ਸੋਲਾਂ ਖਾਨਿਆਂ ਦੀ ਚੌਪੜ ਦੀ ਖੇਲ ਰਚੀ ਅਤੇ ਸੋਲਾਂ ਦਾਅ ਕੁੜੀ ਨੇ ਮੁੰਡੇ 'ਤੇ ਪਾਏ। ਸੋਲਾਂ ਵਾਰ ਹਾਰ ਕੇ ਕੁੜੀ ਨੇ ਸ਼ਰਮ ਦੇ ਮਾਰੇ ਆਪਣਾ ਮੂੰਹ ਚੁੰਨੀ ਵਿਚ ਇਉਂ ਲੁਕੋ ਲਿਆ, ਮਾਨੋ ਚੰਦ ਬੱਦਲਾਂ ਵਿਚ ਛੁਪ ਗਿਆ ਹੋਵੇ। ਹੁਣ ਘਾਹੀ ਧੰਨਾ ਸਿੰਘ ਦੀ ਵਾਰੀ ਸੀ। ਉਸ ਨੇ ਚੰਦਨ ਨੂੰ ਆਪਣਾ ਛੰਦ ਸੁਣਾਇਆ।

ਮੀਨ ਮਰੇ ਜਲ ਕੇ ਪਰਸੇ,
ਕਬਹੂੰ ਨ ਮਰੇ ਪਰ ਪਾਵਕ ਪਾਏ।
ਹਾਥੀ ਮਰੇ ਮਦ ਕੇ ਪਰਸੇ,
ਕਬਹੂੰ ਨਾ ਮਰੇ ਤਨ ਤਾਪਕੇ ਆਏ।
ਤੀਆ ਮਰੇ ਪੀਆ ਕੇ ਪਰਸੇ,
ਕਬਹੂੰ ਨਾ ਮਰੇ ਪਰਦੇਸ ਸਿਧਾਏ।
ਗੂੜ੍ਹ ਮੈਂ ਬਾਤ ਕਹੀ ਦਿਜ ਰਾਜ,
ਬਿਚਾਰ ਸਕੇ ਨ ਬਿਨਾ ਚਿਤ ਲਾਏ।

ਦੇਖਣ ਵਿਚ ਇਹ ਉਲਟੀਆਂ ਗੱਲਾਂ ਸਨ। ਚੰਦਨ ਹੈਰਾਨ ਸੀ ਕਿ ਹਾਥੀ ਸ਼ਰਾਬ ਪੀ ਕੇ ਤੇ ਮੱਛੀ ਜਲ ਵਿਚ ਰਹਿ ਕੇ ਕਿਵੇਂ ਮਰ ਸਕਦੀ ਹੈ। ਪ੍ਰੇਸ਼ਾਨੀ ਵਿਚ ਵਿਚਾਰ ਭੁੱਲ ਜਾਂਦੀ ਹੈ, ਜਿਸਦੀ ਤਾਕੀਦ ਘਾਹੀ ਸ਼ਾਇਰ ਨੇ ਕੀਤੀ ਸੀ। ਹੰਕਾਰ ਨੇ ਹਾਰ ਮੰਨ ਲਈ ਤੇ ਧੰਨਾ ਸਿੰਘ ਨੇ ਸਮਝਾਇਆ ਕਿ ਵਿਸਰਾਮ ਚਿੰਨ੍ਹ 'ਕਬਹੂੰ ਨਾ' ਦੇ ਮਗਰ ਰੱਖਿਆ ਅਰਥ ਸਪਸ਼ਟ ਹੋ ਜਾਂਦਾ ਹੈ। ਇਉਂ ਹੇਮ ਕੁੰਟ ਦੇ ਤਪਸਵੀ ਨੇ, ਜੋ ਆਪ ਮਹਾਂ ਕਵੀ ਸੀ, ਤੇ ਕਵੀਆ ਦਾ ਆਸਰਾ ਦਾਤਾ ਭੀ, ਕਲਮ ਕਸ਼ਾ ਨੂੰ ਇਨਸਾਨੀਅਤ ਦੇ ਰਾਹੇ ਤੋਰਿਆ।

ਫਤਹ ਦਿੱਲੀ-ਦਸ਼ਮੇਸ਼ ਅੰਕ, 1957

ਸਰਬ ਲੋਹ ਦਾ ਕਵੀ

ਦੁਨੀਆਂ ਵਿਚ ਯੋਧੇ-ਕਵੀ ਘੱਟ ਹੀ ਹੋਏ ਹਨ ਅਤੇ ਕਵੀ-ਯੋਧੇ ਵੀ ਘੱਟ ਹੀ। ਮੁਗਲ ਰਾਜ ਦੀਆਂ ਤ੍ਰਿਕਾਲਾਂ ਸਮੇਂ ਕੁਝ ਬਾਦਸ਼ਾਹ ਤੇ ਨਵਾਬ ਉਰਦੂ ਦੇ ਸ਼ਾਇਰ ਹੋ ਗੁਜ਼ਰੇ ਹਨ, ਪਰ ਉਨ੍ਹਾਂ ਦੇ ਕਲਾਮ ਅਤੇ ਕਰਨੀਆਂ ਨੂੰ ਤੱਕ ਕੇ ਉਨ੍ਹਾਂ ਨੂੰ ਯੋਧੇ ਕਵੀ ਆਖਣੋਂ ਸੰਕੋਚ ਕਰਨਾ ਪੈਂਦਾ ਹੈ। ਜੇ ਹੋਰ ਦੁਰਾਡੇ ਤੱਕੀਏ ਤਾਂ ਲਾਰਡ ਬਾਇਰਨ ਅਜੇਹਾ ਕਵੀ ਯੋਧਾ ਨਜ਼ਰ ਪੈਂਦਾ ਹੈ ਜੋ ਦੂਜਿਆਂ ਦੀ ਅੱਗ ਵਿਚ ਕੁੱਦਿਆ।

ਫੌਲਾਦ, (ਸਟੀਲ) ਜਾਂ ਲੋਹਾ ਦੁਨਿਆਵੀ ਅਤੇ ਇਨਸਾਨੀ ਜਿਸਮ ਦੇ ਨਜ਼ਾਮ ਨੂੰ ਸੂਤ ਰੱਖਣ ਲਈ ਇੱਕ ਉੱਤਮ ਅਤੇ ਲੋੜੀਂਦੀ ਸ਼ੈਅ ਹੈ। ਅੱਜ ਦੁਨੀਆਂ ਦੇ ਪ੍ਰਸਿੱਧ ਨੇਤਾਵਾਂ ਨੂੰ ਫੌਲਾਦੀ ਨੇਤਾ ਮੰਨਿਆ ਗਿਆ ਹੈ। ਰੂਸ ਦੇ ਡਿਕਟੇਟਰ ਨੂੰ ਸਟਾਲਨ ਅਰਥਾਤ ਫੌਲਾਦੀ ਇਨਸਾਨ ਅਤੇ ਹਿੰਦੁਸਤਾਨ ਦੇ ਪਹਿਲੇ ਨਾਇਬ ਵਜ਼ੀਰ ਆਜ਼ਮ ਸਰਦਾਰ ਵਲਭ ਭਾਈ ਪਟੇਲ ਨੂੰ ਫੌਲਾਦੀ ਡਿਕਟੇਟਰ।

ਗੁਰੂ ਗੋਬਿੰਦ ਸਿੰਘ ਜੀ ਇਕੋ ਸਮੇਂ ਕਈਆਂ ਗੁਣਾਂ ਦੇ ਮਾਲਕ ਸਨ। ਉਹ ਇਕੋ ਸਮੇਂ ਧਾਰਮਕ ਨੇਤਾ, ਫਿਲਾਸਫਰ, ਕਵੀ ਅਤੇ ਯੋਧੇ ਸਨ। ਉਨ੍ਹਾਂ ਨੇ ਰੱਬ ਨੂੰ ਕਈਆਂ ਰੰਗਾਂ ਵਿਚ ਤੱਕ ਕੇ ਉਸ ਦੀ ਬਹੁਰੰਗੀ ਉਪਮਾ ਕੀਤੀ ਹੈ। 'ਕਾਲਕਾ', 'ਭਗੌਤੀ', 'ਜਗਮਾਤਾ', 'ਮਹਾਂ ਕਾਲ' ਆਦਿ ਵਿਸ਼ੇਸ਼ਣਾਂ ਤੋਂ ਬਿਨਾਂ ਉਨ੍ਹਾਂ ਨੇ ਪ੍ਰਭੂ ਨੂੰ ਮਹਾਂ ਲੋਹ ਅਤੇ ਸਰਬ ਲੋਹ ਨਾਵਾਂ ਨਾਲ ਵੀ ਸੰਬੋਧਨ ਕੀਤਾ ਹੈ। ਇਸ ਲਈ ਉਨ੍ਹਾਂ ਨੂੰ **ਫੌਲਾਦੀ ਕਵੀ** ਆਖਣਾ ਅਯੋਗ ਨਹੀਂ ਹੋਵੇਗਾ।

ਸਰਬ ਲੋਹ ਦੇ ਯੋਧਾ ਮਹਾਂ ਕਵੀ ਨੇ ਕਵਿਤਾ ਦੀ ਸਹੀ ਵਰਤੋਂ ਰਾਇਜ਼ ਕਰਕੇ ਸਮੇਂ ਦੇ ਵਹਿਣ ਨੂੰ ਮੋੜਿਆ। ਉਸ ਸਮੇਂ ਤੱਕ ਕਵਿਤਾ ਵਿਚ ਅਮੂਮਨ ਸ਼ਿੰਗਾਰ ਰਸ ਹੀ ਪ੍ਰਧਾਨ ਹੁੰਦਾ ਸੀ, ਆਲਮ ਦੀ ਮਾਧਵਨਲ ਕਾਮ ਕੰਦਲਾ ਅਤੇ ਬਿਹਾਰੀ ਦੀ ਸਤ ਸਈ ਉਸ ਸਮੇਂ ਦੀਆਂ ਸ਼ਿੰਗਾਰ ਰਸ ਪੂਰਤ ਪ੍ਰਧਾਨ ਅਤੇ ਉੱਤਮ ਰਚਨਾਵਾਂ ਗਿਣੀਆਂ ਜਾਂਦੀਆਂ ਹਨ। ਆਪ ਜੀ ਨੇ ਭਾਈਚਾਰੇ ਦੇ ਇਸ ਹਾਨੀਕਾਰਕ ਅੰਗ ਨੂੰ ਵੀ ਸੋਧਣ ਦਾ ਬੀੜਾ ਚੁੱਕਿਆ ਅਤੇ ਕਵੀਆਂ ਦੇ ਮਨੋਵਿਗਿਆਨ ਨੂੰ ਪੂਰਨ ਤੌਰ 'ਤੇ ਬਦਲ ਦੇਣ ਦਾ ਤਹੱਈਆ ਕੀਤਾ। ਇਸ ਕੰਮ ਲਈ ਥਾਂ ਦੀ ਚੋਣ ਵੀ ਅਸਰ ਭਰਪੂਰ ਕੀਤੀ। ਜਮਨਾ ਨਦੀ, ਜੋ ਕਾਨ੍ਹ ਅਤੇ ਗੋਪੀਆਂ ਦੇ ਰਾਸ ਕ੍ਰੀੜਾ ਦੇ ਨਾਤੇ ਕਵੀਆਂ ਨੂੰ ਰੋਮਾਂਸਕ ਸਰੂਰ ਤੋਂ ਸ਼ਿੰਗਾਰ ਰਸ ਅਤੇ ਉਸ ਤੋਂ ਵੀ ਥੱਲੇ ਕਾਮ ਵਾਸ਼ਨਾ ਦੇ ਰਸਾਤਲ ਤੱਕ ਲੈ ਖੜ੍ਹਦੀ ਸੀ, ਦੇ ਕੰਢੇ ਪਾਂਵਟਾ ਗਰਾਮ ਵਿਚ ਆਪ ਨੇ ਬੀਰ ਰਸ ਪ੍ਰਧਾਨ ਕਵਿਤਾ ਰਚਣੀ ਅਤੇ ਰਚਵਾਣੀ ਆਰੰਭ ਕੀਤੀ ਜਿਸਦਾ ਪ੍ਰਯੋਜਨ ਆਪ ਨੇ ਇਸ ਤਰ੍ਹਾਂ ਬਿਆਨ ਕੀਤਾ :

ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ।
ਅਵਰ ਬਾਸਨਾ ਨਾਹਿ ਪ੍ਰਭ ਧਰਮ ਯੁਧ ਕੇ ਚਾਇ। ਕ੍ਰਿਸ਼ਨਾਵਤਾਰ, ੨੪੯੧-੧

ਆਪ ਨੇ ਜਨਤਾ ਦੇ ਡਿੱਗ ਰਹੇ ਅਤੇ ਨਿਵਾਣ ਵੱਲ ਜਾ ਰਹੇ ਆਚਰਣ ਨੂੰ ਉਚਿਆਣ ਦਾ ਯਤਨ ਕੀਤਾ। ਪਰ ਇਸਤ੍ਰੀ ਗਮਨ ਵਿਰੁਧ ਆਪ ਨੇ ਪੁੱਜ ਕੇ ਜ਼ੋਰਦਾਰ ਆਵਾਜ਼ ਉਠਾਈ। ਵਿਸ਼ੇ ਭੋਗ ਲੰਪਟ ਜੀਵਨ ਬਤੀਤ ਕਰਨ ਦੇ ਭਿਆਨਕ ਸਿੱਟਿਆਂ ਦੀ ਪ੍ਰਭਾਵਸ਼ਾਲੀ ਤਸਵੀਰ ਆਪ ਨੇ ਇਸ ਤਰ੍ਹਾਂ ਚਿਤਰਤ ਕੀਤੀ।

ਪਰ ਨਾਰੀ ਸੋ ਨੇਹ ਛੁਰੀ ਪੈਨੀ ਕਰਿ ਜਾਨਹੁ॥
ਪਰ ਨਾਰੀ ਕੇ ਭਜੇ ਕਾਲ ਬਯਾਪਯੋ ਤਨ ਮਾਨਹੁ॥
ਅਧਿਕ ਹਰੀਫੀ ਜਾਨਿ ਭੋਗ ਪਰ ਤ੍ਰਿਯ ਜੋ ਕਰਹੀ॥
ਹੋ ਅੰਤ ਸ੍ਵਾਨ ਕੀ ਮ੍ਰਿਤੁ ਹਾਥੇ ਲੇਂਡੀ ਕੇ ਮਰਹੀ॥੫੫॥ ਚਰਿਤ੍ਰੋਪਖਾਨ

ਆਪ ਇੱਕ ਸਿਰਵੇਰਾਂ ਦੀ ਕੌਮ ਦੀ ਉਸਾਰੀ ਕਰ ਰਹੇ ਸਨ ਜਿਸ ਦੀਆਂ ਨੀਹਾਂ ਸਨ ਨਿਰਭੈਤਾ, ਭਰਮ ਅਤੇ ਮੋਹ ਦਾ ਤਿਆਗ ਅਤੇ ਸ੍ਵੈ ਵਿਸ਼ਵਾਸ। ਇਕ ਈਸ਼ਵਰ ਦੀ ਜਾਤ ਵਿਚ ਭਰੋਸਾ ਰੱਖਣਾ ਤਾਂ ਸਿੱਖੀ ਦੇ ਮੁੱਢ ਕਦੀਮੀ ਅਸੂਲਾਂ ਦੀ ਪਹਿਲੀ ਸੰਥਾ ਸੀ। ਖਾਲਸਾ ਆਪ ਦੇ ਵਿਚਾਰ ਅਨੁਸਾਰ ਜਨਤਾ ਦਾ ਨੁਮਾਇੰਦਾ ਅਤੇ ਇਨਸਾਨੀਅਤ ਦੀ ਪੂਰਨਤਾ ਸੀ। ਇਨ੍ਹਾਂ ਗੱਲਾਂ ਦੀ ਝਲਕ ਆਪ ਦੀ ਰਚਨਾ 'ਚੋਂ ਥਾਂ ਥਾਂ ਪੈਂਦੀ ਹੈ। ਜਨਤਾ ਦੇ ਨੁਮਾਇੰਦਿਆਂ ਦੀ ਆਪ ਦੇ ਦਿਲ ਵਿਚ ਕਿੰਨੀ ਕਦਰ ਸੀ-*ਇਨਹੀ ਕੀ ਕ੍ਰਿਪਾ ਤੇ ਸਜੇ ਹਮ ਹੈਂ, ਨਹੀਂ ਮੋ ਸੋ ਗ੍ਰੀਬ ਕਰੋਰ ਪਰੇ।'* ਜਮਹੂਰੀ ਅਸੂਲਾਂ ਦੇ ਕਾਇਲ ਹਾਕਮਾਂ ਲਈ ਇਸ ਤੋਂ ਵੱਡੀ ਚਿਤਾਵਨੀ ਹੋਰ ਕੀ ਹੋ ਸਕਦੀ ਹੈ ਕਿ ਉਹ ਜਨਤਾ ਦੀ ਵੋਟ ਨਾਲ ਹਕੂਮਤ ਤੇ ਆਸਨ ਤੇ ਬੈਠਣ ਦੇ ਕਾਬਲ ਹੋਏ ਹਨ। ਆਪ ਦੀਆਂ ਹੇਠ ਲਿਖੀਆਂ ਔਰੰਗਜ਼ੇਬ ਪ੍ਰਤੀ, ਲਿਖੀਆਂ ਫ਼ਾਰਸੀ ਪੰਗਤੀਆਂ ਉਤਸ਼ਾਹ ਹੀਨਾਂ ਲਈ ਸੰਜੀਵਨੀ ਬੂਟੀ ਤੋਂ ਘੱਟ ਨਹੀਂ।

ਕਿ ਉਰਾ ਗ਼ਰੂਰ ਅਸਤ ਬਰ ਮੁਲਕੋ ਮਾਲ,
ਕਿ ਮਾ ਰਾ ਪਨਾਹ ਅਸਲ ਯਜ਼ਦਾਂ ਅਕਾਲ। (ਜ਼ਫ਼ਰ ਨਾਮਾ-੧੦੬)

ਮਨ ਅਕਨੂੰ ਬਾ ਅਫ਼ਜ਼ਾਲਿ ਪੁਰਸ਼ੇ ਅਕਾਲ।
ਕੁਨਮ ਜ਼ਿ-ਆਬਿ ਆਹਨ ਚੁਨਾਂ ਬਰਸ਼ਗਾਲ। *(ਫਤਹਨਾਮਾ-੯)*

ਚੁਨਾਂ ਆਤਿਸ਼ ਜ਼ੇਰਿ ਨਾਅਲਤ ਨਿਹਮ।
ਜ਼ਿ ਪੰਜਾਬ ਆਬਤ ਨ ਖ਼ੁਰਦਨ ਦਿਹਮ॥੧੩॥ (ਫਤਹ ਨਾਮਾ-੧੩)

ਅਰਥਾਤ ਕਿ ਬਾਦਸ਼ਾਹ ਨੂੰ ਆਪਣੇ ਮੁਲਕ ਅਤੇ ਮਾਲ ਦਾ ਮਾਣ ਹੈ ਪਰ ਮੈਨੂੰ ਇਕ ਅਕਾਲ ਪੁਰਖ ਦਾ ਭਰੋਸਾ ਹੈ। ਐ ਬਾਦਸ਼ਾਹ ਮੈਂ ਹੁਣ ਉਸ ਅਕਾਲ ਪੁਰਖ ਦੀ ਮਿਹਰ ਨਾਲ ਸਰਬ ਲੋਹ ਦੀ ਵਰਖਾ ਲਾ ਦਿਆਂਗਾ ਅਤੇ ਤੇਰੇ ਪੈਰਾਂ ਹੇਠਾਂ ਉਹ ਅੱਗ ਬਾਲਾਂਗਾ ਕਿ ਤੈਨੂੰ ਪੰਜਾਬ ਦਾ ਪਾਣੀ ਪੀਣਾ ਨਸੀਬ ਨਾ ਹੋਵੇਗਾ। ਹਿੰਦੁਸਤਾਨ ਦੇ ਦੇਸ਼ ਭਗਤਾਂ ਨੂੰ ਦੇਸ਼ ਦੇ ਦੁਸ਼ਮਣਾਂ ਵਿਰੁੱਧ ਉਭਾਰਨ ਲਈ ਇਸਤੋਂ ਵੱਧ ਪ੍ਰਭਾਵਸ਼ਾਲੀ ਸ਼ਬਦ ਨਹੀਂ ਮਿਲ ਸਕਦੇ। ਆਪਨੇ ਮਰਦ ਦੀ ਤਾਰੀਫ ਦੱਸੀ ਹੈ :-

ਹਮੂ ਮਰਦ ਬਾਯਦ ਸ਼ਵਦ ਸੁਖ਼ਨਵਰ
ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ॥੫੫॥ (ਜ਼ਫ਼ਰਨਾਮਾ)

ਭਾਵ ਕਿ ਮਰਦ ਅੰਦਰੋਂ ਬਾਹਰੋਂ ਸੁਖਨ ਦਾ ਪੱਕਾ ਹੋਣਾ ਚਾਹੀਦਾ ਹੈ। ਇਹ ਸਾਡੇ ਹਾਕਮਾਂ ਨੂੰ ਸੁਖਨ ਤੋੜ ਗੁਆਂਢੀ ਹਕੂਮਤ ਦੇ ਫਰੇਬ ਭਰੇ ਵਾਅਦਿਆਂ ਤੋਂ ਸਾਵਧਾਨ ਹੋਣ ਲਈ ਖਤਰੇ ਦਾ ਅਲਾਰਮ ਹੈ।

ਕਵੀ ਸੰਸਾਰ ਅਤੇ ਸਮੇਂ ਦੀ ਰਫਤਾਰ ਨੂੰ ਤੇਜ਼ ਅਤੇ ਤ੍ਰਿਖਾ ਵੀ ਕਰ ਸਕਦਾ ਹੈ ਅਤੇ ਮੱਠਾ ਭੀ। ਮੰਡੀਆਂ ਅਤੇ ਬਾਜ਼ਾਰਾਂ ਵਿਚ ਗਲੀਆਂ ਸੜੀਆਂ ਵਸਤਾਂ ਵੇਚਣ ਦੀ ਮਨਾਹੀ ਹੋ ਸਕਦੀ ਹੈ ਪਰ ਕਵੀ ਨੂੰ ਸ਼ਾਇਰਾਨਾ ਲਾਇਸੈਂਸ ਪ੍ਰਾਪਤ ਹੋਣ ਦੇ ਕਾਰਨ ਉਸ ਦੀ ਚੰਗੀ ਮੰਦੀ ਰਚਨਾ 'ਤੇ ਕੋਈ ਪਾਬੰਦੀ ਨਹੀਂ। ਅੱਜ ਕੱਲ੍ਹ ਨਵੀਂ ਮਿਲੀ ਆਜ਼ਾਦੀ ਦੇ ਸਮੇਂ ਜਦ ਕਿ ਅਸੀਂ ਇਕ ਅਤਿ ਭਿਆਨਕ ਅਤੇ ਨਾਜ਼ੁਕ ਦੌਰ 'ਚੋਂ ਲੰਘ ਰਹੇ ਹਾਂ, ਕਵੀਆਂ ਅਤੇ ਲਿਖਾਰੀਆਂ ਉੱਤੇ ਬੜੀ ਭਾਰੀ ਜ਼ਿੰਮੇਵਾਰੀ ਆਇਦ ਹੁੰਦੀ ਹੈ। ਸਾਡਾ ਫਰਜ਼ ਹੋ ਜਾਂਦਾ ਹੈ ਕਿ ਅਸੀਂ ਜੋ ਕੁਝ ਲਿਖੀਏ, ਦੇਸ਼ ਕੌਮ ਅਤੇ ਕੌਮੀ ਸਰਕਾਰ ਦੀ ਭਲਾਈ ਲਈ ਲਿਖੀਏ। ਸਮਾਜ ਨੂੰ ਸਹੀ ਅਗਵਾਈ ਦੀ ਲੋੜ ਹੈ ਅਤੇ ਲਿਖਾਰੀ ਇਸ ਵਿਚ ਚੋਖਾ ਯੋਗਦਾਨ ਪਾ ਸਕਦੇ ਹਨ। ਲਿਖਾਰੀਆਂ ਦੀ ਆਪਣੀ ਸਹੀ ਅਗਵਾਈ ਪੁਰਾਣੇ ਚੰਗੇ ਲੇਖਕ ਹੀ ਕਰ ਸਕਦੇ ਹਨ ਜਿਨ੍ਹਾਂ ਵਿਚੋਂ ਸ਼੍ਰੋਮਣੀ ਹਨ ਸਰਬ ਲੋਹ ਦੇ ਮਹਾਨ ਕਵੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਦੀ ਬਾਬਤ ਇਕ ਸ਼ਾਇਰ ਭਾਈ ਨੰਦ ਲਾਲ ਜੀ ਗੋਯਾ ਨੇ ਹੀ ਆਖਿਆ ਹੈ–

ਕਾਦਰੇ ਹਰ ਕਾਰ ਗੁਰੂ ਗੋਬਿੰਦ ਸਿੰਘ।
ਬੇਕਸਾ ਰਾ ਯਾਰ ਗੁਰੂ ਗੋਬਿੰਦ ਸਿੰਘ।

ਆਲਮੋ ਰੋਸ਼ਨ ਜ਼ ਗੁਰੂ ਗੋਬਿੰਦ ਸਿੰਘ
ਜਾਨੋ ਦਿਲ ਗੁਲਸ਼ਨ ਜ਼ ਗੁਰੂ ਗੋਬਿੰਦ ਸਿੰਘ

ਕਿ ਉਹ ਹਰ ਕੰਮ ਦੇ ਕਰਨ ਹਾਰ ਅਤੇ ਬੇਕਸਾਂ ਦੇ ਯਾਰ ਹਨ।

ਦਸਮ ਗ੍ਰੰਥ ਦੀ ਸਾਹਿਤਕ ਵਿਸ਼ੇਸ਼ਤਾ

ਭਰਤਰੀਹਰੀ ਜੀ ਨੇ ਆਖਿਆ ਹੈ, "ਸਾਹਿਤ, ਸੰਗੀਤ ਅਤੇ ਕਲਾ ਤੋਂ ਵਾਂਝਾ ਇਨਸਾਨ ਸਾਖਿਆਤ ਸਿੰਗ ਪੂਛ ਰਹਿਤ ਪਸ਼ੂ ਹੈ।" ਗੁਰੂ ਗੋਬਿੰਦ ਸਿੰਘ ਜੀ ਨੇ ਸੰਤ ਸਿਪਾਹੀਆਂ ਨੂੰ ਪੂਰਣ ਮਨੁੱਖਾਂ ਦੀ ਜਮਾਤ ਬਣਾਉਣ ਲਈ ਜਿਥੇ ਉਨ੍ਹਾਂ ਨੂੰ ਸੰਗੀਤ ਅਤੇ ਕਲਾ ਦੇ ਰਸਕ ਬਣਾਇਆ, ਉਥੇ ਸ਼ਾਇਰ-ਨਿਵਾਜ਼ ਅਤੇ ਸ਼ਾਇਰ ਮਿਜ਼ਾਜ਼ ਵੀ ਬਣਾਇਆ। ਇਥੋਂ ਤੱਕ, ਆਪ ਦੇ ਘਾਹੀ ਵੀ ਇਕ ਚੰਗੇ ਤੋਂ ਚੰਗੇ ਕਵੀ ਦੇ ਟਾਕਰੇ ਤੇ ਖਲੋਂ ਸਕਦੇ ਸਨ। ਆਪ ਨੇ ਆਪਣੇ ਸਮਕਾਲੀ ਹਿੰਦੀ, ਫਾਰਸੀ ਅਤੇ ਪੰਜਾਬੀ ਕਵੀਆਂ ਦੀ ਸਰਪਰਸਤੀ ਅਤੇ ਅਗਵਾਈ ਕਰਕੇ ਉਨ੍ਹਾਂ ਤੋਂ ਸਮਾਜ ਦੀ ਉੱਨਤੀ ਅਤੇ ਦੇਸ਼ ਦੀ ਭਲਾਈ ਲਈ ਸੁਤੰਤਰ ਕਵਿਤਾ ਲਿਖਵਾਈ ਅਤੇ ਪੁਰਾਣੇ ਗ੍ਰੰਥਾਂ ਦਾ ਅਨੁਵਾਦ ਕਰਵਾਇਆ। ਸੈਨਾਪਤੀ ਤੋਂ ਫੀ ਛੰਦ ਪੰਜ ਮੋਹਰਾਂ ਦੇ 'ਚਾਣਕ ਨੀਤੀ' ਦਾ ਤਰਜ਼ਮਾ ਕਰਵਾਇਆ। ਮਹਾਂਰਿਸ਼ੀ ਵੇਦ ਵਿਆਸ ਦੀ ਸੰਸਾਰ ਪਰਸਿੱਧ ਰਚਨਾ ਆਪ ਨੂੰ ਚੰਗੀ ਜਚੀ, ਇਸ ਵਿਚੋਂ ਆਪਨੇ 'ਗਿਆਨ ਪ੍ਰਬੋਧ' ਲਈ ਮਸਾਲਾ ਪ੍ਰਾਪਤ ਕੀਤਾ ਅਤੇ ਇਸ ਦਾ ਉਲੱਥਾ ਕਰਨ ਦਾ ਕੰਮ ਦਰਬਾਰੀ ਕਵੀਆਂ ਨੂੰ ਸੌਂਪ ਦਿੱਤਾ। ਹੰਸ ਰਾਮ ਨੇ ਕਰਨ ਪਰਬ, ਮੰਗਲ ਨੇ ਸ਼ਲਯ ਪਰਬ ਅਤੇ ਕੁੰਵਰੇਸ਼ ਨੇ ਦ੍ਰੋਣ ਪਰਬ ਦਾ ਅਨੁਵਾਦ ਕੀਤਾ। ਇਹ ਸਾਰੀ ਸਮੱਗਰੀ ਇਕ ਬੜੇ ਭਾਰੇ ਗ੍ਰੰਥ ਦੀ ਸ਼ਕਲ ਵਿੱਚ ਇਕੱਠੀ ਕਰਕੇ ਉਸ ਦਾ ਨਾਂ "ਵਿਦਿਆਧਰ" ਰਖਿਆ ਗਿਆ। ਪਰੰਤੂ ਅਨੰਦਪੁਰ ਦੀ ਲੁੱਟ ਸਮੇਂ ਇਸ ਮਹਾਨ ਅਤੇ ਅਪੂਰਵ ਗ੍ਰੰਥ ਨੂੰ ਪ੍ਰਤੀਤ ਹੁੰਦਾ ਹੈ, ਇਲਮ ਹੁਨਰ ਦੇ ਵੈਰੀਆਂ ਵੱਲੋਂ ਜ਼ਾਇਆ ਕਰਨ ਦਾ ਪੁੱਜ ਕੇ ਯਤਨ ਕੀਤਾ ਗਿਆ, ਜਿਸ ਦਾ ਨਤੀਜਾ ਇਹ ਹੋਇਆ ਕਿ ਇਸਦਾ ਕੁਝ ਹਿੱਸਾ ਹੀ ਬਚ ਸਕਿਆ।

ਮੌਜੂਦਾ ਦਸਮ ਗ੍ਰੰਥ ਸਿਰਫ਼ ਆਪ ਦੀ ਹੀ ਰਚਨਾ ਹੈ। ਇਸ ਦੀ ਕਵਿਤਾ ਦੀ ਕਦਰ ਕੂਤ ਬਾਰੇ ਭਾਈ ਪਰਮਾਨੰਦ 'ਤਾਰੀਖ ਪੰਜਾਬ' ਵਿਚ ਲਿਖਦੇ, "ਕਵਿਤਾ ਐਸੀ ਬੇਨਜ਼ੀਰ ਹੈ ਕਿ ਇਸ ਸੇ ਬੜ ਕਰ ਸੰਸਾਰ ਭਰ ਕੇ ਸਾਹਿਤ ਮੇਂ ਸ਼ਾਇਦ ਹੀ ਕਹੀਂ ਮਿਲ ਸਕੇ।" ਇਸ ਦੇ ਸਾਹਿਤਕ ਅੰਗ ਦੀ ਉੱਚਤਾ ਸੰਬੰਧੀ ਡਾਕਟਰ ਗੋਕਲ ਚੰਦ ਨਾਰੰਗ ਕਰਤਾ 'ਟ੍ਰਾਂਸਫਾਰਮੇਸ਼ਨ ਆਫ ਸਿਖਿਜ਼ਿਮ' ਦਾ ਮਤ ਹੈ ਕਿ ਇਸ ਰਚਨਾ ਦੀ ਸਾਹਿਤ ਅਤੇ ਕਾਵਿ ਦੇ ਨਜ਼ਰੀਏ ਤੋਂ ਉਚਤਾ ਬਹੁਤ ਵੱਡੀ ਹੈ ਅਤੇ ਇਸ ਦੇ ਕੁਝ ਭਾਗ ਹਿੰਦੀ ਦੀ ਵਰਨਾਤਮਕ ਅਤੇ 'ਵੀਰ ਗਾਥਾ' ਦੀ ਕਵਿਤਾ ਦੀ ਸਭ ਤੋਂ ਉਚੇਰੀ ਪਦਵੀ ਦੇ ਹੱਕਦਾਰ ਹਨ।

ਕਿਸੇ ਕਵੀ ਦਾ ਕਥਨ ਹੈ:-

'ਸੁਗੁਣ, ਸੁਭੂਸ਼ਣ, ਸ਼ੁਭ ਸੁਰਸ, ਸੁਬਰਨ, ਸੁਪਦ, ਸੁਹਾਗ।
ਇਮ ਕਵਿਤਾ ਅਰ ਕਾਮਨੀ ਲਹੇ ਜੋ ਸੁ ਵਡਭਾਗ।'

ਚੰਗੀ ਕਵਿਤਾ ਦੇ ਇਹ ਸਾਰੇ ਲੱਛਣ ਦਸ਼ਮੇਸ਼ ਜੀ ਦੀ ਰਚਨਾ ਉਤੇ ਭਲੀ ਪਰਕਾਰ ਢੁਕਦੇ ਹਨ। ਆਪ ਦੀ ਬਾਣੀ ਵਿਚ ਰਸ ਅਤੇ ਰਾਗ ਦੋਨੋਂ ਮੌਜੂਦ ਹਨ। ਪਦਾਂ ਦੀ ਬਨਾਵਟ, ਇਨ੍ਹਾਂ ਦਾ ਮੇਲ ਜੋਲ, ਤੋਲ, ਤੁਕਾਂਤ, ਰਦੀਫ ਕਾਫੀਏ ਦਾ ਵਜ਼ਨ ਠੀਕ ਠੁਕ ਸਿਰ ਹਨ। ਅਲੰਕਾਰ ਤੇ ਉਪਮਾਵਾਂ ਨੂੰ ਤੱਕ ਕੇ ਆਪ ਦੀ ਚਤੁਰਤਾ ਅਤੇ ਬੁੱਧੀ ਦੀ ਤੀਖਣਤਾ ਦੀ ਦਾਦ ਦੇਣੀ ਪੈਂਦੀ ਹੈ। ਖਿਆਲ ਦੀ ਉਚ-ਉਡਾਰੀ ਤੱਕ ਕੇ ਪੜਚੋਲੀਏ ਦੰਗ ਰਹਿ ਜਾਂਦੇ ਹਨ। ਕਵਿਤਾ ਜਿਥੇ ਜੀਵਨ ਦੀ ਵਿਆਖਿਆ ਹੈ, ਉਥੇ ਸੁੰਦਰਤਾ ਦੀ ਉਪਮਾ ਵੀ ਹੈ। ਹਿੰਦੀ ਕਵਿਤਾ ਦੇ ਪੜਚੋਲੀਆਂ ਨੇ ਕਵਿਤਾ ਨੂੰ ਦੋ ਪਹਿਲੂਆਂ ਤੋਂ ਤਕਿਆ ਹੈ, ਉਪਯੋਗੀ ਅਤੇ ਸੌਂਦਰਯ। ਪਹਿਲਾ ਗੁਣ ਇਨਸਾਨ ਦੀਆਂ ਦੁਨਿਆਵੀ ਲੋੜਾਂ ਥੋੜ੍ਹਾਂ ਪੂਰੀਆਂ ਕਰਦਾ ਹੈ, ਦੂਜਾ ਉਹਦੇ ਦਿਲ ਤੇ ਦਿਮਾਗ ਨੂੰ ਖੀਵਾ ਤੇ ਪ੍ਰਕਾਸ਼ਮਾਨ ਕਰਦਾ ਹੈ। ਦਸ਼ਮੇਸ਼ ਜੀ ਨੇ ਇਨ੍ਹਾਂ ਦੋਹਾਂ ਪੱਖਾਂ ਨੂੰ ਮੁਖ ਰੱਖਕੇ ਰਾਮ, ਸਿਆਮ ਤੇ ਗੋਬਿੰਦ ਆਦਿ ਉਪਨਾਵਾਂ ਥੱਲੇ ਰਚਨਾ ਕੀਤੀ ਹੈ। ਪਹਿਲਾਂ ਆਪਦੀ ਬਾਣੀ ਦਾ ਸੌਂਦਰਯ ਪੱਖ ਉਜਾਗਰ ਕਰਨ ਦਾ ਯਤਨ ਕੀਤਾ ਜਾਂਦਾ ਹੈ।

ਅਲੰਕਾਰ:-ਅਨੁਪ੍ਰਾਸ ਅਲੰਕਾਰ (ਇਕੋ ਅੱਖਰ ਵਾਲੇ ਸ਼ਬਦ ਵਾਰ ਵਾਰ ਲਿਆਉਣੇ) ਮਿਸਾਲ ਲਈ ਇਹ ਸਵੱਈਆ ਪੜ੍ਹੋ:-

"ਪ੍ਰਾਸ ਸੋ ਪ੍ਰਾਤ ਪਟਾ ਸੇ ਪਟੰਬਰ, ਪਿਯਰੀ ਪਰੀ ਪਰਸੇ ਪ੍ਰਤਿਪਾਰੇ।
ਪਾਂਸ ਸੀ ਪ੍ਰੀਤ ਕੁਪਯੋਗਸੀ ਪ੍ਰਾਕ੍ਰਿਤ, ਪ੍ਰੇਤ ਸੇ ਪਾਨਿ ਪਰੋਸ ਨਿਹਾਰੇ।
ਪਾਸ ਪਰੇਸਨ ਪਾਰਧਸੀ ਪਕਵਾਨ, ਪਿਸਾਚ ਸੋ ਪੀਰ ਸੇ ਪਯਾਰੇ।
ਪਾਸ ਸੌ ਪੌਨ ਪ੍ਰਵੇਸ਼ ਕਰੈ, ਜਬ ਤੇ ਗਏ ਪੀਯ ਪ੍ਰਦੇਸ਼ ਪਿਯਾਰੇ॥

ਚਰਿਤ੍ਰੋ ਪਖਯਾਨ ੧੮੦/੪

ਹੇਠਲੇ ਸਵੈਯੇ ਵਿੱਚ ਯਮਕ ਅਲੰਕਾਰ ਹੈ, ਕਿਸ ਤਰ੍ਹਾਂ 'ਹਰਿ' ਸ਼ਬਦ ਨੂੰ ਕਈ ਅਰਥਾਂ ਵਿੱਚ ਵਰਤਿਆ ਹੈ:-

ਹਰਿ ਸੋ ਮੁਖ ਹੈ ਹਰਿਸੀ ਦੁਖ ਹੈ ਅਲਿਕੈ ਹਰਿ ਹਾਰ ਪ੍ਰਭਾ ਹਰਨੀ ਹੈ॥
ਲੋਚਨ ਹੈ ਹਰਿਸੇ ਸਰਸੇ ਹਰਿਸੇ ਭਰੁਟੇ ਹਰਿਸੀ ਬਰੁਨੀ ਹੈ॥
ਕਹਿਰ ਸੋ ਕਰਹਾ ਚਲਬੋ ਹਰਿ ਪੈ ਹਰਿ ਕੀ ਤਰਨੀ ਹੈ॥
ਹੈ ਕਰ ਮੈ ਹਰਿ ਪੈ ਹਰਿ ਸੋਂ ਹਰਿ ਰੂਪ ਕੀਏ ਹਰਿ ਕੀ ਧਰਨੀ ਹੈ॥੯੮॥

ਚੰਡੀ ਚਰਿਤ੍ਰ

ਇਹ ਕਬਿਤ ਉਲੇਖ ਅਲੰਕਾਰ ਦਾ ਪਰਮ ਸੁੰਦਰ, ਨਮੂਨਾ ਤੇ ਮਨੋਹਰਤਾ ਦਾ ਸਾਕਾਰ ਰੂਪ ਹੈ। ਨਿਰਗੁਣ ਤੇ ਨਿਰਾਕਾਰ ਅਰੂਪ ਵਾਹਿਗੁਰੂ ਦੀ ਜ਼ਿਮੀਂ ਜ਼ਮਾਨ ਵਿੱਚ ਰਮੀ ਹੋਈ ਹੁਲਾਸ ਅਤੇ ਵਿਸਮਾਦ ਵਿਚ ਮਹਾਂ ਕਵੀ ਨੇ ਫੁਰਮਾਇਆ ਹੈ:-

"ਕਹੂੰ ਜਟਾਧਾਰੀ ਕਹੂੰ ਕੰਠੀ ਧਰੇ ਬ੍ਰਹਮਚਾਰੀ ਕਹੂੰ ਜੋਗ ਸਾਧੀ, ਕਹੂ ਸਾਧਨਾ ਕਰਤ ਹੋ॥
ਕਹੂ ਕਾਨ ਫਾਰੇ ਕਹੂੰ ਡੰਡੀ ਹੋਏ ਪਧਾਰੇ, ਕਹੂੰ ਫੂਕ ਫੂਕ ਪਾਵਨ ਕੋ ਪ੍ਰਿਥੀਪੈ ਧਰਤ ਹੋ॥
ਕਤਹੂੰ ਸਿਪਾਹੀ ਹੁਇਕੈ ਸਾਧਤ ਸਿਲਾਹਨ ਕੌ ਕਹੂੰ ਛਤਰੀ ਹੋਇਕੈ ਅਰਿ ਮਾਰਤ ਮਰਤ ਹੋ॥
ਕਹੂੰ ਭੂਮ ਭਾਰ ਕੋ ਉਤਾਰਤ ਹੋ ਮਹਾਰਾਜ ਕਹੂ ਭਵ ਭੂਤਨ ਕੀ ਭਾਵਨਾ ਭਰਤ ਹੋ॥੧੫॥

ਅਕਾਲ ਉਸਤਿਤ

ਉਪਮਾ ਦੇ ਖੇਤਰ ਵਿਚ ਆਪ ਦੀ ਸੋਚ-ਉਡਾਰੀ ਸਿਖਰ ਤੇ ਪੁੱਜੀ ਦਿਸਦੀ ਹੈ। ਤਸ਼ਬੀਹਾਂ ਜਨ ਸਾਧਾਰਨ ਦੀ ਰੋਜ਼ਾਨਾ ਜ਼ਿੰਦਗੀ ਵਿਚੋਂ ਚੁਣ ਚੁਣ ਕੇ ਦਿੱਤੀਆਂ ਗਈਆਂ ਹਨ। ਚੰਡੀ ਦੀ ਵਾਰ ਵਿੱਚ ਹਲਵਾਈ ਦਾ ਸੀਖ ਨਾਲ ਵਿੰਨ੍ਹ ਵਿੰਨ੍ਹ ਵੜੇ ਉਤਾਰਨਾ, ਆਵਲਿਆਂ ਦਾ ਦਰੱਖਤ ਦੀ ਡਾਲ ਨਾਲ ਚਮੁੱਟੇ ਹੋਣਾ, ਨਿਮਾਜ਼ੀਆਂ ਦਾ ਸਿਜਦੇ ਵਿਚ ਝੁਕ ਝੁਕ ਪੈਣਾ, ਅਜਿਹੇ ਨਜ਼ਾਰੇ ਹਨ, ਜੋ ਔਸਤ ਦਰਜੇ ਦਾ ਪਾਠਕ ਨਿੱਤ ਵੇਖਦਾ ਅਤੇ ਬਖ਼ੂਬੀ ਸਮਝਦਾ ਹੈ। ਉਸੇ ਤਰ੍ਹਾਂ ਘੁਮ੍ਹਾਰ ਦਾ ਤਾਗੇ ਨਾਲ ਚੱਕ ਤੋਂ ਭਾਂਡਾ ਉਤਾਰ ਲੈਣ ਦਾ ਨਜ਼ਾਰਾ ਤਸ਼ਬੀਹ ਦੀ ਸ਼ਕਲ ਵਿਚ ਸ੍ਰੀ ਕ੍ਰਿਸ਼ਨ ਚੱਕਰ ਨਾਲ ਸੀਸ ਉਤਰਨ ਦੀ ਘਟਨਾ ਵਿਚੋਂ ਦਿਸਦਾ ਹੈ।

ਜੁੱਧੁ ਭਯੋ ਅਤਿ ਹੀ ਸੁ ਤਹਾਂ ਤਬ ਸ੍ਰੀ ਬ੍ਰਿਜਨਾਇਕ ਚਕ੍ਰ ਸੰਭਾਰਯੋ॥
ਮਾਰਤ ਹਉ ਤੁਹਿ ਏ ਰੇ ਸ੍ਰਿਗਾਲ ਮੈ ਸਯਾਮ ਭਨੈ ਇਸ ਸਯਾਮ ਪਚਾਰਯੋ॥
ਛੋਰ ਸੁਦਰਸ਼ਨ ਦੇਤ ਭਯੋ ਸਿਰ ਸ਼ੱਤ੍ਰ ਕੋ ਮਾਰ ਜੁਦਾ ਕਰਿ ਡਾਰਯੋ॥
ਮਾਨਹੁ ਕੁਮਾਰ ਲੈ ਤਾਗਹਿ ਕੋ ਚਕਤੇ ਫੁਨ ਬਾਧਨ ਕਾਟ ਉਤਾਰਯੋ॥੨੨੭੦॥
(ਕ੍ਰਿਸ਼ਨ ਅਵਤਾਰ)

ਅਤਿ ਉਕਤੀ ਅਲੰਕਾਰ ਜਾਂ ਮੁਬਾਲਗੇ ਦਾ ਅਨੂਪਮ ਨਮੂਨਾ ਚੰਡੀ ਦੀ ਵਾਰ ਵਿਚੋਂ ਮਿਲਦਾ ਹੈ। ਦੁਰਗਾ ਦੀ ਤਲਵਾਰ ਦੈਂਤ ਦੇ ਸਰੀਰ ਨੂੰ ਚੀਰ ਕੇ ਘੋੜੇ ਅਤੇ ਪਨਾਲ ਦੋਹਾਂ ਨੂੰ ਵੱਢ ਗਈ, ਦੈਂਤ ਦੀ ਖੋਪਰੀ ਚੂਰ ਚੂਰ ਹੋ ਗਈ। ਰੱਤ ਨੁਚੜ ਕੇ ਕਰੰਗ ਭੁਇੰ 'ਤੇ ਜਾ ਪਿਆ ਤਲਵਾਰ ਅਗਾਂਹ ਧਰਤੀ ਦੀ ਪਾਤਾਲ ਵਿੱਚ ਜਾ ਧਸੀ। ਧੌਲ ਦੇ ਸਿੰਗ ਨਾਲ ਖਹਿ ਕੇ ਕੱਛੂ ਕੁੰਮੇ 'ਤੇ ਜਾ ਪਈ। ਹੈ ਨਾ ਕਵੀ ਦੀ ਕਲਪਨਾ ਅਤੇ ਅਤਿਕਥਨੀ ਦਾ ਕਮਾਲ।

ਸੱਟ ਪਈ ਜਮਧਾਣੀ ਦਲਾਂ ਮੁਕਾਬਲਾ
ਧੂਹਿ ਲਈ ਕਿਰਪਾਣੀ ਦੁਰਗਾ ਮਿਆਨ ਤੇ
ਚੰਡੀ ਰਾਕਸ਼ਿ ਖਾਣੀ ਵਾਹੀ ਦੈਂਤ ਨੂ
ਕੋਪਰਚੂਰ ਚਵਾਣੀ ਲੱਥੀ ਕਰਗ ਲੈ।
ਪਾਖਰ ਤੁਰਾ ਪਲਾਣੀ ਰੜਕੀ ਧਰਤਿ ਜਾਇ
ਲੈਦੀ ਅਘਾ ਸਿਧਾਣੀ ਸਿੰਗਾ ਧਉਲਦਿਆਂ॥
ਕੂਰਮ ਸਿਰ ਲਹਿਲਾਣੀ ਦੁਸ਼ਮਨ ਮਾਰਕੈ॥੧੫॥ ਵਾਰ ਸ੍ਰੀ ਭਗਉਤੀ ਜੀ

ਪਰੋਢੋਕਤੀ ਦੀ ਇਕ ਮਿਸਾਲ 'ਤ੍ਰਿਆ ਚਰਿਤ੍ਰ' ਵਿੱਚੋਂ ਦਿੱਤੀ ਜਾਂਦੀ ਹੈ। ਆਪ ਇਕ ਸ਼ਹਿਜ਼ਾਦੇ ਦੇ ਰੂਪ ਵਿਚ ਜੋਬਨ ਦੀ ਤਾਰੀਫ਼ ਕਰਦੇ ਹੋਏ ਜੰਗਲੀ ਜਾਨਵਰਾਂ, ਦਰਿੰਦਿਆਂ ਪਰਿੰਦਿਆਂ ਨੂੰ ਵਿਚਕਾਰ ਲੈ ਆਉਂਦੇ ਹਨ। ਨੱਕ ਨੂੰ ਦੇਖ ਕੇ ਤੋਤਾ ਖਿਝ ਗਿਆ, ਅੱਖਾਂ ਨੂੰ ਭੌਰੇ ਨੇ ਫੁਲਵਾੜੀ ਸਮਝ ਲਿਆ। ਪਤਲੀ ਕਮਰ ਤੋਂ ਸ਼ੇਰ ਸ਼ਰਮਿੰਦਾ ਹੋ ਗਿਆ ਅਤੇ ਨਮੋਸ਼ੀ ਦਾ ਮਾਰਿਆ ਹੁਣ ਤੱਕ ਹਿਰਨਾਂ ਨੂੰ ਮਾਰਦਾ ਫਿਰਦਾ ਹੈ। ਕੋਇਲ ਆਵਾਜ਼ ਸੁਣਕੇ ਜਲ ਭੁੱਜ ਕੇ ਕਾਲੀ ਹੋ ਗਈ। ਕਾਲੀਆਂ ਲਿਟਾਂ ਨੂੰ ਤੱਕ ਕੇ ਨਾਗਨ ਹੁਣ ਤੱਕ ਪਾਤਾਲ ਵਿੱਚ ਲੁਕੀ ਫਿਰਦੀ ਹੈ। ਚਰਿਤ੍ਰੋਪਖਯਾਨ 'ਚੋਂ ਇਹ ਤਕੋ:-

ਤਹਿਕ ਸ਼ਾਹ ਕੋ ਪੂਤ ਅਪਾਰਾ॥ ਕਨਕ ਅਵਟਿ ਸਾਂਚੇ ਜਨ ਢਾਰਾ।
ਨਿਰਖਿ ਨਾਕ ਜਿਹ ਸੁਆ ਰਿਸਾਨੋ॥ ਕੰਜ ਜਾਨਿ ਦ੍ਰਿਗ ਭੰਵਰ ਭੁਲਾਨੋ॥੩॥੩੫੮॥

ਕਟਿ ਕੇਹਰਿ ਲਖਿ ਅਧਿਕ ਰਿਸਾਵਤ॥ ਤਾਤੇ ਫਿਰਤ ਮ੍ਰਿਗਨ ਕਹ ਘਾਵਤ।
ਸੁਨ ਬਾਨੀ ਕੋਕਿਲ ਕੁਕਰਈ॥ ਕ੍ਰੋਧ ਜਰਤ ਕਾਰੀ ਹੈ ਗਈ॥
ਨੈਨ ਨਿਰਖ ਕਰਿ ਜਲਜ ਲਜਾਨਾ॥ ਤਾਂਤੇ ਜਲ ਮਹਿ ਕਿਯਾ ਪਯਾਨਾ॥
ਅਲਕ ਹੇਰਿ ਨਾਗਿਨਿ ਰਿਸਿ ਭਾਰੀ॥ ਚਿਤ ਮਹਿ ਲਜਤ ਪਤਾਰਹਿ ਬਰੀ॥੫॥੩੫੮॥

ਚੰਚਰੀਟ ਦੁਤਿ ਦੇਖਿ ਬਿਕਾਨੇ॥ ਭਵਰ ਆਜੁ ਲਗਿ ਫਿਰਤਿ ਦਿਵਾਨੇ॥
ਮਹਾਦੇਵ ਤੇ ਨੈਕ ਨਿਹਾਰੇ॥ ਅਬਲਗਿ ਬਨ ਮੈ ਬਸਤ ਉਘਾਰੇ॥੭॥੩੩੫॥

ਆਪ ਦੇ ਦੋਹਿਆਂ ਵਿਚ ਵੀ ਬੜੀਆਂ ਨਾਜ਼ੁਕ ਖਿਆਲੀਆਂ ਅਮਰ ਸਚਾਈਆਂ ਦੇ ਰੂਪ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਦਸੀਆਂ ਗਈਆਂ ਹਨ। ਬੋਲੀ ਦੀ ਲਚਕ ਵੀ ਧਿਆਨ ਖਿੱਚਦੀ ਹੈ:-

(੧) ਸਭ ਕੁਛ ਟੂਟੇ ਜੁਰਤ ਹੈਂ, ਜਾਨਿ ਲੇਹੁ ਮਨ ਮਿੱਤ।
ਏ ਦ੍ਵੈ ਟੂਟੇ ਨਾ ਜੁਰਹਿ ਏਕ ਸੀਸ ਅਰੁ ਚਿੱਤ॥੪੧॥ ਚਰਿਤ੍ਰੋਪਖਯਾਨ, ੩੩

(੨) ਹਰਿਜਾ ਅਸਿ ਐਸੇ ਸੁਨਯੋ ਕਰਤ ਏਕ ਤੇ ਦੋਇ॥
ਬਿਰਹ ਬਢਾਰਨਿ ਜੋ ਬਧੇ ਏਕ ਦੋਇ ਤੇ ਹੋਇ॥੯੮॥

(੩) ਤੀਰ ਲਗੋ ਤਰਵਾਰ ਲਗੋ,
ਨ ਲਗੋ ਜਿਨ ਕਾਹੂ ਕੀ ਕਾਹੂ ਸੇ ਆਖੇਂ।੨੧॥੧੦੩॥

ਗੁਣਾਂ ਵਿਚੋਂ ਓਜ, ਪਰਸਾਦ ਅਤੇ ਮਾਧੁਰਯ ਦੀਆਂ ਵੰਨਗੀਆਂ ਕ੍ਰਮਵਾਰ ਹੇਠਾਂ ਦਿੱਤੀਆਂ ਜਾਂਦੀਆਂ ਹਨ:-

"ਖਗ ਖੰਡ ਬਿਹੰਡੰ ਖਲਦਲ ਖੰਡੰ ਅਤਿ ਰਣ ਮੰਡੰ ਬਰਬੰਡੰ।
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ।
ਸੁਖ ਸੰਤਾ ਕਰਣੰ ਦੁਰਮਤਿ ਦਰਣੰ ਕਿਲਬਿਖ ਹਰਣੰ, ਅਸਿ ਸਰਣੰ।
ਜੈ ਜੈ ਜਗ ਕਾਰਣ ਸ੍ਰਿਸ਼ਟਿ ਉਬਾਰਣ ਮਮ ਪ੍ਰਤਿਪਾਰਣ, ਜੈ ਤੇਗੰ॥੧੨॥
ਬਚਿੱਤ੍ਰ ਨਾਟਕ)

ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ॥
ਪੱਛ ਪਸ਼ੂ ਨਗ ਨਾਗ ਨਰਾਧਿਪ ਸਰਬ ਸਮੈ ਸਭ ਕੋ ਪ੍ਰਤਿਪਾਰੈ॥

ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲ ਕੇ ਨਹੀ ਕਰਮ ਬਿਚਾਰੈ॥
ਦੀਨ ਦਇਆਲ ਦਇਆ ਨਿਧ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ॥੧॥੨੪੩॥
(ਅਕਾਲ ਉਸਤਤ)

"ਮੀਨ ਮੁਰਝਾਨੇ ਕੰਜ ਖੰਜਨ ਖਿਸਾਨੇ ਅਲਿ,
ਫ਼ਿਰਤ ਦਿਵਾਨੇ ਬਨ ਡੋਲੈ ਜਿਤ ਤਿਤਹੀ।
ਕੀਰ ਅਓ ਕਪੋਤ ਬਿੰਬ ਕੋਕਿਲਾ ਕਲਾਪੀ ਬਨ,
ਲੂਟੇ ਫੂਟੇ ਫਿਰੈ ਮਨ ਚੈਨ ਹੂੰ ਨਾ ਕਿਤ ਹੀ।

ਦਾਰਮ ਦਰਕ ਗਇਓ, ਪੇਖ ਦਸਨਨਿ ਪਾਤਿ,
ਰੂਪ ਹੀ ਕੀ ਕ੍ਰਾਤ ਜਗ ਫੈਲ ਰਹੀ ਸਿਤਹੀ।
ਐਸੀ ਗੁਨ ਸਾਗਰ ਉਜਾਗਰ ਸੁ ਨਾਗਰ ਹੈ,
ਲੀਨੋ ਮਨ ਮੇਰੋ ਹਰਿ ਨੈਨ ਕੋਰ ਚਿਤ ਹੀ।" (ਚੰਡੀ ਚਰਿਤਰ)

ਰਸਾਂ ਦਾ ਨਿਰਣਾ ਵੀ ਬੜਾ ਵਿਸਥਾਰ ਮੰਗਦਾ ਹੈ। ਕੇਵਲ ਕੁਝ ਨਮੂਨੇ ਦੇਣਾ ਹੀ ਕਾਫੀ ਹੋਵੇਗਾ। ਸ਼ਾਂਤ ਰਸ ਦੀ ਇਕ ਸ਼ਾਹ ਟੁਕੜੀ ਕ੍ਰਿਸ਼ਨਾਵਤਾਰ ਵਿਚੋਂ ਦਿੱਤੀ ਜਾਂਦੀ ਹੈ:-

"ਸੁਨ ਪਾਈ ਖਿਜ੍ਰ ਬਾਲਾ, ਮੋਹਨ ਆਏ ਹੈ ਕੁਰਖੇਤ॥
ਦਰਸਨ ਦੇਖ ਸਭੈ ਦੁਖ ਬਿਸਰੇ, ਬੇਦ ਕਹਿਤ ਜਿਹ ਨੇਤ।
ਤਨ ਮਨ ਅਟਕਿਯੋ ਚਰਨ ਕਮਲ ਸੋ ਧਨ ਨਿਵਛਾਵਰ ਦੇਤ।
ਕ੍ਰਿਸ਼ਨ ਇਕਾਂਤ ਕੀਯੋ ਤਿਹ ਹੀ ਛਿੱਨ, ਕਹਯੋ ਗਿਆਨ ਸਿਖ ਲੇਹੁ।
ਮਿਲ ਬਿਛੁਰਨ ਦੋਊ ਇਹ ਜਗ ਮੈ ਮਿਥਿਆ ਤਨ ਅਸਨੇਹੁ।"

ਕ੍ਰਿਸ਼ਨਾਵਤਾਰ, ੨੪੨੬

ਇਸੇ ਮਹਾਂਕਾਵਿ ਦੇ, ਇਕੋ ਛੰਦ ਵਿਚ ਰੌਦ, ਬੀਰ ਅਤੇ ਭਿਆਨਕ ਤਿੰਨਾਂ ਰਸਾਂ ਨੂੰ ਬੜੀ ਖੂਬੀ ਨਾਲ ਨਿਭਾਇਆ ਹੈ:-

ਕ੍ਰੋਧ ਭਰਯੋ ਰਨ ਮੋ ਅਤਿ ਕ੍ਰੂ ਸੁ ਪਾਨ ਕੇ ਬੀਚ ਕ੍ਰਿਪਾਨ ਲੀਏ॥
ਭਿਮਾਨ ਸੋ ਡੋਲਤ ਹੈ ਰਨ ਭੀਤਰ ਆਨ ਕੋ ਆਨਤ ਹੈ ਨ ਹੀਏ॥
ਅਤਿ ਹੀ ਰਸ ਰੁਦ੍ਰ ਕੇ ਬੀਚ ਤਕਿਓ ਕਬਿ ਸਯਾਮ ਕਹੈ ਮਦ ਪਾਨ ਪੀਏ॥
ਬਲਭਦ੍ਰ ਸੰਘਾਰਤ ਸ਼ੱਤ੍ਰ ਫਿਰੈ ਜਮ ਕੋ ਸੁ ਭਯਾਨਕ ਰੂਪ ਕੀਏ॥੧੮੩੬॥

ਸ਼ਿੰਗਾਰ ਰਸ ਦਾ ਅਤੀ ਸੁੰਦਰ ਨਮੂਨਾ ਰਾਧਾ ਦੀ ਰੂਪ ਰਾਸ਼ੀ ਦਾ ਵਰਣਨ ਹੈ, ਜੋ ਮੋਤੀਆਂ ਦੇ ਗਹਿਣੇ ਪਾਈ ਜਮਨਾ ਦੇ ਕੰਢੇ ਮਾਧਵ (ਕ੍ਰਿਸ਼ਨ) ਨੂੰ ਖੜ੍ਹੀ ਉਡੀਕਦੀ ਹੈ। ਸੁੰਦਰੀ ਇਸ ਤਰ੍ਹਾਂ ਪਰਤੀਤ ਹੁੰਦੀ ਹੈ ਕਿ ਮਾਨੋ ਛੀਰ ਸਮੁੰਦਰ ਨੂੰ ਮੱਥ ਕੇ ਕੱਢੇ ਚੰਦ ਨੂੰ ਚੀਰ ਕੇ ਉਹਦਾ ਅੰਗ ਅੰਗ ਬਣਾਇਆ ਗਿਆ ਹੈ:-

ਮੋਤੀ ਕੇ ਅੰਗ ਬਿਰਾਜਤ ਭੂਖਨ ਮੋਤੀ ਕੇ ਬੇਸਰ ਕੀ ਛਬ ਬਾਢੀ॥
ਮੋਤੀ ਕੇ ਚੋਸਰ ਹਾਰ ਫਬੈ ਦੁਤਿ ਮੋਤਿਨ ਕੇ ਗਜਰਾਨ ਕੀ ਗਾਢੀ॥
ਰਾਧਿਕਾ ਮਾਧਵ ਕੌ ਜਮੁਨ ਤਟ ਕੰਜ ਗਹੇ ਕਰ ਜੋਵਤਿ ਠਾਢੀ॥
ਛੀਰ ਕੇ ਸਾਗਰ ਕੋ ਮਥਿ ਕੈ ਮਨੋ ਚੰਦ ਕੋ ਚੀਰ ਸਭੈ ਤਨ ਕਾਢੀ॥੨੬॥੧੨॥

ਚਰਿਤ੍ਰੋ ਪਖਯਾਨ

ਹਾਸ ਰਸ ਦੀ ਵੰਨਗੀ, ਇਕ ਫੂਹੜ ਨਵੀਂ ਵਿਆਹੀ ਬਹੂ ਦਾ ਰੰਗ ਢੰਗ ਬਿਆਨਦੇ ਹੋਏ ਛੰਦਾਂ ਵਿਚੋਂ ਮਿਲਦੀ ਹੈ। ਇਹ ਸਵੇਰੇ ਹੀ ਬੱਦਲਾਂ ਵਾਂਗ ਗਰਜਦੀ ਹੈ, ਸੱਸ ਦੇ ਡਰ ਕਰਕੇ ਉਸ ਦਾ ਸਾਹ ਰੁਕ ਜਾਂਦਾ ਹੈ, ਜਿਠਾਣੀ ਬੂਹਿਆਂ ਤੋਂ ਹੀ ਮੁੜ ਜਾਂਦੀ ਹੈ, ਆਂਢੀ ਗੁਆਂਢੀ ਘਰ ਬਾਰ ਛੱਡ ਕੇ ਜੰਗਲੀਂ ਜਾ ਵਸੇ ਹਨ। ਪਾਣੀ ਮੰਗਣ 'ਤੇ ਪੱਥਰ ਮਾਰਨ ਵਾਲੀ ਇਹ ਨਾਰ ਹੈ ਜਾਂ ਨਾਹਰ, ਅਰਥਾਤ-ਸ਼ੀਂਹ ?

ਭੋਰ ਹੁਤੇ ਗਰਜੈ ਲਰਜੈ ਬਰਜੈ ਸਭ ਲੋਗ ਰਹੈ ਨਹਿ ਠਾਨੀ॥
ਸਾਸ ਕੇ ਤ੍ਰਾਸ ਨ ਆਵਤ ਸ੍ਵਾਸ ਦੁਆਰਨ ਤੇ ਫਿਰਿ ਜਾਤ ਜਿਠਾਨੀ॥
ਪਾਸ ਪਰੋਸਿਨ ਬਾਸ ਗਹਯੋ ਬਨ ਲੋਗ ਭਏ ਸਭ ਹੀ ਨਕਵਾਨੀ॥
ਪਾਨੀ ਕੇ ਮਾਂਗਤ ਪਾਥਰ ਮਾਰਤ ਨਾਰਿ ਕਿਧੋ ਘਰ ਨਾਹਰ ਆਨੀ॥੧੪॥੪੦॥
ਚਰਿਤ੍ਰੋ ਪਖਯਾਨ

2

ਹੁਣ ਇਸ ਮਹਾਨ ਕਾਵਿ ਨੂੰ ਸਾਹਿਤ ਦੇ ਲਾਭਕਾਰੀ ਅੰਗ ਦੇ ਨਜ਼ਰੀਏ ਤੋਂ ਤੱਕਿਆ ਜਾਂਦਾ ਹੈ। ਸੌਂਦਰਯ ਅੰਗ ਨੂੰ 'ਹੁਨਰ ਹੁਨਰ ਲਈ' ਦੇ ਅਸੂਲ 'ਤੇ ਢੁਕਾਇਆ ਜਾ ਸਕਦਾ ਹੈ ਤੇ ਲਾਭਕਾਰੀ ਨੂੰ 'ਹੁਨਰ ਜ਼ਿੰਦਗੀ ਲਈ' ਦੇ ਅਸੂਲ 'ਤੇ। ਇਸ ਖਿਆਲ ਨੂੰ ਅੱਜ ਕੱਲ੍ਹ ਦੇ ਉਪਯੋਗਤਾਵਾਦ ਦੇ ਸਮੇਂ ਵਿਚ ਇਨਸਾਨੀ ਫਿਤਰਤ ਦੀ ਮੁਢਲੀ ਚਾਹ ਦਾ ਸਿਖਰ ਆਖਿਆ ਜਾ ਸਕਦਾ ਹੈ। ਇਨਸਾਨ ਨੇ ਹਰ ਸਮੇਂ ਵਿਚ ਆਪਣੀ ਹਰ ਕਿਸਮ ਦੀ ਮਿਹਨਤ ਦਾ ਸਿਲਾ ਮੰਗਿਆ ਹੈ। ਉਹ ਕਲਾ ਅਤੇ ਸਾਹਿਤ ਤੋਂ ਵੀ ਆਪਣੀ ਦਿਲੀ ਅਤੇ ਦਿਮਾਗੀ ਮਿਹਨਤ ਦਾ ਬਦਲਾ ਲੋੜਦਾ ਹੈ। ਲੋਕ ਹਰ ਕਲਾਕਾਰ, ਚਿੱਤਰਕਾਰ ਅਤੇ ਸਾਹਿਤਕਾਰ ਤੋਂ ਜਨ ਸਮੂਹ ਦੇ ਭਲੇ ਦੀ ਆਸ ਕਰਦੇ ਹਨ, ਇਸ ਤੱਕੜ 'ਤੇ ਤੋਲਿਆਂ ਵੀ ਦਸ਼ਮੇਸ਼-ਰਚਨਾ ਪੂਰੀ ਉਤਰਦੀ ਹੈ। ਇਹਦਾ ਸੁਧਾਰਕ ਪੱਖ ਅੱਜ ਕੱਲ੍ਹ ਦੀ ਅਗਾਂਹ ਵਧੂ ਸ਼ੈਲੀ ਨਾਲ ਟੱਕਰ ਖਾਂਦਾ ਹੈ। ਅਗਾਂਹ ਵਧੂ ਕਵੀ ਉਹ ਹੈ, ਜੋ ਗ਼ਲਤ ਪੁਰਾਤਨਤਾ ਅਤੇ ਰਵਾਇਤ ਤੋਂ ਉਠ ਕੇ ਬਾਗੀ ਹੋ ਜਾਂਦਾ ਹੈ ਅਤੇ ਕੁਝ ਮਨ ਲੱਗਦਾ ਆਖਣ ਅਤੇ ਕਰਨ ਦਾ ਹੀਆ ਕਰਦਾ ਹੈ, ਜੋ ਉਸ ਵੇਲੇ ਗੁਨਾਹ ਅਤੇ ਜੁਰਮ ਸਮਝਿਆ ਜਾਏ। ਜਿਸ ਨੂੰ ਦੇਖ ਸੁਣ ਕੇ ਲੋਕ ਹੈਰਾਨ ਹੋ ਕੇ ਕੁਝ ਸੋਚਣ ਲਗ ਪੈਣ। ਦਸ਼ਮੇਸ਼ ਜੀ ਨੇ ਜੋ ਬਾਣੀ ਰਚੀ, ਉਹ ਕਿਸੇ ਆਸ਼ੇ ਅਤੇ ਮੰਤਵ ਨੂੰ ਮੁਖ ਰਖ ਕੇ ਰਚੀ। ਆਪ ਜੀ ਨੇ ਪੁਰਾਤਨ ਗ੍ਰੰਥਾਂ ਦੇ ਉਲਥੇ ਇਸ ਲਈ ਕੀਤੇ ਜਾਂ ਕਰਵਾਏ ਤਾਂ ਕਿ ਅਰਬੀ, ਫ਼ਾਰਸੀ ਅਤੇ ਸੰਸਕ੍ਰਿਤ ਵਰਗੀਆਂ ਟਕਸਾਲੀ ਬੋਲੀਆਂ ਤੋਂ ਨਾਵਾਕਫ ਜਨਤਾ ਜਿਨ੍ਹਾਂ ਦੀ ਪਹੁੰਚ ਵਿਚ ਉਹ ਗ੍ਰੰਥ ਨਹੀਂ, ਆਪਣੀ ਭਾਸ਼ਾ ਵਿਚ ਉਨ੍ਹਾਂ ਤੋਂ ਆਸਾਨੀ ਨਾਲ ਜਾਣੂ ਹੋ ਸਕਣ ਅਤੇ ਉਨ੍ਹਾਂ ਸਬੰਧੀ ਆਪਣਾ ਨਜ਼ਰੀਆ ਬਣਾ ਸਕਣ। ਮੈਕਾਲਿਫ ਸਾਹਿਬ ਲਿਖਦੇ ਹਨ:-

"ਸਮਾਜ ਦੀਆਂ ਬਦਬੂਦਾਰ ਅਤੇ ਨ੍ਹੇਰੀਆਂ ਕੋਠੜੀਆਂ ਵਿੱਚ ਜਿਥੇ ਰੱਬ ਦੇ ਲੱਖਾਂ ਬੰਦੇ ਅੰਨ੍ਹੇ ਕੈਦੀਆਂ ਵਾਂਗ ਆਪਣੀਆਂ ਜ਼ਿੰਦਗੀਆਂ ਸ਼ੁਰੂ ਕਰਕੇ ਖਤਮ ਕਰ ਦਿੰਦੇ ਸਨ, ਆਪ ਸੂਰਜ ਬਣਕੇ ਦਾਖਲ ਹੋਏ।" ਇਨਸਾਨੀ ਜ਼ਿੰਦਗੀ ਦੀਆਂ ਗਿਰਾਵਟਾਂ ਤੇ ਬੁਰਾਈਆਂ ਅਤੇ ਸਮਾਜਕ ਕੁਰੀਤੀਆਂ ਦੂਰ ਕਰਨ ਦਾ ਯਤਨ ਕੀਤਾ। ਸਮਾਜਕ ਦੰਡ ਤੋਂ ਡਰਦੇ, ਗੋਸਤ ਦੀ ਥਾਵੇਂ ਰੋੜੇ ਰਿੰਨ੍ਹ ਕੇ ਖਾਣ ਵਾਲੇ ਬਾਣੀਏ ਦੀ ਢਕੀ ਰਿਝਦੀ ਉਤੋਂ ਆਪ ਨੇ ਚੱਪਣੀ ਲਾਹੀ। ਦਿਲਾਵਰ ਖਾਂ ਦੇ ਖਾਨਜ਼ਾਦੇ ਸਬੰਧੀ ਲਿਖਦੇ ਹੋਏ ਆਪ ਦੱਸਦੇ ਹਨ:-

ਬਰਵਾ ਗਾਉਂ ਉਜਾਰ ਕੈ ਕਰੇ ਮੁਕਾਮ ਭੁਲਾਨ;
ਪ੍ਰਭੁ ਬਲ ਹਮੈ ਨ ਛੁਇ ਸਕੈ, ਭਾਜਤ ਭਏ ਨਿਦਾਨ।
ਤਵ ਬਲ ਇਹਾਂ ਨਾ ਪਰ ਸਕੇ, ਬਰਵਾ ਹਨਾ ਰਿਸਾਇ
ਸਾਲਨ ਰਸ ਜਿਮ ਬਾਨੀਓ ਰੋਰਨ ਖਾਤ ਬਨਾਇ॥੧੦॥ (ਬਚਿੱਤਰ ਨਾਟਕ)

ਆਪ ਨੇ ਖੁਦਾ ਅਤੇ ਪਰਮਾਤਮਾ ਸਬੰਧੀ ਪ੍ਰਚੱਲਤ ਗ਼ਲਤ ਕੀਮਤਾਂ ਦੂਰ ਕਰਕੇ ਦੀਨ ਦੁਨੀਆਂ ਦੇ ਵਾਹਿਦ ਮਾਲਿਕ ਸਬੰਧੀ ਆਪਣਾ ਸਹੀ ਅਤੇ ਨਵਾਂ ਨਰੋਆ ਨਜ਼ਰੀਆ ਪੇਸ਼ ਕੀਤਾ ਕਿ ਰੱਬ ਨੂੰ ਰਾਗ ਰੰਗ ਤੋਂ ਨਫਰਤ ਨਹੀਂ। ਉਹ ਜ਼ਾਲਮ ਦਾ ਖ਼ੂਨ ਕਰਨ ਵਾਲੇ ਨੂੰ ਮਾਫ਼ ਵੀ ਕਰ ਦਿੰਦਾ ਹੈ।

ਪਾਲਕ ਪੁਨਿੰਦਾ ਪਰਮ ਪਾਰਸੀ ਪ੍ਰਗਿੰਦਾ,
ਰੰਗ ਰਾਗ ਕੇ ਸੁਨਿੰਦਾ ਪੈ ਅਨੰਦਾ ਤੇਜ ਮਾਨੀਐ।
ਜਾਪ ਕੇ ਜਪਿੰਦਾ ਖ਼ੈਰ ਖ਼ੂਬੀ ਕੇ ਦਹਿੰਦਾ,
ਖ਼ੂਨ ਮਾਫ ਕੇ ਕੁਨਿੰਦਾ, ਹੈ ਅਭਿਜ ਰੂਪ ਠਾਨੀਐ।" (ਗਿਆਨ ਪ੍ਰਬੋਧ)

ਸਭ ਤੋਂ ਵੱਡੀ ਗੱਲ ਜੋ ਆਪ ਨੇ ਦੱਸੀ, ਉਹ ਇਹ ਕਿ ਰੱਬ ਦਾ ਕੋਈ ਮਜ਼ਬ ਨਹੀਂ, ਇਸ ਲਈ ਰੱਬ ਕਿਸੇ ਇਕ ਮਜ਼ਬ ਦੀ ਅਜਾਰਾਦਾਰੀ ਨਹੀਂ:-

"ਨਮਸਤੰ ਅਮਜ਼ਬੇ, ਨਮਸਤਸਤ ਅਜਬੇ।" (ਜਾਪੁ)

ਉਹ ਸਹਿਜ ਸੁਭਾਅ ਹੀ ਇਕ-ਚਿੱਤ ਹੋ ਕੇ ਚੇਤੇ ਕਰਨ ਨਾਲ ਆ ਮਿਲਦਾ ਹੈ:-

"ਏਕ ਚਿਤ ਇਹ ਇਕ ਛਿਨ ਧਿਆਯੋ। ਕਾਲ ਫਾਸ ਕੇ ਬੀਚ ਨ ਆਯੋ।"

(ਅਕਾਲ ਉਸਤਤ)

ਮਜ਼ਬ ਸਬੰਧੀ ਪਰਚਲਤ ਗਲਤ ਕੀਮਤਾਂ ਉਤੇ ਆਪ ਨੇ ਬੜੀ ਕਰੜੀ ਆਲੋਚਨਾ ਕੀਤੀ ਹੈ। ਧਰਮ ਅਤੇ ਦੀਨ ਦੇ ਨਾਂ ਉਤੇ ਪਾਪ ਕਰਨ ਵਾਲਿਆਂ ਨੂੰ ਆਪ ਨੇ ਨੰਗਾ ਕਰ ਕੇ ਭੋਲੀ ਭਾਲੀ ਲੁੱਟੀ ਜਾ ਰਹੀ ਜਨਤਾ ਨੂੰ ਸਾਵਧਾਨ ਕੀਤਾ:-

ਪਾਪ ਕਰਹਿ ਪਰਮਾਰਥ ਕੇ, ਜਿਹ ਪਾਪਨ ਤੇ ਅਤਿ ਪਾਪ ਲਜਾਹੀ॥"

ਬਚਿਤ੍ਰ ਨਾਟਕ

ਇਥੋਂ ਤਕ ਕਿ ਆਪ ਨੇ ਆਪਣੇ ਮਸੰਦਾਂ ਨੂੰ ਇਬਰਤਨਾਕ ਸਜ਼ਾ ਦੇਣ ਤੋਂ ਸੰਕੋਚ ਨਾ ਕੀਤਾ।

ਜਿਵੇਂ ਬੀਤੇ, ਬੀਤ ਰਹੇ ਅਤੇ ਆਉਣ ਵਾਲੇ ਸਮਿਆਂ ਦਾ ਗੂੜ੍ਹਾ ਸਬੰਧ ਹੈ। ਬੀਤ ਰਿਹਾ, ਬੀਤ ਗਏ ਤੇ ਆਉਣ ਵਾਲੇ ਸਮੇਂ ਵਿਚਾਲੇ ਇਕ ਕੜੀ ਦਾ ਕੰਮ ਦੇਂਦਾ ਤੇ ਅੱਗੇ ਪਿਛੇ ਜੋੜਦਾ ਹੈ। ਮੌਜੂਦਾ ਸਾਹਿਤ ਦਾ ਪੁਰਾਤਨ ਅਤੇ ਭਾਵੀ ਸਾਹਿਤ ਨਾਲ ਡੂੰਘਾ ਸਬੰਧ ਹੈ। ਇਸੇ ਤਰ੍ਹਾਂ ਇਹਦੀਆਂ ਜੜ੍ਹਾਂ ਪੁਰਾਤਨ ਸਾਹਿਤ ਵਿਚ ਹਨ ਅਤੇ ਭਾਵੀ ਸਾਹਿਤ ਵਿਚ ਇਸ ਦੇ ਫਲ ਫੁੱਲ ਹੋਣਗੇ। ਅਜ ਕਲ ਦੇ ਅਖੌਤੀ ਅਗਾਂਹ ਵਧੂ ਸਾਹਿਤ ਦਾ ਪਰਧਾਨ ਅੰਗ ਸਾਮਰਾਜੀ ਆਰਥਿਕ ਲੁੱਟ ਖਸੁੱਟ ਦੀ ਨਿੰਦਾ ਕਰਨਾ ਹੈ। ਇਸ ਚੀਜ਼ ਦਾ ਮੁਢ ਹਿੰਦੁਸਤਾਨੀ ਸਾਹਿਤ ਵਿਚ ਗੁਰੂ ਨਾਨਕ ਨੇ ਬੱਧਾ। ਆਸਾ ਦੀ ਵਾਰ ਵਿਚ ਜਿਥੇ ਆਪ ਨੇ:

"ਰੋਟੀਆਂ ਕਾਰਣਿ ਪੂਰਹਿ ਤਾਲ'
"ਲਬ ਪਾਪ ਦੁਇ ਰਾਜਾ ਮਹਿਤਾ, ਕੂੜ ਹੋਇਆ ਸਿਕਦਾਰ"
"ਜੋ ਮੋਹਾਕਾ ਘਰ ਮੁਹੈ, ਘਰ ਮੋਹਿ ਪਿਤਰੀ ਦੇਹਿ"

ਆਖ ਕੇ ਸਮਾਜੀ ਅਤੇ ਸਰਕਾਰੀ ਅਸਮਾਨਤਾ ਦੇ ਕਾਰਨ ਜਨਤਾ ਦੀ ਮਜਬੂਰੀ ਅਤੇ ਇਸ ਤੋਂ ਉਪਜਣ ਵਾਲੀ ਸ਼ਿਥਲਤਾ ਦਾ ਜ਼ਿਕਰ ਕੀਤਾ ਹੈ:-

"ਆਪੇ ਭਾਂਡੇ ਸਾਜਿਅਨੁ ਆਪੇ ਪੂਰਣੁ ਦੇਇ।
ਇਕਨੀ ਦੁਧੁ ਸਮਾਈਐ ਇਕ ਚੁਲ੍ਹੈ ਰਹਿਨ ਚੜ੍ਹੇ।

ਇਕ ਨਿਹਾਲੀ ਪੈ ਸਵਨਿ ਇਕਿ ਉਪਰਿ ਰਹਨਿ ਖੜੇ।"
ਤਿਨਾ ਸਵਾਰੇ ਨਾਨਕਾ ਜਿਨ ਕਉ ਨਦਰਿ ਕਰੇ॥੧॥

ਗੁਰੂ ਅਮਰਦਾਸ ਨੇ ਸਿਖਾਇਆ ਕਿ ਇਕ ਥਾਂ ਜਮ੍ਹਾਂ ਹੋਈ ਮਾਇਆ ਤਦੇ ਹੀ ਸਫਲ ਹੋ ਸਕਦੀ ਹੈ ਜੇ ਕਾਰੋਬਾਰ ਵਿਚ ਲੱਗੇ ਅਤੇ ਅਗਾਂਹ ਤੁਰਦੀ ਫਿਰਦੀ ਰਹੇ। ਦਿੱਲੀ ਦੇ ਇਕ ਸੇਠ ਗੰਗੂ ਸ਼ਾਹ ਦੇ ਪ੍ਰਸ਼ਨ ਦੇ ਉੱਤਰ ਵਿਚ ਆਪ ਨੇ ਉਸ ਨੂੰ ਕਿਹਾ "ਇਕੱਠੀ ਕੀਤੀ ਮਾਇਆ ਸੁਖਾਰਥੀ ਤਦ ਹੋ ਸਕਦੀ ਹੈ ਜੇ ਬੈਂਕ ਖੋਲ੍ਹ ਦੇਵੇ, ਤਾਂ ਕਿ ਤੇਰੇ ਲੋੜਵੰਦ ਵਪਾਰੀ ਭਰਾ ਇਸ ਤੋਂ ਲਾਭ ਲੈ ਸਕਣ।"

ਅਜਿਹੇ ਖਿਆਲ ਦੂਰ ਦਰਸ਼ੀ ਦਸਮੇਸ਼ ਦੇ ਦਿਲੋਂ ਪੱਕ ਕੇ ਨਿਕਲੇ। ਸੁਧਾ ਸਵੈਯਾਂ ਵਿਚ ਆਪ ਨੇ ਇਕ ਪੁਰਖੀ ਰਾਜ ਦੀ ਨਿਖੇਧੀ ਕੀਤੀ:-

ਭਾਰੀ ਭੁਜਾਨ ਕੇ ਭੂਪ ਭਲੀ ਬਿਧ, ਨਿਆਵਤ ਸੀਸ ਨ ਜਾਤ ਬਿਚਾਰੇ।
ਏਤੇ ਭਏ ਤੋ ਕਹਾਂ ਭਏ ਭੂਪਤ, ਅੰਤ ਕੌ ਨਾਂਗੇ ਹੀ ਪਾਇ ਪਧਾਰੇ।

ਅਕਾਲ ਉਸਤਿਤ, ੨੨/੩

ਇਸ ਤੋਂ ਵੱਧ ਸਰਮਾਏਦਾਰੀ ਦੀ ਨਿੰਦਿਆ ਕੀ ਹੋ ਸਕਦੀ ਹੈ।

ਮੰਤਕ ਤੇ ਟੈਕਨੀਕ:-

ਕਨਿੰਘਮ ਦੇ ਸ਼ਬਦਾਂ ਵਿਚ ਆਪ ਇਕ ਫਿਲਾਸਫਰ ਸਨ ਅਤੇ ਜਨਤਾ ਦੇ ਖ਼ਿਆਲਾਂ ਨੂੰ ਕਿਸੇ ਪਾਸੇ ਵੀ ਢਾਲ ਸਕਦੇ ਸਨ। ਦੂਜੇ ਸ਼ਬਦਾਂ ਵਿਚ ਆਪ ਮਨੋਵਿਗਿਆਨੀ ਸਨ। ਕਵੀ ਹੋਣ ਦੇ ਨਾਲ ਨਾਲ ਕੁਸ਼ਲ ਨੇਤਾ ਵੀ ਸਨ, ਜੋ ਕੇਵਲ ਲੋਕ-ਰਾਇ ਹੀ ਪੈਦਾ ਨਹੀਂ ਸਨ ਕਰਨਾ ਚਾਹੁੰਦੇ ਸਗੋਂ ਜਨਤਾ ਅੰਦਰ ਕੁਝ ਅਮਲੀ ਕਦਮ ਚੁਕਣ ਦਾ ਜੋਸ਼ ਜਗਾ ਕੇ ਉਸ ਨੂੰ ਭਲੇ ਪਾਸ ਲਾਉਣਾ ਵੀ ਚਾਹੁੰਦੇ ਸਨ। ਉਨ੍ਹਾਂ ਨਿਰਾ ਮਰਦਾਂ ਨੂੰ ਹੀ ਨਹੀਂ ਸਗੋਂ ਤ੍ਰੀਮਤਾਂ ਨੂੰ ਵੀ ਆਪਣੀ ਅਸਲੀਅਤ ਪਛਾਣਨ ਲਈ ਉਭਾਰਿਆ। ਇਸ ਪਿਛੋਕੜ ਤੋਂ ਤੱਕਿਆਂ 'ਤ੍ਰਿਆ ਚਰਿੱਤਰ' ਅਤੇ ਚੰਡੀ ਚਰਿੱਤਰਾਂ ਦੀ ਅਹਿਮੀਅਤ ਅਤੇ ਮੰਤਵ ਦਾ ਪਤਾ ਲਗਦਾ ਹੈ। ਜਿੱਥੇ ਚਰਿਤਰਾਂ ਵਿੱਚ ਮਰਦ ਨੂੰ ਆਪਣਾ ਆਚਰਣ ਉਚਾ ਰਖਦੇ ਹੋਏ ਸਦਾਚਾਰਕ ਜੀਵਨ ਜੀਊਣ ਦੀ ਲੀਹ ਪਾਈ ਗਈ ਹੈ, ਉਥੇ ਤ੍ਰੀਮਤ ਨੂੰ ਉਹਦੀ ਪਸਤੀ ਦਾ ਅਹਿਸਾਸ ਕਰਵਾ ਕੇ ਉਹਦੇ ਸਾਹਮਣੇ ਚੰਡੀ ਦਾ ਆਦਰਸ਼ ਰਖਿਆ ਹੈ। ਚੰਡੀ ਦੀ ਵਾਰ ਵਿਚ ਮਰਦ ਦੀ ਸਾਹਸਹੀਨਤਾ ਦਾ ਉਘੜਵਾਂ ਬਿਆਨ ਹੈ:-

ਦੁਰਗਾ ਬੈਣ ਸੁਣੰਦੀ ਹੱਸੀ ਹੜਹੜਾਇ
ਓਹੀ ਸ਼ੀਹ ਮੰਗਾਇਆ, ਰਾਖਸ਼ ਭੱਖਣਾ
ਚਿੰਤਾ ਕਰਹੁ ਨਾ ਕਾਈ, ਦੇਵਾਂ ਨੂੰ ਆਖਿਆ।
ਰੋਹ ਹੋਈ ਮਹਾਮਾਈ ਰਾਕਸ਼ਿ ਮਾਰਣੇ॥੫॥ ਚੰਡੀ ਦੀ ਵਾਰ

ਇਹ ਆਪ ਦੀ ਰਚਨਾ ਦੇ ਅਸਰ ਦਾ ਮਨੋਵਿਗਿਆਨਕ ਪਹਿਲੂ ਹੈ। ਆਪ ਵਲੋਂ ਸਾਹਿਤ ਨੂੰ ਦਿੱਤੀ ਦਾਤ ਬਹੁਤ ਵੱਡੀ ਅਤੇ ਬਹੁਮੁੱਲੀ ਹੈ। ਅੱਡ ਅੱਡ ਭਾਖਾ ਦੇ ਸਾਹਿਤ ਦੇ ਮੇਲ ਦੇ ਆਪ ਮੋਢੀ ਹਨ। ਸੰਸਕ੍ਰਿਤ ਅਤੇ ਅਰਬੀ, ਫਾਰਸੀ ਸ਼ਬਦਾਂ ਨੂੰ ਮਿਲਾ ਦੇਣਾ ਆਪਦੀ ਕਾਢ ਹੈ, ਜਿਵੇਂ ਸਮਸਤੁਲ ਕਲਾਮ ਸਰਬੁਲ ਗਵੰਨ ਆਦਿ। ਇਕ ਅੱਖਰੀ ਛੰਦ ਆਪਣੀ

ਮਿਸਾਲ ਆਪ ਹੈ। ਜਾਪ ਦੇ 'ਅਜੈ, ਅਲੈ, ਅਭੂ, ਅਜੂ ਤੋਂ ਬਿਨਾਂ ਹੇਠਲਾ ਮਿਸਾਲ ਭੀ ਧਿਆਨ ਗੋਚਰੀ ਹੈ:-

"ਤਰਾਈ, ਦਿਖਾਈ ਕਟਾਰੀ, ਅਪਾਰੀ, ਉਠਾਏ, ਗਿਰਾਏ
ਨਚਾਈ, ਚਲਾਈ ਪ੍ਰਹਾਰੀ, ਪ੍ਰਚਾਰੀ ਭਗਾਏ, ਦਿਖਾਏ
ਭ੍ਰਮਾਈ, ਦਿਖਾਈ ਪਚਾਰੀ, ਪ੍ਰਚਾਰੀ
ਕੰਪਾਈ, ਚਖਾਈ ਹਕਾਰੀ ਕਟਾਰੀ।"

ਰੁਆਲ ਛੰਦ ਘੋੜੇ ਦੀ ਰੁਆਲ ਚਾਲ 'ਤੇ ਬਣਾਇਆ ਗਿਆ ਹੈ ਅਤੇ ਤ੍ਰਿੱਗਤਾ ਛੰਦ ਤਬਲੇ ਦੀ ਗਤ ਤੋਂ ਉਭਰਨ ਵਾਲਾ ਹੈ:-

ਤ੍ਰਿਗਦਾ ਛੰਦ॥ ਤੱਤ ਤੀਰੰ॥ ਬੱਬ ਬੀਰੰ॥
ਢੱਲ ਢਾਲੰ॥ ਜੱਜ ਜੁਆਲੰ॥੫੮੧॥
ਤੱਤ ਤਾਜੀ॥ ਗੱਗ ਗਾਜੀ॥
ਮੱਮ ਮਾਰੇ॥ ਤਤ ਤਾਰੇ॥੫੮੨॥
(ਰਾਮ ਅਵਤਾਰ)

ਆਪ ਜੀ ਦੀ ਬਾਣੀ ਦਾ ਮਨੋਰਥ ਹੈ ਕਿ ਖੇਹ ਅਤੇ ਮਿੱਟੀ ਨਾਲ ਪਿਆਰ ਪਾ ਬੈਠੇ ਮਨੁੱਖ ਦੇ ਸਾਹਮਣੇ ਰੱਬ ਦੀ ਅਸਲੀਅਤ ਪ੍ਰਗਟ ਕੀਤੀ ਜਾਵੇ ਤਾਂ ਕਿ ਉਹ ਅਕਾਲ ਪੁਰਖ ਦੇ ਪਿਆਰ ਵਿਚ ਰਚ ਮਿਚ ਜਾਵੇ। ਇਸ ਬਾਣੀ ਵਿਚ ਆਪਨੇ ਸਰਬਲੋਹ ਦਾ ਨਵਾਂ ਨਜ਼ਰੀਆ ਪੇਸ਼ ਕੀਤਾ ਤੇ ਲੋਕਾਈ ਨੂੰ ਸਰਬਲੋਹ ਦੀ ਸ਼ਰਣ-ਆ ਕੇ ਸਰਬਲੋਹੀ ਬਣਨ ਦਾ ਆਦੇਸ਼ ਦਿੱਤਾ।

ਆਪ ਦੀ ਸ਼ਬਦ ਚੋਣ ਤੇ ਉਨ੍ਹਾਂ ਦੀ ਤਰਤੀਬ ਨੇ ਇਕ ਨਵੀਂ ਸ਼ੈਲੀ ਨੂੰ ਜਨਮ ਦਿੱਤਾ ਅਤੇ ਨਵੀਂ ਸ਼ਬਦਾਵਲੀ ਹੋਂਦ ਵਿੱਚ ਲਿਆਂਦੀ ਹੈ। ਫਾਰਸੀ ਲਿਖਤਾਂ ਵਿੱਚ ਸੰਸਕ੍ਰਿਤ ਦੇ ਨਿਯਮਾਂ ਨੂੰ ਨਿਭਾਉਣਾ ਭੀ ਆਪ ਨੇ ਹੀ ਤੋਰਿਆ। ਜ਼ਫ਼ਰਨਾਮੇ ਵਿਚ ਕਈ ਅਨੁਪ੍ਰਾਸ ਮਿਲਦੇ ਹਨ।

'ਪੰਜਾਬੀ ਦੁਨੀਆ' ਪਟਿਆਲਾ, ਜੁਲਾਈ 1951

ਗੁਰੂ ਗੋਬਿੰਦ ਸਿੰਘ ਜੀ ਦੀ ਫ਼ਾਰਸੀ ਰਚਨਾ

ਦਸਮ ਗ੍ਰੰਥ ਦੀ ਬ੍ਰਿਜ ਭਾਸ਼ਾ ਦੀ ਗੰਗਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਫ਼ਾਰਸੀ ਤੇ ਪੰਜਾਬੀ ਰਚਨਾਵਾਂ ਨੇ ਜਮਨਾ ਤੇ ਸਰਸਵਤੀ ਵਾਂਗ ਮਿਲ ਕੇ ਤ੍ਰਿਬੇਣੀ ਸੰਗਮ ਬਣਾ ਦਿੱਤਾ ਹੈ। ਇਸ ਗ੍ਰੰਥ ਵਿਚ ਕੇਵਲ ਦੋ ਫਾਰਸੀ ਰਚਨਾਵਾਂ ਜ਼ਫ਼ਰਨਾਮਾ ਤੇ ਹਕਾਇਤਾਂ ਹਨ। ਤੀਜੀ ਰਚਨਾ ਭਗਵਤ ਗੀਤਾ ਵਾਂਗ ਨਵੀਂ ਲੱਭਤ ਫਤਹਨਾਮਾ ਹੈ, ਜੋ ਦਸਮ ਗ੍ਰੰਥ ਤੋਂ ਬਾਹਰ ਹੈ। ਫ਼ਾਰਸੀ ਤੋਂ ਅਨਭਿੱਜ ਸਿੱਖ ਲਿਖਾਰੀਆਂ ਤੋਂ ਗੁਰਮੁਖੀ ਲਿਪੀ ਦਾ ਉਤਾਰਾ ਕਰਨ ਸਮੇਂ ਕਈ ਉਕਾਈਆਂ ਹੋ ਗਈਆਂ ਅਤੇ ਗੁਰਮੁਖੀ ਲਿੱਪੀ 'ਚੋਂ ਫ਼ਾਰਸੀ ਵਿਦਵਾਨਾਂ ਨੇ ਆਪਣੀ ਬੁੱਧੀ ਅਨੁਸਾਰ ਕਈ ਸ਼ਬਦ ਬਦਲ ਦਿੱਤੇ ਯਾ ਹਜ਼ਫ਼ ਕਰ ਦਿੱਤੇ ਜਿਵੇਂ ਕਿ ਹੇਠ ਲਿਖੇ ਬੰਦਾਂ ਵਿਚੋਂ ਪਹਿਲੇ ਵਿਚੋਂ 'ਨਾ' ਗੁੰਮ ਹੋ ਗਿਆ ਅਤੇ ਦੂਜੇ ਵਿਚ 'ਰਾ' ਵਧ ਗਿਆ।

1. *'ਨਾ' ਤਸਬੀਹਤ ਅਜ ਸੱਜਾ ਓ ਰਿਸ਼ਤਾ ਬੇਸ਼।*
   ਕਜ਼ਾਂ ਦਾਨਾ ਸਾਜ਼ੀ ਵਜ਼ਾਂ ਦਾਮੇ ਖ਼ੇਸ਼।

2. *ਵਰਾਂ ਖ਼ਾਨਾ ਏ ਖ਼ਾਮ ਕਰਦੀ ਬਿਨਾ।*
   ਬਰਾਏ ਦਰੇ ਦੌਲਤੇ ਖ਼ੇਸ਼ 'ਰਾ'।

ਇਸ ਲਈ ਫਤਹਨਾਮੇ ਤੇ ਜ਼ਫ਼ਰਨਾਮੇ ਦੇ ਮਤਨਾਂ ਵਿਚ ਕਈ ਸ਼ੇਅਰ ਤੁਕਾਂਤ (ਤਕਤੀਆ) ਦੀ ਕਸਵੱਟੀ 'ਤੇ ਪੂਰੇ ਨਹੀਂ ਉਤਰਦੇ। ਇਵੇਂ ਹੀ ਗੁਰਮੁਖੀ ਲਿਖਾਰੀਆਂ ਨੇ ਜ਼ਫ਼ਰਨਾਮੇ ਅਤੇ ਹਕਾਇਤਾਂ ਅੱਗੜ ਪਿੱਛੜ ਇੱਕ ਥਾਂ ਤਕ ਕੇ ਇਨ੍ਹਾਂ ਨੂੰ ਇਕੋ ਰਚਨਾ ਸਮਝ ਲਿਆ ਤੇ ਫ਼ਾਰਸੀ ਦੇ ਵਿਦਵਾਨ ਫਤਹਨਾਮੇ ਨੂੰ ਜ਼ਫ਼ਰਨਾਮਾ ਦੇ ਮੁਢ ਵਿਚ ਰੱਖ ਕੇ ਦੋਹਾਂ ਨੂੰ ਇਕ ਪੱਤ੍ਰ ਸਮਝ ਬੈਠੇ ਹਨ। ਗੁਰੂ ਗੋਬਿੰਦ ਸਿੰਘ ਜੀ ਵਰਗੇ ਪ੍ਰਬੀਨ ਫ਼ਾਰਸੀ ਆਲਮ, ਔਰੰਗਜ਼ੇਬ ਨੂੰ ਜੋ ਕਿ ਉਰਦੂਏ ਮੁਅਲਾ ਦੇ ਬਾਨੀ ਗ਼ਾਲਿਬ ਵਾਂਗ ਫ਼ਾਰਸੀ ਪੱਤਰਕਾਰੀ ਵਿਚ ਅਲਕਾਬੇ ਆਦਬ ਦੀਆਂ ਸ਼ਾਖਾਂ ਛਾਂਗ ਕੇ ਨਵੀਂ ਲੀਹ ਤੋਰਨ ਲਈ ਪ੍ਰਸਿੱਧ ਹੈ—ਖ਼ਤ ਲਿਖਣ ਵੇਲੇ ਅਪ੍ਰਸੰਗਕ ਹਕਾਇਤਾਂ ਦਾ ਪਲੰਦਾ ਉਹਦੇ ਨਾਲ ਨੱਥੀ ਨਹੀਂ ਸੀ ਕਰ ਸਕਦੇ। ਫ਼ਾਰਸੀਦਾਨ ਸਾਹਿਬਾਨ ਬਾਖ਼ੂਬੀ ਜਾਣਦੇ ਹਨ ਕਿ ਇਕੋ ਰਚਨਾ ਵਿਚ ਇਕੋ ਵੇਲੇ ਦੋ ਵਾਰ 'ਬਿਸਮਿੱਲਾਹ' ਸ਼ੇਅਰ ਨਹੀਂ ਆ ਸਕਦੇ ਤੇ ਇਕੋ ਖ਼ਤ ਵਿਚ ਗੁਰੂ ਸਾਹਿਬ ਇਕ ਥਾਂ ਦੋਂਹ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਅਤੇ ਦੂਜੀ ਥਾਂ ਚੌਂਹ ਸ਼ਹੀਦ ਸਾਹਿਬਜ਼ਾਦਿਆਂ ਦਾ ਜ਼ਿਕਰ ਨਹੀਂ ਸਨ ਕਰ ਸਕਦੇ। ਹਮ ਦੋ ਸਨਾ* (ਹਮਦ-ਓ-ਸਨਾ ਖ਼ਤ) ਦੇ ਸ਼ੁਰੂ ਵਿਚ ਹੀ ਹੋ ਸਕਦੀ ਹੈ, ਦੂਜੀ ਵਾਰ ਵਿਚਾਲੇ ਨਹੀਂ ਆ ਸਕਦੀ ਅਤੇ ਅੱਡ ਅੱਡ ਥਾਵਾਂ ਤੇ ਸਮਿਆਂ ਉੱਤੇ ਵਾਪਰੀਆਂ ਘਟਨਾਵਾਂ

---

* ਰੱਬ (ਈਸ਼ਵਰ) ਦੀ ਉਸਤਤ

ਦਾ ਉਲੇਖ ਉਨ੍ਹਾਂ ਦੇ ਪਤਾ ਲੱਗਣ ਉਤੇ ਹੀ ਹੋ ਸਕਦਾ ਸੀ। ਹਕੀਕਤ ਇਹ ਹੈ ਕਿ ਫਤਹਨਾਮਾ ਚਮਕੌਰ ਦੇ ਯੁੱਧ 'ਚੋਂ ਨਿਕਲਣ ਦੇ ਫੌਰਨ ਬਾਦ (ਦਸੰਬਰ 1704 ਵਿਚ) ਮਾਛੀਵਾੜੇ ਤੋਂ, ਗੁਲਾਬੇ ਮਸੰਦ ਦੇ ਘਰ ਰਹਿੰਦਿਆਂ ਤੱਤੇ ਘਾ ਲਿਖਿਆ ਗਿਆ। ਇਸ ਪੱਤਰ ਦਾ ਲਹਿਜ਼ਾ ਰਤਾ ਸਖ਼ਤ ਹੈ। ਇਸ ਵਿਚ ਚਮਕੌਰ ਵਿਚ ਸ਼ਹੀਦ ਹੋਣ ਵਾਲੇ ਦੋਂਹ ਅਮਰ ਹੋ ਗਏ ਸਪੁਤ੍ਰਾਂ ਦਾ ਉਲੇਖ ਹੈ, 'ਕੀ ਹੋਇਆ ਜੇ ਗਿੱਦੜ ਨੇ ਫਰੇਬ ਨਾਲ ਸ਼ੇਰ ਦੇ ਦੋ ਬੱਚੇ ਕਤਲ ਕਰ ਦਿੱਤੇ : ਚਿਹ ਸ਼ੁਦਗਰ ਸ਼ਗਾਲੇ ਬਮਕਰੋ ਰਿਆ (ਬਮਕਰੋ ਰਿਯਾ)। ਹਮੀ ਕੁਸ਼ਤ ਦੋ ਬੱਚਾ ਏ ਸ਼ੇਰ ਰਾ।' ਬਿਸਮਿੱਲਾ ਦੇ ਸ਼ੇਅਰ ਵਿਚ ਖ਼ੁਦਾ ਨੂੰ ਤੇਗਾਂ, ਤੀਰਾਂ, ਤਬਰਾਂ ਤੇ ਢਾਲਾਂ ਦਾ ਮਾਲਿਕ ਦੱਸਿਆ ਗਿਆ ਹੈ : 'ਬਨਾਮੇ ਖ਼ੁਦਾਵੰਦੇ ਤੇਗੋ ਤਬਰ। ਖ਼ੁਦਾਵੰਦੇ ਤੀਰੋ ਸਨਾਨੋ ਸਿਪਰ।'

ਜ਼ਫ਼ਰਨਾਮਾ, ਜਿਸ ਦਾ ਲਹਿਜ਼ਾ ਵਿਅੰਗਮਈ ਤੇ ਤਰਸ ਭਰਿਆ ਹੈ, ਮੁਕਤਸਰ ਯੁੱਧ (ਅਪ੍ਰੈਲ 1704) ਤੋਂ ਪਹਿਲਾਂ, ਦੀਨੇ-ਕਾਂਗੜ ਵਿਚ, ਦੋ ਢਾਈ ਮਹੀਨੇ ਦੇ ਕਿਆਮ ਸਮੇਂ ਫਰਵਰੀ-ਮਾਰਚ 1705 ਵਿਚ ਲਿਖਿਆ ਗਿਆ ਜਿਸ ਦੀ ਯਾਦਗਾਰ ਗੁਰਦਵਾਰਾ ਜ਼ਫ਼ਰਨਾਮਾ ਸਾਹਿਬ ਵਿਦਮਾਨ ਹੈ। ਇਸ ਦੀ ਪੁਸ਼ਟੀ ਇਸ ਸਚਾਈ ਤੋਂ ਵੀ ਹੁੰਦੀ ਹੈ ਕਿ ਸਰਹਿੰਦ ਵਿਚ ਅਮਰਾਪਦ ਪ੍ਰਾਪਤ ਕਰਨ ਵਾਲੇ ਦੋਂਹ ਸਾਹਿਬਜ਼ਾਦਿਆਂ ਦੀ ਖ਼ਬਰ ਫ਼ਤਹਨਾਮਾ ਲਿਖੇ ਜਾਣ ਤੋਂ ਬਾਦ ਮਾਛੀਵਾੜੇ ਤੋਂ ਅਗਾਂਹ ਰਾਏ ਕਿਲ੍ਹੇ ਕੋਲ ਠਹਿਰਨ ਸਮੇਂ ਮਿਲੀ ਸੀ। ਇਸੇ ਲਈ ਜ਼ਫ਼ਰਨਾਮੇ ਵਿਚ ਲਿਖਿਆ ਗਿਆ, 'ਕੀ ਹੋਇਆ ਜੇ ਤੂੰ ਮੇਰੇ ਚਾਰ ਬੱਚੇ ਮਾਰ ਦਿੱਤੇ, ਜਦਕਿ ਕੁੰਡਲੀਏ ਨਾਗ (ਭੁਜੰਗੀ-ਖਾਲਸੇ) ਜਿਉਂਦੇ ਹਨ।' ਕਾਂਗੜ ਪੁੱਜ ਕੇ ਹੀ ਔਰੰਗਜ਼ੇਬ ਨੂੰ ਕਾਂਗੜ ਆਉਣ ਦਾ ਸੱਦਾ ਦਿੱਤਾ ਜਾ ਸਕਦਾ ਸੀ :

ਕਿ ਤਸ਼ਰੀਫ ਦਰ ਕਸਬਾ ਕਾਂਗੜ ਕੁਨਦ।
ਵਜਾ ਪਸ ਮੁਲਾਕਾਤ ਬਾਹਮ ਸ਼ਵੱਦ।

ਜ਼ਫ਼ਰਨਾਮਹ-੫੮

ਫਤਹਨਾਮੇ ਵਿਚ ਤਜਵੀਜ਼ ਕੀਤੀ ਗਈ ਮੁਲਾਕਾਤ ਮੈਦਾਨੇ ਜੰਗ ਵਿਚਲੀ ਮਿਲਣੀ ਹੈ, 'ਮੈਦਾਨੇ ਜੰਗ ਵਿਚ ਦੋਂਹ ਫੌਜਾਂ ਵਿਚਾਲੇ ਫਾਸਲਾ ਤਿੰਨ ਮੀਲ ਦਾ ਹੋਵੇ, ਮੈਂ ਇਕੱਲਾ ਆਵਾਂਗਾ ਤੇ ਤੂੰ ਦੋ ਸਵਾਰਾਂ ਨਾਲ ਆ' :

ਬ-ਮੈਦਾਂ ਦੋ ਲਸ਼ਕਰ ਸਫ਼ਆਰਾਏ ਸ਼ਵੰਦ।
ਜ਼ ਦੂਰੀ ਬ-ਹਮ ਆਸ਼ਕਾਰਾ ਸ਼ਵੰਦ॥ ੨੦॥

ਮਿਯਾਂ ਨੇ ਹਰ ਦੋ ਮਾਨਿੰਦ ਦੋ ਫਰਸੰਗੋ ਰਾਹ
ਚੂੰ ਆਰਾਸਤਾ ਗਰਦਦ ਈਂ ਰਜ਼ਮ ਗਾਹ॥੨੧॥

ਅਜ਼ਾਂ ਪਸ ਦਰ ਆ ਅਰਸਹ ਏ ਕਾਰਜ਼ਾਰ।
ਮਨ ਆਯਮ ਬ-ਨਜ਼ਦੇ ਤੂ ਬਾ ਦੋਸਵਾਰ॥੨੨॥

ਪਰ ਦੋਹਾਂ ਪੱਤ੍ਰਾਂ ਵਿਚਲੀ ਸਾਂਝ ਇਹ ਹੈ ਕਿ ਇਨ੍ਹਾਂ ਵਿਚੋਂ ਗੁਰੂ ਸਾਹਿਬ ਦੀ 'ਨ ਡਰਉ ਅਰਿ ਸਉਂ ਜਬ ਜਾਇ ਲਰਉਂ ਨਿਸਚੇ ਕਰ ਅਪਨੀ ਜੀਤ ਕਰਉਂ', ਦੀ ਚੜ੍ਹਦੀ ਕਲਾ

ਦੀ ਉਗਰ ਭਾਵਨਾ ਉਜਾਗਰ ਹੁੰਦੀ ਹੈ ਜੋ ਸੈਆਂ ਸੰਕਟਾਂ ਵਿਚੋਂ ਲੰਘ ਕੇ ਵੀ ਅਡੋਲ ਰਹੀ। ਦੋਹਾਂ ਵਿਚ ਔਰੰਗਜ਼ੇਬ ਵਲੋਂ ਕੁਰਾਨ ਉਤੇ ਖਾਧੀ ਕਸਮ ਤੋੜਨ ਦਾ ਜ਼ਿਕਰ ਅਤੇ ਬਾਦਸ਼ਾਹ ਨੂੰ ਸਾਹਮਣੇ ਹੋਣ ਦੀ ਵੰਗਾਰ ਹੈ। ਦੋਨੋਂ ਬਹਿਰੇ ਮਤਕਾਰਬ ਮਸੱਮਨ ਮਹਿਜ਼ੂਫ (ਯਾ ਬਹਿਰੇ ਹਮਾਸਾ ਜਿਸ ਵਿਚ ਫਿਰਦੌਸੀ ਦਾ ਸ਼ਾਹਨਾਮਾ ਅਤੇ ਸਾਅਦੀ ਦੀ ਬੋਸਤਾਂ ਲਿਖੀ ਗਈ) ਵਿਚ ਛੰਦ ਬਧ ਕੀਤੇ ਗਏ ਹਨ, ਨਜ਼ਮ ਦਾ ਵਜ਼ਨ 'ਫਊਲਨ, ਫਊਲਨ, ਫਊਲਨ, ਫਊਲ' ਹੈ।

ਫਤਹਨਾਮਾ ਭਾਈ ਦਯਾ ਸਿੰਘ ਪਿਆਰੇ ਰਾਹੀਂ ਔਰੰਗਜ਼ੇਬ ਨੂੰ ਭੇਜਿਆ ਗਿਆ। ਭਾਈ ਸਾਹਿਬ ਨੂੰ ਉੱਚ ਦਾ ਪੀਰ ਘੋਸ਼ਿਤ ਕਰਕੇ ਉਨ੍ਹਾਂ ਦੀ ਪਲੰਘ ਗ਼ਨੀ ਖਾਂ ਨਬੀ ਖਾਂ, ਗੁਰੂ ਸਾਹਿਬ ਦੇ ਘੋੜਿਆਂ ਦੇ ਸੁਦਾਗਰਾਂ ਨੇ ਚੁਕਿਆ, ਖ਼ਤ ਸੱਯਦ ਹਸਨ ਅਲੀ ਮਨੀ ਮਾਜਰਾ ਨਿਵਾਸੀ ਨੂੰ ਸੌਂਪਿਆ ਗਿਆ ਤਾਂਕਿ ਸ਼ਾਹੀ ਫੌਜ ਦੇ ਘੇਰੇ 'ਚੋਂ ਭਾਈ ਸਾਹਿਬ ਦੇ ਨਿਕਲ ਜਾਣ ਤੇ ਉਨ੍ਹਾਂ ਨੂੰ ਦੇ ਦੇਵੇ। ਭਾਈ ਸਾਹਿਬ ਨੂੰ ਸ਼ਾਹੀ ਫੌਜ ਨੇ ਉਨ੍ਹਾਂ ਦੇ ਗੁਰੂ ਗੋਬਿੰਦ ਸਿੰਘ ਜੀ ਹੋਣ ਦੇ ਸ਼ੱਕ ਕਾਰਨ ਚੌਵੀ ਘੰਟੇ ਹਿਰਾਸਤ ਵਿਚ ਰੱਖਿਆ ਅਤੇ ਕਾਜ਼ੀ ਪੀਰ ਮੁਹੰਮਦ ਸੋਲਾਹ ਨਿਵਾਸੀ (ਜੋ ਗੁਰੂ ਸਾਹਿਬ ਨੂੰ ਫ਼ਾਰਸੀ ਅਰਬੀ ਪੜ੍ਹਾਉਂਦਾ ਰਿਹਾ) ਅਤੇ ਅਨਾਇਤ ਅਲੀ ਨੂਰਪੁਰੀਏ ਦੀ ਸ਼ਹਾਦਤ ਉਤੇ ਰਿਹਾਅ ਕਰ ਦਿੱਤਾ। ਇਸ ਖ਼ਤਰੇ 'ਚੋਂ ਲੰਘਣ ਪਿੱਛੋਂ ਸੱਯਦ ਹਸਨ ਅਲੀ ਤੋਂ ਫਤਹਨਾਮਾ ਲੈ ਕੇ ਆਪ ਔਰੰਗਾਬਾਦ ਪੁੱਜੇ। ਡਾ. ਗੋਕਲ ਚੰਦ ਨਾਰੰਗ ਦੇ ਸ਼ਬਦਾਂ ਵਿਚ 'ਵਾਹਿਗੁਰੂ ਜੀ ਕੀ ਫ਼ਤਹ ਗਜਾ ਕੇ ਗੁਰੂ ਦਾ ਖਤ ਭਾਈ ਸਾਹਿਬ ਨੇ ਬਾਦਸ਼ਾਹ ਨੂੰ ਪੇਸ਼ ਕੀਤਾ।'

ਇਹ ਖ਼ਤ ਦਸਮ ਗ੍ਰੰਥ ਦੇ ਬੀੜਕਾਰਾਂ ਨੂੰ ਪ੍ਰਾਪਤ ਨਹੀਂ ਹੋਇਆ। ਉਨ੍ਹੀਵੀਂ ਸਦੀ ਦੇ ਆਖ਼ਰੀ ਸਾਲਾਂ ਵਿਚ ਇਸ ਦੀ ਨਕਲ ਹਿੰਦੀ ਦੇ ਪ੍ਰਸਿੱਧ ਸਾਹਿਤਕਾਰ ਬਾਬੂ ਜਗਨ ਨਾਥ ਦਾਸ ਨੂੰ, ਤਖ਼ਤ ਪਟਨਾ ਸਾਹਿਬ ਦੇ ਮਹੰਤ ਬਾਬਾ ਸੁਮੇਰ ਸਿੰਘ ਪਾਸੋਂ ਮਿਲੀ। ਪਰ ਗੁੰਮ ਹੋ ਗਈ। ਉਨ੍ਹਾਂ ਇਸ ਦੀ ਮੁੜ ਪ੍ਰਾਪਤੀ ਲਈ ਬੜੇ ਨਿਸਫਲ ਯਤਨ ਕੀਤੇ। ਉਨ੍ਹਾਂ ਨੂੰ ਕੇਵਲ ਜ਼ਫ਼ਰਨਾਮੇ ਦੇ ਉਤਾਰੇ ਹੀ ਮਿਲੇ। ਪਰ ਉਨ੍ਹਾਂ ਨੂੰ ਫਤਹਨਾਮੇ ਦਾ ਇਹ ਸ਼ੇਅਰ ਯਾਦ ਸੀ ਜੋ ਜ਼ਫ਼ਰਨਾਮੇ ਵਿਚ ਨਹੀਂ ਆਉਂਦਾ।

ਤੂ ਅਜ਼ ਨਾਜ਼ੋ ਨਿਅਮਤ ਸਮਰ ਖ਼ੁਰਦਾ ਈ।
ਜ਼ਿ ਜੰਗੀ ਜਵਾਨਾਂ ਨਾ ਬਰਖ਼ੁਰਦਾ ਈ।

ਅਖੀਰ ਉਨ੍ਹਾਂ ਆਪਣੀ ਯਾਦਦਾਸ਼ਤ ਤੋਂ ਹੀ ਸਾਢੇ ਤੇਈ ਸ਼ੇਅਰ ਲਿਖਕੇ ਸ੍ਰ: ਉਮਰਾਓ ਸਿੰਘ ਸ਼ੇਰਗਿੱਲ ਮਜੀਠੀਏ ਨੂੰ ਭੇਜ ਦਿੱਤੇ। ਸ੍ਰ: ਸਾਹਿਬ ਨੇ ਇਹਨਾਂ ਨੂੰ ਤਰਤੀਬ ਦੇ ਕੇ ਭਾਈ ਕਾਨ ਸਿੰਘ, ਭਾਈ ਵੀਰ ਸਿੰਘ ਆਦਿ ਨੂੰ ਅਪੜਾਏ। ਇਹਨਾਂ ਵਿਦਵਾਨਾਂ ਨੇ ਇਸ ਪੱਤਰ ਦਾ ਸਿਰਲੇਖ 'ਨਾਮਾ ਗੁਰੂ ਗੋਬਿੰਦ ਸਿੰਘ ਬਾ ਔਰੰਗਜ਼ੇਬ' ਹੀ ਦਿੱਤਾ ਹੈ। ਫਤਹਨਾਮਾ ਨਾਓਂ ਸ੍ਰ: ਕਪੂਰ ਸਿੰਘ ਸਾਬਕ ਆਈ. ਸੀ. ਐਸ. ਨੇ ਦਿੱਤਾ ਪ੍ਰਤੀਤ ਹੁੰਦਾ ਹੈ (ਬਹੁ ਵਿਸਤਾਰ ਸਫਾ੭੬)। ਭਾਈ ਵੀਰ ਸਿੰਘ ਅਤੇ ਸ੍ਰ: ਕਪੂਰ ਸਿੰਘ ਨੇ ਫਤਹਨਾਮੇ ਦੇ ਸਾਢੇ ਬਾਈ ਸ਼ੇਅਰ ਹੀ ਦਿੱਤੇ ਹਨ ਪਰ ਸ੍ਰੀ ਨਾਨਕ ਚੰਦ ਨਾਜ਼ ਨੇ ਫਤਹਨਾਮੇ ਅਤੇ ਜ਼ਫ਼ਰਨਾਮੇ ਦੇ ਮਿਲਵੇਂ ਮਜਮੂਨ ਉਰਦੂ ਤਰਜ਼ਮੇ ਵਿਚ ਪੂਰੇ ਚੌਵੀ ਸ਼ੇਅਰ ਦਰਜ ਕੀਤੇ ਹਨ। ਉਹਨਾਂ ਨੇ ਦਸਵਾਂ ਸ਼ੇਅਰ ('ਕਿ ਹਰਗਿਜ਼ ਅਜ਼ਾਂ ਚਾਰ ਦੀਵਾਰੇ ਸ਼ੂਮ। ਨਿਸ਼ਾਨੀ ਨ-ਮਾਨਦ ਬਰੀਂ ਪਾਕਬੂਮ' ਜੋ ਡਾ: ਗੰਡਾ ਸਿੰਘ ਨੇ ਵੀ 'ਮਾਖ਼ਜ਼ੇ ਤਵਾਰੀਖੇ ਸਿਖਾਂ, ਜਿਲਦ ਅਵਲ ਵਿਚ ਸ਼ਾਮਲ ਕੀਤਾ ਹੈ ਅਤੇ ਅੱਧੇ

ਸ਼ੇਅਰ (ਮਿਆਨੇ ਦੋ ਮਾਨਦ ਦੋ ਫਰਸੰਗ ਗਹ) ਦਾ ਮਿਸ਼ਰਾ ਸਾਨੀ (ਚੂੰ ਅਗਸਤਾ ਗਰਦਦ ਈਂ ਰਜ਼ਮ ਗਾਹ ਵੀ ਦਿੱਤੇ ਹਨ ਪਰ ਪਾਠਾਂਤਰ ਨਾਲ :

ਨਾਜ਼ ਦਾ ਮੂਲ	ਪਾਠਾਂਤਰ
1. ਜ਼ਿਔਰੰਗਜ਼ੇਬਾਂ ਨਯਾਬਦ ਫ਼ਰੇਬ	ਨਿਆਇਦ
2. ਜ਼ਿਮੈਵਾੜ ਹਸ ਤਲਖ਼ ਜਾਮ ਆਮਦੀ	ਆਮਮੀ
3. ਮਨ ਆਇਮ ਬਨਿਜ਼ਦੇ ਤੋ ਬਾ ਦੋ ਸਵਾਰ	ਜਰੀਦਾ

ਇਸ ਪੱਤਰ ਵਿਚ, ਕੁਰਆਨ ਲਿਖ ਕੇ ਅਤੇ ਟੋਪੀਆਂ ਬਣਾ ਕੇ ਟੁੱਕਰ ਖਾਣ ਵਾਲੇ ਨੁਮਾਇਸ਼ੀ ਪਾਰਸਾ ਤੇ ਸ਼ਰਈ ਬਾਦਸ਼ਾਹ ਦੀਆਂ ਚਾਲਬਾਜ਼ੀਆਂ, ਮਕਰ-ਫਰੇਬ ਅਤੇ ਜਬਰ-ਜ਼ੁਲਮ ਦਾ ਬੜੇ ਜ਼ੋਰਦਾਰ ਤੇ ਖੁਲ੍ਹੇ ਸ਼ਬਦਾਂ ਵਿਚ ਜ਼ਿਕਰ ਕੀਤਾ ਗਿਆ ਹੈ :

'ਨਾ ਜ਼ੇਬਦ ਤੁਰਾ ਨਾਸੇ ਔਰੰਗਜੇਬਾਂ' ਜਿ ਔਰੰਗਜੇਬਾਂ, ਨਿਆਇਦ ਫ਼ਰੇਬ' ਅਰਥਾਤ ਤੈਨੂੰ ਔਰੰਗਜ਼ੇਬ ਦਾ ਨਾਮ (ਲੁਕਬ) ਸ਼ੋਭਾ ਨਹੀਂ ਦਿੰਦਾ ਕਿਉਂਕਿ ਔਰੰਗਜ਼ੇਬ (ਤਖਤ ਨੂੰ ਸ਼ੋਭਾ ਦੇਣ ਵਾਲੇ) ਫ਼ਰੇਬੀ ਨਹੀਂ ਹੁੰਦੇ, ਤੇਰੀ ਤਸਬੀ ਦੇ ਦਾਣੇ ਦੀ ਹੈਸੀਅਤ ਮਣਕੇ ਅਤੇ ਧਾਗੇ ਤੋਂ ਵੱਧ ਕੁਝ ਵੀ ਨਹੀਂ ਕਿਉਂਕਿ ਤੂੰ ਧਾਗੇ ਤੋਂ ਫਰੇਬ ਦਾ ਜਾਲ ਬੁਣਕੇ ਮਣਕੇ ਨੂੰ ਚੋਗੇ ਵਜੋਂ ਵਰਤਦਾ ਏ, ਤੂੰ ਆਪਣੀ ਭੈੜੀ ਕਰਤੂਤ ਨਾਲ ਆਪਣੇ ਪਿਉ (ਸ਼ਾਹ ਜਹਾਂ ਨੂੰ ਸਣੇ ਆਪਣੀ ਭੈਣ ਜਹਾਂ ਆਰਾ ਦੇ ਕੈਦ ਕਰਕੇ) ਉਹ ਦੀ ਮਿੱਟੀ ਪਲੀਤ ਕਰਕੇ, ਉਹਨੂੰ ਆਪਣੇ ਸੁਭਾ ਅਨੁਸਾਰ, ਭਰਾਵਾਂ (ਦਾਰਾ ਸ਼ਿਕੋਹ ਅਤੇ ਮੁਰਾਦ) ਦੇ ਖ਼ੂਨ ਵਿਚ ਗੁੰਨ੍ਹਿਆ ਏ, ਉਸ ਗਾਰੇ ਨਾਲ ਤੂੰ ਆਪਣੀ ਸਲਤਨਤ ਦਾ ਕੱਚਾ ਕੋਠਾ ਉਸਾਰਿਆ ਏ। ਉਨ੍ਹਾਂ ਅੱਗੇ ਫੁਰਮਾਇਆ :

ਮਨ ਅਕਨੂੰ, ਬ ਅਫ਼ਜ਼ਾਲੇ ਪੁਰਸ਼ੇ ਅਕਾਲ।
ਕੁਨਮ ਜ਼ ਆਬੇ ਆਹਨ ਚੁਨਾ ਬਰਸ਼ਗਾਲ ॥੯॥

ਮੈਂ ਹੁਣ ਅਕਾਲ ਪੁਰਖ ਦੀ ਕਿਰਪਾ ਨਾਲ ਸਰਬ ਲੋਹੇ ਦੀ ਆਬ* ਨਾਲ ਉਹ ਬਰਖਾ ਕਰਾਂਗਾ ਕਿ ਇਸ ਮਨਹੂਸ ਵਲਗਣ ਦੀ ਨਿਸ਼ਾਨੀ ਤੱਕ ਨਾ ਰਹੇਗੀ। ਤੂੰ ਦੱਖਣ ਦੇ ਪਹਾੜਾਂ 'ਚੋਂ ਤ੍ਰਿਹਾਇਆ ਪਰਤਿਆ ਏਂ ਅਤੇ ਮੈਵਾੜ 'ਚੋਂ ਵੀ ਸਖਣੇ ਠੂਠੇ ਮੁੜਿਆਂ ਏਂ। ਜੇ ਹੁਣ ਤੇਰੀ ਨਿਗਾਹ ਇਸ ਆਸ ਨਾਲ ਇਧਰ ਦੌੜੀ ਏ ਕਿ ਤੇਰੀ ਇਹ ਤਲਖੀ ਤੇ ਤ੍ਰਿਹ ਮਿਟ ਜਾਏਗੀ ਤਾਂ ਯਾਦ ਰੱਖ ਮੈਂ ਤੇਰੇ ਪੈਰਾਂ ਥੱਲੇ ਉਹ ਅੰਗਿਆਰ ਰੱਖਾਂਗਾ ਕਿ ਤੈਨੂੰ ਪੰਜਾਬ 'ਚੋਂ ਪਾਣੀ ਪੀਣਾ ਨਸੀਬ ਨਾ ਹੋਵੇ :

ਚੁਨਾਂ ਆਤਸ਼ੇ ਜ਼ੀਰ ਨਾਅਲਤ ਨਹਮ
ਜ਼ ਪੰਜਾਬ ਆਬਤ ਨਾ ਖ਼ੁਰਦਨ ਦਹਮ ॥੧੩॥

ਕੀ ਹੋਇਆ ਜੇ ਗਿੱਦੜ ਨੇ ਫਰੇਬ ਨਾਲ ਸ਼ੇਰ ਦੇ ਦੋ ਬੱਚੇ ਮਾਰ ਦਿੱਤੇ। ਉਹ ਸ਼ੇਰ ਬੱਬਰ ਹਾਲੇ ਜੀਉਂਦਾ ਏ ਤੇ ਤੈਥੋਂ ਬਦਲਾ ਲਏਗਾ।

---

* ਨਾਜ਼ ਸਾਹਿਬ ਆਬੇ ਆਹਨ ਦਾ ਅਰਥ ਖੰਡੇ ਦੀ ਪਾਹੁਲ ਕਰਦੇ ਹੋਏ ਕਹਿੰਦੇ ਹਨ ਕਿ ਲੱਖਾਂ ਸਿੱਖਾਂ ਵਿਚ ਇਹ ਪਾਹੁਲ ਪਸਰ ਕੇ ਵੀਰਤਾ ਪੈਦਾ ਕਰ ਚੁੱਕੀ ਹੈ। ਜਿਸਦਾ ਸਾਹਮਣਾ ਬਾਦਸ਼ਾਹ ਨਹੀਂ ਕਰ ਸਕਦਾ।

ਇਤਿਹਾਸ ਦੇ ਪੰਨਿਆਂ ਵਿਚ, ਇਸ ਖ਼ਤ ਤੋਂ ਬਿਨਾਂ, ਔਰੰਗਜ਼ੇਬ ਜੋਗ ਲਿਖੇ ਗਏ ਹੋਰ ਪੱਤ੍ਰ ਵੀ ਸਾਂਭੇ ਪਏ ਹਨ। ਸ਼ਿਵਾ ਜੀ ਨੇ ਆਗਰੇ ਦੀ ਕੈਦ 'ਚੋਂ ਨਿਕਲ ਕੇ ਜਜ਼ੀਏ ਵਿਰੁੱਧ ਆਵਾਜ਼ ਉਠਾਈ ਤੇ ਕਿਹਾ 'ਇਹ ਕਰ ਮੇਰੇ ਵਿਰੁੱਧ ਲੜਦਿਆਂ ਖ਼ਾਲੀ ਹੋ ਗਏ ਖ਼ਜ਼ਾਨੇ ਨੂੰ ਮੁੜ ਭਰਨ ਲਈ ਲਾਇਆ ਗਿਆ ਹੈ।' ਮਨੁੱਖਤਾ ਦੀਆਂ ਨਜ਼ਰਾਂ ਵਿਚ ਸਭ ਜੀਵ ਇਕੋ ਜਿਹੇ ਹਨ ਕਿਉਂਕਿ ਕੁਰਾਨ ਵਿਚ ਰੱਬ ਨੂੰ 'ਰੱਬੁਲ ਮਸਲਮੀਨ (ਮੁਸਲਮਾਨਾਂ ਦਾ ਰੱਬ) ਨਹੀਂ, ਰੱਬੁਲ ਆਲਮੀਨ (ਜਹਾਨਾਂ ਦਾ ਰੱਬ) ਆਖਿਆ ਗਿਆ ਹੈ। 1681 ਵਿਚ ਰਾਜਪੂਤਾਂ ਦੀ ਮਦਦ ਨਾਲ ਬਾਗ਼ੀ ਹੋਏ ਸ਼ਾਹਜ਼ਾਦੇ ਮੁਹੰਮਦ ਨੇ 1683 ਵਿਚ, ਫਾਰਸ ਦੇ ਸ਼ਾਹ ਅੱਬਾਸ ਕੋਲ ਪਨਾਹ ਲੈ ਕੇ ਪਿਉ ਨੂੰ ਉਹਦੇ ਸੱਦੇ ਦੇ ਉੱਤਰ ਵਿਚ ਲਿਖਿਆ, 'ਤੁਸੀਂ ਜਸਵੰਤ ਸਿੰਘ ਤੇ ਹੋਰ ਰਾਜਪੂਤਾਂ ਦੀ ਨਿੰਦਾ ਕਰਦੇ ਹੋ.....ਇਹ ਉਹ ਕੌਮ ਹੈ ਜਿਸ ਨਾਲ ਰਿਸ਼ਤਾ ਜੋੜ ਕੇ ਸ਼ਹਿਨਸ਼ਾਹ ਅਕਬਰ ਮਹਾਨ ਬਣੇ ਅਤੇ ਮਹਾਬਤ ਖਾਂ ਨੇ ਜਹਾਂਗੀਰ ਨੂੰ ਬੰਦੀ ਬਣਾਇਆ। ਇਹ ਉਹੀ ਕੌਮ ਹੈ ਜਿਹਨੂੰ ਜਿੱਤਣ ਲਈ ਸ਼ਹਿਨਸ਼ਾਹੇ ਹਿੰਦ ਤਿੰਨ ਸਾਲ ਆਪਣੇ ਪੁੱਤ੍ਰਾਂ ਅਤੇ ਅਮੀਰਾਂ ਸਮੇਤ ਮੇਵਾੜ ਦੇ ਮਾਰੂਥਲ ਕੱਛਦੇ ਰਹੇ। ਇਉਂ ਹੁੰਦਾ ਵੀ ਕਿਉਂ ਨਾ ? ਜਦਕਿ ਸ਼ਹਿਨਸ਼ਾਹ ਆਲਮਗੀਰ ਗਾਜ਼ੀ ਦੇ ਅਹਿਦ ਵਿਚ ਸਾਬਨ ਫਰੋਸ਼ ਸਦਰ ਅਤੇ ਜੁਲਾਹੇ ਉਹਦੇ ਮਹਿਰਮ ਹੋਣ ਦਾ ਮਾਣ ਪ੍ਰਾਪਤ ਕਰ ਰਹੇ ਹਨ। ਅਜਿਹੀ ਬੁਰੀ ਹਾਲਤ ਸੁਧਾਰਨ ਵਾਸਤੇ ਹੀ ਮੈਨੂੰ ਪ੍ਰੇਰਨਾ ਮਿਲੀ ਸੀ। ਰੱਬ ਮਿਹਰ ਕਰੇ ਤੇ ਤੁਸੀਂ ਮੈਨੂੰ ਇਹ ਕੰਮ ਸੰਭਾਲ ਕੇ ਖ਼ੁਦ ਹੱਜ ਕਰਨ ਚਲੇ ਜਾਓ, ਕਿਉਂਕਿ ਹੁਣ ਤਕ ਤੁਸੀਂ ਦੀਨ ਦੀ ਥਾਂ ਦੁਨੀਆਂ ਨਾਲ ਵਧੇਰੇ ਚਿਮਟੇ ਹੋਏ ਹੋ। ਤੁਹਾਡੀ ਖ਼ਿਦਮਤ ਵਿਚ ਹਾਜ਼ਰ ਹੋਣਾ ਮੇਰੇ ਲਈ ਬਰਕਤ ਵਾਲੀ ਗੱਲ ਹੈ ਪਰ ਮੇਰੀ ਜਵਾਨੀ ਅਤੇ ਤੁਹਾਡੀ ਬਦਲਾ ਲਊ ਤਬਾ ਮੇਰੇ ਰਾਹ ਦਾ ਰੋੜਾ ਬਣ ਖਲੋਤੀਆਂ ਹਨ। (ਹਿਸਟਰੀ ਆਫ਼ ਔਰੰਗਜ਼ੇਬ ਰਚਿਤ ਸਰ ਜਦੂ ਨਾਥ ਸ੍ਰਕਾਰ)

ਸ਼ਾਹ ਅੱਬਾਸ ਨੇ ਲਿਖਿਆ, 'ਮੈਂ ਸੁਣਿਆ ਹੈ ਕਿ ਬਾਦਸ਼ਾਹ ਦੀ ਕਮਜ਼ੋਰੀ ਕਾਰਨ ਸ਼ਿਵਾ ਜੀ ਵਰਗੇ ਕਾਫ਼ਰ ਸਰਦਾਰਾਂ ਨੇ ਆਕੀ ਹੋ ਕੇ ਊਧਮ ਮਚਾ ਰੱਖਿਆ ਹੈ। ਤੂੰ ਆਪਣੇ ਆਪ ਨੂੰ ਆਲਮਗੀਰ (ਵਿਸ਼ਵ ਵਿਜਈ) ਕਹਾਉਂਦਾ ਏਂ, ਪਰ ਤੂੰ ਤਾਂ ਕੇਵਲ ਪਿਤਾ ਤੇ ਉਨ੍ਹਾਂ ਭਰਾਵਾਂ ਨੂੰ ਹੀ ਜਿੱਤਿਆ ਹੈ ਜੋ ਆਪਣੇ ਪਿਤਾ ਦੇ ਮੁਲਕ ਅਤੇ ਮਾਲ ਦੇ ਕਾਨੂੰਨਨ ਪੂਰੇ ਹਿੱਸੇਦਾਰ ਸਨ। ਤੂੰ ਵੀਰਤਾ ਦੇ ਹਰ ਕੰਮ ਵਿਚ ਅਸਫਲ ਰਿਹਾ ਏਂ। ਖ਼ੁਦਾ ਅਤੇ ਅਮਾਮਾਂ ਦੀ ਬਖਸ਼ਸ਼ ਨਾਲ ਮੈਂ ਅਤੇ ਮੇਰੇ ਵਡਕੇ ਦੁਖੀਆਂ ਦੀ ਮਦਦ ਕਰਦੇ ਰਹੇ ਹਨ। ਦੇਖ ਅਸੀਂ ਹਮਾਯੂੰ ਅਤੇ ਨਜ਼ਰ ਮੁਹੰਮਦ ਨੂੰ ਮੁੜ ਤਖ਼ਤ ਬਹਾਇਆ। ਇਸ ਲਈ ਮੇਰੀ ਇਹ ਇੱਛਾ ਹੈ ਕਿ ਮੈਂ ਫੌਜ ਲੈ ਕੇ ਤੇਰੀ ਮਦਦ ਕਰਨ ਆਵਾਂ ਤਾਂਕਿ ਪਰਜਾ ਸੁਖੀ ਹੋ ਕੇ ਮੇਰੀ ਜੈ ਜੈ ਕਾਰ ਕਰੇ। (ਫੱਯਾਜ਼ਲ ਕਵਾਨੀਨ, ਸਫਾ ੪੯੩-੯੯)

ਇਹ ਪੱਤ੍ਰ ਫਤਹਨਾਮੇ ਵਿਚ ਆਖੀਆਂ ਗਈਆਂ ਸਚਾਈਆਂ ਦੀ ਪੁਸ਼ਟੀ ਕਰਦੇ ਹਨ ਭਾਵੇਂ ਇਨ੍ਹਾਂ ਦਾ ਮੰਤਵ ਔਰੰਗਜ਼ੇਬ ਦੀ ਹੇਠੀ ਕਰਨਾ ਅਤੇ ਉਸ ਦਾ ਮਜ਼ਾਕ ਉਡਾਉਣਾ ਸੀ, ਪਰ ਗੁਰੂ ਸਾਹਿਬ ਦਾ ਮੰਤਵ ਬਾਦਸ਼ਾਹ ਦੀ ਆਤਮਾ ਵਿਚ ਸੁੱਤੀ ਨੇਤੀ ਨੂੰ ਜਗਾਉਣਾ ਸੀ। ਉਹਨੂੰ ਆਪਣਾ ਪਛਾਨਣ ਦੀ ਪ੍ਰੇਰਨਾ ਕਰਨਾ ਸੀ। ਜਲਾਲ ਨਾਲ ਭਰੇ ਫਤਹਨਾਮੇ ਨੂੰ ਪੜ੍ਹਕੇ ਔਰੰਗਜ਼ੇਬ ਪ੍ਰਭਾਵਿਤ ਹੋਣੋਂ ਨਾ ਰਹਿ ਸਕਿਆ। ਉਹਨੇ ਗੁਰੂ ਸਾਹਿਬ ਨੂੰ ਆਪਣੇ ਕੋਲ ਸੱਦਿਆ ਜਿਸ ਦੇ ਉੱਤਰ ਵਿਚ ਆਪ ਨੇ ਜ਼ਫ਼ਰਨਾਮਾ ਲਿਖਿਆ ਜੋ ਜਮਾਲ ਦਾ ਧਾਰਨੀ ਹੈ। ਇਸ ਦੀ ਇਤਿਹਾਸਕ ਕਦਰ ਕੂਤ ਇਸ ਕਰਕੇ ਹੈ ਕਿ ਇਹ ਬਚਿਤ੍ਰ ਨਾਟਕ ਵਿਚਲੀ

ਆਤਮ-ਕਥਾ ਦੀ ਲੜੀ ਨੂੰ ਅੱਗੇ ਤੋਰਦਾ ਹੈ। ਇਸ ਵਿਚੋਂ ਚਮਕੌਰ ਯੁਧ ਅਤੇ ਉਸ ਦੇ ਦੂਰ ਰਸ ਨਤੀਜਿਆਂ ਅਤੇ ਅਸਰਾਂ ਸੰਬੰਧੀ ਕੁਝ ਤੱਤ ਉਜਾਗਰ ਹੁੰਦੇ ਹਨ :

1. ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਕੇਵਲ ਚਾਲੀ ਭੁੱਖੇ ਪ੍ਰਾਣੀ ਸਨ ਜਦ ਉਨ੍ਹਾਂ ਉੱਤੇ ਸੌਂਹਾਂ ਸੁਗੰਦਾਂ ਤੋੜਕੇ ਕੋਈ ਦਸ ਲੱਖ ਦੀ ਫੌਜੀ ਧਾੜਾਂ ਨੇ ਹਮਲਾ ਕੀਤਾ।
2. ਗੁਰੂ ਸਾਹਿਬ ਨੂੰ ਲਾਚਾਰ ਹੋ ਕੇ ਯੁੱਧ ਕਰਨਾ ਪਿਆ। ਇਸ ਹਾਲਤ ਵਿਚ ਉਨ੍ਹਾਂ ਦਾ ਪ੍ਰਤੀਪਾਦਨ ਕੀਤਾ ਅਸੂਲ 'ਚੁ ਕਾਰ ਅਜ਼ ਹਮਹ ਹੀਲਤੇ ਦਰਗੁਜ਼ਸ਼ਤ। ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ' ਜੁਗਾਂ ਜੁਗਾਂਤਰਾਂ ਲਈ ਸਹੀ ਮੰਨਿਆ ਜਾਂਦਾ ਹੈ।
3. ਇਹ ਯੁੱਧ ਚਾਨਣੇ ਪੱਖ ਵਿਚ ਹੋਇਆ।
4. ਸ਼ਾਹੀ ਫੌਜ ਦੀ ਵਰਦੀ ਕਾਲੀ ਸੀ।
5. ਸ਼ਾਹੀ ਫੌਜ ਦਾ ਇਕ ਸਰਦਾਰ ਨਾਹਰ ਖਾਂ ਗੁਰੂ ਸਾਹਿਬ ਦੇ ਤੀਰ ਦਾ ਨਿਸ਼ਾਨਾ ਬਣਿਆ ਜਦ ਕਿ ਖ਼ਾਜਾ ਮਰਦੂਦ ਵਰਗੇ ਅਫ਼ਸਰ ਲੁਕੇ ਹੀ ਰਹੇ ਪਰ ਕਈ ਖ਼ਾਨ ਜੀ ਤੋੜ ਕੇ ਲੜੇ।
6. ਇਹ ਭਿਆਨਕ ਘਮਸਾਨ ਯੁੱਧ ਸਾਰਾ ਦਿਨ ਹੁੰਦਾ ਰਿਹਾ। ਧਰਤੀ ਪੋਸਤ ਦੇ ਫੁੱਲਾਂ ਦੀ ਲਾਲੀ ਵਰਗੇ ਖ਼ੂਨ ਨਾਲ ਲਾਲ ਹੋ ਗਈ। ਸਿਰਾਂ ਅਤੇ ਕੱਟੇ ਅੰਗਾਂ ਨਾਲ ਮੈਦਾਨ ਜੰਗ ਇਉਂ ਭਰ ਗਿਆ ਜਿਵੇਂ ਗੇਂਦਾਂ ਬੱਲੇ।
7. ਗੁਰੂ ਸਾਹਿਬ ਪੰਜਾਂ ਸਿੰਘਾਂ ਦੇ ਗੁਰਮਤੇ ਸਾਹਵੇਂ ਸੀਸ ਨਿਵਾ ਕੇ ਮੈਦਾਨੇ-ਜੰਗ 'ਚੋਂ ਬਿਨਾਂ ਕਿਸੇ ਖੇਚਲ ਦੇ ਨਿਕਲ ਆਏ।
8. ਇਸ ਜੰਗ ਵਿਚ ਹੋਈ ਕਤਲੋਗਾਰਤ ਲਈ ਔਰੰਗਜ਼ੇਬ ਜ਼ਿੰਮੇਵਾਰ ਸੀ ਕਿਉਂਕਿ ਉਹਦੇ ਇਸ਼ਾਰੇ ਉਤੇ ਉਹਦੇ ਕਿਜ਼ਬਗੋ (ਕੂੜ ਬੋਲਣ ਵਾਲੇ) ਦੀਵਾਨਾਂ ਅਤੇ ਬਖਸ਼ੀਆਂ ਨੇ ਕੁਰਾਨ ਦੀਆਂ ਸੌਂਹਾਂ ਤੋੜ ਕੇ ਹੱਲਾ ਬੋਲਿਆ। ਗੁਰੂ ਸਾਹਿਬ ਦੇ ਚੌਹਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਜ਼ਿੰਮੇਵਾਰੀ ਬਾਦਸ਼ਾਹ ਉੱਤੇ ਆਇਦ ਹੁੰਦੀ ਹੈ।
9. ਔਰੰਗਜ਼ੇਬ ਵਲੋਂ ਕੁਰਾਨ ਉਤੇ ਲਿਖਿਆ ਅਤੇ ਇਕ ਕਾਜ਼ੀ ਹੱਥੀਂ ਭੇਜਿਆ ਅਹਿਦਨਾਮਾ ਗੁਰੂ ਸਾਹਿਬ ਕੋਲ ਮੌਜੂਦ ਸੀ।
10. ਗੁਰੂ ਸਾਹਿਬ ਨੇ ਬਾਦਸ਼ਾਹ ਨੂੰ ਕਾਂਗੜ ਆ ਕੇ ਗੱਲਬਾਤ ਕਰਨ ਦਾ ਸੱਦਾ ਦਿੱਤਾ। ਕਾਂਗੜ ਦੇ ਇਲਾਕੇ ਦੇ ਬੈਰਾੜ ਆਕੀ ਹੋ ਚੁੱਕੇ ਸਨ। ਔਰੰਗਜ਼ੇਬ ਨੂੰ ਆਖਿਆ ਗਿਆ ਕਿ ਉਹ ਜੇ ਮੁੜ ਇਸ ਇਲਾਕੇ ਨੂੰ ਅਧੀਨ ਕਰਨਾ ਚਾਹੁੰਦਾ ਹੈ ਤਾਂ ਕੋਈ ਚੁਣਵਾਂ ਘੋੜਾ ਗੁਰੂ ਸਾਹਿਬ ਦੀ ਨਜ਼ਰ ਕਰੇ, (ਸ੍ਰੀ ਨਾਜ਼ ਇਸ ਘੋੜੇ ਨੂੰ ਗੁਰੂ ਸਾਹਿਬ ਵਲੋਂ ਅਸ਼ਵਮੇਧ ਯੱਗ ਦਾ ਘੋੜਾ ਆਖਦੇ ਹਨ ਜਿਸ ਨੂੰ ਔਰੰਗਜ਼ੇਬ ਫੜ ਕੇ ਗੁਰੂ ਸਾਹਿਬ ਨਾਲ ਜੰਗ ਕਰੇ।)
11. ਅਕਾਲ ਪੂਜਕ ਗੁਰੂ ਸਾਹਿਬ, ਔਰੰਗਜ਼ੇਬ ਵਾਂਗ ਪਰਮਾਤਮਾ ਦੀ ਏਕਤਾ ਵਿਚ ਵਿਸ਼ਵਾਸ ਰੱਖਦੇ ਸਨ, ਪਰ ਉਹ ਮੂਰਤੀ ਪੂਜਕ ਪਹਾੜੀ ਰਾਜਿਆਂ ਨੂੰ ਉਨ੍ਹਾਂ ਨਾਲ ਲੜਾ ਰਿਹਾ ਸੀ।
12. ਇਨ੍ਹਾਂ ਸਚਾਈ ਪ੍ਰਗਟ ਕਰਨ ਵਾਲੇ ਪੱਤ੍ਰਾਂ ਤੋਂ ਸੂਬਾ ਸਰਹੰਦ ਬੌਖਲਾ ਉੱਠਿਆ ਅਤੇ ਉਹ ਹਰ ਕੀਮਤ ਉਤੇ ਗੁਰੂ ਸਾਹਿਬ ਦਾ ਜਾਨੀ ਦੁਸ਼ਮਣ ਬਣ ਗਿਆ।

ਉਹਨੇ ਪਹਿਲਾਂ ਮੁਕਤਸਰ ਦੇ ਨੇੜੇ ਗੁਰੂ ਸਾਹਿਬ 'ਤੇ ਹੱਲਾ ਕੀਤਾ ਪਰ ਮੂੰਹ ਦੀ ਖਾਧੀ। ਅਖੀਰ ਉਹ ਨੰਦੇੜ ਆਪਣੇ ਜਾਸੂਸਾਂ ਜਮਸ਼ੇਦ ਖਾਂ ਆਦਿ ਰਾਹੀਂ ਮੁਹਲਕ (ਮਾਰ ਦੇਣ ਵਾਲਾ) ਹਮਲਾ ਕਰਵਾਉਣ ਵਿਚ ਸਫਲ ਹੋ ਗਿਆ।

ਗੁਰੂ ਸਾਹਿਬ ਨੇ ਬਾਦਸ਼ਾਹ ਨੂੰ 'ਮਰਦੇ ਰੋਬਾਹ ਪੇਚ' ਲਿਖਿਆ ਹੈ :—

ਨਾ ਦਾਨਮ ਕਿ ਈਂ ਮਰਦ ਰੋਬਾਹ ਪੇਚ।
ਦਿਗਰ ਹਰਗਿਜ਼ੀਂ ਰਾਹ ਨਿਆਰਦ ਬਹੇਚ।

ਅਰਥਾਤ ਮੈਨੂੰ ਕੀ ਪਤਾ ਸੀ ਕਿ ਕੁਰਾਨ ਉਤੇ ਅਹਿਦ ਕਰਕੇ ਤੋੜਨ ਵਾਲਾ ਇਹ ਆਦਮੀ ਲੂਮੜੀ ਵਾਂਗ ਪੇਚਾਂ ਵਾਲਾ (ਫਰੇਬੀ) ਏ ਤੇ ਆਪਣੇ ਇਰਾਦੇ ਨੂੰ ਬਿਨਾਂ ਅਖਲਾਕੀ ਕੀਮਤਾਂ ਦੀ ਪਰਵਾਹ ਕੀਤੇ ਸਿਰੇ ਚਾੜ੍ਹਨ ਦੇ ਰਾਹ ਨੂੰ ਹੀ ਠੀਕ ਗਿਣਦਾ ਹੈ। ਕਵੀ ਸੰਤੋਖ ਸਿੰਘ ਇਸ ਸ਼ੇਅਰ ਵਿਚਲੇ ਸ਼ਬਦ 'ਦਿਗਰ' ਦਾ ਅਰਥ, ਔਰੰਗਜ਼ੇਬ ਦੇ ਕੁਰਆਨ ਲਿਖਣ ਦੀ ਰਿਆਤ ਨਾਲ, ਉਹ ਪੰਛੀ ਕਰਦੇ ਹਨ ਜਿਸ ਦੇ ਪਰਾਂ 'ਤੇ ਕੁਰਆਨ ਲਿਖਿਆ ਮੰਨਿਆ ਜਾਂਦਾ ਹੈ, ਭਾਵ ਕਿ ਉਸ ਪੰਛੀ ਵਾਂਗ ਬਾਦਸ਼ਾਹ ਨੇ ਇਸ ਪਵਿਤ੍ਰ ਧਰਮ ਪੁਸਤਕ ਦੀ ਮਹੱਤਤਾ ਨੂੰ ਗੰਭੀਰਤਾ ਨਾਲ ਗੌਲਿਆ ਨਹੀਂ। ਇਸ ਰੋਬਾਹ ਪੇਚ ਦੇ ਮੁਕਾਬਲੇ ਤੇ ਪੇਚੀਦਾ ਮਾਰ ਭੁਜੰਗੀ ਖਾਲਸੇ (ਜਿਸ ਨੂੰ ਘੁਰਨੇ ਵਿਚੋਂ ਛੱਡੇ ਸ਼ੇਰ ਆਖਿਆ ਗਿਆ ਹੈ) ਹੀ ਰਖੇ ਜਾ ਸਕਦੇ ਸਨ :

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਾਹ ਚਾਰ।
ਕਿ ਬਾਕੀ ਬ-ਮਾਂਦ ਅਸਤ ਪੇਚੀਦਾ ਮਾਰ ॥੭੮॥*

ਇਉਂ ਔਰੰਗਜ਼ੇਬ ਨੂੰ ਖ਼ਬਰਦਾਰ ਕੀਤਾ ਗਿਆ ਹੈ ਕਿ ਖਾਲਸਾ ਕੁੰਡਲੀਏ ਨਾਗ ਵਾਂਗ ਉਹਦੀ ਸਲਤਨਤ ਨੂੰ ਵਲ ਲਏਗਾ ਅਤੇ ਈਸ਼ਵਰ ਵੀ ਤਾਂ ਮੈਨੂੰ ਮੁਗਲੀਆ ਸਲਤਨਤ ਦਾ ਵਾਲੀ ਵੇਖ ਕੇ ਸਹਾਰ ਨਹੀਂ ਸਕਦਾ। ਜਿਸ ਮੁਲਕ ਤੇ ਮਾਲ ਦਾ ਤੈਨੂੰ ਗ਼ਰੂਰ ਹੈ, ਉਹ ਫਾਨੀ ਹਨ ਪਰ ਸਾਨੂੰ ਅਕਾਲ ਉਤੇ ਭਰੋਸਾ ਹੈ। ਲੋਕਾਂ ਉਤੇ ਬੇਦਰੇਗ ਤੇਗ ਨਾ ਚਲਾ ਕਿਉਂ ਅਸਮਾਨੀ ਤੇਗ ਤੇਰਾ ਹੀ ਖ਼ੂਨ ਕਰੇਗਾ।

ਸ਼ਨਾਸਿਦ ਹਮੀਂ ਤੂ ਨਾ ਯਜਦਾਂ ਕਰੀਮ।
ਨ ਖ਼ੁਵਾਹਦ ਹਮੀਂ ਤੂ ਬ-ਦੌਲਤ ਅਜੀਮ ॥੮੬॥
ਤੁਰਾ ਗਰ ਨਜ਼ਰ ਅਸਤ ਲਸ਼ਕਰ ਵ ਜ਼ਰ।
ਕਿ ਮਾਰਾ ਨਿਗਾਹ ਅਸਤਯਜਦਾਂ ਸ਼ੁਕਰ।੧੦੫॥

---

* Epistle of victory ਦੇ ਕਰਤਾ ਬੇਦੀ ਗੁਰਸ਼ਰਨ ਸਿੰਘ ਦਾ ਮਤ ਹੈ ਕਿ 'ਪੇਚੀਦਾ ਮਾਰ' ਗੁਰੂ ਸਾਹਿਬ ਨੇ ਆਪਣੇ ਆਪ ਨੂੰ ਆਖਿਆ ਹੈ ਕਿਉਂਕਿ ਸੂਬਾ ਸਰਹੰਦ ਦੇ ਵਜ਼ੀਰ ਦੀਵਾਨ ਸੁੱਚਾ ਨੰਦ ਪੇਸ਼ਕਾਰ ਨੇ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਦਾ ਮਸ਼ਵਰਾ ਦਿੰਦਿਆਂ ਕਿਹਾ ਸੀ ਕਿ ਸੱਪ ਨੂੰ ਮਾਰ ਦੇਣ ਤੇ ਉਹਦੇ ਬੱਚਿਆਂ ਦੀ ਰਾਖੀ ਕਰਨਾ ਅਕਲਮੰਦੀ ਨਹੀਂ। ਇਸ ਸੰਦਰਭ ਵਿਚ ਉਨ੍ਹਾਂ ਨੇ ਵਜ਼ੀਰ ਖਾਂ ਦੇ ਬਿਨਾਂ ਸੋਚੇ ਸਮਝੇ, ਝਟ ਪਟ ਸਾਹਿਬਜ਼ਾਦਿਆਂ ਦੇ ਕਤਲ ਦਾ ਫੈਸਲਾ ਦੇ ਦੇਣ ਨੂੰ ਸ਼ੈਤਾਨ ਦਾ ਕੰਮ ਕਰਾਰ ਦਿੱਤਾ ਹੈ : 'ਸ਼ਤਾਬੀ ਬਵਦ ਕਾਰੇ ਆਹਰਮਨਾਂ।' ਸ੍ਰੀ ਨਾਜ਼, ਬੇਦੀ ਜੀ ਨਾਲ ਮੁਤਫ਼ਿਕ ਨਹੀਂ, ਉਹ 'ਬਾਕੀ ਬਿਮਾਨਦ' ਦੀ ਥਾਂ 'ਬਾਕੀ ਬਿਮਾਦੰਦ' (ਬਹੁ ਵਚਨ) ਨੂੰ ਠੀਕ ਮੰਨਦੇ ਹਨ ਤੇ ਆਹਰਮਨਾਂ ਵਾਲੇ ਮਿਸਰੇ ਦਾ ਅਰਥ ਕਰਦੇ ਹਨ, 'ਸ਼ੈਤਾਨਾਂ ਦਾ ਕੰਮ ਛੇਤੀ ਤਮਾਮ ਹੋ ਜਾਂਦਾ ਹੈ ਭਾਵ ਉਨ੍ਹਾਂ ਦਾ ਨਾਸ਼ ਛੇਤੀ ਹੋ ਜਾਂਦਾ ਹੈ।

ਮਜ਼ਨ ਤੇਗ ਬਰ ਖ਼ੂਨ ਕਸ ਬੇਦਰੇ.ਗ।
ਤੁਰਾ ਨੀਜ਼ ਖ਼ੂੰ ਅਸਤ ਬਾ ਚਰਖ਼ੇ ਤੇ.ਗ॥੬੯॥

ਔਰੰਗਜ਼ੇਬ ਇਹ ਪੱਤ੍ਰ ਪੜ੍ਹ ਕੇ ਡਾਢਾ ਦ੍ਰਵਿਆ ਜਿਹਾ ਕਿ ਉਹਦੇ ਆਪਣੇ ਪੁੱਤ੍ਰ ਕਾਮ ਬਖ਼ਸ਼ ਦੇ ਨਾਂ ਲਿਖੇ ਪੱਤ੍ਰ ਤੋਂ ਜ਼ਾਹਰ ਹੁੰਦਾ ਹੈ। ਉਹਨੂੰ ਆਪਣੇ ਅੱਤਿਆਚਾਰਾਂ ਅਤੇ ਗੁਨਾਹਾਂ ਦਾ ਪਛਤਾਵਾ ਹੋਇਆ, ਭਲਾ ਯਾ ਬੁਰਾ ਜੋ ਕੁਝ ਵੀ ਕੀਤਾ, ਆਪਣੇ ਨਾਲ ਲੈ ਜਾ ਰਿਹਾ ਹਾਂ। ਅਜੀਬ ਚਮਤਕਾਰ ਹੈ ਕਿ ਆਇਆ ਤਾਂ ਇਕੱਲਾ ਸਾਂ ਪਰ ਹੁਣ ਅਮਲਾਂ ਦੇ ਕਾਫਲੇ ਨਾਲ ਜਾ ਰਿਹਾ ਹਾਂ। ਲਸ਼ਕਰ ਅਤੇ ਸਿਪਾਹ ਦਾ ਫਿਕਰ ਅਤੇ ਅੰਤ ਦੇ ਅਜ਼ੀਬਾਂ ਦਾ ਖ਼ਿਆਲ ਦਿਲ ਨੂੰ ਚਿੰਤਾਤੁਰ ਕਰ ਰਿਹਾ ਹੈ......।" ਉਹਨੇ ਲਾਹੌਰ ਅਤੇ ਸਰਹਿੰਦ ਦੇ ਸੂਬਿਆਂ ਨੂੰ ਹੁਕਮ ਦਿੱਤਾ ਕਿ ਗੁਰੂ ਸਾਹਿਬ ਨੂੰ ਹੋਰ ਕੁਝ ਨਾ ਕਹਿਣ ਤੇ ਉਨ੍ਹਾਂ ਨੂੰ ਮਾਣ ਸਤਿਕਾਰ ਨਾਲ ਉਸ ਦੇ ਕੋਲ ਭੇਜਣ। ਇਉਂ ਗੁਰੂ ਨਾਨਕ ਸਾਹਿਬ ਦੇ ਏਮਨਾਬਾਦ ਵਿਚ ਆਪਣੇ ਉਪਦੇਸ਼ ਨਾਲ ਬਾਬਰ ਦਾ ਦਿਲ ਫੇਰਨ ਵਾਂਗ ਗੁਰੂ ਗੋਬਿੰਦ ਸਿੰਘ ਨੇ ਔਰੰਗਜ਼ੇਬ ਦੀ ਕਾਇਆ ਪਲਟ ਕੇ ਇਤਿਹਾਸ ਦੇ ਧਾਰੇ ਨੂੰ ਮੋੜਿਆ।

ਪੱਕੀ ਤਰ੍ਹਾਂ ਕੁਝ ਨਹੀਂ ਆਖਿਆ ਜਾ ਸਕਦਾ ਕਿ ਅਸਲ ਜ਼ਫ਼ਰਨਾਮਾ ਕਿੱਥੇ ਹੈ। ਗੁਰਮਤਿ ਲੈਕਚਰ ਦੇ ਕਰਤਾ ਗਿਆਨੀ ਪ੍ਰਤਾਪ ਸਿੰਘ ਅਨੁਸਾਰ ਇਹ ਔਰੰਗਜ਼ੇਬ ਦੇ ਤੋਸ਼ਾਖਾਨੀਏ ਦੀ ਔਲਾਦ ਪਾਸ ਹੈ। ਇਸ ਉੱਤੇ ਸ਼ਾਹੀ ਮੁਹਰ ਤੇ ਇਹ ਸ਼ਬਦ ਹਨ 'ਇਹਨੂੰ ਤਬਰਕਾਤ ਵਿਚ ਸਤਕਾਰ ਸਹਿਤ ਰਖੋ'। ਨਾਜ਼ ਸਾਹਿਬ ਦੇ ਸ਼ਬਦਾਂ ਵਿਚ ਗੋਲੜਾ ਸ਼ਰੀਫ਼ (ਰਾਵਲ ਪਿੰਡੀ) ਦੇ ਇਕ ਪਠਾਨ ਦੇ ਘਰ ਜ਼ਫ਼ਰਨਾਮੇ ਦਾ ਪੁਰਾਤਨ ਨੁਸਖ਼ਾ ਫ਼ਾਰਸੀ ਲਿਪੀ ਵਿਚ ਸੀ, ਉਹਨੂੰ ਜਦ ਉਸ ਘਰਾਣੇ ਦੀ ਇਕ ਬਿਰਧ ਮਾਈ ਪੜ੍ਹਨ ਬੈਠਦੀ ਤਾਂ ਆਵੇਸ਼ ਵਿਚ ਆ ਕੇ ਪੜ੍ਹਦੀ ਪੜ੍ਹਦੀ ਬੇਹੋਸ਼ ਹੋ ਜਾਂਦੀ। ਕੀ ਜਾਣੀਏ ਇਹੋ ਅਸਲ ਜ਼ਫ਼ਰਨਾਮਾ ਹੋਵੇ ਜਿਸ ਦੀ ਚਮਤਕਾਰੀ ਤੇ ਪਵਿੱਤਰ ਲਿਖਤ ਇਉਂ ਪ੍ਰਭਾਵਿਤ ਕਰ ਸਕਦੀ ਹੋਵੇ।

ਭਾਈ ਵੀਰ ਸਿੰਘ ਅਤੇ ਡਾ. ਗੰਡਾ ਸਿੰਘ ਨੇ ਜ਼ਫ਼ਰਨਾਮੇ ਦੇ 111 ਸ਼ੇਅਰ ਦਿੱਤੇ ਹਨ, ਪਰ ਸ੍ਰੀ ਨਾਜ਼ ਨੇ 134। ਜੇ ਫ਼ਤਹਨਾਮੇ ਦੇ 24 ਬੰਦ ਘਟਾ ਦਈਏ ਤਾਂ ਜ਼ਫ਼ਰਨਾਮੇ ਦੇ 110 ਰਹਿ ਜਾਂਦੇ ਹਨ। ਇਸ ਸੰਕਲਨ ਦੇ ਅੰਤਲੇ ਭਾਗ ਵਿਚ ਚਾਰ ਬੰਦ ਅਜਿਹੇ ਹਨ ਜੋ ਭਾਈ ਵੀਰ ਸਿੰਘ ਦੇ ਸੰਗ੍ਰਹਿ ਵਿਚ ਨਹੀਂ। ਇਨ੍ਹਾਂ ਵਿਚ ਔਰੰਗਜ਼ੇਬ ਨੂੰ ਰਾਜ ਭਾਗ ਦੀ ਨਾ ਪਾਇਦਾਰੀ ਦੱਸਣ ਲਈ ਜਮਸ਼ੇਦ, ਕੈਖ਼ਿਸਰੌ (ਕੈਖੁਸਰੋ) ਅਫਰਾਸਿਆਬ, ਅਸਫੰਦਯਾਰ, ਸਕੰਦਰ, ਬਾਬਰ, ਸ਼ੇਰਸ਼ਾਹ ਸੂਰੀ ਤੇ ਅਕਬਰ ਆਦਿ ਸਮਰਾਟਾਂ ਦੇ ਮਿਟ ਜਾਣ ਦਾ ਜ਼ਿਕਰ ਹੈ ਤੇ ਕੁਝ ਸ਼ੇਅਰ ਜੋ ਭਾਈ ਸਾਹਿਬ ਨੇ ਦਿੱਤੇ ਹਨ ਉਹ ਨਾਜ਼ ਸਾਹਿਬ ਦੇ ਮਜ਼ਮੂਏ ਵਿਚ ਨਹੀਂ ਜਿਹਾ ਕਿ :

1. *ਬਸੇ ਹਮਲਾ ਕਰਦੰਦ ਬ-ਮਰਦਾਨਗੀ*
   ਹਮ ਅਜ਼ ਹਜ਼ੋਗੀ ਹਮ ਜ਼ਿ ਦੀਵਾਨਗੀ।

2. *ਸ਼ਹਿਨਸ਼ਾਹ ਰਾ ਬੰਦਾ ਏ ਚਾਕਰੇਮ*
   ਅਗਰ ਹੁਕਮ ਆਇਦ ਬਜ਼ਾਂ ਹਾਜ਼ਰੇਮ

ਭਾਈ ਸਾਹਿਬ ਨੇ ਸ਼ਹਿਨਸ਼ਾਹ ਅਕਾਲ ਪੁਰਖ ਨੂੰ ਮੰਨਿਆ ਹੈ ਪਰ ਨਾਜ਼ ਸਾਹਿਬ ਨੇ ਇਹ ਸ਼ੇਅਰ ਆਖੇਪਕ ਸਮਝ ਕੇ ਛੱਡ ਦਿੱਤਾ ਹੈ ਕਿਉਂਕਿ ਗੁਰੂ ਸਾਹਿਬ ਆਪਣੇ ਆਪ ਨੂੰ ਬਾਦਸ਼ਾਹ ਦਾ ਚਾਕਰ ਨਹੀਂ ਆਖ ਸਕਦੇ ਸੀ। ਨਾਜ਼ ਸਾਹਿਬ ਦੇ ਸ਼ਬਦਾਂ ਵਿਚ 'ਮੈਨੇ ਇਸ ਮਜ਼ਮੂਮ ਸ਼ੇਅਰ ਸੇ ਕਿਤਾਬ ਕੋ ਦਾਗ਼ਦਾਰ ਨਹੀਂ ਹੋਨੇ ਦੀਆ'। ਉਨ੍ਹਾਂ ਦੇ ਸੰਗ੍ਰਹਿ ਦਾ ਵਾਧਾ ਇਹ ਹੈ ਕਿ ਉਨ੍ਹਾਂ ਨੇ ਉਤਾਰਿਆਂ, ਮੁੜ-ਉਤਾਰਿਆਂ ਕਾਰਨ ਪਈਆਂ ਅਰੂਜ ਦੀਆਂ ਗ਼ਲਤੀਆਂ ਸੋਧੀਆਂ ਹਨ, ਮਤਨ ਵਿਚ ਏਰਾਬ ਲਾਏ ਹਨ, ਸੁਕਮ ਕੱਢੇ ਹਨ ਜਿਹਾ ਕਿ 28ਵੇਂ ਸ਼ੇਅਰ ਵਿਚੋਂ :

ਕਿ ਬੇਰੂੰ ਨਿਆਦਮ ਕਿਸੇ ਜ਼ਾਨੇ ਦੀਵਾਰ

*ਨਾ ਖ਼ੁਰਦੰਦ ਤੀਰ ਵਨਾ ਗਸ਼ਤੰਦ ਖ਼ਵਾਰ ॥੫੮॥**

ਵਿਚ 'ਦੀਵਾਰ' ਦੀ ਥਾਂ 'ਹਿਸਾਰ' ਠੀਕ ਮੰਨਿਆ ਹੈ। ਉਨ੍ਹਾਂ ਦਾ ਦਾਵਾ ਹੈ, 'ਇਸ ਕਿਤਾਬ ਮੈਂ ਜ਼ਫ਼ਰਨਾਮਾ ਕੇ ਅਸ਼ਆਰ ਕੀ ਸ਼ਕਲ ਸੂਰਤ ਉਹੀ ਹੈ ਜੈਸੇ ਗੁਰੂ ਗੋਬਿੰਦ ਸਿੰਘ ਕੀ ਜ਼ਬਾਨ ਸੇ ਨਿਕਲੇ ਥੇ' ਪਰ ਉਹ ਪਾਠਾਂਤਰ ਵੱਲ ਇਨਾ ਧਿਆਨ ਨਹੀਂ ਦੇ ਸਕੇ ਜਿੰਨਾ ਕਿ ਭਾਈ ਵੀਰ ਸਿੰਘ ਨੇ। ਮਸਲਨ ਬੰਦ ੧੮ ਨਾਜ਼ ਸਾਹਿਬ ਨੇ ਇਉਂ ਰੱਖਿਆ ਹੈ :

ਬਮੁਸਹਫ ਕਸਮ ਖ਼ਫੀਆਹ ਗਰ ਖ਼ੁਰਦਮੇ

ਨਾ ਯਕ ਗਾਮ ਹਮ ਪੇਸ਼ੇ ਜ਼ਾਂ ਬੁਰਦਮੇ।

ਭਾਈ ਸਾਹਿਬ ਅਨੁਸਾਰ ਗੁਰਮੁਖੀ ਲਿਖਾਰੀਆਂ ਨੇ ਖ਼ਦਅਹ ਨੂੰ ਖ਼ੁਫੀਅਰ ਬਣਾ ਦਿੱਤਾ ਹੈ ਤੇ 'ਅਜ਼ੀਜ਼ੇ ਰਾ' ਨੂੰ 'ਅਜ਼ੀਜ਼ੇਰ' ਕਰ ਦਿੱਤਾ ਹੈ। ਖ਼ਦਾਅ ਨਾਮ ਹੈ ਫ਼ਰੇਬ ਕਰਨ ਦਾ......' ਅਤੇ ਇਸ ਦਾ ਪਾਠਾਂਤਰ ਇਹ ਹੈ :

ਕਸਮ ਮੁਸਹਫ਼ੇ ਖ਼ੁਫਯਹ ਗਰਈਂ ਖ਼ੁਰਮ

ਨ ਫ਼ਉਜੇ ਅਜੀਂ ਜ਼ੇਰ ਸ਼ੁਮ ਅਲਕੁਨਮ ॥੧੮॥

ਜ਼ਫ਼ਰਨਾਮੇ ਤੋਂ ਅੱਗੇ ਆਉਣ ਵਾਲੀਆਂ 11 ਹਕਾਇਤਾਂ ਚਰਿਤ੍ਰੋਪਾਖਿਆਨ ਦਾ ਫਾਰਸੀ ਖ਼ੁਲਾਸਾ ਹੈ, ਜਿਨ੍ਹਾਂ ਨੂੰ ਕਈ ਵਿਦਵਾਨ ਜ਼ਫ਼ਰਨਾਮੇ ਦੇ ਅੰਦਰਲੇ ਸਿਰਲੇਖ 'ਦਾਸਤਾਨ' (ਅਰਥਾਤ ਕਹਾਣੀ ਯਾ ਉਪਖਿਆਨ) ਨਾਲ ਰਲਾਕੇ ਬਾਰਾਂ ਮੰਨਦੇ ਹਨ। ਪਰ ਵਾਸਤਵ ਵਿਚ ਇਹ ਇਕ ਸੁਤੰਤਰ ਰਚਨਾ ਹੈ, ਜੋ ਸ੍ਰ: ਜੀ. ਬੀ. ਸਿੰਘ ਅਨੁਸਾਰ, ਗੁਰੂ ਸਾਹਿਬ ਦੇ ਬਚਪਨ ਵਿਚ ਕੀਤੀਆਂ ਫਾਰਸੀ ਤਰਜ਼ਮੇ ਦੀਆਂ ਮਸ਼ਕਾਂ ਹਨ। ਇਨ੍ਹਾਂ ਦੀ ਕਥਾ ਵਸਤੂ ਪੁਰਾਣੇ ਸੰਸਕ੍ਰਿਤ, ਫਾਰਸੀ ਤੇ ਅਰਬੀ ਸਾਹਿਤ 'ਚੋਂ ਲਈ ਗਈ ਹੈ। ਇਨ੍ਹਾਂ ਦਾ ਮਨੋਰਥ ਸਮਾਜ, ਖ਼ਾਸਕਰ ਮੁਸਲਮਾਨੀ ਸਮਾਜ ਵਿਚ ਪਰਵਿਰਤ ਧਾਰਮਕ, ਆਚਰਨਕ ਬੁਰਾਈਆਂ ਨੂੰ ਨੰਗਾ ਕਰਕੇ ਜਨਤਾ ਨੂੰ ਇਨ੍ਹਾਂ ਨੂੰ ਮੁਤਨੱਵਿਰ (ਰੋਸ਼ਨ) ਕਰਨਾ ਸੀ; ਜਿਸ ਲਈ ਹਿੰਦੀ ਚਰਿਤ੍ਰੋਪਾਖਿਆਨ ਦੇ ਮੁਕਾਬਲੇ 'ਤੇ ਇਸ ਵਿਚ ਫਾਰਸੀ ਨੂੰ ਮਾਧਿਅਮ ਬਣਾਇਆ ਗਿਆ ਹੈ। ਇਨ੍ਹਾਂ ਕਹਾਣੀਆਂ ਦਾ ਪਰਯੋਜਨ ਇਹ ਦ੍ਰਿੜ੍ਹ ਕਰਾਉਣਾ ਹੈ ਕਿ ਅੰਤ ਬੁਰਾਈ ਦੀ ਹਾਰ ਹੁੰਦੀ ਹੈ ਤੇ ਸਦਾਚਾਰ ਜਿੱਤਦਾ ਹੈ। ਕਨਿੰਘਮ ਅਤੇ ਡਾਕਟਰ ਗੋਕਲ ਚੰਦ ਨਾਰੰਗ ਅਨੁਸਾਰ ਇਸ ਦੇ ਮਸਨਵੀ ਬਹਿਰ (ਜਿਹੜਾ ਬਹਿਰ ਕਿ ਜ਼ਫ਼ਰਨਾਮੇ ਤੇ ਫਤਹਨਾਮੇ ਦਾ ਵੀ ਹੈ) ਦੇ ਬੰਦਾਂ

---

* ਪ੍ਰਚਲਿਤ ਦਸਮ ਗ੍ਰੰਥ ਵਿੱਚ ਇਹ ਸ਼ੇਅਰ ਇਸ ਤਰ੍ਹਾਂ ਹੈ

ਕਿ ਬੇਰੂੰ ਨਯਾਮਦ ਕਸੇ ਜ਼ਾ ਦਿਵਾਰ ॥

ਨ ਖੁਰੰਦਦ ਤੀਰੋਂ ਨ ਗਸ਼ਤੰਦ ਖੁਆਰ ॥28

ਦੀ ਗਿਣਤੀ 866 ਹੈ। ਪ੍ਰੋ: ਪਿਆਰਾ ਸਿੰਘ ਪਦਮ ਨੇ ਜ਼ਫ਼ਰਨਾਮੇ ਤੇ ਹਕਾਇਤਾਂ ਦੀ ਰਲਵੀਂ ਗਿਣਤੀ 861 ਦਿੱਤੀ ਤੇ ਡਾ. ਤ੍ਰਿਲੋਚਨ ਸਿੰਘ ਨੇ 868 (ਜ਼ਫ਼ਰਨਾਮਾ 111 ਤੇ ਹਕਾਇਤਾਂ 757)। ਪਰ ਭਾਈ ਕੇਸਰ ਸਿੰਘ ਛਿੱਬਰ ਬੰਸਾਵਲੀ ਨਾਮੇ ਵਿਚ ਇਹ ਗਿਣਤੀ ਚੌਦਾਂ ਸੌ ਦਿੰਦੇ ਹਨ: ਉਥੋਂ ਸਾਹਿਬ ਕਾਂਗੜ ਕੂਚ ਕਰ ਗਏ। ਉਥੇ ਜਾਇ ਬੈਂਤ ਚੌਦਾਂ ਸੌ ਉਚਰਤ ਭਏ।

ਇਸਤੋਂ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਜ਼ਫ਼ਰਨਾਮੇ ਅਤੇ ਹਕਾਇਤਾਂ ਦੇ ਬੰਦ ਅਸਲ ਰੂਪ ਵਿਚ ਅਜੋਕੇ ਰੂਪ ਨਾਲੋਂ ਕਿਤੇ ਵਧੇਰੇ ਸਨ। ਹਕਾਇਤਾਂ ਦੀ ਗਿਣਤੀ ਵੀ ਗਿਆਰਾਂ ਤੋਂ ਵੱਧ ਹੋਵੇਗੀ।

ਤੀਜੀ ਹਕਾਇਤ ਵਿਚ ਸੁਧੇ ਸਿੱਧ ਗੁਰਮਤਿ ਦਾ ਸਿਧਾਂਤ ਅੱਖਾਂ ਬਾਝੋਂ ਵੇਖਣਾ ਬਿਨ ਕੰਨਾਂ ਸੁਨਣਾ, ਇਕ ਆਦਰਸ਼ਕ ਸ਼ਾਸਕ ਦੀਆਂ ਖੂਬੀਆਂ ਵਿਚ ਸਮੋ ਦਿੱਤਾ ਗਿਆ ਹੈ:

ਨਜ਼ਰ ਰਾ ਬਬਦਕਾਰ ਦੀਗਰ ਬਬਸਤ ॥
ਸ਼ਨਾਸੀ ਤੁ ਤਹਕੀਕ ਓ ਦੌਰ ਹਸਤ ॥੨੯॥

ਬ ਬਦਕਾਰ ਕਸ ਦਰ ਨ ਦਾਦੰਦ ਪਾਇ॥
ਕਿ ਓ ਪਾਇ ਲੰਗ ਅਸਤੁ ਗੋਈ ਬਜਾਇ॥੩੩॥ ਪਾਠਾਂਤ੍ਰ 'ਨ ਬਦਕਾਰ'

ਨ ਗੋਯਦ ਕਸੇ ਬਦ ਸੁਖਨ ਜੀਂ ਜ਼ੁਬਾਨ।
ਕਿ ਓ ਯੇ ਜ਼ੁਬਾਨਸਤ ਜ਼ਾਹਰ ਜਹਾਨ॥੪੧॥

ਕਿ ਬੇ ਦਸਤ ਓ ਹਸਤ ਗੋ ਪੁਰ ਹੁਨਰ॥
ਬ ਆਲੂਦਗੀ ਦਰ ਨ ਬਸਤਨ ਕਮਰ॥੪੦॥

ਸ਼ੁਨੀਦਨ ਨ ਬਦ ਸੁਖ਼ਨ ਕਸਰਾ ਬਗੋਸ਼॥
ਕਿ ਬਸਤ ਬੇ ਗੋਸ਼ ਗੋਈ ਬਹੋਸ਼॥੪੨॥

ਕਸੇ ਕਾਰ ਬਦਰਾਂ ਨ ਗੀਰੰਦ ਬੋਇ॥
ਕਿ ਓ ਹਸਤ ਬੇ ਬੀਨਿਓ ਨੇਕ ਖੋਇ॥੪੪॥

ਕਿ ਦਰਕਾਰ ਇਨਸਾਫ ਓ ਹਿਮਤ ਅਸਤ।
ਕਿ ਦਰ ਪੇਸ਼ ਗੁਰਬਾਇਓ ਆਜਜ਼ ਅਸਤ॥੪੭॥

ਨ ਹੌਲ ਕੁਨਦ ਵਕਤ ਦਰ ਕਾਰ॥
ਨ ਹੈਬਤ ਕੁਨਦ ਦੁਸ਼ਮਨਾ ਬੇ ਸ਼ੁਮਾਰ॥੪੮॥

ਹਰਾਕਸ ਕਿ ਜੀ ਹਸਤ ਗਾਜ਼ੀ ਬਵਦ।
ਬਕਾਰੇ ਜਹਾਂ ਰਜ਼ਮ ਸਾਜ਼ੀ ਕੁਨਦ॥੪੯॥

ਕਸੇਰਾ ਕਿ ਈਂ ਕਾਰ ਆਯਦ ਪਸੰਦ॥
ਵਜ਼ਾਂ ਸ਼ਾਹਿ ਬਾਸ਼ਦ ਜਹਾਂ ਆਮਦੰਦ॥੫੦॥

ਹਰਾਂਕਸ ਕਿ ਰਾ ਅਕਲ ਯਾਰ ਦਿਹਦ॥
ਬਕਾਰੇ ਜਹਾਂ ਕਾਮਗਾਰੀ ਦਿਹਦ॥੫੫॥

ਭਾਵ ਜਿਸ ਕਿਸੇ ਦੀ ਅਕਲ ਸਹੈਤਾ ਕਰਦੀ ਹੈ ਉਹ ਜਨਤਾ ਦੇ ਕੰਮ ਲਈ ਘਾਲ ਘਾਲਦਾ ਹੈ। ਜੰਗ ਦੇ ਵੇਲੇ ਉਹ ਹੀਲ ਹੁੱਜਤ ਨਹੀਂ ਕਰਦਾ। ਨਾ ਦੁਸ਼ਮਣ ਦੇ ਸਮੂਹ ਤੋਂ ਭੈ ਖਾਂਦਾ ਹੈ। ਅਜਿਹੇ ਮਰਦ ਨੂੰ ਧਰਮੀ ਯੋਧਾ ਆਖੀਦਾ ਹੈ। ਉਹ ਜਨਤਾ ਲਈ ਸੰਗਰਾਮ ਕਰਦਾ ਹੈ। ਉਹ ਨਿਆਂ ਦੇ ਖੇਤਰ ਵਿਚ ਵੀ ਪੂਰਾ ਉਤਰਦਾ ਹੈ, ਗਰੀਬਾਂ ਦਾ ਦਾਸ ਬਣਦਾ ਹੈ। ਬੁਰੇ ਕੰਮ ਦੀ ਉਹ ਬੋ ਤੱਕ ਨਹੀਂ ਲੈਂਦਾ। ਓਹ ਨੇਕ ਖ਼ੋ ਬੰਦਾ ਨੱਕ ਰਹਿਤ ਹੈ। ਜੋ ਕੰਨਾਂ ਨਾਲ ਕਿਸੇ ਦੀ ਨਿੰਦਾ ਨਹੀਂ ਸੁਣਦਾ ਉਸ ਨੂੰ ਕੰਨ ਰਹਿਤ ਸਮਝ, ਜੋ ਕਿਸੇ ਨੂੰ ਮੰਦਾ ਨਹੀਂ ਬੋਲਦਾ ਉਹ ਹੁਨਰਮੰਦ ਹੱਥ ਹੀਨ ਹੈ। ਜਿਹਨੇ ਦੂਜੇ ਦੀ ਬੁਰਿਆਈ ਵੇਖ ਕੇ ਅਣਡਿੱਠ ਕੀਤੀ ਹੈ ਉਹ ਸੱਚਾ ਅੰਨ੍ਹਾਂ ਹੈ, ਜੋ ਮੰਦੇ ਕੰਮਾਂ ਵਲ ਪੈਰ ਨਹੀਂ ਪਾਉਂਦਾ ਉਹ ਨੂੰ ਠੀਕ ਲੰਗਾ ਆਖੋ।'

ਅਜਕਲ ਦੇ ਜਨਤਾ ਯੁਗ ਵਿਚ ਬਕਾਰੇ ਜਹਾਂ (ਜਨਤਾ ਦੇ ਕਾਰਜ ਅਰਥ) ਅਤੇ ਜਹਾਂ ਅਰਜਮੰਦ (ਜ਼ਮਾਨੇ ਦਾ ਆਗਿਆਕਾਰੀ ਜਨਤਾ ਦਾ ਪਿਆਰਾ ਸੇਵਕ) ਵਰਗੇ ਉਸ ਸਾਮਰਾਜਵਾਦ ਦੇ ਸਮੇਂ ਵਰਤੇ ਗਏ ਸ਼ਬਦ ਕਿੰਨੇ ਪਿਆਰੇ ਤੇ ਦਲੇਰ ਹਨ। ਇਸ ਸ਼ਾਹ ਪਾਰੇ ਦੀ ਸਾਹਿਤਕ ਉੱਚਤਾ ਵੀ ਉਚੇਚਾ ਧਿਆਨ ਮੰਗਦੀ ਹੈ। ਪੰਜਵੀਂ ਹਕਾਇਤ 'ਚੋਂ ਇਸਤਰੀ ਰੂਪ ਦੀ ਉਪਮਾ ਤੱਕਣ ਯੋਗ ਹੈ:

ਯਕੇ ਖਾਨਹ ਓ ਬਾਨੂਏ ਨਓ ਜਵਾਂ॥
ਕਿ ਕੁਰਬਾਂ ਸ਼ਵਦ ਹਰ ਕੇਸ ਨਾਜ਼ਦਾਂ॥੪॥

ਕਿ ਸੋਸਨ ਸਰੇ ਰਾ ਫ਼ਰੋ ਮੇਜ਼ਦਹ॥
ਗੁਲੇ ਲਾਲਹ ਰਾ ਦਾਗ ਬਰ ਦਿਲ ਸੁਦਹ॥੫॥

ਕਜ਼ਾਂ ਸੂਰਤੇ ਮਾਹਿ ਰਾ ਬੀਮ ਬੁਦ॥
ਰਸ਼ਕ ਸੋਖਦਹ ਅਜ਼ ਮਿਯਾਂ ਨੀਮ ਸ਼ੁਦ॥੬॥

ਬਕਾਰ ਅਜ਼ ਸੂਏ ਖਾਨਹ ਬੇਰੂੰ ਰਵਦ
ਬਦੋਸ਼ੇ ਜ਼ੁਲਫ਼ ਸ਼ੋਰ ਸੁੰਬਲ ਸ਼ਵਦ॥੭॥

ਗਰ ਆਬੇ ਬ ਦਰੀਯਾ ਬਸ਼ੋਯਦ ਰੁਖ਼ਸ਼॥
ਹਮਹ ਮਾਰ ਮਾਹੀ ਸ਼ਵਦ ਗੁਲ ਰੁਖ਼ਸ਼॥੮॥
ਬ.ਖਸ਼ ਓ ਫ਼ਿਤਾਦਹ ਹੁਮਾ ਸਾਯਹ ਆਬ
ਜ਼ਿ ਮਸਤੀ ਬੁਦਹ ਨਾਮ ਨਰਗਸ਼ ਸ਼ਰਾਬ॥੯॥

ਅਰਥਾਤ ਉਹਦੇ ਘਰ ਵਿਚ ਇਕ ਮੁਟਿਆਰ ਇਸਤਰੀ ਸੀ। ਹਰ ਕੋਈ ਨਾਜ਼ ਉਠਾਉਣ ਵਾਲਾ ਉਹਤੋਂ ਕੁਰਬਾਨ ਹੁੰਦਾ ਸੀ, ਸੌਸਨ, ਉਹਦੇ ਹੁਸਨ ਤੋਂ ਸ਼ਰਮਸਾਰ ਹੋ ਕੇ ਸਿਰ

ਨਿਵਣ ਬੈਠੀ ਸੀ, ਪੋਸਤ ਦੇ ਫੁੱਲ ਦੇ ਸੀਨੇ ਦਾਗ ਪੈ ਗਏ ਸਨ। ਉਹ ਨੂੰ ਈਰਖਾ ਨਾਲ ਤੱਕ ਕੇ ਚੰਨ ਅੱਧ ਵਿਚਾਲਿਓਂ ਟੁੱਟ ਗਿਆ ਸੀ। ਜੇ ਉਹ ਕਿਸੇ ਕੰਮ ਲਈ ਘਰੋਂ ਬਾਹਰ ਜਾਂਦੀ ਸੀ ਮੋਢਿਆਂ ਉਤੇ ਮੀਢੀਆਂ ਤੱਕ ਇਸ਼ਕ ਪੇਚੇ ਦੀ ਬੇਲ ਕੁਰਲਾ ਉਠਦੀ ਸੀ। ਜੇ ਉਹ ਦਰਿਆ ਵਿਚ ਮੂੰਹ ਧੋਂਦੀ ਸੀ ਤਾਂ ਮੱਛੀ ਦੇ ਕੰਡੇ ਵੀ ਫੁੱਲ ਬਣ ਜਾਂਦੇ ਸਨ। ਜੇ ਪਾਣੀ ਦੇ ਘੜੇ ਵਿਚ ਉਹਦਾ ਪਰਛਾਵਾਂ ਪੈਂਦਾ ਸੀ ਤਾਂ ਪਾਣੀ ਨਰਗਸੀ ਸ਼ਰਾਬ ਬਣ ਜਾਂਦਾ ਸੀ।

ਰਾਤ ਦੀ ਕਲਪਨਾ ਕਲਮ ਦੇ ਕਲਾ ਮਈ ਢੰਗ ਨਾਲ ਕੀਤੀ ਗਈ ਹੈ:

**1. ਚਰਾਗ਼ੇ ਜਹਾਂ ਚੂੰ ਬਾਦਾ ਖ਼ੁਰਦ। ਸਰਬ ਤਾਜ ਦੀਗਰ ਬਰਾਦਰ ਸਪੁਰਦ।*

2. ਚੂੰ ਹਬਸ਼ੀ ਬੁਰਦ ਦੁਜ਼ਦ ਦੀਨਾਰ ਜ਼ਰਦ। ਜਹਾਂ ਗਸ਼ਤ ਚੂੰ ਗੁੰਬਜੇ ਦੂਦ ਗਰਦ।

3. ਚਰਾਗ਼ੇ ਜਹਾਂ ਚੂੰ ਸ਼ੁਦਹ ਬੁਰਕਾ ਪੋਸ਼। ਸ਼ਹੇ ਸ਼ਬ ਬਰਾਮਦ ਹਮਹ ਜਲਵਹ ਜੋਸ਼।

ਅਰਥਾਤ: (1) ਦੁਨੀਆਂ ਦੇ ਰਾਜੇ (ਸੂਰਜ) ਨੇ ਜਦ ਸ਼ਰਾਬ ਪੀ ਲਈ ਤਾਂ ਆਪਣਾ ਤਾਜ ਸਿਰੋਂ ਲਾਹਕੇ ਆਪਣੇ ਦੂਜੇ ਭਰਾ ਨੂੰ ਦੇ ਦਿੱਤਾ। (2) ਜਦ ਹਬਸ਼ੀ (ਨ੍ਹੇਰੇ) ਨੇ ਪੀਲਾ ਦੀਨਾਰ (ਸੂਰਜ) ਚੁਰਾ ਲਿਆ ਤਦ ਜਗਤ ਧੂੰਏਂ ਦਾ ਗੁੰਬਦ ਬਣ ਕੇ ਰਹਿ ਗਿਆ। (3) ਜਦ ਜਗ ਦੇ ਦੀਵੇ (ਸੂਰਜ) ਨੇ ਬੁਰਕਾ ਪਾ ਲਿਆ ਤਦ ਰਾਤ ਦਾ ਬਾਦਸ਼ਾਹ (ਚੰਨ) ਪੂਰੇ ਜੋਸ਼ ਨਾਲ ਜਲਵਾ ਦੱਸਣ ਆ ਆਇਆ।

ਮਹਾਂਕਵੀ ਪਸ਼ੂ ਪੰਛੀਆਂ, ਜੰਗਲ ਬੇਲਿਆਂ, ਪਰਬਤਾਂ, ਨਦੀਆਂ ਦਾ ਸ਼ੈਦਾਈ, ਬਾਸੇ ਪੰਛੀ ਦੀ ਚੁੰਝ ਕਿਸੇ ਸੁੰਦਰ ਮੁਖੜੇ ਦੀ ਉਪਮਾ ਲਈ ਵਰਤਦਾ ਹੈ:

ਬ ਸੈਰੇ ਦਿਗਰ ਰੋਜ਼ ਆਮਦ ਸ਼ਿਕਾਰ।
ਚੂੰ ਮਿਨਕਾਲ ਅਜ਼ ਬਾਸ਼ਹੇ ਨੌ ਬਹਾਰ॥

ਯੁੱਧ ਖੇਤਰ ਦੇ ਨਜ਼ਾਰੇ ਵਰਨਣ ਕਰਨਾ ਜੋਧੇ ਕਵੀ ਦਾ ਮਨ ਭਾਉਂਦਾ ਵਿਸ਼ਾ ਹੈ:

1. *ਸੁਮੇ ਬਾਦ ਪਾਯਾਨ ਫੌਲਾਦੇ ਨਾਅਲ।*
   ਜ਼ਿਮੀਂ ਗਸ਼ਤ ਪੁਸਤੇ ਪਿਲੰਗੀ ਮਿਸਾਲ।
2. *ਬ ਗੁਰਰੀਦਨ ਆਮਦ ਦੁ ਅਬਰੇ ਸਿਆਹ।*
   ਨਮੇ ਖ਼ੂਨ ਮਾਹੀ, ਲਕੋ ਤੇਗ਼ ਮਾਹ॥੧੧੧॥੪॥
3. *ਬਰੰਗੇ ਮਗ਼ਸ ਸਿਆਹ ਪੇਸ਼ ਆਮਦੰਦ।*
   ਬਯਕ ਬਾਰਗੀ ਚਰ ਖਰੋਸ਼ ਆਮਦੰਦ॥੨੬॥

ਅਰਥਾਤ (1) ਪੌਣ ਵਾਂਗ ਦੌੜਦੇ ਘੋੜਿਆਂ ਦੀਆਂ ਫੌਲਾਦੀ ਖੁਰੀਆਂ ਨਾਲ ਜ਼ਮੀਨ ਉਤੇ ਚੀਤੇ ਦੀ ਡੱਬ ਖੜੱਬੀ ਪਿੱਠ ਵਾਂਗ ਨਸ਼ਾਨੇ ਪੈ ਗਏ। (2) ਦੋਨੋਂ ਫੌਜਾਂ ਕਾਲੇ ਬੱਦਲਾਂ ਵਾਂਗ ਗੱਜਦੀਆਂ ਆਈਆਂ ਤੇ ਧਰਤੀ ਉਤੇ ਡੁੱਲ੍ਹੇ ਖ਼ੂਨ ਦੀ ਨਮੀ (ਧਰਤੀ ਦੇ ਸਹਾਰੇ)

---

* ਇਸਦਾ ਪਾਠਾਂਤਰ

ਚਰਾਗੇ-ਜਹਾਨੇ ਖ਼ੁਮੇ ਬਾਦਹ ਖ਼ੁਰਦ॥
ਸਰੇ ਤਾਜ ਦੀਗਰੇ ਬਿਰਾਦਰ ਸਪੁਰਦ॥੧੧੪॥ ਹਿਕਾਯਤ ਚੌਥੀ

ਜ਼ਫ਼ਰਨਾਮਾ ਸਟੀਕ: ਸੰਤ ਕਿਰਪਾਲ ਸਿੰਘ

ਮੱਛੀ ਤੱਕ ਜਾ ਪੁੱਜੀ ਤੇ ਬੇਗ਼ ਦੀ ਚਮਕ ਚੰਨ ਕੋਲ ਜਾ ਅਪੜੀ, ਕਾਲੀਆਂ ਵਰਦੀਆਂ ਵਾਲੇ, ਸੈਨਕ ਸ਼ਹਿਦ ਦੀਆਂ ਮੱਖੀਆਂ ਵਾਂਗ ਯਕ ਬਾਰਗੀ ਜੋਸ਼ ਵਿਚ ਆ ਗਏ।

ਪਰ ਹੁਸਨ-ਇਸ਼ਕ, ਗੁਲੋ ਬੁਲਬੁਲ, ਸ਼ਮਾ-ਪ੍ਰਵਾਨਾ ਤੇ ਜੰਗੋ, ਜਦਲ ਦਾ ਚਿਤ੍ਰਕਾਰ ਆਪਣੇ ਸਰਬ ਲੋਹ ਦੀ ਛੁਹ ਤੋਂ ਕਦੇ ਦੂਰ ਨਹੀਂ ਜਾਂਦਾ। ਹਰ ਹਕਾਇਤ ਦੇ ਮੁੱਢ ਵਿਚ ਓਹ 'ਰਜ਼ਾ ਬਖ਼ਸ਼, ਰਾਜ਼ਕ, ਰਹੀਮ, ਕਾਮਲ, ਕਰੀਮ ਦੀ ਸਿਫ਼ਤ ਸਲਾਹ ਕਰਦਾ ਹੈ। ਅੰਤ ਵਿਚ ਸਾਕੀਨਾਮੇ ਵਜੋਂ ਆਪਣੇ ਖ਼ਾਸ ਅੰਦਾਜ਼ ਵਿਚ ਨਾਮ ਖ਼ੁਮਾਰੀ ਦਾ ਅਸ਼ਿਕ 'ਗੁਲਗੂੰ' 'ਸਬਜ਼ਫਾਮ' ਤੇ ਅਫ਼ਰੰਗ ਰੰਗ ਜਾਮ ਦੀ ਸ਼ਕਲ ਵਿਚ ਪਿਰਮ ਪਿਆਲੇ ਦੀ ਯਾਚਨਾ ਕਰਦਾ ਹੈ ਤਾਂ ਕਿ ਜੰਗ ਵਿਚ ਤੇਗ ਵਾਹ ਸਕੇ ਅਤੇ ਭਾਸ਼ਾ ਦਿਲ ਹੋ ਕੇ ਕਲਮ ਨਾਲ ਮਿੱਟੀ 'ਚੋਂ ਮੋਤੀ ਉਪਜਾ ਸਕੇ:

ਬਦਿਹ ਸਾਕੀਆ ਸਾ:ਗਰੇ ਸਬਜ਼ੇ ਰੰਗ।*
ਕਿ ਮਾਰਾ ਬਕਾਰ ਅਸਤ ਦਰ ਵਕਤ ਜੰਗ।

ਤੂੰ ਮਾਰਾ ਬਦਿਹ ਤਾ ਕੁਨਮ ਤਾਜ਼ਾ ਦਿਲ।
ਕਿ ਗੌਹਰ ਬਰਾਰਮ ਜ਼ਿ ਆਲੂਦਹ ਗਿਲ।

ਵਜਾ ਬਹਰ ਮਾਰਾ ਬ ਤਪਸੀਦ ਦਿਲ॥
ਕਿ ਮਾਹੀ ਬਿਅਫਤਾਦ ਅਜ਼ ਆਬ ਗਿਲ॥

ਮੇਰਾ ਦਿਲ ਉਸ ਵਾਸਤੇ ਇਸ ਤਰ੍ਹਾਂ ਤੜਪ ਰਿਹਾ ਹੈ ਜਿਵੇਂ ਮੱਛੀ ਨੂੰ ਜਲ ਵਿਚੋਂ ਬਾਹਰ ਚਿੱਕੜ ਵਿੱਚ ਸੁੱਟ ਦੇਈਏ ਤਾਂ ਉਹ ਤੜਫਦੀ ਹੈ।

ਉਹਨਾਂ ਦਾ ਸਮਕਾਲੀ ਤੇ ਪ੍ਰਾਚੀਨ ਫਾਰਸੀ ਸਾਹਿਤ ਦਾ ਵਿਸ਼ਾਲ ਅਧਿਐਨ ਉਹਦੀਆਂ ਸਾਅਦੀ ਅਤੇ ਫਿਰਦੋਸੀ ਦੇ ਮਿਸਰਿਆਂ ਤੇ ਤਜ਼ਮੀਨ ਕਰਨ ਤੋਂ ਪ੍ਰਗਟ ਹੁੰਦਾ ਹੈ।

ਚਿਹ ਖ਼ੁਸ਼ ਗਫਤ ਫਿਰਦੌਸੀਏ ਖ਼ੁਸ਼ ਜ਼ੁਬਾਂ।
ਸ਼ਤਾਬੀ ਬਵੱਦ ਕਾਰੇ ਆਹਰਮਨਾਂ।

ਇਹ ਵਿਸ਼ਵ ਕਵੀ ਦੇਸ਼ ਕਾਲ ਦੀਆਂ ਹੱਦਾਂ, ਮਜ਼ਹਬਾਂ ਦੇ ਵਿਤਕਰਿਆਂ, ਜ਼ੁਬਾਨਾਂ ਦੇ ਵਖੇਵਿਆਂ ਤੋਂ ਬੇਨਿਆਜ਼, ਉਹਨਾਂ ਨੂੰ ਘਿਉ ਖਿਚੜੀ ਕਰਦਾ ਹੈ, ਜਿਥੇ ਜਾਪ ਸਾਹਿਬ ਵਿਚ ਸਾਹਿਬਾਂ ਨੇ ਹਿੰਦੀ ਦੇ ਦਰਿਆ ਨੂੰ ਅਰਬੀ ਫਾਰਸੀ ਦੇ ਕਤਰਿਆਂ ਨਾਲ ਮੁਅੱਤਰ ਕੀਤਾ ਹੈ, ਜਿਥੇ ਉਹਨਾਂ ਨੇ ਫਾਰਸੀ ਰਚਨਾ ਦੇ ਮਾਪੇ ਆਬੇ ਜ਼ਖਜ਼ਮ ਨੂੰ ਸੰਸਕ੍ਰਿਤ ਦੇ ਗੰਗਾ ਜਲ ਨਾਲ ਇਕਮਿਕ ਕਰ ਦਿੱਤਾ ਹੈ:

ਅਛੇਦੋ ਅਭੇਦੋ ਅਕਰਮੋ ਅਕਾਮ,
ਅਖੇਦੋ ਅਭੇਦੋ ਅਭਰਮੋ ਅਭਾਮ॥੧੪

---

* *ਬਿਦਿਹ ਸਾਕੀ ਨ ਸਾਗਰੇ ਸਬਜ਼ ਗੂੰ*
ਕਿ ਮਾਰਾ ਬਕਾਰਸਤ ਜੰਗ ਅੰਦਰੂ॥੨੦॥੧੨॥ —ਜ਼ਫਰਨਾਮਾ ਸਟੀਕ

ਅਰੇਖੋ ਅਭੇਖੋ ਅਲੇਖੋ ਅਭੰਗ,
ਖ਼ੁਦਾਵੰਦ ਬਖਸਿੰਦਹੇ ਏ ਰੰਗ ਰੰਗ।੧੧੫॥

ਅਜਕੱਲ ਦੇ ਯੁਗ ਵਿਚ ਜਦ ਕਿ ਭਾਰਤ ਨੂੰ ਅਸੰਪ੍ਰਦਾਇਕ ਛਾਵਾਂ ਭਰੇ ਵਾਤਾਵਰਨ ਦੀ ਲੋੜ ਹੈ ਅਤੇ ਆਪਣੀਆਂ ਕੁਆਰੀਆਂ ਸਰਹੱਦਾਂ ਦੀ ਇਸਮਤ ਦੀ ਰਾਖੀ ਲਈ ਆਪਣਾ ਬਾਰੂਦ ਸੁੱਕਾ ਰੱਖਣਾ ਹੈ, ਗੁਰੂ ਗੋਬਿੰਦ ਸਿੰਘ ਦੀ ਵੀਰ ਰਸੀ ਬਾਣੀ 'ਚੋਂ ਪ੍ਰੇਰਨਾ ਅਤੇ ਅਗਵਾਈ ਮਿਲ ਸਕਦੀ ਹੈ। ਆਪਨੇ ਹਿੰਦੂ ਤੇ ਮੁਸਲਮਾਨ ਧਾਰਮਕ ਮਨੌਤਾਂ ਤੇ ਰਵਾਇਤਾਂ ਨੂੰ ਆਪਣੀ ਬਾਣੀ ਵਿਚ ਕਮਾਲਬਵਫਾਦਾਰੀ ਨਾਲ ਪ੍ਰਤੀਨਿਧਤਾ ਦਿੱਤੀ ਹੈ। ਧਰਤੀ ਦਾ ਸਹਾਰਾ, ਹਿੰਦੂ ਮਿਥਿਹਾਸ ਅਨੁਸਾਰ ਧੌਲ ਹੈ ਜਿਸ ਦਾ ਜ਼ਿਕਰ ਚੰਡੀ ਦੀ ਵਾਰ ਵਿਚ ਆਇਆ ਹੈ, ਮੁਸਲਮਾਨੀ ਮੱਤ ਅਨੁਸਾਰ ਇਹ ਮੱਛੀ ਹੈ ਜਿਸ ਨੂੰ ਹਕਾਇਤਾਂ ਵਿਚ ਥਾਂ ਮਿਲੀ ਹੈ। ਜੇਕਰ ਚੰਡੀ ਚਰਿੱਤਰ ਵਿਚ ਅਣਖ ਆਨ ਦਾ ਇਹ ਸਿਧਾਂਤ 'ਜੁਧ ਕੀਏ ਬਿਨ ਫੇਰ ਫਿਰੈ ਨ ਭੂਮ ਸਭੈ ਅਪਨੀ ਅਵਧਾਰੀ' ਪ੍ਰਤਿਪਾਦਨ ਕੀਤਾ ਹੈ ਤਾਂ ਫਾਰਸੀ ਕਲਾਮ ਵਿਚ ਸਾਰਵ ਭੌਮਿਕ ਵਿਸ਼ਵਾਸ ਨੂੰ ਨਿਰੂਪਨ ਕੀਤਾ ਹੈ ਕਿ ਆਜ਼ਾਦੀ ਦੀ ਰਾਖੀ ਲਈ ਜਦ ਸਾਰੇ ਸਾਧਨ ਅਸਫ਼ਲ ਹੋ ਜਾਣ ਤਾਂ ਸ਼ਸਤਰਾਂ ਦੀ ਵਰਤੋਂ ਕਰਨਾ ਜਾਇਜ਼ ਹੈ।

'ਪਰਖ (ਪੰਜਾਬ ਯੂਨੀਵਰਸਿਟੀ) ਗੁਰੂ ਗੋਬਿੰਦ ਸਿੰਘ ਸਿਮਰਿਤੀ ਅੰਕ

ਆਤਮ ਕਥਾ ਪਾਤਸ਼ਾਹੀ 10

ਆਤਮ ਕਥਾ ਲਿਖਣਾ ਪ੍ਰਾਚੀਨ ਭਾਰਤੀ ਇਤਿਹਾਸ ਸਿਰਜਨ ਪ੍ਰਣਾਲੀ ਦਾ ਲੱਛਣ ਨਹੀਂ; ਇਤਿਹਾਸ ਦਾ ਇਹ ਰੂਪ ਮੁਸਲਮਾਨਾਂ ਤੋਂ ਹੋਂਦ ਵਿਚ ਆਇਆ। ਭਾਰਤ ਵਿਚ ਮੁਗਲਾਂ ਨੇ ਤੋਜ਼ਕੇ ਬਾਬਰੀ ਤੇ ਤੋਜ਼ਕੇ ਜਹਾਂਗੀਰ ਲਿਖ ਕੇ ਭਾਰਤੀਆਂ ਨੂੰ ਪ੍ਰਭਾਵਿਤ ਕੀਤਾ। ਗੁਰੂ ਗੋਬਿੰਦ ਸਿੰਘ ਸਾਹਿਬ ਗ਼ਾਲਿਬਨ ਪਹਿਲੇ ਭਾਰਤੀ ਹਨ ਜਿਨ੍ਹਾਂ ਮੁਗ਼ਲ ਹਕੂਮਤ ਦੇ ਦਿਨਾਂ ਵਿਚ ਆਪਣੀ ਤੋਜ਼ਕ (ਆਤਮ ਕਥਾ) ਲਿਖੀ, ਭਾਵੇਂ ਉਨ੍ਹਾਂ ਨੇ ਮੁਗਲ ਸ਼ਹਿਨਸ਼ਾਹਾਂ ਵਾਂਗ ਆਪਣੇ ਆਪ ਨੂੰ 'ਦੀਨ ਸ਼ਾਹ' ਅਧਿਆਤਮਕ ਸਮਰਾਟ ਪ੍ਰਗਟ ਕੀਤਾ ਅਤੇ ਅੱਠਵੇਂ ਅਧਿਆਏ ਵਿਚ ਆਪਣਾ 'ਰਾਜ ਸਾਜ' ਕਥਨ ਕੀਤਾ ਹੈ ਅਤੇ ਜ਼ਫ਼ਰਨਾਮੇ ਵਿਚ ਔਰੰਗਜ਼ੇਬ ਦੀ ਕਜ-ਕੁਲਾਹੀ ਦੇ ਮੁਕਾਬਲੇ ਉਤੇ ਆਪਣੀ 'ਦੌਲਤੇ ਦੀ ਪਨਾਹੀ' ਦਾ ਜ਼ਿਕਰ ਕੀਤਾ ਹੈ। ਪਰ ਇਸ ਆਤਮ ਕਥਾ ਵਿਚ ਗੁਰੂ ਸਾਹਿਬ ਨੇ ਸਿਆਸਤ ਨੂੰ ਗੌਣ ਦਰਜਾ ਦੇ ਕੇ ਘਟਨਾਵਾਂ ਨੂੰ ਸੁੱਚੇ ਸੁੱਚੇ ਆਚਾਰ; ਅਕਾਲ ਪੁਰਖ ਦੇ ਭਉ ਤੇ ਰਜ਼ਾ, ਸਿੱਖੀ ਦੀ ਲੋਕ ਲਹਿਰ ਰਾਹੀਂ ਜਾਗਰਤ ਹੋ ਰਹੀ ਜਨਤਾ ਦੇ ਬਲ ਪ੍ਰਾਕਰਮ ਅਤੇ ਜਨ ਦੋਖੀ 'ਪੁਰ ਫ਼ਿਤਨ' ਰਜਵਾੜਾਸ਼ਾਹੀ ਦੇ ਪਿਛਾਂਹ ਖਿੱਚੂਪਨ ਦੀ ਪ੍ਰਿਸ਼ਠ ਭੂਮੀ ਵਿਚ ਪੇਸ਼ ਕੀਤਾ ਹੈ। ਕਾਲ ਦੀ ਓਟ, ਆਚਾਰ ਦੀ ਸੁੱਚਮਤਾ ਅਤੇ ਜਨਤਾ ਜਨਾਰਧਨ ਦੀ ਜੈ ਵਿਚ ਵਿਸ਼ਵਾਸ ਆਤਮ ਕਥਾ ਦਾ ਧੁਰਾ ਹੈ।

ਇਹ ਕਥਾ ਬਚਿੱਤ੍ਰ ਨਾਟਕ-ਆਪਣੀ ਕਥਾ ਅਤੇ ਜ਼ਫ਼ਰਨਾਮੇ ਫਤਹਨਾਮੇ ਦੇ ਰੂਪ ਵਿਚ ਲਿਖੀ ਗਈ ਹੈ। ਬਚਿੱਤਰ ਨਾਟਕ ਵਿਚਲੀ ਆਤਮ ਕਥਾ ਦੀ ਸ਼ੈਲੀ ਭਾਵੇਂ ਪ੍ਰਾਚੀਨ ਭਾਰਤੀ ਇਤਿਹਾਸ ਨਿਰਮਾਣ ਵਾਲੀ ਹੈ, ਜੋ ਆਮ ਤੌਰ ਤੇ ਸੰਨ ਸੰਮਤ ਅਤੇ ਤਾਰੀਖਾਂ ਦੇ ਅਭਾਵ ਵਾਲੀ ਹੈ, ਪਰ ਇਹ ਗੌਰਵ ਵਾਲੀ ਗੱਲ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਹੀ ਹੁਕਮਨਾਮਿਆਂ ਉਤੇ ਮਿਤੀ ਅਤੇ ਪੱਤਰ ਸੰਖਿਆ ਪਾਉਣ ਅਤੇ ਪੱਤਰ ਦੀਆਂ ਪਾਲਾਂ ਦੀ ਗਿਣਤੀ ਅੰਕਤ ਕਰਨ ਦੀ ਪ੍ਰਪਾਟੀ ਪਾਈ। ਸੰਮਤ 1748 ਬਿ: (1691 ਈ:) ਤੋਂ ਉਨ੍ਹਾਂ ਦੇ ਸਾਰੇ ਹੁਕਮਨਾਮਿਆਂ ਉਤੇ ਪਰਵਿਸ਼ਟੇ ਮਹੀਨੇ ਤੇ ਸੰਮਤ ਦਰਜ ਹਨ। ਦੇਖੋ ਜੇਠ ਸੁਦੀ 4, (22.5.1691) ਦਾ ਢਾਕੇ ਦੀ ਸੰਗਤ ਜੋਗ ਹੁਕਮਨਾਮਾ। ਪਰ ਇਹ ਪੁਰਾਣਾਂ ਦੀ ਸ਼ੈਲੀ ਤੋਂ ਵੱਖਰੀ ਹੈ। ਪੁਰਾਣਕ ਕਥਾਵਾਂ ਨੇ ਆਪਣੇ ਨਾਇਕ ਦੇ ਜਨਮ-ਮਰਨ ਦੀਆਂ ਘਟਨਾਵਾਂ ਆਮ ਮਨੁੱਖਾਂ ਦੇ ਜਨਮ ਮਰਣ ਦੇ ਵਿਪ੍ਰੀਤ ਅੰਕਤ ਕਰਕੇ ਉਨ੍ਹਾਂ ਨੂੰ ਅਸਾਧਾਰਨ ਮਨੁੱਖਾਂ, ਅਵਤਾਰਾਂ ਦੇ ਰੂਪ ਵਿਚ ਪ੍ਰਗਟ ਕੀਤਾ ਹੈ। ਪਰ ਗੁਰੂ ਸਾਹਿਬ ਨੇ ਆਪਣੇ ਆਪ ਨੂੰ 'ਪਰਮ ਪੁਰਖ ਕਾ ਦਾਸਾ' ਦੱਸ ਕੇ, ਆਮ ਮਨੁੱਖੀ ਪੱਧਰ 'ਤੇ ਰੱਖ ਕੇ, ਆਪਣੇ ਆਪ ਨੂੰ ਪ੍ਰਯਾਗ ਵਿਚ ਗਰਭ ਵਿਚ ਆਉਣ ਅਤੇ ਪਟਨੇ ਵਿਚ ਜਨਮ ਧਾਰਨ ਕਰਨ ਦਾ ਜ਼ਿਕਰ ਕਰਕੇ, ਸ੍ਵੈ-ਜੀਵਨੀ ਲਿਖਣ ਦੀ ਇਕ ਨਵੀਂ ਸ਼ੈਲੀ ਤੋਰੀ ਹੈ, ਜਿਹਨੂੰ ਹਾਲੇ ਅਪਨਾਉਣਾ ਬਾਕੀ ਹੈ। ਭਾਵੇਂ ਇਸ ਕਥਾ ਵਿਚਲੀ ਨਾਟਕੀਅਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਪਰ ਨਾਟਕੀਅਤਾ

ਨਿਰੋਲ ਕਲਪਤ ਨਹੀਂ, ਇਸ ਦਾ ਆਧਾਰ ਕੁਝ ਉਹ ਸਚਾਈਆਂ ਵੀ ਹਨ ਜੋ ਪਹਿਲਾਂ ਮੰਨੀਆਂ ਜਾ ਚੁੱਕੀਆਂ ਹਨ। ਗੁਰੂ ਨਾਨਕ ਸਾਹਿਬ ਦੇ ਸਿੰਘਾਸਨ ਦੇ ਤੀਜੇ ਅਧਿਕਾਰੀ ਗੁਰੂ ਅਮਰਦਾਸ ਜੀ ਵਲੋਂ ਰਾਮਦਾਸ ਸੋਢੀ ਨੂੰ ਤਿਲਕ ਦੇਣ ਦੀ ਜੜ ਉਸ ਘਟਨਾ ਵਿਚ ਦਰਸਾਂਦੀ ਹੈ ਜਦ ਸੋਢੀ ਰਾਏ ਦੇ ਵੇਦ ਪਾਠੀ ਵੰਸ਼ਜਾਂ ਨੇ ਤਿੰਨਾਂ ਵੇਦਾਂ ਦਾ ਪਾਠ ਸੁਣਾ ਕੇ ਕੁਸ਼ੀਵੰਸ਼ੀਆਂ ਤੋਂ ਰਾਜ ਪ੍ਰਾਪਤ ਕਰਕੇ ਵਰਦਾਨ ਦਿੱਤਾ ਸੀ ਕਿ ਉਹ (ਬੇਦੀ) ਜਦ ਕਲਜੁਗ ਵਿਚ ਗੁਰੂ ਨਾਨਕ ਦੇ ਰੂਪ ਵਿਚ ਅਬਚਲ ਰਾਜ ਨੂੰ ਪ੍ਰਾਪਤ ਹੋਣਗੇ ਤਦ ਉਹ ਤਿੰਨ ਪਾਤਸ਼ਾਹੀਆਂ ਤੋਂ ਬਾਦ ਰਾਜ ਮੋੜ ਦੇਣਗੇ। ਇਹ ਭੂਮਿਕਾ ਭਾਵੇਂ ਨਾਟਕੀ ਪ੍ਰਤੀਤ ਹੋਵੇ ਪਰ ਇਸ ਹਕੀਕਤ ਨੂੰ ਗੁਰੂ ਸਾਹਿਬ ਤੋਂ ਪਹਿਲਾਂ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਤਸਲੀਮ ਕੀਤਾ ਜਾ ਚੁੱਕਾ ਸੀ, ਜਿਥੇ ਉਹ ਆਖਦੇ ਹਨ: 'ਪੂਰਬ ਵਿਚੈ ਦੇਵਨ ਨਾ ਜਿਸ ਵੀ ਵਸਤ ਤਿਸੈ ਘਰ ਆਵੈ।' ਸ੍ਰੀ ਮਾਤਾ ਭਾਨੀ ਦੀ ਘਾਲ ਅਤੇ ਦਾਵੇ ਨੂੰ ਬਿਆਨ ਕਰਦੇ ਉਹ ਦਸਦੇ ਹਨ ਕਿ ਇਸ ਦਾਤ ਨੂੰ ਸੋਢੀ ਕੁਲ ਦੇ ਵੰਸ਼ ਹੀ ਜਰ ਸਕਣਗੇ। ਹੇਮਕੁੰਟ ਦੀ ਪੂਰਬਲੇ ਜਨਮ ਦੀ ਤਪ ਅਵਸਥਾ ਦੇ ਵਰਨਣ ਦੀ ਪ੍ਰਿਸ਼ਠ ਭੂਮੀ ਗੁਰੂ ਸਾਹਿਬ ਦੇ ਇਹ ਵਾਕ ਪ੍ਰਸਤੁਤ ਕਰਦੇ ਹਨ:

ਅਬ ਜੋ ਜੋ ਮੈਂ ਲਖੇ ਤਮਾਸਾ। ਸੋ ਸੋ ਕਰੋ ਤੁਮੈ ਅਰਦਾਸਾ।
ਜੋ ਪ੍ਰਭ ਕ੍ਰਿਪਾ ਕਟਾਛ ਦਿਖੈਹੈ। ਸੋ ਤਵ ਦਾਸ ਉਚਾਰਤ ਜੈਹੈ ॥੩॥
ਜਿਹ ਜਿਹ ਬਿਧਿ ਮੈਂ ਲਖੇ ਤਮਾਸਾ ਚਾਹਤ ਤਿਨ ਕੋ ਕੀਉ ਪ੍ਰਕਾਸਾ।
ਜੋ ਜੋ ਜਨਮ ਪੂਰਬਲੇ ਹੇਰੇ। ਕਹਿਹੋ ਸੋ ਪ੍ਰਭੁ ਸੋ ਪ੍ਰਕਾਰਮ ਤੇਰੇ ॥੪॥

(ਅਧਿਆਏ ੧੪)

ਹਿੰਦੂ ਮੱਤ ਅਨੁਸਾਰ ਇਤਿਹਾਸ (ਜਿਸ ਨੂੰ ਉਹ ਪੰਜਵਾਂ ਵੇਦ ਮੰਨਦਾ ਹੈ) ਦੀ ਕੀਤੀ ਗਈ ਪਰਿਭਾਸ਼ਾ 'ਧਰਮ ਅਰਥ ਕਾਮ ਅਤੇ ਮੋਖ ਸੰਬੰਧੀ ਪੁਰਾਣੇ ਬ੍ਰਿਤਾਤਾਂ ਅਤੇ ਕਥਾਵਾਂ ਨੂੰ ਇਤਿਹਾਸ ਕਹਿੰਦੇ ਹਨ' ਦੀ ਰੌਸ਼ਨੀ ਵਿਚ ਇਹ ਕਥਾ ਵੀ ਇਤਿਹਾਸ ਦਾ ਦਰਜਾ ਰੱਖਦੀ ਹੈ। A Sketch of the Sikhs ਦਾ ਕਰਤਾ ਮੈਲਕਮ ਕਹਿੰਦਾ ਹੈ ਕਿ ਕਿਸੇ ਕੌਮ ਦੇ ਇਤਿਹਾਸ ਦੀ ਖੋਜ ਪੜਤਾਲ ਸਮੇਂ ਇਹ ਜਾਨਣਾ ਅਤੀ ਜ਼ਰੂਰੀ ਹੈ ਕਿ ਉਹ ਕੌਮ ਆਪਣੀ ਬਾਬਤ ਕੀ ਆਖਦੀ ਹੈ: 'In every research into the general history of mankind, it is of the mostessential imporlance to hear what the Nation has to say of its self; and the knowledgy obtained from such sources has a value, independent of its historical utility. ਗੁਰੂ ਗੋਬਿੰਦ ਸਿੰਘ ਦੀ ਇਹ ਰਚਨਾ ਜੋ ਸਿੱਖੀ ਦੇ ਵਿਕਾਸ ਦੀ ਕੋਈ ਤੀਹ ਸਾਲ ਦੀ ਕਹਾਣੀ ਦਸਦੀ ਹੈ, ਇਸ ਪ੍ਰਸੰਗ ਵਿਚ ਇਕ ਪ੍ਰਮਾਣਿਕ ਤੇ ਬਲਵਾਨ ਗਵਾਹੀ ਹੈ ਖਾਸ ਕਰ, ਖਾਲਸਾ ਸਜਣ ਤੋਂ ਪਹਿਲਾਂ ਵੀ ਸਿੱਖਾਂ ਦੇ ਮੁਗਲਾਂ ਅਤੇ ਪਹਾੜੀ ਰਾਜਿਆਂ ਵਿਰੁਧ ਧਰਮ ਤੇ ਨਿਆਂ ਦੀ ਭਾਵਨਾ ਅਤੇ ਜਿੱਤ ਦੇ ਵਿਸ਼ਵਾਸ ਨਾਲ ਜੂਝਣ ਦੀ।

471 ਛੰਦਾਂ ਦੀ ਇਹ ਰਚਨਾ, ਦੋਹਰਾ, ਚੌਪਈ, ਤ੍ਰਿਭੰਗੀ, ਭੁਜੰਗ ਪ੍ਰਯਾਤ, ਰਸਾਵਲ, ਨਿਰਾਜ, ਮਧੁਕਰ, ਅੜਿਲ, ਪਾਧੜੀ, ਕਬਿਤ, ਸਵੈਯਾ ਆਦਿ ਛੰਦਾਂ ਵਿਚ ਹੇਠ ਲਿਖੇ ਵਿਸ਼ਿਆਂ ਦੇ 14 ਅਧਿਆਵਾਂ ਵਿਚ ਲਿਖੀ ਗਈ ਹੈ:

1. ਸ੍ਰੀ ਕਾਲ ਜੀ ਕੀ ਉਸਤਤਿ।
2. ਸ਼ੁਭ (ਸੋਢੀ ਬੇਦੀ) ਵੰਸ਼ ਵਰਨਣ।
3. ਲਵਕੁਸ਼ ਯੁੱਧ
4. ਵੇਦ ਪਾਠ, ਰਾਜ ਭੇਟ

5. (ਨੌਂ) ਪਾਤਸ਼ਾਹੀਆਂ ਦਾ ਵਰਨਣ
6. ਆਗਿਆ ਕਾਲ ਜੀ ਦੀ ਜਗਤ ਪ੍ਰਵੇਸ਼ ਕਰਨ ਸੰਬੰਧੀ
7. ਕਵੀ ਜਨਮ ਵਰਨਣ
8. ਰਾਜ ਸਾਜ ਕਥਨੰ, ਭੰਗਾਣੀ ਯੁੱਧ
9. ਨਾਦੌਣ ਯੁੱਧ
10. ਖ਼ਾਨਜ਼ਾਦਾ ਆਗਮਨ, ਤ੍ਰਸਤ ਪਲਾਇਨ
11. ਹੁਸੈਨੀ ਕ੍ਰਿਪਾਲ, ਹਿੰਮਤ, ਸੰਗਤੀਆ ਵੱਧ
12. ਜੁਝਾਰ ਸਿੰਘ (ਹਾੜਾ) ਯੁੱਧ
13. ਮਦਰ ਦੇਸ ਸ਼ਾਹਜ਼ਾਦਾ ਤਥਾ ਅਹਿਦੀਆ ਆਗਮਨ
14. ਸਰਬ ਕਾਲ ਬਿਨਤੀ

ਇਸ ਬੀਰ ਰਸ ਪ੍ਰਧਾਨ ਰਚਨਾ, ਜਿਸ ਵਿਚ ਕਿਤੇ ਕਿਤੇ ਸ਼ਾਂਤ ਅਤੇ ਕਰੁਣਾ ਰਸ ਦੀਆਂ ਛਿੱਟਾਂ ਵੀ ਹਨ, ਸ੍ਰੀ ਖੜਗ ਨੂੰ ਨਮਸਕਾਰ ਅਤੇ ਸ੍ਰੀ ਕਾਲ ਜੀ ਦੀ ਉਸਤਤ ਕਰਨ ਨਾਲ ਆਰੰਭ ਹੁੰਦੀ ਹੈ। ਅਕਾਲ ਉਸਤਤਿ ਵਾਲੇ ਅਕਾਲ ਦਾ ਸਰੂਪ ਇਥੇ 'ਕਾਲ' ਅਤੇ ਸਰਬ ਕਾਲ' ਦੇ ਰੂਪ ਵਿਚ ਚਿਤਰਿਆ ਗਿਆ ਹੈ; ਜੋ ਵਿਸ਼ੁਧ ਤੇਗ਼ ਤੇ ਖੱਗ (ਖੜਗ) ਹੀ ਹੈ:

ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਬੰਡੰ
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ।
ਸੁਖ ਸੰਤਾਂ ਕਰਣੰ ਦੁਰਮਤਿ ਦਰਣੰ, ਕਿਲਬਿਖ ਹਰਣੰ ਅਸ ਸਰਣੰ।
ਜੈ ਜੈ ਜਗ ਕਾਰਣ ਸ੍ਰਿਸ਼ਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ।

ਅਰਥਾਤ ਉਹ ਅਟੁੱਟ ਤਲਵਾਰ ਜੋ ਦੁਸ਼ਟ ਦੇ ਦਲਾਂ ਨੂੰ ਮਹਾਂ ਯੁੱਧ ਵਿਚ ਖੰਡਤ ਕਰਦੀ ਹੈ, ਵਰਦਾਤੀ ਹੈ। ਉਸ ਦੇ ਭੁਜਦੰਡ ਅਖੰਡ ਹਨ। ਉਹ ਪ੍ਰਚੰਡ ਤੇਜ਼, ਨਿਰਮਲ ਜੋਤ ਅਤੇ ਸੂਰਜ ਦੀ ਪ੍ਰਭਾ ਵਾਲੀ ਹੈ। ਮੈਂ ਉਸ ਸੰਤਾਂ ਨੂੰ ਸ਼ੁਧ ਦੇਣ ਵਾਲੀ, ਦੁਸ਼ਟਾਂ ਦੀ ਦੁਰਮਤਿ ਦੂਰ ਕਰਨ ਵਾਲੀ, ਪਾਪਾਂ ਦਾ ਨਾਸ਼ ਕਰਨ ਵਾਲੀ, (ਅੱਸ) ਦੀ ਸ਼ਰਨ ਪਿਆ ਹਾਂ। ਹੇ ਜਗਤ ਦੀ ਉਤਪਤੀ ਕਰਨ ਵਾਲੀ, ਉਸ ਦਾ ਉਧਾਰ ਕਰਨ ਵਾਲੀ, ਮੇਰੀ ਪ੍ਰਤਿਪਾਲਨਾ ਕਰਨ ਵਾਲੀ ਤੇਗ਼! ਤੇਰੀ ਜੈ ਹੋਵੇ।

ਸੰਸਾਰ ਦੇ ਧਾਰਮਕ ਸਾਹਿਤ ਦੀ ਇਹ ਬੇ-ਜੋੜ ਸਾਹਸ ਅਤੇ ਆਸ਼ਾ-ਜਨਕ ਈਸ਼ਵਰ ਉਸਤਤੀ* ਗੁਰੂ ਗੋਬਿੰਦ ਸਿੰਘ ਦਾ ਆਪਣਾ ਜੀਵਨ ਆਦਰਸ਼ ਵੀ ਪ੍ਰਸਤੁਤ ਕਰਦੀ ਹੈ:

ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ
ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸ਼ਟ ਦੋਖੀਅਨਿ ਪਕਰ ਪਛਾਰੋ।

(ਅਧਿਅਇ-੬)

---

* ਡਾ. ਗੋਕਲ ਚੰਦ ਨਾਰੰਗ ਇਸ ਸੰਬੰਧੀ ਲਿਖਦੇ ਹਨ

The four verses foming an invocation to the sword are among the finest of their kind to be met with any literature of the world and they are almost wholly in sanskrit. They will be easily understood in all parts of India (Transformation of the Sikhism, Fn1, P. 85)

ਦਸਮੇਸ਼ ਜੀ ਨੂੰ ਜਨਮ ਇਸ ਲਈ ਲੈਣਾ ਪਿਆ ਕਿਉਂਕਿ ਅਕਾਲ ਪੁਰਖ ਨੇ ਜੀਵਾਂ ਦੇ ਸੁਧਾਰ ਲਈ ਅਤੇ ਸੰਸਾਰ ਦੇ ਭਲੇ ਲਈ ਕ੍ਰਮ ਅਨੁਸਾਰ ਦੈਂਤਾਂ ਦੇਵਤਿਆਂ ਅਤੇ ਅਸ਼ਟ ਸਾਖੀਆਂ, ਮਨੁੱਖਾਂ, ਸਿਧ ਸਾਧਕਾਂ, ਸਿਮ੍ਰਤੀਆਂ ਦੇ ਕਰਤਿਆਂ ਰਿਖੀ-ਰਾਜਾਂ ਨੂੰ ਉਪਜਾਇਆ, ਪਰ ਇਹ ਅਕਾਲ ਪੁਰਖ ਨੂੰ ਭੁੱਲ ਕੇ ਬਲੀ ਅਤੇ ਪੂਜਾ ਪਾਠਾਂ ਵਿਚ ਰੁੱਝ ਗਏ। ਕਿਸੇ ਨੇ ਵੀ ਪ੍ਰਭੂ ਨੂੰ ਪ੍ਰਭੂ ਨਾ ਮੰਨਿਆ। ਫੇਰ ਵਾਹਿਗੁਰੂ ਨੇ ਦਤਾਤ੍ਰੇਯ, ਗੋਰਖ ਨਾਥ, ਰਾਮਾ ਨੰਦ ਅਤੇ ਮੁਹੰਮਦ ਸਾਹਿਬ ਨੂੰ ਭੇਜਿਆ।

ਜੇ ਪ੍ਰਭ ਪਰਮ ਪੁਰਖ ਉਪਜਾਏ॥ ਤਿਨ ਤਿਨ ਅਪਨੇ ਰਾਹ ਚਲਾਏ,
ਮਹਾਦੀਨ ਤਬਿ ਪ੍ਰਭ ਉਪਰਾਜਾ॥ ਅਰਬ ਦੇਸ ਕੋ ਕੀਨੋ ਰਾਜਾ॥੨੬॥
ਤਿਨ ਭੀ ਏਕ ਪੰਥੁ ਉਪਰਾਜਾ॥ ਲਿੰਗ ਬਿਨਾ ਕੀਨੇ ਸਭ ਰਾਜਾ।
ਸਭ ਤੇ ਅਪਨਾ ਨਾਮ ਜਪਾਯੋ॥ ਸਤਿਨਾਮ ਕਾਹੂ ਨ ਦ੍ਰਿੜਾਯੋ॥੨੭॥
ਅਧਿਆਇ:੬

ਸੰਸਾਰ ਦੀ ਸਭ ਤੋਂ ਵੱਡੀ ਇਸਲਾਮੀ ਹਕੂਮਤ ਵਿਚ, ਇਸਲਾਮ ਦੇ ਪੈਗੰਬਰ ਸੰਬੰਧੀ ਇਹ ਸਚਾਈ ਨਿਰਭੈਤਾ ਨਾਲ ਸ਼ਾਇਦ ਹੀ ਕਿਸੇ ਨੇ ਆਖੀ ਹੋਵੇ। ਇੰਜ ਹਜ਼ੂਰ ਦੀ ਆਪਣੀ ਕਥਾ ਇਉਂ ਸ਼ੁਰੂ ਹੁੰਦੀ ਹੈ।

ਅਬ ਮੈ ਅਪਨੀ ਕਥਾ ਬਾਖਾਨੋ
ਤਪ ਸਾਧਤ ਜਿਹ ਬਿਧਿ ਮੁਹਿ ਆਨੋ

ਪ੍ਰਭੂ ਦੇ ਆਦਿਸ 'ਮੈਂ ਅਪਨਾ ਸੁਤ ਤੋਹਿ ਨਿਵਾਜਾ।
ਪੰਥ ਪ੍ਰਚੁਰ ਕਰਬਿ ਕਹੁ ਸਾਜਾ।'

ਅਨੁਸਾਰ ਪ੍ਰਭੂ ਚਰਨਾਂ ਵਿਚ ਚੁੱਭੀ ਹੋਈ ਸੁਰਤੀ ਨੂੰ ਤੋੜਨਾ ਨਾ ਚਾਹੁੰਦੇ ਹੋਏ ਵੀ ਹਜ਼ੂਰ ਨੂੰ ਜਨਮ ਧਾਰਨ ਲਈ ਤਿਆਰ ਹੋਣਾ ਪਿਆ। ਅਜਿਹਾ ਵਾਰਤਾਲਾਪ ਦੀਵਾਨ ਨੰਦ ਲਾਲ ਗੋਇਆ ਨੇ ਗੁਰੂ ਨਾਨਕ ਸਾਹਿਬ ਅਤੇ ਈਸ਼ਵਰ ਵਿਚਾਲੇ ਹੋਇਆ ਵੀ ਦੱਸਿਆ ਹੈ:

ਮੁਰਸ਼ੁਦੁਲ ਆਲਮੀਂ ਸ਼ੁਦਸ਼ ਚੋਂ ਖ਼ਿਤਾਬ। ਅਜ਼ ਅਨਾਇਤੇ ਹਜ਼ਰਤੇ ਵਹਾਬ।
ਗੁਫਤ 'ਮਨ ਬੰਦਾ ਓ ਗੁਲਾਮ ਤੁਅਮ। ਖ਼ਾਕੇ ਅਕਦਾਮੇ ਖਾਸੇ ਆਮ ਤੁਅਮ।'
ਬਾਜ਼ ਚੂੰ ਹਮ ਚੁਨੀ ਖ਼ਿਤਾਬ ਆਮਦ। ਮੁਤਵਾਤਰ ਚੁਨੀ ਜਵਾਬ ਆਮਦ।
ਕਿ 'ਮਨਮ ਦਰਤੋ ਗੈਰੇ ਤੇ ਕਸ ਨੇਸਤ। ਹਰ ਚਿਹ ਖ਼ਾਹਸ਼ ਕੁਨਮ ਅਦਲੇਸਤ।
ਗਹੇ ਜ਼ਿਕਰਮ ਆਲਮੇ ਬਿਨੁਮਾ ਬਹਮਾਹ ਸੌ ਜ਼ਿ ਵਸਫ਼ੇ ਮਨ ਗੋਇਆ।

ਅਰਥਾਤ ਜਦ ਵਾਹਿਗੁਰੂ ਨੇ ਗੁਰੂ ਸਾਹਿਬ ਨੂੰ ਜਗਤ ਗੁਰੂ ਦੀ ਪਦਵੀ ਬਖ਼ਸ਼ੀ ਤਦ ਉਹਨਾਂ ਨੇ ਉਤਰ ਦਿੱਤਾ, 'ਮੈਂ ਤਾਂ ਤੇਰੇ ਚਾਕਰਾਂ ਦਾ ਚਾਕਰ ਅਤੇ ਤੇਰੇ ਖ਼ਾਸੇ ਆਮ ਦੀ ਚਰਨ ਧੂੜ ਹਾਂ।' ਜਦ ਇਉਂ ਹੀ ਕਈ ਵਾਰ ਹੋਇਆ ਤਦ ਵਾਹਿਗੁਰੂ ਨੇ ਉਹਨਾਂ ਨੂੰ ਸਮਝਾਇਆ, 'ਮੈਂ ਤੇਰੇ ਵਿਚ ਓਤ ਪੋਤ ਰਮਿਆ ਹੋਇਆ ਹਾਂ। ਤੇਰੇ ਬਿਨਾਂ ਮੈਂ ਗ਼ੈਰ ਨਹੀਂ, ਮੇਰੀ ਖ਼ਾਹਸ਼ ਨਿਆਏ ਯੁਕਤ ਹੈ, ਤੂੰ ਲੋਕਾਂ ਨੂੰ ਮੇਰੀ ਸਿਫ਼ਤ ਸਾਲਾਹ ਦਾ ਰਾਹ ਦਿਖਾ, ਉਹਨਾਂ ਨੂੰ ਮੇਰੇ ਗੁਣਾਂ ਤੋਂ ਜਾਣੂ ਕਰਾ।' ਗੁਰੂ ਗੋਬਿੰਦ ਸਿੰਘ ਨੂੰ ਵੀ ਪ੍ਰਭੂ ਨੇ ਇਉਂ ਹੀ ਸਮਝਾ ਬੁਝਾ ਕੇ ਭੇਜਿਆ:

ਜਿਉਂ ਤਿਉਂ ਪ੍ਰਭ ਹਮ ਕੋ ਸਮਝਾਯੋ।
ਇਮਿ ਕਹਿ ਕੈ ਇਹ ਲੋਕ ਪਠਾਯੋ।

ਹੇਮਕੁੰਟ ਦਾ ਤਪੀਸ਼ਰ

ਗੁਰੂ ਨਾਨਕ ਦੇਵ ਜੀ ਦੀ ਮਹਾਨ ਜੋਤ ਦੇ ਮਨੁੱਖੀ ਜਾਮੇ ਵਿਚ ਅੰਤਮ ਪ੍ਰਵੇਸ਼ ਲਈ ਮਹਾਨ ਤੇਜਸਵੀ ਤੇ ਤਪੱਸਵੀ ਆਤਮਾ ਦੀ ਲੋੜ ਪੈਣ 'ਤੇ ਅਕਾਲ ਪੁਰਖ ਨੂੰ ਹੇਮਕੁੰਡ ਤਪੀਸ਼ਰ ਨੂੰ ਤਿਆਰ ਕਰਨਾ ਪਿਆ ਜਿਸ ਦੇ ਫਲਸਰੂਪ, 22 ਦਸੰਬਰ 1666 ਈਸਵੀ ਨੂੰ ਆਪ ਨੇ ਗੁਰੂ ਤੇਗ ਬਹਾਦਰ ਸਾਹਿਬ ਅਤੇ ਮਾਤਾ ਗੁਜਰੀ ਜੀ ਦੇ 'ਅਲਖ ਆਰਾਧਨ' ਅਤੇ 'ਬਹੁ ਬਿਧਿ ਜੋਗ-ਸਾਧਨਾ ਸਾਧਨ, ਉਪਰੰਤ ਜਨਮ ਧਾਰਿਆ। ਪੰਜ ਸਾਲਾਂ ਦੀ ਅਵਸਥਾ ਵਿਚ ਪਟਨੇ ਤੋਂ ਆਨੰਦਪੁਰ ਆਏ। ਇਥੇ ਆਪ ਨੂੰ ਭਾਂਤ ਭਾਂਤ ਦੀ ਸਿੱਖਿਆ ਦਿੱਤੀ ਗਈ। ਮੁਨਸ਼ੀ ਸਾਹਿਬ ਚੰਦ ਤੇ ਰਾਮ ਕੁੰਵਰ ਤੋਂ ਗੁਰਮੁਖੀ ਆਦਿ ਇਲਮ ਸਿੱਖੇ, ਕਾਜ਼ੀ ਪੀਰ ਮੁਹੰਮਦ ਨੂਰਪੁਰੀਏ ਤੋਂ ਫ਼ਾਰਸੀ ਆਦਿ ਗ੍ਰਹਿਣ ਕੀਤੀ। ਬਾਜ਼ਾਰ ਸਿੰਘ ਰਾਜਪੂਤ ਨੇ ਸ਼ਸਤਰ ਵਿਦਿਆ ਦਾ ਅਭਿਆਸ ਕਰਵਾਇਆ। 11 ਨਵੰਬਰ 1675 ਨੂੰ ਜੰਞੂ ਤਿਲਕ ਦੀ ਰਾਖੀ ਲਈ ਆਪਣੇ ਗੁਰਦੇਵ ਪਿਤਾ, ਦਿਲੀਸ਼ਵਰ, ਔਰੰਗਜ਼ੇਬ (ਜਿਸ ਨੂੰ ਗਿਆਨ ਵਿਹੂਣੀ ਅੰਧੀ ਰਈਅਤ ਡਰਦੀ ਮਾਰੀ ਈਸ਼ਵਰ ਸਮਝਦੀ ਸੀ 'ਦਿਲੀਸ਼ਵਰੋਵਾ, ਈਸ਼ਵਰੋਵ') ਦੇ ਸਿਰ ਆਪਣੇ ਸਰੀਰ ਦਾ ਠੀਕਰ ਭੰਨ ਕੇ ਸ਼ਹੀਦ ਹੋ ਗਏ। ਇਹ ਜਨ-ਹਿਤ ਅਤੇ ਇਕ ਸੰਪ੍ਰਦਾਏ ਦੇ ਧਾਰਮਕ ਹੱਕਾਂ ਦੀ ਰਾਖੀ ਲਈ ਕੀਤਾ ਗਿਆ ਅਪੂਰਵ ਤੇ ਮਹਾਨ ਬਲੀਦਾਨ ਸੀ, ਜਿਸ ਲਈ ਸੁਰਗ ਲੋਕ ਵਿਚ ਸ਼ਹੀਦ ਗੁਰੂ ਦੀ ਜੈ ਜੈ ਕਾਰ ਹੋਈ। ਨਾਨਕ ਰਾਜ ਦੇ ਆਪ ਦਸਵੇਂ ਪਾਤਸ਼ਾਹ ਬਣੇ। ਦਿੱਲੀ ਦੇ ਸਿੱਖਾਂ ਵਲੋਂ ਗੁਰੂ ਤੇਗ਼ ਬਹਾਦਰ ਦਾ ਖੁਲ੍ਹਮ ਖੁਲ੍ਹਾ ਸੰਸਕਾਰ ਨਾ ਕਰ ਸਕਣ ਦੇ ਕਾਰਣ ਆਪਨੇ ਪੰਥ ਨੂੰ ਅਜਿਹੀ ਸ਼ਕਲ ਦੇਣ ਦਾ ਇਰਾਦਾ ਕੀਤਾ ਜਿਸ ਤੋਂ ਉਹ ਡਰ ਭੈ ਨਾਲ ਲੁਕ ਛਿਪ ਨਾ ਸਕਣ ਅਤੇ ਸਿੱਖ ਹੋਣ ਤੋਂ ਇਨਕਾਰ ਨਾ ਕਰ ਸਕਣ। ਆਪਨੇ ਸਿੱਖਾਂ ਨੂੰ ਜੰਗੀ ਅਭਿਆਸ ਕਰਾਉਣੇ ਸ਼ੁਰੂ ਕੀਤੇ, ਉਹਨਾਂ ਨੂੰ ਅਸਤਰ ਸ਼ਸਤਰ, ਘੋੜੇ ਹਾਥੀ ਆਦਿ ਜੰਗੀ ਸਾਮਾਨ ਦੀ ਭੇਟ ਲਿਆਉਣ ਲਈ ਆਗਿਆ ਦਿੱਤੀ। 1682 ਵਿਚ ਰਣਜੀਤ ਨਗਾਰਾ ਬਣਵਾਇਆ ਗਿਆ ਤੇ ਨੰਦ ਚੰਦ ਨੂੰ ਨਿਸ਼ਾਨ ਸਾਹਿਬ ਬਨਾਉਣ ਦਾ ਹੁਕਮ ਦਿੱਤਾ। ਢਾਡੀਆਂ ਤੋਂ ਵਾਰਾਂ ਸੁਣਨ ਦੀ ਪ੍ਰਪਾਟੀ ਪਾਈ। ਬੀਰ ਰਸੀ ਸਾਹਿਤ ਲਿਖਣਾ ਤੇ ਲਿਖਵਾਉਣਾ ਸ਼ੁਰੂ ਕੀਤਾ। ਜਨਤਾ ਨੂੰ ਰੱਬ ਦੇ ਰਾਹ ਵਿਚ ਕੁਰਬਾਨ ਹੋਣ ਲਈ ਪ੍ਰੇਰਿਆ:

ਜੇ ਜੇ ਸਹਿਤ ਜਾਤਨ ਸੰਦੇਹਿ॥
ਪ੍ਰਭ ਕੋ ਸੰਸਿ ਨ ਛੋਡਤ ਨੇਹ॥
ਤੇ ਤੇ ਪਰਮ ਪੁਰੀ ਕਹ ਜਾਹੀ॥
ਤਿਨ ਹਰਿ ਸਿਉ ਅੰਤਰੁ ਕਛੁ ਨਾਹੀ॥੨੧॥

ਇਸ ਤੋਂ ਉਲਟ ਜੋ ਕਾਇਰ ਹੋ ਕੇ ਭੱਜ ਜਾਂਦੇ, ਬੇਮੁਖ ਹੋ ਕੇ ਜਾਨ ਬਚਾਉਂਦੇ ਹਨ, ਉਹ ਨਰਕ ਕੁੰਡ ਵਿਚ ਪੈਂਦੇ ਹਨ:

ਜੇ ਜੇ ਜੀਯ ਜਾਤਨ ਤੇ ਡਰੇ।
ਪਰਮ ਪੁਰਖ ਤਜਿ ਤਿਨ ਮਗ ਪਰੇ।
ਤੇ ਤੇ ਨਰਕ ਕੁੰਡ ਮੋ ਪਰਹੀ।
ਬਾਰ ਬਾਰ ਜਗ ਮੋ ਬਪੁ ਧਰਹੀ॥੨੨॥ ਅਧਿਆਇ-੬

ਰਿੱਛ, ਨੀਲਗਾਂ, ਬਾਰਾ ਸਿੰਗੇ ਆਦਿ ਜੰਗਲੀ ਜਾਨਵਰਾਂ ਦੇ ਸ਼ਿਕਾਰ ਨੂੰ ਵੀ ਜਨਤਾ ਦੇ ਦੁੱਖ ਦੂਰ ਕਰਨ ਦਾ ਸਾਧਨ ਬਣਾਇਆ।

ਭਾਂਤਿ ਭਾਂਤਿ ਬਨ ਖੇਲ ਸ਼ਿਕਾਰਾ। ਮਾਰੇ ਰੀਛ ਰੋਝ ਝੰਖਾਰਾ॥੧॥ (ਅਧਿਆਏ ੮)

ਭੰਗਾਣੀ ਯੁੱਧ

1685 ਵਿਚ ਰਾਜਾ ਮੇਦਨੀ ਪ੍ਰਕਾਸ਼ ਵਾਲੀਏ ਨਾਹਨ ਦੇ ਸੱਦੇ 'ਤੇ ਆਪ ਉਹਦੀ ਗੜ੍ਹਵਾਲ ਦੇ ਰਾਜਾ ਫ਼ਤਹ ਸ਼ਾਹ ਨਾਲ ਸੁਲਹ ਕਰਵਾਉਣ ਗਏ।

ਦੇਸ਼ ਚਾਲ ਹਮ ਤੇ ਪੁਨਿ ਭਈ ਸਹਿਰ ਪਾਂਵਟਾ ਕੀ ਸੁਧਿ ਲਈ
ਕਾਲਿੰਦੀ ਤਟ ਕਰੇ ਬਿਲਾਸਾ ਅਨਿਕ ਭਾਂਤ ਕੇ ਪੇਖ ਤਮਾਸ਼ਾ।

ਦੇ ਕੰਢੇ ਆਪ ਨੇ ਪਾਉਂਟਾ ਦੁਰਗ ਬਣਾਇਆ। ਦਰਬਾਰੀ ਕਵੀਆਂ ਤੋਂ ਬਹੁਤ ਸਾਰਾ ਸਾਹਿਤ ਲਿਖਵਾਇਆ ਅਤੇ ਆਪ ਵੀ ਜਾਪ, ਅਕਾਲ ਉਸਤਤਿ ਆਦਿ ਬਾਣੀਆਂ ਲਿਖੀਆਂ। ਭੀਮ ਚੰਦ ਕਹਿਲੂਰੀਆ ਨੂੰ ਜੋ ਆਪ ਦਾ ਤੇਜ ਪ੍ਰਤਾਪ ਤਕ ਕੇ ਖੁਣਸ ਖਾਂਦਾ ਸੀ, ਇਹਨਾਂ ਕਾਰਜਾਂ 'ਚੋਂ ਸਿਆਸੀ ਸੱਤਾ ਪ੍ਰਾਪਤੀ ਦੀ ਬੋ ਆਉਣ ਲੱਗੀ। ਉਹਨੇ ਆਪਣੇ ਪੁੱਤਰ ਦੀ ਫ਼ਤਹ ਸਾਹ ਦੀ ਪੁੱਤਰੀ ਨਾਲ ਹੋਈ ਸ਼ਾਦੀ ਸਮੇਂ, ਜੁੜੇ ਪਹਾੜੀ ਰਾਜਿਆਂ ਨੂੰ ਨਾਲ ਲੈ ਕੇ ਤੇ ਫਤਹ ਸ਼ਾਹ ਨੂੰ ਅੱਗੇ ਲਾ ਕੇ ਗੁਰੂ ਸਾਹਿਬ ਉਤੇ ਧਾਵਾ ਬੋਲ ਦਿੱਤਾ। ਜੰਗ ਪਾਉਂਟਾ ਸਾਹਿਬ ਤੋਂ 6 ਮੀਲ ਪਰੇ ਦੋ ਨਦੀਆਂ ਦੇ ਵਿਚਕਾਰ ਭੰਗਾਣੀ ਪਿੰਡ ਕੋਲ ਹੋਇਆ, (ਤੇਜਾ ਸਿੰਘ, ਗੰਡਾ ਸਿੰਘ ਅਨੁਸਾਰ) 1686 ਦੀ ਫਰਵਰੀ ਦੇ ਅੰਤਲੇ ਸਪਤਾਹ ਵਿਚ (ਕਿਉਂ ਕਿ ਪੀਰ ਬੁੱਧੂ ਸ਼ਾਹ ਨੂੰ ਬਖਸ਼ੇ ਗਏ ਹੁਕਮਨਾਮੇ ਦੀ ਮਿਤੀ ਫਗਣ ਸਦੀ 12, ਸੰਮਤ 1742, ਮੁਤਾਬਿਕ 28 ਫਰਵਰੀ 1686 ਹੈ–Foot Note 1. Page 64. A Short History of the Sikhs) ਭਾਈ ਸੇਵਾ ਸਿੰਘ ਭੱਟ ਕਰਤਾ ਸ਼ਹੀਦ ਬਿਲਾਸ ਭਾਈ ਮਨੀ ਸਿੰਘ ਅਨੁਸਾਰ ਇਹ ਮਿਤੀ 18 ਅੱਸੂ ਸੰਮਤ 1745 (18.9.1688) ਸੀ।

ਪ੍ਰੋ: ਸਾਹਿਬ ਸਿੰਘ ਅਨੁਸਾਰ ਇਸ ਜੰਗ ਵਿਚ, ਚੰਬਾ, ਸੁਕੇਤ, ਮੰਡੀ, ਗੁਲੇਰ ਜਸਵਾਲ, ਕਾਠਗੜ੍ਹ, ਹੰਡੂਰ, ਕਿਸ਼ਤਵਾੜ, ਨਦੌਨ, ਡਢਵਾਲ ਤੇ ਚੰਦੇਲ ਦੇ ਰਾਜੇ ਭੀਮ ਚੰਦ ਵਲੋਂ ਲੜੇ, ਗੁਰੂ ਸਾਹਿਬ ਪਾਸ ਪੀਰ ਬੁੱਧੂ ਸ਼ਾਹ ਦੀ ਸਿਫ਼ਾਰਸ਼ ਤੇ ਨੌਕਰ ਰੱਖੇ ਗਏ 500 ਪਠਾਨ ਅਤੇ ਕ੍ਰਿਪਾਲ ਉਦਾਸੀ ਦੇ ਅਨੁਯਾਈ ਜੰਗ ਤੋਂ ਪਹਿਲਾਂ ਨੱਠ ਗਏ। ਪਰ ਪੀਰ ਸਾਹਿਬ ਆਪਣੇ ਭਰਾ, 700 ਮੁਰੀਦਾਂ ਅਤੇ ਪੁੱਤਰਾਂ ਨੂੰ ਲੈ ਕੇ ਆਏ। ਕਾਂਸ਼ੀ ਦੇ ਭਾਈ ਰਾਮਾ ਦੀਆਂ ਤੋਪਾਂ ਨੇ ਵੈਰੀ ਦਲਾਂ ਵਿਚ ਪਰਲੋ ਮਚਾ ਦਿੱਤੀ। ਗੁਰੂ ਸਾਹਿਬ ਦੀ ਭੂਆ ਜੀ ਦੇ ਸਪੁਤ੍ਰਾਂ ਸੰਗੋ ਸ਼ਾਹ, ਜੀਤ ਮਲ, ਹਠੀ, ਗੁਲਾਬ, ਰਾਏ ਗਾਜ਼ੀ, ਗੰਗਾ ਰਾਮ ਅਤੇ ਮਾਹਰੀ ਚੰਦ ਤੋਂ ਬਿਨਾਂ ਪ੍ਰੋਹਤ ਦਯਾ ਰਾਮ, ਦੀਵਾਨ ਨੰਦ ਚੰਦ, ਹਠੀ ਸਾਹਿਬ ਚੰਦ ਤੇ ਗੁਰੂ ਸਾਹਿਬ ਦੇ ਮਾਮਾ ਜੀ ਕ੍ਰਿਪਾਲ ਚੰਦ ਨੇ ਦੁਸ਼ਮਣਾਂ ਦੇ ਆਹੂ ਲਾਹ ਸੁੱਟੇ। ਕ੍ਰਿਪਾਲ ਉਦਾਸੀ ਨੇ ਧੋਖਾ ਦੇਣ ਵਾਲੇ ਪਠਾਣਾ ਦੇ ਸਰਦਾਰ ਹਿਆਤ ਖਾਂ ਨੂੰ ਆਪਣੇ ਕੁਤਕੇ ਨਾਲ ਪਾਰ ਬੁਲਾਇਆ:

ਕ੍ਰਿਪਾਲ ਕੁਪਿਯੰ ਕੁਤਕੋ ਸੰਭਾਰੀ। ਹਠੀ ਖ਼ਾਨ ਹੱਯਾਤ ਕੇ ਸੀਸ ਝਾਰੀ।
ਉਠੀ ਛਿੱਡ ਇੱਛੰ ਕਢਾ ਮੇਝ ਜੋਰੰ॥ ਮਨੋ ਮਾਖੰਨ ਮੱਟਕੀ ਕਾਨ੍ਹ ਫੋਰੰ॥੭॥
(ਅਧਿਆਏ ੮)

ਹਜ਼ੂਰ ਦਾ ਮੁਕਾਬਲਾ ਹਰੀ ਚੰਦ ਹੰਡੂਰੀਏ ਨਾਲ ਹੋਇਆ ਜੋ ਇਕੋ ਸਮੇਂ ਦੋ ਤੀਰ ਚਲਾ ਸਕਦਾ ਸੀ। ਗੁਰੂ ਜੀ ਖੱਬੇ ਹੱਥ ਨਾਲ ਵੀ ਤੀਰ ਚਲਾ ਸਕਦੇ ਸਨ। ਜੀਤ ਮੱਲ ਨੇ ਇਹਨੂੰ ਘਾਇਲ ਕਰਕੇ ਸੁੱਟ ਲਿਆ ਸੀ ਤੇ ਸ਼ਤਰੂ ਦਲ ਨੱਸ ਉਠਿਆ ਸੀ। ਚੰਦੇਲ ਚੰਦ ਦੇ ਵੰਗਾਰ ਪਾਉਣ 'ਤੇ ਪਹਾੜੀ ਸੈਨਾ ਫੇਰ ਜੂਝਣ ਲੱਗੀ। ਨਜਾਬਤ ਖਾਂ ਪਠਾਣ ਨੇ ਸੰਗ੍ਰਾਮ ਸ਼ਾਹ (ਸੰਗੋ) ਨੂੰ ਸ਼ਹੀਦ ਕਰ ਦਿੱਤਾ ਜਿਸ ਨਾਲ ਗੁਰੂ ਦੀ ਫ਼ੌਜ ਵਿਚ ਬੜਾ ਜੋਸ਼ ਤੇ ਰੋਹ ਫੈਲ ਗਿਆ। ਗੁਰੂ ਸਾਹਿਬ ਨੇ ਖ਼ੁਦ ਕਮਾਨ ਸੰਭਾਲ ਕੇ ਤੀਰਾਂ ਦੀ ਵਰਖਾ ਕੀਤੀ। ਹਰੀ ਚੰਦ ਨੇ ਪਹਿਲਾ ਬਾਣ ਹਜ਼ੂਰ ਦੇ ਘੋੜੇ ਨੂੰ ਤੇ ਦੂਜਾ ਉਨ੍ਹਾਂ ਨੂੰ ਮਾਰਿਆ ਜੋ ਕੰਨ ਕੋਲੋਂ ਲੰਘ ਗਿਆ, ਤੀਜਾ ਆਪ ਦੀ ਪੇਟੀ 'ਚ ਲੱਗਾ ਜੋ ਚਿਲਤੇ ਨੂੰ ਚੀਰ ਕੇ ਨਿਕਲ ਗਿਆ ਤੇ ਉਹਦੀ ਚੁੰਝ ਨਾਲ ਜ਼ਰਾ ਜਿਹੀ ਖੇਚਲ ਆਪ ਨੂੰ ਹੋਈ। 'ਕਲੰ ਕੇਵਲੰ' ਨੇ ਆਪਣਾ ਦਾਸ ਜਾਣ ਕੇ ਰਕਸ਼ਾ ਕੀਤੀ। ਬਾਣ ਲੱਗਣ ਨਾਲ ਹੋਰ ਰੋਸ ਜਾਗਿਆ। ਆਪ ਦੇ ਬਾਣਾਂ ਨਾਲ ਸ਼ਤਰੂ ਦਲ ਦਾ ਸਫ਼ਾਇਆ ਹੋ ਗਿਆ ਜਿਸ ਵਿਚ ਹਰੀ ਚੰਦ ਵੀ ਸੀ। 'ਕਾਲ' ਦੀ ਕ੍ਰਿਪਾ ਨਾਲ ਆਪ ਦੀ ਜਿੱਤ ਹੋਈ। 'ਭਈ ਜੀਤ ਮੇਰੀ ਕ੍ਰਿਪਾ ਕਾਲ ਕੇਰੀ।' ਬਚਿੱਤਰ ਨਾਟਕ ਦਾ ਇਹ ਪਹਿਲਾ ਬਚਿੱਤਰ ਅੰਕ ਹੈ। ਸਿੱਖ ਏਡੇ ਵੱਡੇ ਟਿੱਡੀ ਦਲ ਪਹਾੜੀ ਸੈਨਾ ਦੇ ਸਾਹਮਣੇ, ਔਕੜਾਂ ਔਖਿਆਈਆਂ, ਭਗੌੜਿਆਂ ਅਤੇ ਪੰਜਵੇਂ ਕਾਲਮੀਆਂ ਦੁਆਰਾ ਪਾਏ ਗਏ ਆਤੰਕ ਦੇ ਬਾਵਜੂਦ ਸਾਹਸ ਤੇ ਬੀਰਤਾ ਸਹਿਤ ਜੂਝੇ। ਸੰਗੋ ਸ਼ਾਹ ਤੋਂ ਬਿਨਾਂ ਪੀਰ ਬੁੱਧੂ ਸ਼ਾਹ ਦੇ ਦੋ ਪੁੱਤਰ ਸ਼ਹੀਦ ਹੋਏ। ਗੁਰੂ ਸਾਹਿਬ ਨੇ ਜੋਧਿਆਂ ਦਾ ਸਨਮਾਨ ਸੰਗਰਾਮ ਸ਼ਾਹ 'ਹਠੀ' ਆਦਿ ਪਦਵੀਆਂ ਤੇ ਨਕਦ ਇਨਾਮ ਦੇ ਕੇ ਕੀਤਾ। ਪੀਰ ਬੁੱਧੂ ਸ਼ਾਹ ਨੂੰ ਆਪਣੀ ਦਸਤਾਰ, ਕੰਘਾ ਸਣੇ ਅੜੇ ਹੋਏ ਕੇਸ਼ਾਂ ਤੇ ਹੁਕਮਨਾਮਾ ਦੇ ਕੇ ਸਨਮਾਨ ਕੀਤਾ। ਪਰ ਜੰਗ ਵਿਚ ਭਾਗ ਨਾ ਲੈਣ ਵਾਲਿਆਂ ਕਾਇਰਾਂ ਅਤੇ ਗ਼ਦਾਰਾਂ ਨੂੰ ਸ਼ਹਿਰੋਂ ਬਾਹਰ ਕੱਢ ਦਿੱਤਾ।

ਜੇ ਜੇ ਨਰ ਤੱਹ ਨਾ ਭਿਰੇ, ਦੀਨੇ ਨਗਰ ਨਿਕਾਰ।
ਜੋ ਤਿਹ ਠਉਰ ਭਲੇ ਭਿਰੈ ਤਿਨੈ ਕਰੀ ਪ੍ਰਤਿਪਾਰ ॥੩੭॥

ਇਸ ਫਤਹ ਨਾਲ ਨਿਰਉਤਸ਼ਾਹ ਤੇ ਪਦ ਦਲਿੱਤ ਲੋਕਾਂ ਵਿਚ ਸਾਹਸ ਸਫ਼ੁਰਤੀ ਦੀ ਲਹਿਰ ਪਸਰ ਗਈ। ਸੁੱਖਾ ਸਿੰਘ ਕਰਤਾ ਗੁਰੂ ਬਿਲਾਸ ਅਨੁਸਾਰ ਫਤਹ ਸ਼ਾਹ ਦੀ ਰਾਜਧਾਨੀ ਸ੍ਰੀਨਗਰ ਅਤੇ ਦਿੱਲੀ ਉਤੇ ਧਾਵਾ ਬੋਲਣ ਲਈ ਤਿਆਰ ਹੋ ਗਏ। ਫ਼ਤਹ ਦੀ ਖੁਸ਼ੀ ਵਿਚ ਉਨ੍ਹਾਂ ਦੇ ਪੈਰ ਧਰਤੀ ਉਤੇ ਨਹੀਂ ਸਨ ਟਿਕਦੇ:

ਜੁੱਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਂਵ।
ਕਾਹਲੂਰ ਮੈ ਬਾਂਧਿਯੋ ਆਨ ਅਨੰਦ ਪੁਰ ਗਾਂਵ।

ਨਦੌਨ ਯੁੱਧ

1681 ਵਿਚ ਔਰੰਗਜ਼ੇਬ ਦੇ ਪੁੱਤਰ ਅਕਬਰ ਨੇ ਪਿਉ ਤੋਂ ਆਕੀ ਹੋ ਕੇ ਅਜਮੇਰ ਵਿਚ ਸ਼ਹਿਨਸ਼ਾਹੀ ਦਾ ਐਲਾਨ ਕੀਤਾ ਤੇ ਦੱਖਣ ਵਲ ਨੱਸ ਤੁਰਿਆ। ਔਰੰਗਜ਼ੇਬ ਨੂੰ ਤੌਖਲਾ ਹੋਇਆ, ਮਤਾਂ ਅਕਬਰ ਮਰਾਠੇ ਰਾਜੇ ਸ਼ੰਭੂਜੀ ਨਾਲ ਜਾ ਰਲੇ। ਉਹ ਵੀ ਉਹਦਾ ਖੁਰਾ ਨੱਪਦਾ ਉਹਦੇ ਮਗਰ ਹੋ ਤੁਰਿਆ। ਅਕਬਰ ਪਿਉ ਨੂੰ ਦੱਖਣ ਦੇ ਮਰਾਠਿਆਂ ਅਤੇ ਬੀਜ਼ਾ ਪੁਰ, ਗੋਲ ਕੰਡਾ, ਮੁਸਲਮਾਨੀ ਰਿਆਸਤਾਂ ਨਾਲ ਉਲਝਾ ਕੇ ਆਪ ਈਰਾਨ ਵਲ ਤਿਲਕ ਗਿਆ।

ਬਾਕੀ ਦੀ ਸਾਰੀ ਉਮਰ ਔਰੰਗਜ਼ੇਬ ਦੱਖਣ ਵਿਚ ਹੀ ਲੜਦਾ ਭਿੜਦਾ ਰਿਹਾ ਤੇ ਇਥੋਂ ਦੀ ਮਿੱਟੀ ਛਾਣਦਾ, ਮਿੱਟੀ ਵਿਚ ਮਿਲ ਗਿਆ। ਨਿੱਤ ਦੀਆਂ ਲੜਾਈਆਂ ਭੜਾਈਆਂ ਨਾਲ ਖਜ਼ਾਨਾ ਖਾਲੀ ਹੋ ਗਿਆ। ਕਸ਼ਮੀਰ ਦੇ ਸੂਬੇਦਾਰ ਇਬਰਾਹੀਮ ਖਾਂ ਪਾਸੋਂ 1686 ਵਿਚ ਪੈਸੇ ਦੀ ਮੰਗ ਕੀਤੀ, ਉਹਨਾਂ ਆਪਣੇ ਨਾਇਬ ਮੀਆਂ ਖਾਂ ਨੂੰ ਪਹਾੜੀ ਰਾਜਿਆਂ ਤੋਂ ਕਰ ਉਗਰਾਹੁਣ ਲਈ ਚਾੜ੍ਹ ਦਿੱਤਾ।* ਮੀਆਂ ਖਾਂ ਜੰਮੂ ਪ੍ਰਾਂਤ ਦੇ ਰਾਜਿਆਂ ਵਲ ਗਿਆ ਅਤੇ ਉਹਨੇ ਆਪਣੇ ਇਕ ਅਹਿਲਕਾਰ ਅਲਿਫ਼ ਖਾਂ ਨੂੰ ਕਾਂਗੜੇ ਦੀਆਂ ਪਹਾੜੀਆਂ ਵਲ ਭੇਜਿਆ। ਭੀਮ ਚੰਦ ਕਟੋਚੀਏ ਨੇ ਆਪ ਨੂੰ ਕੁਝ ਨਜ਼ਰਾਨਾ ਦੇ ਕੇ, ਆਪਣੇ ਛੋਟੇ ਭਰਾ ਕਿਰਪਾਲ ਚੰਦ ਨੂੰ ਨਾਲ ਤੋਰ ਕੇ ਉਹਨੂੰ ਭੀਮ ਚੰਦ ਬਿਲਾਸਪੁਰੀਏ ਦੇ ਗਲ ਪੁਆ ਦਿੱਤਾ, ਅਖੇ ਉਹ ਜੇਕਰ ਦੇ ਦੇਵੇ ਤਾਂ ਸਭ ਦੇ ਦੇਣਗੇ। ਭੀਮ ਚੰਦ ਹੋਰ ਕਈ ਰਾਜਿਆਂ ਨੂੰ ਨਾਲ ਲੈ ਕੇ ਲੜਾਈ ਲਈ ਤਿਆਰ ਹੋ ਗਿਆ ਅਤੇ ਗੁਰੂ ਸਾਹਿਬ ਨੂੰ ਮਦਦ ਲਈ ਸੱਦ ਲਿਆ, ਭਾਵੇਂ ਸਾਲ ਕੁ ਪਹਿਲਾਂ ਉਹ ਅਕਾਰਨ ਹੀ ਭੰਗਾਣੀ ਵਿਚ ਉਨ੍ਹਾਂ ਨਾਲ ਰਣ ਮੰਡ ਚੁਕਾ ਸੀ। ਪਰ ਉਨ੍ਹਾਂ ਨੇ ਦੇਸ਼ ਦੀ ਪਾਣ ਪਤਿ ਲਾਹੁਣ ਵੇਲੇ ਸਾਂਝੇ ਸ਼ਤਰੂ ਦੇ ਟਾਕਰੇ ਲਈ ਰਾਜੇ ਦੀ ਮਦਦ ਕਰਨਾ ਮੰਨ ਲਿਆ।

ਅਲਿਫ ਖਾਂ ਨੇ ਬਿਆਸਾ ਦੇ ਕੰਢੇ ਨਦੌਣ (ਮੌਜੂਦਾ ਤਹਿਸੀਲ ਹਮੀਰਪੁਰ ਜ਼ਿਲ੍ਹਾ ਕਾਂਗੜਾ ਦਾ ਇਕ ਛੋਟਾ ਜਿਹਾ ਕਸਬਾ) ਦੇ ਲਾਗੇ ਕਿਰਪਾਲ ਚੰਦ ਅਤੇ ਦਯਾਲ ਚੰਦ ਦੀ ਮਦਦ ਨਾਲ ਇਕ ਉਚੇ ਥਾਂ ਲੱਕੜੀ ਦਾ ਮੋਰਚਾ ਬਣਾਇਆ ਜਿਸ ਦੇ ਕਾਰਨ ਭੀਮ ਚੰਦ ਅਤੇ ਉਹਦੇ ਪੱਖੀਆਂ ਦੀ ਕੋਈ ਪੇਸ਼ ਨਹੀਂ ਜਾਂਦੀ ਸੀ। ਅਖ਼ੀਰ ਉਹਨੇ ਹਨੂਮਾਨ ਦਾ ਮੰਤਰ ਪੜ੍ਹ ਕੇ ਅਤੇ ਗੁਰੂ ਸਾਹਿਬ ਨੂੰ ਸਹੈਤਾ ਕਰਨ ਲਈ ਬੇਨਤੀ ਕਰ ਕੇ ਭਰਵਾਂ ਹਮਲਾ ਕੀਤਾ। ਗੁਰੂ ਸਾਹਿਬ ਦੇ ਤੀਰਾਂ ਦੀ ਮਾਰ ਨੇ ਵੈਰੀ ਦਲ ਵਿਚ ਤਰਥੱਲੀ ਮਚਾ ਦਿੱਤੀ। ਉਹਨਾਂ ਖੱਬੇ ਹੱਥ ਨਾਲ ਤੁਫ਼ੰਗ ਦੀਆਂ ਗੋਲੀਆਂ ਅਤੇ ਧਨੁਸ਼ ਦੇ ਤੀਰ ਚਲਾਏ ਪਤਾ ਨਹੀਂ ਉਹ ਕਿਸੇ ਨੂੰ ਲੱਗੇ ਵੀ ਜਾਂ ਨਹੀਂ।

ਤਵੰ ਕੀਟ ਤੌਲੌਂ ਤੁਫੰਗ ਸੰਭਾਰੋ ॥ ਹ੍ਰਿਦੇ ਏਕ ਰਾਵੰਤ ਕੇ ਤਕਿ ਮਾਰੋ ॥
ਗਿਰਿਯੋ ਝੂਮ ਭੂਮੇ ਕਰਿਯੋ ਜੁੱਧ ਸੁੱਧੰ ॥ ਤਊ ਮਾਰਿ ਬੋਲਿਯੋ ਮਹਾਂ ਮਾਨਿ ਕ੍ਰੁੱਧੰ ॥੧੭॥
ਤਜਿਯੋ ਤੁਪਕੰ ਬਾਨ ਪਾਨੰ ਸੰਭਾਰੇ ॥ ਚਤੁਰ ਬਾਨਯੰ ਲੈ ਸੁ ਸੱਬਿਯੰ ਪ੍ਰਹਾਰੇ ॥
ਤ੍ਰਿਯੋ ਬਾਣ ਲੈ ਬਾਮ ਪਾਣੰ ਚਲਾਏ। ਲਗੇ ਯਾ ਲੱਗੇ ਨਾ ਕਛੂ ਜਾਨਿ ਪਾਏ ॥੧੮॥

ਭੀਮ ਚੰਦ ਦੇ ਪੱਖੀਆਂ ਨੇ ਹਮਲਾਆਵਰ ਦੀ ਫ਼ੌਜ ਨੂੰ ਦਰਿਆ ਵਿਚ ਧੱਕ ਦਿੱਤਾ ਅਤੇ ਰਾਤ ਦੇ ਹਨੇਰੇ ਵਿਚ ਅਲਿਫ਼ ਖਾਨ ਨੇ ਆਪਣਾ ਡੇਰਾ ਸੰਭਾਲੇ ਬਿਨਾਂ ਭੱਜਣ ਦੀ ਕੀਤੀ:

---

* ਮੀਆਂ ਖਾਂ ਦਾ ਅਸਲੀ ਨਾਉਂ ਹਿਫ਼ਜ਼ਲਾ ਖਾਂ ਸੀ। ਇਹ ਸ਼ਾਹਜਹਾਂ ਦੇ ਵੱਡੇ ਵਜ਼ੀਰ ਸਾਦੁਲਾ ਖਾਂ ਦਾ ਪੁੱਤਰ ਸੀ। ਸੇਵਾ ਸਿੰਘ ਦੇ ਸ਼ਹੀਦ ਬਿਲਾਸ ਅਨੁਸਾਰ ਨਦੌਣ ਦੇ ਯੁੱਧ ਦੀ ਤਾਰੀਖ 22 ਚੇਤ ਸੰਮਤ 1747 ਮੁਤਾਬਿਕ 20 ਮਾਰਚ ਸੰਨ 1691 ਈਸਵੀ ਦਿੱਤੀ ਹੈ। ਇਸ ਤੋਂ ਅੰਦਾਜ਼ਾ ਲਗ ਸਕਦਾ ਹੈ ਕਿ ਮੀਆਂ ਖਾਂ, ਸੰਨ 1690 ਈਸਵੀ ਦੇ ਅੰਤ ਵਿਚ ਜਾਂ ਸੰਨ 1691 ਦੇ ਆਰੰਭ ਵਿੱਚ ਜੰਮੂ ਦਾ ਫੌਜਦਾਰ ਬਣਿਆ। ਇਹ ਭੀ ਹੋ ਸਕਦਾ ਹੈ ਉਹ ਸੂਬਾ ਲਾਹੌਰ ਦੀ ਹੈਸੀਅਤ ਵਿੱਚ ਪਹਾੜੀ ਰਾਜਿਆਂ ਪਾਸੋਂ ਉਗਰਾਹੀ ਕਰਨ ਆਇਆ ਹੋਵੇ। ਉਹ ਆਪ ਤਾਂ ਜੰਮੂ ਨੂੰ ਚਲਾ ਗਿਆ ਅਤੇ ਆਪਣੇ ਭਤੀਜੇ ਆਲਫ਼ (ਅਲਿਫ਼) ਖਾਂ ਨੂੰ ਕਾਂਗੜੇ ਵਲ ਚਾੜ੍ਹ ਦਿੱਤਾ।-ਸੰਪਾਦਕ

ਭਜਯੋ ਅਫਲਖਾਨੰ ਨ ਖਾਨਾ ਸੰਭਾਰਯੋ॥ ਭਜੇ ਅਉਰ ਬੀਰੰ ਨ ਧੀਰੰ ਬਿਚਾਰਯੋ॥
ਨਦੀ ਪੈ ਦਿਨੰ ਅਸਟ ਕੀਨੇ ਮੁਕਾਮੰ॥ ਭਲੀ ਭਾਂਤ ਦੇਖੇ ਸਭੇ ਰਾਜਧਾਮੰ॥੨੨॥

ਗੁਰੂ ਸਾਹਿਬ ਬਿਆਸਾ ਦੇ ਕੰਢੇ ਅੱਠ ਦਿਨ ਰਹੇ ਅਤੇ ਆਸ ਪਾਸ ਦੀਆਂ ਰਾਜਧਾਨੀਆਂ ਦੀ ਸੈਰ ਕੀਤੀ। ਇਸ ਸਮੇਂ ਦੀ ਰਵਾਇਤ ਪ੍ਰਸਿੱਧ ਹੈ ਕਿ ਭੱਜੇ ਜਾਂਦੇ ਅਲਫ਼ ਖਾਂ ਦੀਆਂ ਬੇਗਮਾਂ ਦਾ ਡੋਲਾ ਸਿੱਖਾਂ ਦੇ ਹੱਥ ਆਇਆ ਅਤੇ ਜਦ ਉਹ ਡੋਲਾ ਹਜ਼ੂਰ ਦੇ ਪੇਸ਼ ਕੀਤਾ ਗਿਆ ਤਦ ਗੁਰੂ ਸਾਹਿਬ ਨੇ ਉਹਨਾਂ ਬੀਬੀਆਂ ਤੋਂ ਪੁੱਛ ਕੇ ਤਸੱਲੀ ਕੀਤੀ ਕਿ ਕਿਸੇ ਸਿੱਖ ਸੈਨਕ ਨੇ ਉਹਨਾਂ ਨਾਲ ਕੋਈ ਉੱਚੀ ਨੀਵੀਂ ਗੱਲ ਤਾਂ ਨਹੀਂ ਕੀਤੀ। ਆਪ ਨੇ ਸਿੱਖਾਂ ਨੂੰ ਤਾੜਨਾ ਕੀਤੀ 'ਅਸੀਂ ਜਾਬਰ ਹਾਕਮਾਂ ਵਾਂਗ ਅਬਲਾ ਇਸਤਰੀ ਦੀ ਬੇਪਤੀ ਕਰਨ ਦੀ ਆਗਿਆ ਦੇ ਕੇ ਬਦਲਾ ਨਹੀਂ ਲੈਣਾ ਚਾਹੁੰਦੇ, ਅਸੀਂ ਤਾਂ ਪੰਥ ਨੂੰ ਉੱਚਾ ਲਿਜਾਣਾ ਹੈ।"

ਤਬ ਸਤਿਗੁਰ ਕਹਿ ਬਚਨ ਉਬੇਰੈ।
ਹਮ ਲੈ ਜਾਣੋ ਪੰਥ ਉਚੇਰੇ।

ਇਸ ਜੰਗ ਦੀ ਤਾਰੀਖ ਸੁੰਦਰ ਸਿੰਘ ਐਮ. ਏ. ਕਰਤਾ 'Battles of Guru Gobind Singh ਅਤੇ Short History of the Sikhs' ਦੇ ਕਰਤਾ ਤੇਜਾ ਸਿੰਘ ਤੇ ਗੰਡਾ ਸਿੰਘ 1687 ਈਸਵੀ ਮੰਨਦੇ ਹਨ*। ਪਰ ਬੇਦੀ ਗਣੇਸ਼ਾ ਸਿੰਘ ਕਰਤਾ 'ਸਸਿ ਬਿਨੋਦ ਇਹ ਜੰਗ ਸੰਮਤ 1747 (1690) ਵਿਚ ਹੋਇਆ ਦੱਸਦਾ ਹੈ ਅਤੇ ਮੀਆਂ ਖ਼ਾਨ ਨੂੰ ਲਾਹੌਰ ਦਾ ਸੂਬਾ ਦੱਸਦਾ ਹੈ। ਭਾਈ ਸੇਵਾ ਸਿੰਘ ਕਰਤਾ ਸ਼ਹੀਦ ਬਿਲਾਸ' ਅਨੁਸਾਰ ਇਹ ਜੰਗ 22 ਚੇਤ ਸੰਮਤ 1747 ਬਿ: (20.3.1692)

ਸਤ੍ਰਹ ਸੌ ਸੰਤਾਲੀਏ ਸੂਬਾ ਲਵਪੁਰ ਕੋ।
ਮੀਆਂ ਖਾਨ ਭਨੈ ਜਿਸ ਜਾਹਲ ਅਤਿ ਉਰ ਕੋ।

ਉਹ ਇਹ ਵੀ ਦੱਸਦਾ ਹੈ ਕਿ ਗੁਰੂ ਸਾਹਿਬ ਦੀ ਮਰਜ਼ੀ ਵਿਰੁਧ ਭੀਮ ਚੰਦ ਨੇ ਪਠਾਨ ਹਮਲਾਆਵਰ ਨਾਲ ਮੇਲ ਕਰ ਲਿਆ ਅਤੇ ਗੁਰੂ ਸਾਹਿਬ ਨੂੰ ਇਸ ਗੱਲ ਦਾ ਬੜਾ ਰੰਜ ਹੋਇਆ। ਇਸੇ ਥਾਂ ਹਜ਼ੂਰ ਨੇ ਆਪਣੇ ਹੱਥੀਂ ਇਕ ਪਿੱਪਲ ਦਾ ਬੂਟਾ ਲਾਇਆ। ਕੁਦਰਤ ਨਾਲ ਉਸ ਦੀਆਂ ਡਾਲੀਆਂ ਵੀ ਨਿਕਲ ਆਈਆਂ। ਸ੍ਰੀ ਮੁਖਾਰਬੰਦ ਤੋਂ ਉਹਨਾਂ ਉਚਾਰਿਆ ਕਿ ਇਸ ਰੁੱਖ ਦੀਆਂ ਅਨੇਕ ਡਾਲੀਆਂ ਸਾਡੀ ਯਾਦਗਾਰ ਰਹਿਣਗੀਆਂ ਜਿਨ੍ਹਾਂ ਨੂੰ ਤਕ ਕੇ ਅਘ ਓਘ ਟਲਣਗੇ। ਮੇਰੇ ਪੰਥ ਦਾ ਰਾਜ ਜਗਤ ਵਿਚ ਉਜਾਗਰ ਹੋਵੇਗਾ। ਇਹ ਪਿੱਪਲ ਦੇ ਨਾਸ਼ ਹੋਣ ਨਾਲ ਉਹ ਰਾਜ ਵੀ ਨਸ਼ਟ ਹੋ ਜਾਏਗਾ।

(ਗੁਰਮਤਿ ਪ੍ਰਕਾਸ਼, ਜੁਲਾਈ, 1964 ਸਫ਼ਾ 59-60)

ਅਜਿਹੀ ਹੀ ਭਵਿੱਖਬਾਣੀ ਦੱਖਣ ਜਾਂਦਿਆਂ ਸੁਹੇਵੇ ਹੋਈ ਸੀ। ਉਥੇ ਜੰਡ ਸੀ ਵੱਡਾ ਅਤੇ ਪਿੱਪਲ ਛੋਟਾ। ਗੁਰੂ ਜੀ ਕਹਿੰਦੇ:

---

* Suraj Parkash shows that Aurangzeb was at the time busy, in the Deccan subduing Golkanda i.e. about 1687 which must be the date of this battle.
(Page 64. Foot Note 3)

ਇਸ ਜੰਡ ਕੇ ਵੀਚ ਜਿਸ ਦਿਨ ਪਿਪਲ ਲਗੂ, ਆਪ ਪਿਪਲ ਮੱਲ ਗਇਆ, ਜੰਡ ਮਰ ਗਿਆ, ਉਦੋਂ ਖਾਲਸੇ ਕਾ ਰਾਜ ਹੋਊ।'

(ਸ.ਫ਼ਰਾਂ ਦੀ ਸਾਖੀ ਪੋਥੀ, ਸੰਪਾਦਿਤ ਭਾਈ ਵੀਰ ਸਿੰਘ, ਸ.ਫ਼ਾ ੧੧੯)

ਹੁਣ ਇਹ ਪੀਪਲ ਕਾਫੀ ਫੈਲ ਚੁੱਕਾ ਹੈ।

ਭਾਈ ਕਾਹਨ ਸਿੰਘ ਜੀ ਮੁਤਾਬਿਕ, ਕਲਗੀਧਰ ਜੀ ਨੇ ਫਰਮਾਇਆ ਕਿ ਜਦ ਇਹ ਪਿੱਪਲ ਜੰਡ ਨੂੰ ਨਿਗਲ ਜਾਵੇਗਾ ਤਾਂ ਦੇਸ਼ ਦਾ ਦੁਰਭਿੱਖ ਦੂਰ ਹੋਵੇਗਾ।

ਨਾਦੌਣ ਦੇ ਯੁੱਧ ਤੋਂ ਬਾਦ ਗੁਰੂ ਸਾਹਿਬ ਤੇ ਆਲਸਣ ਜਿੱਥੋਂ ਦੇ ਪਠਾਣਾਂ ਨੇ ਗੁਰੂ ਸਾਹਿਬ ਉਤੇ ਹਮਲਾ ਕੀਤਾ ਸੀ, ਨੂੰ ਸੋਧਦੇ ਹੋਏ ਆਨੰਦਪੁਰ ਵਾਪਸ ਆ ਗਏ।

ਦਿਲਾਵਰ ਖਾਂ

ਸੂਰਜ ਪ੍ਰਕਾਸ਼ ਦੇ ਦਸਵੇਂ ਗਿਆਰ੍ਹਵੇਂ ਅਤੇ ਬਾਰ੍ਹਵੇਂ ਅਧਿਆਵਾਂ ਵਿਚ ਉਹਨਾਂ ਜੰਗਾਂ ਦਾ ਵਰਨਣ ਹੈ ਜੋ ਦਿਲਾਵਰ ਖਾਂ ਦੇ ਹੁਕਮ ਨਾਲ ਉਸ ਦੇ ਪੁੱਤਰ, ਉਸ ਦੇ ਗ਼ੁਲਾਮ (ਹੁਸੈਨੀ) ਅਤੇ ਜੁਝਾਰ ਸਿੰਘ ਹਾੜਾ ਨੇ ਗੁਰੂ ਸਾਹਿਬ ਨਾਲ ਕੀਤੇ। ਨਾਦੌਨ ਯੁੱਧ ਤੋਂ ਬਾਦ ਆਨੰਦਪੁਰ ਦੇ ਗਿਰਦੋ ਨਿਵਾਸ ਵਿਚ ਲੋਕਾਂ ਨੂੰ ਦੁੱਖ ਦਿੰਦੇ, ਲੁੱਟ ਮਾਰ ਕਰਦੇ ਚੋਰਾਂ ਡਾਕੂਆਂ ਨੂੰ ਗੁਰੂ ਸਾਹਿਬ ਨੇ ਸੁਧਾਰਿਆ। ਡਾਕਟਰ ਲਾਜਵੰਤੀ ਰਾਮ ਕ੍ਰਿਸ਼ਨ ਨੇ ਬਚਿੱਤ੍ਰ ਨਾਟਕ ਦਸਵੇਂ ਅਧਿਆਏ ਦਾ ਟੀਕਾ ਕਰਦੇ ਲਿਖਿਆ ਹੈ-

"ਤਬ ਦਿਲਾਵਰ ਖ਼ਾਨ* (ਲਾਹੌਰ ਕੇ ਸੂਬੇਦਾਰ ਹੋ ਕਰ) ਆਏ ਔਰ ਉਨਹੋਂ ਨੇ ਆਪਣੇ ਪੁੱਤਰ ਕੋ ਹਮਾਰੀ ਓਰ (ਆਕ੍ਰਮਣ ਕਰਨੇ ਕੇ ਲੀਏ) ਭੇਜਾ। ਜਬ ਰਾਤ ਦੋ ਘੜੀ ਬੀਤ

---

* ਸੂਰਜ ਪ੍ਰਕਾਸ਼ ਅਨੁਸਾਰ ਦਿਲਾਵਰ ਖਾਂ ਕੋਈ ਪੰਜ ਹਜ਼ਾਰੀ ਮਨਸਬਦਾਰ ਸੀ। ਮਾਖ਼ਿਜ਼ੇ ਤਵਾਰੀਖ਼ਾਂ ਸਿੱਖਾਂ, ਜਿਲਦ ਅੱਵਲ ਸੰਪਾਦਤ ਡਾ. ਗੰਡਾ ਸਿੰਘ ਨੇ ਜੋ ਸੂਚੀ ਔਰੰਗਜ਼ੇਬ ਦੇ ਅਹਿਦ ਸਮੇਂ ਨਿਯਤ ਹੋਏ ਪੰਜਾਬ ਦੇ ਨਾਜ਼ਮਾਂ ਦੀ (ਜੋ ਹੇਠਾਂ ਦਿੱਤੀ ਜਾਂਦੀ ਹੈ) ਦਿੱਤੀ ਹੈ, ਉਸ ਵਿਚ ਦਿਲਾਵਰ ਖਾਂ ਦਾ ਨਾਉਂ ਨਹੀਂ ਮਿਲਦਾ, ਔਰੰਗਜ਼ੇਬ ਦਾ ਸੰਨ ਜਲੂਸ ਉਸ ਦੇ ਹੁਕਮ ਅਨੁਸਾਰ ਯਕਮ ਰਮਜ਼ਾਨ 1068 ਹਿਜਰੀ, ਮੁਤਾਬਕ 23 ਮਈ 1658 ਤੋਂ ਸ਼ੁਰੂ ਕੀਤਾ ਗਿਆ ਸੀ।

ਸੰਨ ਜਲੂਸ	1	ਖ਼ਲੀਲ ਉੱਲਾ ਖਾਂ, (ਅਮੀਰ ਖਾਂ ਛੇ ਹਜ਼ਾਰੀ ਦਾ ਪਿਤਾ
" "	4	ਇਬਰਾਹੀਮ ਖਾਂ ਪੁੱਤ੍ਰ ਅਲੀ ਮਰਦਾਨ ਖਾਂ।
" "	10	ਮੁਹੰਮਦ ਅਮੀਨ ਖਾਂ ਮੀਰ ਬਖ਼ਸ਼ੀ ਪੁੱਤਰ ਮੀਰ ਜੁਮਲਾ।
" "	13	ਮਹਾਬਤ ਖਾਂ ਦੀ ਬਦਲੀ ਕਾਰਨ ਅਮੀਨ ਖਾਂ ਲਾਹੌਰੋਂ ਕਾਬਲ ਦਾ ਸੂਬੇਦਾਰ ਨਿਯਤ ਹੋਇਆ।
" "	18	ਅਮਾਨਤ ਖਾਂ ਉਰਫ਼ ਮੀਰਕ ਮੁਈਅਨ ਦੀਨ ਈਰਾਨੀ ਨੂੰ, ਕਾਬਲ ਦੀ ਭਾਂਜ ਕਾਰਨ ਮੁਹੰਮਦ ਅਮੀਨ ਖਾਂ ਦੀ ਥਾਂ ਨਿਯਤ ਕੀਤਾ ਗਿਆ।
" "	21	ਇਬ੍ਰਾਹੀਮ ਖਾਂ ਦੀ ਬਦਲੀ ਕਾਰਨ, ਕਵਾਮੁੱਦੀਨ ਖਾਂ ਨਾਜ਼ਮ ਕਸ਼ਮੀਰ।

→

ਗਈ, ਉਸ ਸਮੇਂ ਖ਼ਾਨ ਲੋਗੋਂ ਨੇ ਏਕ ਸਾਥ ਆਨੰਦਪੁਰ ਪਰ ਚੜ੍ਹਾਈ ਕੀ। ਜਬ (ਖ਼ਾਨਜ਼ਾਦੇ) ਰੁਸਤਮ ਖਾਂ ਕੀ ਸੇਨਾ ਕਾ ਏਕ ਦਲ* ਵਯਾਸ ਨਦੀ ਕੇ ਇਸ ਪਾਰ ਪਹੁੰਚ ਗਿਆ ਤੋ ਇਹ ਸੂਰਮਾ ਆਲਮ (ਸ਼ਾਹ)* ਨੇ ਹਮੇਂ ਆਕਰ ਜਗਾਇਆ।" ਸਤਿਗੁਰਾਂ ਨੇ ਉਸੇ ਵੇਲੇ ਸਾਵਧਾਨ ਹੋ ਕੇ ਰਣਜੀਤ ਨਗਾਰੇ ਤੇ ਚੋਟ ਲਗਵਾਈ ਅਤੇ ਪਲੋ ਪਲੀ 'ਚ ਸਿੱਖ ਸੈਨਾ ਨੇ ਰਾਤ ਦੇ ਥੱਕੇ ਹਾਰੇ ਸ਼ਤਰੂਆਂ 'ਤੇ ਹਮਲਾ ਬੋਲ ਦਿੱਤਾ। ਨਿਲੱਜ ਖ਼ਾਨਜ਼ਾਦਾ ਜਿਧਰੋਂ ਆਇਆ ਮੁੜ ਉਧਰ ਹੀ ਬਿਨਾਂ ਲੜੇ ਭੱਜ ਗਿਆ। ਇਹਦੀ ਕਾਇਰਤਾ ਤਕ ਤ੍ਰੀਮਤਾਂ ਨੂੰ ਵੀ ਲਾਜ ਆਈ। 'ਮਾੜੀ ਧਾੜ ਚੁਮਾੜਲੀ ਉਤੇ' ਦੀ ਕਹਾਵਤ ਅਨੁਸਾਰ ਭੱਜੀ ਜਾਂਦੀ ਫੌਜ ਨੇ ਇਕ ਗਰੀਬ ਪਿੰਡ 'ਬਰਵਾ' ਉਜਾੜ ਦਿੱਤਾ। ਜਿਵੇਂ ਬਾਣੀਆਂ ਮਾਸ ਤਾਂ ਖਾ ਨਹੀਂ ਸਕਦਾ, ਪਰ ਝੱਸ ਪੂਰਾ ਕਰਨ ਲਈ ਰੋੜਿਆਂ ਦੀ ਤਰੀ ਪੀ ਕੇ ਹੀ ਮਾਸ ਖਾ ਲੈਣ ਦੀ ਝੂਠੀ ਤਸੱਲੀ ਲੈ ਲੈਂਦਾ ਹੈ। ਹਜ਼ੂਰ ਅਕਾਲ ਪੁਰਖ ਦਾ ਸ਼ੁਕਰ ਕਰਦੇ ਹਨ, (ਦਸਵੇਂ ਅਧਿਆਏ ਦੇ ਅੰਤ ਵਿਚ) ਆਨੰਦਪੁਰ ਨੂੰ ਬਚਾ ਲੈਣ ਦਾ:

ਤਵ ਬਲ ਇਹਾ ਨ ਪਰ ਸਕੈ ਬਰਵਾ ਹਨਾ ਰਿਸਾਇ।
ਸਾਲਨ ਰਸ ਜਿਮ ਬਾਨੀਓ, ਰੋਰਨ ਖਾਤ ਬਨਾਇ॥੧੦॥

→ " " 23 ਸ਼ਹਿਜ਼ਾਦਾ ਮੁਹੰਮਦ ਆਜ਼ਮ।
" " 34 ਖਾਂ ਜਹਾਨ ਬਹਾਦਰ ਜ਼ਫ਼ਰ ਜੰਗ ਸੂਬੇਦਾਰ ਇਲਾਹਾਬਾਦ, ਸ਼ਹਿਜ਼ਾਦੇ ਦੀ ਬਦਲੀ ਕਾਰਨ, ਮੁਕਰਮ ਖਾਂ।
" " 41 ਅਬੁਲ ਨਸਰ ਖਾਂ ਪੁੱਤ੍ਰ ਸ਼ਾਇਸਤਾ ਖਾਂ, ਜਿਸ ਦੀ ਬਦਲੀ ਤੇ ਇਬਰਾਹੀਮ ਖਾਂ ਪੁੱਤ੍ਰ ਅਲੀ ਮਰਦਾਨ ਖਾਂ।
" " 43 ਸ਼ਹਿਜ਼ਾਦਾ ਮੁਹੰਮਦ ਮੁਅਜ਼ਮ ਬਹਾਦਰ ਸ਼ਾਹ ਨਾਜ਼ਮ ਮੁਲਤਾਨ ਤੇ ਕਾਬਲ ਦਾ ਨਿਯਤ ਹੋਇਆ, ਉਹਦਾ ਨਾਇਬ ਕਾਜ਼ੀ ਖਾਂ ਚਿਹਲ ਹਜ਼ਾਰੀ।

ਹੁਸੈਨੀ ਯੁੱਧ ਬਾਬਤ ਲਿਖਦੇ ਹੋਏ ਤੇਜਾ ਸਿੰਘ ਗੰਡਾ ਸਿੰਘ ਦੱਸਦੇ ਹਨ ਕਿ ਦਿਲਾਵਰ ਖਾਂ ਕਾਂਗੜੇ ਦਾ ਗਵਰਨਰ ਸੀ (A Short History of the Sikhs, page 65, foot note.) ਪਰ ਡਾ. ਗੰਡਾ ਸਿੰਘ ਦੀ ਸਜਰੀ ਰਚਨਾ ਗੁਰੂ ਸ਼ੋਭਾ ਸੰਪਾਦਿਤ ਸਫ਼ਾ 156 ਵਿੱਚ ਦੱਸਿਆ ਗਿਆ ਹੈ ਕਿ ਬਾਦਸ਼ਾਹ ਔਰੰਗਜ਼ੇਬ ਨੇ 11 ਮੁਹੱਰਮ ਸੰਨ 1084 ਹਿਜਰੀ, 11 ਅਪ੍ਰੈਲ 1678 ਈ: ਨੂੰ ਚਕਲਾ ਸਰਹੰਦ ਦੇ ਫੌਜਦਾਰ ਸ਼ੇਖ ਅਬਦੁਲ ਅਜੀਜ਼ ਨੂੰ ਦਿਲਾਵਰ ਖਾਂ ਦਾ ਖਿਤਾਬ ਬਖ਼ਸ਼ਿਆ ਸੀ।

* ਇਹ ਸੂਰਮਾ ਅੰਮ੍ਰਿਤ ਛਕ ਕੇ ਆਲਮ ਸਿੰਘ ਕਹਾਇਆ। ਗੁਰੂ ਸਾਹਿਬ ਲਿਖਦੇ ਹਨ "ਆਨ ਆਲਸੇ ਹਮੇ ਜਗਾਇਆ॥"

ਹੁਸੈਨੀ ਯੁੱਧ

ਖ਼ਾਨਜ਼ਾਦੇ ਦੇ ਹਾਰ ਕੇ ਆਉਣ 'ਤੇ ਦਿਲਾਵਰ ਖਾਂ ਨੇ ਆਪਣੇ ਇਕ ਗ਼ੁਲਾਮ, ਹੁਸੈਨੀ ਨੂੰ ਆਨੰਦਪੁਰ ਉਤੇ ਹੱਲਾ ਕਰਨ ਲਈ ਭੇਜਿਆ। ਰਾਹ ਵਿਚ ਲੁੱਟ ਮਾਰ ਕਰਦਾ ਉਹ ਡਢਵਾਲ ਆ ਪੁੱਜਾ ਤੇ ਰਾਜਾ ਮਧੁਕਰ ਸ਼ਾਹ ਨੂੰ ਜਿੱਤ ਲਿਆ। ਲੋਕਾਂ ਦਾ ਦਾਣਾ ਫੱਕਾ ਲੁੱਟ ਕੇ ਫੌਜ ਨੂੰ ਵੰਡ ਦਿੱਤਾ, ਇਹ ਬਹੁਤ ਹੀ ਨੀਚ ਕੰਮ ਸੀ:

ਲੀਯੋ ਛੀਨ ਅੰਨੰ ਦਲੰ ਬਾਂਟਿ ਦੀਯੋ। ਮਹਾਂ ਮੂੜ੍ਹਿਯੰ ਕੁਤਸੰਤਕਾਜ ਕੀਯੰ॥

ਥੋੜ੍ਹੇ ਦਿਨਾਂ ਪਿਛੋਂ ਗੁਲੇਰੀਏ ਵੀ ਹੁਸੈਨੀ ਨਾਲ ਮਿਲ ਗਏ। ਜੇ ਉਹ ਇਕ ਦੋ ਦਿਨ ਨਾ ਮਿਲਦੇ ਤਾਂ ਉਹ ਸਿੱਧਾ ਆਨੰਦਪੁਰ ਆ ਪੁਜਦਾ, ਪਰ ਕਾਲ ਨੇ ਉਹਦੇ ਅਤੇ ਪਹਾੜੀ ਰਾਜਿਆਂ ਵਿਚਾਲੇ ਕਲਿਹ ਖਲੇਰ ਦਿੱਤੀ। ਜਦ ਗੁਪਾਲ ਗੁਲੇਰੀਆ ਆਪਣੇ ਨਾਲ ਰਾਮ ਸਿੰਘ ਜਸਵਾਲੀਏ ਨੂੰ ਲੈ ਕੇ ਨਜ਼ਰਾਨਾ ਦੇਣ ਗਿਆ, ਤਦ ਹੁਸੈਨੀ ਨੇ ਹੰਕਾਰ ਵਿਚ ਆ ਕੇ, ਕਹਿਲੂਰੀਆਂ ਅਤੇ ਕਟੋਚੀਆਂ ਦੀ ਸ਼ਹਿ ਉਤੇ ਉਹਨਾਂ ਦੀ ਬੇਪਤੀ ਕੀਤੀ, ਉਹ ਦੋਨੋਂ ਧਨ ਲੈ ਕੇ ਮੁੜ ਆਏ ਅਤੇ ਹੁਸੈਨੀ ਨੇ ਰਾਜਪੂਤ ਬਹਾਦਰਾਂ ਨੂੰ ਇਉਂ ਘੇਰਾ ਪਾ ਲਿਆ ਜਿਵੇਂ ਸਹਾ (ਸ਼ੈਹਾ) ਸ਼ੇਰ ਨੂੰ ਘੇਰ ਲਏ*। ਗੋਪਾਲ ਨੇ ਸਹਾਇਤਾ ਲਈ ਗੁਰੂ ਸਾਹਿਬ ਨੂੰ ਬੇਨਤੀ ਕਰ ਘਲੀ, ਉਹਨਾਂ ਨੇ ਭਾਈ ਸੰਗਤੀਆ ਸਿੰਘ ਨੂੰ ਸੱਤ ਸਿੱਖ ਦੇ ਕੇ ਭੇਜਿਆ। ਪੰਦਰਾਂ ਦਿਨ ਦੇ ਸਖ਼ਤ ਘੇਰੇ ਨੇ ਗੋਪਾਲ ਨੂੰ ਸੁਲਹ ਕਰਨ ਉੱਤੇ ਮਜਬੂਰ ਕੀਤਾ। ਹੁਸੈਨੀ ਨੇ 10,000 ਰੁਪਿਆ ਤੁਰੰਤ ਮੰਗਿਆ। ਭਾਈ ਸੰਗਤੀਆ ਰਾਜੇ ਨੂੰ ਲੈ ਕੇ ਹੁਸੈਨੀ ਦੇ ਡੇਰੇ ਗਏ। ਹੁਸੈਨੀ ਨਾਲ ਰਲ ਬੈਠੇ ਦੇਸ਼ ਧਰੋਹੀ ਪਹਾੜੀ ਰਾਜਿਆਂ ਨੇ ਸੁਲਹ ਨਾ ਹੋਣ ਦਿੱਤੀ ਸਗੋਂ ਇਹ ਸਾਜ਼ਸ਼ ਕੀਤੀ ਕਿ ਗੋਪਾਲ ਨੂੰ ਕੈਦ ਕਰ ਲਿਆ ਜਾਏ ਜਾਂ ਮਾਰ ਦਿੱਤਾ ਜਾਵੇ, ਪਰ ਸਮੇਂ ਸਿਰ ਖ਼ਬਰ ਹੋ ਜਾਣ ਕਰਕੇ ਉਹ ਬਚ ਕੇ ਫੇਰ ਆਪਣੇ ਘਰ ਮੁੜ ਆਇਆ ਤੇ ਜੰਗ ਫੇਰ ਸ਼ੁਰੂ ਹੋ ਗਿਆ:

ਮਧੁਭਾਰ ਛੰਦ

ਜਬ ਗਯੋ ਗੁਪਾਲ। ਕੁੱਪਯੋ ਕ੍ਰਿਪਾਲ॥ ਹਿੰਮਤ ਹੁਸੈਨ॥ ਜੁੰਮੈ ਲੁਝੈਨ॥੧੬
ਕਰਿਕੈ ਗੁਮਾਨ॥ ਜੁੰਮੈ ਜੁਆਨ॥ ਬੱਜੇ ਤਬਲ॥ ਦੁੰਦਬ ਦਬੱਲ॥੧੭॥
ਬੱਜੇ ਨਿਸ਼ਾਣ॥ ਨੱਚੇ ਕਿਕਾਣ॥ ਬਾਹੈ ਤੜਾਕ॥ ਉੱਠੈ ਕੜਾਕ॥੧੮॥
ਬੱਜੇ ਨਿਸ਼ੰਗ॥ ਗੱਜੇ ਨਿਹੰਗ॥ ਛੁਟੈ ਕ੍ਰਿਪਾਨ॥ ਲਿਟੈ ਜੁਆਨ॥੧੯॥
ਤੁੱਪਕ ਤੜਾਕ॥ ਕੈਬਰ ਕੜਾਕ॥ ਸੇਹਥੀ ਸੜਾਕ॥ ਛੋਹੀ ਛੜਾਕ॥੨੦॥
ਗੱਜੇ ਸੁ ਬੀਰ॥ ਬੱਜੇ ਗਹੀਰ॥ ਬਿਚਰੇ ਨਿਹੰਗ॥ ਜੈਸੇ ਪਿਲੰਗ॥੨੧॥
ਹੁੱਕੇ ਕਿਕਾਣ॥ ਧੁੱਕੇ ਨਿਸਾਣ॥ ਬਾਹੈ ਤੜਾਕ॥ ਝਲੈ ਝੜਾਕ॥੨੨॥
ਜੁੱਝੇ ਨਿਹੰਗ॥ ਲਿੱਟੇ ਮੱਲੰਗ॥ ਖੁੱਲੇ ਕਿਸਾਰ॥ ਜਨ ਜਟਾਧਾਰ॥੨੩॥
ਸੱਜੇ ਰਜਿੰਦ੍ਰ॥ ਗੱਜੇ ਗਜਿੰਦ੍ਰ॥ ਉੱਤਰੇ ਖਾਨ॥ ਲੈ ਲੈ ਕਮਾਨ॥੨੪॥

---

* ਇਹ ਜ਼ਾਲਮ ਆਕ੍ਰਮਣਕਾਰੀ ਦੇ ਮੁਕਾਬਲੇ 'ਤੇ ਆਪਣੇ ਵੀਰ ਦੇਸ਼-ਵਾਸੀਆਂ ਲਈ ਗੁਰੂ ਸਾਹਿਬ ਵਲੋਂ ਪ੍ਰਗਟਾਈ ਗਈ ਸਨੇਹ-ਮਈ ਸ਼ਰਧਾ ਹੈ:

ਦਾਵ ਘਾਵ ਤਿਨ ਨੈਕੁ ਨ ਕਰਾ। ਸਿੰਘਹਿ ਘੇਰੋ ਸਸਾ ਕਹੁ ਡਰਾ।
ਪੰਦਰਹ ਪਹਿਰ ਗਿਰਦ ਤਿਹ ਕੀਯੋ, ਖਾਨ ਪਾਨ ਤਿਨ ਜਾਨ ਨ ਦੀਯੋ॥੧੧॥

ਆਧਿਆਏ ੧੧

ਇਸ ਘਮਸਾਨ ਦੇ ਰਣ ਵਿਚ ਹੁਸੈਨੀ ਅਤੇ ਦੇਸ਼-ਧਰੋਹੀ ਕ੍ਰਿਪਾਲ ਚੰਦ ਕਟੋਚੀਆ ਮਾਰੇ ਗਏ। ਸੱਤਾਂ ਸਵਾਰਾਂ ਸਮੇਤ ਭਾਈ ਸੰਗਤੀਆ ਵੀ ਸ਼ਹੀਦ ਹੋਏ। ਇਉਂ ਜੰਗ ਦੀ ਘਟਾ ਜੋ ਅਨੰਦਪੁਰ 'ਤੇ ਚੜ੍ਹ ਕੇ ਆਈ ਸੀ, ਕਿਤੇ ਹੋਰ ਹੀ ਵਰ੍ਹ ਗਈ।

> *ਜੀਤ ਭਈ ਰਣ ਭਯੋ ਉਜਾਰਾ। ਸਿੰਮ੍ਰਿਤਿ ਕਰਿ ਸਭ ਘਰੋ ਸਿਧਾਰਾ।*
> *ਰਾਖਿ ਲੀਯੋ ਹਮ ਕੋ ਜਗਰਾਈ। ਲੋਹ ਘਟਾ ਅਨਤੈ ਬਰਸਾਈ॥੬੯॥*

ਪ੍ਰੋ: ਸਾਹਿਬ ਸਿੰਘ ਇਸ ਘਟਨਾ ਨੂੰ 1688-89 ਦੇ ਸਿਆਲ ਵਿਚ ਹੋਈ ਦੱਸਦੇ ਹਨ। (ਦੇਖੋ ਸਪੋਕਸਮੈਨ, ਨਵੀਂ ਦਿੱਲੀ, 13 ਜੂਨ 1966, ਸਫ਼ਾ 5) ਪਰ ਤੇਜਾ ਸਿੰਘ, ਗੰਡਾ ਸਿੰਘ ਇਹ ਸਾਲ 1695 ਦੱਸਦੇ ਹਨ ਜੋ ਠੀਕ ਜਾਪਦਾ ਹੈ: It is called Hussaini Yudh by Guru Gobind Singh, because it was fought against Hussain Khan, a general of Dilawar Khan, Governor of Kangra. It may be dated 1695.

ਪਰ ਸੇਵਾ ਸਿੰਘ ਭੱਟ ਥਿਤ ਵਾਰ ਸਹਿਤ ਸੰਮਤ ਦਿੰਦਾ ਹੈ: 23 ਫਗਣ ਸੰਮਤ 1752 (20.3.1696)

ਤੀਜੀ ਵਾਰ ਦਿਲਾਵਰ ਖਾਂ ਨੇ (ਡਾਕਟਰ ਲਾਜਵੰਤੀ ਅਨੁਸਾਰ, ਆਪਣੇ ਪੁੱਤਰ ਰੁਸਤਮ ਖਾਂ ਦੀ ਕਮਾਨ ਥੱਲੇ) ਜੁਝਾਰ ਸਿੰਘ ਹਾੜਾ ਅਤੇ ਚੰਦਨ ਰਾਏ ਚੰਦੇਲ ਨੂੰ ਭੇਜਿਆ, ਜੁਝਾਰ ਸਿੰਘ ਨੇ ਭਲਾਣ 'ਚੋਂ ਜਸਵਾਲੀਆਂ ਨੂੰ ਨਖੇੜ ਦਿੱਤਾ। ਜਸਵਾਲੀਆ ਗੱਜ ਸਿੰਘ ਪੰਮਾ ਦਿਨ ਚੜ੍ਹਦੇ ਸਾਰ ਹਾੜਾ ਦਾ ਮੁਕਾਬਲਾ ਕਰਨ ਲਈ ਆ ਡਟਿਆ। ਹਾੜਾ ਸਰਦਾਰ ਰਣ ਵਿਚ ਗੱਡੇ ਹੋਏ ਖੰਭੇ ਵਾਂਗ ਅਡੋਲ ਖੜੋਤਾ ਸੀ: ਅਧਿਆਇ 12;

> *ਉਤੈ ਪਠਿਓ ਉਨ ਸਿੰਘ ਜੁਝਾਰਾ। ਤਿੱਹ ਭਲਾਨ ਤੇ ਖੇਦ ਨਕਾਰਾ।*
> *ਇਤ ਗੱਜ ਸਿੰਘ ਪੰਮਾ ਦਲ ਜੋਰਾ। ਧਾਇ ਪਰੇ ਇਨ ਊਪਰ ਭੋਰਾ॥੨॥*
> *ਉਤੈ ਜੁਝਾਰ ਸਿੰਘ ਭਯੋ ਆਡਾ। ਜਿਮ ਰਮ ਖੰਭ ਭੂਮਿ ਰਨ ਗਾਡਾ।*
> *ਗਾਡਾ ਚਲੈ ਨ ਹਾਡਾ ਚਲਿ ਹੈ। ਸਾਮੁਹਿ ਸੇਲ ਸਮਰ ਮੋ ਝਲਿ ਹੈ॥੩॥*

ਚੰਦਨ ਰਾਏ ਅਤੇ ਜੁਝਾਰ ਸਿੰਘ ਦੋਨੋਂ ਘੋਰ ਯੁੱਧ ਕਰਦੇ ਮਾਰੇ ਗਏ ਤੇ ਉਹ ਆਨੰਦਪੁਰ ਤੱਕ ਨਾ ਪੁਜ ਸਕੇ।

ਸ਼ਹਿਜ਼ਾਦਾ ਮੁਅੱਜ਼ਮ

ਤੇਰ੍ਹਵੇਂ ਅਧਿਆਏ ਵਿਚ ਹਜ਼ੂਰ ਨੇ ਔਰੰਗਜ਼ੇਬ ਦੇ ਪੁੱਤਰ ਮੁਅੱਜ਼ਮ ਦੇ ਪੰਜਾਬ ਆਉਣ ਦੀ ਖ਼ਬਰ ਨਾਲ ਪਏ ਆਤੰਕ ਦਾ ਜ਼ਿਕਰ ਕੀਤਾ ਹੈ ਅਤੇ ਡਰ ਕੇ ਗੁਰੂ ਤੋਂ ਬੇਮੁਖ ਹੋ ਜਾਣ ਵਾਲੇ ਸਿੱਖਾਂ ਜਾਂ ਭਗੌੜੇ ਹੋ ਜਾਣ ਵਾਲੇ ਸੈਨਕਾਂ ਦੀ ਦੁਰਗਤੀ ਦਾ ਵਰਨਣ ਕੀਤਾ ਹੈ। ਇਰਵਨ ਦੇ 'ਲੇਟਰ ਮੁਗਲਜ਼' ਅਨੁਸਾਰ ਮੁਹੰਮਦ ਮੁਅੱਜ਼ਮ (ਜੋ ਔਰੰਗਜ਼ੇਬ ਤੋਂ ਬਾਦ ਆਪਣੇ ਭਰਾ ਆਜ਼ਮ ਸ਼ਾਹ ਨੂੰ ਹਰਾ ਕੇ ਬਹਾਦਰ ਸ਼ਾਹ ਦੇ ਲਕਬ ਨਾਲ ਤਖ਼ਤ ਉਤੇ ਬੈਠਾ) 14 ਅਕਤੂਬਰ 1643 ਨੂੰ ਬੁਰਹਾਨਪੁਰ (ਦੱਖਣੀ) ਵਿਚ, ਰਾਜੌਰੀ ਦੇ ਰਾਜੇ ਦੀ ਪੁੱਤਰੀ ਨਵਾਬ ਬਾਈ ਦੇ ਉਦਰ ਤੋਂ ਪੈਦਾ ਹੋਇਆ। ਔਰੰਗਜ਼ੇਬ ਦੱਖਣ ਦੀਆਂ ਮੁਹਿੰਮਾਂ ਵਿਚ ਆਜ਼ਮ ਤੇ ਮੁਅੱਜ਼ਮ ਦੋਹਾਂ ਸ਼ਾਹਜ਼ਾਦਿਆਂ ਨੂੰ ਨਾਲ ਲੈ ਗਿਆ ਸੀ। ਗੋਲਕੁੰਡਾ ਦੀ ਮੁਹਿੰਮ ਵਿਚ ਮੁਅੱਜ਼ਮ

ਦੇ ਦੁਸ਼ਮਣ ਨਾਲ ਮਿਲ ਜਾਣ ਦੇ ਦੋਸ਼ ਵਿਚ ਉਹਨੂੰ 8 ਮਾਰਚ, 1687 ਨੂੰ ਕੈਦ ਕੀਤਾ ਗਿਆ ਤੇ 8 ਸਾਲ ਬਾਦ ਉਹਨੂੰ ਰਿਹਾ ਕਰਕੇ 24 ਮਈ 1695 ਨੂੰ ਅਕਬਰਾਬਾਦ ਦਾ ਗਵਰਨਰ ਬਣਾਇਆ ਗਿਆ। 24 ਜੁਲਾਈ 1696 ਤਕ ਉਹ ਆਗਰੇ ਰਿਹਾ। ਕਾਬਲ ਦੇ ਸੂਬੇਦਾਰ ਅਮੀਰ ਖ਼ਾਂ ਦੇ ਮਰਨ ਬਾਦ ਉਹਨੂੰ ਕਾਬਲ ਦਾ ਸੂਬੇਦਾਰ ਥਾਪਿਆ ਗਿਆ ਅਤੇ ਉਹ ਲਾਹੌਰ ਮੁਲਤਾਨ, ਉੱਚ ਥਾਣੀ ਹੁੰਦਾ ਹੋਇਆ ਕਾਬਲ ਗਿਆ। ਡਾ. ਗੰਡਾ ਸਿੰਘ ਦੇ ਸ਼ਬਦਾਂ ਵਿੱਚ ਸੁਆਸਿਰੀ ਆਲਮਗੀਰੀ ਦੇ ਚਾਲੀਵੇਂ ਜਲੂਸੀ ਸਾਲ ਵਿਚ ਮੁਅੱਜ਼ਮ ਪਿਤਾ ਦੇ ਹੁਕਮ ਅਨੁਸਾਰ 22 ਜ਼ੀ ਹਿੱਜਾ 1107 ਹਿਜਰੀ ਮੁਤਾਬਕ 13 ਜੁਲਾਈ ਸੰਨ 1696 ਨੂੰ ਮੁਲਤਾਨ ਨੂੰ ਤੁਰ ਗਿਆ। ਇਸਦੇ ਕੂਚ ਦਾ ਗੋਗਾ ਸੁਣ ਕੇ ਸ਼ਿਵਾਲਕ ਪਹਾੜ ਵਿਚ ਭਾਜੜ ਪੈ ਗਈ। ਬੜੇ ਬੜੇ ਰਾਜੇ ਪਹਾੜੀਆਂ ਵਿਚ ਜਾ ਲੁਕੇ, ਪਰ ਬਾਦਸ਼ਾਹ ਆਨੰਦਪੁਰ ਵਲ ਨਾ ਆਇਆ ਤੇ ਸਿੱਧਾ ਮੁਲਤਾਨ ਨੂੰ ਚਲਾ ਗਿਆ।

ਪਹਾੜੀ ਰਾਜਿਆਂ ਤੇ ਫੇਰ ਸੂਬੇਦਾਰਾਂ ਦੀਆਂ ਫ਼ੌਜਾਂ ਨੂੰ ਗੁਰੂ ਸਾਹਿਬ ਹੱਥੀਂ ਸ਼ਿਕਸਤ ਹੋਣ ਕਾਰਨ ਪੰਜਾਬ 'ਚੋਂ ਢਹਿੰਦੇ ਮੁਗਲੀਆ ਵਕਾਰ ਨੂੰ ਕਾਇਮ ਰੱਖਣ ਲਈ, ਪਹਿਲੋਂ ਪਹਿਲ 20 ਨਵੰਬਰ 1693 ਨੂੰ ਸ਼ਾਹੀ ਹੁਕਮ ਹੋਇਆ ਸੀ "ਗੁਰੂ ਸਾਹਿਬ ਨੂੰ ਜੋ ਆਪਣੇ ਆਪ ਨੂੰ 'ਗੁਰੂ ਨਾਨਕ' ਕਹਾਉਂਦੇ ਹਨ, ਆਪਣੇ ਪਾਸ ਸਿੱਖਾਂ ਨੂੰ ਇਕੱਠੇ ਕਰਨ ਤੋਂ ਰੋਕਿਆ ਜਾਵੇ।"

1693, November 20: News from Sarhind-Gobind declares himself to be Guru Nanak. Faujdars ordered, to prevent him from assembling his Sikhs.

{Akhbarat-i-Darbar-i-mualia}

ਗਾਲਿਬਨ ਇਸੇ ਕਰਕੇ ਦਿਲਾਵਰ ਖਾਂ ਨੇ ਤਿੰਨ ਹਮਲੇ ਆਨੰਦਪੁਰ ਉਤੇ ਕਰਵਾਏ। ਅਤੇ ਇਹਨਾਂ ਦੇ ਅਸਫਲ ਰਹਿਣ ਤੇ ਔਰੰਗਜ਼ੇਬ ਨੇ ਸ਼ਹਿਜ਼ਾਦਾ ਮੁਅੱਜ਼ਮ ਨੂੰ ਪੰਜਾਬ ਦੀ ਉਲਝੀ ਤਾਣੀ ਨੂੰ ਸੁਲਝਾਉਣ ਲਈ ਭੇਜਿਆ, ਇਹਨੇ ਲਾਹੌਰ ਤੋਂ ਮਿਰਜ਼ਾ ਬੇਗ ਅਹਿਦੀਏ ਨੂੰ ਇਧਰ ਭੇਜਿਆ। ਜਿਹੜੇ ਲੋਕ ਆਂਤਕ ਦੇ ਮਾਰੇ ਉਚੇ ਪਹਾੜੀਂ ਜਾ ਚੜ੍ਹੇ ਸਨ, ਉਹਨਾਂ ਵਿਚ ਧਨਾਢ ਅਤੇ ਅਤੇ ਸਿੱਖਾਂ ਦੇ ਮਸੰਦ ਵੀ ਸ਼ਾਮਲ ਸਨ। ਮਿਰਜ਼ਾ ਬੇਗ ਨੇ ਉਹਨਾਂ ਦੇ ਘਰ ਬਾਰ ਢਾਹ ਦਿੱਤੇ ਉਹਨਾਂ ਨੂੰ ਲੁੱਟ ਲਿਆ। ਜਿਹੜੇ ਮਾਇਆਧਾਰੀ ਮਸੰਦ ਬੇਮੁਖ ਹੋ ਕੇ ਲੁੱਟੇ ਗਏ ਉਹਨਾਂ ਬਾਬਤ ਗੁਰੂ ਸਾਹਿਬ ਨੇ ਫੁਰਮਾਇਆ:

---

*ਮਿਰਜ਼ਾ ਬੇਗ ਤੋਂ ਬਾਦ ਚਾਰ ਅਹਿਦੀਏ ਆਏ। ਮੁਗਲਾਂ ਸਮੇਂ ਉਸ ਅਹੁਦੇਦਾਰ ਨੂੰ ਕਹਿੰਦੇ ਸਨ ਜਿਸਦੇ ਤਿੰਨ ਘੋੜ ਸਵਾਰ ਹੋਣ ਜਿਸ ਕਾਰਨ ਉਸਨੂੰ ਦੋ ਅਸਪਹ, ਯਾ ਸਿਹ ਅਸਪਹ ਆਖਿਆ ਜਾਂਦਾ ਸੀ। ਇਸਨੂੰ ਤਨਖਾਹ ਆਪ ਸਿਪਾਹੀਆਂ ਨਾਲੋਂ ਵੱਧ, ਵੀਹ ਯਾ ਪੰਝੀ ਰੁਪਏ ਮਿਲਦੀ ਸੀ। ਇਹ ਮਾਮਲੇ ਦੀ ਉਗਰਾਹੀ ਯਾ ਬਾਦਸ਼ਾਹ ਦੇ ਖਾਸ ਹੁਕਮ ਦੀ ਤਾਮੀਲ ਕਰਨ ਤੇ ਕਰਵਾਉਣ ਲਈ ਭੇਜੇ ਜਾਂਦੇ ਸਨ। ਜਦ ਤਕ ਤਾਮੀਲ ਨ ਹੋ ਜਾਏ, ਡੇਰਾ ਨਹੀਂ ਸਨ ਚੁੱਕਦੇ। ਅਜੋਕੀ ਬੋਲੀ ਵਿਚ ਇਨ੍ਹਾਂ ਨੂੰ ਸ਼ਾਹੀ ਅਰਦਲੀ ਕਿਹਾ ਜਾ ਸਕਦਾ ਹੈ। ਗੁਰੂ ਸੋਭਾ, ਸੰਪਾਦਿਤ ਡਾ. ਗੰਡਾ ਸਿੰਘ, ਫੁਟ ਨੋਟ ਸਫ਼ਾ 35)

ਜੋ ਬਾਬੇ ਕੇ ਦਾਮ ਨ ਦੇਹੈਂ, ਗਹਿ ਬਾਬਤ ਕੇ ਉਨ ਤੇ ਲੈਹੈਂ।

ਮਿਰਜ਼ਾ ਬੇਗ ਤੋਂ ਬਾਦ ਚਾਰ ਅਹਿਦੀਏ ਹੋਰ ਆਏ। ਉਹਨਾਂ ਰਹਿੰਦੇ ਬੇਮੁਖਾਂ ਦੇ ਘਰ ਬਾਰ ਲੁੱਟ ਕੇ ਢਾਹ ਦਿੱਤੇ। ਅਜਿਹੇ ਬੇਮੁਖਾਂ ਦੇ ਅਗਲੇ ਜਹਾਨ ਵਿਚ ਵੀ ਘਰ ਢਾਹੇ ਜਾਂਦੇ ਹਨ। ਇਹੋ ਹਾਲ ਭਗੌੜੇ ਸੈਨਕਾਂ ਦਾ ਹੁੰਦਾ ਹੈ:

ਜੇ ਅਪਨੇ ਗੁਰ ਤੇ ਮੁਖ ਫਿਰ ਹੈ। ਈਹਾਂ ਊਹਾਂ ਤਿਨ ਕੇ ਗ੍ਰਿਹ ਗਿਰ ਹੈ॥
ਇਹਾਂ ਉਪਹਾਸ ਨ ਸੁਰ ਪੁਰ ਬਾਸਾ॥ ਸਭ ਬਾਤਨ ਤੇ ਰਹੈ ਨਿਰਾਸਾ॥੫॥

ਦੂਖ ਭੂਖ ਤਿਨ ਕੋ ਰਹੈ ਲਾਗੀ॥ ਸੰਤ ਸੇਵ ਤੇ ਜੋ ਹੈ ਤਯਾਗੀ॥
ਜਗਤ ਬਿਖੈ ਕੋਈ ਕਾਮ ਨ ਸਰਹੀ॥ ਅੰਤਹਿ ਕੁੰਡ ਨਰਕ ਕੀ ਪਰਹੀ॥੬॥

ਤਿੰਨ ਕੋ ਸਦਾ ਜਗਤ ਉਪਹਾਸਾ॥ ਅੰਤਹਿ ਕੁੰਡ ਨਰਕ ਕੀ ਬਾਸਾ॥
ਗੁਰ ਪਗ ਤੇ ਜੇ ਬਿਮੁਖ ਸਿਧਾਰੇ॥ ਇਹਾਂ ਊਹਾਂ ਤਿਨ ਕੇ ਮੁਖ ਕਾਰੇ॥੭॥

ਇਉਂ ਤੇਰਾਂ ਅਧਿਆਵਾਂ ਵਿਚ, ਗੁਰੂ ਸਾਹਿਬ ਨੇ ਜਗਤ ਰਚਨਾ, ਸੋਢੀ ਕੁਲ ਦੀ ਉਪਜ, ਗੁਰੂ ਨਾਨਕ ਮਾਰਗ ਦੀ ਸਥਾਪਨਾ ਦੀ ਚਰਚਾ ਕਰਕੇ ਆਪਣੀ ਪੂਰਬ ਜਨਮ ਦੀ ਕਥਾ ਤੋਂ ਲੈ ਕੇ ਪਟਨੇ ਸਾਹਿਬ ਆਪਣੇ 'ਭਵ ਲੈਣ' ਦਾ ਜ਼ਿਕਰ ਕੀਤਾ ਹੈ। 1666 ਤੋਂ ਲੈ ਕੇ 1696 ਤਕ ਦੀ ਤੀਹ ਸਾਲ ਦੀ ਆਤਮ ਕਥਾ ਇਥੇ ਮੁੱਕ ਜਾਂਦੀ ਹੈ। ਚੌਧਵੇਂ ਅਧਿਆਏ ਵਿਚ ਗ੍ਰੰਥ ਦੇ ਆਦਿ ਵਿਚ ਧਿਆਏ ਗਏ 'ਕਾਲ' ਨੂੰ ਅੰਤ ਵਿਚ 'ਸਰਬ ਕਾਲ' ਆਖ ਕੇ ਸਿਮਰਿਆ ਹੈ ਤੇ ਉਹਨੂੰ ਆਪਣਾ ਪਿਤਾ, 'ਕਾਲਕਾ' ਨੂੰ ਮਾਤਾ 'ਮਨੂਆ' ਨੂੰ ਗੁਰੂ ਤੇ 'ਮਨਸਾ' ਨੂੰ ਗੁਰੂ ਪਤਨੀ ਦੱਸਿਆ ਹੈ:

ਸਰਬ ਕਾਲ ਹੈ ਪਿਤਾ ਅਪਾਰਾ। ਦੇਬਿ ਕਾਲਕਾ ਮਾਤ ਹਮਾਰਾ।
ਮਨੂਆ ਗੁਰੁ ਗੁਰਿ ਮਨਸਾ ਮਾਈ। ਜਿਨ ਮੋਕੋ ਸੁਭ ਕ੍ਰਿਆ ਪੜਾਈ॥੫॥

ਇਹ 'ਸਰਬ ਕਾਲ' ਤੇ 'ਕਾਲਕਾ' ਉਹੀ ਆਰਾਧਯ ਹਨ ਜਿਹਨੂੰ ਗੁਰੂ ਮਹਾਰਾਜ ਨੇ ਪੂਰਵ ਜਨਮ ਵਿਚ ਹੇਮ ਕੁੰਡ ਪਰਬਤ ਉਤੇ ਆਰਾਧਿਆ ਸੀ:

ਇਹ ਹਮ ਅਧਿਕ ਤਪਸੱਯਾ ਸਾਧੀ। ਮਹਾਕਾਲ ਕਾਲਕਾ ਆਰਾਧੀ।'

ਆਨੰਦਪੁਰ ਤੋਂ ਬਾਅਦ ਬਚਿੱਤ੍ਰ ਨਾਟਕ-ਆਤਮ ਕਥਾ ਵਿਚ ਖਾਲਸਾ ਸਾਜਣ ਤੋਂ ਪਹਿਲਾਂ ਦੀਆਂ ਘਟਨਾਵਾਂ ਨੂੰ ਕਲਮ ਬੰਦ ਕੀਤਾ ਗਿਆ ਹੈ। ਸ਼ਹਿਜ਼ਾਦਾ ਮੁਅੱਜ਼ਮ ਪੰਜਾਬ ਤੋਂ ਕਾਬਲ ਜਾ ਕੇ ਆਪਣੇ ਪਿਤਾ ਦੇ ਮਰਨ ਤਕ ਉਥੇ ਹੀ ਰਿਹਾ ਪ੍ਰਤੀਤ ਹੁੰਦਾ ਹੈ, ਕਿਉਂਕਿ ਮਿਰਜ਼ਾ ਬੇਗ ਅਤੇ ਅਹਿਦੀਆਂ ਹੱਥੋਂ ਗੁਰੂ ਸਾਹਿਬ ਨੂੰ ਕੋਈ ਖੇਚਲ ਨਹੀਂ ਪੁੱਜੀ, ਜਿਹਾ ਕਿ ਤੇਰ੍ਹਵੇਂ ਅਧਿਆਏ ਦੀਆਂ ਅੰਤਲੀਆਂ ਪੰਗਤੀਆਂ ਤੋਂ ਮਾਲੂਮ ਹੁੰਦਾ ਹੈ:

ਜਿਸ ਨੋ ਸਾਜਨ ਰਾਖਸੀ ਦੁਸ਼ਮਨ ਕਵਨ ਵਿਚਾਰ।
ਛੈ ਨ ਸਕੈ ਤਿਹ ਛਾਹਿ ਕੇ ਨਿਹਫਲ ਜਾਤ ਗਵਾਰ॥੨੪॥

ਇਹਦਾ ਕਾਰਨ ਸ਼ਹਿਜ਼ਾਦੇ ਦੇ ਮੀਰ ਮੁਨਸ਼ੀ ਭਾਈ ਨੰਦ ਲਾਲ ਜੀ ਦਾ ਰਸੂਖ ਸੀ, ਜਿਸ ਦੁਆਰਾ ਸਰਕਾਰ ਅਤੇ ਗੁਰੂ ਸਾਹਿਬ ਵਿਚਾਲੇ ਕੋਈ ਸਮਝੌਤਾ ਹੋਇਆ ਮੰਨਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੀ ਅਧਿਆਤਮਕ ਸਲਤਨਤ ਅਤੇ ਬਾਬਰ ਦੀ ਦੁਨਿਆਵੀ ਸਲਤਨਤ ਦੇ ਘੇਰੇ ਅਤੇ ਅਧਿਕਾਰਾਂ ਦਾ ਨਿਰਣਾ ਇਉਂ ਹੋਇਆ:

ਬਾਬੇ ਕੇ, ਬਾਬਰ ਕੇ ਦੋਊ। ਆਪ ਕਰੇ ਪਰਮੇਸ਼ਰ ਸੋਊ।*

(A Short History of the Sikhs. Teja Singh & Ganda Singh. Page 65)

ਪਰ ਇਸ ਸਮਝੌਤੇ ਦਾ ਦਿੱਲੀ ਦਰਬਾਰ 'ਤੇ ਕੋਈ ਅਸਰ ਨਾ ਹੋਇਆ। ਜਦ 1699 ਦੀ ਵਿਸਾਖੀ ਨੂੰ ਖਾਲਸਾ ਸਾਜਣ ਦੇ ਇਨਕਲਾਬੀ ਕਦਮ ਚੁੱਕੇ ਜਾਣ ਦੀ ਰਿਪੋਰਟ ਬਾਦਸ਼ਾਹ ਨੂੰ ਪੁੱਜੀ ਤਦ ਉਹਨੇ ਸਿੱਖੀ ਦੀ ਲੋਕ-ਲਹਿਰ ਨੂੰ ਸਫਲਤਾ ਦੀ ਸਿਖਰ ਛੋਂਹਦਿਆਂ ਤੱਕ ਕੇ ਇਸ ਨੂੰ ਜਿਵੇਂ ਕਿਵੇਂ ਮਲੀਆਮੇਟ ਕਰਨ ਦੇ ਹੁਕਮ ਸਭ ਪਾਸੇ ਭੇਜ ਦਿੱਤੇ। ਜਿਸ ਦੇ ਫਲਸਰੂਪ 1704 ਤਕ ਖ਼ੂਨ ਡੋਲ੍ਹਵੀਆਂ ਲੜਾਈਆਂ ਹੁੰਦੀਆਂ ਰਹੀਆਂ।

---

* ਭਾਈ ਸੁੱਖਾ ਸਿੰਘ ਕਰਤਾ ਗੁਰ ਬਿਲਾਸ ਲਿਖਦੇ ਹਨ ਕਿ ਜਦ ਸ਼ਹਿਜ਼ਾਦਾ ਪੰਜਾਬ ਪੁੱਜਾ ਤਾਂ ਉਹਦੇ ਸਾਥੀਆਂ ਨੇ ਉਹਨੂੰ ਨਸੀਹਤ ਕੀਤੀ; 'ਇਹ ਸੰਸਾਰ ਗਰਦ ਗੁਬਾਰ ਦਾ ਕਿਲ੍ਹਾ ਹੈ। ਆਪਣੀ ਆਪਣੀ ਬਾਰੀ ਹਰ ਕੋਈ ਟੁਰ ਜਾਂਦਾ ਹੈ। ਸੋ ਜਦ ਔਰੰਗਜ਼ੇਬ ਤੁਹਾਡੇ ਪਿਤਾ ਜਨਤ ਨਸੀਬ ਹੋਣਗੇ ਤਾਂ ਤੁਹਾਡਾ ਛੋਟਾ ਭਰਾਤਾ ਆਜ਼ਮ ਸ਼ਾਹ ਜੋ ਪਹਿਲਾਂ ਹੀ ਦੱਖਣ ਦਾ ਸੂਬੇਦਾਰ ਹੈ, ਤੁਹਾਨੂੰ ਬਿਨਾਂ ਲੜੇ ਭਿੜੇ ਕਦ ਦੱਖਣ ਅਤੇ ਹੋਰ ਇਲਾਕਿਆਂ ਉਤੇ ਅਧਿਕਾਰ ਜਮਾਉਣ ਦੇਵੇਗਾ। ਇਸ ਲਈ ਤੁਸੀਂ ਗੁਰੂ ਸਾਹਿਬ ਨਾਲ ਨਾ ਲੜੋ।' ਇਹ ਟੂਕ ਦੇ ਕੇ ਸੁੰਦਰ ਸਿੰਘ ਕਰਤਾ 'Battles of Guru Gobind Singh' ਲਿਖਦਾ ਹੈ ਕਿ ਸ਼ਹਿਜ਼ਾਦੇ ਦੇ ਸਾਥੀਆਂ ਨੇ ਉਹਨੂੰ ਇਹ ਦੱਸਿਆ ਹੋਵੇਗਾ ਕਿ ਗੁਰੂ ਦਾ ਪੰਜਾਬ ਵਿਚ ਤੇਜ ਪ੍ਰਤਾਪ ਬੜਾ ਬਲਵਾਨ ਹੈ। ਤਖ਼ਤ ਨਸ਼ੀਨੀ ਦੀ ਜੰਗ ਸਮੇਂ ਜੇ ਸਿੱਖ ਤੁਹਾਡੀ ਮਦਦ ਨੂੰ ਨਾ ਵੀ ਆਏ ਤਾਂ ਘਟੋ ਘਟ ਨਿਰਪੱਖ ਜ਼ਰੂਰ ਰਹਿਣਗੇ। ਇਹ ਸਭੇ ਕੁਝ ਤੇ ਪਿਛੋਂ ਗੁਰੂ ਸਾਹਿਬ ਦਾ, ਸ਼ਹਿਜ਼ਾਦੇ ਦੀ ਮਦਦ ਲਈ ਆਪਣੇ ਅਸਲਹ ਖ਼ਾਨੇ ਦੇ ਮੋਹਤਮਮ ਕੁਲਦੀਪ ਸਿੰਘ ਨੂੰ ਉਹਦੇ ਸਾਥੀਆਂ ਸਣੇ ਜਜਾਊ ਦੀ ਲੜਾਈ ਵਿਚ ਭੇਜਣਾ ਪ੍ਰਗਟ ਕਰਦਾ ਹੈ ਕਿ ਇਸ ਸਮੇਂ (1696 ਵਿਚ) ਦੋਹਾਂ ਧਿਰਾਂ ਵਿਚਾਲੇ ਕੋਈ ਅਹਿਦ ਜ਼ਰੂਰ ਹੋਇਆ:

All this and later on the mention of Guru's help to Bahadur Shah strongly goes to prove the probability of some understanding having been arrived at this time between the two. (Page 20.)

ਭਾਈ ਸੁੱਖਾ ਸਿੰਘ ਦੇ ਬਿਆਨ ਦੀ ਪੁਸ਼ਟੀ ਵਿਚ ਪੁਰਾਤਨ ਪ੍ਰਸੰਗਾਵਾਲੀ ਅੰਮ੍ਰਿਤ ਗੁੱਟਕੇ ਤੋਂ ਵੀ ਹੁੰਦੀ ਹੈ। ਇਸ ਦੇ ਪ੍ਰਸੰਗ ਬਹਾਦਰ ਸ਼ਾਹ ਨਾਲ ਮੁਲਾਕਾਤ ਵਿਚ ਲਿਖਿਆ ਹੈ ਕਿ ਔਰੰਗਜ਼ੇਬ ਦੇ ਮਰਨ ਉਪਰੰਤ ਜਦ ਮੁਅੱਜ਼ਮ ਕਾਬਲੋਂ ਦਿੱਲੀ ਵਲ ਜਾਂਦਾ ਰਾਹ ਵਿਚ ਗੁਰੂ ਸਾਹਿਬ ਨੂੰ ਮਿਲਿਆ ਤਦ ਉਹਨੇ ਆਖਿਆ 'ਹੇ ਰਾਮਦਾਸ ਜੀ, ਤੁਮਨੇ ਕਹਾ ਥਾ ਜੋ ਬਾਦਸ਼ਾਹੀ ਤੁਝ ਕੋ ਹੋਵੇਗੀ। ਜੋ ਬਾਤ ਅਬ ਕਿਉਂਕਰ ਹੈ?'

ਜੰਗ ਚਮਕੌਰ

1702 ਈ: ਵਿਚ, ਕਸ਼ਮੀਰ ਦੇ ਸੂਬੇਦਾਰ ਇਬਰਾਹੀਮ ਦਾ ਪੁੱਤਰ ਜ਼ਬਰਦਤ ਖਾਂ ਲਾਹੌਰ ਦਾ ਸੂਬੇਦਾਰ ਬਣਿਆ। ਇਹਨੇ ਗੁਰੂ ਸਾਹਿਬ ਦੇ ਵਿਰੁਧ ਮੁਹਿੰਮ ਤੇਜ਼ ਕਰ ਦਿੱਤੀ। ਚੁਨਾਂਚਿ ਏਸੇ ਸਾਲ, ਜਦ ਗੁਰੂ ਸਾਹਿਬ ਕੁਰਕਸ਼ੇਤਰ ਸੂਰਜ ਗ੍ਰਹਿਣ ਦੇ ਮੇਲੇ ਤੋਂ ਮੁੜ ਆਨੰਦਪੁਰ ਆ ਰਹੇ ਸਨ, ਚਮਕੌਰ ਦੇ ਲਾਗੇ ਅਲਫ ਖਾਂ ਤੇ ਸੈਦ ਬੇਗ ਨੇ ਗੁਰੂ ਜੀ ਨੂੰ ਘੇਰਨ ਦਾ ਨਿਰਾਰਥਕ ਯਤਨ ਕੀਤਾ। 1703 ਈ: ਵਿਚ ਮਘਰ ਵਦੀ 1760 ਬਿਕਰਮੀ ਨੇ ਰਾਜਿਆਂ ਤੇ ਸਰਕਾਰੀ ਫੌਜ ਨੇ ਮਿਲਵਾਂ ਧਾਵਾ ਕੀਤਾ। ਆਨੰਦਪੁਰ ਘੇਰ ਲਿਆ ਗਿਆ। ਬੜੀਆਂ ਖ਼ੂਨ ਡੋਲ੍ਹਵੀਆਂ ਲੜਾਈਆਂ ਹੋਈਆਂ। 1705 ਵਿਚ ਜ਼ਬਰਦਸਤ ਖਾਂ ਅਜਮੇਰ ਬਦਲ ਗਿਆ ਅਤੇ ਉਹਦਾ ਨਾਇਬ ਮੁਨਇਮ ਖਾਂ ਲਾਹੌਰ ਦਾ ਕਾਇਮ-ਮੁਕਾਮ ਸੂਬਾ ਬਣਿਆ। ਇਹਨੇ ਅਤੇ ਵਜ਼ੀਰ ਖਾਂ ਨੇ ਮੁਹਿੰਮ ਤ੍ਰਿਖੇਰੀ ਕਰ ਦਿੱਤੀ। ਆਨੰਦਪੁਰ ਦੇ ਲੋਕ ਅੰਨ ਦਾਣੇ ਤੋਂ ਭੀ ਆਤਰ ਹੋ ਗਏ। 6-7 ਪੋਹ 1762 (5-6 ਦਸੰਬਰ 1705) ਦੀ ਦਰਮਿਆਨੀ ਰਾਤ ਨੂੰ ਆਨੰਦਪੁਰ ਤਿਆਗ ਦਿੱਤਾ। ਸਰਸੇ ਕੰਢੇ ਉਹਨਾਂ ਮੁਗਲ ਹਾਕਮਾਂ ਨੇ ਸੌਹਾਂ ਸੁਗੰਦਾਂ ਤੋੜ ਕੇ ਗੁਰੂ ਸਾਹਿਬ ਉਤੇ ਹਮਲਾ ਕਰ ਦਿੱਤਾ, ਜਿਹਨਾਂ ਨੇ ਉਹਨਾਂ ਨੂੰ ਸਹੀ ਸਲਾਮਤ ਚਲੇ ਜਾਣ ਦੇਣ ਦਾ ਆਸ਼ਵਾਸ਼ਨ ਦਿੱਤਾ ਸੀ, 8 ਪੋਹ (7 ਦਸੰਬਰ 1705) ਨੂੰ ਚਮਕੌਰ ਪੁੱਜੇ। ਚੌਧਰੀ ਬੁਧੀ ਚੰਦ* ਦੀ ਹਵੇਲੀ ਵਿਚ ਗੁਰੂ ਸਾਹਿਬ ਨੇ 40 ਭੁੱਖੇ ਭਾਣੇ ਸਾਥੀਆਂ ਨਾਲ ਮੋਰਚਾ ਲਾ ਕੇ ਉਹ ਜੰਗ ਕੀਤਾ, ਜਿਸ ਵਿਚ ਵਿਖਾਈ ਗਈ ਕੁਰਬਾਨੀ ਤੇ ਵੀਰਤਾ ਅੱਗੇ ਥਰਮੋਪਲੀ ਦੇ ਵੀਰ ਲੜਾਕੇ ਭੀ ਆਸਣ ਖ਼ਾਲੀ ਕਰ ਜਾਣਗੇ। ਦੋ ਵੱਡੇ ਸਾਹਿਬਜ਼ਾਦੇ ਅਤੇ ਤਿੰਨ ਪਿਆਰੇ ਹੋਰਨਾਂ ਨਾਲ ਸ਼ਹੀਦ ਹੋਏ। ਪੰਜ ਦਿਨ ਬਾਅਦ 12 ਦਸੰਬਰ ਅਰਥਾਤ 13 ਪੋਹ ਵਾਲੇ ਖ਼ੂਨੀ ਦਿਨ ਸਰਹਿੰਦ ਦੇ ਫੌਜਦਾਰ ਵਜ਼ੀਰ ਖਾਂ ਨੇ ਦੋ ਛੋਟੇ ਸਾਹਿਬਜ਼ਾਦੇ ਸ਼ਹੀਦ ਕਰ ਦਿੱਤੇ। ਗੁਰੂ ਸਾਹਿਬ ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਕੇ ਮਾਛੀਵਾੜੇ ਗੁਲਾਬੇ ਮਸੰਦ ਦੇ ਘਰ ਰਹੇ। ਉਥੋਂ ਆਪ ਨੇ ਬਾਦਸ਼ਾਹ ਨੂੰ ਪਹਿਲਾਂ ਵਿਜੈ ਪੱਤਰ ਲਿਖਿਆ ਜਿਸ ਨੂੰ ਫਤਹਨਾਮਾ ਆਖਿਆ ਜਾਂਦਾ ਹੈ। ਇਸ ਦੇ 24 ਕੁ ਸ਼ੇਅਰ ਮਿਲੇ ਹਨ। ਇਸ ਵਿਚ ਚਮਕੌਰ ਦੇ ਯੁੱਧ ਦਾ ਸਰਸਰੀ ਜ਼ਿਕਰ ਹੈ ਤੇ ਕੇਵਲ ਇਸ ਯੁੱਧ ਵਿਚ ਸ਼ਹੀਦ ਹੋਣ ਵਾਲੇ ਦੋਂਹ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਹੈ: 'ਕੀ ਹੋਇਆ ਜੇ ਗਿੱਦੜ ਨੇ ਫ਼ਰੇਬ ਨਾਲ ਸ਼ੇਰ ਦੇ ਦੋ ਪੁੱਤਰ ਮਾਰ ਦਿੱਤੇ:-

ਚਿਹ ਸ਼ੁਦ ਗਰ ਸਗਾਲੇ ਬਮਕਰੇ ਰਿਆ,
ਹਮੀ ਕੁਸ਼ਤ ਦੋ ਬੱਚਾ ਏ ਸ਼ੇਰ ਰਾ।

ਕਿਉਂਕਿ ਉਦੋਂ ਤੱਕ ਸਰਹਿੰਦ ਵਿਚ ਸ਼ਹੀਦ ਹੋਣ ਵਾਲੇ ਸਾਹਿਬਜ਼ਾਦਿਆਂ ਦੀ ਖਬਰ ਨਹੀਂ ਸੀ ਪੁੱਜੀ। ਚਮਕੌਰ ਦੀ ਜੰਗ ਤੋਂ 18 ਦਿਨ ਬਾਅਦ ਹੀ ਵਜ਼ੀਰ ਖਾਂ ਨੇ ਗੁਰੂ ਸਾਹਿਬ ਨੂੰ ਮੌਜੂਦਾ ਮੁਕਤਸਰ (ਖਿਦਰਾਣੇ ਦੀ ਢਾਬ) ਕੋਲ ਆ ਘੇਰਿਆ। ਇਹ ਜੰਗ 30 ਪੋਹ (29 ਦਸੰਬਰ 1705) ਨੂੰ ਹੋਈ। ਇਥੋਂ ਵਿਹਲੇ ਹੋ ਕੇ ਆਪ ਕਾਂਗੜ ਪਧਾਰੇ, ਜਿਥੋਂ ਆਪ ਨੂੰ ਬਾਦਸ਼ਾਹ ਦਾ ਏਲਚੀ (ਕਾਜ਼ੀ) ਆ ਕੇ ਮਿਲਿਆ ਅਤੇ ਦੱਖਣ ਵਿਚ ਬਾਦਸ਼ਾਹ ਨਾਲ ਮੁਲਾਕਾਤ ਕਰਨ ਲਈ ਕਿਹਾ। ਕੋਈ ਲਿਖਤ ਭੀ ਮਿਲੀ। ਇਸ ਦੇ ਉਤਰ ਵਿਚ ਆਪ ਨੇ

---

* ਦੇਖੋ ਸਮੇਂ ਦੀ ਵੰਗਾਰ, ਗੁਰੂ ਗੋਬਿੰਦ ਸਿੰਘ ਅੰਕ 1967 ਸਫਾ 65, ਪ੍ਰੋ: ਪਿਆਰਾ ਸਿੰਘ ਪਦਮ ਦਾ ਲੇਖ।

ਜ਼ਫ਼ਰਨਾਮਾ ਨਾਮ ਦਾ ਖ਼ਤ ਲਿਖਿਆ। ਜਿਸ ਵਿਚ ਬਾਦਸ਼ਾਹ ਨੂੰ ਚੌਂਹ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿੰਮੇਵਾਰ ਗਰਦਾਨਿਆ ਗਿਆ:-

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਰ

ਕਿ ਬਾਕੀ ਬਿਮਾਂਦਸਦ ਪੇਚੀਦਾ ਮਾਰ।

ਫੇਰ ਉਹ ਲਿਖਦੇ ਹਨ 'ਨਾ ਮੇਰਾ ਵਾਲ ਵਿੰਗਾ ਹੋਇਆ, ਨਾ ਮੇਰੇ ਸਰੀਰ ਨੂੰ ਕੋਈ ਖੇਚਲ ਹੋਈ ਤੇ ਮੈਂ ਦੁਸ਼ਮਣ ਦੀ ਜ਼ਦ 'ਚੋਂ ਬਾਹਰ ਆ ਗਿਆ।

ਨਾ ਪੇਚੀਦ ਮੂਏ ਨ ਰੰਜੀਦ ਤਨ।

ਇਹ ਦੋ ਸ਼ੇਅਰ ਸ੍ਰੀ ਮੁਖ ਵਾਕ ਦੇ ਜੰਗ ਚਮਕੌਰ ਸੰਬੰਧੀ ਸੈਨਾਪਤੀ ਅਤੇ ਹੋਰ ਕਈ ਲੇਖਕਾਂ ਵਲੋਂ ਪਾਏ ਗਏ ਭੁਲੇਖਿਆਂ ਨੂੰ ਦੂਰ ਕਰਨ ਲਈ ਕਾਫ਼ੀ ਹਨ। ਸੈਨਾਪਤੀ ਸਾਹਿਬ ਜ਼ੋਰਾਵਰ ਸਿੰਘ ਨੂੰ ਜੋ ਦਰਅਸਲ ਸਰਹਿੰਦ ਸ਼ਹੀਦ ਕੀਤੇ ਗਏ ਚਮਕੌਰ ਯੁੱਧ ਵਿੱਚ ਨਹੀਂ, ਪਿਤਾ ਜੀ ਨਾਲ ਦੱਖਣ ਜਾਂਦਿਆਂ ਰਾਹ ਵਿਚ ਚਿਤੌੜ ਦੀ ਮੁੱਠ ਭੇੜ ਵਿਚ ਸ਼ਹੀਦ ਹੋਏ ਦੱਸਦੇ ਹਨ ਅਤੇ ਚਮਕੌਰ ਵਿਚ ਸ਼ਹੀਦ ਹੋਣ ਵਾਲੇ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਸਰਹਿੰਦ ਵਿਚ ਨਵਾਬ ਨੂੰ ਭਾਰੀ ਜਵਾਬ ਦਿੰਦੇ ਦੱਸਦੇ ਹਨ। ਇਉਂ ਸੈਨਾਪਤੀ ਅਨੁਸਾਰ ਸਾਹਿਬ ਅਜੀਤ ਸਿੰਘ ਹੀ ਚਮਕੌਰ ਵਿਚ ਸ਼ਹੀਦ ਹੋਏ। ਪਰ ਸ਼ਹੀਦ ਪੁੱਤਰਾਂ ਦੇ ਪਿਤਾ ਗੁਰਦੇਵ ਫ਼ਤਹਿ ਨਾਮੇ ਵਿਚ ਸਾਫ਼ ਕਹਿੰਦੇ ਹਨ ਕਿ ਦੋ ਪੁਤ੍ਰ ਚਮਕੌਰ ਵਿਚ ਸ਼ਹੀਦ ਕੀਤੇ ਗਏ ਅਤੇ ਦੱਖਣ ਜਾਣ ਤੋਂ ਪਹਿਲਾਂ ਲਿਖੇ ਗਏ ਜ਼ਫਰਨਾਮਾ ਚੌਂਹ ਸ਼ਹੀਦ ਪੁੱਤਰਾਂ ਦਾ ਉਲੇਖ ਕਰਦਾ ਹੈ।

ਦੂਜੀ ਗੱਲ ਜੋ ਸੈਨਾਪਤੀ, ਜੰਗ ਚਮਕੌਰ ਸੰਬੰਧੀ ਅਨੋਖੀ ਕਹਿੰਦੇ ਹਨ, ਉਹ ਹੈ ਹਜ਼ੂਰ ਦੀ ਉਂਗਲ ਦੀ ਪੋਰ ਕੱਟ ਜਾਣਾ, ਜੋ ਜ਼ਫ਼ਰਨਾਮੇ ਦੀ ਅਕਟ ਗਵਾਹੀ 'ਮੇਰਾ ਵਾਲ ਵੀ ਵਿੰਗਾ ਨਾ ਹੋਇਆ।' ਦੀ ਰੌਸ਼ਨੀ ਵਿਚ ਮੰਨੀ ਨਹੀਂ ਜਾ ਸਕਦੀ। ਭੰਗਾਣੀ ਯੁੱਧ ਵਿਚ ਉਹ ਆਪਣੇ ਆਪੇ ਨੂੰ ਵੱਜੇ ਤੀਰ ਦਾ ਜ਼ਿਕਰ ਖੁੱਲ੍ਹਮ ਖੁੱਲ੍ਹਾ ਕਰਦੇ ਹਨ। ਜੇ ਕੋਈ ਅਜਿਹੀ ਨਾਜ਼ੁਕ ਘਟਨਾ ਵਾਪਰਦੀ ਤਾਂ ਉਹ ਜ਼ਰੂਰ ਇਸ ਦਾ ਵਰਨਣ ਕਰਦੇ ਤੇ ਫੇਰ ਹੋਰ ਕਿਸੇ ਲਿਖਾਰੀ ਨੇ ਇਸ ਦਾ ਜ਼ਿਕਰ ਨਹੀਂ ਕੀਤਾ। ਇਹ ਕੋਈ ਛੋਟੀ ਮੋਟੀ ਗੱਲ ਨਹੀਂ ਸੀ ਜਿਸ ਨੂੰ ਕੋਈ ਨਜ਼ਰ ਅੰਦਾਜ਼ ਕਰ ਜਾਂਦਾ।

ਕਲ ਕਲੋਤਰ ਨੂੰ ਜੇ ਕੋਈ ਨਾਹਰ ਖਾਂ (ਜੋ ਬੇਦੀ ਗੁਰਸ਼ਰਨ ਸਿੰਘ ਕਰਤਾEpistle of Victory. ਅਨੁਸਾਰ ਖ਼ਿਜ਼ਰ ਖਾਂ ਮਲੇਰੀਏ ਦਾ ਪੁੱਤ੍ਰ ਸੀ, ਦੀ ਮੌਤ ਬਾਰੇ ਭੁਲੇਖਾ ਪਾ ਦੇਵੇ ਤਾਂ ਉਸ ਦੀ ਦਰੁਸਤੀ ਜ਼ਫਰਨਾਮੇ ਤੋਂ ਹੋ ਸਕਦੀ ਹੈ ਕਿ ਉਹਦੀ ਮੌਤ ਦਾ ਕਾਰਨ ਗੁਰੂ ਗੋਬਿੰਦ ਸਿੰਘ ਦਾ ਸੁਨਹਿਰੀ ਮੁਖੀ ਵਾਲਾ ਤੀਰ ਸੀ:

ਚ ਦੀਦਮ ਕਿ ਨਾਹਰ ਬਿਆਮਦ ਬਜੰਗ।

ਚਸ਼ੀਦਨ ਯਕੇ ਤੀਰ ਤਨ ਬੇ ਦਰੰਗ॥

ਇਸੇ ਤਰ੍ਹਾਂ ਜੇ ਕੋਈ ਅਜਿਹੀ ਤਹਰੀਰ ਮਿਲ ਜਾਏ ਕਿ ਦਿੱਲੀ ਦਾ ਫੌਜਦਾਰ ਖ਼ੁਆਜਾ ਜ਼ਫਰਬੇਗ (ਜਿਸ ਨੇ ਨਾਨਕ ਚੰਦ ਨਾਜ਼ ਅਨੁਸਾਰ ਦਿੱਲੀਓਂ ਆ ਕੇ ਗੁਰੂ ਸਾਹਿਬ ਉਤੇ ਫੌਜਕਸ਼ੀ ਕੀਤੀ) ਚਮਕੌਰ ਯੁੱਧ ਵਿਚ ਬੜੀ ਬਹਾਦਰੀ ਨਾਲ ਲੜਿਆ, ਉਸ ਦੀ ਤਰਦੀਦ ਲਈ ਗੁਰੂ ਗੋਬਿੰਦ ਸਿੰਘ ਦੀ ਗਵਾਹੀ ਮੌਜੂਦ ਹੈ ਕਿ ਉਹ ਮਰਦੂਣ ਕੰਧ ਉਹਲੇ ਹੀ ਲੁਕਿਆ ਰਿਹਾ:

ਕਿ ਆਂ ਖ਼ਾਜਾ ਮਰਦੂਦੇ ਰਸਵਾਤਿ ਖ਼ਾਰ,

ਬ ਮੈਦਾ ਨਿਯਾਦਿ ਬਮਰਦਾਨ ਵਾਰ।

ਜ਼ਫਰਨਾਮਾ ਚਮਕੌਰ ਯੁੱਧ ਬਾਰੇ ਇਹ ਤੱਥ ਉਜਾਗਰ ਕਰਦਾ ਹੈ।

(1) ਆਨੰਦਪੁਰੋਂ ਨਿਕਲਣ ਸਮੇਂ ਸ਼ਾਹੀ ਫੌਜਦਾਰਾਂ (ਦੀਵਾਨਾਂ ਤੇ ਬਖਸ਼ੀਆਂ) ਨੇ ਔਰੰਗਜ਼ੇਬ ਵਲੋਂ ਕੁਰਆਨ ਸ਼ਰੀਫ ਉਤੇ ਅਹਿਦਨਾਮਾ ਲਿਖਿਆ ਕਿ ਗੁਰੂ ਸਾਹਿਬ ਜੋ ਅਨੰਦਪੁਰ ਛੱਡ ਜਾਣ ਤਾਂ ਉਹ ਉਹਨਾਂ ਨੂੰ ਕੁਝ ਨਹੀਂ ਕਹਿਣਗੇ, ਪਰ ਉਹਨਾਂ ਸੌਂਹਾਂ ਸੁਗੰਦਾਂ ਤੋੜਕੇ ਪਹਿਲਾਂ ਸਰਸਾ ਦੇ ਕੰਢੇ, ਫੇਰ ਚਮਕੌਰ ਜਾ ਕੇ ਹੱਲਾ ਕੀਤਾ।

(2) ਚਮਕੌਰ ਵਿਚ ਗੁਰੂ ਸਾਹਿਬ ਦੇ ਹਮ ਰਕਾਬ ਕੇਵਲ ਚਾਲੀ ਭੁੱਖੇ ਭਾਣੇ ਸਾਥੀ ਸਨ। ਹੋਰਨਾਂ ਨਾਲ ਤਿੰਨ ਪਿਆਰੇ ਅਤੇ ਦੋ ਸਾਹਿਬਜ਼ਾਦੇ ਇਥੇ ਸ਼ਹੀਦ ਹੋਏ।

(3) ਸ਼ਾਹੀ ਫੌਜੀ ਕਾਲੀਆਂ ਵਰਦੀਆਂ ਪਾ ਕੇ ਸ਼ਹਿਦ ਦੀਆਂ ਮੱਖੀਆਂ ਵਾਂਗ ਆ ਪਏ, ਉਹਨਾਂ ਦੀ 'ਗਿਣਤੀ ਅਟੇ ਸਟੇ ਦੱਸ ਲੱਖ ਸੀ, ਜਿਸ ਦੀ ਪੁਸ਼ਟੀ ਭਾਈ ਵੀਰ ਸਿੰਘ ਜੀ ਦੇ ਕਲਗੀਧਰ ਚਮਤਕਾਰ ਵਿਚ ਦਿੱਤੇ ਇਕ ਉਸ ਪਠਾਣ ਦੇ ਬਿਆਨ ਤੋਂ ਹੁੰਦੀ ਹੈ ਜੋ ਪ੍ਰਸਿੱਧ ਰਾਗੀ ਭਾਈ ਹੀਰਾ ਸਿੰਘ ਨੂੰ ਮਿਲਿਆ। ਉਸ ਪਠਾਣ ਦਾ ਵਡਕਾ ਇਸ ਜੰਗ ਵਿਚ ਲੁੱਟ ਮਾਰ ਦੇ ਖਿਆਲ ਨਾਲ ਸ਼ਾਮਲ ਹੋਇਆ। ਉਹ ਚਮਕੌਰ ਤੋਂ 12 ਕੋਹ 'ਤੇ ਖੜ੍ਹਾ ਸੀ ਤੇ ਉਸ ਦੀ ਵਾਰੀ ਨਾ ਆਈ ਅੱਗੇ ਵਧਣ ਦੀ। ਚਮਕੌਰ ਤੋਂ ਸਰਹਿੰਦ ਇੰਨੇ ਕੁ ਫਾਸਲੇ ਤੇ ਹੈ। ਇਥੋਂ ਵਜ਼ੀਰ ਖਾਂ ਸਿਪਾਹੀ ਤੋਪਖਾਨਾ ਲੈ ਕੇ ਗਿਆ ਸੀ।

(4) ਇਸੇ ਫੌਜ ਨੇ ਪਹਿਲ ਕਰਕੇ ਗੁਰੂ ਮਹਾਰਾਜ ਉੱਤੇ ਹੱਲਾ ਕੀਤਾ ਅਤੇ ਉਨ੍ਹਾਂ ਨੂੰ ਜੰਗ ਵਿਚ ਉਤਰਨ ਲਈ ਮਜਬੂਰ ਕੀਤਾ।

(5) ਖਾਜਾ ਮਰਦੂਦ ਵਰਗੇ ਜਿਹੜੇ ਖ਼ਾਨ (ਅਫ਼ਗਾਨ) ਲੜਨ ਦੀਆਂ ਡੀਂਗਾਂ ਮਾਰਦੇ ਸਨ ਉਹ ਜੰਗ ਸਮੇਂ ਪਿੱਠ ਦੇ ਕੇ ਨੱਸ ਗਏ। ਤੀਰਾਂ ਅਤੇ ਗੋਲੀਆਂ ਨਾਲ ਦੋਹੀਂ ਪਾਸੀਂ ਬਹੁਤ ਜਾਨੀ ਨੁਕਸਾਨ ਹੋਇਆ। ਧਰਤੀ ਲਹੂ ਨਾਲ ਲਾਲ ਫੁੱਲਾਂ ਦੇ ਵਾਂਗ ਰੰਗੀ ਗਈ ਅਤੇ ਯੁੱਧ ਖੇਤਰ ਵਿਚ ਵੱਢੇ ਹੋਏ ਸਿਰ, ਪੈਰ, ਲੱਤਾਂ ਬਾਂਹਾਂ ਇਉਂ ਪ੍ਰਤੀਤ ਹੁੰਦੇ ਸਨ ਮਾਨੋਂ ਚੌਗਾਨ ਦੇ ਖੇਲਦੇ ਮੈਦਾਨ ਵਿਚ ਗੇਂਦ ਬੱਲੇ ਪਏ ਹੋਣ।

(6) ਜਿਸ ਵੇਲੇ ਜੰਗ ਖ਼ਤਮ ਹੋਣ ਤੋਂ ਬਾਅਦ ਹਜ਼ੂਰ ਪੰਜਾਂ ਸਿੰਘਾਂ ਦੇ ਪੰਥਕ ਫੈਸਲੇ ਸਾਹਮਣੇ ਸਿਰ ਝੁਕਾ ਕੇ, ਚਮਕੌਰ ਦੀ ਗੜ੍ਹੀ ਵਿਚੋਂ ਨਿਕਲੇ, ਓਦੋਂ ਚੰਦ ਨਿਕਲ ਚੁੱਕਾ ਸੀ:-

ਚਰਾਗੇ ਜਹਾਨੇ ਸ਼ੁਦਹ ਬੁਰਕਹ ਪੋਸ਼॥

ਸ਼ਬੇ ਸ਼ਹਿ ਬਰਾਮੰਦ ਹਮਹ ਜਲਵਹ ਜੋਸ਼॥

ਇਸ ਬਾਰੇ ਭੀ ਇਤਿਹਾਸ-ਖੋਜੀਆਂ ਦੀਆਂ ਦੋ ਰਾਵਾਂ ਹਨ। ਬੇਦੀ ਗੁਰਸ਼ਰਨ ਸਿੰਘ ਅਨੁਸਾਰ 17-18 ਨਵੰਬਰ 1705 ਦੀ ਦਰਮਿਆਨੀ ਰਾਤ ਨੂੰ ਜਦ ਦਸ਼ਮੇਸ਼ ਜੀ ਚਮਕੌਰ ਦੀ ਗੜ੍ਹੀ 'ਚੋਂ ਨਿਕਲੇ, ਓਦੋਂ ਪੁੰਨਿਆਂ ਦੀ ਰਾਤ ਸੀ। ਭਾਈ ਗੁਲਾਬ ਸਿੰਘ ਦੀ ਗੁਰ ਪ੍ਰਣਾਲੀ ਦੇ ਅਧਾਰ ਤੇ ਪ੍ਰੋ: ਪਿਆਰਾ ਸਿੰਘ ਪਦਮ ਕਹਿੰਦੇ ਹਨ ਕਿ ਚਮਕੌਰ ਯੁੱਧ 17 ਮੱਘਰ (ਮੱਘਰ ਦੀ ਤਰੋਦਸ਼ੀ) 1761 ਬਿਕਰਮੀ (1704 ਈਸਵੀ) ਨੂੰ ਹੋਇਆ, ਉਸ ਰਾਤ ਚਾਨਣਾ ਪੱਖ ਸੀ। ਜੇਕਰ 8 ਪੋਹ ਮੰਨੀਏ ਤਾਂ ਅੰਧੇਰੀ ਰਾਤ ਬਣਦੀ ਹੈ। (ਲੋਕ ਦਰਸ਼ਨ, ਨਵੀਂ ਦਿੱਲੀ, 28 ਦਸੰਬਰ 1967, ਸਫਾ 3)। ਪਰ ਪਰੰਪਰਾਗਤ ਦੋ ਤਾਰੀਖ਼ਾਂ 7 ਪੋਹ, ਜਿਸ ਰਾਤ ਨੂੰ ਹਜ਼ੂਰ

ਨੇ ਅਨੰਦਪੁਰ ਤੋਂ ਸਦਾ ਲਈ ਹਿਜਰ ਕੀਤੀ ਤੇ 13 ਪੋਹ, ਜਿਸ ਦਿਨ ਵਜ਼ੀਰ ਖਾਂ ਨੇ ਸਰਹਿੰਦ ਵਿਚ ਭਾਣਾ ਵਰਤਾਇਆ, ਸਿੱਖ ਇਤਿਹਾਸ ਦਾ ਅਕਟ ਅੰਗ ਬਣ ਚੁੱਕੀਆਂ ਹਨ, ਜਿਹਨਾਂ ਨੂੰ ਨਜ਼ਰ-ਅੰਦਾਜ਼ ਕਰਨਾ ਆਸਾਨ ਨਹੀਂ। ਹੋ ਸਕਦਾ ਹੈ ਕਿ ਜਦ ਹਜ਼ੂਰ ਇਸ ਹਨੇਰੇ ਪੱਖ ਵਿਚ ਚਮਕੌਰ 'ਚੋਂ ਨਿਕਲੇ ਉਦੋਂ ਰਾਤ ਦੇ ਪਿਛਲੇ ਪਹਿਰ ਚੰਨ ਨਿਕਲ ਆਇਆ ਹੋਵੇ। ਉਪਰਲੇ ਸ਼੍ਰੀ ਮੁਖ ਵਾਕ ਨੂੰ ਇਸੇ ਸੰਦਰਭ ਵਿਚ ਲੈਣਾ ਉਚਿਤ ਹੈ ਨਾ ਕਿ ਰਾਤ ਦੇ ਪਹਿਲੇ ਪਹਿਰ ਲਈ ਜੰਗ ਖ਼ਤਮ ਹੋਣ ਦੇ ਐਨ ਬਾਦ। ਗੁਰੂ ਪ੍ਰਣਾਲੀਆਂ ਦੀਆਂ ਤਾਰੀਖ਼ਾਂ ਸਾਰੀਆਂ ਮੋਤਬਰ ਨਹੀਂ ਹੁੰਦੀਆਂ। ਇਹ ਗੱਲ ਸ. ਰਣਧੀਰ ਸਿੰਘ ਵਲੋਂ ਸੰਪਾਦਿਤ ਗੁਰ ਪ੍ਰਣਾਲੀਆਂ 'ਚੋਂ ਪ੍ਰਤੱਖ ਤਕੀ ਜਾ ਸਕਦੀ ਹੈ। ਜਿਥੇ ਉਹਨਾਂ ਨੂੰ ਪੈਰ ਪੈਰ 'ਤੇ ਪੈਰ ਟਿੱਪਣੀਆਂ ਦੇਣੀਆਂ ਪਈਆਂ ਹਨ। ਇੱਥੇ ਤੱਕੋ ਕਿ ਗੁਲਾਬ ਸਿੰਘ ਜੀ ਨੇ ਜੰਗ ਦੀ ਤਾਰੀਖ਼ ਇੱਕ ਸਾਲ ਪਹਿਲਾਂ ਮਿਥ ਲਈ ਹੈ। 1705 ਬਿਕ੍ਰਮੀ ਦੀ ਥਾਂ 1704, ਜੋ ਗਤਿ ਵਰਸ਼ ਤਾਂ ਹੋ ਸਕਦਾ ਹੈ, ਵਰਤਮਾਨ ਨਹੀਂ।

ਚਮਕੌਰ ਯੁੱਧ ਤੋਂ ਬਾਅਦ ਗੁਰੂ ਸਾਹਿਬ ਨੇ ਦੋ ਖ਼ਤ ਫਤਹਨਾਮਾ ਅਤੇ ਜ਼ਫ਼ਰਨਾਮਾ ਔਰੰਗਜ਼ੇਬ ਨੂੰ ਲਿਖੇ। ਦੂਜੇ ਵਿਚ ਚਮਕੌਰ ਜੰਗ ਵਿਚ ੪੦ ਭੁੱਖੇ ਭਾਣੇ ਸਿੰਘਾਂ ਦਾ ਦਸ ਲੱਖ ਸ਼ਾਹੀ ਫੌਜਾਂ ਅਤੇ ਮਾਂਗਵੀਆਂ ਧਾੜਾਂ ਦੇ ਟਾਕਰੇ ਤੇ ਜੂਝਣ ਦੇ ਜ਼ਿਕਰ ਦੇ ਨਾਲ ਨਾਲ ਸ਼ਾਹੀ ਅਹਿਲਕਾਰਾਂ (ਦੀਵਾਨਾਂ ਅਤੇ ਬਖਸ਼ੀਆਂ) ਦਾ ਸੋਹਾਂ ਗੰਦਾਂ ਸੁ ਤੋੜ ਕੇ ਮੁੜ ਮੁੜ ਹਮਲੇ ਕਰਨ ਦਾ ਉਲੇਖ ਹੈ। ਇਨ੍ਹਾਂ ਫਾਰਸੀ ਖ਼ਤਾਂ ਨੂੰ ਬ੍ਰਿਜ ਭਾਸ਼ਾ ਵਿਚ ਅੰਕਤ ਆਤਮ ਕਥਾ ਦੀ ਅਗਲੀ ਕੜੀ ਆਖਿਆ ਜਾ ਸਕਦਾ ਹੈ, ਜਿਹਾ ਕਿ ਜ਼ਫ਼ਰਨਾਮੇ ਵਿਚ ਆਏ ਸਿਰਲੇਖ ਦਾਸਤਾਨ ਅਰਥਾਤ ਕਥਾ ਤੋਂ ਪ੍ਰਗਟ ਹੈ।

ਦੋਹਾਂ ਖ਼ਤਾਂ ਦਾ ਮਜ਼ਮੂਨ ਇਨ੍ਹਾਂ ਸਚਾਈਆਂ ਦੁਆਲੇ ਘੁੰਮਦਾ ਹੈ ਕਿ (1) ਗੁਰੂ ਸਾਹਿਬ ਮਜਬੂਰ ਹੋ ਕੇ ਮੈਦਾਨਿ-ਜੰਗ ਵਿਚ ਉਤਰੇ। (2) ਉਹਨਾਂ ਨੂੰ ਬਾਦਸ਼ਾਹ ਦੀਆਂ ਸੋਹਾਂ ਸੁਗੰਧਾਂ ਦਾ ਇਤਬਾਰ ਨਹੀਂ ਰਿਹਾ। (3) ਮਰਦ ਦੀ ਨਿਸ਼ਾਨੀ ਬਚਨ ਪਾਲਣਾ ਹੈ। (4) ਤਖ਼ਤ ਦੇ ਵਾਲੀ ਨੂੰ ਫ਼ਰੇਬ ਸੋਭਾ ਨਹੀਂ ਦਿੰਦਾ। (5) ਲੋਕਾਂ ਉਤੇ ਜ਼ੁਲਮ ਦੀ ਤਲਵਾਰ ਚਲਾਉਣ ਵਾਲੇ ਦਾ ਅੰਤ ਆਸਮਾਨੀ ਤਲਵਾਰ ਨਾਲ ਹੋਵੇਗਾ। (6) ਹਾਲਤ ਵਿਚ ਜਦ ਸਾਰੇ ਸਾਧਨ ਅਸਫਲ ਹੋ ਜਾਣ ਤਾਂ ਤੇਗ ਦੇ ਮੁਕਾਬਲੇ ਵਿਚ ਤੇਗ਼ ਚੁੱਕਣਾ ਜਾਇਜ਼ ਹੈ।

1. *ਬ ਲਾਚਾਰਗੀ ਦਰ ਮਿਯਾਂ ਆਮਦਮ ॥*
   ਬ ਤਦਬੀਰ ਤੀਰੋ ਤੁਫੰਗ ਆਮਦਮ ॥੨॥

2. *ਮਰਾ ਐਤਬਾਰੇ ਬਰ ਈ ਕਸਮ ਨੇਸਤ ॥*
   ਕਿ ਏਜ਼ਦ ਗਵਾਹ ਅਸਤ ਯਜਦਾਂ ਯਕੇਸਤ ॥੧੩॥

3. *ਹਮੂੰ ਮਰਦ ਬਾਯਦ ਸ਼ਵਦ ਸੁਖਨ ਵਰ ॥*
   ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ ॥੫੫॥

4. *ਨਾ ਜੇਬਦ ਤੁਰਾ ਨਾਮ ਔਰੰਗਜ਼ੇਬ*
   ਕਿ ਔਰੰਗਜ਼ੇਬ ਨਾ ਯਾਬਦ ਫਰੇਬ ॥੫॥ ਫਤਹਨਾਮਾ

5. *ਮ ਜਨ ਤੇਗ ਬਰ ਖ਼ੂੰਨ ਕਸ ਬੇ ਦਰੇਗ॥*
ਤੁਰਾ ਨੀਜ਼ ਖ਼ੂੰਨ ਅਸਤ ਬਾ ਚਰਖ ਤੇਗ॥੬੯॥

6. *ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸਤ॥*
ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ॥੨੨॥

ਇਸ ਬਚਿੱਤ੍ਰ ਨਾਟਕ ਵਿਚ ਜਿਸ ਦੇ ਹਜ਼ੂਰ ਮੁਖ ਪਾਤਰ ਖ਼ੁਦ ਸਨ, ਹਜ਼ੂਰ ਨੇ ਤੱਕਿਆ ਕਿ ਕਿਵੇਂ ਚਾਰ ਦਿਨਾਂ ਦੇ ਧਨ, ਦੌਲਤ, ਐਸ਼ਵਰਜ ਲਈ ਲੋਕ ਧਰਮ, ਸਮਾਜ ਜਾਂ ਸਿਆਸਤ ਦੀ ਆੜ ਵਿਚ ਕਮਲੇ ਹੋਏ ਫਿਰਦੇ ਹਨ। ਲੋਕਾਂ ਵਿਚ ਜੋਤ ਇਕੋ ਹੈ; ਉਹਨਾਂ ਦਾ ਅਸਲਾ ਇਕੋ ਹੈ, ਪਰ ਮਹਾਨ ਸੂਤਰ ਧਾਰ ਨੇ ਇਹਨਾਂ ਨੂੰ ਵੱਖੋ ਵੱਖਰਾ ਅਭਿਨਯ ਕਰਨ ਲਈ ਸੰਸਾਰ 'ਤੇ ਭੇਜਿਆ ਹੈ ਇਸ ਅਭਿਨਯ ਕਰਨ ਵਾਲੇ ਪਾਤ੍ਰਾਂ ਤੋਂ ਪ੍ਰਸੰਨ ਹੋਏ ਹਨ ਤੇ ਉਹਨਾਂ ਨੂੰ ਆਪਣੀ ਰਚਨਾ ਵਿਚ ਅਮਰ ਥਾਂ ਦਿੱਤੀ ਹੈ। ਉਹ ਵਿਸਮਾਦੀ ਅਵਸਥਾ ਵਿਚ ਵੂੜੀ ਕਲਾਮ ਦੇ ਹੁਕਮ ਨਾਲ ਮਰਦੇ ਮਾਰਦੇ ਲੋਕਾਂ ਦਾ ਤਮਾਸ਼ਾ ਵੇਖਦੇ ਹਨ ਤੇ ਉਹਨੂੰ ਕਾਗਜ਼ ਉਤੇ ਚਿੱਤਰਦੇ ਹਨ ਇਸ ਤਰਲੇ ਨਾਲ ਕਿ ਜ਼ਾਲਮ ਦਾ ਅਭਿਨਯ ਕਰਨ ਵਾਲੇ ਪਾਤਰ ਆਪਣਾ ਮੂਲ ਪਛਾਣ ਲੈਣ। ਉਨ੍ਹਾਂ ਔਰੰਗਜ਼ੇਬ ਨੂੰ ਲਿਖਿਆ:

ਬੁਬਾਯਦ ਕਿ ਯਜ਼ਦਾਂ ਸਨਾਸੀ ਕੁਨੀ।
ਨਾ ਗੁਫਤਹ ਕਸ਼ਾ ਕਸ ਖ਼ਰਾਸ਼ੀ ਕੁਨੀ।

ਅਰਥਾਤ ਤੈਨੂੰ ਚਾਹੀਦਾ ਹੈ ਕਿ ਤੂੰ ਰੱਬ ਨੂੰ ਪਛਾਣੇ, ਕਿਸੇ ਦਾ ਦਿਲ ਕੌੜੇ ਬਚਨ ਨਾਲ ਨਾ ਦੁਖਾਵੇਂ। ਇਤਿਹਾਸ ਗਵਾਹ ਹੈ ਕਿ ਮਰਨ ਤੋਂ ਪਹਿਲਾਂ ਔਰੰਗਜ਼ੇਬ ਨੇ ਤੌਬਾ ਕੀਤੀ, ਉਹਦਾ ਆਪਣੇ ਅੰਤਲੇ ਦਿਨਾਂ ਵਿਚ ਆਪਣੇ ਸਭ ਤੋਂ ਛੋਟੇ ਪੁੱਤਰ ਕਾਮ ਬਖ਼ਸ਼ ਦੇ ਨਾਂ ਲਿਖਿਆ ਪੱਤਰ ਇਸੇ ਪਸ਼ੇਮਾਨੀ, ਪ੍ਰੇਸ਼ਾਨੀ ਅਤੇ ਬੇਕਸੀ ਭਰਿਆ ਹੈ। ਉਹਨੂੰ ਆਪਣੇ ਜ਼ੁਲਮਾਂ ਅਤੇ ਗੁਨਾਹਾਂ ਦਾ ਅਹਿਸਾਸ ਹੈ, 'ਜਦ ਆਇਆ ਸਾਂ ਤਾਂ ਖ਼ਾਲੀ ਹੱਥੀਂ ਅਤੇ ਹੌਲਾ ਫੁੱਲ, ਹੁਣ ਜਾ ਰਿਹਾ ਹਾਂ ਤਾਂ ਚੰਗੇ ਮੰਦੇ ਅਮਲਾਂ ਦੇ ਭਾਰ ਹੇਠ ਲੱਦਿਆ। ਰੂਹ ਡਰ ਰਹੀ ਹੈ ਦੋਜ਼ਖ ਦੀ ਅੱਗ ਤੋਂ!"

ਇਹ ਇੱਡਾ ਵੱਡਾ ਮਹਾਨ ਇਤਿਹਾਸਕ, ਸਦਾਚਾਰਕ ਅਤੇ ਅਧਿਆਤਮਕ ਅਨਮੁਲਾ ਸਾਹਿਤਕ ਵਿਰਸਾ ਹੈ ਕਿ ਇਸ ਉਤੇ ਮਾਣ ਕਰਕੇ ਸੰਸਾਰ ਦੀ ਕੋਈ ਕੌਮ ਛਾਤੀ ਤਾਣ ਕੇ, ਸਿਰ ਉੱਚਾ ਕਰਕੇ ਟੁਰ ਸਕਦੀ ਹੈ। ਪਰ ਇਸ ਦੇ ਅਸਲ ਵਾਰਸਾਂ ਨੇ ਇਹ ਸੱਚੀ ਗੱਲ ਗੌਲੀ ਹੀ ਨਹੀਂ, ਇਸ ਦੀ ਵਿਆਖਿਆ, ਪ੍ਰਚਾਰ ਪ੍ਰਸਾਰ ਵਲੋਂ ਇਹ ਮੂਲੋਂ ਹੀ ਬੇਧਿਆਨ ਹਨ। ਕੁਝ ਇਕ ਟੀਕਿਆਂ ਤੋਂ ਬਿਨਾਂ ਦਸਮ ਗ੍ਰੰਥ ਸਾਹਿਬ ਆਮ ਲੋਕਾਂ ਲਈ ਤਾਂ ਇਕ ਪਾਸੇ ਸਾਧਾਰਨ ਸਿੱਖਾਂ ਲਈ ਵੀ ਗਰੀਕ ਹੈ। ਪੰਜਾਂ ਬਾਣੀਆਂ (ਜਿਨ੍ਹਾਂ ਵਿਚ ਜਾਪ ਸਾਹਿਬ ਤੇ ਸੁਧਾ ਸਵੱਯੇ ਸ਼ਾਮਲ ਹਨ) ਦੇ ਨੇਮੀ ਪ੍ਰੇਮੀ ਵਿਰਲੇ ਹੀ ਹਨ। ਦੂਜੇ ਪਾਸੇ ਉਤਾਰੇ ਕਰਨ ਵਾਲਿਆਂ ਨੇ ਅਸ਼ੁੱਧੀਆਂ ਕਰਕੇ ਪਾਠਾਂਤਰਾਂ ਵਿਚ ਵਾਧਾ ਕਰ ਦਿੱਤਾ ਹੈ। ਸਿੱਖਾਂ ਤੋਂ ਬਿਨਾਂ ਕੁਝ ਗੈਰ ਸਿੱਖ ਸੋਧ ਪੱਤਰ ਲੇਖਕਾਂ ਨੇ ਵੀ ਚੰਗਾ ਆਲੋਚਨਾਤਮਕ ਕੰਮ ਕੀਤਾ ਹੈ। ਇਸ ਸੰਬੰਧ ਵਿਚ ਡਾਕਟਰ ਲਾਜਵੰਤੀ ਰਾਮ ਕ੍ਰਿਸ਼ਨ (ਜਿਨ੍ਹਾਂ ਨੇ ਫਰਾਂਸੀਸੀ ਵਿਚ ਸਿੱਖ ਇਤਿਹਾਸ 'ਲੇ ਸਿੱਖ' ਲਿਖਿਆ ਹੈ) ਨੇ ਵੀ ਬਚਿੱਤਰ ਨਾਟਕ ਦਾ ਹਿੰਦੀ ਵਿਚ ਟੀਕਾ ਕਰਦਿਆਂ ਨਕਲ ਦਰ ਨਕਲ ਕਾਰਨ ਬਣੇ ਪਾਠਾਂਤਰ ਦੀ ਸੋਧ ਕਰਨ ਦਾ ਯਤਨ ਕੀਤਾ ਹੈ। ਉਦਾਹਰਣ ਲਈ 'ਜੋ ਹਮ ਕੋ ਪਰਮੇਸ਼ਰ

ਉਚਰਿ ਹੈ। ਸੋ ਸਭ ਨਰਕ ਕੁੰਡ ਮੇਂ ਪਰਿ ਹੈ।" ਵਿਚ 'ਪਰਮੇਸ਼ਰ' ਹੋਣ ਕਾਰਨ ਇੱਕ ਮਾਤਰਾ ਵੱਧ ਗਈ ਹੈ ਜੋ ਕਿ 'ਹ' ਦੀ ਹੈ। ਗੁਰੂ ਸਾਹਿਬ ਨੇ ਇਕ ਦੋ ਥਾਂ 'ਪਰਮੇਸ਼ਰ' ਨੂੰ ਪਰਮੇਸ ਵੀ ਲਿਖਿਆ ਹੈ, ਜਿਹਾ ਕਿ।

ਤੇ ਭੀ ਬਲਿ ਪੂਜਾ ਉਰਝਾਏ।
ਆਪਨ ਹੀ ਪਰਮੇਸ਼ਰ ਕਹਾਏ॥੭॥ ਅਧਿਆਏ ੬॥

ਇਉਂ ਹੀ ਉਹਨਾਂ ਦਾ ਵਿਚਾਰ ਹੈ ਕਿ ਅੱਠਵੇਂ ਅਧਿਆਏ ਦੇ ਨੌਵੇਂ ਛੰਦ ਵਿਚ ਆਉਣ ਵਾਲੀ ਪੰਗਤੀ "ਤਹਾਂ ਮਾਤੁਲੇਯੰ ਕ੍ਰਿਪਾਲੰ ਕਰੁਧੰ" ਵਿਚ ਆਉਣ ਵਾਲਾ ਸ਼ਬਦ 'ਮਾਤਲੇਯੰ' ਅਸ਼ੁਧ ਜਾਪਦਾ ਹੈ ਜੋ ਲਿਖਾਰੀਆਂ ਦੀ ਗ਼ਲਤੀ ਦਾ ਨਤੀਜਾ ਹੈ। ਵਿਦਵਾਨ ਬੀਬੀ ਲਿਖਦੀ ਹੈ 'ਸੰਸਕ੍ਰਿਤ ਮੇਂ 'ਮਾਤਲੇਯ' ਸ਼ਬਦ ਮਾਮਾ ਕੇ ਪੁੱਤ੍ਰ ਕੇ ਲੀਏ ਪ੍ਰਯੋਗ ਕੀਆ ਜਾਤਾ ਹੈ। ਇਤਿਹਾਸਨੁਸਾਰ ਕ੍ਰਿਪਾਲ ਚੰਦ ਨੇ ਜੋ ਗੁਰੂ ਗੋਬਿੰਦ ਰਾਏ ਕੇ ਮਾਮਾ ਥੇ, ਇਸ (ਭੰਗਾਣੀ) ਯੁੱਧ ਮੇਂ ਭਾਗ ਲੀਆ ਥਾ। ਇਸ ਕਾਰਨ 'ਮਾਤੁਲੇਯੰ' ਯਹਾਂ ਉਪਯੁਕਤ ਨਹੀਂ ਜੰਚਤਾ। ਮੇਰੇ ਵਿਚਾਰ ਮੇਂ 'ਮਾਤੁਲੱਕ' ਅਥਵਾ 'ਮਾਤੁਲਾਨੰ' ਸ਼ਬਦੋਂ ਕਾ ਪ੍ਰਯੋਗ ਯਹਾਂ ਅਧਿਕ ਉਚਿੱਤ ਰਹੇਗਾ।'

(ਫੁੱਟ ਨੋਟ ਸਫ਼ਾ ੧੩੯, ਬਿਚਿਤ੍ਰ ਨਾਟਕ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੀ ਆਤਮ ਕਥਾ, ਪ੍ਰਕਾਸ਼ਕ ਨੀਉ ਲਿਟਰੇਚਰ, ਨਵੀਂ ਦਿੱਲੀ।)

ਫਾਰਸੀ ਵਿਦਵਾਨਾਂ ਨੇ ਜ਼ਫ਼ਰਨਾਮੇ ਅਤੇ 'ਫ਼ਤਹਨਾਮੇ' ਵਿਚ ਨਕਲ ਦਰ ਨਕਲ ਦੇ ਦੌਰਾਨ ਵਿਚ ਬਣੇ ਪਾਠਾਂਤਰਾਂ ਦੀ ਅਸ਼ੁਧੀ ਵੱਲ ਵੀ ਇਸ਼ਾਰੇ ਕੀਤੇ ਹਨ। ਮਸਲਨ ਫ਼ਤਹਨਾਮੇ ਦਾ ਇਹ ਸ਼ੇਅਰ:

ਤਬੀਅਤ ਅਜ ਸੁੱਜਾ ਓ ਰਿਸਤਾ ਬੇਸ਼
ਕਜ਼ਾ ਦਾਨਾ ਸਾਜ਼ੀ ਵਜ਼ਾਂ ਦਾ ਮੇ ਖੇਸ਼।

ਬਹਿਰ ਹਮਾਸਾ, ਦੇ ਵਜ਼ਨ 'ਫਊਲਨ, ਫਊਲਨ, ਫਊਲਨ, ਫਊਲ ਦੇ ਮੁਤਾਬਿਕ ਠੀਕ ਨਹੀਂ। ਜੇ ਇਸਦੇ ਅੱਗੇ ਸ਼ਬਦ 'ਨਾ' ਲਗਾ ਕੇ ਪੜ੍ਹੀਏ।

ਨਾ ਤਸਬੀਹਤ ਅਜ ਸੁੱਜਾ ਓ ਰਿਸ਼ਤਾ ਬੇਸ
ਤਾਂ ਅਰਥ ਭੀ ਠੀਕ ਤੇ ਤਕਤੀਆ ਭੀ ਦਰੁਸਤ ਹੈ
(ਡਾ. ਅੰਮ੍ਰਿਤ ਲਾਲ ਇਸ਼ਰਤ ਦਾ ਲੇਖ-ਪਾਸਬਾਂ-ਜਨਵਰੀ 1966)

ਸ੍ਰੀ ਨਾਨਕ ਚੰਦ ਨਾਜ ਨੇ ਮਨਜ਼ੂਮ ਤਰਜਮਾ ਜ਼ਫਰਨਾਮਾ ਵਿਚ ਉਹ ਅੱਧਾ ਸ਼ੇਅਰ ਲੱਭ ਕੇ ਪਾਇਆ ਹੈ, ਜਿਸ ਨਾਲ ਛੰਦਾਂ ਦੀ ਗਿਣਤੀ ਪੂਰੀ ਚੌਥੀ ਹੈ। ਕੀ ਕੋਈ ਖੋਜੀ ਵਿਦਵਾਨ ਅਕਾਲ ਉਸਤਿਤ ਦੇ ਅਖੀਰਲੇ ਅਧੂਰੇ ਛੰਦ ਦਾ ਅੱਧਾ ਗੁੰਮ ਭਾਗ ਭੀ ਲੱਭ ਸਕੇਗਾ?

ਲੋੜ ਹੈ ਕਿ ਹਜ਼ੂਰ ਦੀ ਤੀਜੀ ਜਨਮ ਸ਼ਤਾਬਦੀ ਦੀ ਸਫਲ ਮਨਾਉਣ ਦਾ ਇੱਕ ਅੰਗ ਇਹ ਭੀ ਹੋਵੇ ਕਿ ਸ੍ਰੀ ਦਸਮ ਗ੍ਰੰਥ ਸਾਹਿਬ ਦਾ ਪ੍ਰਮਾਣਿਕ ਵਿਆਖਿਆ ਸਹਿਤ ਮੁੜ ਸੰਪਾਦਨ ਹੋਵੇ ਅਤੇ ਭਾਈ ਮਨੀ ਸਿੰਘ ਜੀ ਵਲੋਂ ਪ੍ਰਾਚੀਨ ਬੀੜ ਬੰਨ੍ਹਣ ਤੋਂ ਬਾਦ ਦਸਵੇਂ ਪਾਤਸ਼ਾਹ ਦੀਆਂ ਮਿਲੀਆਂ ਰਚਨਾਵਾਂ ਨੂੰ ਭੀ ਸ਼ਾਮਿਲ ਕੀਤਾ ਜਾਵੇ।

'ਗੁਰਮਤਿ ਪ੍ਰਕਾਸ਼': ਜਨਵਰੀ 1971

ਬਚਿੱਤਰ ਨਾਟਕ

ਗੁਰੂ ਗੋਬਿੰਦ ਰਾਏ ਜਿਹਾ ਕਿ ਖਾਲਸਾ ਸਾਜਣ ਤੋਂ ਪਹਿਲਾਂ ਦਸਮੇਸ਼ ਜੀ ਦਾ ਸ਼ੁਭ ਨਾਂ ਸੀ, ਨੇ ਜਨਤਾ ਦੀ ਦੀਨ ਹੀਨ ਅਵਸਥਾ ਦੇ ਕਾਰਨਾਂ ਵਿਚੋਂ ਇਕ ਇਹ ਵੀ ਲੱਭਾ ਕਿ ਵਿਦਿਆ ਤੋਂ ਬਿਨਾਂ ਉਨ੍ਹਾਂ ਦੀ ਦਿਮਾਗੀ ਪੱਧਰ ਡਿੱਗ ਚੁੱਕੀ ਹੈ ਅਤੇ ਉਨ੍ਹਾਂ ਦੀ ਗਿਆਨ ਵਿਹੂਣੀ ਹਾਲਤ ਉਵੇਂ ਹੀ ਤੁਰਦੀ ਆਈ ਹੈ ਜਿਵੇਂ ਕਿ ਗੁਰੂ ਨਾਨਕ ਜੀ ਦੇ ਵੇਲੇ ਸੀ। ਇਸ ਬਾਰੇ ਪ੍ਰਥਮ ਗੁਰੂ ਜੀ ਨੇ ਆਸਾ ਦੀ ਵਾਰ ਵਿਚ ਸੰਕੇਤ ਕੀਤਾ ਹੈ, 'ਅੰਧੀ ਰਈਅਤਿ ਗਿਆਨ ਵਿਹੂਣੀ ਭਾਇ ਭਰੇ ਮਰਦਾਰ' ਮਾਨਸਕ ਹਾਲਤ ਵਿਗੜ ਜਾਣ ਦੇ ਕਾਰਨ ਹੀ ਡਰ, ਸਹਿਮ, ਨਿਪੁੰਸਕਤਾ ਅਤੇ ਮਲੀਨਤਾ ਆਦਿ ਔਗੁਣ ਪ੍ਰਵੇਸ਼ ਕਰ ਜਾਂਦੇ ਹਨ। ਇਸ ਗੱਲ ਨੂੰ ਮੁਖ ਰੱਖਕੇ ਆਪ ਨੇ ਵਿਦਿਆ ਦਾ ਪ੍ਰਕਾਸ਼ ਜਨ ਸਾਧਾਰਨ ਤੱਕ ਅਪੜਾਉਣ ਲਈ ਕਈ ਉਪਰਾਲੇ ਕੀਤੇ। ਆਪ ਦੇ ਕਥਨ 'ਦੋਹੂੰ ਪੰਥ ਮੇ ਕਪਟ ਵਿਦਿਆ ਚਲਾਨੀ' ਅਨੁਸਾਰ ਸਮੇਂ ਦੇ ਵਿਦਵਾਨਾਂ ਦੀ ਵਿਦਿਆ ਪ੍ਰਣਾਲੀ ਨਾਲ ਸਮੇਂ ਦੀ ਪ੍ਰਚਲਿਤ ਸੰਪ੍ਰਦਾਇਕ ਬੁਰਾਈਆਂ ਪੜ੍ਹਨ ਵਾਲੇ ਵਿਚ ਸੁਭਾਵਕ ਹੀ ਦਾਖ਼ਲ ਹੋ ਜਾਂਦੀਆਂ ਸਨ। ਭਾਰਤ ਦੀ ਪ੍ਰਾਚੀਨ ਵਿਦਿਆ ਬਹੁਤੀ ਸੰਸਕ੍ਰਿਤ ਵਿਚ ਸੀ, ਪੱਛਮੀ ਵਿਦਿਆ ਬਹੁਤੀ ਫਾਰਸੀ ਤੇ ਅਰਬੀ ਵਿਚ। ਆਪ ਨੇ ਸੰਸਕ੍ਰਿਤ ਦੇ ਅਧਿਐਨ ਲਈ ਪੰਜਾਂ ਸਿੰਘਾਂ ਨੂੰ ਕਾਸ਼ੀ ਭੇਜਿਆ ਅਤੇ ਸਮੇਂ ਦੇ ਧੁਰੰਦਰ ਵਿਦਵਾਨ ਪੰਡਤਾਂ, ਕਵੀਆਂ ਤੇ ਆਲਮਾਂ ਨੂੰ ਆਪਣੀ ਸਰਪ੍ਰਸਤੀ ਹੇਠ ਲੈ ਕੇ ਪ੍ਰਾਚੀਨ ਗਿਆਨ ਨੂੰ ਸਹਿਲ ਭਾਸ਼ਾ ਵਿਚ ਉਲਟਾਉਣ ਲਈ ਨੀਯਤ ਕੀਤਾ। ਨਤੀਜੇ ਵਜੋਂ ਜੋ ਲਿਖਤਾਂ ਵਜੂਦ ਵਿਚ ਆਈਆਂ ਉਹ ਨੌਂ ਮਣ ਵਜ਼ਨ ਦੇ 'ਵਿਦਿਆ ਧਰ' ਗ੍ਰੰਥ ਵਿਚ ਸੰਗ੍ਰਹਿਤ ਕੀਤੀਆਂ ਗਈਆਂ। ਆਨੰਦਪੁਰ ਦੀ ਗ਼ਾਰਤ ਗਰਦੀ ਸਮੇਂ ਇਲਮ ਹੁਨਰ ਦੇ ਵੈਰੀਆਂ ਵਲੋਂ ਇਸ ਅਨਮੋਲ ਖਜ਼ਾਨੇ ਨੂੰ ਉਚੇਚੇ ਤੌਰ ਤੇ ਜ਼ਾਇਆ ਕਰਨ ਦਾ ਯਤਨ ਕੀਤਾ ਗਿਆ।

ਆਪ ਨੇ ਆਪਣੇ ਦਰਬਾਰੀ ਕਵੀਆਂ ਕੋਲੋਂ ਹੇਠ ਲਿਖੇ ਉਤਮ ਗ੍ਰੰਥਾਂ ਦਾ ਅਨੁਵਾਦ ਕਰਵਾਇਆ-1 ਚਾਣਕ ਨੀਤੀ ਸੈਨਾਪਤੀ ਤੋਂ, 2 ਪੰਚ ਤੰਤਰ ਤਨਸੁਖ ਰਾਏ ਤੋਂ, 3 ਮਹਾਂ ਭਾਰਤ ਦਾ ਕਰਨਪੁਰਬ ਹੰਸ ਰਾਮ ਤੋਂ, 4 ਸਭਾ ਪੂਰਬ ਅੰਮ੍ਰਿਤ ਰਾਏ ਤੋਂ, 5 ਸ਼ਲਯ ਪਰਬ ਮੰਗਲ ਤੋਂ, 6 ਦਰੋਣ ਪਰਬ ਕੁੰਵਰੇਸ਼ ਤੋਂ, 7 ਪਿੰਗਲ ਦਾ ਗ੍ਰੰਥ ਗਿਰਧਾਰੀ ਲਾਲ ਤੋਂ। ਮਹਾਂ ਭਾਰਤ, ਚਾਣਕ ਨੀਤੀ ਅਤੇ ਪੰਚ ਤੰਤਰ ਅਜਿਹੇ ਗ੍ਰੰਥ ਸਨ ਜਿਨ੍ਹਾਂ ਨੂੰ ਵਿਦਵਤਾ ਅਤੇ ਪੰਡਿਤਾਈ ਦਾ ਘਰ ਮੰਨਿਆ ਜਾਂਦਾ ਸੀ। ਹਜ਼ੂਰ ਸਾਹਿਤਕ ਉਚਿਤਾ ਵਾਲੇ ਹਰ ਗ੍ਰੰਥ ਦੀ ਕਦਰ ਕਰਦੇ ਸਨ। ਹਿਰਦੇ ਰਾਮ ਦੇ ਹਨੂਮਾਨ ਨਾਟਕ ਨੂੰ ਆਪ ਬਹੁਤ ਪਸੰਦ ਕਰਦੇ ਸਨ, ਆਖਿਆ ਜਾਂਦਾ ਹੈ ਕਿ ਗਿਆਨ ਪ੍ਰਬੋਧ ਦਾ ਆਧਾਰ ਮਹਾਂ ਭਾਰਤ ਵੀ ਹੈ।

ਸ਼ੈਕਸਪੀਅਰ ਦੇ ਸ਼ਬਦਾਂ 'Life is a stage' ਅਰਥਾਤ ਜੀਵਨ ਰੰਗ ਭੂਮੀ ਹੈ ਅਨੁਸਾਰ ਹਰ ਪ੍ਰਾਣੀ ਆਪਣਾ ਜੀਵਨ-ਅਭਿਨਯ ਦਿਖਾਉਣ ਲਈ ਆਉਂਦਾ ਹੈ ਤੇ ਚਲਾ

ਜਾਂਦਾ ਹੈ। ਹਜ਼ੂਰ ਨੇ 'ਮੈਂ ਹੋਂ ਪਰਮ ਪੁਰਖ ਕੋ ਦਾਸਾ। ਦੇਖਨ ਆਯੋ ਜਗਤ ਤਮਾਸਾ' ਆਖ ਕੇ, ਇਸ ਖਿਆਲ ਦੀ ਪ੍ਰੋੜ੍ਹਤਾ ਕੀਤੀ ਹੈ, ਪਰ ਤਮਾਸ਼ਾ ਬਣ ਤਮਾਸ਼ਾਈ ਨਾ ਬਣ ਅਨੁਸਾਰ ਸੰਸਾਰ ਦੀ ਰੰਗ ਭੂਮੀ ਉਤੇ ਆਪਣਾ ਸ਼ਾਨਦਾਰ ਜੀਵਨ ਨਾਟ ਦਰਸਾ ਕੇ ਮਨੁੱਖ ਜਾਤੀ ਦੀ ਅਗਵਾਈ ਕੀਤੀ ਹੈ। ਮਨੁੱਖਤਾ ਦੇ ਹਰ ਅੰਗ ਨੂੰ ਪੂਰਨਤਾ ਦੇਣ ਲਈ ਆਪ ਨੇ ਜਨਤਾ ਨੂੰ ਸਾਹਸੀ, ਗਿਆਨਵਾਨ ਤੇ ਕਰਮ ਸ਼ੀਲ ਬਣਾਇਆ। ਗਿਆਨ ਪ੍ਰਕਾਸ਼ਨ ਤੇ ਪ੍ਰਸਾਰਨ ਵਿਚ ਕਟਿਬੱਧ ਹੋ ਕੇ ਮੈਦਾਨ ਵਿਚ ਉਤਰੇ ਅਤੇ ਸਾਹਿਤ ਸਿਰਜਨ ਵਿਚ ਸ਼ਾਨਦਾਰ ਹਿੱਸਾ ਪਾਇਆ। ਜਿੱਥੇ ਆਪ ਨੇ ਆਤਮਕ ਉੱਚਤਾ ਲਈ ਜਾਪ ਅਤੇ ਅਕਾਲ ਉਸਤਤ ਬਾਣੀਆਂ ਰਚੀਆਂ ਅਤੇ ਇਖਲਾਕੀ ਸਿੱਕਿਆਂ ਦੇ ਖਰੇਪਨ ਅਤੇ ਖੋਟ ਦੀ ਤਮੀਜ਼ ਕਰਨ ਲਈ ਚਰਿੱਤਰੋਪਖਿਆਨ ਦਿੱਤਾ। ਉਥੇ ਇਤਿਹਾਸਕ ਅਤੇ ਮਿਥਿਹਾਸਕ ਖੇਤਰ ਵਿਚ, ਆਤਮਕਥਾ, 24 ਅਵਤਾਰਾਂ ਤੇ ਨੌਂ ਉਪ ਅਵਤਾਰਾਂ ਦੀ ਕਥਾ, ਚੰਡੀ ਚਰਿੱਤਰ ਅਤੇ ਆਤਮਕਥਾ ਆਦਿ ਰਚਨਾਵਾਂ ਰਚੀਆਂ ਜੋ ਬਚਿੱਤਰ ਨਾਟਕ ਗ੍ਰੰਥ ਦਾ ਭਾਗ ਹਨ।

ਇਸ ਰਚਨਾ ਦਾ ਪਹਿਲਾ ਮਨੋਰਥ ਤਾਂ ਇਹ ਜਾਪਦਾ ਹੈ ਕਿ ਇਹ ਗੁਰੂ ਗ੍ਰੰਥ ਸਾਹਿਬ ਵਿਚ ਆਏ ਪੌਰਾਣਕ, ਮਿਥਿਹਾਸਕ ਤੇ ਇਤਿਹਾਸਕ ਹਵਾਲਿਆਂ ਦਾ ਕੋਸ਼ ਬਣ ਸਕੇ ਤੇ ਇਤਿਹਾਸ ਖੋਜੀਆਂ ਨੂੰ ਸਹਿਜੇ ਹੀ ਇਕ ਥਾਂ ਇਕੱਠੀ ਹੋਈ ਸਮੱਗਰੀ ਮਿਲ ਸਕੇ, ਪੂਰਵ ਆਰੀਆ ਕਾਲ (ਚੰਡੀ ਚਰਿੱਤਰ) ਤੇ ਆਰੀਆ ਕਾਲ (ਅਵਤਾਰ ਕਥਾ) ਦੀ ਸਭਿਅਤਾ ਦੇ ਇਤਿਹਾਸ ਦੇ ਨਾਲ ਨਾਲ (ਆਤਮ ਕਥਾ ਰਾਹੀਂ) ਬਿਦੇਸੀ ਹਮਲਾਆਵਰਾਂ ਦੇ ਇਸ ਉਤੇ ਪਏ ਪ੍ਰਭਾਵ ਦਾ ਨਿਖੇੜਾ ਤੇ ਨਿਰਨਾ ਹੋ ਸਕੇ। ਤੀਜੇ, ਸਿੱਖ ਵਿਦਿਆ ਅਤੇ ਗਿਆਨ ਦੇ ਚਾਨਣ ਵਿਚ ਗੁਰਮਤਿ ਅਤੇ ਅਨਮਤਾਂ ਦਾ ਟਾਕਰਾ ਕਰ ਸਕਣ ਅਤੇ ਇਸ ਟੱਕਰ 'ਚੋਂ ਆਪਣੇ ਧਰਮ ਲਈ ਦ੍ਰਿੜ੍ਹਤਾ ਅਤੇ ਸਿਦਕ ਪ੍ਰਾਪਤ ਕਰ ਸਕਣ। ਮੈਕਾਲਫ਼ ਸਾਹਿਬ ਲਿਖਦੇ ਹਨ:

The Guru desired that his Sikhs on becoming acquainted with the Hindu sacred writings might be able to form their own estimate of them and their inferiority to the composition of the Gurus.

ਰਚਨਾ ਕਾਲ

ਸ: ਰਣਧੀਰ ਸਿੰਘ ਹਿਸਟਰੀ ਰੀਸਰਚ ਸਕਾਲਰ (ਸ਼੍ਰੋਮਣੀ ਗੁ: ਪ੍ਰ: ਕਮੇਟੀ) ਅਨੁਸਾਰ, ਸੰਮਤ 1754 ਦੀ ਵੈਸਾਖੀ (ਸੋਮਵਾਰ 29 ਮਾਰਚ 1697) ਦੇ ਮਹਾਂ ਸਮਾਗਮ ਪੁਰ ਇਕੱਠੀ ਹੋਈ ਸੰਗਤ ਵਿਚੋਂ ਇਕ ਪਵਿੱਤਰ ਆਤਮਾ ਸਿੱਖ ਨੇ ਜਗਿਆਸੂਆਂ ਦੇ ਕਲਿਆਣ ਹਿੱਤ ਸਤਿਗੁਰਾਂ ਪਾਸ ਪ੍ਰਾਰਥਨਾ ਕੀਤੀ:-

ਸਭ ਪ੍ਰਤਾਪ ਜਗਦੀਸ ਕੋ ਕਹ ਸਕਲ ਬਿਧਿ ਤੈਨ।

(ਅਕਾਲ ਉਸਤਤ)

ਇਸ ਪ੍ਰਸ਼ਨ ਦੀ ਪੂਰਤੀ ਹਿਤ ਸਤਿਗੁਰਾਂ ਨੇ ਬਚਿੱਤਰ ਨਾਟਕ ਦੀ ਰਚਨਾ ਕੀਤੀ ਜੋ-

ਨਮਸ਼ਕਾਰ ਸ੍ਰੀ ਖੜਗ ਕੋ ਕਰੋ ਸੁ ਹਿਤੁ ਚਿਤੁ ਲਾਇ।
ਪੂਰਨ ਕਰੌ ਗਰੰਥ ਇਹ ਤੁਮ ਮੁਹਿ ਕਰਹੁ ਸਹਾਇ॥੧॥

ਤੋਂ ਆਰੰਭ ਹੋ ਕੇ ਅਵਤਾਰ ਕਥਾ ਦੀ ਅੰਤਕਾ-ਸ਼ਬਦਾਂ, ਸਵੈਯਾ ਪੁਰ ਪੂਰਨ ਹੁੰਦਾ ਹੈ।) ਵਿਸਤਾਰ ਪੂਰਵਕ ਜਗਦੀਸ਼ ਦੇ ਪ੍ਰਤਾਪ ਨੂੰ ਵਰਨਣ ਕਰਨ ਦਾ ਖ਼ਿਆਲ ਜੋ ਇਸ ਮਹਾਨ ਗ੍ਰੰਥ ਦਾ ਉਦੇਸ਼ ਹੈ, ਆਪ ਨੇ ਇਉਂ ਦੱਸਿਆ ਹੈ:

ਤੁਮਰੀ ਕ੍ਰਿਆ ਕਹਾ ਕੋਊ ਕਹੈ।
ਸਮਝਤ ਬਾਤ ਉਰਝ ਮਤਿ ਰਹੇ।
ਸੂਛਮ ਰੂਪ ਨ ਬਰਨਾ ਜਾਈ।
ਬਿਰਧ ਸਰੂਪਹਿ ਕਹੋ ਬਨਾਈ।੭॥
ਤੁਮਰੀ ਪ੍ਰੇਮ ਭਗਤਿ ਜਬ ਗਹਿਹੋ।
ਛੋਰ ਕਥਾ ਸਬ ਹੀ ਤਬ ਕਹਿਹੋ।
ਅਬ ਮੈਂ ਕਹੋ ਸੁ ਅਪਨੀ ਕਥਾ।
ਸੋਢੀ ਬੰਸ ਉਪਜਿਯਾ ਜਥਾ।੮
ਪ੍ਰਿਥਮ ਕਥਾ ਸੰਛੇਪਤੇ, ਕਹੋ ਸੁ ਹਿਤ ਚਿਤ ਲਾਇ।
ਬਹੁਰਿ ਬਡੋ ਬਿਸਥਾਰ ਕੈ ਕਹਿਹਉ ਸਭੈ ਸੁਨਾਇ॥੯॥

(ਬਚਿੱਤਰ ਨਾਟਕ-ਅਪਨੀ ਕਥਾ, ਅਧ: ੨)

ਅਰਥਾਤ-ਭਾਵੇਂ ਪਰਮਾਤਮਾ ਤੱਤਾਂ, ਡਰ ਤੇ ਅੰਤ ਤੋਂ ਬਾਹਰ ਹੈ, ਤਦ ਵੀ ਆਪਣੀ ਬੁਧਿ ਅਨੁਸਾਰ ਉਸ ਦਾ ਸਾਰਾ ਪਸਾਰਾ (ਤੱਤ) ਵਰਣਨ ਕਰਦਾ ਹਾਂ। ਲੇਕਿਨ ਜਗਦੀਸ਼ ਦਾ ਸੂਖਮ (ਨਿਰਗੁਣ ਨਿਰਾਕਾਰ) ਰੂਪ ਬਿਆਨਿਆਂ ਨਹੀਂ ਜਾ ਸਕਦਾ, ਇਸ ਲਈ ਉਸ ਦਾ ਮੋਟਾ ਸਰੂਪ ਜੋ ਅਵਤਾਰਾਂ, ਨਬੀਆਂ ਆਦਿ ਮਹਾਂਪੁਰਖਾਂ ਦੁਆਰਾ ਸਹੀ ਹੁੰਦਾ ਏ, ਉਹੋ ਬਣਾ ਕੇ (ਚੰਗੀ ਤਰ੍ਹਾਂ) ਦੱਸਦੇ ਹਾਂ। ਉਹ ਵੀ ਤਦ ਹੀ ਸਾਰਾ ਖੋਲ੍ਹ ਕੇ ਦੱਸ ਸਕਾਂਗੇ, ਜੇ ਹੇ ਜਗਦੀਸ਼ ਤੇਰੀ ਪ੍ਰੇਮਾ ਭਗਤੀ ਪ੍ਰਾਪਤ ਕਰ ਲਵਾਂਗੇ। ਐਪਰ ਇਹ ਲੰਮੀ ਕਥਾ ਛੋਹਣ ਤੋਂ ਪਹਿਲਾਂ ਆਪਣੀ ਕਥਾ 'ਤੇ ਆਪਣੇ ਵੰਸ਼-ਸੋਢੀ ਕੁਲ ਦੀ ਉਤਪਤੀ ਬਾਰੇ ਕੁਝ ਦੱਸ ਲਈਏ। ਇਹ ਕਥਾ ਵੀ ਤਦ ਹੀ ਸਮਝ ਵਿਚ ਆ ਸਕੇਗੀ ਜਦ ਪਹਿਲੋਂ ਸ੍ਰਿਸ਼ਟੀ ਦੀ ਮੁਢਲੀ ਕਥਾ ਸੁਣਾਈ ਜਾਵੇ। ਸੋ ਇਸ ਦਾ ਇਥੇ ਥੋੜ੍ਹੇ ਸ਼ਬਦਾਂ ਵਿਚ ਬਿਆਨ ਕਰ ਕੇ ਫਿਰ ਪੂਰੇ ਵਿਸਥਾਰ ਨਾਲ ਜਗਦੀਸ਼ ਦਾ ਪ੍ਰਤਾਪ ਵਰਨਣ ਕਰਾਂਗੇ। (ਦਸਵੇਂ ਪਾਤਸ਼ਾਹ ਦੇ ਗ੍ਰੰਥ ਦਾ ਇਤਿਹਾਸ, ਸਫ਼ਾ ੨੨-੨੩)

ਗ੍ਰੰਥ ਦੀ ਤਰਤੀਬ

ਜਿਵੇਂ ਕਿ ਉਪਰ ਦੱਸਿਆ ਗਿਆ ਹੈ, ਇਸ ਗ੍ਰੰਥ ਦਾ ਬੀਜ ਰੂਪ ਅਕਾਲ ਉਸਤਤ ਦਾ ਅੰਤਲਾ ਭਾਗ ਹੈ। ਸ: ਰਣਧੀਰ ਸਿੰਘ, ਇਸ ਦੀ ਉਥਾਨਕਾ ਅਕਾਲ ਉਸਤਤ ਦੇ ਛੰਦ 201 ਤੋਂ 210 ਤੱਕ (ਜੋ ਸਵਾਲੀਆ ਦੋਹਰੇ ਹਨ ਤੇ ਜਿਨ੍ਹਾਂ ਦੇ ਉਤਰ ਇਸ ਬਾਣੀ ਵਿਚ ਮੌਜੂਦ ਨਹੀਂ-ਇਹ ਉੱਤਰ ਗਿਆਨੀ ਨਰੈਣ ਸਿੰਘ, ਟੀਕਾਕਾਰ ਦਸਮ ਗ੍ਰੰਥ ਭਾਈ ਕਾਨ੍ਹ ਸਿੰਘ ਕਰਤਾ ਮਹਾਨ ਕੋਸ਼ ਅਤੇ ਸ: ਸ਼ਮਸ਼ੇਰ ਸਿੰਘ ਅਸ਼ੋਕ ਨੇ ਆਪਣੀ ਆਪਣੀ ਖੋਜ ਅਨੁਸਾਰ ਪੇਸ਼ ਕੀਤੇ ਹਨ) ਤੇ 231 ਤੋਂ 272 ਤਕ ਮੰਨੇ ਹਨ (ਕਿਉਂਕਿ 211 ਤੋਂ 230 ਤੱਕ 20 ਤ੍ਵ ਪ੍ਰਸਾਦਿ ਦੀਰਘ ਤ੍ਰਿਭੰਗੀ ਛੰਦ, ਚੰਡੀ (ਸ੍ਰੀ ਭਗਾਉਤੀ ਜੀ) ਦੀ ਉਪਮਾ ਵਿਚ ਹਨ) ਉਨ੍ਹਾਂ ਨੇ ਗ੍ਰੰਥ ਦੀ ਤਰਤੀਬ ਇਉਂ ਦੱਸੀ ਹੈ।

(ੳ) ਉਥਾਨਕਾ (ਅਕਾਲ ਉਸਤਤ ਵਿਚੋਂ)	52 ਛੰਦ
(ਅ) ਆਪਣੀ ਕਥਾ-14 ਅਧਿਆਇ	471
(ੲ) ਚੰਡੀ ਚਰਿੱਤ੍ (2) ਤ੍ਾਂਬੀ ਮਹਾਤਮ	262
(ਸ) ਚੌਬੀਸ ਅਵਤਾਰ ਕਥਾ	
ਰਾਮ ਅਵਤਾਰ ਤੱਕ	1272
ਕ੍ਰਿਸ਼ਨ ਕਥਾ	2535
ਅਰਜੁਨ ਤੋਂ ਕਲਕੀ ਤਕ	606
ਮਹਦੀ ਮੀਰ	11
(ਹ) ਉਪ ਅਵਤਾਰ ਬ੍ਰਹਮਾ	345
ਰੁਦਰ	856
(ਕ) ਅੰਤਕਾ*	41
	....
	6451

ਆਤਮ ਕਥਾ

ਇਹ ਰਚਨਾ ਚੌਦਾਂ ਅਧਿਆਵਾਂ ਵਿਚ ਕੀਤੀ ਗਈ ਹੈ। ਰਚਨਾ ਸ਼ੈਲੀ ਪ੍ਰਾਚੀਨ ਹਿੰਦੂ ਇਤਿਹਾਸ ਰਚਨਾ ਦੇ ਇੰਨੀ ਕੁ ਅਨੁਕੂਲ ਹੈ ਕਿ ਇਸ ਵਿਚ ਵੀ ਸੰਨ ਸੰਮਤਾਂ ਦਾ ਅਭਾਵ ਹੈ ਤੇ ਨਾਟਕੀ ਅੰਸ਼ ਦੀ ਧਾਰਨੀ ਹੈ ਕਿ ਕਿਉਂਕਿ ਪੁਰਾਤਨ ਹਿੰਦੂ ਸਾਹਿਤ ਅਨੁਸਾਰ ਧਾਰਮਿਕ ਕਥਾਵਾਂ ਨੂੰ ਇਤਿਹਾਸ ਗਿਣਿਆ ਗਿਆ, ਪਰ ਆਤਮ ਕਥਾ ਲਿਖਣਾ ਹਿੰਦੂ ਇਤਿਹਾਸ ਸ਼ੈਲੀ ਦਾ ਲੱਛਣ ਨਹੀਂ ਇਹ ਮੁਸਲਿਮ ਸ਼ੈਲੀ ਦਾ ਅੰਗ ਹੈ ਜਿਹਾ ਕਿ ਮੁਗ਼ਲਾਂ ਨੇ ਤੋਜ਼ਕੇ ਬਾਬਰੀ, ਤੋਜ਼ਕੇ ਜਹਾਂਗੀਰੀ ਲਿਖੀਆਂ। ਇਸ ਨਵੀਨ ਸ਼ੈਲੀ ਨੂੰ ਅਪਣਾ ਕੇ ਆਪ ਨੇ ਭਾਰਤੀ ਇਤਿਹਾਸ ਸਿਰਜਨ ਖੇਤਰ ਵਿਚ ਨਵੀਂ ਲੀਹ ਪਾਈ। ਪਰ ਮੁਸਲਿਮ ਸ਼ੈਲੀ ਤੋਂ ਵੱਖਰੀ ਗੱਲ ਇਹ ਕੀਤੀ ਕਿ ਤੌਜ਼ਕ ਪ੍ਰਣਾਲੀ ਦੇ ਉਲਟ ਆਪ ਨੇ ਬਾਬਰ ਅਤੇ ਜਹਾਂਗੀਰ ਵਾਂਗ ਆਪਾ ਪ੍ਰਗਟਾਉਣ, ਰੁਸ਼ਨਾਉਣ ਯਾਂ ਆਤਮ-ਚਮਤਕਾਰ ਦਿਖਾਉਣ (self glorification) ਦੀ ਥਾਂ ਜੰਗਾਂ ਜੁੱਧਾਂ ਵਿਚ ਜੂਝਣ ਵਾਲੇ ਸੂਰਮਿਆਂ, ਚਾਹੇ ਉਹ ਵੈਰੀ ਪੱਖ ਦੇ ਹੀ ਹੋਣ, ਦੀ ਵਡਿਆਈ ਨਿਸੰਕੋਚ ਕੀਤੀ ਹੈ, ਜਿਹਾ ਕਿ ਭੰਗਾਣੀ ਯੁੱਧ ਵਿਚ ਲੜਨ ਵਾਲੇ ਸੂਰਮਿਆਂ ਵਿਚੋਂ ਜਿੱਥੇ ਆਪਣੇ ਪੱਖੀਆਂ ਸੰਗੋਸ਼ਾਹ, ਮਾਹਰੀ ਚੰਦ, ਗੰਗਾਰਾਮ, ਦਯਾਰਾਮ ਪਰੋਹਤ ਅਤੇ ਕਿਰਪਾਲ ਉਦਾਸੀ, ਮਾਮਾ ਕਿਰਪਾਲ ਚੰਦ ਆਦਿ ਦੀ ਵਡਿਆਈ ਕੀਤੀ ਹੈ, ਉਥੇ ਪਹਾੜੀ

---

* ਪ੍ਰੋ: ਪਿਆਰਾ ਸਿੰਘ ਪਦਮ ਦੇ ਸ਼ਬਦਾਂ ਵਿਚ ਬਚਿੱਤ੍ਰ ਨਾਟਕ, ਦਸਮ ਗ੍ਰੰਥਾਵਲੀ ਦਾ ਸਭ ਤੋਂ ਵੱਡਾ ਗ੍ਰੰਥ ਹੈ (ਚਰਿਤ੍ਰੋਪਖਿਆਨ ਤੋਂ ਵਡੇਰਾ) ਕੁਲ ਛੰਦ 6548 ਹਨ। ਅਰੰਭ ਵਿਚ ਕਵੀ ਨੇ ਆਤਮ ਕਥਾ ਲਿਖੀ ਹੈ। ਫਿਰ ਚੰਡੀ ਚਰਿੱਤ੍ ਉਕਤਿ ਬਿਲਾਸ ਤੇ ਚੰਡੀ ਚਰਿੱਤ੍ (2) ਸਿਰਲੇਖਾਂ ਹੇਠ ਹਿੰਦੁਸਤਾਨ ਦੀ ਮੰਨੀ ਪ੍ਰਮੰਨੀ ਪੌਰਾਣਿਕ ਪ੍ਰਸਿੱਧ ਬੀਰਾਂਗਨਾਂ-ਚੰਡੀ ਦੀਆਂ ਦੋ ਜੰਗੀ ਕਹਾਣੀਆਂ ਲਿਖੀਆਂ ਹਨ।.... ਇਸ ਤੋਂ ਪਿੱਛੋਂ ਵਿਸ਼ਨੂੰ ਦੇ 24 ਅਵਤਾਰਾਂ ਦੀ ਗਾਥਾ ਹੈ। *(ਸੋਲਾਂ ਕਲਾ, ਸਫਾ 199-200)*

ਰਾਜੇ ਹਰੀ ਚੰਦ ਦੀ ਵੀਰਤਾ ਦੀ ਉਪਮਾ ਵੀ ਕੀਤੀ ਹੈ। ਮਾਨੋ ਇਸ ਪ੍ਰਬੀਨ ਨਾਟਕਕਾਰ ਨੇ ਹਰ ਪਾਤਰ ਦੇ ਚੰਗੇ ਅਭਿਨਯ (ਚਾਹੇ ਉਹ ਦੁਸ਼ਟ ਪਾਤਰ Villain ਹੀ ਹੈ) ਦੀ ਉਪਮਾ ਕਰ ਕੇ ਸਾਹਿਤਕ ਅਤੇ ਇਤਿਹਾਸਕ ਦਿਆਨਤਦਾਰੀ ਦਾ ਸਬੂਤ ਦਿੱਤਾ ਹੈ।

ਪਹਿਲੇ ਅਧਿਆਏ ਵਿਚ ਅਕਾਲ ਪੁਰਖ ਨੂੰ ਸ੍ਰੀ ਕਾਲ ਦੇ ਰੂਪ ਵਿਚ ਚਿਤ੍ਰਿਤ ਕੀਤਾ ਹੈ ਅਤੇ ਜਨਤਾ ਨੂੰ ਦੁਸ਼ਟਾਂ ਦੋਖੀਆਂ ਵਿਰੁੱਧ ਸਨੱਧ-ਬੱਧ ਹੋ ਕੇ ਡਟਣ ਦੀ ਪ੍ਰੇਰਨਾ ਦਿੱਤੀ ਹੈ:-

ਨਮੋ ਬਾਣ ਪਾਣੰ ਨਮੋ ਦੰਡ ਧਾਰਯੰ।
ਜਿਨੈ ਚੌਦਹੂੰ ਲੋਕ ਜੋਤੰ ਬਿਥਾਰਯੰ।

ਦੂਜੇ ਅਧਿਆਇ ਵਿਚ* ਜਗਤ ਉਤਪਤੀ ਪੌਰਾਣਿਕ ਢੰਗ ਤੇ ਦੱਸ ਕੇ ਤੀਜੇ ਅਧਿਆਏ ਵਿਚ ਲਵਕੁਸ਼ ਦੇ ਵੰਸ਼ਜ਼ਾਂ ਦੀ ਲੜਾਈ ਦਾ ਜ਼ਿਕਰ ਕੀਤਾ ਹੈ। ਚੌਥੇ ਅਧਿਆਏ ਵਿਚ ਕਸੂ ਵੰਸ਼ੀ ਖੱਤ੍ਰੀਆਂ ਦਾ ਹਾਰ ਕੇ ਵੇਦ ਪਾਠੀ ਬਣਨਾ ਦੱਸ ਕੇ ਬ੍ਰਾਹਮਣਾਂ ਕੋਲੋਂ ਵੇਦਕ ਗਿਆਨ ਦੀ ਅਜਾਰਾਦਾਰੀ ਖੁੱਸਦੀ ਦਰਸਾਈ ਹੈ। ਸੋਢੀਆਂ ਨੂੰ ਪਾਠ ਸੁਣਾ ਕੇ ਕੁਸ਼ੀਆਂ (ਬੇਦੀਆਂ) ਨੇ ਰਾਜ ਪ੍ਰਾਪਤ ਕੀਤਾ ਅਤੇ ਵਰਦਾਨ ਦਿੱਤਾ ਕਿ ਜਦ ਕਲਜੁਗ ਵਿਚ ਅਸੀਂ ਗੁਰੂ ਨਾਨਕ ਦੇ ਰੂਪ ਵਿਚ ਰਾਜ ਯੋਗੀ ਬਣਾਂਗੇ ਤਾਂ ਤੀਜੀ ਪੀੜ੍ਹੀ ਵਿਚ ਤੁਹਾਨੂੰ ਸੋਢੀਆਂ ਨੂੰ ਰਾਜ ਮੋੜ ਦਿਆਂਗੇ। ਇਸ ਤੱਤ ਦੀ ਵਿਆਖਿਆ ਕਰਦਿਆਂ ਭਾਈ ਗੁਰਦਾਸ ਨੇ ਵੀ ਲਿਖਿਆ ਹੈ **'ਦਿਚੇ ਪੂਰਬ ਦੇਵਨਾ ਜਿਸ ਕੀ ਵਸਤ ਤਿਸੈ ਘਰ ਆਵੈ'**। ਪੰਜਵੇਂ ਅਧਿਆਏ ਵਿਚ ਨੌਂ ਪਾਤਸ਼ਾਹੀਆਂ ਦਾ ਵਰਨਣ ਕੀਤਾ ਹੈ। ਇਹ ਸਪਸ਼ਟ ਕਰਦਿਆਂ ਹੋਇਆਂ ਕਿ ਗੁਰੂ ਨਾਨਕ ਦੀ ਮਹਾਨ ਜੋਤੀ ਦੇ ਦੀਪਕ ਤੋਂ ਅੱਗੋਂ ਆਉਣ ਵਾਲੀਆਂ ਪਾਤਸ਼ਾਹੀਆਂ ਦੇ ਦੀਵੇ ਜਗਦੇ ਰਹੇ ਹਨ, ਇਸ ਲਈ ਭਿੰਨ ਭਿੰਨ ਕਾਇਆ ਵਿਚ ਜੋਤ ਇਕੋ ਹੀ ਸੀ-

ਭਿੰਨ ਭਿੰਨ ਸਬਹੂੰ ਕਰਿ ਜਾਨਾ।
ਏਕ ਰੂਪ ਕਿਨਹੂੰ ਪਹਿਚਾਨਾ।
ਜਿਨ ਜਾਨਾ ਤਿਨ ਹੀ ਸਿਧ ਪਾਈ।
ਬਿਨ ਸਮਝੇ ਸਿਧ ਹਾਥ ਲਾ ਆਈ।੧੦।

ਜਿਸ 'ਧਰਮ' ਦੀ ਸਥਾਪਨਾ ਲਈ ਗੁਰੂ ਨਾਨਕ ਨੂੰ (ਬਕੌਲ ਭਾਈ ਨੰਦ ਲਾਲ ਗੋਇਆ) ਰਬੁੱਲ ਆਲਮੀਨ ਨੇ ਮੁਰਸ਼ਦੁਲ ਆਲਮੀਨ (ਜਗਤ ਗੁਰੂ) ਬਣਾ ਕੇ ਭੇਜਿਆ ਸੀ,

---

* ਪ੍ਰਿਥਮ ਕਾਲ ਜਬ ਕਰਾ ਪਸਾਰਾ। ਓਅੰਕਾਰ ਤੇ ਸ੍ਰਿਸ਼ਟਿ ਉਪਾਰਾ ॥੧੦॥

ਏਕ ਸ੍ਰਵਨ ਤੇ ਮੈਲ ਨਕਾਰਾ। ਤਾਤੇ ਮਧੁ ਕੀਟਭ ਤਨ ਧਾਰਾ।
ਦੁਤੀਅ ਕਾਨ ਤੇ ਮੈਲੁ ਨਿਕਾਰੀ। ਤਾ ਤੇ ਭਈ ਸ੍ਰਿਸਟੀ ਇਹ ਸਾਰੀ।੧੩।

ਤਿਨਕੋ ਕਾਲ ਬਹੁਰ ਬਧ ਕਰਾ। ਤਿਨ ਕੋ ਮੇਦ ਸਮੁੰਦ ਮੋ ਪਰਾ।
ਚਿਕਨ ਤਾਸ ਜਲ ਪਰ ਤਿਰ ਰਹੀ। ਮੇਧਾ ਨਾਮ ਤਬਹਿ ਤੇ ਕਹੀ।੧੪।

ਉਸੇ ਸਿਲਸਿਲੇ ਵਿਚ ਨੌਵੀਂ ਪਾਤਸ਼ਾਹੀ ਨੇ ਦਿੱਲੀ ਪਤੀ ਦੇ ਸਿਰ ਤੇ ਆਪਣੇ ਸਰੀਰ ਦਾ ਠੀਕਰਾ ਭੰਨਿਆ। ਇਹ ਅਪੂਰਵ ਤੇ ਮਹਾਨ ਬਲੀਦਾਨ ਸੀ।

ਛੇਵੇਂ ਅਧਿਆਏ ਵਿਚ ਆਪ ਨੇ ਆਪਣੇ ਮ੍ਰਿਤਲੋਕ ਵਿਚ ਆਉਣ ਦੇ ਕਾਰਨ ਦੱਸੇ ਹਨ ਕਿ ਜੋ ਵੀ ਜਗਤ ਤੇ ਸਿਆਣਾ ਹੋਇਆ ਅਤੇ ਜਿਸ ਨੂੰ ਵੀ ਅਕਾਲ ਪੁਰਖ ਨੇ ਜਗਤ ਨੂੰ ਆਪਣਾ ਨਾਮ ਜਪਾਉਣ ਲਈ ਭੇਜਿਆ ਉਹਨੇ ਆਪਣੇ ਪੰਥ ਦੀ ਢਾਈ ਇੱਟ ਦੀ ਨਵੀਂ ਮਸੀਤ ਬਣਾ ਲਈ, ਇਸ ਲਈ ਵਾਹਿਗੁਰੂ ਨੇ ਹੇਮਕੁੰਟ ਪਰਬਤ ਉੱਤੇ ਤਪ ਕਰ ਰਹੇ, ਮੈਨੂੰ 'ਧਰਮ ਚਲਾਵਨ, ਸੰਤ ਉਬਾਰਨ ਅਤੇ ਦੁਸ਼ਟਾਂ ਨੂੰ ਜੜ੍ਹੋਂ ਪੁੱਟਣ ਲਈ ਸੰਸਾਰ ਵਿਚ ਭੇਜਿਆ। ਮੈਂ ਤ੍ਰਿਬੇਣੀ ਸੰਗਮ ਉੱਤੇ ਮਾਤਾ ਦੇ ਗਰਭ ਵਿਚ ਆਇਆ ਅਤੇ ਪਟਨੇ ਜਨਮ ਧਾਰੀ ਹੋਇਆ। ਇਹ ਗੱਲ ਇਨਕਲਾਬੀ ਇਤਿਹਾਸ ਲੇਖਕ ਨੇ ਪੌਰਾਣਕ ਸ਼ੈਲੀ ਦੇ ਪ੍ਰਤਿਕੂਲ ਇਸ ਲਈ ਆਖੀ ਤਾਂ ਕਿ ਇਹ ਵਿਸ਼ਵਾਸ ਕਿ ਅਵਤਾਰ ਤੇ ਨਬੀ ਆਦਿ ਸਾਧਾਰਨ ਮਨੁੱਖਾਂ ਵਾਂਗ ਹੀ ਜਨਮ ਲੈਂਦੇ ਹਨ ਉਹ ਕੁਆਰੀ ਦੇ ਪੇਟੋਂ ਪੈਦਾ ਨਹੀਂ ਹੁੰਦੇ। ਇਸ ਤੋਂ ਅਗਲੇ ਅਧਿਆਵਾਂ ਵਿਚ ਜੰਗ ਯੁੱਧਾਂ, ਉਨ੍ਹਾਂ ਦੇ ਕਾਰਨਾਂ, ਮੁਗਲੀਆ ਸਿਆਸਤ, ਪਹਾੜੀ ਰਾਜਿਆਂ ਦੀ ਆਪਸੀ ਫੁੱਟ, ਇਕ ਦੂਜੇ ਵਿਰੁਧ ਹਕੂਮਤ ਦੇ ਕਾਰਕੁਨਾਂ ਨਾਲ ਮਿਲਕੇ ਸਾਜ਼ਿਸ਼ ਕਰਨ ਦੇ ਤੌਰ ਤਰੀਕਿਆਂ ਉੱਤੇ ਰੋਸ਼ਨੀ ਪਾਈ ਗਈ ਹੈ। ਪਹਾੜੀ ਰਾਜਿਆਂ ਨੂੰ ਇਸੇ ਕਰਕੇ ਆਪ ਨੇ ਜ਼ਫ਼ਰਨਾਮੇ ਵਿਚ 'ਕੋਹੀਆਂ ਪੁਰ ਫ਼ਿਤਨ' ਆਖਿਆ ਹੈ। ਭੰਗਾਣੀ ਯੁੱਧ ਦੀ ਜਿੱਤ ਨੂੰ ਵਾਹਿਗੁਰੂ ਦੀ ਦਾਤ ਆਖਿਆ ਹੈ, 'ਭਈ ਜੀਤ ਮੇਰੀ। ਕ੍ਰਿਪਾ ਕਾਲ ਕੇਰੀ।' ਪਹਾੜੀ ਰਾਜਿਆਂ ਦੀ ਹਾਰ ਪੰਜਾਬ ਦੀ ਸਿਆਸਤ ਵਿਚ ਇਕ ਵੱਡਾ ਧਮਾਕਾ ਅਤੇ ਧਾਰਮਿਕ ਸ਼ਕਤੀ ਲਈ ਉਤਸ਼ਾਹ ਸੀ। ਔਰੰਗਜ਼ੇਬ ਦੱਖਣ ਵਿਚ ਲਮੇਰੇ ਯੁੱਧਾਂ ਵਿਚ ਮਸ਼ਰੂਫ ਰਹਿਣ ਕਾਰਨ ਪਹਾੜੀ ਰਾਜਿਆਂ ਨੇ ਕਰ ਦੇਣਾ ਬੰਦ ਕਰ ਦਿੱਤਾ। ਉਧਰ ਖ਼ਜ਼ਾਨਾ ਖਾਲੀ ਹੋ ਗਿਆ। ਨਦੌਣ ਵਿਚ ਅਲਿਫ਼ ਖਾਂ ਨੇ ਪਹਾੜੀ ਸਾਮੰਤਾਂ ਨੂੰ ਆ ਘੇਰਿਆ। ਮਜਬੂਰਨ ਰਾਜਿਆਂ ਨੇ ਗੁਰੂ ਸਾਹਿਬ ਨੂੰ ਆਪਣੀ ਮਦਦ ਲਈ ਸੱਦਿਆ ਅਤੇ ਜੰਗ ਵਿਚ ਅਲਿਫ਼ ਖਾਂ ਹਾਰ ਕੇ ਬਿਨਾਂ ਆਪਣਾ ਡੇਰਾ ਸੰਭਾਲੇ ਨੱਸ ਗਿਆ। ਪਰ ਬੇ-ਅਣਖੀ ਰਾਜਿਆਂ ਨੇ ਗੁਰੂ ਜੀ ਦੀ ਖਾਹਸ਼ ਵਿਰੁੱਧ ਮੁਗਲ ਅਹਿਲਕਾਰ ਨਾਲ ਸੁਲਾਹ ਕਰ ਲਈ। ਗੁਰੂ ਸਾਹਿਬ ਨੂੰ ਰਾਜਿਆਂ ਤੋਂ ਅਲੱਗ ਦੇਖਕੇ, ਅਲਿਫ਼ ਖਾਂ ਦੀ ਹਾਰ ਦਾ ਬਦਲਾ ਲੈਣ ਲਈ ਦਿਲਾਵਰ ਖਾਂ ਨੇ ਪਹਿਲਾਂ ਆਪਣੇ ਪੁੱਤਰ ਰੁਸਤਮ ਖਾਂ ਨੂੰ ਆਨੰਦਪੁਰ 'ਤੇ ਹਮਲਾ ਕਰਨ ਲਈ ਭੇਜਿਆ, ਪਰ ਉਹ ਨਿਲੱਜ ਭਾਂਜ ਖਾ ਕੇ ਮੁੜਿਆ। ਉਹਨੇ ਹਾਰ ਦਾ ਗੁੱਸਾ ਕੱਢਣ ਲਈ ਰਾਹ ਵਿਚ ਬਰਵਾ ਪਿੰਡ ਉਜਾੜ ਦਿੱਤਾ। ਬਿਲਕੁਲ ਉਵੇਂ ਜਿਵੇਂ ਮਾਸ ਨਾ ਖਾ ਸਕਣ ਵਾਲਾ ਬਾਣੀਆ ਰੋੜਿਆਂ ਦਾ ਸਲੂਣਾਂ ਬਣਾ ਕੇ ਮਾਸ ਖਾ ਲੈਣ ਦੀ ਝੂਠੀ ਤਸੱਲੀ ਪ੍ਰਾਪਤ ਕਰਦਾ ਹੈ।

ਬਰਵਾ ਗਾਂਓ ਉਜਾਰ ਕੇ, ਕਰੇ ਮੁਕਾਮ ਭਲਾਨ।
ਪ੍ਰਭ ਬਲ ਹਮੇ ਨ ਛੁਇ ਸਕੈ, ਭਾਜਤ ਭਏ ਨਿਦਾਨ।੯।
ਤਵ ਬਲ ਇਹਾਂ ਨ ਪਰ ਸਕੈ, ਬਰਵਾ ਹਨਾ ਰਿਸਾਇ।
ਸਾਲਿਨ ਰਸ ਜਿਮ ਬਾਨੀਯੋ ਰੋਰਨ ਖਾਤ ਬਨਾਇ।੧੦। (ਅਧਿਆਏ ੧੦)

ਇਸ ਹਾਰ ਤੋਂ ਚਿੜ ਕੇ ਦਿਲਾਵਰ ਖਾਂ ਨੇ ਆਪਣੇ ਗੁਲਾਮ, ਹੁਸੈਨੀ ਨੂੰ ਭੇਜਿਆ। ਉਹ ਆਨੰਦਪੁਰ ਤੱਕ ਨਾ ਪੁੱਜ ਸਕਿਆ, ਗੁਲੇਰੀਏ ਗੋਪਾਲ ਚੰਦ ਨਾਲ ਉਲਝ ਪਿਆ। ਇਸ ਜੰਗ ਵਿਚ ਕਹਿਲੂਰੀਏ ਅਤੇ ਕਟੋਚੀਏ ਰਾਜਿਆਂ ਨੇ ਦੇਸ਼ ਧ੍ਰੋਹੀ ਅਤੇ ਭਰਾ ਮਾਰੂ ਬਣਕੇ

ਹੁਸੈਨੀ ਦੀ ਮਦਦ ਕੀਤੀ। ਗੋਪਾਲ ਦੀ ਮਦਦ ਲਈ ਗੁਰੂ ਸਾਹਿਬ ਨੇ ਭਾਈ ਸੰਗਤੀਆ ਨੂੰ ਭੇਜਿਆ। ਦੇਸ਼ ਧ੍ਰੋਹੀਆਂ ਦਾ ਪੱਖ ਸਣੇ ਹੁਸੈਨੀ ਦੇ ਹਾਰ ਗਿਆ। ਹਮਲਾਵਰ ਸਣੇ ਕਈ ਰਾਜੇ ਮਾਰੇ ਗਏ, ਤੀਜਾ ਹਮਲਾ ਦਿਲਾਵਰ ਖਾਂ ਨੇ ਜੁਝਾਰ ਸਿੰਘ ਹਾੜ੍ਹਾ ਅਤੇ ਚੰਦਨ ਰਾਏ ਚੰਦਲੇ ਤੋਂ ਕਰਵਾਇਆ ਜੋ ਜਸਵਾਰੀਆ ਨਾਲ ਉਲਝ ਪਏ ਅਤੇ ਉਥੇ ਹੀ ਮਾਰੇ ਗਏ।

ਤੇਰ੍ਹਵੇਂ ਅਧਿਆਏ ਵਿਚ ਔਰੰਗਜ਼ੇਬ ਵਲੋਂ 1696 ਵਿਚ ਪੰਜਾਬ ਵੱਲ ਭੇਜੇ ਗਏ ਸ਼ਹਿਜ਼ਾਦਾ ਮੁਅੱਜ਼ਮ ਦੇ ਆਉਣ ਨਾਲ ਫੈਲੀ ਦਹਿਸ਼ਤ ਦਾ ਜ਼ਿਕਰ ਹੈ, ਲੋਕ ਡਰ ਦੇ ਮਾਰੇ ਉਚੇ ਪਹਾੜੀਂ ਜਾ ਚੜ੍ਹੇ, ਇਨ੍ਹਾਂ ਵਿਚ ਕਈ ਬੁਜ਼ਦਿਲ ਆਨੰਦਪੁਰ ਨਿਵਾਸੀ ਵੀ ਸਨ। ਪਹਾੜੀ ਰਾਜਿਆਂ ਤੋਂ ਕਰ ਉਗਰਾਹੁੰਦੇ ਇਕ ਅਹਿਦੀਆ ਮਿਰਜ਼ਾ ਬੇਗ ਇਧਰ ਆ ਨਿਕਲਿਆ ਜਿਹਨੇ ਭਗੌੜੇ ਹੋ ਚੁੱਕੇ ਲੋਕਾਂ ਦੇ ਘਰ ਢਾਹ ਦਿੱਤੇ। ਗੁਰੂ ਸਾਹਿਬ ਦੇ ਕਥਨ ਅਨੁਸਾਰ ਅਜਿਹੇ ਬੇਮੁਖਾਂ ਅਤੇ ਜਨਹਿਤ ਤੇ ਸੰਤ ਸੇਵਾ ਤੋਂ ਮੋਢਾ ਫੇਰਨ ਵਾਲੇ ਭਗੌੜੇ ਸੈਨਿਕਾਂ ਦੇ ਘਰ ਦੋਹੀਂ ਜਹਾਨੀਂ ਢਾਹੇ ਜਾਂਦੇ ਹਨ–

ਜੇ ਅਪਨੇ ਗੁਰ ਤੇ ਮੁਖ ਫਿਰ ਹੈ।
ਇਹਾਂ ਉਹਾਂ ਤਿਨ ਕੇ ਗ੍ਰਿਹ ਗਿਰ ਹੈ।
ਇਹਾਂ ਉਪਹਾਸ ਨ ਸੁਰਪੁਰ ਬਾਸਾ।
ਸਭ ਬਾਤਨ ਤੇ ਰਹੇ ਨਿਰਾਸਾ।੫।

ਦੂਖ ਭੂਖ ਤਿਨ ਕੋ ਰਹੇ ਲਾਗੀ।
ਸੰਤ ਸੇਵ ਤੇ ਜੋ ਹੈ ਤਿਆਗੀ।
ਜਗਤ ਬਿਖੈ ਕੋਈ ਕਾਮ ਨ ਸਰਹੀ।
ਅੰਤਹਿ ਕੁੰਡ ਨਰਕ ਕੀ ਪਰਹੀ।੬। (ਅਧਿਆਇ 13)

ਉਨ੍ਹਾਂ ਦਾ ਹਸ਼ਰ ਉਹੀ ਹੁੰਦਾ ਹੈ ਜੋ ਗੁਰੂਆਂ ਨੂੰ ਪਰਮੇਸ਼ਰ ਸਮਝ ਕੇ ਪੂਜਣ ਵਾਲਿਆਂ ਦਾ।

ਚੰਡੀ ਚਰਿੱਤ੍ਰ ਦੂਜਾ

ਅੰਤਲੇ ਅਧਿਆਏ ਵਿਚ ਸ਼੍ਰੋਮਣੀ ਇਤਿਹਾਸਕਾਰ ਕਵੀ ਨੇ ਬਚਿੱਤ੍ਰ ਨਾਟਕ ਗ੍ਰੰਥ ਰਚਨਾ ਦਾ ਆਪਣਾ ਕਾਰਯ ਕ੍ਰਮ ਦੱਸਿਆ ਹੈ 'ਜੋ ਜੋ ਮੈਂ ਪੂਰਬਲੇ ਜਨਮਾਂ ਦੇ ਕੌਤਕ ਡਿੱਠੇ ਹਨ, ਮੈਂ ਉਨ੍ਹਾਂ ਨੂੰ ਪ੍ਰਕਾਸ਼ਨਾ ਚਾਹੁੰਦਾ ਹਾਂ, ਜੋ ਹੇ ਅਕਾਲ ਪੁਰਖ! ਤੇਰੇ ਪ੍ਰਾਕਰਮ ਨਾਲ ਹੀ ਹੋ ਸਕਦਾ ਹੈ। ਜੋ ਜੋ ਮੇਰੇ ਪੂਰਬਲੇ ਜਨਮਾਂ ਵਿਚ ਵਾਪਰਿਆ ਹੈ, ਉਹ ਸਰਬਕਾਲ ਪ੍ਰਭੂ ਦੀ ਕਰੁਣਾ ਨਾਲ ਮੇਰੇ ਯਾਦ ਪਟਲ ਉੱਤੇ ਉੱਭਰ ਆਇਆ ਹੈ। ਉਸ ਅਨੁਸਾਰ ਹੁਣ ਮੈਂ ਗ੍ਰੰਥ ਰਚਨਾ ਕਰਦਾ ਜਾਵਾਂਗਾ, ਪਹਿਲਾਂ ਮੈਂ ਸਤਿਜੁਗ ਦੀ ਦੇਵੀ ਦਾ ਚਰਿੱਤ੍ਰ ਆਖਿਆ ਸੀ, ਹੁਣ ਫੇਰ ਉਹਨੂੰ ਵਡਿਆਉਣ ਨੂੰ ਚਿੱਤ ਕਰਦਾ ਹੈ :

ਪਹਿਲੇ ਚੰਡੀ ਚਰਿੱਤ੍ਰ ਬਨਾਯੋ। ਨਖਸਿਖ ਤੇ ਕ੍ਰਮ ਭਾਖ ਸੁਨਾਯੋ।
ਛੋਰ ਕਥਾ ਤਬ ਪ੍ਰਥਮ ਸੁਨਾਈ। ਅਬ ਚਾਹਤ ਫਿਰ ਕਰੋ ਬਡਾਈ।੧੧।
(ਅਧਿਆਇ ੧੪)

ਪਹਿਲਾਂ ਚੰਡੀ ਚਰਿੱਤ੍ (ਉਕਤਿ ਬਿਲਾਸ) ਮਾਰਕੰਡੇ ਪੁਰਾਣ ਦੀ ਦੁਰਗਾ ਸਤ ਸਈ ਦੇ ਆਧਾਰ ਦੇ ਲਿਖਿਆ ਗਿਆ ਤੇ ਦੂਜੇ ਦੀ ਕਥਾ-ਵਸਤੂ ਭਾਗਵਤ ਪੁਰਾਣ 'ਚੋਂ ਲਈ ਗਈ ਹੈ, ਇਸ ਦੇ ਅੰਤ ਵਿਚ ਕਾਂਸ਼ੀ ਦੇ ਪੰਡਤ ਰਾਮ ਕਿਸ਼ਨ ਰਚਿਤ ਭਗਵਤੀ ਪਦਯ-ਪੁਸ਼ਪਾਂਜਲੀ ਦੇ ਛੰਦਾਂ ਵਿਚੋਂ ਦਸਾਂ ਦਾ ਅਨੁਵਾਦ ਆਉਂਦਾ ਹੈ। ਅਨੁਮਾਨ ਹੈ ਕਿ ਰਹਿੰਦੇ ਵੀਹ ਛੰਦਾਂ ਦਾ ਅਨੁਵਾਦ ਅਕਾਲ ਉਸਤਤ ਦੇ 211 ਤੋਂ 230 ਛੰਦਾਂ ਵਿਚ ਆ ਗਿਆ ਹੈ। ਦੇਵੀ ਨੇ ਜਿਨ੍ਹਾਂ ਦੈਂਤਾਂ ਦਾ ਨਾਸ਼ ਕੀਤਾ, ਉਨ੍ਹਾਂ ਦਾ ਉਲੇਖ ਹੇਠਲੇ ਛੰਦ ਦੇ ਗੜ੍ਹਕਦੇ ਬੜ੍ਹਕਦੇ ਸ਼ਬਦਾਂ ਵਿਚ ਕੀਤਾ ਗਿਆ ਹੈ।

ਪ੍ਰਥਮ ਮਧੁਕੈਟ ਮਦ ਮਥਨ ਮਹਿਖਾਸੁਰੈ ਮਾਨ ਮਰਦਨ ਕਰਨ ਤਰਨ ਬਰ ਬੰਡ ਕਾ।
ਧੂਮ੍ਰ ਦ੍ਰਿਗ ਧਰਨ ਧਰ ਧੂਰ ਧਾਨੀ ਕਰਨ ਚੰਡ ਅਰੁ ਮੁੰਡਕੇ ਮੁੰਡ ਖੰਡ ਖੰਡ ਕਾ॥
ਰਕਤ ਬੀਰਜ ਹਰਨ ਰਕਤ ਭੱਛਨ ਕਰਨ ਦਰਨ ਅਨ ਸੁੰਭ ਰਨ ਰਾਰ ਰਿਸ ਮੰਡਕਾ॥
ਸੁੰਭ ਬਲੁ ਧਾਰ ਸੰਘਾਰ ਕਰਵਾਰ ਕਰਿ ਸਕਲ ਖਲੁ ਅਸੁਰ ਦਲ ਜੈਤ ਜੈ ਚੰਡਕਾ॥੨੩੦॥
ਚੰਡੀ ਚਰਿੱਤ੍ਰ ਉਕਿਤ ਬਿਲਾਸ

ਇਸ ਅਨੁਵਾਦ ਦਾ ਮਨੋਰਥ ਦੇਵੀ ਪੂਜਾ ਨਹੀਂ, ਕੇਵਲ ਧਰਮ ਯੁੱਧ ਲਈ ਲੋਕਾਂ ਨੂੰ ਪ੍ਰੇਰਨਾ ਦੇਣੀ ਸੀ:-

ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ।
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ। ਕ੍ਰਿਸਨਾਵਤਾਰ-੨੪੯੧*

ਅਵਤਾਰ ਕਥਾ

ਅਬ ਚਊਬੀਸ ਉਚਰੋਂ ਅਵਤਾਰਾ। ਜਿਹ ਬਿਧਿ ਤਿਨ ਕਾ ਲਖਾ ਅਖਾਰਾ।
ਸੁਨਿਅਹੁ ਸੰਤ ਸਭੈ ਚਿਤ ਲਾਈ। ਬਰਨਤ ਸਯਾਮ ਜਥਾ ਮਤ ਭਾਈ।੧।
ਚਉਬੀਸ ਅਉਤਾਰ

ਆਖ ਕੇ ਇਸ ਰਚਨਾ ਦਾ ਸ੍ਰੀ ਗਣੇਸ਼ ਕੀਤਾ ਗਿਆ ਹੈ, ਵਿਸ਼ਨੂੰ ਭਗਵਾਨ ਦੇ ਇਨ੍ਹਾਂ ਚੌਵੀ ਅਵਤਾਰਾਂ ਦਾ ਵਰਨਣ ਕੀਤਾ ਹੈ : ਮੱਛ, ਕੱਛ, ਨਰ, ਨਾਰਾਯਨ, ਮੋਹਨੀ, ਵੈਰਾਹ, ਨਰ ਸਿੰਘ, ਬਾਵਨ, ਪਰਸ ਰਾਮ, ਬ੍ਰਹਮਾ, ਰੁਦਰ, ਜਲੰਧਰ, ਬਿਸ਼ਨ, ਮਧੂਸੂਦਨ,

---

* ਇਸ ਸੰਬੰਧ ਵਿਚ ਮੈਕਾਲਿਫ ਸਾਹਿਬ ਲਿਖਦੇ ਹਨ ਕਿ ਗੁਰੂ ਸਾਹਿਬ ਦਾ ਮਨੋਰਥ ਇਹ ਸੀ ਕਿ ਚੰਡੀ ਦੀ ਉਸਤਤਿ ਸੁਣਕੇ ਕਾਇਰ ਲੋਕ ਸਾਹਸੀ ਅਤੇ ਦਲੇਰ ਹੋ ਕੇ ਮੈਦਾਨਿ ਜੰਗ ਵਿਚ ਕੁੱਦ ਪੈਣ ਅਤੇ ਸੂਰਮੇ ਇਹ ਤੱਕ ਕੇ ਕਿ ਜੇ ਇਕ ਤ੍ਰੀਮਤ ਇੱਡੇ ਵੱਡੇ ਕਾਰਨਾਮੇ ਕਰ ਸਕਦੀ ਹੈ ਤਾਂ ਅਸੀਂ ਮਰਦ ਕਿਉਂ ਨਹੀਂ, ਅਜਿਹਾ ਕਰਕੇ ਦੈਂਤਾਂ ਵਰਗੇ ਜਰਵਾਣੇ ਮੁਗਲਾਂ ਦਾ ਟਾਕਰਾ ਕਰ ਸਕਦੇ ?

"Secondly the Guru himself specially translated the praises of Chandi so that they may be chanted for warlike purposes and that even cowards on hearing her story might obtain courage and the hearts of the brave beat with fourfold enthusiasm. Such being the achievments of a woman what ought not a brave man accomplish?"

ਅਰਹੰਤ, ਮਨੂ, ਧਨੰਤਰੇ, ਸੂਰਜ, ਚੰਦ੍ਰ, ਰਾਮ, ਕ੍ਰਿਸ਼ਨ, ਬੁਧ ਤੇ ਨਿਹਕਲੰਕ, ਇਨ੍ਹਾਂ ਵਿਚੋਂ ਰਾਮ ਚੰਦਰ ਅਤੇ ਕ੍ਰਿਸ਼ਨ ਜੀ ਸੰਬੰਧੀ ਰਚਨਾਵਾਂ ਵਧੇਰੇ ਮਹੱਤਵਪੂਰਨ ਹਨ। ਹਿੰਦੂ ਵਿਸ਼ਵਾਸ ਅਨੁਸਾਰ ਆਪ ਨੇ ਰਾਮ ਕਥਾ ਦਾ ਮਹਾਤਮ ਇਉਂ ਦਰਸਾਇਆ ਹੈ-

ਰਾਮ ਕਥਾ ਜੁਗ ਜੁਗ ਅਟਲ, ਸਭ ਕੋਈ ਭਾਖਤ ਨੇਤ।
ਸੁਗ ਬਾਸ ਰਘੁਬਰ ਕਰਾ ਸਗਰੀ ਪੁਰੀ ਸਮੇਤ।
ਜੋ ਇਹ ਕਥਾ ਸੁਣੈ ਅਰੁ ਗਾਵੈ। ਦੂਖ ਪਾਪ ਤਿਹ ਨਿਕਟਿ ਨਾ ਆਵੈ।
ਬਿਸਨ ਭਗਤ ਕੀ ਏ ਫਲ ਹੋਈ।
ਆਧਿ ਬਯਾਧਿ ਛ੍ਵੈ ਸਕੈ ਨ ਕੋਈ॥੮੫੮॥ ਰਾਮਾਵਤਾਰ

ਰਾਮ ਕਥਾ 1755 ਵਿਚ ਆਨੰਦਪੁਰ ਮੁਕਾਈ ਹੈ :

ਸੰਮਤ ਸੱਤਰਹ ਸਹਿਸ ਪਚਾਵਨ। ਹਾੜ ਵਦੀ ਪ੍ਰਿਥਮੈ ਸੁਖ ਦਾਵਨ।
ਤਵ ਪ੍ਰਸਾਦਿ ਕਰ ਗਰੰਥ ਸੁਧਾਰਾ।
ਭੂਲ ਪਰੀ ਲਹੁ ਲੇਹੁ ਸੁਧਾਰਾ।੮੬੦॥
ਨੇਤ੍ਰ ਤੁੰਗ ਕੇ ਚਰਨ ਤਰ ਸਤਦ੍ਰਵ ਤੀਰ ਤਰੰਗ।
ਸ੍ਰੀ ਭਗਵਤ ਪੂਰਨ ਕੀਯੋ ਰਘੁਬਰ ਕਥਾ ਪ੍ਰਸੰਗ।੮੬੧॥ ਰਾਮਾਵਤਾਰ

ਕ੍ਰਿਸ਼ਨ ਕਥਾ ਕਦੋਂ ਕਦੋਂ ਤੇ ਕਿਥੇ ਕਿਥੇ ਲਿਖੀ ਗਈ, ਉਹਦਾ ਉਲੇਖ ਇਉਂ ਹੈ। ਦਸਵੇਂ ਸਕੰਧ ਦੇ ਆਧਾਰ 'ਤੇ 1192 ਛੰਦ ਆਨੰਦਪੁਰ ਰਚੇ ਗਏ।

ਗਿਆਰਹ ਸਹਸ ਬਾਨਵੇ ਛੰਦਾ। ਕਹੇ ਦਸਮ ਬੈਠ ਪੁਰ ਅਨੰਦਾ।

ਦੂਜਾ ਪ੍ਰਬੰਧ ਰਾਸ ਮੰਡਲ ਦੇ 340 ਛੰਦ ਪਾਉਂਟੇ ਵਿਚ 1745 ਵਿਚ ਰਚੇ ਗਏ :

ਸਤ੍ਰਹ ਸੈ ਪੈਤਾਲ ਮਹਿ ਸਾਵਨ ਸੁਦਿ ਥਿਤ ਦੀਪ॥
ਨਗਰ ਪਾਂਵਟਾ ਸ਼ੁਭ ਕਰਨ ਜਮਨਾ ਬਹੇ ਸਮੀਪ॥੨੪੯੦॥

ਤੀਜਾ ਪ੍ਰਬੰਧ ਊਧਵ ਸੰਬਾਦ ਯਾ ਬਿਰਹਾ ਨਾਟਕ ਇਸ ਤੋਂ ਇਕ ਸਾਲ ਪਹਿਲਾਂ ਇੱਥੇ ਹੀ 134 ਛੰਦਾਂ ਵਿਚ ਰਚਿਆ ਗਿਆ :

ਸਤ੍ਰਹ ਸੈ ਚਤਵਾਲ ਮੈ ਸਾਵਨ ਸੁਦਿ ਬੁਧਵਾਰ।
ਨਗਰ ਪਾਵਟਾ ਮੋ ਤੁਮੋ ਰਚਿਓ ਗਰੰਥ ਸੁਧਾਰ॥੯੮੩॥ ਕ੍ਰਿਸ਼ਨਾਵਤਾਰ

ਚੌਥਾ ਪ੍ਰਬੰਧ (ਜੁਧ ਪ੍ਰਬੰਧ) 1745 ਵਿਚ ਇਥੇ ਹੀ ਰਚਿਆ ਗਿਆ, ਜਿਸਦੇ 875 ਛੰਦ ਹਨ। ਇਹ ਸਾਰਾ ਕਾਰਜ ਭਗਵਤ ਦਾ ਧਿਆਨ ਧਰ ਕੇ ਆਰੰਭ ਕੀਤਾ ਗਿਆ ਸੀ।

ਪ੍ਰਥਮ ਧਰੋਂ ਭਗਵਤ ਕੋ ਧਯਾਨਾ। ਬਹੁਰ ਕਰੋ ਕਬਿਤਾ ਬਿਧਿ ਨਾਨਾ॥
ਕ੍ਰਿਸ਼ਨ ਜਥਾ ਮਤਿ ਚਰਿਤ੍ਰ ਉਚਾਰੋ। ਚੂਕ ਹੋਇ ਕਬਿ ਲੇਹ ਸੁਧਾਰੋ॥੪੪੦॥
ਕ੍ਰਿਸ਼ਨਾਵਤਾਰ

ਕ੍ਰਿਸ਼ਨ ਚਰਿੱਤ੍ਰ ਦਾ ਨਾਟਕ ਦਰਸਾ ਕੇ ਆਪਣਾ ਦ੍ਰਿਸ਼ਟੀਕੋਣ ਦੱਸਦੇ ਹੋਏ ਇਨਸਾਨੀ ਜ਼ਿੰਦਗੀ ਦਾ ਮਨੋਰਥ ਸੰਗ੍ਰਾਮ ਕਰਨਾ ਦੱਸਿਆ ਹੈ ਸਰੀਰਕ ਅਤੇ ਮਾਨਸਿਕ ਦੋਨੋਂ ਭਾਂਤ ਦਾ। ਨਿਰੀ ਪੰਡਤਾਈ ਕਿਸੇ ਕੰਮ ਦੀ ਨਹੀਂ, ਸੂਰਮੇ ਛੱਤ੍ਰੀ ਹੋਣਾ ਗੁਰੂ ਸਾਹਿਬ ਨੂੰ ਵਧੇਰੇ ਪਸੰਦ ਹੈ।

ਛਤ੍ਰੀ ਕੋ ਪੂਤ ਹੋਂ ਬਾਮਨ ਕੋ ਨਾਹਿ, ਕੈ ਤਪ ਆਵਤ ਹੈ ਜੁ ਕਰੋ।
ਅਰ ਅਉਰ ਜੰਜਾਰ ਜਿਤੋ ਗ੍ਰਿਹਿ ਕੋ ਤੁਹਿ ਤਿਆਗ ਕਹਾਂ ਚਿਤ ਤਾ ਮੈ ਧਰੋ।
ਅਬ ਰੀਝਕੈ ਦੇਹ ਵਹੈ ਹਮ ਕਉ ਜੋਊ ਹਉ ਬਿਨਤੀ ਕਰ ਜੋਰ ਕਰੋ॥
ਜਬ ਆਓ ਕੀ ਅਉਧ ਨਿਧਾਨ ਬਨੈ ਅਤਿਹੀ ਰਨ ਮੈ ਤਬ ਜੂਝ ਮਰੋ॥੨੪੮੯॥

ਰਾਮ ਕਥਾ ਦੇ ਅੰਤ ਵਿਚ ਸਾਫ ਦੱਸਿਆ ਗਿਆ ਹੈ ਕਿ ਅਵਤਾਰ ਕਥਾ ਲਿਖਣ ਦਾ ਪ੍ਰਯੋਜਨ ਰਾਮ ਯਾ ਕ੍ਰਿਸ਼ਨ ਭਗਤੀ ਵਿਚ ਆਸਥਾ ਨਿਸ਼ਚਾ ਨਹੀਂ। ਆਪ ਕੇਵਲ ਇਕ ਅਕਾਲ ਦੇ ਚਰਨ ਕੰਵਲਾਂ ਦੇ ਪੁਜਾਰੀ ਸਨ, ਜਿਨ੍ਹਾਂ ਦੇ ਸਾਹਮਣੇ ਉਹ ਹੋਰ ਕਿਸੇ ਮਨੁੱਖੀ ਸ਼ਕਤੀ ਨੂੰ ਹੇਚ ਸਮਝਦੇ ਸਨ :

ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ।
ਰਾਮ ਰਹੀਮ ਪੁਰਾਨ ਕੁਰਾਨ ਅਨੇਕ ਕਹੈਂ ਮਤਿ ਏਕ ਨਾ ਮਾਨਯੋ।
ਸਿੰਮ੍ਰਿਤ ਸਾਸਤ੍ਰ ਬੇਦ ਸਭੈ ਬਹੁ ਭੇਦ ਕਹੈ ਹਮ ਏਕ ਨਾ ਜਾਨਯੋ।
ਸ੍ਰੀ ਅਸਿਪਾਨ ਕ੍ਰਿਪਾ ਤੁਮਰੀ ਕਰਿ ਮੈਂ ਨਾ ਕਹਯੋ ਸਭ ਤੋਹਿ ਬਖਾਨਯੋ॥੮੬੩॥
ਰਾਮਾਵਤਾਰ

ਉਪ ਅਵਤਾਰ

ਗਨਿ ਚਉਬੀਸੈ ਅਵਤਾਰ। ਬਹੁਰ ਕਹੈ ਕੈ ਬਿਸਥਾਰ
ਅਬ ਗਨੋ ਉਪ ਅਵਤਾਰ। ਜਿਮ ਧਰੇ ਰੂਪ ਮੁਰਾਰ।੨੦
ਜੇ ਧਰੇ ਬ੍ਰਹਮਾ ਰੂਪ। ਤੇ ਕਹੋਂ ਕਾਬਿ ਅਨੂਪ।
ਜੇ ਧਰੇ ਰੁਦ੍ਰ ਵਤਾਰ। ਅਬ ਕਹੋਂ ਤਾਹਿ ਬਿਚਾਰ।੨੧

ਇਉਂ ਇਸ ਰਚਨਾ ਵਿਚ ਬ੍ਰਹਮਾ ਦੇ 7 ਅਵਤਾਰਾਂ, ਬਾਲਮੀਕ, ਕਸ਼ਪ, ਸ਼ੰਕਰਾਚਾਰੀਆ, ਵਾਚਸਪਤੀ, ਵਿਆਸ, ਖਟ ਸ਼ਾਸਤ੍ਰੀ ਤੇ ਕਾਲੀ ਦਾਸ ਅਤੇ ਰੁਦਰ ਦੇ ਦੋ ਅਵਤਾਰਾਂ ਦੱਤਾਤ੍ਰੇਯ ਅਤੇ ਪਾਰਸ ਨਾਥ ਦੀ ਕਥਾ ਕਹੀ ਗਈ ਹੈ, ਕਵੀਆਂ ਨੂੰ ਬ੍ਰਹਮਾ ਦੇ ਉਪ ਅਵਤਾਰਾਂ ਦੀ ਪਦਵੀ ਦੇਣ ਦੀ ਇਕ ਮਹਾਨ ਕਵੀ ਹੀ ਕਲਪਨਾ ਕਰ ਸਕਦਾ ਸੀ ਜਿਸ ਲਈ ਕਵੀ ਸਮਾਜ ਗੁਰੂ ਸਾਹਿਬ ਦਾ ਸਦਾ ਰਿਣੀ ਰਹੇਗਾ, ਅਵਤਾਰ ਕਥਾਵਾਂ ਵਿਚ ਇਨ੍ਹਾਂ ਰਾਜਿਆਂ ਮਹਾਰਾਜਿਆਂ ਦਾ ਜ਼ਿਕਰ ਵੀ ਆਉਂਦਾ ਹੈ, (1) ਮਾਨਧਾਤਾ, (2) ਪ੍ਰਿਥੁ, (3) ਸਗਰ, (4) ਬੇਨੁ, (5) ਮਾਨ, (6) ਦਲੀਪ, (7) ਰਘੂ ਅਤੇ (8) ਅਜ। ਇੰਨੀ ਵਿਸ਼ਾਲ ਮਿਥਿਹਾਸਕ ਸਮੱਗਰੀ ਅੱਜ ਤੱਕ ਕਿਸੇ ਇਕ ਗ੍ਰੰਥ ਵਿਚ ਇਕ ਥਾਂ ਨਹੀਂ ਕੀਤੀ ਗਈ। ਇਸ ਰਚਨਾ ਨੂੰ ਅਸੰਪ੍ਰਦਾਇਕ ਰੰਗਤ ਦੇਣ ਲਈ ਹਿੰਦੂ ਅਵਤਾਰਾਂ ਦੇ ਨਾਲ ਨਾਲ, ਮੁਸਲਮਾਨਾਂ ਦੇ ਭਾਵੀ ਪੈਗੰਬਰ ਅਮਾਮ ਮਹਿਦੀ ਦਾ ਹਾਲ ਵੀ ਦਿੱਤਾ ਗਿਆ ਹੈ। ਕਨਿੰਘਮ ਅਨੁਸਾਰ, ਮਹਿਦੀ ਮੀਰ ਉਦੋਂ ਪ੍ਰਗਟ ਹੋਵੇਗਾ ਜਦ ਕਲਕੀ (ਨਿਹਕਲੰਕ) ਅਵਤਾਰ ਦਾ ਮਿਸ਼ਨ ਪੂਰਾ ਹੋ ਜਾਵੇਗਾ। ਨਾਮ ਅਤੇ ਖ਼ਿਆਲ ਮੁਸਲਮਾਨੀ ਵਿਸ਼ਵਾਸ 'ਚੋਂ ਲਿਆ ਗਿਆ ਹੈ (ਕਨਿੰਘਮ ਦਾ ਸਿੱਖ ਇਤਿਹਾਸ (ਪੰਜਾਬੀ) ਲਾਹੌਰ ਬੁੱਕ ਸ਼ਾਪ, ਲੁਧਿਆਣਾ, ਸਫ਼ਾ 935)

ਬੱਤੀ ਸਵੈਯੇ

ਇਨ੍ਹਾਂ ਸਵੈਯਾਂ ਦੇ ਅੱਜ ਕੱਲ੍ਹ ਦੇ ਰੂਪ (ਜਦ ਕਿ ਇਹ 33 ਹੋ ਗਏ ਹਨ) ਵਿਚ ਖਾਲਸੇ ਦਾ ਲੱਛਣ ਤੇ ਕਰਤੱਵ ਦੱਸਕੇ ਕਰਮ ਕਾਂਡ ਦੀ ਨਿਖੇਧੀ ਕੀਤੀ ਗਈ ਹੈ, ਕੇਵਲ ਜਾਗਤ ਜੋਤ ਨੂੰ ਜਪਣ ਵਾਲਾ ਹੀ ਸ਼ੁੱਧ (ਨਿਖਾਲਸ) ਖਾਲਸਾ ਹੋ ਸਕਦਾ ਹੈ :-

ਜਾਗਤਿ ਜੋਤ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨਾ ਆਨੈ।
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ।
ਤੀਰਥ ਦਾਨ ਦਯਾ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ।
ਪੂਰਨ ਜੋਤ ਜਗੈ ਘਟ ਮੈ, ਤਬ ਖ਼ਾਲਸ ਤਾਹਿ ਨਖਾਲਸ ਜਾਨੈ।੩੩॥ ਸਵੈਯੇ

ਅਗਲੇ 6 ਛੰਦਾਂ ਵਿਚ 'ਸਤ ਸਦੈਵ ਸਰੂਪ ਸੱਤ ਬ੍ਰਤ' ਦੀ ਵਿਆਖਿਆ ਕਰਕੇ ਰਾਮ ਅਤੇ ਕ੍ਰਿਸ਼ਨ ਵਰਗੇ ਮਹਾਂਪੁਰਖਾਂ ਨੂੰ ਵਾਹਿਗੁਰੂ ਅਵਤਾਰ ਮੰਨਣ ਦੇ ਵਿਸ਼ਵਾਸ ਨੂੰ ਚੈਲੰਜ ਕੀਤਾ ਗਿਆ ਹੈ, ਇਹ ਆਖ ਕੇ ਕਿ ਅਜੂਨੀ ਸੈਭੰ, ਕੌਸ਼ੱਲਿਆ ਅਤੇ ਦੇਵਕੀ ਦੀ ਕੁੱਖ ਵਿਚ ਕਿਵੇਂ ਆ ਸਕਦਾ ਸੀ ? ਉਹ ਨਿਰਵੈਰ ਹੋ ਕੇ ਪਾਂਡਵਾਂ ਦਾ ਪੱਖੀ ਅਤੇ ਕੌਰਵਾਂ ਦਾ ਵਿਪੱਖੀ ਕਿਵੇਂ ਹੋ ਸਕਦਾ ਸੀ ਤੇ ਅਖੀਰ ਉਹ ਇਕ ਬੱਧਕ ਦੇ ਬਾਣ ਤੋਂ ਕਿਵੇਂ ਕਾਲ ਵਸ ਹੋ ਸਕਦਾ ਸੀ ਜੇ ਉਹ ਕਾਲ ਦਾ ਵੀ ਕਾਲ ਸੀ ?

ਜੌ ਕਹੋ ਰਾਮ ਅਜੋਨਿ ਅਜੈ ਅਤਿ ਕਾਹੇ ਕੌ ਕੌਸ਼ਲ ਕੁੱਖ ਜਯੋ ਜੁ॥
ਕਾਲਹੂੰ ਕਾਲ ਕਹੈ ਜਿਹਿ ਕੋ ਕਿਹਿ ਕਾਰਣ ਕਾਲ ਤੇ ਦੀਨ ਭਯੋ ਜੁ॥
ਸੱਤ ਸਰੂਪ ਬਿਬੈਰ ਕਹਾਇ ਸੁ ਕਯੋਂ ਪਥ ਕੌ ਰਥ ਹਾਂਕ ਧਯੋ ਜੁ॥
ਤਾਹੀ ਕੋ ਮਾਨਿ ਪ੍ਰਭੂ ਕਰਿਕੈ ਜਿਹ ਕੋ ਕੋਊ ਭੇਦ ਨ ਲੇ ਨ ਲਯੋ ਜੁ॥੧੩॥

ਬੁੱਤ ਪੂਜਾ, ਬਗਲੇ ਵਾਂਗ ਅੱਖਾਂ ਮੀਟ ਕੇ ਸਮਾਧੀਆਂ ਲਾਉਣ ਵਾਲੇ ਪਾਖੰਡੀ ਸਾਧਾਂ ਸੰਤਾਂ ਦੀ ਉਨੀ ਹੀ ਕਰੜੀ ਆਲੋਚਨਾ ਕੀਤੀ ਹੈ ਜਿੰਨੀ ਕਿ ਆਪਣੇ ਮਸੰਦਾਂ ਦੀ:-

ਜੋ ਕਰਿ ਸੇਵ ਮਸੰਦਨ ਕੀ ਕਹੈ ਆਨ ਪ੍ਰਸਾਦਿ ਸਭੇ ਮੋਹਿ ਦੀਜੈ।
ਜੋ ਕਛ ਮਾਲ ਤਵਾਲਯ ਸੋ, ਅਬ ਹੀ ਉਠਿ ਭੇਟ ਹਮਾਰੀ ਹੀ ਕੀਜੈ।
ਮੇਰੋਈ ਧਯਾਨ ਧਰੋ ਨਿਸ ਬਾਸਰ, ਭੂਲ ਕੇ ਅਉਰ ਕੋ ਨਾਮ ਨ ਲੀਜੈ।
ਦੀਨੇ ਕੋ ਨਾਮ ਸੁਨੈ ਭਜਿ ਰਾਤਹਿ, ਲੀਨੇ ਬਿਨਾ ਨਹਿ ਨੈਕ ਪਸੀਜੈ॥੨੯॥

੩੩ ਸਵੈਯੇ,

ਮੂਲ ਰੂਪ ਵਿਚ ਇਨ੍ਹਾਂ ਸਵੈਯਾਂ ਦੀ ਗਿਣਤੀ 32 ਹੀ ਸੀ, ਪਰ ਸੁੰਦਰ ਗੁੱਟਕਿਆਂ ਦੇ ਪ੍ਰਕਾਸ਼ਕਾਂ ਨੇ, ਇਨ੍ਹਾਂ ਦੀ ਗਿਣਤੀ ਸ: ਰਣਧੀਰ ਸਿੰਘ ਦੇ ਖ਼ਿਆਲ ਅਨੁਸਾਰ 'ਜਾਗਤ ਜੋਤ....' ਵਾਲਾ ਸਵੈਯਾ ਵਧਾ ਕੇ 33 ਕਰ ਦਿੱਤੀ। ਭਾਈ ਰਤਨ ਸਿੰਘ ਭੰਗੂ ਅਨੁਸਾਰ ਦਸਮੇਸ਼ ਪਿਤਾ ਨੇ ਖਾਲਸਾ ਸਜਾਉਣ ਸਮੇਂ ਅੰਮ੍ਰਿਤ ਦੀ ਤਿਆਰੀ ਵਿਚ ਇਨ੍ਹਾਂ ਸਵੈਯਾਂ ਦਾ ਪਾਠ ਵੀ ਕੀਤਾ :

ਦੋਹਰਾ : *ਸ੍ਰੀ ਸਤਿਗੁਰ ਸਤਿਨਾਮ ਕਹਿਓ ਕਰਤਾ ਪੁਰਖ ਉਚਾਰ।*
ਅਕਾਲ ਅਕਾਲਹ ਜਾਪ ਤੋਰੀ ਕ੍ਰਿਪਾ ਨਿਜ ਧਾਰ।੭।

ਚੌਪਈ : *ਪ੍ਰਿਥਮ ਭਗੌਤੀ ਵਾਰ ਜੁ ਪੌੜੀ।*
ਪੜ੍ਹ ਪ੍ਰਿਥਮੈਂ ਆਪ ਸਤਿਗੁਰ ਜੋੜੀ।
ਨੌ ਪਤਸ਼ਾਹੀਅਨ ਲਯੋ ਧਿਆਇ।
ਅਬ ਦਸਮਨ ਪਰ ਹੋਈਂ ਸਹਾਇ ॥੮॥
ਬਹੁੜ ਸਵੱਯੇ ਬੱਤੀ ਉਚਾਰੇ।
ਸ੍ਰੀ ਸਤਿਗੁਰ ਸ੍ਰੀ ਮਖੌ ਸਵਾਰੇ।
ਤੇਜ ਤੇਜ ਜੋ ਚੰਡੀ ਬਾਣੀ।
ਸੋਊ ਪਾਹੁਲ ਕੇ ਮਧੈ ਠਾਣੀ॥੯॥ ਸ੍ਰੀ ਗੁਰੂ ਪੰਥ ਪ੍ਰਕਾਸ਼: ਕੇਸਗੜ ਖਾਲਸੇ ਕੇ ਪੰਥ ਕੀ ਉਤਪਤੀ ਕੀ ਸਾਖੀ

ਗਾਲਿਬਨ ਇਸੇ ਲਿਖਤ ਤੋਂ ਪ੍ਰਭਾਵਤ ਹੋ ਕੇ ਸੁਰਗਵਾਸੀ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨੇ ਗੁਰਮਤਿ ਸੁਧਾਕਰ ਵਿਚ ਇਹ ਰਾਏ ਪ੍ਰਗਟ ਕੀਤੀ ਹੈ ਕਿ ਅੰਮ੍ਰਿਤ ਛਕਾਣ ਸਮੇਂ ਇਨ੍ਹਾਂ ਸਵੈਯਾਂ ਦਾ ਪਾਠ ਹੋਣਾ ਚਾਹੀਦਾ ਹੈ। ਪ੍ਰਤੀਤ ਹੁੰਦਾ ਹੈ ਕਿ ਇਹ ਵਰਤਾਰਾ ਤੁਰ ਵੀ ਪਿਆ, 'ਕਈ ਭਾਈ ਅੰਮ੍ਰਿਤ ਪਰਚਾਰ ਵੇਲੇ ਇਨ੍ਹਾਂ ਨੂੰ ਪੜ੍ਹਦੇ ਹਨ। ਅਸਲ ਵਿਚ ਅੰਮ੍ਰਿਤ ਪ੍ਰਚਾਰ ਦੇ ਸੁਧਾ ਸਵੈਯੇ ਦਸ ਹਨ। ਇਹ ਤੇਤੀ ਸਵੈਯੇ ਇਨ੍ਹਾਂ ਦਾ ਵਿਸਥਾਰ ਹੈ।'

ਸ਼ਬਦ ਰਾਗਾਂ ਦੇ

ਸੁੰਦਰ ਗੁੱਟਕਿਆਂ ਵਿਚ ਜਪੁਜੀ ਪਿੱਛੋਂ ਆਉਣ ਵਾਲੇ ਸ਼ਬਦਾਂ ਵਾਂਗ ਜਾਪੁ ਸਾਹਿਬ ਪਿੱਛੋਂ ਦਰਜ ਕੀਤੇ ਸ਼ਬਦਾਂ ਨੂੰ ਹਜ਼ਾਰੇ ਦੇ ਸ਼ਬਦ ਦੱਸਿਆ ਗਿਆ ਹੈ। ਕਨਿੰਘਮ ਦੇ ਸ਼ਬਦਾਂ ਵਿਚ ਹਜ਼ਾਰੇ ਦੇ ਸ਼ਬਦ ਦਸ ਹਨ; ਜੋ ਦੋ ਸਫ਼ਿਆਂ 'ਤੇ ਦਰਜ ਹਨ (ਲੇਖਕ ਨੇ ਜਿਸ ਹੱਥ ਲਿਖਤ ਪੁਰਾਤਨ ਬੀੜ ਦਾ ਹਵਾਲਾ ਦਿੱਤਾ ਹੈ, ਉਸਦੇ ਵੱਡ ਆਕਾਰ ਦੇ ਪੰਨਿਆਂ ਦੀ ਗਿਣਤੀ 1066 ਦੱਸੀ ਹੈ, ਹਰ ਪੰਨੇ ਉੱਤੇ 23 ਸਤਰਾਂ ਅਤੇ ਹਰ ਸਤਰ ਵਿਚ 38 ਤੋਂ 41 ਤਕ ਲਫ਼ਜ਼)। ਉਹ ਅੱਗੇ ਦੱਸਦੇ ਹਨ ਕਿ ਹਜ਼ਾਰੇ ਦਾ ਭਾਵ ਇਸ ਦੇ ਅਸਲੀ ਅਰਥਾਂ ਵਿਚ ਹਜ਼ਾਰ ਦੀ ਗਿਣਤੀ ਨਹੀਂ ਸਗੋਂ 'ਹਜ਼ਾਰ ਗੁਣਾ ਚੰਗੇ, ਉਪਯੋਗੀ,' ਇਸ ਵਿਚ ਖ਼ਲਕਤ ਦੇ ਖ਼ਾਲਕ ਦੀ ਉਸਤਤੀ ਅਤੇ ਭੇਖੀਆਂ ਤੇ ਦੇਵ ਪੂਜਾ ਦੀ ਨਿਖੇਧੀ ਕੀਤੀ ਗਈ ਹੈ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਹੁਤੀ ਰਚਨਾ ਰਾਗਾਂ ਵਿਚ ਹੈ ਅਤੇ ਦਸਮ ਗ੍ਰੰਥ ਦੀ ਰਚਨਾ ਬਾਹਲੀ ਛੰਦ ਬੱਧ, ਪਰ ਕਿਤੇ ਕਿਤੇ ਆਦਿ ਗੁਰੂ ਗ੍ਰੰਥ ਦੇ ਰਾਗ ਸਾਗਰ ਵਿਚ ਕਾਵਿ ਟੁੱਕੜੀਆਂ ਦੀਆਂ ਨਦੀਆਂ ਆ ਮਿਲਣ ਵਾਂਗ ਦਸਮ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਸ਼ਬਦ ਸੱਤ ਰਾਗਾਂ ਵਿਚ ਵੀ ਹਨ :

1. ਰਾਮ ਕਲੀ-ਰੇ ਮਨ ਐਸੋ ਕਰਿ ਸੰਨਿਆਸਾ
2. ਰਾਮ ਕਲੀ-ਰੇ ਮਨ ਇਹ ਬਿਧਿ ਜੋਗ ਕਮਾਓ
3. ਰਾਮ ਕਲੀ-ਪ੍ਰਾਨੀ ਪਰਮ ਪੁਰਖ ਪਗ ਲਾਗੋ
4. ਸੋਰਠ-ਪ੍ਰਭ ਜੂ ਤੋ ਲਹ ਲਾਜ ਹਮਾਰੀ
5. ਕਲਿਆਣ-ਬਿਨ ਕਰਤਾਰ ਨ ਕਿਰਤਮ ਮਾਨੋ

6. ਖ਼ਿਆਲ-ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ

7. ਬਿਲਾਵਲ-ਸੋ ਕਿਮ ਮਾਨਸ ਰੂਪ ਕਹਾਏ

8. ਤਿਲੰਗ ਕਾਫ਼ੀ-ਕੇਵਲ ਕਾਲ ਈ ਕਰਤਾਰ

9. ਦੇਵ ਗੰਧਾਰੀ-ਇਕ ਬਿਨ ਦੂਸਰ ਸੋ ਨ ਚਿਨਾਰ

10. ਦੇਵ ਗੰਧਾਰੀ-ਬਿਨ ਹਰਿ ਨਾਮ ਨ ਬਾਚਨ ਪੈਹੈ

ਸ: ਰਣਧੀਰ ਸਿੰਘ ਅਨੁਸਾਰ, 'ਅੰਤਕਾ ਦੇ-ਸ਼ਬਦ ਰਾਗਾਂ ਦੇ 9 ਸੂਯੇ, 32 ਕੁਲ-ਇਕਤਾਲੀਹ ਛੰਦ ਵੀ ਇਸੇ ਸਮੇਂ (ਸੰਮਤ 1755) ਦੀ ਕ੍ਰਿਤ ਹਨ। ਚੂੰਕਿ ਜਗਦੀਸ਼ ਦਾ ਪ੍ਰਤਾਪ, ਮੰਨੇ ਗਏ ਪ੍ਰਭੂ ਦੇ ਪ੍ਰਤੱਖ ਰੂਪਾਂ (ਅਵਤਾਰਾਂ) ਦਾ ਆਸਰਾ ਲੈ ਕੇ, ਹਰ ਪਹਿਲੂ ਤੋਂ ਵਰਨਣ ਕਰਨਾ ਪਿਆ ਸੀ ਅਤੇ ਅਕਸਰ ਛੰਦਾਂ ਵਿਚ ਇਹ ਕਿਰਤਮ ਨਾਮ ਲੈ ਕੇ ਵਾਹਿਗੁਰੂ ਅਕਾਲ ਪੁਰਖ ਦੀ ਉਸਤਤਿ ਕੀਤੀ ਸੀ। ਇਸ ਤਰ੍ਹਾਂ ਆਪਣੇ ਇਸ਼ਟ-ਉਪਾਸਨਾ ਸੰਬੰਧੀ ਪੈ ਸਕਣ ਵਾਲੇ ਭੁਲੇਖਿਆਂ ਦਾ ਸਮਾਧਾਨ ਇਨ੍ਹਾਂ ਛੰਦਾਂ ਦੁਆਰਾ ਕੀਤਾ ਹੈ, ਅਰ ਇਥੇ ਹੀ 'ਬਿਚਿੱਤ੍ਰ ਨਾਟਕ' ਗ੍ਰੰਥ ਦਾ ਭੋਗ ਪਾਇਆ ਗਿਆ ਹੈ। (ਸ੍ਰੀ ਦਸਮ ਗ੍ਰੰਥ ਦਾ ਇਤਿਹਾਸ)

ਇਉਂ ਰਾਗਾਂ ਦੇ ਸ਼ਬਦਾਂ ਦੀ ਗਿਣਤੀ ਬਾਰੇ ਵੀ ਵਿਦਵਾਨਾਂ ਵਿਚ ਮਤਭੇਦ ਹਨ। ਮਾਸਟਰ ਨਿਰੰਜਨ ਸਿੰਘ ਐਡੀਟਰ 'ਨਿਰਭੈ ਖਾਲਸਾ' ਲੁਧਿਆਣਾ ਲਿਖਦੇ ਹਨ, 'ਹਜ਼ਾਰੇ ਸ਼ਬਦ-ਇਸ ਸਿਰਲੇਖ ਹੇਠਾਂ ਦਸਮ-ਪਾਤਸ਼ਾਹ ਜੀ ਨੇ 9 ਸ਼ਬਦ ਉਚਰੇ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ : ਰਾਗ ਰਾਮਕਲੀ 3, ਰਾਗ ਸੋਰਠ 1, ਰਾਗ ਕਲਿਆਨ 1, ਰਾਗ ਤਿਲੰਗ ਕਾਫ਼ੀ 1, ਰਾਗ ਬਿਲਾਵਲ 1, ਦੇਵ ਗੰਧਾਰੀ 2। ਇਨ੍ਹਾਂ ਸ਼ਬਦਾਂ ਵਿਚ ਪਾਖੰਡ ਦਾ ਖੰਡਨ ਅਤੇ ਗਿਆਨ ਦਾ ਮੰਡਨ ਹੈ। ਕਈ ਸਿੰਘ ਇਨ੍ਹਾਂ ਦਾ ਨਿੱਤ ਨੇਮ ਨਾਲ ਪਾਠ ਕਰਦੇ ਹਨ। ਕਈ ਥਾਂ ਇਹ ਸ਼ਬਦ ਦਸ ਲਿਖੇ ਮਿਲਦੇ ਹਨ। ਕਈ ਥਾਂ ਦੋ ਹੋਰ ਸ਼ਬਦ ਵੀ ਰਾਗ ਸੋਰਠ ਵਿਖੇ ਲਿਖੇ ਗਏ ਪੜ੍ਹੇ ਜਾਂਦੇ ਹਨ :

(ੳ) ਜੋਗੀ ਜਗ ਜਟਨ ਮੋ ਨਾਹੀ (ਅ) ਭੇਖੀ ਜੋਗ ਨ ਭੇਖ ਦਿਖਾਏ

ਇਹ ਦੋਵੇਂ ਸ਼ਬਦ ਪਾਰਸ ਨਾਥ ਵਿਖੇ 97-98 ਅੰਗ 'ਤੇ ਸੋਰਠ ਬਿਸ਼ਨ ਪਦੇ ਕਰਕੇ ਲਿਖੇ ਹੋਏ ਮਿਲਦੇ ਹਨ। ਇਹ ਸ਼ਬਦ ਪਾਰਸ ਨਾਥ ਦੀ ਕਮੀ ਨੂੰ ਪੂਰਾ ਕਰਨ ਲਈ ਲਿਖੇ ਹਨ। ਇਹ ਸ਼ਬਦ ਹਜ਼ਾਰੇ ਸ਼ਬਦਾਂ ਦਾ ਅੰਗ ਨਹੀਂ। ਕਈ ਬੀੜਾਂ ਵਿਚ ਖ਼ਿਆਲ ਪਾਤਸ਼ਾਹੀ ੧੦, 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਵੀ ਹਜ਼ਾਰੇ ਸ਼ਬਦਾਂ ਦੇ ਨਾਲ ਲਿਖ ਦਿੱਤਾ ਹੈ, ਜੋ ਬਹੁਤ ਭੁੱਲ ਹੈ। ਇਹ 'ਖ਼ਿਆਲ' ਬਹੁਤ ਨਵਾਂ ਹੋਣ ਕਰਕੇ ਨਵੀਂ ਰਚਨਾ ਹੈ। ਇਹ ਰਚਨਾ ਮਹਾਰਾਜ ਦੇ ਕਵੀਆਂ ਦੀ ਵੀ ਨਹੀਂ, ਸਗੋਂ ਬਹੁਤ ਨਵੀਂ ਕਲਪਨਾ ਹੈ। ਇਸ ਨੂੰ ਸ਼ਬਦ ਹਜ਼ਾਰਿਆਂ ਦੀ ਮਹਾਨਤਾ ਦੇਣਾ ਅਗਿਆਨਤਾ ਹੈ। ਹਜ਼ਾਰੇ ਸ਼ਬਦਾਂ ਦੀ ਗਿਣਤੀ ਕੇਵਲ 9 ਹੈ। (ਖਾਲਸਾ ਪਾਰਲੀਮੈਂਟ ਗਜ਼ਟ ਚੇਤਰ, 485 ਖਾਲਸਾ, ਸਫ਼ਾ 13) ਪਰ ਜਿਵੇਂ ਉਪਰ ਸਪਸ਼ਟ ਕੀਤਾ ਗਿਆ ਹੈ ਕਿ ਖ਼ਿਆਲ ਪਾਤਸ਼ਾਹੀ ੧੦ ਸਮੇਤ ਦਸ ਸ਼ਬਦ ਹਜ਼ਾਰੇ ਅੱਜ ਤੋਂ ਸੌ ਸਾਲ ਪਹਿਲਾਂ ਕਨਿੰਘਮ ਸਾਹਿਬ ਨੇ ਵੀ ਤੱਕੇ ਸਨ, ਇਹ ਨਵੀਂ ਕਲਪਨਾ ਨਹੀਂ। ਹਾਂ ਇਹ ਹੋ ਸਕਦਾ ਹੈ ਕਿ ਦਸਮੇਸ਼ ਪਿਤਾ ਦੀ ਇਹ ਕ੍ਰਿਤ ਪਹਿਲਾਂ ਅਸਫੋਕਟ ਰਚਨਾਵਾਂ ਵਿਚ ਸ਼ਾਮਲ ਹੋਈ ਹੋਵੇ ਤੇ ਪਿਛਲੇਰੇ ਲਿਖਾਰੀਆਂ ਨੇ ਇਹਨੂੰ ਹਜ਼ਾਰੇ ਸ਼ਬਦਾਂ ਵਿਚ ਰਲਾ

ਲਿਆ ਹੋਵੇ ਜਿਵੇਂ ਕਿ 'ਜਾਗਤ ਜੋਤਿ' ਵਾਲਾ ਸਵੈਯਾ 32 ਸਵੈਯਾਂ ਵਿਚ ਰਲ ਗਿਆ ਹੈ।

ਇਸ ਸੰਗੀਤ ਬੱਧ ਰਚਨਾ ਨੂੰ ਵੀ ਗੁਰਦੇਵ ਨੇ ਪਿੰਗਲ ਦੇ ਅਲੰਕਾਰਾਂ ਨਾਲ ਆਭੂਸ਼ਤ ਕੀਤਾ ਹੈ, ਉਹਦਾ ਨਮੂਨਾ ਦੇਣ ਦੇ ਲੋਭ ਨੂੰ ਦਬਾਇਆ ਨਹੀਂ ਜਾ ਸਕਦਾ, ਵੰਨਗੀ ਵਜੋਂ ਅਨੁਪ੍ਰਾਸ ਅਲੰਕਾਰ ਦੀ ਵਰਤੋਂ ਤੱਕੀ ਜਾ ਸਕਦੀ ਹੈ। ਸੋਰਠ ਰਾਗ ਵਿਚ, ਜਿੱਥੇ ਨੀਲ ਬਸਨ, ਮਦ ਮਰਦਨ, ਪ੍ਰਨਾਸਕਾਰੀ, ਧਨੁਰਪਾਨ ਵਰਗੇ ਸੁੰਦਰ ਸਮਾਸ ਵੀ ਮਿਲਦੇ ਹਨ:-

ਪ੍ਰਭੁਜੂ ਤੋਕਹਿ ਲਾਜ ਹਮਾਰੀ।
ਨੀਲ ਕੰਠ ਨਰ ਹਰਿ ਨਾਰਾਇਣ ਨੀਲ ਬਸਨ ਬਨਵਾਰੀ।੧। ਰਹਾਉ।
ਪਰਮ ਪੁਰਖ ਪਰਮੇਸ਼ੁਰ ਸੁਆਮੀ ਪਾਵਨ ਪਉਨ ਅਹਾਰੀ।
ਮਾਧਵ ਮਹਾ ਜੋਤਿ ਮਧ ਮਰਦਨ ਮਾਨ ਮੁਕੰਦ ਮੁਰਾਰੀ।੧।
ਨਿਰਬਿਕਾਰ ਨਿਰਜੁਰ ਨਿੰਦ੍ਰਾ-ਬਿਨ ਨਿਰਬਿਖ ਨਰਕ ਨਿਵਾਰੀ।
ਕ੍ਰਿਪਾ ਸਿੰਧ ਕਾਲ ਤ੍ਰੈ ਦਰਸੀ ਕੁਕ੍ਰਿਤ ਪ੍ਰਨਾਸਨਕਾਰੀ।੨।
ਧਨੁਰਪਾਨ ਧ੍ਰਿਤ ਮਾਨ ਧਰਾਧਰ ਅਨਿ ਬਿਕਾਰ ਅਸਿ ਧਾਰੀ।
ਹੌਂ ਮਤਿ ਮੰਦ ਚਰਨ ਸਰਨਾਗਤਿ ਕਰ ਗਹਿ ਲੇਹੁ ਉਬਾਰੀ।੩।।੧।।

ਰਾਗ ਕਲਿਆਨ ਪਾਤਸ਼ਾਹੀ ੧੦,

ਇਹ ਹੈ ਕੁਝ ਬਿਚਿਤ੍ਰਤਾ (ਵਿਚਿਤਰਤਾ) ਬਚਿੱਤ੍ਰ ਨਾਟਕ ਦੀ।

ਗੁਰਮਤਿ ਪ੍ਰਕਾਸ਼: 17 ਜਨਵਰੀ, 1967

ਚੰਡੀ ਦੀ ਵਾਰ
ਰਚਨਾ ਪਿਛੋਕੜ ਤੇ ਕਥਾ ਵਸਤੂ

ਭਾਰਤ ਦੀ ਵੀਰ ਭੂਮੀ ਸਦਾ ਹੀ ਆਪਣੀ ਆਨ ਅਣਖ ਉਤੇ ਮਰ ਮਿਟਣ ਦੀਆਂ ਪਰੰਪਰਾਵਾਂ ਸਾਜਦੀ ਰਹੀ ਹੈ ਤੇ ਭਾਰਤ ਵਾਸੀ ਆਦਿ ਕਾਲ ਤੋਂ ਇਹਦੀ ਰੱਖਿਆ ਦੇ ਹਵਨ ਕੁੰਡ ਵਿਚ ਆਪਣੇ ਪ੍ਰਾਣਾਂ ਦੀ ਆਹੂਤੀ ਦਿੰਦੇ ਰਹੇ ਹਨ-ਜਿਸ ਦਾ ਤਾਜ਼ਾ ਸਬੂਤ ਚੀਨੀ ਹਮਲੇ ਦਾ ਸਾਰਾ ਜਾਨ ਹੂਲਵਾਂ ਟਾਕਰਾ ਹੈ। ਭਾਰਤ ਦਾ ਨਾਂ ਹੀ ਉਸ ਬਲਵਾਨ ਪੁਰਖ ਦੇ ਨਾਂ ਨਾਲ ਜੁੜਿਆ ਹੋਇਆ ਹੈ ਜੋ ਬਚਪਨ ਵਿਚ ਹੀ ਸ਼ੇਰਾਂ ਦੇ ਜਬਾੜੇ ਚੀਰਦਾ ਰਿਹਾ। ਇਹਦੀ ਆਤਮਾ ਵਿਚ ਸੂਰਬੀਰਤਾ ਦਾ ਖ਼ਮੀਰ ਰਚਿਆ ਰਿਹਾ ਹੈ। ਜਦ ਕਦੇ ਵੀ ਇਸ ਖ਼ਮੀਰ ਦੇ ਤੱਤ ਦੀ ਘਾਟ ਆਈ, ਕੋਈ ਨਾ ਕੋਈ ਯੋਗ-ਪੁਰਸ਼ ਡੋਲਦੀ ਵੀਰਤਾ ਨੂੰ ਸਹਾਰਾ ਦੇਣ ਲਈ ਆਉਂਦਾ ਰਿਹਾ ਹੈ। ਕੁਰਕਸ਼ੇਤਰ ਦੇ ਰਣ ਖੇਤਰ ਵਿਚ ਜਦ ਅਰਜਨ ਦੇ ਹੱਥੋਂ ਗਾਂਡੀਵ ਡਿੱਗਣ ਨਾਲ ਵੀਰਤਾ ਦਾ ਚੰਦ ਮੋਹ ਮਾਇਆ ਨੇ ਗ੍ਰਸ ਲਿਆ ਤੇ ਕਾਇਰਤਾ ਦੇ ਨ੍ਹੇਰੇ ਦੇ ਪਸਰਨ ਦਾ ਤੌਖਲਾ ਵਧਿਆ ਤਦ ਭਗਵਾਨ ਕ੍ਰਿਸ਼ਨ ਨੇ ਗੀਤਾ ਗਿਆਨ ਦਾ ਦੀਪਕ ਬਾਲਿਆ। ਜਦ ਫੇਰ ਅਹਿੰਸਾ ਦੇ ਗ਼ਲਤ ਕੀਮਤਾਂ ਦੇ ਗਲਬੇ ਹੇਠ ਗੋਪੀ ਚੰਦ ਤੇ ਭਰਥਰੀ ਵਰਗੇ ਰਾਜੇ ਰਾਜ ਭਾਗ ਤਿਆਗ ਕੇ ਫ਼ਕੀਰ ਹੋਣ ਲੱਗ ਪਏ ਤਦ ਆਬੂ ਦੀ ਟੀਸੀ ਉੱਤੇ ਵੀਰਤਾ ਦਾ ਹਵਨ ਕੁੰਡ ਸਾਜਿਆ ਗਿਆ, ਜਿਸ ਵਿਚੋਂ ਹਰ ਹਰ ਮਹਾਂਦੇਵ ਲਲਕਾਰਦੇ ਅਗਨੀ ਕੁਲ ਰਾਜਪੂਤਾਂ ਨੇ ਜਨਮ ਲਿਆ। ਜਿਨ੍ਹਾਂ ਦੇ ਮਰਦ ਤਾਂ ਇਕ ਜਿਨ੍ਹਾਂ ਦੀਆਂ ਵੀਰਾਂਗਨਾਂ ਵੀ ਜਾਂ ਤਾਂ ਰਣ ਵਿਚ ਜੌਹਰ ਦਿਖਾਉਂਦੀਆਂ ਜਾਂ ਫਿਰ ਚਿਤੌੜ ਦੀ ਆਨ ਸ਼ਾਨ ਦੀ ਸ਼ਮ੍ਹਾਂ ਉਤੋਂ ਪਰਵਾਨੇ ਵਤ ਜੌਹਰ ਦੀ ਰੀਤੀ ਕਰਕੇ ਸੜ ਮਰਦੀਆਂ। ਇਕ ਪਾਸੇ ਇਹ ਭਾਵਨਾ ਵਿੰਧਿਆਂਚਲ ਦੀਆਂ ਹੱਦਾਂ ਚੀਰਦੀ ਮਹਾਂਰਾਸ਼ਟਰ ਦੇ ਮਰਾਠਿਆਂ ਤੱਕ ਪੁੱਜੀ ਤੇ ਦੂਜੇ ਪਾਸ ਮਦਰ ਦੇਸ ਵਿਚ, ਜਿੱਥੇ ਗੁਰੂ ਨਾਨਕ ਦੀ ਚਲਾਈ ਲੋਕ ਲਹਿਰ ਪ੍ਰਵਾਨ ਚੜ੍ਹ ਰਹੀ ਸੀ ਤੇ ਜਿੱਥੋਂ ਦੇ ਢਾਡੀ ਆਪਣੀਆਂ ਵਾਰਾਂ ਵਿਚ ਮਾਲਾਧਾਰੀ ਗੁਰੂ ਨੂੰ ਵੀ ਸੂਰਮਾ ਸ਼ਾਹਸਵਾਰ ਚਿਤਰ ਸਕਦੇ ਹਨ-

ਘੋੜਾ ਕੀਤੋ ਸਹਿਜ ਦਾ ਜਤੁ ਕੀਓ ਪਲਾਣੁ॥
ਧਣਖੁ ਚੜਾਇ ਸਤ ਦਾ ਜਸ ਹੰਦਾ ਬਾਣੁ॥
ਕਲਿ ਵਿਚਿ ਧੁ ਅੰਧਾਰੁ ਸਾ ਚੜਿਆ ਰੈ ਭਾਣੁ॥ ਸਫਾ: ੯੬੮

(ਰਾਮਕਲੀ ਦੀ ਵਾਰ)

ਇਸ ਲਹਿਰ ਨੂੰ ਅੰਤਿਮ ਛੁਹ ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ 'ਚਰਨ ਪਾਹੁਲ' ਦੀ ਥਾਂ ਖੰਡੇ ਦੀ ਧਾਰ ਦੀ ਪਾਹੁਲ ਦੇਣ ਦੀ ਪਰਪਾਟੀ ਪਾ ਕੇ ਦਿੱਤੀ। ਇਸ ਸਰਬ ਲੋਹ ਦੇ ਕਿੰਕਰ ਗੁਰੂ ਦੀ ਛੁਹ ਨਾਲ ਮੋਈ ਮਿੱਟੀ ਵਿਚ ਜਾਨ ਪੈ ਗਈ, ਜਦ ਉਨ੍ਹਾਂ ਨੇ ਸ਼ਸਤਰਾਂ ਦਾ ਧਾਰਨਾ, ਹਿੰਦੂ ਦੇ ਜਨੇਊ ਧਾਰਨ ਵਾਂਗ ਲਾਜ਼ਮੀ ਦੱਸਿਆ।

ਸਿਖ ਹੋਏ, ਬਿਨ ਲੋਹੇ ਜੋ ਫਿਰੈ
ਆਵਤ ਜਾਵਤ ਜਨਮੈ ਮਰੈ।

(ਤਨਖ਼ਾਹ ਨਾਮਾ ਭਾਈ ਨੰਦ ਲਾਲ)

'ਮੈਨਟਲ ਆਫ਼ ਦੀ ਈਸਟ' ਦੇ ਕਰਤਾ, ਐਡਮੰਡ ਕੈਂਡਲਰ ਦੇ ਸ਼ਬਦਾਂ ਵਿਚ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਸਰਬਲੋਹ ਦੀ ਧਾਰਮਕ ਰਹੁ ਰੀਤ ਤੋਰੀ, ਤਦ ਉਨ੍ਹਾਂ ਆਪਣੇ ਆਪ ਨੂੰ ਬੁਧਵਾਨ ਅਤੇ ਦੂਰਦਰਸ਼ੀ ਨੇਤਾ ਸਾਬਤ ਕੀਤਾ, ਕਿਉਂਕਿ ਉਨ੍ਹਾਂ ਸਾਰੀਆਂ ਚੀਜ਼ਾਂ 'ਚੋਂ, ਜਿਨ੍ਹਾਂ ਵਿਚੋਂ ਸਿਆਣਪ ਨੇ ਆਤਮ ਮਹੱਤਤਾ ਦੀ ਭਾਵਨਾ ਉਤਪੰਨ ਕੀਤੀ, ਫ਼ੌਲਾਦ ਸਭ ਤੋਂ ਸੁੱਚਾ ਅਤੇ ਨਾ ਲਿਫਣ ਵਾਲਾ ਹੈ। ਮਨੁੱਖਤਾਵਾਦੀ ਭਾਵੇਂ ਜੋ ਮਰਜ਼ੀ ਬੁੜ ਬੁੜ ਪਏ ਕਰਨ, ਕੋਈ ਐਸੀ ਜਾਤੀ ਨਹੀਂ ਹੋਈ, ਜਿਸ ਨੂੰ ਇਹਨੇ ਸ਼ੁੱਧ ਤੇ ਪਾਵਨ ਨਾ ਕੀਤਾ ਹੋਵੇ, ਕਈਆਂ ਵਿਚੋਂ ਤਾਂ ਇਹਨੇ ਹੀ ਖ਼ੁਦਗਰਜ਼ੀ ਅਤੇ ਆਪੇ ਦਾ ਭੂਤ ਕੱਢਿਆ ਹੈ ਅਤੇ ਗੰਦਗੀ ਦੂਰ ਕੀਤੀ ਹੈ। ਖ਼ਾਲਸੇ ਨੂੰ ਇਸ ਨੇ ਸਾਹਸੀ ਕਾਰਜ ਦਿੱਤਾ ਅਤੇ ਉਸ ਨੂੰ ਇਕ ਕੌਮ ਵਿਚ ਬਦਲ ਦਿੱਤਾ। ਮੁਸਲਮਾਨੀ ਰਾਜ ਦੇ ਕਾਲੇ ਦਿਨਾਂ ਵਿਚ ਸਿੱਖ ਦਿਸਦੇ ਸਾਰ ਕਤਲ ਕਰ ਦਿੱਤਾ ਜਾਂਦਾ ਸੀ ਤੇ ਉਹਨੂੰ ਸਿਰ ਲੁਕਾਉਣ ਦੀ ਕੋਈ ਠਾਹਰ ਨਹੀਂ ਸੀ ਮਿਲਦੀ, ਉਦੋਂ ਇਹਦੇ ਆਸਰੇ ਹੀ ਇਹ ਦਲੇਰੀ ਭਰੀਆਂ ਧਾਰਮਿਕ ਮੁਹਿੰਮਾਂ ਉੱਤੇ ਚੜ੍ਹ ਕੇ ਜਾਂਦਾ ਸੀ। ਉਹ ਅੱਧੀ ਰਾਤ ਵੇਲੇ ਅੰਮ੍ਰਿਤਸਰ ਘੋੜੇ 'ਤੇ ਸਵਾਰ ਹੋ ਕੇ ਪੁੱਜਦਾ ਅਤੇ ਅਸ਼ਨਾਨ ਕਰਕੇ ਪਵਿੱਤ੍ਰ ਹੋ ਕੇ ਵੈਰੀਆਂ ਦੀਆਂ ਸਫ਼ਾਂ ਚੀਰਦਾ ਮੁੜ ਘੋੜਾ ਭਜਾਉਂਦਾ ਪਰਤ ਆਉਂਦਾ। ਸੈਂਕੜੇ ਸਿੱਖ ਕਤਲ ਹੋ ਗਏ, ਪਰ ਕਿਸੇ ਨੇ ਵੀ ਆਪਣਾ ਧਰਮ ਨਾ ਤਿਆਗਿਆ ਅਤੇ ਆਪਣੇ ਨਾਸਵੰਤ ਮਿੱਟੀ ਦੇ ਠੀਕਰ ਨੂੰ ਕਾਇਮ ਰੱਖਣ ਲਈ ਆਪਣੀ ਆਤਮਾ ਨੂੰ ਮਲੀਨ ਨਾ ਕੀਤਾ।

ਬੀਰ ਸਾਹਿਤ ਦਾ ਸਿਰਜਨ

ਸਿੱਖਾਂ ਦੇ ਇਹ ਮਹਾਨ ਕਾਰਨਾਮੇ ਆਪ ਦੀ ਜ਼ਾਤ-ਪਾਤ ਦਾ ਕ੍ਰਿਸ਼ਮਾ ਸੀ ਜਿਸ ਨੂੰ ਸਿਰੇ ਚਾੜ੍ਹਨ ਲਈ ਆਪ ਨੇ ਢੇਰ ਸਾਰਾ ਬੀਰ ਸਾਹਿਤ ਲਿਖਵਾਇਆ ਤੇ ਖ਼ੁਦ ਲਿਖਿਆ। ਦੇਸ਼ ਦੇ ਪ੍ਰਾਚੀਨ ਸੰਸਕ੍ਰਿਤ ਦੇ ਨੀਤੀ ਤੇ ਬੀਰ ਸਾਹਿਬ ਦਾ ਉਲੱਥਾ ਆਪ ਨੇ ਦੇਸ਼ ਭਾਖਾ ਵਿਚ ਕਰਵਾਇਆ। ਮਹਾਂ ਭਾਰਤ ਦੇ ਇੱਕ ਇੱਕ ਪੁਰਬ ਦੀ ਭਾਖਾ ਕਰਨ ਲਈ ਆਪ ਨੇ ਸੱਠ ਸੱਠ ਹਜ਼ਾਰ ਰੁਪਈਏ ਆਪਣੇ ਦਰਬਾਰੀ ਕਵੀਆਂ ਨੂੰ ਦਿੱਤੇ, ਖ਼ੁਦ ਗੁਰੂ ਸਾਹਿਬ ਨੇ ਬਚਿੱਤ੍ਰ ਨਾਟਕ ਲਿਖ ਕੇ ਦੇਸ਼ ਨੂੰ ਇਕ ਮਹਾਨ ਅਮੁੱਲ ਤੇ ਅਭੁੱਲ ਦੇਣ ਦਿੱਤੀ। ਅਵਤਾਰਾਂ ਦੀ ਕਥਾ ਦੇਸ਼ ਦੇ ਇਤਿਹਾਸਕ ਤੇ ਮਿਥਿਹਾਸਕ, ਹਸਤੀਆਂ ਦੇ ਚਰਿੱਤਰਾਂ ਦਾ ਇਕ ਅਜਿਹਾ ਐਨਸਾਈਕਲੋਪੀਡੀਆ ਹੈ ਜੋ ਹੁਣ ਤੱਕ ਕੋਈ ਲੇਖਕ ਨਹੀਂ ਸਿਰਜ ਸਕਿਆ। ਇਹ ਜਿੱਥੇ ਦੇਸ਼ ਦੇ ਗੌਰਵ ਦਾ ਵਰਣਨ ਕਰਦਾ ਹੈ, ਉਥੇ ਸੂਰਮਤਾ ਦਾ ਜਜ਼ਬਾ ਉਭਾਰਨ ਵਿਚ ਵੀ ਸਹਾਈ ਹੁੰਦਾ ਹੈ : ਭਗਵਾਨ ਰਾਮ ਤੇ ਕ੍ਰਿਸ਼ਨ ਦੇ ਜੰਗਾਂ ਯੁੱਧਾਂ ਦੇ ਜ਼ਿਕਰ ਦੇ ਨਾਲ ਨਾਲ ਦੇਵੀ ਦੇ ਰਾਕਸ਼ਾਂ ਵਿਰੁੱਧ ਕੀਤੇ ਸੰਗਰਾਮਾਂ ਦਾ ਬ੍ਰਿਤਾਂਤ ਵੀ ਲਿਖਿਆ ਗਿਆ, ਜਿਸ ਵਿਚੋਂ ਧਰਮ ਯੁੱਧ ਦਾ ਚਾਓ ਫੁੱਟ ਫੁੱਟ ਪੈਂਦਾ ਹੈ, ਇਹ ਕਥਾ ਆਪ ਨੂੰ ਇੰਨੀ ਪਿਆਰੀ, ਜ਼ਰੂਰੀ ਤੇ ਅਹਿਮ ਲੱਗੀ ਕਿ ਇਸ ਨੂੰ ਆਪ ਨੇ ਚੌਹ ਵੱਖ ਵੱਖ ਰੂਪਾਂ ਵਿਚ ਅੰਕਤ ਕੀਤਾ। ਪਹਿਲਾਂ ਚੰਡੀ ਚਰਿੱਤ੍ਰ ਉਕਤ ਬਿਲਾਸ ਦੀ ਸ਼ਕਲ ਵਿਚ, ਫੇਰ ਚੰਡੀ ਚਰਿੱਤ੍ਰ ਦੂਜੇ ਦੇ ਰੂਪ ਵਿਚ, ਤੀਜੀ ਵਾਰ ਇਹਨੂੰ

ਚਿਤ੍ਰੋ-ਪਾਖਿਆਨ ਵਿਚ, ਮੁੱਖ ਥਾਂ ਮਿਲੀ। ਚੌਥੀ ਵਾਰ ਇਹ ਰਜ਼ਮੀਆਂ ਕਿੱਸਾ ਚੰਡੀ ਦੀ ਵਾਰ ਹੋ ਨਿਬੜਿਆ, ਜੋ ਗੁਰੂ ਸਾਹਿਬ ਦੀ ਇਕੋ ਇਕ ਪੂਰੀ ਸੂਰੀ ਪੰਜਾਬੀ ਰਚਨਾ ਹੈ। ਇਹ ਲੋਕ ਕਥਾ ਭਾਵੇਂ ਪਹਾੜੀ ਦੇਵੀ ਪੂਜਕਾਂ ਦੇ ਜੈ ਦੁਰਗਾ ਦੇ ਨਾਹਰੇ ਨਾਲ ਗੂੰਜਦੇ ਚੌਗਿਰਦੇ ਦੇ ਮਾਹੌਲ ਤੋਂ ਪ੍ਰਭਾਵਿਤ ਹੋ ਕੇ ਲਿਖੀ ਗਈ ਪਰ ਇਸ ਕਾਰਜ ਦੇ ਪਿਛੋਕੜ ਵਿਚ ਕਈ ਮੰਤਵ ਸਨ, ਜਿਨ੍ਹਾਂ ਵਿਚੋਂ ਇਕ ਇਹ ਵੀ ਸੀ ਕਿ ਦੁਰਗਾ ਦੇਵੀ, ਇਕ ਔਰਤ ਦੇ ਅਪੂਰਬ ਸਾਹਸ ਦੇ ਕਾਰਨਾਮੇ ਪੜ੍ਹ ਸੁਣ ਕੇ ਜਿੱਥੇ ਪੈਰ ਦੀ ਜੁੱਤੀ ਆਖੀ ਜਾਂਦੀ ਤਰੀਮਤ ਦੀ ਸੁੱਤੀ ਆਤਮਾ ਜਾਗੇ, ਉਥੇ ਰਾਜ ਭਾਗ ਗੁਆ ਚੁੱਕੇ ਇੰਦਰ ਵਾਂਗ ਹੱਥਲ ਹੋਏ ਮਰਦ ਵੀ ਲੜ ਮਰਨ ਲਈ ਤਤਪਰ ਹੋ ਜਾਣ:

ਪੜ੍ਹੈ ਮੂੜ ਯਾਕੋ ਧੰਨ ਧਾਮ ਬਾਢ॥
ਸੁਨੈ ਸੂਮ ਸੋਫੀ ਲਰੈ ਜੁੱਧ ਗਾਢੇ॥
ਜਗੈ ਰੈਣਿ ਜੋਗੀ ਜਪੈ ਜਾਪ ਯਾਕੋ॥
ਧਰੈ ਪਰਮ ਜੋਗੰ ਲਹੈ ਸਿੱਧਤਾ ਕੋ॥੪॥੨੬੦॥ (ਚੰਡੀ ਚਰਿੱਤ੍ਰ-8)

ਕਾਇਰਤਾ ਦੀ ਖਾਈ ਵਿਚ ਖਲੋਤੇ ਮਰਦ ਦੇ ਸਾਹਵੇਂ ਔਰਤ ਦੀ ਅਸਮਾਨਾਂ ਦੀਆਂ ਉਚਿਆਈਆਂ ਛੂੰਹਦੀ ਦਲੇਰੀ ਦੀ ਤਸਵੀਰ ਹੋਰ ਵੀ ਉਘੜਦੀ ਹੈ ਜਦ ਦੇਵੀ, ਦੇਵਤਿਆਂ ਨੂੰ ਖਿੜਖਿੜਾ ਕੇ ਹੱਸਦੀ ਵਿਅੰਗਮਈ ਢੰਗ ਨਾਲ ਤਸੱਲੀ ਦਿੰਦੀ ਹੈ-

ਦੁਰਗਾ ਬੈਣ ਸੁਣੰਦੀ ਹੱਸੀ ਹੜ ਹੜਾਇ।
ਉਹੀ ਸ਼ੀਂਹ ਮੰਗਾਇਆ ਰਾਖਸ਼ ਭੱਖਣਾ।
ਚਿੰਤਾ ਕਰਹੁ ਨਾ ਕਾਈ ਦੇਵਾਂ ਨੂੰ ਆਖਿਆ।
ਰੋਹ ਹੋਈ ਮਹਾ ਮਾਈ ਰਾਕਸ਼ਿ ਮਾਰਣੇ॥੫॥

ਮੁਗਲ ਸਾਮਰਾਜ ਦਾ ਪ੍ਰਤੀਕ

ਵਾਰਕਾਰ ਨੇ ਮਹਿਖ਼ਾਸੁਰ ਨੂੰ ਜਾਬਰ ਮੁਗਲ ਸਾਮਰਾਜ ਅਤੇ ਦੁਰਗਾ ਨੂੰ ਜਨਤਾ ਦੇ ਹੱਕ ਦਾ, ਸੱਚ ਦਾ, ਸ਼ਕਤੀ ਦੇ ਬਲ ਦਾ ਪ੍ਰਤੀਕ ਬਣਾ ਕੇ ਦਬੇਲ ਭਾਰਤੀਆਂ ਦੇ ਸਾਹਮਣੇ ਪੇਸ਼ ਕਰਕੇ, ਉਨ੍ਹਾਂ ਨੂੰ ਗ਼ੁਲਾਮੀ ਦਾ ਜੰਗਲਾ ਲਾਹ ਸੁੱਟਣ ਦੀ ਪ੍ਰੇਰਨਾ ਦਿੱਤੀ। ਰਾਜ ਭਾਗ ਖੁਹਾ ਚੁੱਕੇ ਲੋਕਾਂ ਨੂੰ ਚੁਣੌਤੀ ਦਿੱਤੀ ਕਿ ਬਿਨਾਂ ਯੁੱਧ ਕੀਤਿਆਂ ਹਾਰੀ ਹੋਈ ਧਰਤੀ ਮੁੜ ਪ੍ਰਾਪਤ ਨਹੀਂ ਹੋ ਸਕਦੀ।

ਬੈਠ ਤਬੈ ਗਿਰਜਾ ਅਰੁ ਦੇਵਨ
ਬੁੱਧਿ ਇਹੈ ਮਨ ਮੱਧਿ ਬੀਚਾਰੀ।
ਜੁੱਧ ਕੀਏ ਬਿਨੁ ਫੇਰ ਫਿਰੈ ਨਹਿ,
ਭੂਮ ਸਭੈ ਅਪਨੀ ਅਵਧਾਰੀ।
ਇੰਦਰ ਕਹਿਓ ਅਬ ਢੀਲ ਬਨੇ ਨਹਿ
ਮਾਤ ਸੁਨੌ ਯਹ ਬਾਤ ਹਮਾਰੀ।
ਦੈਤਨ ਕੇ ਬਧ ਕਾਜ ਚਲੀ
ਰਣ ਚੰਡ ਪ੍ਰਚੰਡ ਭੁਜੰਗਨਿ ਕਾਰੀ॥੭੮॥ (ਚੰਡੀ ਚਰਿੱਤ੍ਰ ਓਕਤ ਬਿਲਾਸ)

ਸ਼ਸਤਰ ਧਾਰੀ ਈਸ਼ਵਰ

ਗੁਰੂ ਗੋਬਿੰਦ ਸਿੰਘ ਜੀ ਨੇ ਅਹਿੰਸਾ ਦੀਆਂ ਗਲਤ ਕੀਮਤਾਂ ਅਤੇ ਰੱਬ ਸੰਬੰਧੀ ਧਾਰਮਿਕ ਭੁਲੇਖਿਆਂ ਦੀਆਂ ਪਥਰੀਲੇ ਦਿਮਾਗਾਂ 'ਤੇ ਪਈਆਂ ਲੀਕਾਂ ਮੇਟ ਦਿੱਤੀਆਂ, ਲੋਕ ਅਹਿੰਸਾ ਨੂੰ ਹਰ ਸ਼ਕਲ ਤੇ ਪ੍ਰਸਥਿਤੀ ਵਿਚ ਪਾਪ ਸਮਝਦੇ ਸਨ। 'ਪਾਪੀ ਨੂੰ ਦੰਡ ਦੇਣ ਲਈ ਮਾਰ ਦੇਣਾ ਪਾਪ ਨਹੀਂ,' ਦੇ ਪ੍ਰਾਚੀਨ ਅਸੂਲ ਨੂੰ ਉਹ ਭੁੱਲ ਚੁੱਕੇ ਸਨ ਤੇ ਇਸ ਹਕੀਕਤ ਨੂੰ ਵੀ ਕਿ ਭਗਵਾਨ ਰਾਮ ਤੇ ਕ੍ਰਿਸ਼ਨ ਨੇ ਰਾਵਣ ਤੇ ਕੰਸ ਜਿਹੇ ਜ਼ਾਲਮਾਂ ਨੂੰ ਮਾਰ ਕੇ ਹੀ ਖ਼ਤਮ ਕੀਤਾ ਸੀ। ਗੁਰੂ ਸਾਹਿਬ ਨੇ ਰੱਬ ਦੇ ਸ਼ਸਤਰ ਧਾਰੀ ਹੋਣ ਦਾ ਅਪੂਰਬ ਤੇ ਅਛੂਤਾ ਖ਼ਿਆਲ ਦੇ ਕੇ ਲੋਕਾਂ ਦੀ ਸ਼ੰਕਾ ਤੇ ਮਨ ਦੀ ਗੁੰਝਲ ਦੂਰ ਕੀਤੀ, ਉਨ੍ਹਾਂ ਦਾ ਈਸ਼ਵਰ ਅਸਿਕੇਤ, ਅਸਿਪਾਣ, ਖੜਗਕੇਤ ਤੇ ਸਰਬਲੋਹ ਹੋ ਗਿਆ ਅਤੇ ਅਸਿ, ਕ੍ਰਿਪਾਨ, ਖੰਡਾ, ਖੜਗ, ਤੋਪ, ਤਪਕ ਅਤੇ ਤੀਰ ਉਨ੍ਹਾਂ ਦੇ ਪੀਰ, ਉਨ੍ਹਾਂ ਨੇ ਫੁਰਮਾਇਆ ਕਿ ਰੱਬ ਦੁਸ਼ਟਾਂ ਵਿਰੁੱਧ ਕੀਤੇ ਜੰਗ ਵਿਚ ਫਤਹਿ ਬਖਸ਼ਦਾ ਹੈ ਤੇ ਉਨ੍ਹਾਂ ਦਾ ਡੋਲ੍ਹਿਆ ਖ਼ੂਨ ਮਾਫ਼ ਕਰ ਦਿੰਦਾ ਹੈ।

ਜੋਤ ਕੇ ਜਗਿੰਦਾ ਜੰਗ ਜਾਫਰੀ ਦਿਹੰਦਾ
ਮ੍ਰਿਤ ਮਾਰੀ ਕੇ ਮਲਿੰਦਾ ਪੈ ਕੁਨਿੰਦਾ ਨੈ ਬਖਾਨੀ ਐ।
ਪਾਲਕ ਪੁਨਿੰਦਾ ਪਰਮ ਪਾਰਸੀ ਪ੍ਰਗਿੰਦਾ
ਰੰਗ ਰਾਗ ਕੇ ਸੁਨਿੰਦਾ ਪੈ ਅਨੰਦਾ ਤੇਜ ਮਾਨੀਐ।
ਜਾਪ ਕੇ ਜਪਿੰਦਾ ਖੈਰ ਖੁਬੀ ਕੇ ਦਹਿੰਦਾ
ਖੂਨ ਮਾਫ ਕੋ ਕੁਨਿੰਦਾ ਹੈ ਅਭਿਜ ਰੂਪ ਠਾਨੀਐ।
ਆਰਜਾ ਦਹਿੰਦਾ ਰੰਗ ਰਾਗ ਕੋ ਬਿਢਦਾ
ਦੁਸਟ ਦ੍ਰੋਹਕੇ ਦਲਿੰਦਾ ਛੋਡ ਦੂਜੇ ਕੌਨ ਮਾਨਿਐ ॥੪੬॥ (ਗਿਆਨ ਪ੍ਰਬੋਧ)

ਬੀਰ ਰਸ ਦਾ ਸ੍ਰੋਤ

'ਨਮਸਕਾਰ ਸ੍ਰੀ ਖੜਗ ਕੋ' ਆਖ ਕੇ 'ਜੈ ਤੇਗੰ' ਦਾ ਨਾਹਰਾ ਲਾਉਣ ਵਾਲੇ ਗੁਰੂ ਨੇ ਖੰਡੇ ਕੀ ਵੇਲਾ ਵਿਚ ਇਉਂ ਚਿੜੀਆਂ ਦੇ ਸੀਨੇ ਵਿਚ ਬਾਜ਼ ਦਾ ਦਿਲ ਪਾ ਕੇ ਉਨ੍ਹਾਂ ਨੂੰ ਜ਼ੁਲਮ ਤੇ ਸਿੱਤਮ ਵਿਰੁੱਧ ਜਹਾਦ ਕਰਨ ਲਈ ਤਿਆਰ ਕੀਤਾ। ਉਨ੍ਹਾਂ ਨੂੰ ਜੂਝਣ ਦੀ ਪ੍ਰੇਰਨਾ ਦੇਣ ਲਈ ਸੂਰਮਿਆਂ ਦੇ ਜੰਗੋ ਜਦਲ ਦੀਆਂ ਵਾਰਾਂ ਸੁਣਨ ਦੀ ਚਾਟ ਲਾਈ, ਤਾਂਡਵ ਤੇ ਨਿਰਤਕਾਰ ਸ਼ਿਵ ਜੀ ਦੇ ਡੌਰੂ ਵਰਗੇ ਵੀਰ ਰਸ ਉਪਜਾਊ ਸਾਜ਼ ਢੱਡ ਨਾਲ ਜਦ ਢਾਡੀ ਵਾਰਾਂ ਗਾਉਂਦੇ ਤਦ ਸੂਰਮਿਆਂ ਦੇ ਡੌਲੇ ਫ਼ਰਕ ਪੈਂਦੇ ਤੇ ਉਹ ਰੋਹ ਵਿਚ ਆ ਕੇ ਰਣ ਮੰਡ ਲੈਂਦੇ। ਅਜਿਹੀਆਂ ਵਾਰਾਂ ਵਿਚ ਵਾਧਾ ਕਰਨ ਲਈ ਗੁਰੂ ਸਾਹਿਬ ਨੇ ਚੰਡੀ ਦੀ ਵਾਰ ਆਖੀ। ਉਹ ਵਾਰ ਜਿਸ ਵਿਚ ਰੱਤ ਦੇ ਪਰਨਾਲੇ ਵਗਦੇ ਹਨ, ਤੇਗਾਂ ਰੱਤ ਵਿਚ ਨ੍ਹਾਉਂਦੀਆਂ ਹਨ। ਸੂਰਮੇ ਬੱਦਲ ਵਾਂਗ ਗੱਜਦੇ ਹਨ, ਝੋਟਿਆਂ ਵਿਚ ਭਿੜਦੇ ਅਤੇ ਅੜਾਉਂਦੇ ਹਨ, ਲਹੂ ਮਿੱਝ ਦੀ ਘਾਣੀ ਘਤਦੇ ਹਨ। ਦੁਰਗਾ ਰਾਕਸ਼ਾਂ ਦੀਆਂ ਖੋਪਰੀਆਂ ਭੰਨਦੀ ਹੈ ਤੇ ਕਾਲੀ ਖੱਪਰ ਭਰ ਭਰ ਖ਼ੂਨ ਪੀਂਦੀ ਹੈ। ਇਹ ਵਾਰ ਸ੍ਰੋਤਿਆਂ ਦੀ ਮਾਤ ਭਾਸ਼ਾ ਵਿਚ ਹੋਣ ਅਤੇ ਵੀਰ ਰਸੀ ਸੁਰਾਂ ਵਿਚ ਗਾਈ ਜਾਣ ਕਰਕੇ ਉਨ੍ਹਾਂ ਨੂੰ ਵਧੇਰੇ ਉਤੇਜਤ ਕਰ ਸਕਦੀ ਸੀ।

ਢਾਡੀਆਂ ਤੋਂ ਸੁਣਨ ਤੋਂ ਬਿਨਾਂ ਇਹ ਵਾਰ ਜਿਸ ਦੀ ਪਹਿਲੀ ਪਉੜੀ ਸਿੱਖਾਂ ਦੀ ਅਰਦਾਸ ਦਾ ਮੁੱਢ ਬੰਨ੍ਹਦੀ ਹੈ, ਸ੍ਰੀ ਮੁੱਖ ਵਾਕ ਹੋਣ ਕਰਕੇ ਸੂਰਮਿਆਂ ਦੇ ਮੂੰਹ ਚੜ੍ਹ ਗਈ। ਨਿਹੰਗ ਸਿੰਘਾਂ ਦੇ ਨਿਤਨੇਮ ਦਾ ਅੰਗ ਬਣ ਗਈ। ਨਾਮਧਾਰੀ ਆਗੂ ਬਾਬਾ ਰਾਮ ਸਿੰਘ ਨੇ ਇਕ ਹੁਕਮਨਾਮੇ ਰਾਹੀਂ ਇਸ ਵਾਰ ਨੂੰ ਉਗਰ ਚੰਡੀ ਸਮੇਤ ਨਿਤਨੇਮ ਵਿਚ ਸ਼ਾਮਲ ਕੀਤਾ। ਸਚਖੰਡ ਹਜ਼ੂਰ ਸਾਹਿਬ ਦੀ ਮਰਯਾਦਾ ਹੈ ਕਿ ਦੁਸਹਿਰੇ ਵਾਲੇ ਦਿਨ ਸ਼ਸਤਰਾਂ ਦੀ ਸਫਾਈ ਦੇ ਨਾਲ ਨਾਲ ਚੰਡੀ ਦੀ ਵਾਰ ਦੇ ਪਾਠ ਹੁੰਦੇ ਹਨ। ਜਦ ਆਉਂਦੀ ਹੈ ਇਹ ਤੁਕ :

ਅਗੇ ਤੇਗ ਵਗਾਈ, ਦੁਰਗਸ਼ਾਹ
ਬਢਿ ਸੁੰਭਨ ਬਹੀ ਪਲਾਣ ਕਉ।
ਰੜਕੀ ਜਾਇਕੈ ਧਰਤ ਕਉ
ਸਢਿ ਪਾਖਰ ਬਢਿ ਕਿਕਾਨ ਕਉ।

ਤਦ ਬੱਕਰਾ ਝਟਕਾਇਆ ਜਾਂਦਾ ਹੈ ਅਤੇ ਸੁਰਖੇ ਦਾ ਟਿੱਕਾ ਸ਼ਸਤਰਾਂ ਨੂੰ ਦਿੱਤਾ ਜਾਂਦਾ ਹੈ। (ਸੰਤ ਸਿਪਾਹੀ, ਅੰਮ੍ਰਿਤਸਰ, ਫ਼ਰਵਰੀ, 1953, ਸਫ਼ਾ 43).

ਰਵਾਇਤ ਹੈ ਕਿ ਮਹਾਰਾਜਾ ਸ਼ੇਰ ਸਿੰਘ ਦੇ ਕਤਲ ਦਾ ਕਾਰਨ ਇਕ ਨਿਹੰਗ ਸਿੰਘ ਵਲੋਂ ਉਹਨੂੰ ਦਿੱਤਾ ਗਿਆ ਸਰਾਪ ਸੀ। ਮਹਾਰਾਜੇ ਨੇ ਪ੍ਰੇਡ ਵਿਚ ਉਹਦਾ ਘੋੜਾ ਨਫ਼ਿੱਟ ਕਰ ਦਿੱਤਾ। ਨਿਹੰਗ ਨੂੰ ਰੋਹ ਜੁ ਚੜ੍ਹਿਆ, ਉਹ ਇਕ ਬੇਰੀ ਹੇਠ ਸੁਨਹਿਰੇ ਵਿਚ ਸੁੱਖਾ ਰਗੜਨ ਲੱਗ ਪਿਆ ਤੇ ਨਾਲੋ ਨਾਲ ਚੰਡੀ ਦੀ ਵਾਰ ਦਾ ਪਾਠ ਕਰਨ ਭੀ। ਜਦ ਨੁਗਦੀ ਬੇਰ ਦੀ ਗਿਟਕ ਜਿੰਨੀ ਰਹਿ ਗਈ ਤਦ ਉਹਨੇ ਸੁੱਖਾ ਛਾਣ ਕੇ ਛੱਕ ਲਿਆ ਅਤੇ ਨੁਗਦੀ ਬੇਰੀ ਦੇ ਰੁੱਖਾਂ ਉਤੇ ਵਗਾਹ ਮਾਰੀ ਇਹ ਆਖਦਿਆਂ 'ਹਾਂ ਜੜ੍ਹਾਂ ਪਟਾਉਣਿਆਂ ਸ਼ੇਰੂ, ਤੇਰਾ ਕੱਖ ਨਾ ਰਹੇ।'

ਰਚਨਾ ਕਾਲ

ਪ੍ਰੋ: ਸਾਹਿਬ ਸਿੰਘ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਵੇਖ ਲਿਆ ਸੀ ਕਿ ਹੁਣ ਖੰਡਾ ਖੜਕਣ ਦਾ ਸਮਾਂ ਫੇਰ ਨੇੜੇ ਆ ਰਿਹਾ ਹੈ; ਤੇ ਇਸ ਸਮੇਂ ਵਿਚ ਪੂਰੇ ਉਤਰਨ ਲਈ ਗੁਰੂ ਨਾਨਕ ਜੀ ਦੇ ਨਾਮ ਲੇਵਾ ਸਿੱਖਾਂ ਵਿਚ ਬੀਰ ਰਸ ਭਰਨ ਦੀ ਲੋੜ ਹੈ। ਹੋਰ ਤਰੀਕੇ ਵਰਤਣ ਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਜੋਸ਼ ਭਰੀ ਕਵਿਤਾ ਤਿਆਰ ਕੀਤੀ ਜਾਵੇ ਅਤੇ ਇਸ ਦੇ ਸੁਣਨ ਪੜ੍ਹਨ ਦਾ ਵੀ ਆਮ ਸਿੱਖਾਂ ਵਿਚ ਪ੍ਰਚਾਰ ਹੋਵੇ। ਅਜਿਹੇ ਪ੍ਰਚਾਰ ਦਾ ਸਭ ਤੋਂ ਸੌਖਾ ਤਰੀਕਾ ਕਵੀ ਦਰਬਾਰ ਹੀ ਹੋ ਸਕਦਾ ਹੈ। ਸੋ, ਸ੍ਰੀ ਕਲਗੀਧਰ ਜੀ ਦੀ ਨਿਗਰਾਨੀ ਵਿਚ ਉਤਸ਼ਾਹ ਜਨਕ ਕਵੀ ਦਰਬਾਰ ਵੀ ਹੁੰਦੇ ਸਨ। ਰਿਆਸਤ ਨਾਹਨ ਵਿਚ ਬਣੇ ਗੁਰਦੁਆਰਾ ਪਾਉਂਟਾ ਸਾਹਿਬ ਦੇ ਕਵੀ ਦਰਬਾਰਾਂ ਵਿਚ ਹਜ਼ੂਰ ਦੀ ਆਪਣੀ ਬਾਣੀ ਵੀ ਸੁਣਾਈ ਜਾਂਦੀ ਸੀ......ਗੁਰੂ ਗੋਬਿੰਦ ਸਿੰਘ ਨਾਹਨ ਵਿਚ ਸੰਨ 1684 ਈਸਵੀ ਵਿਚ ਗਏ ਅਤੇ ਉਥੇ ਤਿੰਨ ਸਾਲ ਰਹੇ। ਉਹਨੀਂ ਹੀ ਦਿਨੀਂ (1684–87) ਉਸ ਰਿਆਸਤ ਵਿਚ ਜਮਨਾ ਨਦੀ ਦੇ ਕੰਢੇ ਦੀ ਇਕਾਂਤ ਵਿਚ 'ਜਾਪ ਸਾਹਿਬ', ਸਵਈਏ ਅਤੇ 'ਅਕਾਲ ਉਸਤਤਿ' ਆਦਿਕ ਬਾਣੀਆਂ ਉਚਾਰੀਆਂ ਗਈਆਂ। (ਜਾਪੁ ਸਾਹਿਬ ਸਟੀਕ ਸਫ਼ਾ 8–9) ਅਨੁਮਾਨ ਹੈ ਕਿ ਆਦਕ ਬਾਣੀਆਂ ਵਿਚ ਚੰਡੀ ਦੀ ਵਾਰ ਵੀ ਸ਼ਾਮਲ ਹੋਵੇ। ਇਸ ਅਨੁਮਾਨ ਦੀ ਪੁਸ਼ਟੀ ਸ: ਰਣਧੀਰ ਸਿੰਘ ਸਿੱਖ ਹਿਸਟਰੀ ਸਕਾਲਰ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਲੇਖ 'ਗੁਰੂ ਗੋਬਿੰਦ ਸਿੰਘ ਜੀ ਦੀ ਮਾਦਰੀ ਬੋਲੀ' 'ਚੋਂ ਹੁੰਦੀ ਹੈ। ਆਪ ਦੱਸਦੇ ਹਨ ਕਿ ਕ੍ਰਿਸ਼ਨ ਅਵਤਾਰ, ਚੰਡੀ ਚਰਿੱਤ੍ਰ ਤੇ 'ਚੰਡੀ ਦੀ ਵਾਰ' ਤਿੰਨੋਂ ਪ੍ਰਸੰਗ 1745 ਬਿਕਰਮੀ

(ਵੀਹ ਵਰ੍ਹੇ ਦੀ ਉਮਰ) ਤਕ ਦੀਆਂ ਰਚਨਾਵਾਂ ਹਨ। ਇਕ ਹੋਰ ਥਾਂ ਆਪ ਲਿਖਦੇ ਹਨ। ਇਸੇ ਪ੍ਰਸੰਗ (ਚੰਡੀ ਚਰਿੱਤ੍ਰ) ਨੂੰ ਪੰਜਾਬੀ ਵੀਰਾਂ ਅੰਦਰ ਜੁਧ-ਜੰਗ ਲਈ ਜੋਸ਼ ਤੇ ਬੀਰ ਰਸ ਭਰਨ ਹਿੱਤ, ਦੇਸ਼ੀ ਬੋਲੀ ਦੇ ਮਨ ਪਿਆਰੇ ਕਾਵਿ 'ਵਾਰ' ਦਾ ਰੂਪ ਦਿੱਤਾ, ਜਿਸ ਨੇ ਹਟਵਾਣੀਆਂ ਤੇ ਹਾਲੀਆਂ, ਪਾਲੀਆਂ ਤੇ ਸਾਧਾਂ ਫਕੀਰਾਂ ਨੂੰ ਵੀ ਸਾਂਦਲ ਬਾਰ ਦੇ ਸ਼ੇਰ ਬੱਬਰ ਬਣਾ ਦਿੱਤਾ। ਇਸ ਬੀਰ ਰਸੀ ਰਚਨਾ ਦੇ ਅਸਰ ਦਾ ਪ੍ਰਤੱਖ ਸਬੂਤ ਛੇਤੀ ਹੀ ਬਾਅਦ, ਭੰਗਾਣੀ ਦੀ ਭੈ ਭਰਪੂਰ ਰਣ ਭੂਮੀ ਵਿਚ ਦੁਨੀਆਂ ਨੇ ਦੇਖ ਲਿਆ। (ਦਸਵੇਂ ਪਾਤਸ਼ਾਹ ਕੇ ਗ੍ਰੰਥ ਦਾ ਇਤਿਹਾਸ, ਸਫ਼ਾ 19) ਦੂਜੇ ਸ਼ਬਦਾਂ ਵਿਚ ਇਹ ਵਾਰ ਭੰਗਾਣੀ ਯੁੱਧ ਤੋਂ ਕੁਝ ਚਿਰ ਪਹਿਲਾਂ ਹੀ ਰਚੀ ਗਈ ਜਦ ਕਿ ਵਾਰਕਾਰ ਜੀ ਪਾਉਂਟੇ ਸਾਹਿਬ ਬਿਰਾਜਮਾਨ ਸਨ।

ਦੁਰਗਾ ਪਾਠ

ਇਸ ਵਾਰ ਦਾ ਸਿਰਲੇਖ 'ਵਾਰ ਸ੍ਰੀ ਭਗਉਤੀ ਜੀ ਕੀ' ਦਿੱਤਾ ਗਿਆ ਹੈ। ਇਸੇ ਨਾਂ ਦੀ ਦੂਜੀ ਵਾਰ ਦਸਮ ਗ੍ਰੰਥ ਦੀ ਖ਼ਾਸ ਬੀੜ ਵਿਚ, ਜਿਸ ਵਿਚ ਸੁਖਮਨਾ, ਮਾਲਕੌਸ ਕੀ ਵਾਰ ਆਦਿ ਵਾਧੂ ਬਾਣੀਆਂ ਹਨ, ਮਿਲਦੀ ਹੈ, ਜਿਸ ਦਾ ਉਤਾਰਾ ਮਹਾਨਕੋਸ਼ ਦੇ ਪੰਨਿਆਂ 3267-68 ਉਤੇ ਵੇਖਿਆ ਜਾ ਸਕਦਾ ਹੈ।

ਇਸ ਰਚਨਾ ਦੀ ਕਥਾ ਵਸਤੂ 9000 ਸਲੋਕਾਂ ਤੇ ਫ਼ੈਲੇ ਮਾਰਕੰਡੇ* ਪੁਰਾਣ ਦੇ 14 ਅਧਿਆਵਾਂ (81 ਤੋਂ 94) ਦੇ 700 ਸਲੋਕਾਂ ਦੀ ਦੁਰਗਾ ਸਪਤਸ਼ਤੀ ਜਾਂ ਦੁਰਗਾ ਪਾਠ ਉਤੇ ਆਧਾਰਿਤ ਹੈ।

---

* ਮਾਰਕੰਡੇ, ਮਹਾਨ ਕੋਸ਼ ਅਨੁਸਾਰ ਮ੍ਰਿਕੰਡ ਰਿਸ਼ੀ ਦਾ ਪੁੱਤ੍ਰ ਸੀ। ਆਪਣੇ ਮਾਪਿਆਂ ਨੂੰ ਇਸ ਗੱਲੋਂ ਦੁਖੀ ਤੱਕ ਕੇ ਕਿ ਉਹ (ਮਾਰਕੰਡੇ) ਨੇ ਕੇਵਲ ਬਾਰਾਂ ਵਰ੍ਹੇ ਹੀ ਜੀਉਣਾ ਹੈ, ਘੋਰ ਤਪ ਕਰਕੇ ਦੀਰਘ ਜੀਵੀ ਹੋਣ ਦਾ ਵਰ ਪ੍ਰਾਪਤ ਕੀਤਾ। ਪਰ ਸਾਰੀ ਉਮਰ ਕੋਈ ਚੰਗਾ ਮਕਾਨ ਨਾ ਬਣਵਾਇਆ, ਕੱਖਾਂ ਦੀ ਕੁੱਲੀ ਵਿੱਚ ਹੀ ਗੁਜ਼ਾਰਾ ਕੀਤਾ। 'ਮਾਰਕੰਡੇ ਤੇ ਕੋ ਅਧਿਕਾਈ, ਜਿਨ ਤਿਣ ਧਰ ਮੂੰਡ ਬਿਲਾਏ' (ਨਾਮਦੇਵ ਜੀ)

ਇਸ ਰਿਸ਼ੀ ਦਾ ਮੰਦਰ ਮੈਕਾਲਿਫ਼ ਅਨੁਸਾਰ ਜਗਨ ਨਾਥ ਪੁਰੀ ਵਿਚ ਹੈ। ਪਰ ਜ਼ਿਲ੍ਹਾ ਕਰਨਾਲ ਵਿਚ ਮਾਰਕੰਡਾ ਨਾਂ ਦੀ ਨਦੀ ਦੇ ਕੰਢੇ ਸ਼ਾਹਬਾਦ ਮਾਰਕੰਡਾ ਰੇਲਵੇ ਸਟੇਸ਼ਨ ਹੈ। ਪੰਜਾਬ ਦੀ ਨਵੀਂ ਰਾਜਧਾਨੀ ਇਸ ਦੇ ਨਾਲ ਲਗਦੇ ਇਲਾਕੇ ਚੰਡੀਗੜ੍ਹ ਵਿਚ ਬਣੀ ਹੈ ਜਿਥੇ ਇਕ ਪੁਰਾਤਨ ਚੰਡੀ ਦੇਵੀ ਦਾ ਮੰਦਰ ਹੈ। ਇਸ ਤੋਂ ਕੁਝ ਅੱਗੇ ਕਾਲਕਾ ਦੇਵੀ ਦਾ ਅਸਥਾਨ ਸ਼ਿਮਲਾ ਪਹਾੜ ਦੀ ਤ੍ਰਾਈ 'ਤੇ ਹੈ। ਸੰਭਵ ਹੈ, ਕੈਲਾਸ਼ ਪਰਬਤ ਤੋਂ ਉਤਰ ਕੇ ਦੁਰਗਾ ਨੇ ਇਨ੍ਹਾਂ ਮੈਦਾਨਾਂ ਵਿਚ ਹੀ ਦੈਂਤਾਂ ਨਾਲ ਯੁੱਧ ਕੀਤਾ ਹੋਵੇ, ਕਿਉਂਕਿ ਪਿੱਛੋਂ ਵੀ ਕੁਰਕਸ਼ੇਤਰ, ਪਾਣੀਪਤ, ਤਰਾਵੜੀ ਅਤੇ ਕਰਨਾਲ ਦੇ ਜੰਗ ਇਸੇ ਅੰਬਾਲੇ ਕਰਨਾਲ ਦੇ ਇਲਾਕੇ ਵਿੱਚ ਹੋਏ।

ਕੁਰਕਸ਼ੇਤਰ (ਜਿਸ ਵਿਚ ਪੂਰਬੀ ਪੰਜਾਬ ਅਤੇ ਦਿੱਲੀ ਸ਼ਾਮਲ ਸੀ) ਦਾ ਇਲਾਕਾ ਵੀ ਮਤਸਯਾ ਪੰਜਾਬ ਅਤੇ ਸ਼ੂਰਸ਼ੈਨ ਆਦਿ ਉਨ੍ਹਾਂ ਪ੍ਰਦੇਸ਼ਾਂ ਵਿਚੋਂ ਸੀ ਜਿਨ੍ਹਾਂ ਵਿਚ ਪ੍ਰਾਚੀਨ ਕਾਲ ਵਿਚ ਰਾਜੇ ਆਪਣੀਆਂ ਫ਼ੌਜਾਂ ਲਈ ਰੰਗਰੂਟ ਭਰਤੀ ਕਰਿਆ ਕਰਦੇ ਸਨ। (Maharaja Ranjit Singh Centenary Volume, Centenary Celebration Committee Campbell, page 102)

ਦੁਰਗਾ ਪਾਠ ਬਣਾਇਆ ਸਭੇ ਪਉੜੀਆਂ,
ਫੇਰ ਨਾ ਜੂਨੀ ਆਇਆ ਜਿਨ ਇਹ ਗਾਇਆ।

ਇਸ ਦੇ ਕੁਲ 44 ਛੰਦ ਹਨ, ਜਿਨ੍ਹਾਂ ਵਿਚੋਂ ਇਕ ਦੋਹਰਾ ਛੇਵਾਂ ਛੰਦ ਤੇ ਬਾਕੀ ਪਉੜੀਆਂ ਹਨ। ਪਉੜੀਆਂ ਨਿਸ਼ਾਨੀ ਅਤੇ ਸਿਰਖੰਡੀ ਛੰਦਾਂ ਵਿਚ ਹਨ। ਨਿਸ਼ਾਨੀ ਛੰਦ ਦਾ ਅਸਲੀ ਨਾਉਂ ਨਿਸ਼ੇਨੀ ਛੰਦ ਹੈ, ਸਿਰਖੰਡੀ ਦਾ ਦੂਜਾ ਨਾਉਂ ਸ੍ਰੀ ਖੰਡ ਹੈ, ਜੋ ਪਲ ਵਿਰਾਮ ਛੰਦ ਦਾ ਰੂਪਾਂਤਰ ਹੈ। ਇਸ ਛੰਦ ਦੀ ਤੁਕ ਦੇ ਮੱਧ ਅਨੁਪ੍ਰਾਸ ਦਾ ਮੇਲ ਅਤੇ ਤੁਕਾਂਤ ਬੇਮੇਲ ਹੁੰਦਾ ਹੈ। ਇਹ ਛੰਦ ਗੁਰੂ ਸਾਹਿਬ ਨੇ ਦਸਮ ਗ੍ਰੰਥ ਵਿਚ ਕਈ ਥਾਵਾਂ ਤੇ ਵੀ ਜੁੱਧ-ਵਰਣਨ ਲਈ ਵਰਤਿਆ ਹੈ ਤੇ ਬੋਲੀ ਵੀ ਪੰਜਾਬੀ ਵਰਤੀ ਹੈ।

ਇਨ੍ਹਾਂ ਛੰਦਾਂ ਦੀ ਚਾਲ ਤੇ ਬਣਤਰ ਲੋੜ ਅਨੁਸਾਰ ਬਦਲਦੀ ਰਹਿੰਦੀ ਹੈ। ਦੇਖੋ ਛੰਦ 4 ਤੋਂ 8 ਤੇ 12 ਤੋਂ 14, ਜਿਨ੍ਹਾਂ ਦੀਆਂ ਸਾਹੋ ਸਾਹ ਪੰਗਤੀਆਂ ਕਦੇ ਫ਼ੈਲਦੀਆਂ ਤੇ ਕਦੇ ਸੁੰਗੜਦੀਆਂ ਹਨ। ਪਉੜੀ ਦੂਜੀ, ਤੀਜੀ, ਸੱਤਵੀਂ, ਉਣੰਜਵੀਂ ਅਤੇ ਪੰਜਾਹਵੀਂ ਦਾ ਅੰਤਲਾ ਚਰਣ ਭਾਈ ਗੁਰਦਾਸ ਦੀਆਂ ਵਾਰਾਂ ਵਾਂਗ, ਪਹਿਲੀਆਂ ਨਾਲੋਂ ਛੁਟੇਰਾ ਹੈ। ਜਿਵੇਂ "ਕਿੰਨੀ ਤੇਰਾ ਅੰਤੁ ਨਾ ਪਾਇਆ", "ਪਾਸ ਦੁਰਗਾ ਦੇ ਇੰਦਰ ਆਇਆ", "ਖੇਤ ਅੰਦਰ ਜੋਧੇ ਗੱਜੇ"।

ਅਜਿਹੇ ਭਖਦੇ ਮਘਦੇ, ਕੜਕਦੇ ਬੜ੍ਹਕਦੇ ਛੰਦਾਂ ਵਿਚ ਤ੍ਰੇਤਾ ਯੁੱਗ ਦੇ ਅਸੁਰਾਂ ਮਧੂ ਅਤੇ ਕੈਟਭ ਮਹਿਖਾਸਰ, ਧੂਮ ਲੋਚਨ, ਚੰਡ ਅਤੇ ਮੁੰਡ, ਸ੍ਰੋਣਤ ਬੀਜ (ਰਕਤ ਬੀਜ) ਨਿਸੁੰਭ ਤੇ ਸੁੰਭ ਦੇ ਦੁਰਗਾ ਨਾਲ ਹੋਏ ਭੇੜਾਂ ਦੀ ਕਥਾ ਦੱਸੀ ਗਈ ਹੈ।

ਪ੍ਰਿਥਮ ਭਗਾਉਤੀ ਸਿਮਰ ਕੈ

ਤਲਵਾਰ ਦਾ ਆਵਾਹਨ ਕਰਦਿਆਂ ਇਨ੍ਹਾਂ ਸ਼ਬਦਾਂ ਨਾਲ ਵਾਰ ਦਾ ਮੁੱਢ ਬੱਝਦਾ ਹੈ। 'ਭਗਾਉਤੀ' ਭਗਵਤੀ ਦਾ ਦੂਜਾ ਰੂਪ ਹੈ, ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਹਦੀ ਵਰਤੋਂ ਕੀਤੀ ਹੈ–

ਪ੍ਰਥਮ ਧਯਾਇ ਸ੍ਰੀ ਭਗਵਤੀ ਬਰਨੌਂ ਤ੍ਰਿਯਾ-ਪ੍ਰਸੰਗ।
ਮੋ ਘਟ ਮੈਂ ਤੁਮ ਹਵੈ ਨਦੀ ਉਪਜਹੁ ਬਾਕ ਤਰੰਗ॥੪੬॥

ਚਰਿਤ੍ਰੋਪਖਿਆਨ, ਅਧਿਆਇ।

ਦੁਰਗਾ ਸਤਸਈ ਦੇ ਕਰਤਾ ਨੇ ਇਨ੍ਹਾਂ ਸ਼ਬਦਾਂ ਨੂੰ ਅੱਡ ਅੱਡ ਅਰਥਾਂ ਵਿਚ ਵਰਤਿਆ ਹੈ। ਭਗਾਉਤੀ ਦਾ ਅਰਥ ਹੈ ਭਗਾਉਤ (ਭਗਵਤ) ਜਾਂ ਭਗਵਾਨ ਦੀ ਸ਼ਕਤੀ ਆਵੇ। ਭਗਵਤੀ ਜੋ ਭਗਵਤ ਦਾ ਇਸਤ੍ਰੀ ਲਿੰਗ ਹੈ, ਕਹਿੰਦੇ ਹਨ ਐਸ਼ਵਰਯ ਵਾਲੀ ਦੇਵੀ ਆਦਿ ਨੂੰ, ਭਗਾਉਤੀ ਸਿੱਖ ਸਾਹਿਤ ਵਿਚ ਤਲਵਾਰ ਦੇ ਅਰਥਾਂ ਵਿਚ ਹੀ ਵਰਤਿਆ ਗਿਆ ਹੈ।

ਦਸਵੇਂ ਪਾਤਸ਼ਾਹ

(ੳ) ਪ੍ਰਿਥਮ ਭਗਾਉਤੀ ਸਿਮਰ ਕੈ।
(ਅ) ਸ੍ਰੀ ਭਗਾਉਤੀ ਜੀ ਸਹਾਏ।
(ੲ) ਲਈ ਭਗਾਉਤੀ ਦੁਰਗਾਸ਼ਾਹ ਵਰ ਜਾਗਨ ਭਾਰੀ।
(ਸ) ਲਏ ਭਗਾਉਤੀ ਨਿਕਸ ਹੈ ਆਪ ਕਲੰਕੀ ਨਾਥ।

(ਹ) ਕੋਪ ਸਿੰਘ ਭਗਾਉਤੀ ਨਿਕਾਰੀ। (ਸੈਨਾਪਤੀ)

(ਕ) ਨਾਓਂ ਭਗਾਉਤੀ ਲੋਹ ਧਰਾਇਆ। (ਭਾਈ ਗੁਰਦਾਸ)

ਬਚਿੱਤ੍ਰ ਨਾਟਕ ਗ੍ਰੰਥ ਦਾ ਆਰੰਭ ਵੀ ਇਸੇ ਤਲਵਾਰ ਦੇ ਆਵਾਹਕ (ਨਮਸਕਾਰ ਸ੍ਰੀ ਖੜਗ ਕੋ) ਨਾਲ ਹੁੰਦਾ ਹੈ।

ਜੋ ਵਿਦਵਾਨ ਭਗੌਤੀ ਨੂੰ ਭਗਵਤੀ ਦੇਵੀ ਦੇ ਅਰਥਾਂ ਵਿਚ ਲੈਂਦੇ ਹਨ, ਉਹ ਗੁਰੂ ਸਾਹਿਬ ਨੂੰ ਚੰਡੀ ਦਾ ਉਪਾਸ਼ਿਕ ਸਮਝਦੇ ਹਨ। ਨੈਣਾਂ ਦੇਵੀ ਦੇ ਟਿੱਬੇ 'ਤੇ ਉਨ੍ਹਾਂ ਨੂੰ ਦੇਵੀ ਸਿੱਧ ਕਰਦਿਆਂ ਦੱਸਿਆ ਗਿਆ ਹੈ। ਕਵੀ ਸੈਨਾਪਤੀ ਤਾਂ ਹਜ਼ੂਰ ਦੇ ਜੋਤੀ ਜੋਤ ਸਮਾਉਣ ਦੇ ਦਿਨਾਂ ਵਿਚ ਵੀ ਹਜ਼ੂਰ ਸਾਹਿਬ ਵਿਚ ਆਪ ਤੋਂ ਦੁਸਹਿਰੇ ਵਾਲੇ ਦਿਨ, (ਜਿਸ ਦਿਨ ਦੀ ਸ਼ਾਮ ਨੂੰ ਵਿਸਾਹ ਘਾਤਕੀ ਪਠਾਨਾਂ ਨੇ ਆਪ ਉੱਤੇ ਕਾਤਲਾਨਾ ਹਮਲਾ ਕੀਤਾ) ਦੇਵੀ ਨਮਿਤ ਯਗ ਕਰਵਾਉਣੋਂ ਨਹੀਂ ਉਕਦਾ। ਅਕਾਲ ਤਖਤ ਸਾਹਿਬ ਦੇ ਸਾਹਮਣੇ ਇਕ ਮੂਰਤੀ ਬਣੀ ਹੋਈ ਸੀ। ਇਹ ਮੂਰਤੀ ਅਕਾਲੀ ਲਹਿਰ ਵਿਚ ਉਠਵਾਈ ਗਈ। ਇਸੇ ਪ੍ਰਭਾਵ ਹੇਠ ਸਰ ਅਤਰ ਸਿੰਘ ਚੀਫ਼ ਆਫ਼ ਭਦੌੜ ਨੇ ਚੰਡੀ ਦੀ ਵਾਰ ਦੀ ਪਹਿਲੀ ਪਉੜੀ ਦਾ ਤਰਜ਼ਮਾ ਕਰਦੇ ਹੋਏ ਗੁਰੂ ਸਾਹਿਬਾਨ ਨੂੰ ਦੇਵੀ ਦੇ ਅਨੁਯਾਈ ਦੱਸਿਆ ਹੈ-

The goddess Bhagvati was first worshipped by Guru Nanak, then by Angad, Amar Das and Ram Das. There she was propitious then followed Guru Arjan, Hargovind, Har Rai, Harkrishan and Tegh Bahadur and then was also rise to highest to honour. Guru Govind Singh was also assisted by her (Nand Lal's Rehtnama translated by S. Attar Singh Raj Bahadur, Page 5)

ਲਾਹੌਰ ਬੁਕ ਸ਼ਾਪ ਲੁਧਿਆਣਾ ਵਲੋਂ ਪ੍ਰਕਾਸ਼ਿਤ 'ਚੰਡੀ ਦੀ ਵਾਰ' ਸਟੀਕ ਦੇ ਕਰਤਿਆਂ ਨੇ ਇਸੇ ਅਰਥ ਪ੍ਰਣਾਲੀ ਨੂੰ ਅਪਣਾਇਆ ਹੈ। ਗੁਰੂ ਸਾਹਿਬ ਨੂੰ ਸਾਕਤ ਹੋਣ ਦੇ ਦੋਸ਼ ਤੋਂ ਬਚਾਉਣ ਲਈ ਕੁਝ ਵਿਦਵਾਨ ਚੰਡੀ ਦੀ ਵਾਰ ਨੂੰ ਦਸਮੇਸ਼ ਜੀ ਦੀ ਰਚਨਾ ਨਹੀਂ ਮੰਨਦੇ।

ਪਰ ਪੁਰਾਤਨ ਵਿਦਵਾਨ ਇਸ ਵਿਚਾਰਧਾਰਾ ਦਾ ਖੰਡਨ ਕਰਦੇ ਰਹੇ ਹਨ, ਕਵੀ ਸੰਤੋਖ ਸਿੰਘ ਗਰਬ ਗੰਜਨੀ ਵਿਚ ਲਿਖਦੇ ਹਨ : "ਅਰਿ ਦੇਵੀ ਜੋ ਪ੍ਰਤਖ ਕਰੀ ਕਹਿਤੇ ਹੈਂ ਸੋ ਕੈਸੇ ? ਜੋ ਅਨੇਕ ਸਥਾਨੋ ਬਿਖੈ ਅਪਨੀ ਬਾਨੀ ਮੈਂ ਉਸਤਤ ਚੰਡਕਾ ਕੀ ਕਰੀ ਹੈ, ਤਿਸਕੋ ਸੁਨਿਕੈ ਪੀਛੈ ਤੇ ਲੋਕ ਅਨਦਘਨ ਜੈਸੇ ਕਹਿਤੇ ਹੈਂ ਜੋ ਦਸਵੀਂ ਪਾਤਸ਼ਾਹੀ ਕੋ ਗੁਰੂ ਦੇਵੀ ਹੈ। ਤਹਾਂ ਵੀ ਨਿਰਨੈ ਕਰ ਗਏ ਹੈ। ਪ੍ਰਮਾਣ : ਅਰੁ ਸਿੱਖ ਹੌਂ ਅਪਨੇ ਮਨ ਕੋ, ਇਹ ਲਾਲਚ ਹਉ ਗੁਨ ਤਉ ਉਚਰੋਂ।"

ਗੁਰੂ ਸਾਹਿਬ ਦੇ ਆਪਣੇ ਸ਼ਬਦਾਂ ਵਿਚ ਦੁਰਗਾ ਦੇ ਕਾਰਨਾਮਿਆਂ ਪਿੱਛੇ ਵਾਹਿਗੁਰੂ ਦੀ ਸ਼ਕਤੀ ਦਾ ਬਲਵਾਨ ਹੱਥ ਸੀ। 'ਤੈਹੀਂ ਦੁਰਗਾ ਸਾਜ ਕੇ ਦੈਂਤਾ ਦਾ ਨਾਸ ਕਰਾਇਆ' ਉਨ੍ਹਾਂ ਨੇ ਦੁਰਗਾ ਦੀ ਕਥਾ 'ਕਉਤਕ ਹੇਤ' ਕੀਤੀ ਹੈ।

ਚੰਡ ਚਰਿਤਰ ਕਵਿੱਤਨ ਮੈ ਬਰਨਿਓ
ਸਭਹੀ ਰਸ ਰੁਦ੍ਰ ਮਈ ਹੈ॥

ਏਕਤੇ ਏਕ ਰਸਾਲ ਭਇਓ ਨਖ ਤੇ ਸਿਖ ਲਓ
ਓਪਮਾ ਸੁ ਨਈ ਹੈ।
ਕਉਤਕ ਹੇਤ ਕਰੀ ਕਵਿ ਨੇ ਸਤਿਸਯ ਕੀ ਕਥਾ ਇਹ
ਪੂਰੀ ਭਈ ਹੈ। ਜਾਹਿ ਨਮਿੱਤ ਪੜੈ ਸੁਨਿ ਹੈ
ਨਰ ਸੋ ਨਿਸਚੈ ਕਰ ਤਾਹਿ ਦਈ ਹੈ ॥੨੩੨॥

ਚੰਡੀ ਯਾ ਦੁਰਗਾ

ਵਾਰ ਵਿਚ ਦੇਵੀ ਨੂੰ ਇਨ੍ਹਾਂ ਨਾਵਾਂ ਨਾਲ ਪ੍ਰਗਟ ਕੀਤਾ ਗਿਆ ਹੈ। 'ਦੁਰਗਾ, ਦੁਰਗਸ਼ਾਹ, ਚੰਡ ਪ੍ਰਚੰਡ ਦੇਵੀ ਭਵਾਨੀ, ਚੰਡੀ, ਦੇਵਤਾ, ਨੰਦਾ, ਜਗਮਾਤ ਅਤੇ ਜਟਾਣੀ (ਜਟਾਧਰ ਸ਼ਿਵ ਦੀ ਇਸਤ੍ਰੀ) ਚੰਡ ਰਾਕਸ਼ਸ ਨੂੰ ਮਾਰਨ ਕਰਕੇ ਇਹਦਾ ਨਾਉਂ ਚੰਡੀ ਅਤੇ ਦੁਰਗਾ ਰਾਕਸ਼ਸ ਨੂੰ ਬੱਧ ਕਰਨ ਕਰਕੇ ਇਹਨੂੰ ਦੁਰਗਾ ਆਖਿਆ ਗਿਆ, 'ਨਮੋ ਜੋਗਨੀ ਭੋਗਨੀ ਪਰਮ ਪ੍ਰਗਯਾ ॥ ਨਮੋ ਦੇਵ ਦਈ ਤਿਯਾਈਂ ਦੁਰਗਯਾ ॥'

ਇਹ ਦੇਵੀ ਦਾ ਰੂਪ ਪੂਰਬ ਆਰੀਆ ਕਾਲ ਦੇ ਭਾਰਤੀਆਂ ਦੀ ਵਿਚਾਰਧਾਰਾ ਦੀ ਦੇਣ ਹੈ, ਸ੍ਰੀ ਕੇ. ਐਮ. ਪਾਨੀਕਰ ਅਨੁਸਾਰ ਰਿਗਵੇਦ ਸਮੇਂ ਦੇ ਆਰੀਆ ਲੋਕ ਪੰਜਾਬ ਤੱਕ ਹੀ ਸੀਮਤ ਰਹੇ, ਭਾਵੇਂ ਉਨ੍ਹਾਂ ਜਮਨਾ ਤੇ ਗੰਗਾ ਦਾ ਵਰਣਨ ਕੀਤਾ ਹੈ, ਪਰ ਭੂਗੋਲਕ ਤੌਰ 'ਤੇ ਉਹ ਦੂਰ ਪੂਰਬ ਤਕ ਨਹੀਂ ਫੈਲੇ। ਚੂੰਕਿ ਆਰੀਆ ਲੋਕਾਂ ਦੀ ਇਸ ਦੇਸ਼ ਵਿਚ ਆਮਦ ਲਗਾਤਾਰ ਨਹੀਂ ਹੁੰਦੀ ਰਹੀ, ਇਸ ਲਈ ਇਹ ਥਿਊਰੀ ਕਿ ਬਾਕੀ ਦਾ ਦੇਸ਼ ਆਰੀਆ ਦੇ ਅਧੀਨ ਹੌਲੀ ਹੌਲੀ ਹੋਇਆ, ਮੰਨੀ ਨਹੀਂ ਜਾ ਸਕਦੀ। ਪੰਜਾਬ ਤੋਂ ਅਗੇਰੇ ਆਰੀਆ ਦੀ ਸਭਿਅਤਾ ਦਾ ਹੀ ਪ੍ਰਸਾਰ ਹੋਇਆ। ਇਹ ਸਭਿਅਤਾ ਹਾਰੇ ਹੋਏ ਲੋਕਾਂ ਦੀ ਸਭਿਅਤਾ ਤੋਂ ਚੋਖੀ ਪ੍ਰਭਾਵਤ ਹੋਈ। ਇਸ ਦਾ ਸਬੂਤ ਵੇਦਕ ਕਾਲ ਦੀ ਸਭਿਅਤਾ ਵਿਚੋਂ ਆਰੀਆ ਦੇਵਤਿਆਂ ਦੀ ਅਣਹੋਂਦ ਹੈ। ਵਰੁਣ ਜਿਸ ਨੂੰ ਕਈ ਅਰਦਾਸਾਂ ਕੀਤੀਆਂ ਜਾਂਦੀਆਂ ਸਨ, ਦੇਵਤਾਗਣਾਂ 'ਚੋਂ ਛੇਕਿਆ ਗਿਆ। ਉਹ ਕੇਵਲ ਇਕ ਪਾਲ ਬਣ ਕੇ ਰਹਿ ਗਿਆ। ਉਹਦਾ ਮੰਦਰ ਬਾਲੀ ਦੀਪ ਵਿਚ ਹੀ ਹੈ। ਵਾਯੂ ਦਾ ਵੀ ਇਹੋ ਹਾਲ ਹੋਇਆ। ਸਭ ਤੋਂ ਵੱਧ ਬਲੀਆਂ ਲੈਣ ਵਾਲਾ ਬਿਜਲੀਆਂ ਦਾ ਸਵਾਮੀ ਅਤੇ ਪੁਰੀਆਂ ਦਾ ਭੰਨਣਹਾਰ, ਇੰਦਰ ਦੇਵਤਾ ਹੇਠਲੇ ਸੁਰਗ ਦਾ ਮਹਾਰਾਜਾ ਬਣਾ ਦਿੱਤਾ ਗਿਆ, ਜਿੱਥੇ ਉਹ ਆਪਣੀ ਨਾਚ ਰੰਗ ਦੀ ਸਭਾ ਲਾ ਰੱਖਦਾ ਹੈ। ਉਹ ਹੁਣ ਆਪਣੀ ਰੱਖਿਆ ਲਈ ਨਵੇਂ ਦੇਵਤਿਆਂ ਸ਼ਿਵ ਅਤੇ ਵਿਸ਼ਨੂੰ ਦਾ ਜਾਚਕ ਦਰਸਾਇਆ ਗਿਆ। ਗੱਲ ਕੀ, ਵੱਡੇ ਵੱਡੇ ਦੇਵਤੇ, ਦਸਯੂ ਲੋਕਾਂ ਦੀ ਨਵੀਂ ਦੇਵ ਪ੍ਰਣਾਲੀ ਵਿਚ ਨਿੱਕੇ ਨਿੱਕੇ ਬਣ ਕੇ ਰਹਿ ਗਏ। ਦੇਵੀ ਮਾਤਾ ਦਾ ਜ਼ਿਕਰ ਖੁੱਲ੍ਹ ਕੇ ਹੋਣ ਲੱਗਾ। ਉਪਨਿਸ਼ਦਾਂ ਦੇ ਰਿਸ਼ੀਆਂ ਦੇ ਵੇਦਕ ਦੇਵਤਿਆਂ ਨਾਲ ਕੋਈ ਵਾਸਤਾ ਨਾ ਰਿਹਾ। ਪਿਛਲੇਰੇ ਵੇਦਕ ਸਾਹਿਤ ਵਿਚ ਦੇਸੀ ਧਰਮ ਦੇ ਪ੍ਰਭਾਵ ਹੇਠ ਕ੍ਰਿਸ਼ਨ ਜੀ ਨੇ ਗੋਪਾਂ ਨੂੰ ਇੰਦਰ ਦੀ ਪੂਜਾ ਤੋਂ ਹੋੜਿਆ। ਜਦ ਉਹ ਕ੍ਰੋਧ ਵਿਚ ਆ ਕੇ ਮੀਂਹ ਵਰ੍ਹਾਉਣ ਲੱਗ ਪਿਆ, ਤਦ ਉਨ੍ਹਾਂ ਗੋਵਰਧਨ ਪਰਬਤ ਨੂੰ ਉਂਗਲੀ 'ਤੇ ਚੁੱਕ ਕੇ ਗੋਪਾਂ ਨੂੰ ਬਚਾ ਲਿਆ। ਬਾਰ੍ਹਵੀਂ ਤੇ ਤੇਰ੍ਹਵੀਂ ਸਦੀ ਵਿਚ ਦੁਰਗਾ ਅਤੇ ਕ੍ਰਿਸ਼ਨ ਉਪਾਸ਼ਕਾਂ ਵਿਚਾਲੇ ਬੜੀ ਖਿੱਚੋਤਾਣ ਹੋਈ। ਚੰਡੀਦਾਸ ਦੁਰਗਾ ਉਪਾਸ਼ਕਾਂ ਦੇ ਦਲ ਦਾ ਮੋਹਰੀ ਸੀ ਅਤੇ ਜੈ ਦੇਵ ਕ੍ਰਿਸ਼ਨ ਭਗਤਾਂ ਦਾ। (ਏ ਸਰਵੇ ਆਫ ਇੰਡੀਅਨ ਹਿਸਟਰੀ, ਸਫ਼ਾ 6-7)

ਇਸੇ ਵਿਚਾਰਧਾਰਾ ਦੇ ਵਿਕਾਸ ਸਮੇਂ ਚੰਡੀ ਦੀ ਮਹਿਮਾ ਦੇ ਗ੍ਰੰਥ ਮਾਰਕੰਡੇ ਪੁਰਾਣ, ਦੇਵੀ ਭਾਗਵਤ ਪੁਰਾਣ, ਪਦਮ ਪੁਰਾਣ ਆਦਿ ਲਿਖੇ ਗਏ, ਜਿਨ੍ਹਾਂ ਵਿਚ ਦੇਵਰਾਜ ਇੰਦਰ ਨੂੰ ਦੇਵੀ ਦਾ ਸ਼ਰਨਾਰਥੀ ਦਰਸਾਇਆ ਗਿਆ। ਇਨ੍ਹਾਂ ਗ੍ਰੰਥਾਂ 'ਚੋਂ ਸਾਮਗਰੀ ਚੁਣਨ ਸਮੇਂ ਗੁਰੂ ਸਾਹਿਬ ਦਾ ਮੰਤਵ ਇਹੀ ਸੀ ਕਿ ਦੇਵੀ ਦੇ ਪ੍ਰਸੰਗਾਂ ਨੂੰ ਵਧੇਰੇ ਰਸਾਲ, ਵੀਰ ਤੇ ਰੌਦਰ ਰਸ ਭਰਪੂਰ ਬਣਾਇਆ ਜਾਵੇ, ਜਿਸ ਨੂੰ ਪੜ੍ਹ ਸੁਣ ਕੇ ਨਿਤਾਣੇ ਵੀ ਬਲਵਾਨ ਬਣਨ। ਯੁੱਧ ਦੀ ਪ੍ਰਚੰਡ ਕਿਰਿਆ ਦੇ ਕਲਾਮਈ ਵਰਣਨ ਦੇ ਸਾਹਿਤਕ ਹੁਨਰ ਵਿਚ ਕੋਈ ਲੇਖਕ ਗੁਰੂ ਗੋਬਿੰਦ ਸਿੰਘ ਜੀ ਦੀ ਪੱਧਰ 'ਤੇ ਨਹੀਂ ਪੁੱਜ ਸਕਿਆ।

ਕਥਾ ਸਾਰ

ਭਗਾਉਤੀ ਅਤੇ ਨੌਆਂ ਗੁਰੂਆਂ ਦੇ ਮੰਗਲ ਤੋਂ ਬਾਅਦ ਦੂਜੀ ਪਾਉੜੀ ਵਿਚ ਕਥਾ ਵਸਤੂ ਉਤੋਂ ਪੜਦਾ ਚੁੱਕਿਆ ਜਾਂਦਾ ਹੈ। ਇਹ ਆਖ ਕੇ ਕਿ ਵਾਹਿਗੁਰੂ ਹੀ ਸਰਬ ਸ਼ਕਤੀਮਾਨ ਅਤੇ ਸਾਰੇ ਬਲਾਂ ਦਾ ਸੋਮਾ ਹੈ। ਉਹ ਤੋਂ ਹੀ ਬਲ ਲੈ ਕੇ ਰਾਮ ਕ੍ਰਿਸ਼ਨ ਤੇ ਦੁਰਗਾ ਨੇ ਦੁਸ਼ਟ ਰਾਕਸ਼ਾਂ ਦਾ ਨਾਸ਼ ਕੀਤਾ। ਅਗਲੀਆਂ ਸਤਾਰਾਂ ਪਉੜੀਆਂ ਵਿਚ ਮਹਿਖੇ ਦੇ ਯੁੱਧ ਦਾ ਹਾਲ ਹੈ। ਤ੍ਰੇਤੇ ਯੁਗ ਵਿਚ ਜਦ ਅੱਧੀ ਸ਼ੀਲਤਾ ਨਸ਼ਟ ਹੋ ਗਈ, ਕਲ ਨੱਚ ਉਠੀ ਅਤੇ ਨਾਰਦ ਨੇ ਫ਼ਿਤਨੇ ਫਸਾਦ ਦਾ ਡੌਰੂ ਵਜਾਇਆ, ਕਿਉਂਕਿ ਦੇਵਤੇ ਹੰਕਾਰੀ ਹੋ ਗਏ ਸਨ ਤੇ 'ਹਰਿ ਜੀਓ ਹੰਕਾਰ ਨਾ ਭਾਵਈ' ਇਸ ਲਈ ਉਨ੍ਹਾਂ ਦਾ ਅਭਿਮਾਨ ਦੂਰ ਕਰਨ ਲਈ ਵਾਹਿਗੁਰੂ ਨੇ ਮਹਿਖਾਸੁਰ ਨੂੰ ਜਨਮ ਦਿੱਤਾ ਜਿਸਨੇ ਇੰਦਰ ਨੂੰ ਜਿੱਤ ਲਿਆ। ਉਹਦੇ ਸਿਰ 'ਤੇ ਤ੍ਰਿਲੋਕੀ ਦੇ ਰਾਜ ਦਾ ਛਤਰ ਝੁਲਿਆ। ਇੰਦਰ ਪ੍ਰਲਯ ਦੇ ਪ੍ਰਤੀਕ ਅਤੇ ਤਾਂਡਵ ਨਿਰਕਾਰ ਸ਼ਿਵ ਜੀ ਦੇ ਨਿਵਾਸ ਅਸਥਾਨ ਕੈਲਾਸ਼ ਪਰਬਤ ਉਤੇ ਜਾ ਰਿਹਾ। ਇਕ ਦਿਨ ਜਦ ਸ਼ਿਵ ਦੀ ਪਤਨੀ ਦੁਰਗਾ ਇਸ਼ਨਾਨ ਕਰਨ ਜਾ ਰਹੀ ਸੀ। ਇੰਦਰ ਨੇ ਆਪਣੇ ਹਾਲ ਦੀ ਵਿਥਿਆ ਸੁਣਾਈ ਅਤੇ ਆਖਿਆ ਤੇਰੀ ਸਾਮ ਤਕਾਈ ਦੇਵੀ ਦੁਰਗਾਸ਼ਾਹਾ। ਦੁਰਗਾ ਸੁਣ ਕੇ ਹਿੜ ਹਿੜਾ ਕੇ ਹੱਸੀ ਕਿ ਅਜੀਬ ਰਾਜਾ ਹੈ ਜੋ ਭਾਂਜ ਖਾ ਕੇ ਔਰਤਾਂ ਤੋਂ ਪਨਾਹ ਮੰਗਦਾ ਹੈ। ਪਰ ਉਹਨੇ ਤਸੱਲੀ ਦਿੱਤੀ ਕਿ ਚਿੰਤਾ ਨਾ ਕਰੇ, ਮਾਮੂਲੀ ਗੱਲ ਹੈ ਆਪ ਦੇਵੀ ਰਣ ਮੰਡਣ ਲਈ ਤਿਆਰ ਹੋ ਗਈ, ਰਾਕਸ਼ ਖਾਣੇ ਸ਼ੀਂਹ ਉਤੇ ਸਵਾਰੀ ਕਰਦੇ।

ਮਹਿਖਾਸੁਰ

ਉਧਰ ਹਮ ਕੌਮ ਇਕ ਜਾਤ ਰਾਕਸ਼ ਵੀ ਇੱਕਮੁੱਠ ਇਕ ਜਾਨ ਹੋ ਕੇ ਟਾਕਰੇ ਲਈ ਆ ਡਟੇ।

ਦੁਹਾਂ ਕੰਧਾਰਾਂ ਮੁਹਿ ਜੁੜੇ ਢੋਲ ਸੰਖ ਨਗਾਰੇ ਬੱਜੇ।
ਰਾਕਸਿ ਆਏ ਰੋਹਲੇ ਤਰਵਾਰੀ ਬਖਤਰ ਸੱਜੇ।
ਜੁਟੇ ਸਉਹੇ ਜੁੱਧ ਨੂੰ ਇਕ ਜਾਤ ਨ ਜਾਣਨ ਭੱਜੇ।
ਖੇਤ ਅੰਦਰਿ ਜੋਧੇ ਗਜੇ ॥੭॥ ਵਾਰ ਸ੍ਰੀ ਭਗਾਉਤੀ ਜੀ

ਬੜੇ ਘਮਸਾਣ ਦਾ ਰਣ ਮਚਿਆ। ਰੱਤ ਇਦਾਂ ਵਗਦੀ ਜਿਵੇਂ ਗੇਰੂ ਦੇ ਪਹਾੜ ਉਤੇ ਵਰਖਾ ਪੈਣ ਨਾਲ ਸੁਰਖ ਸੈਲਾਬ ਆ ਜਾਵੇ। ਬਰਛੀ ਨਾਲ ਮਾਸ ਦੀਆਂ ਬੋਟੀਆਂ ਇਉਂ

ਚਿਮਟੀਆਂ ਹੋਈਆ ਸਨ ਜਿਵੇਂ ਆਵਲਿਆਂ ਦੀ ਡਾਲ ਨੂੰ ਆਵਲੇ ਚਿਮਟੇ ਹੋਣ। ਪਹਿਲੀ ਵਾਰ ਜਦ ਮਹਿਖਾ, ਦੁਰਗਾ ਦੀ: ਲੋਹੇ ਦੀ ਸ਼ੇਰਨੀ (ਤਲਵਾਰ) ਦੀ ਜ਼ੱਦ ਵਿਚ ਆਇਆ ਤਦ ਤਲਵਾਰ ਉਸ ਬਕਵਾਸੀ ਦੇ ਪੇਟ 'ਤੇ ਪਈ। ਉਸ ਦੇ ਗੁਰਦੇ ਆਂਦਰਾਂ, ਖਾਈ (ਖੁਰਾਕ ਦੀ ਨਾਲੀ) ਦੇ ਟੁੱਕੜੇ ਤਲਵਾਰ ਦੀ ਨੋਕ ਨਾਲ ਲਟਕਦੇ ਇਉਂ ਦਿਸੇ ਜਿਸ ਤਰ੍ਹਾਂ ਅਸਮਾਨ ਉਤੇ ਬੋਦੀ ਵਾਲਾ ਤਾਰਾ ਧੂਮ ਕੇਤੂ–

ਚੋਟ ਪਈ ਦਮਾਮੇ ਦਲਾਂ ਮੁਕਾਬਲਾ॥
ਦੇਵੀ ਦਸਤ ਨਚਾਈ ਸੀਹਣ ਸਾਰ ਦੀ।
ਪੇਟ ਮਲੰਦੇ ਲਾਈ ਮਹਖੇ ਦੈਂਤ ਨੂੰ,
ਗੁਰਦੇ ਆਂਦਾਂ ਖਾਈ ਨਾਲੇ ਰੁੱਕੜੇ।
ਜੇਹੀ ਦਿਲ ਵਿਚ ਆਈ ਕਹੀ ਸੁਣਾਇਕੈ।
ਚੋਟੀ ਜਾਣ ਦਿਖਾਈ ਤਾਰੇ ਧੂਮਕੇਤ॥੧੦॥

ਪਰ ਉਹਨੇ ਫੇਰ ਦੂਜੀ ਵਾਰ ਬੱਦਲ ਵਾਂਗ ਗੱਜਦੇ ਹੋਏ ਦੇਵੀ ਨੂੰ ਵੰਗਾਰਿਆ, 'ਇੰਦਰ ਜਿਹਾ ਜੋਧਾ ਮੈਥਉਂ ਭਜਿਆ। ਕਉਣ ਵਿਚਾਰੀ ਦੁਰਗਾ ਜਿਨ ਰਣ ਸਜਿਆ।' ਉਹ ਭਾਰੀ ਖੰਡਾ ਮਿਆਨੋਂ ਧੂ ਕੇ ਦੇਵੀ ਦੇ ਸਾਹਵੇਂ ਹੋਇਆ। ਦੁਰਗਾ ਨੇ ਰਾਕਸ਼ ਖਾਣੀ ਚੰਡੀ, ਦੈਂਤ ਨੂੰ ਵਾਹੀ, ਉਹ ਦੈਂਤ ਨੂੰ ਤੇ ਉਹਦੇ ਘੋੜੇ ਨੂੰ ਵੱਢਦੀ, ਧਰਤੀ ਵਿਚੋਂ ਲੰਘਦੀ, ਇਹਦੇ ਆਸਰੇ ਧੌਲ-ਬਲਦ ਦੇ ਸਿੰਗਾਂ ਨਾਲ ਜਾ ਟਕਰਾਈ ਅਤੇ ਕੱਛੂ ਕੁੰਮੇ ਦੇ ਸਿਰ ਉਤੇ ਜਾ ਲਹਿਰਾਈ।

ਸੱਟ ਪਈ ਜਮਧਾਣੀ ਦਲਾਂ ਮੁਕਾਬਲਾ।
ਧੂਹਿ ਲਈ ਕ੍ਰਿਪਾਣੀ ਦੁਰਗਾ ਮਿਆਨ ਤੇ।
ਚੰਡੀ ਰਾਕਸ਼ਿ ਖਾਣੀ ਵਾਹੀ ਦੈਤ ਨੂੰ।
ਕੋਪਰ ਚੂਰ ਚਵਾਣੀ ਲੱਥੀ ਕਰਗ ਲੈ।
ਪਾਖਰ ਤੁਰਾ ਪਵਾਣੀ ਰੜਕੀ ਧਉਲ ਜਾਇ।
ਲੈਦੀ ਅਘਾਂ ਸਿਧਾਣੀ ਸਿੰਗਾਂ ਧਉਲ ਦਿਆਂ।
ਕੂਰਮ ਸਿਰ ਲਹਿਲਾਣੀ ਦੁਸ਼ਮਨ ਮਾਰਕੈ।
ਵੱਢੇ ਗੱਨ ਤਿਖਾਣੀ ਮੂਏ ਖੇਤ ਵਿਚ।
ਰਣ ਵਿਚ ਘੱਤੀ ਘਾਣੀ ਲੋਹੂ ਮਿੱਝ ਦੀ।
ਚਾਰੇ ਜੁਗ ਕਹਾਣੀ ਚੱਲਗ ਤੇਗ ਦੀ
ਬਿੱਧਣ ਖੇਤ ਵਿਹਾਣੀ ਮਹਿਖੇ ਦੈਂਤ ਨੂੰ॥੧੯॥ (ਧੂਮ ਲੋਚਨ)

ਦੁਰਗਾ ਭਵਾਨੀ ਦੇਵਤਿਆਂ ਨੂੰ ਰਾਜ ਦੇ ਕੇ ਅਲੋਪ ਹੋ ਗਈ। ਪਰ ਫੇਰ ਉਨ੍ਹਾਂ ਦੇ ਸ਼ਤਰੂ ਸੁੰਭ ਤੇ ਨਿਸੁੰਭ ਪੈਦਾ ਹੋ ਗਏ। ਉਨ੍ਹਾਂ ਨੇ ਇੰਦਰਪੁਰੀ 'ਤੇ ਹਮਲਾ ਕਰਨ ਦਾ ਮਤਾ ਪਕਾਇਆ, ਸਰੀਰ ਅਤੇ ਮੂੰਹ ਦੇ ਲੋਹੇ ਦਾ ਕੱਜਣ ਸੰਜੋਆਂ ਅਤੇ ਪਟੋਲੇ ਤੇ ਘੋੜਿਆਂ ਲਈ ਪਾਖਰਾਂ ਨਾਲ ਲੈਸ ਹੋ ਕੇ ਭੈੜੇ ਦਾ ਸਮਾਨ ਬਣਾਇਆ। ਕਈ ਫ਼ੌਜੀ ਟੁੱਕੜੀਆਂ (ਅਛੂਹਣੀਆਂ ਜਿਸ ਵਿਚ 21870 ਹਾਥੀ ਤੇ ਇੰਨੇ ਹੀ ਰੱਥ, ਤਿਗੁਣੇ ਘੋੜੇ ਤੇ ਪੰਜ ਗੁਣਾਂ ਸੈਨਿਕ ਹੁੰਦੇ ਸਨ) ਆ ਜਮ੍ਹਾਂ ਹੋ ਗਈਆਂ। ਜਿਸ ਦੇ ਫਲਸਰੂਪ ਅਸਮਾਨ ਗਰਦ ਨਾਲ ਢਕਿਆ ਗਿਆ। ਸੁੰਭ ਤੇ ਨਿਸੁੰਭ ਦੇ ਹੁਕਮ ਨਾਲ ਬਿਗਲ ਵੱਜੇ, ਦੋਹਰੇ ਦਮਾਮੇ ਝੋਟਿਆਂ ਵਾਂਗ ਅੜਿੰਗੇ। ਬੜਾ ਭਿਆਨਕ ਜੰਗ ਹੋਇਆ। ਅਨਗਿਣਤ ਸੂਰਮੇ ਲੜਦੇ ਦਮ ਤੋੜ ਗਏ। ਸਦਾ ਦੀ ਨੀਂਦ ਸੁੱਤੇ ਮੁਰਦੇ ਇਉਂ

ਪਏ ਸਨ ਜਿਵੇਂ ਰਾਗ ਸੁਣਦੇ ਪਠਾਨ ਵਜਿਦ ਵਿਚ ਆ ਗਏ ਹੋਣ। ਲਾਸ਼ਾਂ ਦਾ ਗੋਸ਼ਤ ਭੂਤਾਂ, ਇੱਲਾਂ ਤੇ ਕਾਗਾਂ ਨੇ ਖਾਧਾ। ਦੇਵਤੇ ਹਾਰ ਗਏ ਅਤੇ ਉਨ੍ਹਾਂ ਦੀ ਸ਼ਰਨਾਰਥੀ ਸਰਕਾਰ ਫੇਰ ਕੈਲਾਸ਼ਾਂ ਉਤੇ ਦੁਰਗਾ ਦੀ ਸ਼ਰਨ ਜਾ ਪਈ। ਸ਼ਰਨਪਾਲ ਦੁਰਗਾ ਫੇਰ ਰਾਕਸ਼ਾਂ ਉਤੇ ਚੜ੍ਹ ਆਈ। ਇਧਰ 'ਇੰਦਰ ਪੁਰੀ ਅਮਰਾਵਤੀ ਵਿੱਚ ਬੈਠੇ ਸ਼ੁੰਭ ਨੇ ਦੁਰਗਾ ਦੇ ਰੂਪ ਜੋਬਨ ਦੀ ਤਾਰੀਫ਼ ਸੁਣ ਕੇ ਉਹ ਦੇ ਨਾਲ ਵਿਆਹ ਰਚਾਉਣ ਦੇ ਵਿਚਾਰ ਨਾਲ ਧੂਮ ਲੋਚਨ ਨੂੰ ਹੁਕਮ ਦਿੱਤਾ ਕਿ ਦੁਰਗਾ ਨੂੰ ਫੜ ਲਿਆਵੇ।

ਗੱਧੇ ਦੀ ਖਲ ਨਾਲ ਮੜ੍ਹੇ ਨਗਾਰੇ-ਖਰਚਾਮ ਉਤੇ ਚੋਟ ਲਾ ਕੇ ਇਸ ਹੁਕਮ ਦੀ ਤਾਮੀਲ ਹੋਣ ਦਾ ਐਲਾਨ ਹੋਇਆ। ਦੁਰਗਾ ਰਾਕਸ਼ੀ ਫ਼ੌਜਾਂ ਉਤੇ ਕੜਕ ਕੇ ਹਮਲਾਆਵਰ ਹੋਈ। ਲੋਹੇ ਦੀ ਸ਼ੀਹਣੀ ਉਹਨੇ ਖੱਬੇ ਹੱਥ ਵਿਚ ਫੜ ਕੇ ਬੜੇ ਰੋਹ ਨਾਲ ਭਰਕੇ ਚਲਾਈ। ਧੂਮ ਲੋਚਨ ਨੂੰ ਸਣੇ ਉਹਦੀ ਸੈਨਾ ਦੇ ਜਮਪੁਰੀ ਪਹੁੰਚਾ ਦਿੱਤਾ, ਮਾਨੋ ਦੁਰਗਾ ਨੇ ਸ਼ੁੰਭ ਨੂੰ ਮਾਰਨ ਦੀ ਸਾਈ ਦੇ ਦਿੱਤੀ।

ਚੋਬੀ ਧਉਸ ਬਜਾਈ ਦਲਾਂ ਮੁਕਾਬਲਾ।
ਰੋਹ ਭਵਾਨੀ ਆਈ ਉਤੈ ਰਾਕਸ਼ਾਂ।
ਖਬੈ ਦਸਤ ਨਚਾਈ ਸ਼ੀਹਣ ਸਾਰ ਦੀ।
ਬਹੁਤਿਆਂ ਦੇ ਤਨ ਲਾਈ ਕੀਤੀ ਰੰਗੁਲੀ।
ਭਾਈਆਂ ਮਾਰਨ ਭਾਈ ਦੁਰਗਾ ਜਾਣਿਕੈ।
ਰੋਹ ਹੋਇ ਚਲਾਈ ਰਾਕਸ ਰਾਇ ਨੂੰ।
ਜਮਪੁਰ ਦੀਆ ਪਠਾਈ ਲੋਚਨ ਧੂਮ ਨੂੰ।
ਜਾਪੇ ਦਿੱਤੀ ਸਾਈ ਮਾਰਨ ਸੁੰਭ ਦੀ॥੨੮॥ (ਸ੍ਰੋਣ ਤੇ ਬੀਜ)

ਹੁਣ ਸ਼ੁੰਭ ਨੇ ਚੰਡ ਤੇ ਮੁੰਡ ਨੂੰ ਬਹੁਤਾ ਕਟਕ ਦੇ ਕੇ ਭੇਜਿਆ। ਦੁਰਗਾ ਨੇ ਤੀਰਾਂ ਨਾਲ ਦੋਹਾਂ ਨੂੰ ਖਪਾ ਦਿੱਤਾ। ਰਾਜ ਸਭਾ ਵਿਚ ਮੁੜ ਵੰਗਾਰ ਪੈਣ 'ਤੇ ਸ੍ਰੋਣਤਬੀਜ ਤੇ ਬੀਜ਼ ਨੇ ਦੁਰਗਾ ਨੂੰ ਬੰਨ੍ਹ ਲਿਆਉਣ ਦਾ ਬੀੜਾ ਚੁਕਿਆ। ਦੁਰਗਾ ਨੇ ਉਹਦੇ ਮੁਕਾਬਲੇ ਵਿਚ ਖੱਬੇ ਹੱਥ ਵਿਚ ਲੈ ਕੇ ਗਦਾ ਉਭਾਰੀ ਅਤੇ ਉਹਦੀ ਸਾਰੀ ਸੈਨਾ ਸੰਘਾਰ ਦਿੱਤੀ। ਖ਼ੂਨ ਵਿਚ ਲਤ ਪਿਤ ਮਰੇ ਪਏ ਜਵਾਨ ਇਉਂ ਜਾਪਦੇ ਸਨ ਜਿਵੇਂ ਹੋਲੀਆਂ ਖੇਡ ਕੇ ਖਿਡਾਰੀ ਸੌਂ ਗਏ ਹੋਣ। ਸ੍ਰੋਣਤਬੀਜ ਨੇ ਆਪਣੇ ਰਹਿੰਦੇ ਸੂਰਮਿਆਂ ਨੂੰ ਫੇਰ ਹੱਲਾਸ਼ੇਰੀ ਦੇ ਕੇ ਲੜਨ ਲਈ ਉਭਾਰਿਆ। ਲੜਦੇ ਸੈਨਿਕਾਂ ਦੀਆਂ ਸੰਜੋਆਂ ਉਤੇ ਤੇਗਾਂ ਵੱਜਣ ਦਾ ਖੜਾਕ ਇਉਂ ਹੋ ਰਿਹਾ ਸੀ, ਜਿਵੇਂ ਠਠਿਆਰ ਘਾਟ ਘੜ ਰਹੇ ਹੋਣ। ਦੁਰਗਾ ਬਿਜਲੀ ਵਾਂਗ ਕੜਕਦੇ ਦੁਸ਼ਮਨਾਂ ਉਤੇ ਪਈ ਤੇ ਉਨ੍ਹਾਂ ਦੇ ਦਲਾਂ ਤੇ ਦਿਲ ਵਿਚ ਬਰਗਸਤਾਣੀ (ਅਫ਼ਰਾਤਫਰੀ) ਫੈਲਾ ਦਿੱਤੀ। ਸ੍ਰੋਣਤਬੀਜ ਦੇ ਸਿਰ ਵਿਚ ਤੇਗ਼ ਵਗ ਗਈ ਤੇ ਬਾਕੀ ਸੂਰਮਿਆਂ ਨੂੰ ਵੀ ਦੇਵੀ ਨੇ ਮਾਰ ਦਿੱਤਾ। ਰਣ ਖੇਤਰ ਵਿਚ ਸੂਰਮਿਆਂ ਦੇ ਵੱਢੇ ਅੰਗ ਜਮਧੜਾਂ ਤੇ ਕਟਾਰਾਂ ਵਿਚ ਫਸੇ ਇਉਂ ਤੜਫਦੇ ਸਨ ਜਿਵੇਂ ਮੱਛੀ ਦੇ ਜਾਲ ਵਿਚ ਲੋਹੂ-ਮੱਛੀਆਂ (ਲੋਹਿਤ-ਲਾਲ ਰੰਗ ਦੀ ਮੱਛੀ) ਪਰ ਦੂਜੇ ਪਾਸੇ ਸ੍ਰੋਣਤਬੀਜ ਦੇ ਹਰ ਟੇਪੇ ਵਿਚੋਂ ਇਕ ਹੋਰ ਸ੍ਰੋਣਤਬੀਜ ਉਠ ਬੈਠਾ ਤੇ ਹਰ ਪਾਸੇ ਸ੍ਰੋਣਤਬੀਜ ਹੀ ਦਿਸਣ ਲੱਗਾ ਜਿਵੇਂ ਸ਼ੀਸ਼ ਮਹਿਲ ਦੇ ਸ਼ੀਸ਼ਿਆਂ ਵਿਚੋਂ ਅਨੇਕ ਸੂਰਤਾਂ ਦਿਸ ਪੈਣ। ਇਸ ਔਕੜ ਵਿਚ ਫਸੀ ਦੁਰਗਾ ਨੇ ਆਪਣੇ 'ਚੋਂ ਮਸਤਕ ਕਾਲੀ ਨੂੰ ਪ੍ਰਗਟ ਕੀਤਾ, ਜਿਵੇਂ ਸ਼ਿਵਜੀ ਨੇ ਵੀਰ ਭੱਦਰ,

ਇਸ ਲਈ ਕਿ ਦੁਰਗਾ ਸ੍ਰੋਣਤਬੀਜਾਂ ਨੂੰ ਮਾਰੇ ਵੱਢੇ ਤੇ ਕਾਲੀ ਉਨ੍ਹਾਂ ਦਾ ਖ਼ੂਨ ਖੱਪਰ ਵਿਚ ਸਾਂਭ ਲਏ। ਇਉਂ ਰਕਤ ਬੀਜ ਦਾ ਖ਼ਾਤਮਾ ਹੋ ਗਿਆ।

ਭੂਈਂ ਨ ਪਉਣੈ ਪਾਈਆਂ ਬੂੰਦਾਂ ਰਕਤ ਦੀਆਂ॥
ਕਾਲੀ ਖੇਤ ਖਪਾਈਆਂ ਸਭੈ ਸੂਰਤਾਂ॥
ਬਹੁਤੀ ਸਿਰੀ ਬਿਹਾਈਆਂ ਘੜੀਆਂ ਕਾਲ ਕੀਆਂ॥
ਜਾਣਿ ਨਾ ਜਾਏ ਮਾਈਆਂ ਜੂਝੇ ਸੂਰਮੇ॥੪੩॥

ਹੁਣ ਫ਼ੌਜਾਂ ਦੀ ਸਰਦਾਰੀ ਨਸੁੰਭ ਨੂੰ ਸੌਂਪੀ ਗਈ। ਫ਼ੌਜ ਦੀ ਚੜ੍ਹਤਲ ਨਾਲ ਪ੍ਰਿਥਵੀ ਸ਼ੂਹ ਦਰਿਆ ਵਿਚ ਡੋਲਦੀ ਬੇੜੀ ਵਾਂਗ ਥਰ ਥਰ ਕੰਬ ਉੱਠੀ ਅਤੇ ਘੋੜਿਆਂ ਦੇ ਪੌੜਾਂ ਨਾਲ ਧੂੜ ਉਡ ਕੇ ਅਸਮਾਨੀ ਵਧੀ, ਮਾਨੋ ਧਰਤੀ ਪੁਕਾਰ ਕਰਨ ਲਈ ਰਾਜੇ ਇੰਦਰ ਦੇ ਦਰਬਾਰ ਵਲ ਜਾ ਰਹੀ ਹੋਵੇ, ਤੀਰਾਂ ਤੇਗਾਂ ਜਮਧੜਾਂ ਰਾਹੀਂ ਜੰਗ ਦੀ ਭਾਜੀ ਵੰਡੀ ਗਈ। ਘਾਇਲ ਸੂਰਮੇ ਮਕਤਬ ਦੇ ਕਾਜ਼ੀ ਵਾਂਗ ਕੁਮਦੇ ਸਨ। ਫੁੰਮਣਾਂ ਵਾਲੇ ਉਲਰੇ ਨੇਜ਼ੇ ਇਉਂ ਦਿਸਦੇ ਸਨ ਜਿਵੇਂ ਜਟਾਂ ਵਾਲੇ ਸਾਧੂ ਗੰਗਾ ਇਸ਼ਨਾਨ ਨੂੰ ਜਾ ਰਹੇ ਹੋਣ। ਨਸੁੰਭ ਨੁਕਰੇ ਘੋੜੇ ਤੇ ਅਸਵਾਰ ਹੋ ਕੇ ਅਤੇ ਬੜੀ ਭਾਰੀ ਮੁਲਤਾਨੋਂ ਮੰਗਵਾਈ ਕਮਾਨ ਲੈਕੇ ਦੁਰਗਾ ਸੌਂਹੇ ਹੋਇਆ। ਪਰ ਦੁਰਗਾ ਦੇ ਇੱਕ ਵਾਰ ਨਾਲ ਘੋੜਿਓਂ ਡਿੱਗ ਪਿਆ।

ਬੀਰ ਪਲਾਣੋ ਡਿਗਿਆ ਕਰਿ
ਸਿਜਦਾ ਸੁੰਭ ਸੁਜਾਣ ਕਉ।
ਸ਼ਾਬਾਸ਼ ਸਲੋਣੇ ਖਾਣ ਕੱਉ।
ਸਦ ਸ਼ਾਬਾਸ਼ ਤੇਰੇ ਤਾਣ ਕੱਉ।
ਤਾਰੀਫਾਂ ਪਾਨ ਚਬਾਣ ਕੱਉ।
ਸਦ ਰਹਮਤ ਕੈਫਾਂ ਖਾਣ ਕੱਉ।
ਸਦ ਰਹਮਤ ਤੁਰੇ ਨਚਾਣ ਕੱਉ॥੫੦॥(ਮਹਾਂ ਦੈਂਤ ਦਾ ਅੰਤ)

ਅੰਤ ਦੀ ਬਾਕੀ ਸ਼ੁੰਭ ਆਪ ਬੜੀ ਭਾਰੀ ਸੈਨਾ ਨਾਲ ਦੇਵੀ ਦੇ ਟਾਕਰੇ 'ਤੇ ਆਇਆ। ਦੁਰਗਾ ਬਰਛੀ ਨਾਲ ਰੱਥਾਂ ਅਤੇ ਘੋੜਿਆਂ ਤੋਂ ਰਾਕਸ਼ਾਂ ਨੂੰ ਵਿੰਨ੍ਹ ਵਿੰਨ੍ਹ ਕੇ ਇਉਂ ਉਤਾਰ ਰਹੀ ਸੀ, ਜਿਵੇਂ ਹਲਵਾਈ ਸੀਖ ਨਾਲ ਵੜੇ ਉਤਾਰ ਰਿਹਾ ਹੋਵੇ। ਅਖ਼ੀਰ ਦੁਰਗਾ ਦੀ ਉਲੰਬੇ ਛੱਡਦੀ ਬਰਛੀ ਰਾਜੇ ਦੇ ਤਨ ਨੂੰ ਜੋਕ ਵਾਂਗ ਜਾ ਲਗੀ। ਜਿਹਨੇ ਉਹ ਦਾ ਖ਼ੂਨ ਪੀ ਲਿਆ।

ਦੁਹਾਂ ਕੰਧਾਰਾਂ ਮੁਹਿ ਜੁੜੇ ਨਾਲ ਧਉਸਾ ਭਾਰੀ।
ਲਈ ਭਗਉਤੀ ਦੁਰਗਸ਼ਾਹ ਵਰ ਜਾਗਨ ਭਾਰੀ।
ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ।
ਸੁੰਭ ਪਲਾਣੋ ਡਿਗਿਆ ਉਪਮਾ ਬੀਚਾਰੀ।
ਡੁਬ ਰਤੂ ਨਾਲਹੁ ਨਿਕਲੀ ਬਰਛੀ ਦੁੱਧਾਰੀ।
ਜਾਣ ਰਜਾਦੀ ਉਤਰੀ ਪੈਨ੍ਹ ਸੂਹੀ ਸਾਰੀ॥੫੩॥

ਰਾਕਸ਼ਾਂ ਦੀਆਂ ਰਹਿੰਦੀਆਂ ਫ਼ੌਜਾਂ ਨੇ ਮੂੰਹ ਵਿਚ ਘਾ ਦੇ ਕੜੂਚੇ ਲੈ ਕੇ ਮਾਫ਼ੀ ਮੰਗੀ। ਦੁਰਗਾ ਨੇ ਫੇਰ ਇੰਦਰ ਨੂੰ ਸੱਦ ਕੇ ਰਾਜ ਸਿੰਘਾਸਣ 'ਤੇ ਬਿਠਾਇਆ ਅਤੇ ਜਗਤ ਮਾਤਾ ਦਾ ਜਸ ਚੌਦਾਂ ਲੋਕਾਂ ਵਿਚ ਛਾ ਗਿਆ।

ਕਵੀ ਦੀ ਸ਼ਖ਼ਸੀਅਤ ਦਾ ਝਲਕਾ

ਸੁੱਤੇ ਸਿੱਧ ਰਹਿਣ ਵਾਲੇ ਅਵਧੂਤ ਮਹਾਂ ਕਵੀ ਨੇ ਇਉਂ ਇਕ ਰਜਬੀਆ ਸ਼ਾਹਕਾਰ ਨੂੰ ਜਨਮ ਦਿੱਤਾ, ਜਿਸ ਵਿਚ ਉਨ੍ਹਾਂ ਆਪਣੇ ਜੀਵਨ ਤਜਰਬਿਆਂ, ਖੱਬੇ ਹੱਥ ਨਾਲ ਤੀਰ ਚਲਾਉਣਾ, ਖ਼ਾਲਸੇ ਨੂੰ ਆਪਣੇ ਮਸਤਕ 'ਚੋਂ ਜਨਮ ਦੇਣ ਆਦਿ ਨੂੰ ਦਾਖਲ ਕਰਨ ਤੋਂ ਬਿਨਾਂ ਆਪਣੇ ਸਮੇਂ ਦੀ ਮੁਗਲੀਆ ਫ਼ੌਜ ਦੀ ਕਾਲੀ ਵਰਦੀ, ਮਨਸਬਦਾਰੀ ਅਤੇ ਸ਼ਸਤਰ ਅਸਤ੍ਰ ਆਦਿ ਰਾਕਸ਼ੀ ਫੌਜ ਨਾਲ ਜੋੜ ਕੇ ਆਪਣੀ ਮਹਾਨ ਸ਼ਖਸੀਅਤ ਅਤੇ ਪ੍ਰਤਿਭਾ ਦੀ ਅਮਿੱਟ ਛਾਪ ਲਾਈ ਹੈ।

ਉਪਮਾ ਤੇ ਅਲੰਕਾਰ ਨਿੱਤ ਵਰਤੋਂ ਦੇ ਮਨੁੱਖੀ ਜੀਵਨ 'ਚੋਂ ਅਜਿਹੇ ਦਿੱਤੇ ਹਨ ਕਿ ਰਣ ਖੇਤਰ ਵਿਚ ਇਕ ਵਸਦਾ ਰਸਦਾ ਸ਼ਹਿਰ ਆਬਾਦ ਹੋਇਆ ਜਾਪਦਾ ਹੈ। ਕਿਤੇ ਹਲਵਾਈ ਵੜੇ ਉਤਾਰ ਰਿਹਾ ਹੈ, ਕਿਤੇ ਠਠਿਆਰ ਘਾਟ ਘੜ ਰਿਹਾ ਹੈ, ਕਿਤੇ ਨਿਆਰੀਆ ਰੇਤ 'ਚੋਂ ਸੋਨਾ ਚੁਗ ਰਿਹਾ ਹੈ। ਸ਼ਰੀਕੇ ਵਿਚ ਵਿਆਹ ਸ਼ਾਦੀ ਦੀ ਭਾਜੀ ਵੰਡੀਦੀ ਹੈ। ਨੂੰਹਾਂ ਧੀਆਂ ਲਾੜਾ ਵੇਖਣ ਲਈ ਉਮ੍ਹਲ ਉਮ੍ਹਲ ਪੈਂਦੀਆਂ ਹਨ। ਮਕਤਬ ਵਿਚ ਕਾਜੀ ਮੁੰਡਿਆਂ ਵਿਚਾਲੇ ਘੁੰਮ ਰਿਹਾ ਹੈ ਤੇ ਨਿਮਾਜ਼ੀ ਸਿਜਦੇ ਵਿਚ ਝੁਕ ਰਿਹਾ ਹੈ। ਇਸੇ ਤਰ੍ਹਾਂ ਕੁਦਰਤੀ ਨਜ਼ਾਰਿਆਂ ਦੀ ਘਾਟ ਵੀ ਨਹੀਂ ਰਹਿਣ ਦਿੱਤੀ। ਕਿਤੇ ਗੇਰੂ ਦੇ ਪਹਾੜ ਤੋਂ ਮੀਂਹ ਪੈਣ ਨਾਲ ਲਾਲ ਹੜ੍ਹ ਆ ਰਿਹੈ, ਅਨਾਰਾਂ ਦੇ ਬੂਟਿਆਂ ਨੂੰ ਤੀਰਾਂ ਦੀ ਬਾਗੜਾਂ ਵਰਗੇ ਫੁੱਲ ਪੈਂਦੇ ਹਨ। ਔਲੇ ਦੇ ਬੂਟੇ ਦੀ ਡਾਲੀ ਨੂੰ, ਬਰਛੀ ਨਾਲ ਚਿਮਟੀਆਂ ਬੋਟੀਆਂ ਵਾਂਗ ਔਲੇ ਲੱਗੇ ਹੋਏ ਹਨ। ਬੱਦਲਾਂ ਵਿਚ ਗਜਦੀ ਬਿਜਲੀ ਵਾਂਗ ਤੇਗਾਂ ਹੱਸਦੀਆਂ ਹਨ। ਤਲਵਾਰਾਂ ਦੀ ਛਾਂ ਸਿਆਲ ਦੀ ਧੁੰਦ ਜਾਪਦੀ ਹੈ।

ਸ਼ਬਦਾਵਲੀ ਤੇ ਸ਼ੈਲੀ

ਜਿਥੇ ਇਹ ਬੀਰ ਤੇ ਰੌਂਦਰ ਰਸ ਭਰਪੂਰ ਰਚਨਾ ਵਾਰ ਸਾਹਿਤ ਵਿਚ ਅਛੂਤੀ, ਅਦੁੱਤੀ ਤੇ ਆਦਰਸ਼ ਸ਼ਾਹਕਾਰ ਮੰਨੀ ਗਈ ਹੈ ਅਤੇ ਇਸ ਤੋਂ ਪਿਛਲੇਰੇ ਵਾਰ-ਕਾਰਾਂ ਨੇ ਅਗਵਾਈ ਤੇ ਪ੍ਰੇਰਨਾ ਲਈ, ਜਿਵੇਂ ਨਜਾਬ ਤੇ ਕਲ ਤੇ ਨਾਰਦ ਦੇ ਪਾਤਰ-ਉਥੇ ਇਹ ਅਮਾਣੇ ਤੋਂ ਪਹਿਲੀਆਂ ਵਾਰਾਂ ਨਾਲ ਬਣ ਚੁੱਕੀਆਂ ਰਵਾਇਤਾਂ ਦੀ ਧਾਰਨੀ ਵੀ ਹੈ। ਵਾਰਕਾਰ ਜੀ ਨੇ ਪੁਰਾਤਨ ਵਾਰਾਂ ਦੀ ਸ਼ਬਦਾਵਲੀ ਨਾਲ ਇਸ ਨੂੰ ਅਲੰਕ੍ਰਿਤ ਕੀਤਾ ਹੈ। ਇਸ ਵਿਚਲੇ ਸ਼ਬਦਾਂ 'ਦੁਹਾਂ' 'ਕਧਾਰਾਂ ਮੂੰਹ ਜੁੜੇ', 'ਸ਼ਸਤਰ ਪਜੂਤੇ ਦੁਰਗਾਸ਼ਾਹ ਰਾਹ ਸਭਨੀ ਬਾਹੀਂ' ਆਦਿ ਮਲਕ ਮੁਰੀਦ ਤੇ ਚੰਦਰਹਾੜਾ ਸੋਹੀਆ ਦੀ ਵਾਰ ਨਾਲ ਸਾਂਝ ਪਾਉਂਦੇ ਜਾਪਦੇ ਹਨ-

ਕਾਬੁਲ ਵਿਚ ਮੁਰੀਦ ਖਾਂ ਫੜਿਆ ਬਡ ਜ਼ੋਰ।
ਚੰਦਰ ਹੜਾ ਲੈ ਫੌਜ ਕੋ ਚੜ੍ਹਿਆ ਬਡੂ ਤੌਰ।
ਦੋਹਾਂ ਕੰਧਾਰਾਂ ਮੂੰਹ ਜੁੜੇ, ਦਮਾਮੇ ਦੌਰ।
ਸ਼ਸਤਰ ਪਜੂਤੇ ਸੂਰਿਆਂ ਸਿਰ ਬਧੇ ਟੋਰ।
ਹੋਲੀ ਖੇਲੇ ਚੰਦਰਹੜਾ ਰਗ ਲਗੇ ਸੌਰ।
ਦੋਵੇਂ ਤਰਫ਼ਾਂ ਜੁਟੀਆਂ ਸਰ ਵਗੇ ਕੌਰ।
ਮੈਂ ਵੀ ਰਾਏ ਸਦਾਇਸਾਂ ਵੜਿਆ ਲਾਹੌਰ।
ਦੋਨੋ ਸੂਰੇ ਸ਼ਾਹ ਸਣੇ ਜੂਝੇ ਉਸ ਠੌਰ।

ਡੂਮ ਭਾਖਾ ਤੋਂ ਬਿਨਾਂ ਵਾਰਕਾਰ ਨੇ ਪਹਾੜੀ ਤੇ ਦੁਆਬੀ ਉਪਭਾਖਵਾਂ, ਸੰਸਕ੍ਰਿਤ ਅਤੇ ਫ਼ਾਰਸੀ ਦੇ ਸ਼ਬਦ ਵੀ ਵਰਤੇ ਹਨ। ਟਿਕੇ ਦੀ (ਰਾਮਕਲੀ ਦੀ ਵਾਰ) ਦੇ ਸ਼ਬਦਾਂ 'ਘਿਆਲੀ' ਤੇ ਪੁੱਤਰਾਲੀ ਵਰਗੇ, ਬੀਰਾਲੀ, ਮੁਹਰਾਲੀ, ਸੰਗਲੀਆਣੇ, ਬੰਬਲੀਆਲੇ, ਜੁਟਾਲੇ ਆਦਿ, ਸ਼ਬਦ ਘੜੇ ਹਨ। ਸੰਸਕ੍ਰਿਤ ਦੇ ਰਾਜ ਭਿਸ਼ੇਕ ਤੋਂ ਰਾਜ ਅਭਿਖੇਕ ਤੇ ਪਰਬਤ ਤੋਂ ਪਬ ਅਤੇ ਫ਼ਾਰਸੀ ਦੇ ਨਾਗਾਂ ਤੋਂ ਅਨਾਗੀ, ਰਹਬਰ ਤੋਂ ਰੈਬਾਰੇ, ਖ਼ਰ ਤੋਂ ਖ਼ਰਚਾਮ, ਬਰਗਸ਼ਤਨੀ ਤੋਂ ਬਰਗਸਤਾਨੀ, ਖੰਦਰਾ ਤੋਂ ਖਤੰਗ, ਸਮਾਅ ਤੋਂ ਸਮਾਏ ਆਦਿ ਸ਼ਬਦ ਸਾਜੇ ਗਏ। ਇਸ ਦੇ ਨਾਲ ਨਾਲ ਸ਼ਬਦਾਂ ਦਾ ਤਦਰੂਪ ਵਿਚ ਵੀ ਪਰਯੋਗ ਕੀਤਾ ਹੈ।

ਹਿੰਦੀ ਤੇ ਸੰਸਕ੍ਰਿਤ ਪ੍ਰਥਮ, ਭਗਾਉਤੀ, ਸ਼ੂਲ, ਇਤਿ, ਸਿੰਧੁ, ਪਰਬਤ, ਮੇਦਨੀ, ਦੇਵੀ, ਦੇਵ, ਦਾਨਵ, ਗਗਨ, ਹਕਾਰੀ।

ਫਾਰਸੀ: ਮਕਤਬ, ਕਾਜ਼ੀ, ਪਾਜੀ, ਰਾਜ਼ੀ, ਦਹਿਸ਼ਤ, ਆਸਮਾਨ, ਹਥਿਆਰ, ਤੇਗ਼, ਕੈਫ਼, ਸ਼ਾਬਾਸ਼, ਰਹਿਮਤ, ਦਸਤ, ਤਾਰੀਫ਼, ਖਾਨ।

ਸ਼ਬਦਾਂ ਨੂੰ ਵੱਖ ਵੱਖ ਅਰਥਾਂ ਵਿਚ ਵੀ ਵਰਤਿਆ ਗਿਆ ਹੈ, ਜਿਵੇਂ ਸੰਘਰ ਰਚਿਆ' ਸੰਘਰ ਵਾਏ' ਤੇ 'ਸੂਰੇ ਸੰਘਰੇ'

ਨਵੇਂ ਸ਼ਬਦ ਘੜਨ ਦਾ ਕਮਾਲ ਬਿਜਲੀ ਤੇ 'ਪਰਬਤਾਂ' ਦੇ ਬਾਹਰ ਨਿਕਲਦੇ ਗੋਡੇ ਗਿੱਟੇ ਸਾਫ਼ ਕਰਕੇ 'ਬਿਜ' ਤੇ 'ਪਬਾਂ' ਦੇ ਰੂਪ ਵਿੱਚ ਅਤੇ 'ਹੱਲੀ' 'ਘਲੀ' ਤੇ ਜਿਹੇ ਨੂੰ ਨਵੇਂ ਪਰ ਦੇ ਕੇ 'ਹਾਲੀ' 'ਘਾਲੀ' ਤੇ 'ਜਿਹਵੇ' ਅਤੇ 'ਜਵੇਹਨ' ਦੇ ਰੂਪ ਵਿਚ ਵੀ ਵਿਖਾਇਆ ਗਿਆ ਹੈ। ਫ਼ਾਰਸੀ ਸ਼ਬਦਾਂ ਦੀ ਬਹੁਲਤਾ ਠੇਠ ਪੰਜਾਬੀ ਵਿਚ ਗੁੰਨ੍ਹ ਕੇ ਇਉਂ ਸਮੋਈ ਤੇ ਰਚਾਈ ਗਈ ਹੈ ਕਿ ਇਨ੍ਹਾਂ ਦਾ ਉਪਰਾਪਨ ਮਿਟ ਗਿਆ ਹੈ। ਇਸ ਹਕੀਕਤ ਦੇ ਸਾਹਵੇਂ ਅੱਜਕਲ ਦੀ ਥਿਊਰੀ ਕਿ ਪੰਜਾਬ ਦੀਆਂ ਜੜ੍ਹਾਂ ਕੇਵਲ ਸੰਸਕ੍ਰਿਤ ਦੀ ਧਰਤੀ ਵਿਚ ਹਨ, ਉਦਾਸ ਹੁੰਦੀ ਦਿਸਦੀ ਹੈ। ਵੀਰ, ਰੌਦਰ ਅਤੇ ਵੀਭਤਸ ਦੀ ਵਾਛੜ ਵਿਚ ਕਰੁਣਾ ਸ਼ਿੰਗਾਰ ਅਤੇ ਹਾਸ ਰਸ ਦੀਆਂ ਕਣੀਆਂ ਵਰ੍ਹਾ ਕੇ ਲੜਾਕਿਆਂ ਦੀ ਜ਼ਾਬਤੇ ਤੇ ਪਾਬੰਦੀਆਂ ਭਰੀ ਖਾਊਂ ਵੱਢੂੰ ਕਰਦੀ ਜ਼ਿੰਦਗੀ ਵਿੱਚ ਰੰਗ ਰਸ ਭਰਨ ਦਾ ਸਫ਼ਲ ਯਤਨ ਕੀਤਾ ਗਿਆ ਹੈ। ਵਾਰ ਨੂੰ, ਸਾਮੰਤ ਸ਼ਾਹੀ ਦੀਆਂ ਜ਼ਰ ਜ਼ਮੀਨ ਤੇ ਜਨ ਦੀ ਮਲਕੀਅਤ ਲਈ ਲੜੀਆਂ ਗਈਆਂ ਨਗੁਣੀਆਂ ਲੜਾਈਆਂ ਨੂੰ ਵਧਾ ਚੜ੍ਹਾ ਕੇ ਖੰਭਾਂ ਦੀਆਂ ਡਾਰਾਂ ਬਣਾਉਣ ਦੀ ਜਿਲ੍ਹਣ 'ਚੋਂ ਕੱਢ ਕੇ ਸਚਾਈ ਦੀ ਝੂਠ ਉਤੇ ਅਤੇ ਨੇਕੀ ਦੀ ਬਦੀ ਉਤੇ ਫ਼ਤਿਹ ਦੀ ਸ਼ਾਹ ਰਾਹ ਉਤੇ ਤੋਰਿਆ ਗਿਆ, ਇਹ ਆਸ ਬੰਨ੍ਹਾਉਂਦਿਆਂ 'ਸਾਧ ਸਮੂਹ ਪ੍ਰਸੰਨ ਫਿਰੈ ਜਗ ਸਤਰ ਸਭੈ ਅਵਲੋਕ ਚਪੈਂਗੇ।' ਇਉਂ ਚੰਡੀ ਦੀ ਵਾਰ ਗੁਰੂ ਗੋਬਿੰਦ ਸਿੰਘ ਦੀ ਬਹੁ ਅੰਗੀ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਦੀ ਪ੍ਰਤੀਬਿੰਬ ਹੋ ਨਿਬੜਦੀ ਹੈ।

ਪੰਜਾਬੀ ਦੁਨੀਆ

ਅਕਾਲ ਉਸਤਤ-ਇਕ ਅਧਿਐਨ

ਅਕਾਲ ਉਸਤਤ ਦਸਮ ਪਾਤਸ਼ਾਹ ਦੀ ਉਹ ਪ੍ਰਸਿੱਧ ਰਚਨਾ ਹੈ ਜੋ ਦਸਮ ਗ੍ਰੰਥ ਵਿਚ ਜਾਪ ਸਾਹਿਬ ਤੋਂ ਦੂਜੇ ਥਾਂ ਆਉਂਦੀ ਹੈ। ਜਾਪ ਸਾਹਿਬ ਵਿਚ ਅਕਾਲ ਪੁਰਖ ਦੇ 835 ਕਰਮ ਨਾਮ ਦੱਸੇ ਗਏ ਹਨ ਤੇ ਅਕਾਲ ਉਸਤਤ ਵਿਚ ਕਾਦਰ ਨੂੰ ਕੁਦਰਤ ਵਿਚੋਂ ਤਕ ਕੇ, ਅਰੂਪ ਨੂੰ ਹਰ ਰੂਪ ਕਰੂਪ ਵਿਚ ਜਲਵਾ ਅਫਰੋਜ਼ ਦੇਖ ਕੇ, ਤ੍ਰਿਗੁਣ-ਅਤੀਤ ਨੂੰ ਸੰਸਾਰ ਦੇ ਤਿੰਨਾਂ ਗੁਣਾਂ ਵਿਚ ਗ੍ਰਸਤ ਪ੍ਰਾਣੀਆਂ 'ਚੋਂ ਝਾਕਦਾ ਪ੍ਰਤੀਤ ਕੇ ਉਹਦੇ ਗੁਨਾਣ ਵਾਦ ਗਾਏ ਗਏ ਹਨ। ਇਹ ਮਨੋਹਰ ਬਾਣੀ, ਚੌਪਈ, ਕਬਿੱਤ, ਸਵੱਯੇ, ਤੋਮਰ, ਲੰਘੁ ਨਰਾਜ਼ ਛੰਦ ਭੁਯੰਗ ਪ੍ਰਯਾਤ, ਪਾਧੜੀ, ਤੋਟਕ, ਨਰਾਜ ਛੰਦ, ਰੂਆਲ, ਦੋਹਰਾ, ਦੀਰਘ ਤ੍ਰਿਭੰਗੀ ਛੰਦ ਆਦਿ ਕਈ ਆਕਾਰ ਪ੍ਰਕਾਰ ਦੇ ਛੰਦਾਂ ਵਿਚ ਰਚੀ ਗਈ ਹੈ।

ਇਸ ਮਹਾਨ ਰਚਨਾ ਦਾ ਆਰੰਭ ਤ੍ਵਪ੍ਰਸਾਦਿ ਚਉਪਈ ਦੇ ਇਨ੍ਹਾਂ ਸ਼ਬਦਾਂ ਨਾਲ ਹੁੰਦਾ ਹੈ।

ਪ੍ਰਣਵੋ ਆਦਿ ਏਕੰਕਾਰਾ।
ਜਲ ਥਲ ਮਹੀਅਲ ਕੀਓ ਪਸਾਰਾ।
ਆਦਿ ਪੁਰਖ ਅਬਿਗਤ ਅਬਿਨਾਸੀ।
ਲੋਕ ਚਤ੍ਰ ਦਸ ਜੋਤਿ ਪ੍ਰਕਾਸੀ॥੧॥

ਪਰ ਇਸ ਤੋਂ ਪਹਿਲਾਂ ਹਜ਼ੂਰ ਨੇ ਲਿਖਾਰੀ (Copyist) ਦੇ ਅਰਜ਼ ਕਰਨ ਉਤੇ ਆਪਣੇ ਮੁਬਾਰਕ ਕਰ ਕਮਲਾਂ ਨਾਲ (Autograph) ਆਪਣੀ ਖਾਸ ਹਸਤ ਲਿਖਤ ਵਿਚ ਆਪਣਾ ਪਵਿੱਤਰ ਨਾਮ ਲਿਖਣ ਦੀ ਥਾਂ, ਸਰਬ ਕਾਲ, ਸਰਬ ਲੋਹ ਵਾਹਿਗੁਰੂ ਦੀ ਸ਼ਰਨ-ਯਾਚਨਾ ਇਨ੍ਹਾਂ ਸ਼ਬਦਾਂ ਵਿਚ ਕੀਤੀ:-

ਅਕਾਲ ਪੁਰਖ ਦੀ ਰੱਛਾ ਹਮਨੇ।
ਸਰਬ ਲੋਹ ਦੀ ਰੱਛਿਆ ਹਮਨੈ।
ਸਰਬ ਕਾਲ ਜੀ ਦੀ ਰੱਛਿਆ ਹਮਨੈ।
ਸਰਬ ਲੋਹ ਜੀ ਦੀ ਸਦਾ ਰੱਛਿਆ ਹਮਨੈ।

ਲਿਖਾਰੀ ਨੇ ਮੰਗਲ ਰੂਪ '੧ੴ ਸਤਿਗੁਰ ਪ੍ਰਸਾਦਿ' ਲਿਖ ਕੇ ਇਸ ਖ਼ਾਸ ਦਸਤਖ਼ਤੀ ਛੰਦ ਦੀ ਸੂਚਨਾ ਦੇਣ ਲਈ ਲਿਖਿਆ 'ਉਤਾਰ ਖ਼ਾਸੇ ਦਸਖ਼ਤ ਕਾ, ਪਾਤਸ਼ਾਹੀ 10'। ਹਜ਼ੂਰ ਦੇ ਇਸ ਛੰਦ ਤੋਂ ਅਗਾੜੀ ਇਹ ਪ੍ਰਗਟ ਕਰਨ ਲਈ ਕਿ ਅਗਲੀ ਇਬਾਰਤ, ਲਿਖਾਰੀ ਦੀ ਆਪਣੀ ਹੈ ਉਹਨੇ ਇਹ ਸ਼ਬਦ ਲਿਖੇ। 'ਆਗੈ ਲਿਖਾਰੀ ਕੇ ਦਸਖ਼ਤ'।

ਦਸ ਚਉਪਈ ਛੰਦਾਂ ਵਿਚ ਜਿਥੇ ਅਕਾਲ ਪੁਰਖ ਦੀ ਸਰਬ ਵਿਆਪਕਤਾ ਦੱਸੀ ਗਈ ਹੈ:

ਹਸਤ ਕੀਟ ਕੇ ਬੀਚ ਸਮਾਨਾ।
ਰਾਵ ਰੰਕ ਜਿਹ ਇਕਸਰ ਜਾਨਾ।
ਅਦ੍ਵੈ ਅਲਖ ਪੁਰਖ ਅਬਿਗਾਮੀ
ਸਭ ਘਟਿ ਘਟਿ ਕੇ ਅੰਤਰਜਾਮੀ॥੨॥

ਉਥੇ ਇਹ ਵੀ ਦਸਿਆ ਗਿਆ ਹੈ ਕਿ ਦੇਵੀ ਦੇਵਤੇ ਉਹਦੀ ਚਰਨ ਧੂੜ ਹੋਣ ਕਰਕੇ ਉਹਦਾ ਅੰਤ ਨਹੀਂ ਪਾ ਸਕੇ। ਉਹੀ ਸਭ ਦਾ ਕਰਤਾ ਅਤੇ ਕਾਲ ਹੈ। ਜੋ ਉਹਨੂੰ ਇਕ ਚਿਤ ਹੋ ਕੇ ਇਕ ਛਿਨ ਮਾਤਰ ਵੀ ਧਿਆਉਂਦਾ ਹੈ, ਉਹ ਆਵਾਗਵਨ ਦੇ ਜਾਲ 'ਚੋਂ ਮੁਕਤ ਹੋ ਜਾਂਦਾ ਹੈ।

ਸਭ ਕੋ ਕਾਲ ਸਭਨ ਕੋ ਕਰਤਾ।
ਰੋਗ ਸੋਗ ਦੋਖਨ ਕੋ ਹਰਤਾ।
ਏਕ ਚਿੱਤ ਜਿਹ ਇਕ ਛਿਨ ਧਯਾਇਓ।
ਕਾਲ ਫਾਸ ਕੇ ਬੀਚ ਨਾ ਆਇਓ।

ਕਰਮ ਕਾਂਡ ਦੀ ਪ੍ਰਧਾਨਤਾ ਦੇ ਯੁੱਗ ਵਿਚ ਇਹ ਆਸ਼ਾ ਭਰਪੂਰ ਸੁਨੇਹਾ ਆਮ ਲੋਕਾਂ ਲਈ ਨਿਰਾਸ਼ਾ ਦੇ ਅੰਧਕਾਰ ਵਿਚ ਉਹ ਕਿਰਨ ਸੀ, ਜੋ ਰੱਬ ਦੇ ਅਧੀਰ ਢੂੰਢਾਊਆਂ ਦੀ ਧੀਰਜ ਬੰਨ੍ਹਾਉਂਦੀ ਸੀ ਕਿ ਕਰਮ ਕਾਂਡ ਫਜ਼ੂਲ ਦਾ ਬਖੇੜਾ ਹੈ, ਅਕਾਲ ਪੁਰਖ ਪ੍ਰੇਮ ਕਰਨ ਨਾਲ ਜ਼ਰੂਰ ਮਿਲ ਸਕਦਾ ਹੈ। ਲੋੜ ਕੇਵਲ ਇਕ ਚਿੱਤ ਹੋਣ ਦੀ ਹੈ।

ਅਗਲੇ ਦਸ ਤ੍ਵਪ੍ਰਸਾਦਿ ਕਬਿੱਤਾਂ ਵਿਚ, ਭਾਈ ਮਹਾਂ ਸਿੰਘ ਗਯਾਨੀ ਕਰਤਾ ਅਕਾਲ ਉਸਤਤ ਸਟੀਕ ਅਨੁਸਾਰ 'ਅਕਾਲ ਪੁਰਖ ਦੀ ਘਟ ਘਟ ਵਿਚ ਵਿਆਪਕਤਾ ਦਾ ਦਰਸ਼ਨ ਕਰਵਾਇਆ ਗਿਆ ਹੈ। ਹਰ ਰੂਪ ਹਰ ਰੰਗ ਵਿਚ ਉਹੋ ਹੀ ਵਰਤ ਰਿਹਾ ਦਸਿਆ ਗਿਆ ਹੈ। ਜਗਤ ਦੇ ਦਿਸ ਰਹੇ ਦਵੰਦਾਂ ਵਿਚ ਚੇਤਨਾ ਅਚੇਤਨਾ, ਦਾਨੀ-ਭਿਖਾਰੀ, ਰਾਉ-ਰੰਕ, ਬੇਦ ਰੀਤ-ਤਾਸਿਉ ਬਿਪ੍ਰੀਤ, ਨਿਰਗੁਣ-ਸਰਗੁਣ ਆਦਿ ਸਰਬ ਰੂਪਾਂ ਵਿਚ ਉਹੀ ਵਰਤ ਰਿਹਾ ਹੈ, ਕੋਈ ਹੋਰ ਨਹੀਂ, ਮਾਨੋ ਇਹ **'ਸਭ ਮਹਿ ਜੋਤਿ ਜੋਤਿ ਹੈ ਸੋਇ'** ਦੀ ਵਿਆਖਿਆ ਹੈ। ਪਰ ਉਹ ਅਕਾਲ ਪੁਰਖ ਸੰਸਾਰੀਆਂ ਨੂੰ ਦੁੱਧ ਪੁੱਤ ਬਖ਼ਸ਼ਣ ਵਾਲਾ, ਰੋਗ ਸੋਗ ਮਿਟਾਉਣ ਵਾਲਾ, ਮੌਤ ਦੀ ਮੌਤ ਹੋ ਕੇ ਜ਼ਿੰਦਗੀ ਬਚਾਉਣ ਵਾਲਾ ਵੀ ਹੈ। ਉਹ ਜਗਤ ਦੇ ਸ਼ਤਰੂਆਂ ਨੂੰ ਸੂਲ ਹੋ ਕੇ ਟੱਕਰਦਾ ਹੈ ਤੇ ਮਿੱਤਰਾਂ ਦੀ ਰਖਿਆ ਕਰਦਾ ਹੈ:

ਨਿਰਜੁਰ ਨਿਰੂਪ ਹੋ ਕਿ ਸੁੰਦਰ ਸਰੂਪ ਹੋ ਕਿ
ਭੂਪਨ ਕੇ ਭੂਪ ਹੋ ਕਿ ਦਾਤਾ ਮਹਾਂ ਦਾਨ ਹੋ।
ਪ੍ਰਾਨ ਕੇ ਬਚੱਯਾ, ਦੂਧ ਪੂਤ ਕੇ ਦਿਵੱਯਾ
ਰੋਗ ਸੋਗ ਕੇ ਮਿਟੱਯਾ ਕਿਧੋ ਮਾਨੀ ਮਹਾ ਮਾਨ ਹੋ।
ਬਿਦਯਾ ਕੇ ਬਿਚਾਰ ਹੋ ਕਿ ਅਦ੍ਵੈ ਅਵਤਾਰ ਹੋ ਕਿ
ਸਿੱਧਤਾ ਕੀ ਸੂਰਤ ਹੋ ਕਿ ਸੁੱਧਤਾ ਕੀ ਸਾਨ ਹੋ।
ਜੋਬਨ ਕੇ ਜਾਲ ਹੋ ਕਿ ਕਾਲ ਹੂੰ ਕੇ ਕਾਲ ਹੋ ਕਿ
ਸੱਤ੍ਰਨ ਕੇ ਸੂਲ ਹੋ ਕਿ ਮਿੱਤ੍ਰਨ ਕੇ ਪ੍ਰਾਨ ਹੋ।੯।੧੯।

ਅਜਿਹੀਆਂ ਧਰਤ ਛੁਹਾਂ, ਨਿਰਾਸ਼ਾ ਨਾਲ ਮਰ ਚੁੱਕੇ ਹਿਰਦਿਆਂ ਵਿਚ ਨਵੀਂ ਜ਼ਿੰਦਗੀ ਧੜਕਾਉਣ ਦੇ ਸਮਰੱਥ ਸਾਬਤ ਹੋਈਆਂ। ਹਜ਼ੂਰ ਨੇ ਇਹ ਸਪਸ਼ਟ ਕਰ ਦਿੱਤਾ ਕਿ ਉਹ ਤਿੰਨ ਤਾਪ (ਆਧ, ਬਿਆਧ, ਉਪਾਧ) ਹਰਨ ਵਾਲਾ ਅਤਾਪ ਨਾਥ (ਜੋ ਜਪਾਂ ਤਪਾਂ ਨਾਲ ਨਹੀਂ ਮਿਲਦਾ) ਪਤਿਤਾਂ ਵਿਚ ਵੀ ਰਮਿਆ ਹੋਇਆ ਹੈ। ਸਤਿਜੁਗ ਵਿਚ ਬਲ ਰਾਜਾ ਦਾ ਮਾਣ ਤੋੜਨ ਲਈ ਛਲਣਹਾਰ ਵਰਦਾਤਾ ਵਾਮਨ ਵਿਚ ਵੀ ਉਹਦੀ ਜੋਤ ਹੀ ਕੰਮ ਕਰ ਰਹੀ ਸੀ:

ਪੂਰਨ ਪ੍ਰਤਾਪ ਕਹੂੰ ਇਕਾਂਤੀ ਕੋ ਜਾਪ ਕਹੂੰ
ਤਾਪ ਕੋ ਅਤਾਪ ਕਹੂੰ ਜੋਗ ਤੇ ਡਿਗਤ ਹੋ।
ਕਹੂੰ ਬਰ ਦੇਤ ਕਹੂੰ ਛਲਸੋਂ ਛਿਨਾਇ ਲੇਤ,
ਸਰਬ ਕਾਲ ਸਰਬ ਠੌਰ ਏਕ ਸੇ ਲਗਤ ਹੋ।੧੦।੨੦।

ਤੇ ਉਸ ਪਰਮ ਪੁਰਖ ਪਰਮੇਸ਼ਰ ਸਵਾਮੀ ਦੀ ਮਦ ਮਰਦਨੀ ਮਹਾਂ ਜੋਤ ਇਕ ਰਸ ਨਿਰੰਤਰ ਜੁਗਾਂ ਜੁਗਾਂਤਰਾਂ ਵਿਚ ਕਦੀ ਘਟਦੀ ਵਧਦੀ ਨਹੀਂ:

ਜਿਮੀ ਜ਼ਮਾਨ ਕੇ ਬਿਖੇ ਸਮਸਤ ਏਕ ਜੋਤ ਹੈ।
ਨ ਘਾਟ ਹੈ ਨ ਬਾਢ ਹੈ ਨਾ ਘਾਟ ਬਾਢ ਹੋਤ ਹੈ।।੬੬।।

ਇਸ ਅਦੁੱਤੀ ਜੋਤਿ ਅਤੇ ਸ਼ਕਤੀ ਦੇ ਮੁਕਾਬਲੇ ਵਿਚ ਅਨੇਕਾਂ ਮਤਾਂ ਦੇ ਪਖੰਡੀ ਸੰਤ ਮਹੰਤ ਅਤੇ ਅਖੌਤੀ ਜ਼ੋਰਾਵਰ, ਪ੍ਰਬਲ ਪ੍ਰਤਾਪੀ, ਹਰਨ ਵਾਂਗ ਦੌੜਨ ਵਾਲੇ ਘੋੜਿਆਂ ਦੇ ਸਵਾਮੀ, ਭਾਰੀ ਭੁਜਾਨ ਵਾਲੇ ਰਾਜੇ ਮਹਾਰਾਜੇ (ਜੋ ਮੁਗਲ ਪਾਤਸ਼ਾਹਾਂ ਵਾਂਗ ਆਪਣੇ ਆਪ ਨੂੰ ਈਸ਼ਵਰ ਮੰਨੀ ਬੈਠੇ ਹਨ–ਦਿਲੀਸ਼ਵਰੋ ਵਾ, ਈਸ਼ਵਰੇ ਵਾ*) ਹੇਚ ਹਨ। ਇਨ੍ਹਾਂ ਸਾਰਿਆਂ ਦਾ ਨਾਇਕ ਉਹ ਅਕਾਲ ਪੁਰਖ ਆਪ ਹੈ:

---

* ਪੰਡਿਤ ਰਾਜ ਜਗਨ ਨਾਥ ਨੇ ਸ਼ਾਹ ਜਹਾਨ ਦੀ ਉਸਤਤ ਕਰਦਿਆਂ ਉਹਨੂੰ 'ਜਗਦੀਸ਼ਵਰ' ਆਖਿਆ:–

दिल्लीश्वरो वा जगदीश्वरो वा मनोरथान् पूरयितु समर्थः।
अन्यनर्पालैः परिदी यमान शकाय वा स्याल्लवणाय वा सयात्।

ਅਰਥਾਤ ਦਿੱਲੀ ਪਤੀ ਹੀ ਜੋ ਜਗਤ ਦਾ ਸਵਾਮੀ ਹੈ ਸਰਬ ਮਨੋਰਥ ਪੂਰਨ ਦੇ ਸਮਰੱਥ ਹੈ। ਹੋਰ ਰਾਜੇ ਰਜਵਾੜੇ ਤਾਂ ਕੇਵਲ ਸਲੂਣੀ ਸਾਗ ਸਬਜ਼ੀ ਹੀ ਖਲਾ ਸਕਦੇ ਹਨ। ਦੂਜੇ ਸ਼ਬਦਾਂ ਵਿਚ ਮੁਗਲਾਂ ਦੇ ਪੰਡਤ ਰਾਜ ਨੂੰ ਕ੍ਰਿਸ਼ਨ ਜੀ ਦਾ ਸਤਿਕਾਰਿਆ ਬਿਦਰ ਦਾ ਸਾਗ ਪਸੰਦ ਨਹੀਂ। ਇਸ ਤੋਂ ਉਸ ਸਮੇਂ ਦੇ ਵਿਦਵਾਨਾਂ ਦੀ ਗੁਲਾਮਾਨਾ ਜ਼ਹਿਨੀਅਤ ਅਧੀਨ ਬਣੀ ਵਿਚਾਰਧਾਰਾ ਦਾ ਪਤਾ ਲਗਦਾ ਹੈ ਕਿ ਉਹ ਕਿਵੇਂ ਦੁਨਿਆਵੀ ਐਸ਼ ਆਰਾਮ ਲਈ ਸੰਸਾਰੀ ਰਾਜਿਆਂ ਨੂੰ ਪਰਮੇਸ਼ਰ ਆਖ ਕੇ ਵੱਡਿਆ ਸਕਦੇ ਸਨ। ਗੁਰਮਤਿ ਸ਼ੁਰੂ ਤੋਂ ਇਸ ਵਿਚਾਰਧਾਰਾ ਦਾ ਵਿਰੋਧ ਕਰ ਰਹੀ ਸੀ ਇਹ ਵੰਗਾਰ ਪਾ ਕੇ: 'ਇਹ ਭੂਪਤਿ ਸਬ ਦਿਵਸ ਚਾਰ ਕੇ ਝੂਠੇ ਕਰਤ ਦਿਵਾਜਾ'। 'ਕੋਈ ਹਰਿ ਸਮਾਨ ਨਹੀਂ ਰਾਜਾ।' ਇਨ੍ਹਾਂ ਦੀਆਂ ਦਾਤਾਂ ਫਾਨੀ ਹਨ। ਸੱਚਾ ਸੁੱਖ ਕੇਵਲ ਵਾਹਿਗੁਰੂ ਹੀ ਦੇ ਸਕਦਾ ਹੈ। 'ਜੋ ਸੁਖ ਕੋ ਚਾਹੇ ਸਦਾ ਸਰਨ ਰਾਮ ਕੀ ਲੇਹ।' ਇਸੇ ਪ੍ਰਸੰਗ ਵਿਚ ਜਗਨ ਨਾਥ ਵਰਗੇ ਚੁੰਚ ਗਿਆਨੀ ਇਬਨੁਲ ਵਕਤਾਂ ਦੀਆਂ ਅੱਖਾਂ ਖੋਲ੍ਹਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ, 'ਏਤੇ ਭਏ ਤੇ ਕਹਾਂ ਭਏ ਭੂਪਤਿ ਅੰਤ ਕੋ ਨਾਂਗੇ ਹੀ ਪਾਏ ਪਧਾਰੇ।'

ਬੀਰ ਅਪਾਰ ਬਡੇ ਬਰਿਆਰ ਅਬਿਚਾਰਹਿ ਸਾਰ ਕੀ ਧਾਰਭਛੱਯਾ।
ਤੋਰਤ ਦੇਸ ਮਲਿੰਦ ਮਵਾਸਨ ਮਾਤੇ ਗਜਾਨ ਕੇ ਮਾਨ ਮਲੱਯਾ।
ਗਾੜ੍ਹੇ ਗੜ੍ਹਾਨ ਕੇ ਤੋੜਨਹਾਰ ਬਾਤਨ ਹੀ ਚੱਕ ਚਾਰ ਲਵੱਯਾ।।
ਸਾਹਿਬ ਸ੍ਰੀ ਸਭ ਕੋ ਸਿਰਨਾਇਕ ਜਾਚਕ ਅਨੇਕ ਸੁ ਏਕ ਦਿਵੱਯਾ।।੬।।

ਉਹ ਇਸ ਜ਼ੁਲਮੀ ਰਾਜ ਨੂੰ ਮਿਟਾ ਕੇ ਇਕ ਦਿਨ ਬੇਗਮਪੁਰਾ ਦੀ ਆਦਰਸ਼ਕ ਰਿਆਸਤ ਵਿਚ 'ਹਲੇਮੀ ਤਾਜ' ਜ਼ਰੂਰ ਵਰਤਾਏਗਾ। ਧਾਰਮਕ ਪਖੰਡ ਅਤੇ ਸਿਆਸੀ ਜ਼ੁਲਮ ਦੇ ਸਾਮਰਾਜ ਮਿਟ ਕੇ ਰਹਿਣਗੇ, ਪਾਪਾਂ ਦੇ ਪੁੰਜ ਖਪ ਜਾਣਗੇ ਅਤੇ ਪੁੰਨ ਦੇ ਪ੍ਰਤਾਪ ਦੀ ਜੈ ਹੋਵੇਗੀ:

ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿੱਖ ਭਵਾਨ ਜਪੈਂਗੇ।
ਜੀਵ ਜਿਤੇ ਜਲ ਮੈ ਥਲ ਮੈ ਪਲ ਹੀ ਪਲ ਮੈਂ ਸਭ ਥਾਪ ਥਪੈਂਗੇ।
ਪੁੰਨ ਪ੍ਰਤਾਪਨ ਬਾਢਤ ਜੈਤ ਧੁਨਿ ਪਾਪਨ ਕੇ ਬਹੁ ਪੁੰਜ ਖਪੈਂਗੇ।
ਸਾਧ ਸਮੂਹ ਪ੍ਰਸੰਨ ਫਿਰੈਂ ਜਗ ਸ਼ਤ੍ਰ ਸਭੈ ਅਵਿਲੋਕ ਚਪੈਂਗੇ।।੨੭।।

ਇਹ ਆਸ਼ਾ ਜਨਕ ਭਵਿੱਖਬਾਣੀ ਉਨ੍ਹਾਂ ਦਸ ਤ੍ਵਸਾਦਿ ਸਵੱਯੇ ਛੰਦਾਂ ਵਿਚ ਕੀਤੀ ਗਈ ਸੀ, ਜੋ ਅੰਮ੍ਰਿਤ ਦਾਤਾ ਜੀ ਨੇ 1699 ਈਸਵੀ ਦੀ ਵਿਸਾਖੀ ਸਮੇਂ ਅੰਮ੍ਰਿਤ ਤਿਆਰ ਕਰਕੇ ਵੇਲੇ ਪੜ੍ਹੇ। ਇਉਂ ਹਜ਼ੂਰ ਨੇ ਰਾਜਿਆਂ ਰਜਵਾੜਿਆਂ ਦੇ ਅਖੌਤੀ ਦਿਵਯ ਅਧਿਕਾਰਾਂ (Divine rights of kings) ਅਤੇ ਰਾਜਸੀ ਫੌਜਾਂ ਅਤੇ ਸੂਰਮਿਆਂ ਦੀ ਅਜਿਤਤ ਦਾ ਜਾਦੂ ਤੋੜ ਕੇ ਰੱਖ ਦਿੱਤਾ। 'ਦੀਨ ਕੇ ਹੇਤ' ਲੜਨ ਵਾਲੇ ਸੰਤ ਸਿਪਾਹੀ ਨੂੰ ਪੁਰਜ਼ਾ ਪੁਰਜ਼ਾ ਕਟ ਮਰਨ ਦੀ ਹੱਲਾਸ਼ੇਰੀ ਦਿੱਤੀ, '**ਨਿਸਚੈ ਕਰ ਅਪਨੀ ਜੀਤ ਕਰਉ**' ਦੇ ਵਿਸ਼ਵਾਸ ਨਾਲ। ਸ੍ਰੀ ਗੁਰੂ (ਆਦਿ) ਗ੍ਰੰਥ ਸਾਹਿਬ ਵਿਚ ਮੰਗਲ, '੧ਓ ਸਤਿਗੁਰ ਪ੍ਰਸਾਦਿ' ਆਉਂਦਾ ਹੈ, ਜਦੋਂ ਕਿ ਸਿੱਖੀ ਵਿਕਾਸ ਕਰ ਰਹੀ ਸੀ। ਦਸਵੇਂ ਪਾਤਸ਼ਾਹ ਦੇ ਸਮੇਂ ਜਦ ਆਪਣਾ ਆਪ ਹਲੂਲ ਕਰਕੇ ਪਿਆਲ ਦਿੱਤਾ ਤਦ ਗੁਰੂ ਨੇ ਵਿਚਾਲਿਓਂ ਹਟਕੇ ਸਿੱਖ ਨੂੰ ਵਾਹਿਗੁਰੂ ਦੇ ਸਨਮੁਖ ਕਰ ਦਿੱਤਾ। ਦਸਮ ਗ੍ਰੰਥ ਵਿੱਚ ਮੰਗਲ 'ਸਤਿਗੁਰ ਪ੍ਰਸਾਦਿ' ਦੀ ਥਾਂ ਪ੍ਰਪ੍ਰਸਾਦਿ ਅਰਥਾਤ ਵਾਹਿਗੁਰੂ, ਦੀ ਕ੍ਰਿਪਾ ਹੋ ਗਿਆ।

ਤੋਮਰ ਅਤੇ ਲਘੁ ਨਰਾਜ਼ ਛੰਦਾਂ (ਅੰਕ 30 ਤੋਂ 70) ਦਾ ਵਿਸ਼ਾ ਫੋਕਟ ਕਰਮਾਂ ਦੀ ਨਿਹਫਲਤਾ ਅਤੇ ਵਾਹਿਗੁਰੂ ਦੀ ਸਰਬ ਵਿਆਪਕਤਾ ਦ੍ਰਿੜ੍ਹ ਕਰਵਾਉਣਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਇਹ ਸਰਬ ਵਿਆਪਕਤਾ ਦਸਦੇ ਸਰਬ ਵਿਆਪਕ ਵਿਚ ਲੀਨ ਹੋ ਜਾਂਦੇ ਹਨ। ਲਿਵਲੀਨਤਾ ਵਿਚ ਕਵਿਤਾ ਦਾ ਉਚਾਰਨ ਬੇਮਿਸਾਲ ਸਾਹਿਤਕ ਤੇ ਅਧਿਆਤਮਕ ਕਾਰਨਾਮਾ ਹੈ। ਇਹਦੀ ਤੁਲਨਾ ਆਪ ਦੇ ਪਹਿਲੇ ਜਾਮੇ ਵਿਚ ਮੋਦੀਖਾਨੇ ਵਿਚ ਤੱਕੜੀ ਤੋਲਦਿਆਂ 'ਤੇਰਾ ਤੇਰਾ' ਉਚਾਰਨ ਨਾਲ ਹੀ ਕੀਤੀ ਜਾ ਸਕਦੀ ਹੈ।

ਤ੍ਵਪ੍ਰਸਾਦਿ।। ਲਘੁ ਨਰਾਜ਼ ਛੰਦ
ਜਲੇ ਹਰੀ। ਥਲੇ ਹਰੀ। ਉਰੇ ਹਰੀ। ਬਨੇ ਹਰੀ।੧।੫੧।
ਗਿਰੇ ਹਰੀ। ਗੁਫੇ ਹਰੀ। ਛਿਤੇ ਹਰੀ। ਨਭੇ ਹਰੀ।੨।੫੨।
ਈਹਾਂ ਹਰੀ। ਊਹਾਂ ਹਰੀ। ਜ਼ਿਮੀਂ ਹਰੀ। ਜਮਾ ਹਰੀ।੩।੫੩।
ਅਲੇਖ ਹਰੀ। ਅਭੇਖ ਹਰੀ। ਅਦੋਖ ਹਰੀ। ਅਦ੍ਵੈਖ ਹਰੀ।੪।੫੪।
ਜ਼ਿਮੀ ਤੁਹੀ। ਜ਼ਮਾ ਤੁਹੀ। ਮਕੀ ਤੁਹੀ। ਮਕਾ ਤੁਹੀ।੧੬।੬੬।

ਅਭੂ ਤੁਹੀ। ਅਭੈ ਤੁਹੀ। ਅਛੂ ਤੁਹੀ। ਅਛੈ ਤੁਹੀ।੧੭।੬੭।
ਜਤਸ ਤੁਹੀ। ਬ੍ਰਤਸ ਤੁਹੀ। ਗਤਸ ਤੁਹੀ। ਮਤਸ ਤੁਹੀ।੧੮।੬੮।
ਤੁਹੀ ਤੁਹੀ। ਤੁਹੀ ਤੁਹੀ। ਤੁਹੀ ਤੁਹੀ। ਤੁਹੀ ਤੁਹੀ।੧੯।੬੯।
ਤੁਹੀ ਤੁਹੀ। ਤੁਹੀ ਤੁਹੀ। ਤੁਹੀ ਤੁਹੀ। ਤੁਹੀ ਤੁਹੀ।੨੦।੭੦।

ਅਜਿਹੀ ਵਿਸਮਾਦੀ ਲੀਨਤਾ ਅਤੇ ਵਿਲੀਨਤਾ ਨਿਰਾਰਥਕ ਕਰਮ ਕਾਂਡ ਰਾਹੀਂ ਪ੍ਰਾਪਤ ਹੋ ਸਕਦੀ, ਨੂੰ 20 ਤ੍ਵਪ੍ਰਸਾਦਿ ਕਬਿਤਾਂ ਦਾ ਵਿਸ਼ਾ ਬਣਾ ਕੇ ਸਪਸ਼ਟ ਕੀਤਾ ਗਿਆ ਹੈ। ਇਹਨੂੰ ਕਿਸੇ ਧਰਮ ਜਾਂ ਧਾਰਮਕ ਵਿਸ਼ਵਾਸਾਂ ਦੀ ਨਿੰਦਾ ਨਹੀਂ ਆਖਿਆ ਜਾ ਸਕਦਾ। ਇਹ ਕੇਵਲ ਅਜਿਹੇ ਕਰਮ ਕਾਂਡਾਂ ਦੀ ਨਿਸਫਲਤਾ ਤੋਂ ਵਿਸ਼ਵਾਸੀਆਂ ਅਤੇ ਧਰਮ ਅਵਲੰਭੀਆਂ ਨੂੰ ਆਗਾਹ ਕਰਨ ਲਈ ਲਿਖੇ ਗਏ ਹਨ, ਜਿਵੇਂ ਕਬੀਰ ਜੀ ਨੇ ਫੁਰਮਾਇਆ ਸੀ ਬ੍ਰਾਹਮਨ ਨੂੰ ਕਿ ਤੇਰੀਆਂ ਨਾੜਾਂ ਵਿਚ ਵੀ ਆਮ ਲੋਕਾਂ ਵਾਂਗ ਲਹੂ ਹੀ ਹੈ, ਦੁੱਧ ਨਹੀਂ, ਤੇਰੀ ਪੈਦਾਇਸ਼ ਵੀ ਹੋਰਨਾਂ ਪ੍ਰਾਣੀਆਂ ਵਾਂਗ ਕੁਦਰਤੀ ਤਰੀਕੇ ਨਾਲ ਹੋਈ ਹੈ: ਜੇ ਬਿੰਦੂ ਰੱਖਣ ਨਾਲ ਮੁਕਤੀ ਹੁੰਦੀ ਤਾਂ ਖੁਸਰਾ ਸਭ ਤੋਂ ਪਹਿਲਾਂ ਤਰਦਾ। ਜੇ ਤੀਰਥਾਂ ਉੱਤੇ ਨਹਾਉਣ ਨਾਲ ਆਤਮਕ ਉਨਤੀ ਹੁੰਦੀ ਤਾਂ ਡੱਡੂ ਦਾ ਵੀ ਹੁਣ ਤੱਕ ਕੁਝ ਬਣ ਗਿਆ ਹੁੰਦਾ। ਇਤਿਹਾਸਕ ਸਚਾਈ ਇਹ ਹੈ ਕਿ ਪ੍ਰੋਹਤਵਾਦ ਨੇ ਉਚੇਰੇ ਵਰਗਾਂ ਬ੍ਰਾਹਮਣਾਂ-ਖੱਤ੍ਰੀਆਂ ਲਈ ਯਗ ਹਵਨ, ਸਰਾਧ, ਸੰਧਿਆ ਤਰਪਨ ਦੀਆਂ ਸੌਖੀਆਂ ਤੇ ਆਰਥਕ ਲਾਭ ਦੀਆਂ ਰਹੁਰੀਤਾਂ ਨੀਯਤ ਕੀਤੀਆਂ ਸਨ, ਮੱਧ ਵਰਗੀ ਲੋਕ ਘਰ ਬਾਰ ਤਿਆਗ ਕੇ ਸਾਧ ਫਕੀਰ ਹੋ ਜਾਂਦੇ ਸਨ ਤੇ ਭੁੱਖੇ ਰਹਿ ਕੇ ਤਪ ਕਰਦੇ ਸਨ। ਇਉਂ ਸਮੁੱਚੇ ਤੌਰ 'ਤੇ ਜਨਤਾ ਦੀ ਬਹੁ ਗਿਣਤੀ ਘੋਰ ਅਗਿਆਨ ਤੇ ਅੰਧ ਵਿਸ਼ਵਾਸ ਵਿਚ ਜਕੜੀ ਹੋਈ ਸੀ:-

It is interesting that in the Middle Ages the higher class Apollonian in its attitude was in the whole, the follower of the path of ritualistic worship. The middle class preferred the way of mystic, of dionysian worship, and of self abandomment. But the vast mass of people, unfortunately steeped in ignorance and gross superstition. Vet their weird forms of worship cast shadows upon the belief & conducat (Society and State in the Mughal period by Dr. Tara Chand, Page 77.)

ਅਕਾਲ ਉਸਤਤ ਦੇ ਕਰਤਾ ਜੀ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਨੂੰ ਕਰਮ ਕਾਂਡ, ਬਾਂਗ ਅਤੇ ਕਾਂਸੀ ਵਿਚ ਕਰਵਤ ਨਾਲ ਚਿਰਨ ਦੀ ਅਕਾਰ ਤੱਤਾਂ ਤੋਂ ਖ਼ਬਰਦਾਰ ਕਰਦੇ ਫ਼ੁਰਮਾਉਂਦੇ ਹਨ: 'ਰਸਮੀ ਤੌਰ ਤੇ ਬਾਂਗ ਦੇਣਾ ਗਿੱਦੜ ਦੇ ਹਵਾਂਕਣ ਵਾਂਗ ਹੈ ਜਿਸ ਦੇ ਫਲ ਸਰੂਪ ਪਾਲਾ ਵਧਦਾ ਹੈ ਤੇ ਕਾਲ ਪੈ ਜਾਂਦਾ ਹੈ।

ਪੰਚ ਬਾਰਿ ਗੀਦਰ ਪੁਕਾਰੇ ਪਰੇ ਸੀਤ ਕਾਲ
ਕੁੰਚਰ ਔਓ ਗਦਹਾ ਅਨੇਕ ਦਾ ਪੁਕਾਰ ਹੀ॥
ਕਹਾ ਭਯੋ ਜੇ ਪੈ ਕਲਵੱਤ੍ਰ ਲੀਓ ਕਾਂਸੀ ਬੀਚ
ਚੀਰ ਚੀਰ ਚੋਰਟਾ ਕੁਠਾਰਨ ਸੌ ਮਾਰ ਹੀ॥
ਕਹਾ ਭਇਓ ਫਾਸੀ ਡਾਰ ਬੂਡਿਓ ਜੜ ਗੰਗਧਾਰ,

ਡਾਰ ਡਾਰ ਫਾਸ ਠਗ ਮਾਰ ਮਾਰ ਡਾਰਹੀ
ਡੂਬੇ ਨਰਕ ਧਾਰ ਮੂੜ੍ਹ ਗਯਾਨ ਕੇ ਬਿਨਾ ਬਿਚਾਰ,
ਭਾਵਨਾ ਬਿਹੀਨ ਕੈਸੇ ਗਯਾਨ ਕੋ ਬਿਚਾਰ ਹੀ।੧੩।੮੩।

ਸ਼ਰਧਾ ਅਤੇ ਸਿਦਕ ਵਿਹੂਣ ਸਜਦੇ ਅਤੇ ਡੰਡੌਤਾਂ ਦਾ ਕੋਈ ਲਾਭ ਨਹੀਂ:

ਸਿਜਦੇ ਕਰੇ ਅਨੇਕ ਤੋਪਚੀ ਕਪਟ ਭੇਸ ਪੋਸਤੀ
ਅਨੇਕ ਦਾ ਨਿਵਾਵਤ ਹੈ ਸੀਸ ਕੌ।
ਕਹਾ ਭਇਓ ਮੱਲ ਜੌ ਪੈ ਕਾਢਤ ਅਨੇਕ ਡੰਡ ਸੋ
ਤੋ ਨ ਡੰਡੌਤ ਅਸ਼ਟਾਂਗ ਅਥਤੀਸ ਕੋ।
ਕਹਾ ਭਇਓ ਰੋਗੀ ਜੌ ਪੈ ਡਾਰਯੋ ਰਹਯੋ ਊਰਧ ਮੁਖ
ਮਨ ਤੇ ਨ ਮੂੰਡ ਨਿਹਰਾਯੋ ਆਦ ਈਸ ਕੋ।
ਕਾਮਨਾ ਅਧੀਨ ਸਦਾ ਦਾਮਨਾ ਪ੍ਰਬੀਨ ਏਕ
ਭਾਵਨਾ ਬਿਹੀਨ ਕੈਸੇ ਪਾਵੈ ਜਗਦੀਸ ਕੋ।੯।੭੯।

ਜਿਵੇਂ ਨਾਮਦੇਵ ਜੀ **'ਆਜ ਨਾਮੇ ਬੀਠਲ ਦੇਖਿਆ ਮੂਰਖ ਕੋ ਸਮਝਾਊ ਹੈ'**, ਆਖ ਕੇ ਬੀਠਲ ਦੀ ਜ਼ਬਾਨੀ ਪਾਂਡੇ ਨੂੰ ਸਮਝਾਉਂਦੇ ਹਨ ਕਿ ਉਨ੍ਹਾਂ ਨੇ ਪੁਰਾਣਾ ਅਤੇ ਆਪਣੇ ਅਵਤਾਰਾਂ ਸੰਬੰਧੀ ਹਾਸੋਹੀਣੇ ਲੇਖ ਲਿਖ ਕੇ ਉਨ੍ਹਾਂ ਦੀ ਪਾਣ ਪੱਤ ਘਟਾ ਛੱਡੀ ਹੈ, ਮਸਲਨ, ਮਹਾਂਦੇਵ (ਸ਼ਿਵਜੀ) ਨੂੰ ਪੁੱਤਰ ਘਾਤਕ, ਰਾਮ ਚੰਦਰ ਜੀ ਨੂੰ ਸੀਤਾ ਵਿਯੋਗ ਵਿਚ ਰੋਂਦੇ ਅਤੇ ਗਾਇਤ੍ਰੀ ਨੂੰ ਲੰਗੜੀ। ਫੇਰ ਓਹ ਇਨ੍ਹਾਂ ਮਹਾਂ ਪੁਰਖਾਂ ਨੂੰ ਮੁਕਤੀ ਦਾਇਕ ਈਸ਼ਵਰ ਅਵਤਾਰ ਕਿਵੇਂ ਆਖ ਸਕਦੇ ਹਨ? ਇਵੇਂ ਹੀ ਗੁਰੂ ਗੋਬਿੰਦ ਸਿੰਘ ਜੀ ਹਿੰਦੂ ਵਿਸ਼ਵਾਸਾਂ ਅਨੁਸਾਰ ਵਿਸ਼ਨੂੰ ਜੀ ਨੂੰ ਕੱਛੂਆ ਅਤੇ ਤੰਦੂਏ ਵਾਂਗ ਜਲ ਵਿਚ ਰਹਿਣ ਵਾਲੇ ਅਤੇ ਕ੍ਰਿਸ਼ਨ ਜੀ ਨੂੰ ਗੋਪੀ ਨਾਥ, ਗੂਜਰ ਗੋਪਾਲ ਤੇ ਕੰਸ ਬੱਧਯਾ ਆਖ ਕੇ ਪੁਛਦੇ ਹਨ ਕਿ ਇਸ ਹਾਲਤ ਵਿਚ ਰੂੜੀਵਾਦੀ ਹੋਣ ਦਾ ਕੀ ਲਾਭ? ਕੇਵਲ ਉਸ ਹਰ ਥਾਂ, ਹਰ ਸਮੇਂ ਰਖਣਹਾਰ ਅਕਾਲ ਪੁਰਖ ਨੂੰ ਪੂਜੋ (੪।੭੪॥) ਜੋ ਸਦਾ ਸਦਾ ਥਿਰ 'ਤੇ ਕਾਇਮ ਦਾਇਮ ਹੈ। ਰਾਮ ਚੰਦਰ, ਕਿਸ਼ਨ, ਸ਼ਿਵ ਜੀ ਅਤੇ ਮੌਨਦੀਂ (ਮੁਆਵਨੁਦੀਨ-ਦੀਨ ਦੇ ਸਹਾਇਕ ਹਜ਼ਰਤ) ਮੁਹੰਮਦ ਵਰਗੇ ਮਹਾਂਪੁਰਖ ਕਾਲ ਦੀ ਕੈਦ ਤੋਂ ਮੁਕਤ ਨਹੀਂ:

ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ
ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ।
ਬ੍ਰਹਮਾ ਅਰੁ ਬਿਸਨੁ ਕੇਤੇ ਬੇਦ ਔ ਪੁਰਾਨ ਕੇਤੇ
ਸਿੰਮ੍ਰਿਤ ਸਮੂਹਨ ਕੈ ਹੁਇ ਹੁਇ ਬਿਤਏ ਹੈਂ।
ਮੋਨਦੀ ਮਦਾਰ ਕੇਤੇ, ਅਸੁਨੀ ਕੁਮਾਰ ਕੇਤੇ,
ਅੰਸ਼ਾ ਅਵਤਾਰ ਕੇਤੇ ਕਾਲ ਬਸਿ ਭਏ ਹੈਂ।
ਪੀਰ ਔ ਪਿਕਾਂਬਰ ਕੇਤੇ ਗਨੇ ਨਾ ਪਰਤ ਏਤੇ,
ਭੂਮਿ ਹੀ ਤੇ ਹੋਇ ਕੈ ਫੇਰਿ ਭੂਮ ਹੀ ਮਿਲਏ ਹੈਂ।੭।੭੭।

ਤਾਂਤੇ ਉਸ ਸਾਰਿਆਂ ਦੇ ਸਿਰਜਨਹਾਰ ਗੁਰਦੇਵ ਨੂੰ ਪੂਜੋ ਜਿਹਨੇ ਸਾਰਿਆਂ ਨੂੰ ਇਕੋ ਜਹਾ ਸਰੂਪ ਅੱਖਾਂ, ਕੰਨ ਦੇ ਕੇ, ਧਰਤੀ, ਪਉਣ ਪਾਣੀ ਅਤੇ ਅੱਗ ਦੇ ਤੱਤਾਂ (ਅਨਾਸਰੇ ਅਰਬਾਅ*) ਤੋਂ ਸਾਜਿਆ ਹੈ। ਸਭ ਆਪਣੇ ਆਪਣੇ ਵਿਸ਼ਵਾਸ ਅਨੁਸਾਰ ਉਸ ਨੂੰ ਪੂਜਦੇ

ਹਨ। ਕੋਈ ਮੰਦਰ ਦੇਹਰੇ ਆਦਿ ਜਾਂਦਾ ਹੈ, ਕੋਈ ਮਸੀਤੇ ਨਮਾਜ਼ ਪੜ੍ਹਦਾ ਹੈ। ਦੇਵਤਾ, ਰਾਕਸ਼ਸ਼ ਹਿੰਦੂ ਤੇ ਤੁਰਕਾਂ ਦੀਆਂ ਵੰਡੀਆਂ ਅੱਡ ਅੱਡ ਦੇਸ਼ਾਂ ਦੇ ਭੇਸ਼ਾਂ ਦੇ ਪ੍ਰਭਾਵ ਦਾ ਨਤੀਜਾ ਹੈ। ਜਾਤਾਂ ਪਾਤਾਂ ਦੇ ਝਗੜੇ ਮਨੁੱਖਤਾ ਦੇ ਭਰਾਤ੍ਰੀ ਭਾਵ ਦੇ ਦੈਵੀ ਅਸੂਲ ਦਾ ਉਲੰਘਨ ਹੈ। ਮਨੁੱਖਤਾ ਦੇ ਕਲਿਆਣ ਲਈ ਮਨੁੱਖ ਦੀ ਜਾਤ ਮੰਨਣਾ ਕੁਫ਼ਰ ਹੈ ਕਿਉਂਕਿ ਅਖੀਰ ਇਸ ਮਨੁੱਖੀ ਸਰੀਰ ਨੇ ਫਨਾਹ ਹੋ ਕੇ ਆਪਣੇ ਅਸਲੇ ਵਿਚ ਲੀਨ ਹੋ ਜਾਣਾ ਹੈ।

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨਮਾਨਬੋ॥
ਹਿੰਦੂ ਤੁਰਕ ਕੋਊ ਰਾਫਜ਼ੀ ਇਮਾਮ-ਸ਼ਾਫੀ,
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜ਼ਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ
ਗੁਰਦੇਵ ਏਕ ਏਕ ਹੀ ਸਰੂਪ ਸਭੈ ਏਕੈ ਜੋਤਿ ਜਾਨਬੋ॥੧੫॥੮੫॥

ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,
ਨਯਾਰੇ ਨਯਾਰੇ ਹੋਇਕੈ ਫੇਰ ਆਗ ਮੈਂ ਮਿਲਾਹਿਗੇ।
ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈ,
ਧੂਰ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ।
ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ,
ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿਗੇ।
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ,
ਤਾਹੀ ਤੇ ਉਪਜ ਸਬੈ ਤਾਹੀ ਮੈਂ ਸਮਾਹਿਗੇ॥੮੭॥

ਵਰਨ ਆਸ਼ਰਮ ਦੇ ਅਭੇਦ ਕੁਫਰ ਗੜ੍ਹ ਉਤੇ ਇਸ ਤੋਂ ਵਧੇਰੇ ਜ਼ਬਰਦਸਤ ਹਮਲਾ ਨਹੀਂ ਸੀ ਹੋ ਸਕਦਾ, ਉਹ ਜਰਜਰਾਂ ਵਰਨ ਆਸ਼ਰਮ, ਜੋ ਚੌਲਾਂ ਤੋਂ ਬਿਨਾਂ ਕੇਵਲ ਤੁੱਖ ਹੀ ਰਹਿ ਗਿਆ ਸੀ।** ਅਕਾਲ ਪੂਜਕ ਗੁਰੂ, ਭਾਂਤ ਭਾਂਤ ਦੀਆਂ ਬੋਲੀਆਂ ਬੋਲਣ ਵਾਲੇ ਵੱਖ-

---

*ਮੁਸਲਮਾਨੀ ਵਿਸ਼ਵਾਸ ਅਨੁਸਾਰ ਮਨੁੱਖੀ ਸਰੀਰ ਚੌਹ ਤੱਤਾਂ (ਅਨਾਸਰੇ ਅਰਬਾਅ) ਪਉਣ, ਪਾਣੀ, ਮਿੱਟੀ, ਅੱਗ ਤੋਂ ਬਣਿਆ ਹੈ, ਹਿਦੂਆਨੀ ਰਵਾਇਤ ਅਨੁਸਾਰ ਪੰਜਵਾਂ ਤੱਤ ਅਕਾਸ਼ ਹੈ।

** Thus it happened that when the Kshatriya, one of the mainstays of society lost power, the ancient Varna system perished when its living spirit deserted, a different organisation resembling the old one in externals only came into existence, medievel Hindu India hugged to its bosom this husk whose Kernal had been altered,

(Society & State in Mughal period Page 34.)

ਵੱਖ ਦੇਸ਼ ਵਾਸੀਆਂ ਵਿਚ ਵੀ ਉਸੇ ਇਕ ਅਕਾਲ ਪੁਰਖ ਨੂੰ ਤਕਦੇ ਹਨ ਤੇ ਇਉਂ ਜ਼ਬਾਨਾਂ ਦੇ ਸੰਸਾਰ ਵਿਆਪੀ ਝਗੜਿਆਂ ਦਾ ਹੱਲ ਦੱਸਦੇ ਹਨ:

ਕਹੂੰ ਆਰਬੀ ਤੋਰਕੀ ਪਾਰਸੀ ਹੋ।
ਕਹੂੰ ਪਹਲਵੀ ਪਸਤਵੀ ਸੰਸਕ੍ਰਿਤੀ ਹੋ।
ਕਹੂੰ ਦੇਸ ਭਾਖਿਆ ਕਹੂੰ ਦੇਵ ਬਾਨੀ।
ਕਹੂੰ ਰਾਜ ਬਿਦਯਾ ਕਹੂੰ ਰਾਜਧਾਨੀ।੨੬।੧੧੬।

(ਭੁਯੰਗ ਪ੍ਰਯਾਤ ਛੰਦ)

ਉਹ ਹਿੰਦੂਆਂ ਵਲੋਂ ਸਮਝੀ ਜਾਂਦੀ ਮੁਸਲਮਾਨਾਂ ਦੀ ਭਾਸ਼ਾ (ਮਲੇਛ ਭਾਸ਼ਾ) ਨੂੰ ਵੀ ਰੱਬ ਦੀ ਭਾਸ਼ਾ ਆਖ ਕੇ ਵਡਿਆਉਂਦੇ ਹਨ ਤੇ ਪੁਰਾਤਨ ਚੌਦਾਂ ਵਿਦਿਆਵਾਂ ਵਿਚ ਸ਼ਾਮਲ ਕਰਦੇ ਹਨ:

ਕਹੂੰ ਮੰਤ੍ਰ ਬਿਦਯਾ[1] ਕਹੂੰ ਤੰਤ੍ਰ[2] ਸਾਰੰ।
ਕਹੂੰ ਜੰਤ੍ਰ ਰੀਤੰ[3], ਕਹੂੰ ਸ਼ਸਤਰਾ[4] ਧਾਰੰ।
ਕਹੂੰ ਹੋਮ ਪੂਜਾ[5] ਕਹੂੰ ਦੇਵ ਅਰਚਾ[6]।
ਕਹੂੰ ਪਿੰਗਲਾ ਚਾਰਣੀ[7] ਗੀਤ ਚਰਚਾ[8] ॥੨੭॥੧੧੭
ਕਹੂੰ ਬੀਨ ਬਿਦਯਾ, ਕਹੂੰ ਗਾਨ ਗੀਤੰ[9]।
ਕਹੂੰ ਮਲੇਛ ਭਾਖਿਆ[10] ਕਹੂੰ ਬੇਦ ਰੀਤੰ[11]।
ਕਹੂੰ ਨ੍ਰਿਤ ਬਿਦਯਾ[12], ਕਹੂੰ ਨਾਗ ਬਾਨੀ[13]।
ਕਹੂੰ ਗਾਰੜੂ[14] ਗੂੜ੍ਹ ਕਥੇ ਕਹਾਨੀ।੨੮॥੧੧੮

141 ਤੋਂ ਲੈ ਕੇ 200 ਅੰਕ ਤਕ, ਤੋਟਕ, (20) ਨਰਾਜ (20) ਅਤੇ ਰੂਆਲ ਛੰਦਾਂ (20) ਵਿਚ ਜਿਸ ਜ਼ਮੀਨ ਜ਼ਮਾ ਅਤੇ ਮਕੀਨ ਮਕਾਂ ਦੇ ਰਚਨਾਹਾਰ ਦੀ ਉਸਤਤ ਗਾਵੀ ਗਈ ਹੈ:

ਜੈ ਜੰਪਹੁ ਜੁੱਗਣ ਜੂਹ ਜੁਅੰ॥
ਭੈ ਕੰਪਹੁ ਮੇਰ ਪਯਾਲ ਭੁਅੰ॥
ਤਪ ਤਾਪਸ ਸਰਬ ਜਲੇਰ ਥਲੰ।
ਧਨ ਉਚਰਤ ਇੰਦ੍ਰ ਕੁਮੇਰ ਬਲੰ।੧।੧੪੧।
ਅਨਖੇਦ ਸਰੂਪ ਅਭੇਦ ਅਭਿਅੰ।
ਅਨਖੰਡ ਅਭੂਤ ਅਛੇਦ ਅਛਿਅੰ।
ਅਨਕਾਲ ਅਪਾਲ ਦਿਆਲ ਅਸੁਅੰ।
ਜਿਹ ਠਟੀਅੰ ਮੇਰੁ ਅਕਾਸ ਭੁਅੰ।੨।੧੪੨।
ਅਨਖੰਡ ਅਮੰਡ ਪ੍ਰਚੰਡ ਨਰੰ।
ਜਿਹ ਰਚੀਅੰ ਦੇਵ ਅਦੇਵ ਬਰੰ
ਸਭ ਕੀਨੀ ਦੀਨ ਜ਼ਿਮੀਨ ਜ਼ਮਾਂ।
ਜਿਹ ਰਚੀਅੰ ਸਰਬ ਮਕੀਨ ਮਕਾਂ।੩।੧੪੩। ਤੋਟਕ ਛੰਦ

ਨਰ ਨਾਰ ਨਪੁੰਸਕ ਜਾਹਿ ਕੀਏ।
ਗਣ ਕਿੰਨਰ ਜੱਛ ਭੁਜੰਗ ਦੀਏ।
ਗਜ ਬਾਜ ਰਥਾਦਿਕ ਪਾਂਤ ਗਨੰ।
ਭਵ ਭੂਤ ਭਵਿੱਖ ਭਵਾਨ ਤੁਅੰ।੧੦।੧੫੦।

ਜਿਸ ਨੂੰ ਉਸ ਦੇ ਨਾਮ ਰਸ ਦਾ ਚਸਕਾ ਪੈ ਜਾਂਦਾ ਹੈ, ਉਹ ਕਾਲ ਦੀ ਵਾਹੀ ਤੋਂ ਬਚ ਜਾਂਦਾ ਹੈ।

ਇਕ ਨਾਮ ਬਿਨਾ ਨਹੀ ਕੋਟ ਬ੍ਰਿਤੀ।
ਇਮ ਬੇਦ ਉਚਾਰਤ ਸਾਰਸੁਤੀ।
ਜੋਊ ਵਾ ਰਸ ਕੇ ਚਸ ਕੇ ਰਸ ਹੈਂ।
ਤੇਊ ਭੂਲ ਨ ਕਾਲ ਫੰਧਾ ਫਸ ਹੈ।੨੦।੧੬੦।

ਉਹੀ ਵਿਸ਼ਵੰਭਰ ਸ਼ਕਤੀ ਦੁਸ਼ਟਾਂ ਨੂੰ ਦੰਡ ਦੇਣ, ਪਤਿਤਾਂ ਨੂੰ ਉਧਾਰਨ ਤੇ ਨਰਕਾਂ ਨੂੰ ਨਿਵਾਰਨ ਵਾਲੀ ਹੈ-ਅਤੇ ਮਹਿਖਾਸੁਰ ਵਰਗੇ ਮਨੁੱਖਤਾ ਘਾਤਕ ਰਾਕਸ਼ਸਾਂ ਨੂੰ ਮਰਦਨ ਕਰਨ ਵਾਲੀ ਹੈ:

ਦੁਰਜਨ ਦਲ ਦੰਡਣ ਅਸੁਰ ਬਿਹੰਡਣ ਦੁਸ਼ਟ ਨਿਕੰਦਣ ਆਦਿ ਬ੍ਰਿਤੇ।
ਚਛਰਾਸੁਰ ਮਾਰਣ ਪਤਿਤ ਉਧਾਰਣ ਨਰਕ ਨਿਵਾਰਣ ਗੂੜ੍ਹ ਗਤੇ।
ਅਛੈ ਅਖੰਡੇ ਤੇਜ ਪ੍ਰਚੰਡੇ ਖੰਡ ਉਦੰਡੇ ਅਲਖ ਮਤੇ।
ਜੈ ਜੈ ਹੋਸੀ ਮਹਿਖਾਸੁਰ ਮਰਦਨ ਰੰਮ ਕਪਰਦਨ ਛਤ੍ਰ ਛਿਤੇ।੧।੨੧੧।

(ਤ੍ਵਪ੍ਰਸਾਦਿ। ਦੀਰਘ ਤ੍ਰਿਭੰਗੀ ਛੰਦ)

ਉਹ ਸਮਸਤ ਸ੍ਰਿਸ਼ਟੀ ਦਾ ਪਾਲਣਹਾਰ ਅਜਿਹਾ ਪੋਖਨਹਾਰ ਹੈ ਕਿ ਉਹ ਰਿਜਕ ਰੋਜ਼ੀ ਦੇਣ ਵੇਲੇ ਦੁਸ਼ਟਾਂ ਦੋਖੀਆਂ ਅਤੇ ਨਾਸਤਕਾਂ ਦੀ ਤਮੀਜ਼ ਨਹੀਂ ਕਰਦਾ, ਸਭ ਨੂੰ ਇਕੋ ਜਿਹਾ ਪਾਲਦਾ ਹੈ:-

ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ ਗਾਰੈ।
ਪੱਛ ਪਸੁ ਨਗ ਨਾਗ ਨਰਾਧਿਪ ਸਰਬ ਸਮੈ ਸਭ ਕੋ ਪ੍ਰਤਿਪਾਰੈ।
ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲਿ ਕੇ ਨਹੀ ਕਰਮ ਬਿਚਾਰੈ।
ਦੀਨ ਦਇਆਲ ਦਇਆ ਨਿਧਿ ਦੋਖਨ ਦੇਖਤ ਹੈ ਪਰ ਦੇਤ ਨ ਹਾਰੈ।੧।੨੪੩।

ਉਸ ਨੂੰ ਸੰਸਾਰ ਦੇ ਕੋਨੇ ਕੋਨੇ ਵਿਚ-ਹਿੰਗੁਲਾ ਦੇ ਰੇਤਲੇ ਥਲਾਂ ਹਿਮਾਲਾ ਦੀਆਂ ਬਰਫਾਨੀ ਚੋਟੀਆਂ ਤੇ ਗੋਰ ਗਰਦੇਜ ਦੇ ਪਹਾੜੀ ਇਲਾਕਿਆਂ ਵਿਚ ਧਿਆਉਂਦੇ ਹਨ। ਅਰਬੀ, ਫਰੰਗੀ, ਕੰਧਾਰੀ, ਕੁਰੈਸ਼ੀ, ਮਰਹੱਟੇ, ਮਘੇਲੇ, ਦਰਾਵੜ ਅਤੇ ਤਿਲੰਗਾਨਾ ਨਿਵਾਸੀ ਉਹਦੀ ਮਨ ਨਾਲ ਤਪੱਸਿਆ ਕਰਦੇ ਹਨ, ਪਰ ਓਹ ਉਸ ਅਪਰੰਪਰ ਅਪਾਰ ਸ਼ਕਤੀ ਦਾ ਪਾਰ ਨਹੀਂ ਪਾ ਸਕਦੇ।

ਪੂਰਬੀ ਨ ਪਾਰ ਪਾਵੈ ਹਿੰਗੁਲਾ ਹਿਮਾਲੈ ਧਿਆਵੈ,
ਗੋਰ ਗਰਦੇਜੀ ਗੁਨ ਗਾਵੈ ਤੇਰੇ ਨਾਮ ਹੈਂ।
ਜੋਗੀ ਜੋਗ ਸਾਧੈ ਪਉਨ ਸਾਧਨਾ ਕਿਤੇਕ ਬਾਧੈ,
ਆਰਬ ਕੇ ਆਰਬੀ ਅਰਾਧੈ ਤੇਰੇ ਨਾਮ ਹੈਂ।

ਫਰਾ ਕੇ ਫਿਰੰਗੀ ਮਾਨੈ ਕੰਧਾਰੀ ਕੁਰੇਸ਼ੀ ਜਾਨੈ,
ਪੱਛਮ ਕੇ ਪੱਛਮੀ ਪਛਾਨੇ ਨਿਜ ਕਾਮ ਹੈਂ।
ਮਰਹਟਾ ਮਘੇਲੇ ਤੇਰੀ ਮਨ ਸੋਂ ਤਪਸਿਆ ਕਰੈ,
ਦਿੜਵੈ ਤਿਲੰਗੀ ਪਹਿਚਾਨੈ ਧਰਮ ਧਾਮ ਹੈਂ।੨।੨੫੪।

ਦੇਸ਼ ਭੇਸ, ਰੂਪ ਰੰਗ ਅਤੇ ਜ਼ਾਤ ਪਾਤ ਦੀ ਤਮੀਜ਼ ਤੋਂ ਬੇਨਿਆਜ਼ ਅਕਾਲ ਦੀ ਪੂਜਾ ਕਰਨ ਵਾਲੇ ਕਲਗੀਧਰ ਜਗਤ ਗੁਰੂ ਸਹਿਜ ਸਭਾ ਸਾਰੇ ਭੂਗੋਲ ਉਤੇ ਪੰਛੀ ਝਾਤ ਪਾ ਜਾਂਦੇ ਹਨ। ਪੰਜਾਬ ਵਿਚ ਹੀ ਨਹੀਂ ਭਾਰਤ ਖੰਡ, ਜੰਬੂ ਦੀਪ ਵਿਚ ਹੀ ਨਹੀਂ ਉਹ ਸਾਰੇ ਸੰਸਾਰ ਵਿਚ (ਜਿਸ ਨੇ ਵੱਖ-ਵੱਖ ਦੇਸ਼ਾਂ ਦੀ ਭਾਂਤ ਭਾਂਤ ਦੀ ਸਭਯਤਾ ਸੰਸਕ੍ਰਿਤੀ ਦਾ ਵਰਨਣ ਚਰਿੱਤਰੋਪਖਿਆਨ ਵਿਚ ਸਫਲਤਾ ਨਾਲ ਕੀਤਾ ਹੈ) ਆਪ ਨਿਰਾਕਾਰ ਅਕਾਲ ਪੁਰਖ ਦੀ ਨਿਰਮਲ, ਉਜਲ ਬਿਲੌਰੀ ਤੇ ਮਾਲਤੀ ਦੇ ਫੁੱਲਾਂ ਵਰਗੀ ਮਹਿਕ ਵੰਡਦੀ ਕੀਰਤੀ ਪਸਰੀ ਹੋਈ ਅਨੁਭਵ ਕਰਦੇ ਹਨ। ਭੂਗੋਲ ਦੇ ਇੰਨੇ ਭਰਪੂਰ ਹਵਾਲੇ ਸ਼ਾਇਦ ਹੋਰ ਕਿਸੇ ਅਧਿਆਤਮਕ ਬਾਣੀ ਰਚਨਹਾਰ ਨੇ ਨਹੀਂ ਦਿੱਤੇ:

ਛੀਰ ਕੈ ਸੀ ਛੀਰਾਵਧ ਛਾਛ ਕੈ ਸੀ ਛਤ੍ਰਾ ਨੇਰ,
ਛਪਾਕਰ ਕੈਸੀ ਛਬ ਕਲਿੰਦ੍ਰੀ ਕੇ ਕੂਲਕੇ॥
ਹਸੰਨੀ ਸੀ ਸੀਹਾ ਰੂਮ ਹੀਰਾ ਸੀ ਹੁਸੈਨਾਬਾਦ,
ਗੰਗਾ ਕੈ ਸੀ ਧਾਰ ਚਲੀ ਸਾ-ਤੋ ਸਿੰਧ ਰੂਲ ਕੇ॥
ਪਾਰਾ ਸੀ ਪਲਾਊ ਗਢ ਰੂਪਾ ਕੈਸੀ ਰਾਮਪਰੁ,
ਸੋਰਾ ਸੀ ਸੁਰੰਗਾਬਾਦ ਨੀਕੇ ਰਹੀ ਝੂਲ ਕੇ।
ਚੰਪਾਸੀ ਚੰਦੇਰੀ ਕੋਟ ਚਾਂਦਨੀ ਸੀ ਚਾਂਦਾਗੜ੍ਹ
ਕੀਰਤਿ ਤਿਹਾਰੀ ਰਹੀ ਮਾਲਤੀ ਸੀ ਫੂਲ ਕੈ।੧੨॥੨੬੪
ਫਟਕ ਸੀ ਕੈਲਾਸ ਕਮਾਊ ਗਢ ਕਾਂਸੀਪੁਰ
ਸੀਸਾ ਸੀ ਸੁਰੰਗਾਬਾਦ ਨੀਕੈ ਸੋਹੀਅਤੁ ਹੈ।
ਹਿੰਮਾ ਸੀ ਹਿਮਾਲੈ, ਹਰ ਹਾਰਸੀ ਹੱਲਬਾਨੇਰ,
ਹੰਸ ਕੈ ਸੀ ਹਾਜੀਪੁਰ ਦੇਖੇ ਮੋਹੀਅਤੁ ਹੈ॥
ਚੰਦਨ ਸੀ ਚੰਪਾਵਤੀ, ਚੰਦ੍ਰਮਾ ਸੀ ਚੰਦ੍ਰਾਗਿਰ,
ਚਾਂਦਨੀ ਸੀ ਚਾਂਦਾਗੜ ਜੌਨ ਜੋਹੀਅਤੁ ਹੈ॥
ਗੰਗਾ ਸਮ ਗੰਗਧਾਰ ਬਕਾਨ ਸੀ ਬਿਲੰਦਾਵਾਦ
ਕੀਰਤਿ ਤਿਹਾਰੀ ਕੀ ਉਜਿਆਰੀ ਸੋਹੀਅਤੁ ਹੈ॥੧੩॥੨੬੫॥
ਫ਼ਰਾ ਸੀ ਫਿਰੰਗੀ ਫਰਾਂਸੀਸ ਕੇ ਦੁਰੰਗੀ,
ਮਕਰਾਨ ਕੇ ਮ੍ਰਿਦੰਗੀ ਤੇਰੇ ਗੀਤ ਗਾਈਅਤੁ ਹੈ।
ਭੱਖਰੀ ਕੰਧਾਰੀ ਗੋਰ ਗਖਰੀ ਗਰਦੇਜਾ ਚਾਰੀ,
ਪਉਨ ਕੇ ਅਹਾਰੀ ਤੇਰੋ ਨਾਮੁ ਧਯਾਈਅਤੁ ਹੈ॥
ਪੂਰਬ ਪਲਾਊ ਕਾਮ ਰੂਪ ਔ ਕਮਾਓ
ਸਰਬ ਠਉਰ ਮੈ ਬਿਰਾਜੈ ਜਹਾ ਜਹਾ ਜਾਈਅਤੁ ਹੈ।

ਪੂਰਨ ਪ੍ਰਤਾਪੀ ਜੰਤ੍ਰ ਮੰਤ੍ਰ ਕੇ ਅਤਾਪੀ ਨਾਥ ਕੀਰਤਿ ਤਿਹਾਰੀ
ਕੋ ਨ ਪਾਰ ਪਾਇਅਤੁ ਹੈ ॥੧੪॥੨੬੬

ਮਹਾਂ ਕਵੀ ਨੇ ਆਪਣੇ ਅਕਾਲ ਦੀ ਕੀਰਤਿ ਦੇ ਵਿਸਤਾਰ ਦਾ ਵਰਨਣ ਕਰਨ ਲਈ ਭੂਗੋਲ, ਬਨਸਪਤੀ ਪੰਛੀ ਤੇ ਰਸਾਇਣਿਕ ਗਿਆਨ ਦੇ ਨਾਲ ਸੰਸਾਰ ਦੀਆਂ ਨਿਰਮਲ ਚਿੱਟੀਆਂ ਵਸਤਾਂ ਦੀ ਵਾਕਫ਼ੀ ਨੂੰ ਮਾਧਿਅਮ ਬਣਾਇਆ ਹੈ: ਖੀਰ ਸਮੁੰਦਰ ਵਿਚ ਦੁੱਧ, ਛਤ੍ਰਨੇਰ ਵਿਚ ਲੱਸੀ, ਜਮਨਾ ਦੇ ਕੰਢਿਆਂ 'ਤੇ ਚਾਂਦਨੀ, ਪਲਾਊਗੜ੍ਹ ਵਿਚ ਪਾਰੇ, ਰੂਮ-ਸ਼ਾਮ ਵਿਚ ਹੰਸਨੀ, ਰਾਮ ਪੁਰ ਵਿਚ ਚਾਂਦੀ, ਸੁਰੰਗਾਬਾਦ ਵਿਚ ਸ਼ੇਰੇ, ਚੰਦੇਰੀ ਵਿਚ ਚੰਬੇ ਵਰਗੀ ਤੇਰੀ ਕੀਰਤੀ ਗੰਗਾ ਦੀ ਨਿਰਮਲ ਧਾਰਾ ਬਣਕੇ ਫੈਲ ਰਹੀ ਹੈ ਤੇ ਮਾਲਤੀ ਦੇ ਫੁੱਲ ਵਾਂਗ ਮਹਿਕ ਖਿੰਡਾ ਰਹੀ ਹੈ। ਉਹ ਹਿਮਾਲਾ ਦੀ ਬਰਫ਼ ਸ਼ਿਵ ਜੀ ਦੇ ਗਲ ਦੇ ਚਿੱਟੇ ਸੱਪਾਂ ਤੇ ਬਿਲੰਦਾ ਬਾਦ ਵਿਚ ਬਗਲਿਆਂ ਵਰਗੀ ਸਫੈਦ ਤੇ ਉਜਲ ਪਸਰ ਰਹੀ ਹੈ।

ਇਹ ਉਸਤਤ ਪਾਧੜੀ ਛੰਦਾਂ 'ਤੇ ਇਉਂ ਮੁੱਕਦੀ ਹੈ:

ਬਨ ਤਨ ਮਹੀਪ ਜਲ ਥਲ ਮਹਾਨ।
ਜਹ ਤਹ ਪ੍ਰਸੋਹ ਕਰੁਣਾਨਿਧਾਨ।
ਜਗਮਗਤ ਤੇਜ ਪੂਰਨ ਪ੍ਰਤਾਪ।
ਅੰਬਰ ਜ਼ਮੀਨ ਜਿਹ ਜਪਤ ਜਾਪ ॥੫॥ ੨੭੧।
ਸਾਤੋਂ ਅਕਾਸ਼ ਸਾਤੋਂ ਪਤਾਰ।
ਬਿਥਰਿਓ ਅਦ੍ਰਿਸ਼ਟ ਜਿਹ ਕਰਮ ਜਾਰਿ। ਉਸਤਤਿ ਸੰਪੂਰਨੰ ॥

ਅਰਥਾਤ ਉਹ ਅਕਾਲ ਪੁਰਖ ਬਣਤ੍ਰਿਣ ਬਨਸਪਤੀ ਦਾ ਰਾਜਾ, ਮਿਹਰਾਂ ਦਾ ਭੰਡਾਰ ਹਰ ਪਾਸੇ ਆਪਣੀ ਸ਼ੋਭਾ ਖਿਲਾਰ ਰਿਹਾ ਹੈ। ਹਰ ਪਾਸੇ ਉਹ ਜਗਮਗ ਜੋਤ ਅਤੇ ਪੂਰਨ ਪ੍ਰਤਾਪ ਪਸਰ ਰਿਹਾ ਹੈ। ਧਰਤੀ ਅਤੇ ਆਕਾਸ਼ ਉਹਦਾ ਜਾਪ ਜਪ ਰਹੇ ਹਨ। ਸੱਤਾਂ ਆਕਾਸ਼ਾਂ ਸੱਤਾਂ ਪਾਤਾਲਾਂ (ਚੌਦਾਂ ਲੋਕਾਂ) ਵਿਚ ਉਸ ਦਾ ਤਾਣਿਆ ਕਰਮ ਜਾਲ ਗੁਪਤ ਰੂਪ ਵਿਚ ਤਣ ਰਿਹਾ ਹੈ, ਹਰ ਪ੍ਰਾਣੀ ਕਰਮ ਬੱਧ ਉਸ ਜਾਲ ਵਿਚ ਫਸਿਆ ਹੋਇਆ ਹੈ।

ਭਾਵੇਂ 272ਵੇਂ ਛੰਦ ਦੇ ਬਾਕੀ ਦੇ ਚਰਨਾਂ ਦੀ ਅਲਭਤਾ ਦਾ ਕਾਰਨ ਵਿਦਵਾਨ ਇਹ ਦੱਸਦੇ ਹਨ-ਕਿ ਹਜ਼ੂਰ ਨੇ ਜਾਣ ਬੁਝ ਕੇ ਅਕਾਲ ਪੁਰਖ ਦੀ ਉਸਤਤ ਦੀ ਅਮੁੱਕਤਾ ਦਰਸਾਉਣ ਲਈ ਛੇਕੜਲਾ ਛੰਦ ਅਧੂਰਾ ਰੱਖਿਆ ਹੈ, ਪਰ ਪ੍ਰਤੀਤ ਹੁੰਦਾ ਹੈ ਕਿ ਇਹ ਬਾਣੀ, ਦਸਮ ਗ੍ਰੰਥ ਸਾਹਿਬ ਦੇ ਦੂਜੀ ਵਾਰ ਸੰਕਲਣ ਹੋਣ ਸਮੇਂ ਭਾਈ ਮਨੀ ਸਿੰਘ ਜੀ ਨੂੰ ਪੂਰਣ ਰੂਪ ਵਿਚ ਪ੍ਰਾਪਤ ਨਹੀਂ ਹੋਈ ਜਾਂ ਪਿਛੋਂ ਦੇ ਲਿਖਾਰੀਆਂ ਹੱਥੋਂ ਉਕਾਈ ਹੋ ਗਈ ਹੈ, ਜਿਵੇਂ ਕਿ ਕਈ ਥਾਈਂ ਪਾਠਾਂਤਰ ਬਣ ਗਏ ਹਨ। ਮਸਲਨ ਅੰਕ 77 ਦੇ ਸੱਤਵੇਂ ਕਬਿਤ ਦਾ ਪਹਿਲਾ ਤੁਕਾਂਤ (ਅਨੇਕ ਹੈਂ) ਬਾਕੀ ਤਿੰਨਾਂ 'ਬਿਤਏ ਹੈਂ', ਭਏ ਹੈਂ, ਮਿਲਏ ਹੈ ਨਾਲ ਨਹੀਂ ਮਿਲਦਾ। ਸੁਧਾ ਸਵੱਯਾਂ ਦੇ ਪਹਿਲੇ ਛੰਦ ਦੇ ਸ਼ਬਦ 'ਸੁਧਾਦਿਕ' ਦਾ ਪਾਠਾਂਤਰ (ਭਾਈ ਮਹਾਂ ਸਿੰਘ ਅਨੁਸਾਰ) ਸੁਧਾ ਧਰਮ ਹੈ। ਤੀਜੇ ਸਵੱਯੇ ਵਿਚ '*ਹਿੰਮਤ ਹੈ ਹਯ ਰਾਜ ਹਜ਼ਾਰੇ*' ਦੀ ਥਾਂ ਕਈ ਥਾਈਂ ਪਾਠ '*ਹੰਸਤ ਹੀ*'* ਵੀ ਦੇਖਿਆ ਗਿਆ ਹੈ। ਵਿਦਵਾਨ ਟੀਕਾਕਾਰ ਜੀ ਨੇ 211 ਅੰਕ

---

* * ਸ੍ਰੀ ਦਸਮ ਗ੍ਰੰਥ ਸਾਹਿਬ ਜੀ: ਪ੍ਰਕਾਸ਼ਕ ਭਾਈ ਚਤਰ ਸਿੰਘ ਜੀਵਨ ਸਿੰਘ ਵਿਚ 'ਪਾਠਾਂਤਰ "ਹੰਸਤ ਹੀ ਹਮਯ ਰਾਜ ਹਜਾਰੇ" ਹੈ

ਦੇ ਦੀਰਘ ਤ੍ਰਿਭੰਗੀ ਛੰਦ ਦੇ ਪਾਠ '**ਅੱਛੇ ਅਖੰਡੇ**' ਬਾਬਤ ਲਿਖਿਆ ਹੈ ਕਿ ਛੰਦਕ ਚਾਲ ਅਨੁਸਾਰ ਇਸ ਵਿਚ ਦੋ ਮਾਤਰਾਂ ਘਟ ਹਨ, ਇਸ ਦਾ ਸ਼ੁੱਧ ਪਾਠ ਖੋਜਣ ਦੀ ਲੋੜ ਹੈ। ਉਨ੍ਹਾਂ ਅੰਕ 249 ਦੇ ਸੱਤਵੇਂ ਸਵੱਯੇ ਦੇ ਸ਼ਬਦਾਂ '**ਨੇਤਹ ਹੀ ਨੇਤ ਭੇਦ ਬਤਾਵੈਂ**' ਦਾ ਪਾਠਾਂਤਰ '**ਨੇਤਹ ਨੇਤ ਅਭੇਤ**' ਪ੍ਰਗਟ ਕੀਤਾ ਹੈ। ਪਰ ਸੁੰਦਰ ਗੁੱਟਕਿਆਂ ਵਿਚ ਇਸ ਦਾ ਪਾਠਾਂਤਰ '**ਨੇਤ ਹੀ ਨੇਤਹ ਬੇਦ ਬਤਾਵੈਂ**' ਵੀ ਤਕਿਆ ਜਾ ਸਕਦਾ ਹੈ, ਜੋ ਵਧੇਰੇ ਸ਼ੁੱਧ ਜਾਪਦਾ ਹੈ।

ਇਸੇ ਛੰਦ ਦੇ ਸ਼ਬਦਾਂ '**ਭੂਮ ਅਕਾਸ਼ ਪਤਾਲ ਰਸਾਤਲ ਚੌਦਹ ਲੋਕ ਸਭੈ ਸਿਰ ਨਯਾਵੈਂ**' ਸੰਬੰਧੀ ਪੰਨਾ 184 ਦੇ ਫੁਟ ਨੋਟ ਵਿਚ ਟੀਕਾਕਾਰ ਜੀ ਲਿਖਦੇ ਹਨ 'ਚੌਦਹ ਲੋਕ' ਪਾਠ ਇਕ ਅਤਿ ਪੁਰਾਣੀ ਦਸਮ ਗ੍ਰੰਥ ਦੀ ਲਿਖਤੀ ਬੀੜ ਦਾ ਹੈ। ਆਮ ਪਾਠ '**ਜੱਛ ਭੁਜੰਗ**' ਮਿਲਦਾ ਹੈ, ਜੋ ਪਹਿਲੀ ਸਤਰ (**ਜੱਛ ਭੁਜੰਗ ਸੁ ਦਾਨਵ ਦੇਵ ਅਭੇਵ ਤੁਮੈ ਸਭ ਹੀ ਕਰ ਧਿਯਾਵੈਂ।**) ਵਿਚ ਆ ਜਾਣ ਕਰ ਕੇ ਪੁਨਰੁਕਤੀ ਭਾਸਦਾ ਹੈ। ਨਾਲੇ ਇਸ ਦੂਜੀ ਸਤਰ ਵਿਚ ਵਿਯਕਤੀਆਂ ਦਾ ਨਹੀਂ।' ਪਰ ਲੋਕਾਂ ਦਾ ਜ਼ਿਕਰ ਹੈ ਤੇ '**ਜਛ ਭੁਜੰਗ**' ਪਦ ਚਲ ਰਹੇ ਭਾਵ ਦੇ ਨਾਲ ਮੇਲ ਨਹੀਂ ਖਾਂਦਾ, ਦਲੀਲ ਮੰਨਣ ਯੋਗ ਹੈ।

ਆਸਾ ਦੀ ਵਾਰ ਵਿਚ, ਹਜ਼ੂਰ ਨੇ ਪ੍ਰਥਮ ਜਾਮੇ ਵਿਚ ਫ਼ੁਰਮਾਇਆ:

ਭੈ ਵਿਚਿ ਪਵਣੁ ਵਹੈ ਸਦਵਾਉ॥
ਭੈ ਵਿਚਿ ਚਲਹਿ ਲਖ ਦਰੀਆਉ॥
ਭੈ ਵਿਚਿ ਅਗਨਿ ਕਢੈ ਵੇਗਾਰਿ॥
ਭੈ ਵਿਚਿ ਧਰਤੀ ਦਬੀ ਭਾਰਿ॥
ਭੈ ਵਿਚਿ ਇੰਦ ਫਿਰੈ ਸਿਰ ਭਾਰਿ॥
ਭੈ ਵਿਚਿ ਰਾਜਾ ਧਰਮ ਦੁਆਰੁ॥
ਭੈ ਵਿਚਿ ਸੂਰਜ ਭੈ ਵਿਚਿ ਚੰਦੁ॥
ਭੈ ਕੋਹ ਕਰੋੜੀ ਚਲਤ ਨ ਅੰਤੁ॥

ਅਰਥਾਤ ਧਰਤੀ ਸਾਕਨ ਹੈ ਤੇ ਸੂਰਜ ਅਤੇ ਚੰਦ ਗਰਦਸ਼ ਵਿਚ ਹੋਣ ਕਰਕੇ ਕਰੋੜਾਂ ਕੋਹਾਂ ਦਾ ਪੰਧ ਮੁਕਾਉਂਦੇ ਹਨ। ਪਰ ਇਥੇ ਆਪ ਧਰਤੀ ਦੀ ਗਰਦਸ਼ ਦਾ ਜ਼ਿਕਰ ਕਰਦੇ ਹਨ: ਦੇਖੋ ਅੰਕ 11, 263 '**ਦੇਵਨ ਕੇ ਦੇਵ ਮਹਾਂ ਦੇਵ ਹੂੰ ਕੇ ਦੇਵ ਨਾਥ ਭੂਮ ਕੇ ਭੁਜਯਾ ਹੈਂ ਮੁਹੱਯਾ ਮਹਾਂ ਬਾਲ ਕੇ।**' ਅਰਥਾਤ ਹੇ ਦੇਵਤਿਆਂ ਦੇ ਸ਼੍ਰੋਮਣੀ ਨਾਥ! ਆਪ ਪ੍ਰਿਥਵੀ ਨੂੰ ਗਰਦਸ਼ ਵਿਚ ਲਿਆਉਣ ਵਾਲੇ ਮਹਾਂ ਮੋਹਨੀ ਬਾਲਾ ਮਾਇਆ ਨੂੰ ਵੀ ਮੋਹਿਤ ਕਰਨਹਾਰ ਹੋ।

ਅੰਕ 78 ਦੇ ਅੱਠਵੇਂ ਕਬਿੱਤ ਵਿਚ ਆਪ ਨੇ ਜਿਥੇ ਮਾਨਧਾਤਾ, ਦਲੀਪ ਅਤੇ ਦੁਰਯੋਧਨ ਵਰਗੇ ਛਤ੍ਰਧਾਰੀਆਂ ਦਾ ਜ਼ਿਕਰ ਕੀਤਾ ਹੈ, ਉਥੇ ਦਾਰਾ ਸ਼ਕੋਹ ਵਰਗੇ ਦਿੱਲੀ ਪਤੀਆਂ ਦਾ ਵੀ ਜ਼ਿਕਰ ਕੀਤਾ ਹੈ, ਔਰੰਗਜ਼ੇਬ ਦੇ ਇਸ ਵੱਡੇ ਭਰਾ ਨੇ ਪਿਉ ਦੇ ਬੀਮਾਰ ਪੈ ਜਾਣ ਕਾਰਨ ਆਪਣੇ ਆਪ ਨੂੰ ਸ਼ਹਿਨਸ਼ਾਹ ਹੋਣ ਦਾ ਐਲਾਨ ਕੀਤਾ, ਪਰ ਔਰੰਗਜ਼ੇਬ ਨੇ ਮੁਰਾਦ ਅਤੇ ਸ਼ੁਜਾ ਨੂੰ ਆਪਣੇ ਵਲ ਕਰ ਕੇ ਇਹਨੂੰ ਹਰਾ ਦਿੱਤਾ। ਇਹ ਹਾਰ ਖਾ ਕੇ ਪੰਜਾਬ ਵੱਲ ਨੱਸਾ ਅਤੇ ਸੱਤਵੇਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਰਾਏ ਸਾਹਿਬ ਤੋਂ ਮਦਦ ਮੰਗੀ। ਹਜ਼ੂਰ ਦੇ 2200 ਸਵਾਰਾਂ ਨੇ ਇਹਨੂੰ ਰਾਵੀਓਂ ਪਾਰ ਪਹੁੰਚਾ ਦਿੱਤਾ। ਅਖੀਰ ਸੋਧਰੇ ਲਾਗੇ ਜੀਵਨ ਨਾਮ ਦੇ ਸਰਦਾਰ ਨੇ ਵਿਸਾਹਘਾਤ ਕਰ ਕੇ ਇਹਨੂੰ ਫੜਾ ਦਿੱਤਾ ਤੇ ਔਰੰਗਜ਼ੇਬ ਨੇ ਦਿੱਲੀ ਮੰਗਵਾ ਕੇ ਕੈਦ ਕਰਵਾ ਦਿੱਤਾ। ਕੈਦ ਵਿਚ ਹੀ ਇਹ ਨੂੰ ਮਰਵਾ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ

ਇਹਨੂੰ ਸ਼ਾਹ ਜਹਾਂ ਦਾ ਸਭ ਤੋਂ ਵੱਡਾ ਪੁੱਤਰ (ਯੁਵਰਾਜ) ਹੋਣ ਕਰ ਕੇ ਉਹਦਾ ਉਤਰਾਧਿਕਾਰੀ ਮੰਨ ਕੇ ਦਿਲੀਸ਼ਰ ਕਹਿੰਦੇ ਪ੍ਰਤੀਤ ਹੁੰਦੇ ਹਨ, ਜਿਵੇਂ ਆਪ ਨੇ ਔਰੰਗਜ਼ੇਬ ਦੇ ਸਭ ਤੋਂ ਵੱਡੇ ਪੁੱਤਰ ਬਹਾਦਰ ਸ਼ਾਹ ਮੁਅੱਜ਼ਮ ਨੂੰ ਉਹਦਾ ਜਾ-ਨਸ਼ੀਨ ਮੰਨਿਆ ਸੀ।

ਫੇਰ ਆਪ ਪਰਮੇਸ਼ਰ ਨੂੰ 'ਗੀਤ ਕੇ ਗਵੱਯਾ' 'ਬੇਨ ਕੇ ਬਜੱਯਾ' ਅਤੇ ਨ੍ਰਿਤ ਕੇ ਨਚੱਯਾ' ਕਹਿੰਦੇ ਹਨ। ਇਹ ਦੇ ਪਿਛੋਕੜ ਵਿਚ ਔਰੰਗਜ਼ੇਬ ਦੀ ਸੰਗੀਤ ਦੀ ਤਅਾਸੁਬ ਭਰੀ ਵਿਰੋਧਤਾ ਸੀ। ਰਵਾਇਤ ਹੈ ਦਿੱਲੀ ਦੇ ਗਵਈਆਂ ਨੇ ਸ਼ਾਹੀ ਹੁਕਮ ਦਾ ਮਜ਼ਾਕ ਉੜਾਉਣ ਲਈ ਸੰਗੀਤ (ਮੌਸੀਕੀ) ਦਾ ਜਨਾਜ਼ਾ ਕੱਢਿਆ। ਬਾਦਸ਼ਾਹ ਨੇ ਤੱਕ ਕੇ ਪੁਛਿਆ ਕਿ ਕਿਸ ਦਾ ਜਨਾਜ਼ਾ ਹੈ, ਦਿਲ ਜਲੇ ਗਵਈਆਂ ਨੇ ਆਖਿਆ 'ਜਹਾਂ ਪਨਾਹ ਮੌਸੀਕੀ ਦਾ'। ਬਾਦਸ਼ਾਹ ਬੋਲਿਆ, 'ਇਹਨੂੰ ਇੰਨਾ ਡੂੰਘਾ ਦੱਬੋ ਕਿ ਮੁੜ ਜੀ ਨਾ ਉਠੇ'। ਪਰ ਸਿੱਖੀ ਦੇ ਅਕਟ ਅੰਗ ਕੀਰਤਨ ਨੇ ਇਹਨੂੰ ਸੁਰਜੀਤ ਕਰ ਹੀ ਦਿੱਤਾ। ਆਖਿਆ ਜਾਂਦਾ ਹੈ ਜਜ਼ੀਏ ਵਿਰੁਧ ਫਰਿਆਦ ਕਰਨ ਆਏ ਹਿੰਦੂਆਂ ਨੂੰ, ਜ਼ੁਮੇ ਦੀ ਨਮਾਜ਼ ਪਿਛੋਂ ਜਾਮਾ ਮਸਜਦ 'ਚੋਂ ਬਾਹਰ ਆ ਕੇ ਔਰੰਗਜ਼ੇਬ ਨੇ ਉਨ੍ਹਾਂ ਨੂੰ ਹਾਥੀਆਂ ਦੇ ਪੈਰਾਂ ਹੇਠ ਕੁਚਲਵਾ ਦਿੱਤਾ, ਪਰ ਗੁਰੂ ਗੋਬਿੰਦ ਸਿੰਘ ਨੇ ਇਨ੍ਹਾਂ ਕੀੜੀਆਂ ਕਾਢਿਆਂ ਵਾਂਗ ਦਲੀਂਦੇ ਮਲੀਂਦੇ ਮਜ਼ਲੂਮਾਂ ਦੀ ਧੀਰ ਬੰਨ੍ਹਾਈ ਇਹ ਆਖ ਕੇ ਕਿ ਵਾਹਿਗੁਰੂ ਦੇ ਹਜ਼ੂਰ ਹਾਥੀ ਦੀ ਪੁਕਾਰ ਪਿਛੋਂ ਪਹੁੰਚਦੀ ਹੈ, ਪਰ ਕੀੜੀ ਦੀ ਵਿਲ੍ਹਕਣੀ, ਹਾਥੀ ਦੀ ਚਿੰਘਾੜ ਬਣ ਕੇ ਉਹਨੂੰ ਪਹਿਲਾਂ ਸੁਣਦੀ ਹੈ। ਪੰਡਤ ਜਗਨ ਨਾਥ, ਪੰਡਿਤ ਰਾਜ ਵਰਗੇ ਕੁਰਾਹੇ ਵਿਦਵਾਨਾਂ ਪ੍ਰਥਾਏ ਜੋ ਮੁਗਲ ਪਾਤਸ਼ਾਹਾਂ ਨੂੰ 'ਜਗਦੀਸ਼ਵਰ' ਆਖ ਕੇ ਉਨ੍ਹਾਂ ਤੋਂ ਸਰਬ ਮਨੋਰਥਾਂ ਦੀ ਆਸ ਰੱਖਦੇ ਸੀ, ਆਪ ਨੇ ਫੁਰਮਾਇਆ ਕਿ ਜੋ ਇਨ੍ਹਾਂ ਚੌਂਹ ਦਿਨਾਂ ਦੇ ਬਾਦਸ਼ਾਹਾਂ ਨੂੰ ਛੱਡ ਕੇ ਅਕਾਲ ਦੀਆਂ ਭਾਰੀ ਭੁਜਾਆਂ ਦੀ ਸ਼ਰਨ ਲੈਂਦਾ ਹੈ ਉਹ ਪੂਰਨ ਪ੍ਰਤਾਪ ਨੂੰ ਪ੍ਰਾਪਤ ਹੁੰਦਾ ਹੈ, ਧਨ ਧਾਮ ਅਤੇ ਪੁੱਤਰਾਂ ਦੇ ਫਲ ਫੁੱਲ ਨਾਲ ਫਲੀਭੂਤ ਹੁੰਦਾ ਹੈ, ਉਹੀ 'ਦੁੱਧ ਪੂਤ ਕੇ ਦੱਵਯਾ' ਤੇ 'ਰੋਗ ਸੋਗ ਕੇ ਮੱਟਯਾ' ਅਤੇ 'ਕੱਟਯਾ ਜਮ ਜਾਲ ਕੇ' ਹਨ।

ਇਹ ਹੈ ਇਸ ਬਾਣੀ ਦਾ ਕੁਝ ਇਤਿਹਾਸਕ ਪੱਖ। ਸਾਹਿਤਕ ਪੱਖ ਤਾਂ ਇੰਨਾ ਪ੍ਰਬਲ ਹੈ ਕਿ ਇਸ ਸਬੰਧੀ ਕੁਝ ਆਖਣਾ ਸੂਰਜ ਨੂੰ ਦੀਵਾ ਦਿਖਾਉਣ ਤੁਲ ਹੈ। ਫੇਰ ਵੀ ਇਸ ਸਿਲਸਿਲੇ ਵਿਚ ਕੁਝ ਆਖਣ ਦਾ ਮੋਹ ਛੱਡਿਆ ਨਹੀਂ ਜਾ ਸਕਦਾ। ਅਨੁਪ੍ਰਾਸ ਥਾਂ ਥਾਂ ਮਿਲਦੇ ਹਨ ਜਿਹਾ ਕਿ-

(1) ਨ ਰਾਗੰ ਨ ਰੰਗੰ ਨਾ ਰੂਪੰ ਨ ਰੇਖੰ।

(2) ਨ ਰਾਯੰ ਨ ਰੰਕੰ, ਨ ਰੁਪੰ ਨ ਰੇਖੰ।

(3) ਅਛੇਦੰ, ਅਭੇਦੰ, ਅਕਰਮੰ ਅਕਾਲੰ।
ਅਖੰਡੰ, ਅੱਭੰਡੰ ਪ੍ਰਚੰਡੰ, ਅਪਾਲੰ।

(4) ਸਦੈਵੰ ਸਦਾ ਸਿੱਧ ਬਿਰਧੰ ਸਰੂਪੇ।

ਛੰਦਾਂ ਦੀ ਚਾਲ ਨਦੀ ਦੇ ਪ੍ਰਵਾਹ ਵਾਂਗ ਅਰੁਕ ਹੈ। ਸ਼ਬਦਾਂ ਦੀ ਜੜਤ ਅਜਿਹੀ ਹੈ ਕਿ ਬਾਲਾਂ ਦੀ ਖੇਲ ਵਾਂਗ ਇਕ ਦੂਸਰੇ ਨੂੰ ਧੱਕਾ ਦੇ ਕੇ ਅਗਾਹ ਵਧਾਉਂਦਾ ਹੈ:

ਤੋਟਕ ਛੰਦ:

ਗਣ ਕਿੰਨਰ ਜੱਛ ਭੁਜੰਗ ਰਚੇ।
ਮਣਿ ਮਾਣਿਕ ਮੋਤੀ ਲਾਲ ਸੁਚੇ।

ਅਨਭੰਜ ਪ੍ਰਭਾ ਅਨਗੰਜ ਬ੍ਰਿਤੰ।
ਜਿਹ ਪਾਰ ਨ ਪਾਵਤ ਪੂਰ ਮਤੰ।੧੬॥੧੫੬।
ਅਨਖੰਡ ਸਰੂਪ ਅਡੰਡ ਪ੍ਰਭਾ।
ਜੈ ਜੰਪਤ ਬੇਦ ਪੁਰਾਨ ਸਭਾ।
ਜਿਹ ਬੇਦ ਕਤੇਬ ਅਨੰਤ ਕਹੈ।
ਜਿਹ ਭੂਤ ਅਭੂਤ ਨ ਭੇਦ ਲਹੈ॥੧੭॥੧੫੭॥

ਬੇਦਾਂ ਪੁਰਾਨਾਂ ਦੀ ਸਭਾ ਲੱਗੀ ਹੋਈ ਗੁਰੂ ਗੋਬਿੰਦ ਸਿੰਘ ਹੀ ਤੱਕ ਸਕਦੇ ਹਨ ਤੇ ਅਸੀਂ ਤਕੀਏ ਉਨ੍ਹਾਂ ਦੇ **ਨਰਾਜ਼ ਛੰਦ** ਦੀ ਚਾਲ ਜਿਸਦਾ ਰਸ ਮਾਨਣ ਲਈ ਵਧੇਰੇ ਉਤਸ਼ਾਹ ਦੀ ਲੋੜ ਹੈ। ਛੰਦ ਤੋਟਕ ਤੋਂ ਲੰਮੇਰਾ ਹੋਣ ਕਰਕੇ ਫੇਫੜਿਆਂ ਦੀ ਕਸਰਤ ਵਧੇਰੀ ਹੁੰਦੀ ਹੈ:

ਅਗੰਜ ਆਦਿ ਦੇਵ ਹੈ ਅਭੰਜ ਭੰਜ ਜਾਨੀਐ।
ਅਭੂਤ ਭੂਤ ਹੈ ਸਦਾ ਅੰਗਜ ਗੰਜ ਮਾਨੀਐ।
ਅਦੇਵ ਦੇਵ ਹੈ ਸਦਾ ਅਭੇਵ ਭੇਵ ਨਾਥ ਹੈ।
ਸਮੱਸਤ ਸਿੱਧ ਬ੍ਰਿੱਧਦਾ ਸਦੀਵ ਸਰਬ ਸਾਥ ਹੈ॥੧॥੧੬੧॥

ਰੂਆਲ ਛੰਦ ਘੋੜੇ ਦੀ ਇਕ ਚਾਲ ਵਾਂਗ ਤੁਰਦਾ ਹੈ–

ਦੇਵ ਭੇਵ ਨ ਜਾਨਹੀ ਜਿਹ ਮਰਮ ਬੇਦ ਕਤੇਬ॥
ਸਨਕ ਅਉ ਸਨਕੇ ਸਨੰਦਨ ਪਾਵਹੀ ਨ ਹਸੇਬ॥
ਜੱਛ ਕਿੰਨਰ ਮੱਤ ਮਾਨਸ ਮੁਰਗ ਉਰਗ ਅਪਾਰ॥
ਨੇਤਿ ਨੇਤਿ ਪੁਕਾਰ-ਹੀ ਸ਼ਿਵ ਸ਼ੱਕ੍ਰ ਔ ਮੁਖ ਚਾਰ॥੨॥੧੮੩॥

ਤੇ ਭੁਜੰਗ ਪ੍ਰਯਾਤ ਛੰਦ ਤੁਰਦਾ ਹੈ ਸੱਪ ਦੀ ਚਾਲ ਤੇ। ਸੱਪ ਸਿੱਧਾ ਨਹੀਂ ਤੁਰਦਾ, ਕਦੀਂ ਮੁੜਦਾ ਹੈ, ਸਿਮਟਦਾ ਹੈ ਤੇ ਫਿਰ ਫੈਲਦਾ ਹੈ। ਇਸ ਛੰਦ ਵਿਚ ਅਨੁਪ੍ਰਾਸ ਜ਼ਰੂਰ ਮਿਲਣਗੇ:

ਕਿਤੇ ਕ੍ਰਿਸ਼ਨ ਸੇ ਕੀਟ ਕੋਟੈ ਉਪਾਏ।
ਉਸਾਰੇ ਗੜ੍ਹੇ ਫੇਰਿ ਮੇਟੇ ਬਨਾਏ।
ਅਗਾਧੇ ਅਭੈ ਆਦਿ ਅਦ੍ਵੈ ਅਬਿਨਾਸੀ।
ਪਰੇਅੰ ਪਰਾ ਪਰਮ ਪੂਰਨ ਪ੍ਰਕਾਸੀ॥੬॥੯੬॥

ਬੀਰ ਰਸੀ ਮਜ਼ਮੂਨ ਵਿਚ ਰਣ ਖੇਤਰ ਦੀ ਝਾਕੀ, 32 ਮਾਤ੍ਰਾਂ ਦੇ **ਦੀਰਘ ਤ੍ਰਿਭੰਗੀ ਛੰਦ** 'ਚੋਂ ਤਕੀਏ, ਹਰ ਚਰਨ ਤ੍ਰੈ ਭਾਗਾਂ (ਹਿੱਸਿਆਂ) ਦਾ ਹੋਣ ਕਰਕੇ ਇਹਨੂੰ ਤ੍ਰਿਭੰਗੀ ਆਖਿਆ ਜਾਂਦਾ ਹੈ:–

ਡਾਵਰੂ ਡਵੰਕੇ ਬਬਰ ਬਵੰਕੇ ਭੁਜਾ ਫਰੰਕੇ ਤੇਜ ਬਰੰ।
ਲੰਕੁੜੀਆਂ ਫਾਧੈ ਆਯੁਧ ਬਾਧੈ ਸੈਨ ਬਿਮਰਦਨ ਕਾਲ ਅਸੁਰੰ।
ਅਸ਼ਟਾਇਧ ਚਮਕੈ ਭੂਖਣ ਦਮਕੈ ਅਤਿ ਸਿਤ ਝਮਕੈ ਫੁੰਕ ਫਨੰ
ਜੈ ਜੈ ਹੋਸੀ ਮਹਖਾਸੁਰ ਮਰਦਨ ਰੰਮ ਕਪਰਦਨ ਦੈਤ ਜਿਣੰ॥੨੧੩॥

ਇਸ ਸ਼ਾਂਤ ਤੇ ਬੀਰ ਰਸ ਭਰਪੂਰ ਬਾਣੀ ਵਿਚ ਜਿਥੇ ਅਧਿਆਤਮਿਕਤਾ ਹੈ, ਉਥੇ ਇਸ ਵਿਚ 12 ਛੰਦਾਂ ਵਿਚ ਅੰਕਿਤ ਬ੍ਰਿਜ਼ ਭਾਸ਼ਾ ਦੀ ਉੱਤਮ ਕਵਿਤਾ ਹੈ, ਜੋ ਆਪਣੇ ਵਿਚ ਹਿੰਦੂ ਦੇਵ ਮਾਲਾ, ਭੂਗੋਲਿਕ, ਵਨਸਪਤੀ, ਪਕਸ਼ੀ ਤੇ ਰਸਾਇਣਕ ਗਿਆਨ ਦਾ ਭੰਡਾਰ ਲੁਕੋਈ ਬੈਠੀ ਹੈ। ਇਸ ਦੀਆਂ ਕਈ ਤੁੱਕਾਂ ਦੀ ਪ੍ਰਿਸ਼ਠ ਭੂਮੀ ਸਮਕਾਲੀ ਇਤਿਹਾਸ ਵਿਚੋਂ ਲੱਭੀ ਜਾ ਸਕਦੀ ਹੈ। ਲੱਖ ਲੱਖ ਪ੍ਰਨਾਮ ਹੈ ਅਜਿਹੀ ਉੱਤਮ ਅਲੌਕਿਕ, ਅਦੁੱਤੀ ਕਵਿਤਾ ਲਿਖਣ ਵਾਲੀ ਸਾਹਿਤਕ ਮੋਤੀ ਖਲੇਰ ਦੀ ਤੇਗ ਜਿਹੀ ਤਿੱਖੀ ਲੇਖਨੀ ਦੇ ਸੁਆਮੀ ਗੋਇਆ ਦੇ ਅੱਜਾਰ ਬੁਤ ਨੂੰ ਜੋ ਰਾਮ, ਸ਼ਿਆਮ, ਗੋਬਿੰਦ, ਦਸਮ ਆਦਿ ਦੀ ਛਾਪ ਹੇਠ ਲਿਖਦਾ ਅਜ ਦੇ ਬੜੇ ਬੜੇ ਆਲਮਾਂ ਦੇ ਦਿਮਾਗਾਂ ਨੂੰ ਚਕਰਾ ਦਿੰਦਾ ਹੈ।

ਗੁਰਮਤਿ ਪ੍ਰਕਾਸ਼; ਜੁਲਾਈ, 1967

ਅਕਾਲ ਉਸਤਤਿ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਅਲੌਕਿਕ ਰਚਨਾਵਾਂ ਵਿਚੋਂ ਅਕਾਲ ਉਸਤਤਿ ਇਕ ਉੱਘੀ ਅਤੇ ਮਹੱਤਤਾ ਭਰਪੂਰ ਰਚਨਾ ਹੈ। ਇਸ ਬਾਣੀ ਨੂੰ ਇਸ ਗੱਲ ਦਾ ਮਾਣ ਪ੍ਰਾਪਤ ਹੈ ਕਿ ਇਸ ਦੇ 10 ਸਵੱਯੇ ਅੰਮ੍ਰਿਤ ਤਿਆਰ ਕਰਨ ਸਮੇਂ ਜਾਪੁ ਸਾਹਿਬ ਸਮੇਤ ਪੜ੍ਹੇ ਜਾਂਦੇ ਹਨ, ਜਿਵੇਂ ਕਿ ਨਿਤਨੇਮ ਵਿਚ। ਇਸੇ ਬਾਣੀ ਦੀ ਰਚਨਾ ਵੇਲੇ ਅਲਬੇਲੇ ਅਤੇ ਮਹਾਨ ਲੋਕ ਕਵੀ ਦੀ ਨਾਜ਼ਕ ਅਤੇ ਸੂਖਕ ਸੁਰਤੀ ਆਪਣੇ ਇਸ਼ਟ ਸੁਹਿਰਦ ਨਾਲ ਅਜਿਹੀ ਜੁੜੀ ਕਿ 'ਤੁਹੀ ਤੁਹੀ' ਦਾ ਅਲਾਪ ਲਿਖਾਰੀ ਤੋਂ, ਆਖਿਆ ਜਾਂਦਾ ਹੈ, 16 ਪੰਨੇ ਲਿਖਵਾ ਗਿਆ*। ਜਦ ਵਜਦ ਅਵਸਥਾ ਸੋਲ੍ਹਾਂ ਘੰਟੇ ਬਾਅਦ ਦੂਰ ਹੋਈ ਤਾਂ ਸਾਰਥਕ ਅਤੇ ਆਦਰਸ਼ ਕਵੀ ਚੂੜਾਮਣੀ ਨੇ ਯਥਾਰਥ ਅਵਸਥਾ ਨੂੰ ਮੁਖ ਰੱਖਦਿਆਂ ਫੁਰਮਾਇਆ ਕਿ 16 ਸਫਿਆਂ ਉਤੇ ਪਸਰੇ ਤੁਹੀ ਹੀ ਤੁਹੀ ਦੇ ਲੇਖ ਨੂੰ ਕੇਵਲ 16 ਵਾਰ ਰਹਿਣ ਦਿੱਤਾ ਜਾਵੇ। ਸਭ ਤੋਂ ਹੈਰਾਨ ਕਰਨ ਵਾਲੀ ਅਤੇ ਮਹੱਤਤਾ ਪੂਰਤ ਗੱਲ ਇਸ ਬਾਣੀ ਬਾਰੇ ਇਹ ਹੈ ਕਿ ਜਿੰਨੀ 'ਬੇਤਰਤੀਬੀ' ਇਸ ਦੀ ਮੌਜੂਦਾ ਸ਼ਕਲ ਵਿਚ ਪਾਈ ਜਾਂਦੀ ਹੈ, ਉਹ ਸ਼ਾਇਦ ਕਿਸੇ ਹੋਰ ਰਚਨਾ ਵਿਚ ਨਾ ਹੋਵੇ। ਸ਼ਾਇਦ ਇਸੇ ਕਰਕੇ ਕਨਿੰਘਮ** ਨੇ ਇਹ ਗ਼ਲਤ ਖਿਆਲ ਬਣਾ ਲਿਆ ਕਿ ਕੇਵਲ ਆਰੰਭਕ ਛੰਦ ਹੀ ਗੁਰੂ ਜੀ ਦੀ ਰਚਨਾ ਹੈ:-

---

* In lines ranging from monosyllabic verse to long and multipedic Swayyas and Kabits, we seem to hear the torrential flow of hill streams or the galloping sweeps of cavalry of the march. His intellect quivers in emotion and breaks out against super stition and hypocrisy into humour, irony, or banter. His emotion, often intellectualised by the memory of wrong done by the past, is raised to the highest pitch of ecstasy when he communes with God. In his Akal ustat, when he comes to address the divine being, he looses himself in the word (tuhi)-Thou, which he repeats Sixteen times. (A short history of Sikhs, p-59)

** Akalustat or the praises of Almighty-a hymn commonly read in the morning. It occupies 23 pages, and the initiatry verse alone is the composition of Gobind""

(History of the Sikhs,2nd Edition, appendix XVIII)

ਇਸ ਬੇਤਰਤੀਬੀ ਦਾ ਮੁਖ ਕਾਰਨ ਇਹ ਹੋ ਸਕਦਾ ਹੈ ਕਿ ਆਨੰਦਪੁਰ ਤਿਆਗ ਸਮੇਂ ਵੈਰੀਆਂ ਵਲੋਂ ਜੋ ਮਾਰ ਧਾੜ ਹੋਈ, ਉਸ ਵਿਚ ਗੁਰੂ ਸਾਹਿਬ ਅਤੇ ਦਰਬਾਰੀਆਂ ਕਵੀਆਂ ਦੀ ਰਚਨਾ ਦੇ ਨਾਲ ਨਾਲ ਹੋਰ ਵੀ ਕਈ ਅਮੁਲ ਲਿਖਤਾਂ ਗੁੰਮ ਹੋ ਗਈਆਂ। ਪਿਛੋਂ ਭਾਈ ਮਨੀ ਸਿੰਘ ਜੀ ਨੇ ਥਾਂ ਪੁਰ ਥਾਂ ਭਾਲ ਕਰ ਕੇ ਬਾਣੀ ਇਕੱਠੀ ਕੀਤੀ, ਪਰ 1717 ਤੱਕ ਉਨ੍ਹਾਂ ਨੂੰ ਇਹ ਬਾਣੀ ਪ੍ਰਾਪਤ ਨਾ ਹੋ ਸਕੀ ਜਿਹਾ ਕਿ ਉਨ੍ਹਾਂ ਦੀ ਹੇਠ ਦਿੱਤੀ, ਚਿੱਠੀ ਤੋਂ ਮਾਲੂਮ ਹੁੰਦਾ ਹੈ, ਜੋ ਉਨ੍ਹਾਂ ਮਾਤਾ ਸੁੰਦਰੀ ਜੀ ਵਲ ਸ੍ਰੀ ਅੰਮ੍ਰਿਤਸਰ ਤੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ (9 ਜੂਨ 1716) ਤੋਂ ਬਾਦ ਲਿਖੀ।

ੴ ਅਕਾਲ ਸਹਾਏ ॥

ਪੂਜ ਮਾਤਾ ਜੀ ਦੇ ਚਰਨਾ ਪੁਰ ਮਨੀ ਸਿੰਘ ਕੀ ਡੰਡੌਤ ਬੰਦਨਾ ॥ ਬਹੁਰੋ ਸਮਾਚਾਰ ਵਾਚਨਾ ਕਿ ਇਧਰ ਆਉਨ ਪਰ ਸਾਡਾ ਸਰੀਰੁ ਵਾਯੂ ਕਾ ਅਧਿਕ ਵਿਕਾਰੀ ਹੋਇ ਗਿਆ ਹੈ। ਸੁਅਸਤ ਨਹੀਂ ਰਹਿਆ। ਤਾਪ ਕੀ ਕਥਾ ਦੋ ਬਾਰ ਸੁਨੀ। ਪਰ ਮੰਦਰ ਕੀ ਸੇਵਾ ਮੇਂ ਕੋਈ ਆਲਕ ਨਾਹੀ। ਦੇਸੁ ਵਿਚਿ ਖਾਲਸੇ ਦਾ ਬਲੁ ਛੂਟਿ ਗਇਆ ਹੈ। ਸਿੰਘ ਪਰਬਤਾਂ ਬਬਾਨਾਂ ਵਿਚ ਜਾਇ ਬਸੇ ਹੈਨ। ਮਲੇਛੌਂ ਕੀ ਦੇਸ਼ ਮੇਂ ਦੋਹੀ ਹੈ। ਬਸਤੀ ਮੇਂ ਬਾਲਕ ਜੁਵਾ ਇਸਤਰੀ ਸਲਾਮਤ ਨਾਹੀ। ਮੁਛੁ ਮੁਛੁ ਕਰਿ ਮਾਰਦੇ ਹੈਨ। ਗੁਰੂ ਦਰੋਹੀ ਬੀ ਉਨ੍ਹਾਂ ਦੇ ਸੰਗ ਮਿਲ ਗਏ ਹੈਨ। ਹੰਦਾਲੀਏ ਮਿਲਿ ਕਰ ਮੁਕਬਰੀ ਕਰਦੇ ਹੈਨ। ਸਬੀ ਚਕੁ ਛੋੜ ਗਏ ਹੈਨ। ਮੁਤਸਦੀ ਭਾਗ ਗਏ ਹੈਨ। ਸਾਡੇ ਪਰ ਅਬੀ ਤੋ ਅਕਾਲ ਕੀ ਰਛਾ ਹੈ। ਕਲ ਕੀ ਖਬਰ ਨਾਹੀ। ਸਾਹਿਬਾਂ ਦੇ ਹੁਕਮ ਅਟਲ ਹੈਨ। ਬਿਨੋਦ ਸਿੰਘ ਦੇ ਪੁਤਰੇਲੇ ਦਾ ਹੁਕਮ ਸਤੁ ਹੋਇ ਗਇਆ ਹੈ। ਪੋਥੀਆਂ ਜੋ ਝੰਡਾ ਸਿੰਘ ਹਥ ਭੇਜੀ ਥੀਂ ਉਨ੍ਹਾਂ ਵਿਚ ਸਾਹਿਬਾਂ ਦੇ 303 ਚਰਿੱਤਰ ਉਪਖਿਆਨ ਦੀ ਪੋਥੀ ਜੋ ਹੈ ਸੋ ਸੀਹਾਂ ਸਿੰਘ ਨੂੰ ਮਹਲ ਵਿਚਿ ਦੇਨਾ ਜੀ। ਨਾਮ ਮਾਲਾ ਕੀ ਪੋਥੀ ਦੀ ਖਬਰ ਅਬੀ ਮਿਲੀ ਨਾਹੀ। ਕਰਿਸਨਾਵਤਾਰ ਪੂਰਬਾਰਧ ਤੋ ਮਿਲਾ ਉਤਰਾਧ ਨਾਹੀ। ਜੇ ਮਿਲਾ ਅਸੀਂ ਭੇਜ ਦੇਵਾਂਗੇ। ਦੇਸ ਵਿਚ ਗੋਗਾ ਹੈ ਕਿ ਬੰਦਾ ਬੰਧਨ ਮੁਕਤ ਹੋਇ ਭਾਗ ਗਇਆ ਹੈ ਸਾਹਿਬ ਬਾਹੁੜੀ ਕਰਨਗੇ। ਤੋਲਾ 5 ਸੋਨਾ ਸਾਹਿਬਜ਼ਾਦੇ ਕੀ ਘਰਨੀਕੇ ਆਭੂਖਨ ਲਈ ਗੁਰੂ ਕਿਆਂ ਖੰਡੂਰ ਸੇ ਭੇਜਾ ਹੈ। 17 ਰਜਤਪਨ ਵੀ ਝੰਡਾ ਸਿੰਘ ਸੇ ਭਰ ਪਾਨੇ। ਪੰਜ ਰਜਤਪਨ ਇਸੇ ਤੋਸ਼ਾ ਦੀਆ। ਇਸ ਨੂੰ ਬਦਰਕਾ ਬੀ ਹੈ। ਇਸ ਸੇ ਉਠ ਜਾਵੇਗੇ। ਮੁਤਸਦੀਓਂ ਨੇ ਹਿਸਾਬ ਨਾਹੀ ਦੀਆ। ਜੋ ਦੇਂਦੇ ਤਾਂ ਬੜੇ ਸ਼ਹਿਰ ਸੇ ਹੁੰਡੀ ਕਰਾਇ ਭੇਜਦੇ। ਅਸਾਡੇ ਸਰੀਰ ਦੀ ਰਛਿਆ ਰਹੀ ਤਾਂ ਕੁਆਰ ਦੇ ਮਹੀਨੇ ਆਵਾਂਗੇ। ਮਿਤੀ 22 ਵੈਸਾਖ। ਦਸਖਤ ਮਨੀ ਸਿੰਘ ਗੁਰੂ ਚਕੁ ਬੰਗਾ। ਜੁਆਬ ਪੋਰੀ ਮੇਂ।

ਕੁਦਰਤੀ ਗੱਲ ਸੀ ਕਿ ਇਸ ਹਲਚਲੀ ਦੇ ਜ਼ਮਾਨੇ ਵਿਚ ਜਦ ਭਾਈ ਸਾਹਿਬ ਨੂੰ ਇਹ ਬਾਣੀ ਮਿਲੀ ਤਾਂ ਅਘੜ ਦੁਘੜੀ ਤੇ ਅਪੂਰਨ ਮਿਲੀ।

ਵਜਹ ਤਸਮੀਅਹ

ਇਸ ਦੇ ਨਾਮ ਬਾਰੇ ਦੱਸਿਆ ਜਾਂਦਾ ਹੈ ਕਿ ਅਸਲ ਵਿਚ ਇਸ ਉਤੇ ਸਿਰਲੇਖ ਕੋਈ ਨਹੀਂ ਸੀ। ਸਿਰਲੇਖ ਗ਼ਾਲਿਬਨ ਭਾਈ ਮਨੀ ਸਿੰਘ ਜੀ ਨੇ ਦਿੱਤਾ ਕਿਉਂਕਿ ਰਲਦਾ ਮਿਲਦਾ ਸਿਰਲੇਖ ਬਚਿੱਤਰ ਨਾਟਕ ਦੇ ਆਰੰਭ ਵਿਚ ਵੀ ਆਉਂਦਾ ਹੈ 'ਸ੍ਰੀ ਕਾਲ ਜੀ ਕੀ

ਉਸਤਤਿ'। ਇਸ ਬਾਣੀ ਦਾ ਮੌਜੂਦਾ ਨਾਮ ਇਸ ਦੇ ਆਦਿ ਅੰਤ ਦੇ ਅੱਖਰਾਂ ਤੋਂ ਲਿਆ ਗਿਆ ਜਾਪਦਾ ਹੈ। ਸ਼ੁਰੂ ਵਿਚ ਆਇਆ ਹੈ 'ਅਕਾਲ ਪੁਰਖ ਕੀ ਰਛਾ ਹਮਨੈ।' ਅਤੇ ਅੰਤ ਵਿਚ 'ਉਸਤਤਿ ਸੰਪੂਰਨ'। ਉਤਾਰਾ ਕਰਨ ਸਮੇਂ ਬੀੜਾਂ ਵਿਚ ਸਿਰਲੇਖ ਇਕਸਾਰ ਨਹੀਂ ਰਹੇ। ਭਾਈ ਮਨੀ ਸਿੰਘ ਜੀ ਨੇ 1782-83 ਬਿ: ਵਿਚ ਦੂਜੀ ਵਾਰ ਸ੍ਰੀ ਅੰਮ੍ਰਿਤਸਰ ਜੀ ਆ ਕੇ ਦਸਮ ਗ੍ਰੰਥ ਦੀ ਜੋ ਬੀੜ ਬੱਧੀ, ਉਸ ਵਿਚ ਉਨ੍ਹਾਂ ਸਿਰਲੇਖ ਦਿੱਤਾ 'ਅਕਾਲ ਉਸਤਤਿ' ਅਤੇ ਇਸ ਬਾਣੀ ਨੂੰ ਪੰਜਵੇਂ ਥਾਂ (ਜਾਪ, ਬਚਿੱਤਰ ਨਾਟਕ, ਸ਼ਸਤਰ ਨਾਮ ਮਾਲਾ ਅਤੇ ਗਿਆਨ ਪ੍ਰਬੰਧ ਤੋਂ ਬਾਅਦ) ਦਰਜ ਕੀਤਾ, ਸ਼ਾਇਦ ਇਸ ਲਈ ਕਿ ਪਿਛੋਂ ਦੀ ਲੱਭਤ ਸੀ, ਜੋ ਬੀੜ ਮਹਾਰਾਜਾ ਸਰੂਪ ਸਿੰਘ ਜੀ ਨਰੇਸ਼ ਨੂੰ 1857 ਈ: ਦੇ ਗਦਰ ਸਮੇਂ ਪ੍ਰਾਪਤ ਹੋਈ ਉਸ ਵਿਚ ਇਹ ਬਾਣੀ ਜਾਪ ਅਤੇ ਸ਼ਸਤਰ ਨਾਮ ਮਾਲਾ ਤੋਂ ਬਾਦ ਤੀਜੇ ਥਾਂ ਦਰਜ ਹੈ ਤੇ ਸਿਰਲੇਖ ਹੈ 'ਅਕਾਲ ਪੁਰਖ ਕੀ ਉਸਤਤਿ'। 'ਪਟਨੇ ਜੀ ਦੀ ਮਿਸਲ' ਦਾ ਜੋ ਉਤਾਰਾ 1821-22 ਸੰਮਤ ਵਿਚ ਕੀਤਾ ਗਿਆ ਅਤੇ ਸ੍ਰੀ ਅਕਾਲ ਬੁੰਗਾ ਅੰਮ੍ਰਿਤਸਰ ਦੇ ਤੋਸ਼ੇਖਾਨੇ ਵਿਚ ਬਿਰਾਜਮਾਨ ਹੈ, ਉਸ ਵਿਚ ਵੀ ਇਸੇ ਕ੍ਰਮ ਅਨੁਸਾਰ ਤੀਜੇ ਥਾਂ ਵਿਦਮਾਨ ਹੈ ਤੇ ਸਿਰਲੇਖ ਹੈ 'ਉਸਤਤਿ ਸ੍ਰੀ ਅਕਾਲ ਜੀ ਕੀ (ਦਸਵੇਂ ਪਾਤਸ਼ਾਹ ਕੇ ਗ੍ਰੰਥ ਦਾ ਇਤਿਹਾਸ, ਰਚਿਤ: ਰਣਧੀਰ ਸਿੰਘ ਰੀਸਰਚ ਸਕਾਲਰ, ਸਫ਼ਾ 41-45)। ਕੁਝ ਵੀ ਹੋਵੇ ਅਕਾਲ ਪੂਜਕ ਗੁਰੂ ਦੀ ਇਹ ਮਹਾਨ ਅਤੇ ਅਹਿਮ ਰਚਨਾ ਆਪਣੇ ਵਿਸ਼ੇ ਅਨੁਸਾਰ 'ਅਕਾਲ ਉਸਤਤਿ' ਢੁਕਵੇਂ ਨਾਓਂ ਨਾਲ ਹੀ ਪ੍ਰਸਿੱਧ ਹੋਈ।

ਰਚਨਾ ਕਾਲ ਤੇ ਤਰਤੀਬ

ਚੂੰਕਿ ਇਸ ਬਾਣੀ ਦੇ ਦਸ ਸਵੈਯੇ 1699 ਦੀ ਵਿਸਾਖੀ ਦੇ ਦਿਨ ਅੰਮ੍ਰਿਤ ਤਿਆਰ ਕਰਨ ਸਮੇਂ ਉਚਾਰੇ ਗਏ, ਇਸ ਲਈ ਇਸ ਦਾ ਰਚਨਾ ਕਾਲ ਉਸ ਸਮੇਂ ਤੋਂ ਪਹਿਲਾਂ ਦਾ ਹੈ। ਪ੍ਰੋਫ਼ੈਸਰ ਸਾਹਿਬ ਸਿੰਘ ਇਹ ਬਾਣੀ ਸਤਿਗੁਰੂ ਜੀ ਦੇ ਪਾਉਂਟੇ ਨਿਵਾਸ (1678-87) ਸਮੇਂ ਰਚੀ ਗਈ ਦਸਦੇ ਹਨ। ਪਰ ਦਸਵੇਂ ਪਾਤਸ਼ਾਹ ਗ੍ਰੰਥ ਦਾ ਇਤਿਹਾਸ ਦੇ ਕਰਤਾ ਅਨੁਸਾਰ ਇਹ ਰਚਨਾ ਪਾਉਂਟੇ ਤੋਂ ਆਉਣ ਬਾਦ ਅਨੰਦਪੁਰ ਸਾਹਿਬ ਵਿਚ ਰਚੀ ਗਈ। ਇਸ ਸੰਬੰਧ ਵਿਚ ਸਰਦਾਰ ਰਣਧੀਰ ਸਿੰਘ ਲਿਖਦੇ ਹਨ, ਜੁਧ ਪ੍ਰਬੰਧ ਲਿਖ ਕੇ ਕ੍ਰਿਸ਼ਨ ਕਥਾ ਦਾ ਪ੍ਰਸੰਗ ਸੰਪੂਰਨ ਕਰ ਦਿੱਤਾ ਗਿਆ ਸੀ। ਏਦੂੰ ਅੱਠ ਨੌਂ ਮਹੀਨੇ ਮਗਰੋਂ ਹੀ ਆਉਂਦੇ ਵੈਸਾਖ ਸੰਮਤ ਸਤਾਰਾਂ ਸੌ ਛਿਤਾਲੀਹ (ਅਪ੍ਰੈਲ 1689 ਈ:) ਵਿਚ ਗੁਰੂ ਜੀ ਨੂੰ ਭੰਗਾਣੀ ਜੁਧ ਲੜਨਾ ਪੈ ਗਿਆ। ਅਰੁ ਉਸ ਵਿਚ ਸਤਿਗੁਰਾਂ ਨੂੰ ਫਤਿਹ ਪ੍ਰਾਪਤਿ ਹੋਈ, ਭੀਮ ਚੰਦ ਹੋਰੀਂ ਹਾਰ ਕੇ ਅਧੀਨਗੀ ਮੰਨ ਗਏ। ਇਸ ਪੁਰ ਸਿੱਖਾਂ ਨੂੰ ਏਨਾ ਚਾਉ ਚੜ੍ਹਿਆ ਕਿ ਗੁਰੂ ਸਾਹਿਬ ਦੇ ਆਪਣੇ ਕਥਨ ਅਨੁਸਾਰ- 'ਜੁਧ ਜੀਤਿ ਆਏ ਜਬੈ ਟਿਕੈ ਨ ਤਿਨ ਪੁਰਿ ਪਾਵ' ਇਸ ਲਈ ਸਤਿਗੁਰਾਂ-'ਕਹਿਲੂਰ ਮਹਿ ਬਾਂਧਿਓ ਆਨ ਅਨੰਦਪੁਰ ਗਾਂਵ'। ਇਉਂ ਆਪ ਪਾਂਵਟੇ ਤੋਂ ਮੁੜ ਸੰਮਤ ਸਤਾਰਾਂ ਸੈ ਛਿਤਾਲੀ ਕਤਿਕ-ਮੱਘਰ (ਅਕਤੂਬਰ-ਨਵੰਬਰ 1689 ਈ:) ਵਿਚ ਹੀ ਮਾਖੋਵਾਲ ਆ ਬਿਰਾਜੇ। ਅਨੰਦਗੜ੍ਹ ਆਦਿ ਹਿਫ਼ਾਜ਼ਤੀ ਕਿਲ੍ਹੇ ਬਣਾ ਕੇ ਨਵੀਂ ਬਸਤੀ ਦਾ ਨਾਮ ਆਨੰਦਪੁਰ ਰੱਖਿਆ ਵਸ ਰਹੀ ਨਗਰੀ ਵਿਚ ਹਰ ਖ਼ਿਆਲ ਤੇ ਹਰ ਕਸਬ ਦੇ ਲੋਕੀਂ ਆ ਕੇ ਆਬਾਦ ਹੋਣ ਲੱਗੇ। ਸਤਿਗੁਰਾਂ ਦੀ ਪਹਿਲੇ ਧਰਮ ਜੁਧ ਵਿਚ ਹੀ ਸ਼ਾਨਦਾਰ ਫਤਿਹ ਸੁਣ ਕੇ ਲੋਕੀਂ ਹੈਰਾਨ ਹੁੰਦੇ ਤੇ ਦੂਰੋਂ ਦੂਰੋਂ ਦਰਸ਼ਨਾਂ ਅਰੁ ਖ਼ਿਆਲਾਂ ਦਾ ਵਟਾਂਦਰਾ ਕਰਨ ਆਉਂਦੇ ਸਨ। ਹਰ ਮਜ਼ਹਬ ਅਰੁ

ਫਿਰਕੇ ਦੇ ਮੋਢੀ-ਮੁਖੀਏ, ਸਾਧੂ-ਸੰਤ, ਪੀਰ ਫ਼ਕੀਰ ਅਤੇ ਰਾਜਸੀ ਨੇਤਾ ਵੀ ਆ ਕੇ ਆਰਥਕ ਤੇ ਪਰਮਾਰਥਕ ਚਰਚਾ-ਵਿਚਾਰ ਕਰਦੇ ਸਨ, ਇਨ੍ਹਾਂ ਬਹਿਸਾਂ ਵਿਚਾਰਾਂ ਵਿਚ ਪ੍ਰਗਟ ਹੋਏ ਨੁਕਤੇ ਸੱਚੇ ਪਾਤਸ਼ਾਹ ਨੇ ਅਕਾਲ ਉਸਤਤਿ ਸਿਰਨਾਵੇਂ ਹੇਠ ਛਪੇ ਵਿਕੋਲਿਤਰੇ ਛੰਦਾਂ ਵਿਚ ਗੁੰਦੇ ਹਨ। ਇਨ੍ਹਾਂ ਛੰਦਾਂ ਦੀ ਕੁਲ ਗਿਣਤੀ 272 ਹੋ ਗਈ ਹੈ। ਪਰ ਇਹ ਸਾਰੇ ਇਕੋ ਸਮੇਂ ਇਕੱਠੇ ਨਹੀਂ ਰਚੇ ਗਏ। 11ਵੇਂ ਤੋਂ 150ਵੇਂ ਤਕ ਸੰਮਤ ਸਤਾਰਾਂ ਸੌ ਤ੍ਰਿਵੰਜਾ ਤੋਂ ਪਹਿਲਾਂ, 151 ਤੋਂ 160 ਤਕ ਦਸ ਸ੍ਵੈਯੇ 'ਸੀਸ ਭੇਟ ਵੈਸਾਖੀ ਦੇ ਮੌਕੇ, ਏਦੂੰ ਅਗਲੇ 200 ਤੱਕ ਸੰਮਤ ਸਤਾਰਾਂ ਸੈ 54-55 ਬਿ: ਵਿਚ ਅਤੇ 201 ਤੋਂ, ਅਗਲੇ ਸਾਰੇ 'ਵਿਚਿਤ੍ਰ ਨਾਟਕ' ਗ੍ਰੰਥ ਦੀ ਉਥਾਨਕਾਂ ਵਜੋਂ ਸੰਮਤ ਸਤਾਰਾਂ ਸੈ ਪਚਵੰਜਾਹ ਬਿ: (1698 ਈ:) ਵਿਚ ਤਿਆਰ ਹੋਏ ਸਹੀ ਹੁੰਦੇ ਹਨ ਅਰੁ ਮੁਢਲੀਆਂ ਦਸ ਚੌਪਈਆਂ 'ਵਿਚਿਤ੍ਰ ਨਾਟਕ' ਗ੍ਰੰਥ ਸੰਪੂਰਨ ਕਰਨ ਸਮੇਂ-ਸੰਮਤ ਸਤਾਰਾਂ ਸੈ ਪਚਵੰਜਾਹ ਜੇਠ ਮਹੀਨੇ ਅੰਦਰ ਲਿਖੀਆਂ ਹਨ।'

ਬਾਣੀ ਦੇ ਅੰਤਮ ਛੰਦ ਦੀ ਅਪੂਰਨਤਾ ਦੱਸਦੀ ਹੈ ਕਿ ਇਹ ਆਪਣੇ ਅਸਲੀ ਰੂਪ ਵਿਚ ਪੂਰੀ ਪ੍ਰਾਪਤ ਨਹੀਂ ਹੋਈ, 271ਵੇਂ ਛੰਦ ਤੋਂ ਬਾਦ ਅੱਧਾ ਛੰਦ ਨਿਮਨ ਲਿਖਤ ਅਨੁਸਾਰ ਹੈ ਅਤੇ ਇਸ 'ਤੇ ਕੋਈ ਅੰਕ ਨਹੀਂ ਦਿੱਤਾ ਗਿਆ:

ਸਾਤੋ ਅਕਾਸ਼ ਸਾਤੋ ਪਤਾਰ।
ਬਿਥਰਿਓ ਅਦ੍ਰਿਸ਼ਟ ਜਿਹ ਕਰਮ ਜਾਰਿ॥ ਉਸਤਤਿ ਸੰਪੂਰਨ॥

ਪੰਡਤ ਨਰੈਣ ਸਿੰਘ ਜੀ ਗਿਆਨੀ, ਵਿਦਿਆ ਮਾਰਤੰਡ ਆਪਣੇ ਸ੍ਰੀ ਦਸਮ ਗ੍ਰੰਥ ਦੇ ਟੀਕੇ ਵਿਚ ਲਿਖਦੇ ਹਨ ਕਿ ਇਹ ਅਪੂਰਨਤਾ ਦਸਮੇਸ਼ ਜੀ ਨੇ ਜਾਣ ਬੁੱਝ ਕੇ ਅਕਾਲ ਦੀ ਸੰਪੂਰਨ ਉਸਤਤ ਨਾ ਕਰ ਸਕਣ ਦੀ ਅਸਮਰੱਥਾ ਵਜੋਂ ਪ੍ਰਗਟ ਕੀਤੀ ਹੈ। ਪਰ ਜੇ ਅਜਿਹਾ ਹੁੰਦਾ ਤਾਂ ਇਸ ਅੰਤਮ ਅਤੇ ਅਧੂਰੇ ਛੰਦ 'ਤੇ ਅਗਲਾ ਅੰਕ 272 ਜ਼ਰੂਰ ਹੁੰਦਾ। 200 ਤੋਂ 230 ਤਕ ਦੇ ਛੰਦਾਂ ਵਿਚ ਪਹਿਲਾਂ 200 ਤੋਂ 210 ਤੱਕ ਦੇ 10 ਸਵਾਲੀਆ ਦੋਹਰੇ ਹਨ ਜਿਨ੍ਹਾਂ ਦੇ ਜਵਾਬ ਦਰਜ ਨਹੀਂ, 211 ਤੋਂ 220 ਤੱਕ ਤ੍ਰਿਭੰਗੀ ਛੰਦ ਇਕ ਕਾਂਸ਼ੀ ਦੇ ਪੰਡਿਤ ਰਾਮ ਕ੍ਰਿਸ਼ਨ ਦੇ ਭਗਵਤੀ ਪਦਯੰ ਪੁਸ਼ਪਾਂਜਲੀ ਸਤੋਤਰ ਦਾ ਉਲੇਖਾ ਯੁਕਤ ਸੁਲੇਖਾਲੰਕਾਰ ਵਿਚ ਅਨੁਵਾਦ ਹੈ। ਮੂਲ ਰਚਨਾ ਵਿਚ ਇਸ ਦੇ ਤੀਹ ਛੰਦ ਹਨ ਪਰ ਇਸ ਦੇ ਕੇਵਲ ਵੀਹ ਹਨ। ਪ੍ਰਤੀਤ ਹੁੰਦਾ ਹੈ ਕਿ ਇਹ ਵੀਹ ਛੰਦ ਚੰਡੀ ਚਰਿੱਤਰ ਦੂਜੇ ਦੇ ਸੱਤਵੇਂ ਅਧਿਆਏ ਵਿਚ ਆਉਣੇ ਚਾਹੀਦੇ ਹਨ ਜਿਥੇ 'ਦੇਬੀ ਜੂ ਕੀ ਉਸਤਤਿ' ਦਾ ਲੇਖ ਹੈ।

ਸਵਾਲੀਆ ਦੋਹਰੇ

ਇਨ੍ਹਾਂ ਦੋਹਰਿਆਂ ਦਾ ਅਰਥ ਪੰਡਿਤ ਨਰੈਣ ਸਿੰਘ ਜੀ ਨੇ ਪ੍ਰਸ਼ਨੋਤਰੀ ਅਲੰਕਾਰ ਨਾਲ ਕੀਤਾ ਹੈ। ਇਸ ਨੂੰ ਪ੍ਰਹੇਲਕਾ ਵੀ ਦੱਸਿਆ ਗਿਆ ਹੈ ਜਿਸ ਦੇ ਭੇਦ ਕਥਨ ਕੀਤੇ ਗਏ ਹਨ। (1) ਅਰਥ ਪ੍ਰਹੇਲਕਾ ਜਿਸ ਵਿਚ ਇਕੋ ਪਦ ਨਾਲ ਅਨੇਕਾਂ ਪ੍ਰਸ਼ਨਾਂ ਦਾ ਉਤਰ ਦਿੱਤਾ ਜਾਵੇ ਅਤੇ (2) ਵਰਨ ਪ੍ਰਹੇਲਕਾ ਜਿਸ ਵਿਚ ਪ੍ਰਸ਼ਨ ਦਾ ਉੱਤਰ ਪ੍ਰਸ਼ਨਾਂ ਦੇ ਵਿਚ ਹੀ ਵਰਨਣ ਕੀਤਾ ਜਾਵੇ। ਵਰਨ ਪ੍ਰਹੇਲਕਾ ਦੇ ਅੱਗੇ ਦੋ ਭਾਗ ਹਨ, (ੳ) ਅੰਤਰ ਲਾਪਿਕਾ-ਉੱਤਰ ਪ੍ਰਸ਼ਨ ਵਿਚੋਂ ਹੀ ਲੱਭਣ ਅਤੇ (ਅ) ਬਾਹਰ ਲਾਪਿਕਾ-ਪ੍ਰਸ਼ਨ ਦਾ ਉੱਤਰ ਬਾਹਰੋਂ ਦੇਣਾ। ਉੱਤਰ ਇਉਂ ਦਿੱਤੇ ਗਏ ਹਨ-

(1) ਏਕ ਸਮੈ ਸ੍ਰੀ ਆਤਮਾ ਉਚਰਿਓ ਮਤ ਸਿਉ ਬੈਨ।

ਸਭ ਪ੍ਰਤਾਪ ਜਗਦੀਸ਼ ਕੋ ਕਹੋ ਸਕਲ ਬਿਧ ਤੈਨ। ੨੦੧॥

ਇਕ ਵਾਰ ਸ੍ਰੀ ਆਤਮਾ ਜੀ ਨੇ ਬੁਧੀ ਨੂੰ ਕਿਹਾ ਜੋ ਸਾਰੇ ਜਗਤ ਦਾ ਮਾਲਕ ਹੈ, ਉਸ ਦਾ ਪ੍ਰਤਾਪ ਮੈਨੂੰ ਦੱਸ। ਬੁਧੀ ਨੇ ਉਤਰ ਦਿੱਤਾ, ਤੂੰ ਹੀ ਸਭ ਤਰ੍ਹਾਂ ਨਾਲ ਉਸ ਦਾ ਪ੍ਰਤਾਪ ਹੈਂ, ਕਿਉਂਕਿ ਤੂੰ ਰਾਮ ਦੀ ਅੰਸ਼ ਹੈਂ ਅਤੇ ਅੰਸ਼ੀ ਅੰਸ਼ ਤੋਂ ਭਿੰਨ ਨਹੀਂ।

(2) ਕੋ ਆਤਮਾ ਸਰੂਪ ਹੈ ਕਹਾ ਸ੍ਰਿਸ਼ਟ ਕੋ ਬਿਚਾਰ।

ਕਉਨ ਧਰਮ ਕੋ ਕਰਮ ਹੈ ਕਹੋ ਸਕਲ ਬਿਸਥਾਰ।੨੦੨।

ਇਹ ਪੰਜਾਂ ਪ੍ਰਸ਼ਨਾਂ ਦਾ ਉੱਤਰ ਅੰਤਲੇ ਪਦਾਂ 'ਸਕਲ ਬਿਸਥਾਰ' ਵਿਚ ਹੈ।

(3) ਕਹ ਜੀਤਬ ਕਹ ਮਰਨ ਹੈ ਕਵਨ ਸੁਰਗ ਕਹ ਨਰਕ।

ਕੋ ਸੁਘੜਾ ਕੋ ਮੂੜਤਾ ਕਹਾ ਤਰਕ ਅਵਤਰਕ ॥203॥

ਇਨ੍ਹਾਂ ਛਿਆਂ ਪ੍ਰਸ਼ਨਾਂ ਦਾ ਉਤਰ ਅੰਤਲੇ ਪਦਾਂ 'ਤਰਕ ਅਵਤਰਕ' 'ਚੋਂ ਇਉਂ ਸਪੱਸ਼ਟ ਕੀਤਾ ਹੈ:-

(ੳ) ਜੀਵਨ ਕੀ ਹੈ ? **ਤਰਕ (ਤਰ+ਕ=ਗਤਿ+ਚਾਲਕ) ਪੌਣ, ਸੁਆਸ।**

(ਅ) ਮੌਤ ਕੀ ਹੈ ? **ਅਵਤਰਕ, ਤਰਕ ਦਾ ਉਲਟ, ਸੁਆਸ ਜਾਂ ਪੌਣ ਦਾ ਰੁਕਣਾ।**

(ੲ) ਸੁਰਗ ਕੀ ਹੈ ? **ਤਰਕ, ਸੋਚ ਵਿਚਾਰ।**

(ਸ) ਨਰਕ ਕੀ ਹੈ ? **ਅਵਤਰਕ ਵਿਚਾਰਹੀਣ ਅਵਸਥਾ।**

(ਹ) ਸੁਘੜ ਕੌਣ ਹੈ ? **ਤਰਕ, ਵਿਚਾਰ ਵਾਲਾ।**

(ਕ) ਮੂੜ੍ਹ ਕੌਣ ਹੈ ? **ਅਵਤਰਕ, ਵਿਚਾਰਹੀਣ।**

(4) ਕੋ ਨਿੰਦਾ ਜਸ ਹੈ ਕਵਨ ਕਵਨ ਪਾਪ ਕਹ ਧਰਮ।

ਕਵਨ ਜੋਗ ਕੋ ਭੋਗ ਹੈ ਕਵਨ ਕਰਮ ਅਪਕਰਮ।੨੦੪॥

ਇਨ੍ਹਾਂ ਅੱਠਾਂ ਪ੍ਰਸ਼ਨਾਂ ਦੇ ਉਤਰ ਇਨ੍ਹਾਂ ਵਿਚ ਗੋਂਦਬੰਦ ਤ੍ਰੀਕੇ ਨਾਲ ਲੁਕੇ ਹੋਏ ਹਨ ਅਤੇ ਗਤਾਗਤੀ ਢੰਗ ਨਾਲ ਲੱਭੇ ਗਏ ਹਨ।

(1) ਨਿੰਦਾ ਕੀ ਹੈ ? **ਅਪਕਰਮ।**

(2) ਅਪਕਰਮ ਕੀ ਹੈ ? **ਨਿੰਦਾ।**

(3) ਜਸ ਕੀ ਹੈ ? **(ਸ਼ੁਭ) ਕਰਮ**

(4) ਕਰਮ ਕੀ ਹੈ ? **(ਹਰਿ) ਜਸ ਕਰਨਾ।**

(5) ਪਾਪ ਹੈ **(ਅਨੁਚਿਤ ਭੋਗ)।**

(6) ਭੋਗ ਹੈ: **ਪਾਪ।**

(7) ਧਰਮ ਕੀ ਹੈ ? **ਜੋਗ ਤੇ**

(8) ਜੋਗ ਹੈ ਧਰਮ।

(5) ਕਹੋ ਸੁ ਸਮ ਕਾਸੋ ਕਹੈ ਦਸ ਕੋ ਕਹਾ ਕਹੰਤ

ਕੋ ਸੂਰਾ ਦਾਤਾ ਕਵਨ ਕਹੋ ਤੱਤ ਕੋ ਮੰਤ। ੨੦੫॥

ਇਸ ਵਿਚਲੇ ਚੌਹਾਂ ਪ੍ਰਸ਼ਨਾਂ ਦੇ ਉਤਰ ਤੰਤ ਅਤੇ ਮੰਤ ਹਨ:-

(ੳ) ਸਰਮ (ਸ੍ਰਮ)=ਤੰਤ (ਯਤਨ) ਨੂੰ ਸ੍ਰਮ (ਮਿਹਨਤ) ਕਹੀਦਾ ਹੈ।

(ਅ) ਮੰਤ (ਸਿਮਰਨ) ਦਾ ਨਾਮ ਹੀ ਦਮ ਹੈ।

(ੲ) ਤੰਤ (ਯਤਨ) ਕਰਨ ਵਾਲਾ ਹੀ ਸੂਰਮਾ ਹੈ।

(ਸ) ਮੰਤ (ਮੰਤਰ) ਦੇਣ ਵਾਲਾ ਹੀ ਦਾਤਾ ਹੈ।

(6) ਕਹਾ ਰੰਕ ਰਾਜਾ ਕਵਨ ਹਰਖ ਸੋਗ ਹੈ ਕਵਨ।

ਕੋ ਰੋਗੀ ਰਾਗੀ ਕਵਨ ਕਹੋ ਤੱਤ ਮੋਹਿ ਤਵਨ।੨੦੬।

ਅੰਤਰ ਲਾਪਿਕਾ ਢੰਗ ਨਾਲ ਇਸ ਦੇ ਛੇਆਂ ਪ੍ਰਸ਼ਨਾਂ ਦਾ ਉੱਤਰ ਹੈ 'ਤਤ ਮੁਹਿ ਤਵਨ'। (ੳ) ਤ੍ਰਿਸ਼ਨਾ ਨਾਲ ਮੋਹ ਕਰਨ ਵਾਲਾ ਰੰਕ (ਗ੍ਰੀਬ) ਹੈ। (ਅ) ਸੱਚ ਨਾਲ ਪਿਆਰ ਕਰਨ ਵਾਲਾ ਰਾਜਾ ਹੈ। (ੲ) ਪ੍ਰੇਮ ਕਰਨਾ ਹਰਖ ਹੈ, (ਸ) ਮੋਹ ਕਰਨਾ ਸ਼ੋਕ ਹੈ। (ਹ) ਸ਼ਕਤੀ ਨਾਲ ਮੋਹ ਕਰਨ ਵਾਲਾ ਰੋਗੀ ਹੈ (ਕ) ਪਰਮੇਸ਼ਰ ਨਾਲ ਮੋਹ ਕਰਨ ਵਾਲਾ ਰਾਗੀ ਹੈ।

(7) ਕਵਨ ਰਿਸ਼ਟ ਕੋ ਪੁਸ਼ਟ ਹੈ ਕਹਾ ਸ੍ਰਿਸ਼ਟ ਕੋ ਬਿਚਾਰ।

ਕਵਨ ਧ੍ਰਿਸ਼ਟ ਕੋ ਭ੍ਰਿਸ਼ਟ ਹੈ ਕਹੋ ਸਕਲ ਬਿਸਥਾਰ। ੨੦੭॥

ਇਨ੍ਹਾਂ ਦੇ ਉੱਤਰ ਸੁਲੇਖਾਲੰਕਾਰ ਨਾਲ ਕੱਢੇ ਗਏ ਹਨ।

1-ਰਿਸ਼ਟ ਉਹ ਹੈ ਜੋ ਸਾਰੇ ਵਿਸ਼ਵ ਵਿਚ ਪੂਰਨ ਹੈ।

2-ਪੁਸ਼ਟ ਉਹ ਹੈ ਜਿਸ ਦੇ ਹੱਥ ਵਿਚ ਵਿਸ਼ਵ ਦੀ ਤਾਰ ਹੈ।

3-ਸਾਰੇ ਸਰੀਰ ਓਂਕਾਰ ਤੋਂ ਨਿਕਲੇ ਹਨ, ਉਹੀ ਇਹਨਾਂ ਦਾ ਕਰਣਧਾਰ ਹੈ, ਇਹ ਸ੍ਰਿਸ਼ਟੀ ਦਾ ਵਿਚਾਰ ਹੈ।

4-ਜੋ ਸਾਰਿਆਂ ਵਿਚ ਫੈਲਿਆ ਹੋਇਆ ਹੈ ਉਹ ਸ੍ਰੇਸ਼ਟ (ਸ੍ਰਿਸ਼ਟ ਹੈ)

5-ਉਜਲਤਾ ਦਾ ਵੈਰੀ ਭ੍ਰਿਸ਼ਟ ਹੈ।

(8) ਕਹਾ ਕਰਮ ਕੋ ਕਰਮ ਹੈ ਕਹਾ ਭਰਮ ਕੋ ਨਾਸ।

ਕਹਾ ਚਿਤਨ ਕੀ ਚੇਸ਼ਟਾ ਕਹਾ ਅਚੇਤ ਪ੍ਰਕਾਸ਼।੨੦੮॥

ਇਹਨਾਂ ਤਿੰਨਾਂ ਪ੍ਰਸ਼ਨਾਂ, ਕਰਮਾਂ ਦਾ ਫਲ, ਭਰਮ ਨਾ ਨਾਸ਼ ਅਤੇ ਚੇਤਨ ਦੀ ਮੌਜ ਦਾ ਉੱਤਰ ਹੈ, 'ਅਚੇਤ ਪ੍ਰਕਾਸ਼' ਭਾਵ ਬ੍ਰਹਮ ਗਿਆਨ।

(9) ਕਹਾ ਨੇਮ ਸੰਜਮ ਕਹਾ ਕਹਾ ਗਯਾਨ ਅਗਯਾਨ

ਕੋ ਰੋਗੀ ਸੋਗੀ ਕਵਨ ਕਹਾ ਧਰਮ ਕੀ ਹਾਨ।੨੦੯।

---

* Taken from the Mahabharta devoted to the praises of God with illustrations form ancient History of Hindus (Transformation of Sikhism, P. 344)

ਜਿਥੇ ਧਰਮ ਦੀ ਹਾਨੀ ਹੋਵੇ ਉਥੇ ਹੀ
(1) ਨੇਮ (ਪ੍ਰਤਿੱਗਿਆ) ਕੀਤਾ ਜਾਂਦਾ ਹੈ।
(2) ਸੰਜਮ ਰਖਿਆ ਜਾਂਦਾ ਹੈ। (ਮਨ ਤੇ ਇੰਦ੍ਰੀਆਂ ਉਤੇ ਕਾਬੂ ਪਾਈਦਾ ਹੈ)।
(3) ਉਦੋਂ ਹੀ ਗਿਆਨ ਦੀ ਲੋੜ ਹੁੰਦੀ ਹੈ।
(4) ਉਥੇ ਹੀ ਅਗਿਆਨ ਹੁੰਦਾ ਹੈ।
(5) ਸਰੀਰ ਰੋਗੀ ਹੋ ਜਾਂਦੇ ਹਨ ਅਤੇ
(6) ਮਨ ਸੋਗੀ ਹੋ ਜਾਂਦੇ ਹਨ।

(10) ਕੋ ਸੂਰਾ ਸੁੰਦਰ ਕਵਨ, ਕਹਾ ਜੋਗ ਕੋ ਸਾਰ।
ਕੋ ਦਾਤਾ ਗਯਾਨੀ ਕਵਨ ਕਹੋ ਬਿਚਾਰ ਅਬਿਚਾਰ।੨੧੦॥

ਵਿਚਾਰ ਤੇ ਅਵਿਚਾਰ ਨੂੰ ਜਾਨਣ ਵਾਲਾ ਹੀ (1) ਸੂਰਮਾ, (2) ਸੁੰਦਰ (3) ਦਾਤਾ ਅਤੇ (4) ਗਿਆਨੀ ਹੈ। ਵਿਚਾਰ ਹੈ ਅਵਿਚਾਰ ਦਾ ਗਿਆਨ ਹੀ ਜੋਗ ਹੈ।

ਸੰਪ੍ਰਦਾਈ ਗਿਆਨੀਆਂ ਦਾ ਮਤ

ਸੰਪ੍ਰਦਾਈ ਗਿਆਨੀਆਂ ਦਾ ਮਤ ਹੈ ਕਿ ਇਹਨਾਂ ਦੋਹਰਿਆਂ ਦੇ ਉਤਰ ਗਿਆਨ ਪ੍ਰਬੋਧ ਦੇ ੧੨੬ ਅੰਕ ਤੋਂ ਆਰੰਭ ਹੁੰਦੇ ਹਨ। ਇਹ ਕਿਸੇ ਹੱਦ ਤਕ ਠੀਕ ਵੀ ਪ੍ਰਤੀਤ ਹੁੰਦਾ ਹੈ ਕਿਉਂਕਿ ਇਹ ਬਾਣੀ* ਜੋ ਡਾਕਟਰ ਨਾਰੰਗ ਦੇ ਕਥਨ ਅਨੁਸਾਰ ਮਹਾਂ ਭਾਰਤ ਦੇ ਆਧਾਰ 'ਤੇ ਰਚੀ ਗਈ ਹੈ, ਬੜੇ ਗੂੜ੍ਹ ਤੱਤਾਂ ਅਤੇ ਗਿਆਨ ਦੀ ਧਾਰਨੀ ਹੈ, ਪਰ ਮੁਸ਼ਕਲ ਇਹ ਹੈ ਕਿ ਇਹ ਬਾਣੀ ਵੀ ਪੂਰਨ ਨਹੀਂ। ਕੇਵਲ ਦਾਨ ਧਰਮ ਅਤੇ ਰਾਜ ਧਰਮ ਦਾ ਵਰਣਨ ਹੀ ਇਸ ਵਿਚ ਮਿਲਦਾ ਹੈ, ਭੋਗ ਧਰਮ ਵਾਲਾ ਹਿੱਸਾ ਅਲੱਭ ਹੈ।

ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼ ਦੇ ਕਰਤਾ ਸੁਰਗਵਾਸੀ ਸਰਦਾਰ ਬਹਾਦਰ ਭਾਈ ਕਾਨ੍ਹ ਸਿੰਘ ਜੀ ਨੇ ਉਹਨਾਂ ਦੋਹਰਿਆਂ ਦਾ ਉਲੇਖ ਕੀਤਾ ਹੈ ਜੋ ਕਈ ਗਿਆਨੀ ਅਧਿਆਤਮ ਦੇ ਢੰਗ ਨਾਲ ਸੁਵਾਲੀਏ ਦੋਹਰਿਆਂ ਦੇ ਉਤਰ ਵਜੋਂ ਸੁਨਾਇਆ ਕਰਦੇ ਸਨ:-

1. *ਸਤਿਚਤ ਆਨੰਦ ਅਜਰ ਅਮਰ ਵਿਆਪਕ ਪਰਮ ਅਨੂਪ।*
ਵਿਸ਼ਵ ਨਾਥ ਦੇਵਾਧਿ-ਪਤਿ ਹੈ ਯਹ 'ਆਤਮ ਰੂਪ'।
ਜੈਸੇ ਜਲ ਤੇ ਬੁਦਬੁਦਾ ਔਰ ਤਰੰਗ ਅਕਾਰ।
ਤੈਸੇ ਪੂਰਨ ਬ੍ਰਹਮ ਤੇ ਜਾਨੋ ਸ੍ਰਿਸ਼ਟ ਵਿਚਾਰ।
ਤਤ੍ਹ ਗਿਆਨ ਹਿਤ ਯਤਨ ਸਦ ਯਹੈ ਧਰਮ ਨਿਜ ਜਾਨ।
ਤਤਪਰ ਹੋ ਉਪਕਾਰ ਮੈ ਕਰਮ ਪਰਮ ਸ਼ੁਭ ਮਾਨ।

2 *ਸਦਾਚਾਰ ਅਰ ਯਸ਼ ਸਹਿਤ ਜੀਵਨ ਜੀਵਨ ਆਹਿ।*
ਅਪਯਸ਼ ਔਰ ਵਿਕਾਰਯੁਤ ਜਿਯਨ, ਮਰਨ ਜਗ ਮਾਹਿ।
ਮਨ ਕੀ ਸਾਂਤੀ ਸੁਰਗ ਹੈ, 'ਨਰਕ' ਦੇਹ ਅਭਿਮਾਨ।
ਪਰੇ ਨ ਵਸ ਕਹਿ ਵਿਸ਼ਯ ਕੇ, ਤਾਕੋ ਸੁਘੜਾ ਜਾਨ।
ਵਿਸ਼ਯ ਪ੍ਰਾਯਣ ਮੂੜ੍ਹ ਹੈ ਤਰਕ ਸੱਚ ਪ੍ਰਤੀਤ।
ਸੋ ਅਵਤਰਕ ਪਛਾਣੀਏ, ਜੋ ਜਾ ਤੇ ਵਿਪਰੀਤਿ।

3. ਭਗਨ ਪ੍ਰਤਿਗਯਾ ਨਿੰਦ ਹੈ, ਅਰੁ ਰਣ ਪੀਠ ਦਿਖਾਨ।
ਸਤ ਪ੍ਰਤਿਗਯਾ ਵੀਰਤਾ, ਯਹੈ ਜਗਤ ਯਸ਼ ਜਾਨ।
ਧਰਮ ਕਿਰਤ ਕੋ ਤਿਆਗਨੋ ਪਾਪ ਮਹਾਂ ਜਿਯ ਮਾਨ।
ਖੱਟ ਘਾਲਕੇ ਦੇਵਨੋ, 'ਪੁੰਨ' ਨ ਯਾ ਸਮ ਆਨ।
ਵਾਹਿਗੁਰੂ ਮੇਂ ਚਿਤਕੀ ਲਗਨ ਕਹਾਵੇ ਜੋਗ।
ਦਾਸ ਇੰਦ੍ਰਯਨ ਹੋਇਕੈ, ਸੁਖ ਭੋਗਨ ਹੈ ਭੋਗ।
ਜਗ ਕੋ ਸੁਖਦਾਇਕ ਕ੍ਰਿਯਾ, ਗੁਰਮਤਿ ਮੈ ਹੈ ਕਰਮ।
ਵਿਸ਼ਵ ਦੁਖਾਵਨ ਲੋਭ ਵਸ਼ ਜਾਨੋ ਸੋ ਅਪਕਰਮ।
4. ਮਨ ਵਸ਼ ਕਰਨੋ ਸ਼੍ਰਮ ਹੈ, ਦਮ ਇੰਦ੍ਰਨ ਜੈਕਾਰ।
ਦੂਰ ਕਰਨ ਅਨਯਾਯ ਹਿਤ, ਲੜੇ ਸੋ ਸੂਰ ਵਿਚਾਰ।
ਦਾਤਾ ਵਿਦਿਆ ਦਾਨ ਹੈ, ਅਰ ਨਿਸ਼ਕਾਮ ਉਦਾਰ।
ਸਤਿਨਾਮ ਅਰ ਵਾਹਿਗੁਰੂ, ਮੰਤਰ ਤਤਵ ਨਿਰਧਾਰ।
5. ਜਾਂਕੇ ਤ੍ਰਿਸ਼ਨਾ ਅਧਿਕ ਹੈ, ਸੋਈ ਰੰਕ ਪਛਾਨ।
ਸੰਤੋਖੀ ਉਤਸ਼ਾਹ ਯੁਕਤ, ਰਾਜਾ ਲੇਵੋ ਜਾਨ।
ਦੁਬਿਧਾ ਤਿਆਗਨ ਹਰਖ ਹੈ, ਚਿੰਤਾ ਜਾਨੋ ਸੋਗ।
ਰੋਗੀ ਵਿਸ਼ਯਾਸਕਤ ਹੈ, ਰਾਗੀ ਚਿਤ ਅਰੋਕ।
6. ਸਹਿਤ ਵਿਵੇਕ ਸੁ ਰਿਸ਼ਟ ਹੈ, ਪੁਸ਼ਟ ਪ੍ਰਾਕਰਮਵਾਨ।
ਮ੍ਰਿਤ ਤ੍ਰਿਸ਼ਨਾਂ ਅਰ ਸੁਪਨ ਵਤ ਸ੍ਰਿਸ਼ਟ ਦਸਾ ਲੇਹੁ ਜਾਨ।
ਮਾਨਸ ਤਨ ਸਫਲੋ ਕੀਯੋ ਜਿਨ ਸਭ ਕਰਮਕਮਾਏ।
ਸੁਈ ਸਰੇਸ਼ਟ, ਯਾਤੇ ਉਲਟ ਜਗ ਮੇਂ ਭ੍ਰਿਸ਼ਟ ਕਹਾਏ।
7. ਸਦਾਚਾਰ ਜਗ ਕਰਮ ਹੈ, ਦੁਰਾਚਾਰ ਅਪਕਰਮ।
ਗੁਰੁ ਸਿਖਿਆ ਕਰਿ ਬ੍ਰਹਮ ਕੋ ਗਯਾਨ, ਨਾਸ ਹੈ ਭਰਮ।
ਮਾਯਾ ਕੋ ਸੰਜੋਗ ਕਰ, 'ਚੇਤਨ ਚੇਸ਼ਟਾ' ਜਾਨ।
ਤ੍ਰਿਗੁਨ ਅਸੰਗਤ ਬ੍ਰਹਮ ਮੇਂ ਤਿਨ ਅਚੇਸ਼ਟਾ ਮਾਨ।
8. ਇਕ ਰਸ ਜਪ ਬ੍ਰਤ ਧਾਰਬੋ ਤਾਕੋ ਕਹਿਯੋ ਨੇਮ।
ਤਯਾਗ ਫਜ਼ੂਲੀ ਸਰਬਦਾ, ਸੰਜਮ ਦਾਇਕ ਖੇਮ।
ਗਿਆਨ ਯਥਾਰਥ ਵਸਤ ਕੋ, ਭਾਖਤ ਗਯਾਨੀ ਗਯਾਨ।
ਲਖਨ ਔਰ ਕੋ ਔਰ ਹੀ, ਯਾਹੀ ਰੂਪ ਅਗਿਯਾਨ।
ਰੋਗੀ ਸਦਾ ਅਸੰਜਮੀ, ਸੋਗੀ ਚਿੰਤਾਵਾਨ
ਜਾਤ ਪਾਤ ਔਰ ਛੂਤ ਕੋ ਤਿਆਗਨ ਭ੍ਰਮ ਕੀ ਹਾਨ।
9. ਮਨ ਜੇਤਾ ਸੂਰਾ ਅਹੈ, ਸੁੰਦਰ ਹੈ ਗੁਨਵਾਨ।
ਜਬ ਚਿਤ ਕੀ ਥਿਰਤਾ ਭਈ ਸਾਰ ਯੋਗ ਜਿਹ ਮਾਨ।
ਦਾਤਾ ਇਕ ਕਰਤਾਰ ਹੈ ਗਯਾਨੀ ਨਾਨਕ ਦੇਵ।
ਜੋ ਅਗਿਯਾਨੀ ਪਸ਼ੂ ਨਰਨ ਤੁਰਤ ਬਨਾਵੇਂ ਦੇਵ।

ਗੁਰਮਤਿ, ਅਨਮਤਿ, ਸਤਯ ਕੋ ਖੋਜਨ ਅਹੈ ਵਿਚਾਰ।
ਭੇਡ ਚਾਲ ਕੀ ਅੰਧਗਤਿ, ਜਾਨ ਲੇਹੁ ਅਵਿਚਾਰ।
(ਮਹਾਨ ਕੋਸ਼ ਸਫ਼ਾ ੧੩੦, ਨਵਾਂ ਸੰਸਕ੍ਰਨ ੨੦੦੯)

ਅਸ਼ੋਕ ਜੀ ਦੀ ਖੋਜ

ਸ: ਸ਼ਮਸ਼ੇਰ ਸਿੰਘ ਅਸ਼ੋਕ ਆਪਣੀ ਪੁਸਤਕ 'ਸਿੱਖੀ ਅਤੇ ਸਿੱਖ ਇਤਿਹਾਸ' ਵਿਚ ਲਿਖਦੇ ਹਨ: 'ਖਿਆਲ ਕੀਤਾ ਜਾਂਦਾ ਹੈ ਕਿ ਇਹਨਾਂ ਦੋਹਰਿਆਂ ਦੇ ਉੱਤਰ ਤਾਂ ਲਿਖੇ ਹੋਏ ਸਨ ਪਰ ਉਸ ਵੇਲੇ ਭਾਈ ਮਨੀ ਸਿੰਘ ਆਦਿ ਪ੍ਰੇਮੀਆਂ ਨੂੰ ਮਿਲ ਨਹੀਂ ਸਕੇ। ਪੰਡਿਤ ਕਰਤਾਰ ਸਿੰਘ ਦਾਖਾ ਦੀ ਖੋਜ ਵਿਚ ਇਨ੍ਹਾਂ ਦੋਹਰਿਆਂ ਦੇ ਉੱਤਰ ਇਨ੍ਹਾਂ ਦੇ ਅੰਤਰਗਤਿ ਹੀ ਹਨ। ਮੈਨੂੰ ਇਹ ਉੱਤਰ (ਜੋ ਹੇਠਾਂ ਅੰਕਿਤ ਕੀਤੇ ਜਾਂਦੇ ਹਨ) ਪੰਜਾਬ ਪਬਲਿਕ ਲਾਇਬਰੇਰੀ (ਲਾਹੌਰ) ਦੀ ਹੱਥ ਲਿਖੀ ਅੰਕ ਵੀ ੨੦੫ ਦੇ ਸਫ਼ਾ 25-24 ਵਿਚੋਂ ਮਿਲੇ ਹਨ ਤੇ ਅਨੁਮਾਨ ਹੈ ਕਿ ਇਹ ਗੁਰੂ ਸਾਹਿਬ ਦੀ ਰਚਨਾ ਹਨ:-

(1) ਸੁਯੰ ਜੋਤ ਆਨੰਦ ਘਨ ਸਤਿ ਚਿਤ ਵਿਭੂ ਅਨੂਪ।
ਵਾਸਦੇਵ ਦੇਵਾਧਿਪਤਿ ਹੈ ਆਤਮ ਇਹ ਰੂਪ।

(2) ਜੈਸੇ ਜਲ ਤੇ ਬੁਦਬੁਦਾ ਉਪਜਤ ਹੋਤ ਸੰਘਾਰ।
ਤੈਸੇ ਪੂਰਨ ਬ੍ਰਹਮ ਤੇ ਜਾਨੋ ਸ੍ਰਿਸ਼ਟਿ ਬਿਚਾਰ।
ਆਤਮ ਮੈਂ ਥਿਤ ਹੋਵਨੋ ਇਹੈ ਧਰਮ ਨਿਜ ਜਾਨ।
ਮਨਿ ਬਚਿ ਹਰਿ ਆਰਾਧਨੋ ਇਹ ਕਰਮ ਸ਼ੁਭ ਜਾਨ।

(3) ਦੋਖ ਬਿਵਰਜਿਤ ਜੀਵਨੋ ਇਹੈ ਸੁ ਜੀਤਨ ਆਹਿ।
ਜੋ ਨਿੰਦਾ ਯੁਤ ਪ੍ਰਾਣ-ਧਰ, ਸੋਈ ਮਰਨ ਜਗ ਮਾਹਿ।
ਤ੍ਰਿਸ਼ਨਾ-ਖੈ ਸੋ ਸੂਰਮਾ ਨਰਕ ਦੇਹ-ਅਭਿਮਾਨ।
ਨਾਰੀ ਨੈਨ ਕਟਾਖਬਯ ਯਹੈ ਨਾ-ਸੁਘੜਾ ਮਾਨ।
ਅਬਿਬੇਕਤਾ ਮੂੜਤਾ, ਤਰਕ ਸਾਚ ਪ੍ਰਤੀਤ।
ਹੋ ਅਵਿਤਰਕ ਪਛਾਨੀਐ ਯਾ ਸੋਂ ਬਿਪ੍ਰੀਤ।

(4) ਨਸਨੋ ਪਰਉਪਕਾਰ ਤੇ ਨਿੰਦਾ ਯਹੈ ਸੁਜਾਨ।
ਪਰ ਉਪਕਾਰ ਉਮਾਹਨਾ ਜਸ ਕੋ ਸੋਈ ਬਿਧਾਨ।
ਜੋ ਪ੍ਰਮਾਦ ਕਰ ਭਜਨ ਤੇ ਸੋਈ ਪਾਪ ਕਹਾਏ।
ਸਦ ਸਿਮਰਨ ਗੋਬਿੰਦ ਕੋ ਧਰਮ ਪੁੰਨ ਪਰਧਾਏ।
ਹਰਿ ਭਗਤੀ ਸੋ ਜੋਗ ਹੈ ਅਥਵਾ ਜੋਗ ਕਹਾਏ।
ਭੋਗ ਭਜਨ ਕੀ ਸ੍ਵਾਦਤੀ, ਜਗ-ਸੁਖ ਭੋਗ ਸੁ ਥਾਏ।
ਹਰਿ ਹਿਤ ਹੋਏ ਸੋ ਕਰਮ ਹੈ ਕਰੈ ਚਿਤ ਮਲ ਹਾਨ।
ਅਰ ਅਪਕਰਮ ਬਖਾਨੀਐ ਦੁਖਦਾਈ ਸਭ ਜਾਨ।

(5) ਸਮ ਸਭ ਕੋ ਸਮ ਪੇਖਨੋਂ ਅਥਵਾ ਚਿਤ ਨਿਰੋਧ।
ਸਮਤਾ ਦ੍ਵੰਦ ਬਹੀਨ ਕਰ ਅਹੈ ਜਗ ਸੋਂ ਅਬਿਰੋਧ।
ਦਮ ਇੰਦ੍ਰਿਯਨ ਕੋ ਬਸ ਕਰਨ, ਸੂਰਾ ਮਨਮਥ ਜੀਤ।
ਦਾਤਾ ਜੋ ਉਪਦੇਸ਼ਹੀ, ਪਰਮਾਰਥ ਪਥ ਰੀਤ।

(6) ਜਾਕੋ ਤ੍ਰਿਸ਼ਨਾ ਅਧਿਕ ਹੈ ਸੋਈ ਰੰਕ ਪਛਾਨ।
ਰਾਜਾ ਸੋ ਪ੍ਰਮਾਨੀਏ ਜਾਕੀ ਤ੍ਰਿਸ਼ਨਾ ਹਾਨ।
ਹਰਖ ਸੁ ਆਤਮ-ਲਾਭ ਹੈ, ਚਿੰਤਾ ਮਾਤ ਸੁ ਸੋਕ।
ਰੋਗੀ ਬਿਖਿਆ ਸਕਤ ਹੈ ਰਾਗੀ ਚਿਤ ਅਰੋਕ।

(7) ਸਹਿਤ ਬਿਬੇਕ ਸੁਰਿਸ਼ਟ ਹੈ, ਪੁਸ਼ਟ ਸੁ ਪ੍ਰਾਕ੍ਰਮਵਾਨ।
ਸ੍ਰਿਸ਼ਟ ਵਿਚਾਰ ਵਿਚਾਰ ਇਹ ਮ੍ਰਿਗ ਤ੍ਰਿਸ਼ਨਾ ਜਲ ਜਾਨ।
ਆਤਮਪਦ ਜਾਨਯੋ ਨ ਜਿਨ ਸ੍ਰਿਸ਼ਟ ਭ੍ਰਿਸ਼ਟ ਸੋ ਆਹਿ।
ਜਨਮ ਗਵਾਯੋ ਜਾਸ ਨੇ ਤਾ ਸਮ ਮੂਰਖ ਨਾਹਿ।

(8) ਕਰਮ ਭਯਾਨਕ ਤਯਾਗਨੋ ਕਰਮ ਸੁ ਕਰਮ ਪ੍ਰਮਾਨ।
ਅਥਵਾ ਕਰਮ ਛੁਡਾਵਨੋ ਕਰਮ ਕਰਮ ਸੁਖ ਦਾਨ।
ਏਕ ਬ੍ਰਹਮ ਸਭ ਭਾਸਵੋ ਇਹ ਭਰਮ ਕੋ ਨਾਸ।
ਮਾਇਆ ਮੈ ਚਿਤ ਚੇਸ਼ਟਾ ਅਫੁਰ ਅਚੇਤ ਪ੍ਰਕਾਸ਼।

(9) ਕਥਾ ਲਾਭ ਸੰਤੁਸ਼ਟ ਜੋ ਲਛਣ ਹੈ ਸੰਤੋਖ।
ਸੋਈ ਨਾਮ ਬਖਾਨੀਐ ਦੇਤ ਜੀਵ ਕੋ ਮੋਖ।
ਮਨ ਨਿਗ੍ਰਹ ਸੰਜਮ ਸੋਈ ਹਿੰਸਾਦਿਕ ਪਰਿ ਤਯਾਗ।
ਏਕੋ ਨਿਸ਼ਚਿਤ ਜਾਨਬੋ ਯਹੈ ਗਯਾਨ ਵਡਭਾਗ।
ਨਾਨਾਬਿਧ ਜਗ ਦੇਖਬੋ ਦਵੈਤ ਗ੍ਰਹਨ ਸੁ ਬਿਧਾਨ।
ਹੰਤਾਨ-ਮਤਾ ਧਾਰਬੋ ਦੁਖਦਾਈ ਅਗਯਾਨ।
ਹੰਤਾ ਰੋਗ ਨਸਯੋ ਨਹੀਂ ਜਾ ਕੋ ਦੁਖ ਕੀ ਖਾਨ।
ਸੋਈ ਰੋਗੀ ਜਾਨੀਐ ਸੰਸਾਰੀ ਭੈ ਮਾਨ।
ਜੋ ਬਾਂਛਤ ਸੰਸਾਰ ਸੁਖ ਸੋ ਹੈ ਸ਼ੋਕ ਨਿਦਾਨ।
ਸੋਈ ਸੋਗੀ ਮਾਨੀਐ ਸਦ ਹੀ ਚਿੰਤਾਵਾਨ।
ਨਿਜ ਸਰੂਪ ਪਰਮਾਦ ਬਸ, ਦੇਹਾਦਿਕ ਨਿਜਮਾਨ।
ਭਗਵਤ ਭਜਨ ਭੁਲਾਵਨੋ ਇਹੈ ਧਰਮ ਕੀ ਹਾਨ।

(10) ਸੂਰਾ ਤਾਕੋ ਜਾਨੀਐ ਮਾਰਯੋ ਮੋਹ ਮਹਾਨ।
ਬਨਿਤਾ ਕੈ ਵਸ ਹ੍ਵੈ ਨਹੀਂ ਛਿਦੇ ਨਾ ਮਨ ਜਿਸ ਬਾਨ।

ਅਹਿਨਿਸ ਨਿਜ ਸੁਖ ਰੂਪ ਹੈ ਰਚ ਪਚ ਰਹਯੋ ਪ੍ਰਵੀਨ।
ਸੋਈ ਸੁੰਦਰ ਮਾਨੀਐ ਨਖ ਸਿਖ ਪ੍ਰੇਮ ਰੰਗੀਨ।
ਦੁਤੀਆ ਭਾਵ ਫੁਰੈ ਨਹੀਂ ਰਾਗ ਦੋਖ ਹੰਕਾਰ।
ਸਦਾ ਏਕ ਰਸ ਥਿਤ ਰਹੈ ਇਹੈ ਜੋਗ ਕੋ ਸਾਰ।
ਨਿਜ ਬਿਵਹਾਰ ਵਿਸਾਰ ਕੈ ਪਰ ਬਾਂਛਤ ਦੇ ਜੋਯ।
ਸੋਈ ਦਾਤਾ ਜਾਨੀਐ ਨਿਰ ਅਭਿਮਾਨੀ ਹੋਯ।
ਜਿਨ ਦੁਬਿਧਾ ਤਯਾਗੀ ਸਗਲ ਪਾਯੋ ਆਤਮ ਗਯਾਨ।
ਸੋਈ ਗਯਾਨ ਮਾਨੀਐ ਜਾਕੇ ਦੁਤੀਆ ਹਾਨ।
ਕੋ ਹੌਂ? ਕੋ ਸੰਸਾਰ ਹੈ? ਬੰਧ ਮੋਖ ਹੈ ਕੌਨ?
ਐਸੇ ਚਿਤਵਨ ਠਾਨਥੋ ਇਹ ਵਿਚਾਰ ਸੁਖ ਭੌਨ।
ਸਿਸਨ ਉਦਰ ਬਸ ਹ੍ਵੈ ਰਹੈ ਖੋਵੈ ਸੰਪਦ ਸਵਾਸ।
ਸੋ ਅਵਿਚਾਰ ਬਖਾਨੀਐ ਦੁਖ ਦਾਤ ਸੁਖ ਨਾਸ।
ਇਹ ਉਤਮ ਮਤ ਲੈਇ 'ਕੈ ਰਹੈ ਤ੍ਰਸ਼ਨ ਹੋਇ।
ਕ੍ਰਮ ਕ੍ਰਮ ਪ੍ਰਸ਼ਨ ਬਖਾਨ ਸੋ ਆਤਮ ਸਮਝੈ ਸੋਇ।

ਭਾਈ ਕਾਨ੍ਹ ਸਿੰਘ ਦੀ ਰਾਏ ਵਿਚ ਇਹ ਉੱਤਰ ਗਿਆਨੀਆਂ ਦੇ ਕਲਪੇ ਹੋਏ ਹਨ। ਗੁਰੂ ਸਾਹਿਬ ਦੀ ਰਚਨਾ ਨਹੀਂ। ਇਸ ਦਾ ਸਬੂਤ ਇਹ ਹੈ ਕਿ ਗੁਰੂ ਜੀ ਰਚਿਤ ਪ੍ਰਸ਼ਨ ਤਾਂ ਇਕ ਦੋਹਰੇ ਵਿਚ ਮੁੱਕ ਜਾਂਦੇ ਹਨ, ਪਰ ਉੱਤਰ ਬਹੁਤ ਵਿਸਥਾਰ ਵਾਲੇ ਹਨ। ਉਚ ਕੋਟੀ ਦਾ ਸਾਹਿਤਕਾਰ ਅਜਿਹਾ ਨਹੀਂ ਕਰ ਸਕਦਾ।

ਸੁਰਤਾਂ ਦੀ ਉਚਿਆਣ

ਇਕ ਅੰਗਰੇਜ਼ੀ ਕਵੀ ਅਨੁਸਾਰ ਜੇ ਮਨੁੱਖ ਰੱਬ ਨਾਲ ਪਿਆਰ ਕਰੇ ਤਾਂ ਉਹ ਰੱਬ ਹੋ ਨਿਬੜਦਾ ਹੈ, ਜੇ ਮਿੱਟੀ ਘੱਟੇ ਨਾਲ ਤਾਂ ਮਿੱਟੀ ਘੱਟਾ

Whatever thou lovest man
That too become thou must
God if thou lovest God
Dust if thou lovest dust. (Trench)

ਇਸ ਪ੍ਰਥਾਏ ਗੁਰਬਾਣੀ ਦਾ ਫੁਰਮਾਨ ਹੈ:

'ਜੇਹਾ ਸੇਵੈ ਤੇਹੋ ਹੋਵੈ ਜੇ ਚਲੈ ਤਿਸੈ ਰਜਾਇ।

ਗੁਰੂ ਸਾਹਿਬਾਨ ਦਾ ਸਮਕਾਲੀ ਮਨੁੱਖ ਅੱਡ ਸ਼ਕਲਾਂ ਸੂਰਤਾਂ ਵਿਚ ਰੱਬ ਮੰਨ ਕੇ ਭਰਮਦਾ ਫਿਰਦਾ ਸੀ। ਸ੍ਰੀ ਨਾਮ ਦੇਵ ਜੀ ਦੇ ਆਰੰਭਕ ਆਤਮਕ ਗਿਆਨ ਦੀ ਪੱਧਰ ਦਾ ਅੰਦਾਜ਼ਾ ਉਨ੍ਹਾਂ ਦੇ ਮੰਨੇ ਰੱਬ ਦੀ ਸ਼ਕਲ ਤੋਂ ਲਗ ਸਕਦਾ ਹੈ:-

ਪਾਖੰਤਣ ਬਾਜ ਬਜਾਇਲਾ।
ਗਰੁੜ ਚੜ੍ਹੇ ਗੋਬਿੰਦ ਆਇਲਾ।

ਗੁਸਾਈਂ ਤੁਲਸੀਦਾਸ ਦਾ ਦ੍ਰਿੜ੍ਹ ਨਿਸ਼ਚਾ ਸੀ ਕਿ ਭਗਵਾਨ ਰਾਮ ਚੰਦਰ ਹੀ ਰੱਬ ਹਨ। ਮਥੁਰਾ ਵਿਚ ਜਦ ਕ੍ਰਿਸ਼ਨ ਜੀ ਦੀ ਮੋਹਨ ਮੂਰਤੀ ਤੱਕ ਕੇ ਸਿਰ ਝੁਕਾਣ ਨੂੰ ਜੀ ਕੀਤਾ ਤਾਂ ਇਹ ਫੁਰਨਾ ਫੁਰਿਆ ਕਿ ਕੀ ਚੰਗਾ ਹੋਵੇ ਜੇ ਇਹੋ ਮੂਰਤੀ ਰਾਮ ਚੰਦਰ ਜੀ ਵਿਚ ਵਟ ਜਾਏ। ਆਪ ਦੇ ਮੂੰਹੋਂ ਅਵੇਸਲੇ ਹੀ ਨਿਕਲ ਗਿਆ:

ਕਿਆ ਕਹੂੰ ਛਬਿ ਆਜ ਕੀ ਭਲੇ ਬਿਰਾਜੇ ਨਾਥ।
ਤੁਲਸੀ ਮਸਤਕ ਤਬ ਨਿਵੈ ਜਬ ਧਨੁਸ਼ ਬਾਨ ਹੋ ਹਾਥ।

ਇਸ ਤਰ੍ਹਾਂ ਦੀਆਂ ਕਲਪਨਾਵਾਂ ਨੇ ਅਜੂਨੀ ਸੈਭੰ ਦੇ ਕਈ ਅਵਤਾਰ ਮਿਥ ਲਏ। ਮੁਸਲਮਾਨ ਉਸ ਨੂੰ ਕਾਬੇ ਵਿਚ ਹੀ ਸਮਝਦਾ ਸੀ। ਗੱਲ ਕੀ ਕਬੀਰ ਜੀ ਅਨੁਸਾਰ ਲੋਕਾਂ ਰੱਬ ਨੂੰ ਖਿਲੌਣਾ ਸਮਝ ਲਿਆ ਸੀ। ਇਸ ਲਈ ਜ਼ਰੂਰੀ ਸੀ ਕਿ ਖੇਹ ਮਿੱਟੀ ਨਾਲ ਪਿਆਰ ਪਾ ਬੈਠੇ ਮਨੁੱਖ ਦੇ ਸਾਹਮਣੇ ਰੱਬ ਦੀ ਅਸਲੀਅਤ ਪ੍ਰਗਟ ਕੀਤੀ ਜਾਂਦੀ ਤਾਂ ਕਿ ਉਹ ਅਕਾਲ ਪੁਰਖ ਨਾਲ ਪ੍ਰੀਤ ਪਾ ਕੇ ਅਕਾਲੀ ਬਣ ਸਕੇ। ਅਕਾਲ ਮੂਰਤਿ ਦੇ ਪੁਜਾਰੀ ਗੁਰੂ ਨਾਨਕ ਸਾਹਿਬ ਨੇ ਆਪਣੇ ਦਸਵੇਂ ਜਾਮੇ ਵਿਚ ਜਪੁਜੀ ਵਿਚ ਛੋਹੇ ਕੰਮ ਨੂੰ ਜਾਪ ਅਤੇ ਅਕਾਲ ਉਸਤਤਿ ਵਿਚ ਅੱਗੇ ਤੋਰਿਆ।

ਇਸ ਦੇ ਨਾਲ ਨਾਲ ਆਪ ਦਾ ਮਨੋਰਥ ਸੁਰਤਾਂ ਉਚਿਆਕੇ ਨਿਤਾਣਿਆਂ ਵਿਚ ਤਾਣ ਭਰਨਾ ਸੀ। ਚਿੜੀਆਂ ਤੇ ਘੁੱਗੀਆਂ ਨੂੰ ਬਾਜ਼ਾਂ ਤੇ ਉਕਾਬਾਂ ਨਾਲ ਲੜਾਉਣਾ ਸੀ। ਇਕ ਪੁਰਖੀ ਸਾਮਰਾਜ ਦੇ ਜ਼ੁਲਮਾਂ ਅਤੇ ਅਤਿਆਚਾਰਾਂ ਵਿਰੁਧ ਜੰਤਾ ਵਿਚ ਜਜ਼ਬਾ ਜਗਾਉਣਾ ਤੇ ਉਭਾਰਨਾ ਸੀ। ਮਰਦ ਦੇ ਨਾਲ ਨਾਲ ਔਰਤ ਨੂੰ ਵੀ ਉਚੇਰੇ ਪੱਥਰ 'ਤੇ ਖਲ੍ਹਿਆਰਨਾ ਸੀ। ਰੱਬ ਨੂੰ ਸੰਬੋਧਨ ਕਰਦੇ ਹੋਏ ਆਪ ਦਾ 'ਨਮੋ ਲੋਕ ਮਾਤਾ' ਆਖਣਾ ਔਰਤ ਦੀ ਵਡਿਆਈ ਜ਼ਾਹਰ ਕਰਨਾ ਸੀ।

ਇਸ ਬਾਣੀ ਵਿਚ ਆਪ ਨੇ 'ਸਰਬ ਲੋਹ' ਦਾ ਨਵਾਂ ਨਜ਼ਰੀਆ ਪੇਸ਼ ਕਰਕੇ ਰੱਬ ਦੀ ਜਲਾਲੀ ਕਲਪਨਾ ਵਿਚ ਇਕ ਇਨਕਲਾਬ ਲਿਆਂਦਾ। ਸਤਚਿਤ ਆਨੰਦ ਸਰੂਪ ਦੇ ਨਾਲ ਨਾਲ ਉਹਦਾ ਅਸਿਕੇਤੁ ਖੜਗ ਕੇਤੁ ਹੋਣਾ ਵੀ ਪ੍ਰਗਟ ਕੀਤਾ। ਕਰਤਾਰੀ ਸ਼ਕਤੀ ਨਾਲ ਉਹਦੀ ਸੰਘਾਰ ਸ਼ਕਤੀ ਦਾ ਵਰਤਣ ਵੀ ਕੀਤਾ:-

ਤੇਜ ਕੋ ਪ੍ਰਚੰਡ ਹੈ ਅਖੰਡਨ ਕੋ ਖੰਡ ਹੈ।
ਮਹੀਪਨ ਕੋ ਮੰਡ ਹੈ ਇਸਤ੍ਰੀ ਹੈ ਨ ਨੂਰ ਹੈ।

ਸਭ ਕੋ ਕਾਲ ਸਭਨ ਕੋ ਕਰਤਾ।
ਰੋਗ ਸੋਗ ਦੋਖਨ ਕੋ ਹਰਤਾ।

ਆਪ ਨੇ ਦਸਿਆ ਕਿ ਉਹ ਦੇਵੀ ਦੇਵਤਿਆਂ ਦੇ ਆਕਾਰ ਵਿਚ ਨਹੀਂ ਮਿਉਂਦੇ, ਸਗੋਂ ਦੇਵੀ ਦੇਵਤੇ ਉਹਦੇ ਸ਼ਰਨ ਜਾਚਕ ਹਨ ਤੇ ਉਹ ਸਾਰੇ ਬ੍ਰਹਮਾਂਡ ਵਿਚ ਰਚਿਆ ਹੋਇਆ ਹੈ:-

ਪ੍ਰਣਵੋ ਆਦਿ ਏਕੰਕਾਰਾ
ਜਲ ਥਲ ਮਹੀਅਲ ਕੀਓ ਪਸਾਰਾ।
ਅਨਹਦ ਰੂਪ ਅਨਾਹਦ ਬਾਨੀ।
ਚਰਨ ਸ਼ਰਨ ਜਿਹ ਬਸਤ ਭਵਾਨੀ।

ਬ੍ਰਹਮਾ ਬਿਸ਼ਨ ਅੰਤ ਨਹੀ ਪਾਯੋ।
ਨੇਤਿ ਨੇਤਿ ਮੁਖ ਚਾਰ ਬਤਾਯੋ।
ਆਦਿ ਪੁਰਖ ਅਬਿਗਤ ਅਬਿਨਾਸ਼ੀ।
ਲੋਕ ਚਤੁਰ ਦਸ ਜੋਤਿ ਪ੍ਰਗਾਸੀ।
ਹਸਤ ਕੀਟ ਕੇ ਬੀਚ ਸਮਾਨਾ।
ਰਾਵ ਰੰਕ ਜਿਹ ਇਕ ਸਰ ਜਾਨਾ।

ਉਹ ਅਦ੍ਵੈ, ਅਲਖ, ਪੁਰਖ ਅਬਿਨਾਸੀ ਹੈ। ਉਹ ਰੰਗਾਂ ਰੂਪਾਂ, ਰੇਖਾ, ਭੇਖਾਂ ਤੋਂ ਰਹਿਤ ਹੈ।

ਰਾਗ ਰੰਗ ਜਿਹ ਰੂਪ ਨ ਰੇਖਾ।
ਅਲਖ ਰੂਪ ਅਛੈ ਅਨਭੇਖਾ।

ਪਰ ਬਹੁ-ਰੰਗੀ ਜਗਤ ਵਿਚ ਰਮਿਆ ਹੋਣ ਕਰਕੇ ਉਹ ਖਾਲਕ ਮਖ਼ਲੂਕਾਂ ਦੀ ਭਾਂਤ ਭਾਂਤ ਦੀ ਬੰਦਗੀ 'ਚੋਂ ਝਾਕਦਾ ਹੈ:-

ਕਹੂੰ ਹੋਇਕੈ ਹਿੰਦੂਆਂ ਗਾਇਤ੍ਰੀ ਕੋ ਗੁਪਤ ਜਪਿਓ
ਕਹੂੰ ਹੋਇਕੈ ਤੁਰਕਾ ਪੁਕਾਰੇ ਬਾਂਗ ਦੇਤ ਹੋ....।੧੨।
ਕਹੂੰ ਦੇਵਤਾਨ ਕੇ ਦਿਵਾਨ ਮੈ ਬਿਰਾਜਮਾਨ
ਕਹੂੰ ਦਾਨਵਾਨ ਕੋ ਗੁਮਾਨ ਮਤ ਦੇਤ ਹੋ।.....
ਕਹੂੰ ਬੇਦ ਰੀਤ ਕਹੂੰ ਤਾ ਸਿਓ ਬਿਪ੍ਰੀਤ
ਕਹੂੰ ਤ੍ਰਿਗੁਨ ਅਤੀਤ ਕਹੂੰ ਸਰ ਗੁਨ ਸਮੇਤ ਹੋ।੧੩।

ਕਹੂੰ ਛਤ੍ਰਧਾਰੀ ਕਹੂੰ ਛਾਲਾ ਧਰੈ ਛੈਲ ਭਾਰੀ
ਕਹੂੰ ਛਕਵਾਰੀ ਕਹੂੰ ਛਲ ਕੇ ਪ੍ਰਕਾਰ ਹੋ।੧੭।

ਪਰ ਜਦ ਇਹ ਸਾਂਗ ਸਕੇਲਿਆ ਜਾਂਦਾ ਹੈ ਤਦ ਫੇਰ ਉਹ ਇਕੋ ਜੋਤਿ ਨਜ਼ਰ ਆਉਂਦੀ ਹੈ ਜੋ ਸਦਾ ਇਕ ਸਮਾਨ ਹੈ:- *ਸਰਬ ਕਾਲ ਸਰਬ ਠੌਰ ਏਸ ਸੇ ਲਗਤ ਹੋ।*

ਜ਼ਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ।
ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ।।੧੬੬।।

ਵੱਖ ਵੱਖ ਭਾਂਤ ਦੇ ਬੰਦਗੀ ਦੇ ਤਰੀਕਿਆਂ 'ਚੋਂ ਰੱਬ ਭਾਵੇਂ ਝਲਕਦਾ ਦਿਸਦਾ ਹੈ, ਪਰ ਜਿਥੇ ਇਹ ਤਰੀਕੇ ਫੋਕਟ ਕਰਮ ਕਾਂਡ ਬਣ ਜਾਂਦੇ ਹਨ, ਉਹ ਦੀ ਅਕਾਲ ਉਸਤਤਿ ਵਿਚ ਨਿਖੇਧੀ ਕੀਤੀ ਗਈ ਹੈ। ਪੰਜ ਛੇ ਵਾਰ ਦੀ ਬਾਂਗ ਜੇ ਉਹ ਨਿਰਾਰਥ ਹੈ ਤਾਂ ਉਹ ਗਿੱਦੜ ਦੇ ਪੰਜ ਵਾਰ ਪੁਕਾਰਨ ਤੁੱਲ ਹੈ ਤੇ 'ਤੁਹੀਂ ਤੁਹੀਂ' ਤਾਂ ਪੂਤਨਾ ਪਕਸ਼ੀ ਵੀ ਰੱਟਦਾ ਹੈ। ਉਹ ਜੋਗੀ ਤੇ ਮੋਨੀ ਜੋ ਇਕ ਲੱਤ ਦੇ ਭਾਰ ਖੜ੍ਹੇ ਰਹਿੰਦੇ ਹਨ, ਉਹਨਾਂ ਵਿਚ ਅਤੇ ਜੜ੍ਹ ਬਿਰਛਾਂ ਵਿਚ ਕੋਈ ਫ਼ਰਕ ਨਹੀਂ। ਜੇ ਬਿਭੂਤ ਲਾਉਣ ਨਾਲ ਰੱਬ ਮਿਲ ਜਾਏ ਜਾਂ ਮਸਾਣਾਂ ਵਿਚ ਰਹਿਣ ਨਾਲ, ਤਾਂ ਗਧਾ ਸਦਾ ਬਿਭੂਤਧਾਰੀ ਅਤੇ ਗਿੱਧ ਮਸਾਨ ਵਾਸੀ ਰਹਿੰਦਾ ਹੈ। ਲੋੜ ਉਸ ਅਕਾਲ ਨੂੰ ਇਕ ਚਿੱਤ ਹੋ ਕੇ ਅਰਾਧਣ ਦੀ ਹੈ।

ਏਕ ਚਿਤ ਜਿਹ ਇਕ ਛਿਨ ਧਯਾਇਓ॥
ਕਾਲ ਫਾਸ ਕੇ ਬੀਚ ਨ ਆਇਓ॥੧੦॥

ਉਹ 'ਸਦਾ ਅੰਗ ਸੰਗੇ ਅਭੰਗੰ ਬਿਭੂਤੇ' ਸਗੋਂ ਬਲਹੀਨਾਂ ਤੇ ਨਿਆਸਰਿਆਂ ਦੀ ਆਵਾਜ਼ ਪਹਿਲਾਂ ਸੁਣਦਾ ਹੈ ਤੇ ਹਰ ਵਸਤੂ ਦੇਣ ਦੇ ਸਮਰੱਥ ਹੈ:-

ਹਾਥੀ ਕੀ ਚਿੰਘਾਰ ਪਲ ਪਾਛੇ ਪਹੁੰਚਤ ਤਾਹਿ।
ਚੀਟੀ ਕੀ ਪੁਕਾਰ ਪਹਿਲੇ ਹੀ ਸੁਨੀਅਤ ਹੈ। ੨੫੬॥

ਪ੍ਰਾਨ ਕੇ ਬਚੱਯਾ ਦੂਧ ਪੂਤ ਕੇ ਦਿਵੱਯਾ
ਰੋਗ ਸੋਗ ਕੇ ਮਿਟੱਯਾ ਕਿਧੋ ਮਾਨੀ ਮਹਾ ਮਾਨ ਹੋ।੧੯।

ਜਿਨੈ ਤੋਹਿ ਧਿਆਇਓ ਤਿਨੈ ਪੂਰਨ ਪ੍ਰਤਾਪ ਪਾਇਓ
ਸਰਬ ਧਨ ਧਾਮ ਫਲ ਫੂਲ ਸੋ ਫਲਤ ਹੈ॥੨੫੫॥

ਫੋਕਟ ਕਰਮ ਧਰਮ ਛੱਡ ਕੇ ਜੋ ਉਹਦਾ ਮਿੱਤਰ ਬਣ ਜਾਏ ਉਹ ਉਹਦੇ ਪ੍ਰਾਣ ਬਣ ਜਾਂਦਾ ਹੈ:-

ਜਿਹ ਫੋਕਟ ਧਰਮ ਸਬੈ ਤਜ ਹੈ।
ਇਕ ਚਿਤ ਕ੍ਰਿਪਾਨਿਧ ਕੋ ਜਪ ਹੈ।
ਤੇਊ ਯਾ ਭਵਸਾਗਰ ਕੋ ਤਰ ਹੈ।
ਭਵ ਭੂਲ ਨ ਦੇਹ ਪੁਨਰ ਧਰ ਹੈ॥੧੫੯॥

ਜੋਬਨ ਕੇ ਜਾਲ ਹੋ ਕਿ ਕਾਲ ਹੂੰ ਕਿ ਕਾਲ ਹੋ
ਕਿ ਸਤ੍ਰੁਨ ਕੋ ਸੂਲ ਹੋ ਕਿ ਮਿਤ੍ਰਨ ਕੇ ਪ੍ਰਾਨ ਹੋ॥੧੯॥

ਪਰ ਇਸਦਾ ਇਹ ਮਤਲਬ ਹਰਗਿਜ਼ ਨਹੀਂ ਕਿ ਉਹ ਦੋਖੀਆਂ ਅਤੇ ਨਾਸਤਕਾਂ ਨੂੰ ਕੁਝ ਨਹੀਂ ਦਿੰਦਾ, ਸਗੋਂ ਉਹ ਸਭ ਦਾ ਰਾਜ਼ਕ ਇਕ ਰਸ ਬਣਿਆ ਰਹਿੰਦਾ ਹੈ:-

ਰੋਜ਼ ਹੀ ਰਾਜ ਬਿਲੋਕਤ ਰਾਜ਼ਕ
ਰੋਖ ਰੂਹਾਨ ਕੀ ਰੋਜੀ ਨਾ ਟਾਰੈ॥੨੪੪॥
ਦੀਨ ਦਯਾਲ ਦਯਾ ਨਿਧਿ ਦੋਖਨ
ਦੇਖਤ ਹੈ ਪਰ ਦੇਤ ਨ ਹਾਰੈ॥੨੪੩॥

ਅਨੇਕਤਾ ਵਿਚ ਏਕਤਾ

ਸੰਸਾਰ ਦੀ ਰਚਨਾ ਵਿਚ ਏਕਤਾ ਹੈ ਪਰ ਨਾਲ ਅਨੇਕਤਾ ਵੀ। ਤੱਤਾਂ ਦੇ ਭੇਦ ਤੇ ਦੇਸ਼ਾਂ ਦੇ ਪ੍ਰਭਾਵ ਮਨੁੱਖਾਂ ਦੇ ਰੂਪਾਂ, ਗੁਣਾ ਤੇ ਕਰਮਾਂ ਵਿਚ ਫ਼ਰਕ ਪਾਉਂਦੇ ਹਨ। ਰੰਗਾਂ ਰੰਗ ਦੇ ਫਲ, ਫੁੱਲ, ਬਨਸਪਤੀ, ਪਸ਼ੂ, ਪੰਛੀ, ਸੂਰਜ, ਗ੍ਰਹਿ, ਨਕਸ਼ਤ੍ਰ, ਅਨੇਕਤਾ ਦੀ ਅਸਚਰਜਤਾ ਦਾ ਨਮੂਨਾ ਹਨ:-

ਏਕਤਾ : ਏਕੈ ਨੈਨ, ਏਕੈ ਕਾਨ ਏਕੈ ਦੇਹ ਏਕੈ ਬੈਨ,
ਖ਼ਾਕ ਬਾਦ ਆਤਸ਼ ਔ ਆਬ ਕੋ ਰਲਾਓ ਹੈ॥੮੬॥

ਅਨੇਕਤਾ : ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ।
ਨਿਆਰੇ ਨਿਆਰੇ ਹੁਇਕੇ ਫਿਰਿ ਆਗੇ ਆਗ ਮਿਲਾਹਿੰਗੇ॥੮੭॥

ਭਾਰਤ ਦੇ ਰਿਸ਼ੀਆਂ ਨੇ ਅਨੇਕਤਾ ਵਿਚੋਂ ਏਕਤਾ ਲੱਭਣ ਦਾ ਯਤਨ ਕੀਤਾ ਹੈ। ਵੇਦਾਂਤ ਸਾਰੇ ਬ੍ਰਹਮ ਮੰਨਦਾ ਹੈ, ਪਰ ਜਗਤ ਨੂੰ ਮਿਥਿਆ ਦੱਸਦਾ ਹੈ। ਪਰ ਗੁਰਮਤਿ ਇਸਨੂੰ ਸੱਚੇ ਦੀ ਕੋਠੜੀ ਤੇ 'ਨਾਨਕ ਸਾਚੇ ਕੀ ਸਾਚੀ ਕਾਰੇ' ਦੱਸਦੀ ਹੈ। ਪੱਛਮੀ ਤਤਵੇਤਾ ਐਡਿੰਗਟਨ ਕਹਿੰਦਾ ਹੈ ਕਿ ਮੂਲ ਤੱਤ ਤਾਂ ਇਕੋ ਹੈ; ਪਹਿਲੇ ਸਾਰੇ ਫੁੱਲਾਂ ਦਾ ਬੀਜ ਇਕੋ ਸੀ ਪਰ ਕਾਸਮਿਕ ਕਿਰਨਾਂ (Cosmic rays) ਨੇ ਰੰਗਾਂ ਵਿਚ ਅਨੇਕਤਾ ਪੈਦਾ ਕਰ ਦਿੱਤੀ। ਗੁਰੂ ਸਾਹਿਬ ਨੇ ਮਨੁੱਖ ਨੂੰ ਮਨੁੱਖਤਾ ਦੀ ਬਿਨਾ 'ਤੇ ਸਮਾਨਤਾ ਦਾ ਉਪਦੇਸ਼ ਦਿੱਤਾ। ਦੇਹੁਰਾ ਤੇ ਮਸੀਤ, ਪੂਜਾ ਅਤੇ ਨਮਾਜ਼ ਸਭ ਦਾ ਆਦਰ ਕਰਨ ਦੀ ਸਿਖਿਆ ਦਿੱਤੀ ਕਿਉਂਕਿ ਵੱਖ ਵੱਖ ਧਰਮਾਂ ਦੇ ਅਨੁਯਾਈਆਂ ਦੇ ਵਿਸ਼ਵਾਸ ਉਹਨਾਂ ਦੇ ਹੱਕ ਸਨ। ਇਉਂ ਮਜ਼ਹਬਾਂ ਤੇ ਨਸਲਾਂ ਦਾ ਵਿਤਕਰਾ ਮਿਟਾਇਆ। ਆਪ ਨੇ ਦੱਸਿਆ ਕਿ ਰੱਬ ਸਭ ਦਾ ਸਾਂਝਾ ਅਤੇ ਸਭ ਦਾ ਗੁਰਦੇਵ ਹੈ। ਸਾਰਿਆਂ ਵਿਚ ਉਸੇ ਦੀ ਜੋਤੀ ਪਸਰ ਰਹੀ ਹੈ। ਉਹਦੇ ਬੰਦਿਆਂ ਨਾਲ ਪ੍ਰੇਮ ਕੀਤੇ ਬਿਨਾਂ ਉਹਦੀ ਪ੍ਰਾਪਤੀ ਨਹੀਂ ਹੋ ਸਕਦੀ।

ਏਕਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ।
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥੮੫॥

ਸਾਚ ਕਹੋਂ ਸੁਨ ਲੇਹੁ ਸਭੈ
ਜਿਨ ਪ੍ਰੇਮ ਕੀਯੋ ਤਿਨ ਹੀ ਪ੍ਰਭ ਪਾਯੋ॥੨੯॥

ਪ੍ਰੋਹਤਵਾਦ ਤੇ ਆਮਰੀਅਤ

ਸੁਧਾ ਸਵੈਯਾ ਵਿਚ ਰੱਬੀ ਪਿਆਰ ਅਤੇ ਭੈ ਰਹਿਤ ਮਜ਼ਹਬੀ ਤਾਕਤ (ਪ੍ਰੋਹਤਵਾਦ) ਅਤੇ ਸ਼ਖਸੀ ਰਾਜ-ਬਲ (ਆਮਰੀਅਤ) ਦਾ ਖੰਡਨ ਕੀਤਾ ਗਿਆ ਹੈ:

ਸ੍ਰਾਵਗ ਸੁਧ ਸਮੂਹ ਸਿਧਾਨ ਕੇ
ਦੇਖਿ ਫਿਰਿਓ ਘਰ ਜੋਗ ਜਤੀ ਕੇ॥
ਸੂਰ ਸੁਰਾਰਦਨ ਸੁੱਧ ਸਿਧਾਦਿਕ
ਸੰਤ ਸਮੂਹ ਅਨੇਕ ਮਤੀ ਕੇ।
ਸਾਰੇ ਹੀ ਦੇਸ ਕੋ ਦੇਖ ਰਹਯੋ
ਮਤ ਕੋਊ ਨ ਦੇਖੀਅਤ ਪ੍ਰਾਨ ਪਤੀ ਕੇ॥
ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂੰ ਤੇ
ਏਕ ਰਤੀ ਬਿਨ ਏਕ ਰਤੀ ਕੇ।॥੨੧॥
ਸੁੱਧ ਸਿਪਾਹ ਦੁਰੰਤ ਦੁਬਾਹ
ਸੁ ਸਾਜਿ ਸਨਾਹ ਦੁਰਜਾਨ ਦਲੈਂਗੇ॥
ਭਾਰੀ ਗੁਮਾਨ ਭਰੇ ਮਨ ਮੈ
ਕਰ ਪਰਬਤ ਪੰਖ ਹਲੇ ਨ ਹਲੈਂਗੇ॥
ਤੋਰ ਅਰੀਨ ਮਰੋਰਿ ਮਵਾਸਨ ਮਾਤੇ

ਮਤੰਗਨ ਮਾਨ ਮਲੈਂਗੇ॥
ਸ੍ਰੀ ਪਤਿ ਸ੍ਰੀ ਭਗਵਾਨ ਕ੍ਰਿਪਾ
ਬਿਨ ਤਯਾਗ ਜਹਾਨ ਨਿਦਾਨ ਚਲੈਂਗੇ॥੨੫॥

ਜਾਗਦੀ ਜੋਤ ਦੇ ਪੁਜਾਰੀ ਖਾਲਸੇ ਨੂੰ ਇਹਨਾਂ ਦੋਹਾਂ ਤਾਕਤਾਂ ਤੋਂ ਨਿਰਭੈ ਅਤੇ ਆਜ਼ਾਦ ਕਰਕੇ ਵਾਹਿਗੁਰੂ ਦੇ ਪ੍ਰੇਮ ਮਈ ਭੈ (Reverential Awe) ਵਿਚ ਲਿਆਂਦਾ। ਖਾਲਸੇ ਨੂੰ ਦੱਸਿਆ ਕਿ 'ਸੰਤਨ ਦੁਖ ਪਾਏ ਤੇ ਦੁਖੀ। ਸੁਖ ਪਾਏ ਸਾਧਨ ਕੇ ਸੁਖੀ।' ਰੱਬ ਨੂੰ ਸੁੱਖੀ ਕਰਨ ਲਈ ਸੰਤਾਂ ਨੂੰ ਸੁੱਖੀ ਕਰਨਾ ਖਾਲਸੇ ਦਾ ਕਰਤੱਵ ਠਹਿਰਾਇਆ ਗਿਆ।

ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਵੰਗਾਰਦਿਆਂ ਉਹਨੂੰ ਨਾਹਰਾ ਦਿੱਤਾ:-

ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿੱਖ ਭਵਾਨ ਜਪੈਂਗੇ।
ਜੀਵ ਜਿਤੇ ਜਲ ਮੈ ਥਲ ਮੈ ਪਲ ਹੀ ਪਲ ਮੈ ਸਭ ਥਾਪ ਥਪੈਂਗੇ।
ਪੁੰਨ ਪ੍ਰਤਾਪਨ ਬਾਢਤ ਜੈ ਧੁਨ ਪਾਪਨ ਕੇ ਬਹੁ ਪੁੰਜ ਖਪੈਂਗੇ।
ਸਾਧ ਸਮੂਹ ਪ੍ਰਸੰਨ ਫਿਰੈ ਜਗ ਸ਼ੱਤ੍ਰ ਸਭੈ ਅਵਲੋਕ ਚਪੈਂਗੇ॥੨੭॥

ਇਹ ਯਤਨ ਸੀ ਕਿ ਨਿਤਾਣੇ, ਨਿਰਬਲ ਅਤੇ ਛੋਟੀਆਂ ਬਾਹਾਂ ਦਾ ਆਸਰਾ ਛੱਡ ਕੇ 'ਆਜਾਨ ਬਾਹੂ ਦਾ ਆਸਰਾ' ਤਕਣ ਅਤੇ 'ਭਾਰੀ ਭੁਜਾਨ ਕੋ ਭਾਰੀ ਭਰੋਸੋ' ਉਤੇ ਨਿਗਾਹ ਰਖਣ। ਉਹ ਇੱਡਾ ਵੱਡਾ ਆਸਰਾ ਲੱਭ ਕੇ ਬੜੇ ਫ਼ਖ਼ਰ ਨਾਲ ਆਖ ਸਕਣ।

ਸੁੰਭ ਨਿਸੁੰਭ ਸੇ ਕੋਟ ਨਿਸਾਚਰ ਜਾਹਿ ਛਿਨੇਕ ਬਿਖੇ ਹਨ ਡਾਰੇ।
ਧੂਮਰ ਲੋਚਨ ਚੰਡ ਅਉ ਮੁੰਡ ਸੇ ਮਾਹਖ ਸੇ ਪਲ ਬੀਚ ਨਿਵਾਰੇ।
ਚਾਮਰ ਸੇ ਰਣ-ਚਿੱਛਰ ਸੇ ਰਣਤਿੱਛਣ ਸੇ ਝਟ ਦੈ ਝਝਕਾਰੇ।
ਐਸੋ ਸ ਸਾਹਿਬ ਪਾਇ ਕਹਾ ਪ੍ਰਵਾਹ ਰਹੀ ਇਹ ਦਾਸ ਤਿਹਾਰੇ॥੯੩॥ ਅਧਿਆਇ॥

ਆਪ ਨੇ ਉਨ੍ਹਾਂ ਨੂੰ ਅਕਾਲ ਪੁਰਖ, ਸਰਬ ਕਾਲ, ਸਰਬ ਲੋਹ ਦੀ ਸਦਾ ਰਛਿਆ ਮੰਗਣ ਦਾ ਢੰਗ ਦੱਸਿਆ। ਸੰਤਾਂ ਨੂੰ ਸੁੱਖੀ ਕਰਨ ਲਈ ਸਰਬ ਲੋਹ ਦੀ ਤੇਗ਼ ਚੁੱਕਣ ਦੀ ਪ੍ਰੇਰਨਾ ਦਿੱਤੀ ਕਿਉਂਕਿ:-

ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬਸ਼ਮਸ਼ੇਰ ਦਸਤ।

ਇਉਂ ਅਕਾਲ ਉਸਤਤ ਦੇ ਲਿਖਾਰੀ ਅਤੇ ਅਕਾਲ ਪੂਜਕ ਗੁਰੂ ਨੇ ਮਜ਼ਲੂਮਾਂ ਅਤੇ ਮਹਿਕੂਮਾਂ ਨੂੰ ਸਰਬ ਲੋਹ ਦਾ ਨਵਾਂ ਧਾਰਮਕ ਦਸਤੂਰ ਪ੍ਰਦਾਨ ਕਰ ਕੇ ਇਤਿਹਾਸ ਦੇ ਧਾਰੇ ਨੂੰ ਬਦਲ ਦਿੱਤਾ।

ਮੈਂਟਲ ਆਫ਼ ਦੀ ਈਸਟ ਦਾ ਕਰਤਾ ਐਡਮੰਡ ਕੈਂਡਲਰ ਲਿਖਦਾ ਹੈ: 'ਜਦ ਗੁਰੂ ਗੋਬਿੰਦ ਜੀ ਨੇ ਫੌਲਾਦ (ਸਰਬ ਲੋਹ) ਦਾ ਧਾਰਮਕ ਦਸਤੂਰ ਤੋਰਿਆ ਤਦ ਉਨ੍ਹਾਂ ਆਪਣੇ ਆਪ ਨੂੰ ਚਤੁਰ ਅਤੇ ਦੂਰਦਰਸ਼ੀ ਨੇਤਾ ਸਾਬਤ ਕੀਤਾ, ਕਿਉਂਕਿ ਉਨ੍ਹਾਂ ਸਾਰੀਆਂ ਚੀਜ਼ਾਂ ਵਿਚ ਜਿਨ੍ਹਾਂ ਵਿਚੋਂ ਬੁਧੀ ਨੇ ਆਤਮਕ ਮਹੱਤਤਾ ਦੀ ਭਾਵਨਾ ਜਗਾਈ ਹੈ ਫੌਲਾਦ ਸਭ ਤੋਂ ਵੱਧ ਸੱਚਾ ਅਤੇ ਨਾ ਲਿਫ਼ਣ ਵਾਲਾ ਹੈ, ਮਨੁੱਖਤਾ ਵਾਦੀ ਜੋ ਮਰਜ਼ੀ ਬੁੜਬੁੜ ਕਰਨ ਕੋਈ ਐਸੀ ਜਮਾਤ ਨਹੀਂ ਹੋਈ ਜਿਸ ਨੂੰ ਇਹ (ਫੌਲਾਦ) ਨੇ ਪਵਿੱਤਰ ਨਾ ਕੀਤਾ ਹੋਵੇ। ਕਈਆਂ 'ਚੋਂ ਤਾਂ ਇਹਨੇ ਹੀ ਖ਼ੁਦਗਰਜ਼ੀ ਅਤੇ ਆਪੇ ਦਾ ਭੂਤ ਕੱਢ ਕੇ ਗੰਦਗੀ ਦੂਰ ਕੀਤੀ ਹੈ। ਖਾਲਸੇ ਨੂੰ ਇਸ ਨੇ

ਸਾਹਸ ਪੂਰਤ ਕਾਰਜ ਦਿੱਤਾ ਅਤੇ ਇਕ ਕੌਮ ਬਣਾ ਦਿੱਤਾ। ਮੁਸਲਮਾਨੀ ਰਾਜ ਦੇ ਨ੍ਹੇਰੇ ਦਿਨਾਂ ਵਿਚ ਅਠਾਰ੍ਹਵੀ ਸਦੀ ਦੇ ਅੱਧ ਵਿਚ ਜਦ ਕਿ ਸਿੱਖ ਦਿਸਦੇ ਸਾਰ ਮਾਰ ਦਿੱਤਾ ਜਾਂਦਾ ਸੀ ਅਤੇ ਉਹਨੂੰ ਸਿਰ ਲੁਕਾਣ ਲਈ ਕੋਈ ਠਾਹਰ ਨਹੀਂ ਮਿਲਦੀ ਸੀ, ਉਦੋਂ ਇਹ ਦੇ ਆਸਰੇ ਹੀ ਉਹ ਬੜੀਆਂ ਭਾਰੀਆਂ ਧਾਰਮਿਕ ਮੁਹਿੰਮਾਂ ਉਤੇ ਚੜ੍ਹ ਕੇ ਜਾਂਦਾ ਸੀ, ਉਹ ਅੱਧੀ ਰਾਤ ਵੇਲੇ ਅੰਮ੍ਰਿਤਸਰ ਘੋੜੇ 'ਤੇ ਸਵਾਰ ਹੋ ਕੇ ਪੁੱਜਦਾ ਅਤੇ ਇਸ਼ਨਾਨ ਕਰ ਕੇ ਪਵਿੱਤਰ ਹੋ ਕੇ ਵੈਰੀਆਂ ਦੀਆਂ ਸਫ਼ਾਂ ਚੀਰਦਾ ਘੋੜਾ ਭਜਾਉਂਦਾ ਮੁੜ ਆ ਜਾਂਦਾ। ਸੈਂਕੜੇ ਸਿੱਖ ਇਸ ਕਾਰਜ ਵਿਚ ਕਤਲ ਵੀ ਹੋਏ, ਪਰ ਕਿਸੇ ਨੇ ਵੀ ਆਪਣਾ ਧਰਮ ਨਾ ਤਿਆਗਿਆ ਅਤੇ ਨਾ ਹੀ ਆਪਣੇ ਨਾਸ਼ਵੰਤ ਮਿੱਟੀ ਦੇ ਠੀਕਰ ਨੂੰ ਕਾਇਮ ਰੱਖਣ ਲਈ ਆਤਮਾ ਨੂੰ ਮਲੀਨ ਕੀਤਾ।'

ਦੂਜੇ ਪਾਸੇ ਅਕਾਲ ਉਸਤਤਿ ਦਾ ਪਾਠਕ ਰਣਤੱਤੇ ਵਿਚ ਨਿਰਭਉ ਅਤੇ ਨਿਰਵੈਰ ਹੋ ਕੇ ਵੈਰੀ ਦੇ ਫਟੜਾਂ ਨੂੰ ਪਾਣੀ ਪਿਲਾਉਂਦਾ ਫਿਰਦਾ ਸੀ ਕਿਉਂਕਿ ਉਹਨੂੰ ਵਿਸ਼ਵਾਸ ਸੀ:

ਅਕਾਲ ਪੁਰਖ ਕੀ ਰਛਾ ਹਮਨੈ।
ਸਰਬ ਲੋਹ ਦੀ ਰਛਿਆ ਹਮਨੈ।
ਸਰਬ ਕਾਲ ਜੀ ਦੀ ਰਛਿਆ ਹਮਨੈ।
ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ।

ਖਾਲਸਾ ਸਦਾ 'ਅਕਾਲ ਸਹਾਏ' ਦੀ ਚੇਸ਼ਟਾ ਕਰਦਾ ਰਿਹਾ ਹੈ, ਜਿਹਾ ਕਿ ਭਾਈ ਮਨੀ ਸਿੰਘ ਦੀ ਚਿੱਠੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਮੁਹਰ ਤੋਂ ਪਤਾ ਲਗਦਾ ਹੈ। ਅਕਾਲ ਸਦਾ ਆਪਣੇ ਪੁਜਾਰੀ ਖਾਲਸੇ ਦਾ ਸਹਾਇਕ ਰਿਹਾ ਹੈ।

ਗੁਰਮਤਿ ਪ੍ਰਕਾਸ਼; ਮਈ 1965

ਕ੍ਰਿਸ਼ਨਾਵਤਾਰ

ਕਾਰੇ ਸਾਹਿਬ ਇਕ ਮੁਸਲਮਾਨ ਫਕੀਰ ਕ੍ਰਿਸ਼ਨ ਭਗਤ ਹੋਏ ਹਨ। ਜਦ ਉਹ ਜਗਨ ਨਾਥ ਪੁਰੀ ਦੇ ਮੰਦਰ ਵਿਚ ਦਾਖਲ ਹੋਣ ਲੱਗੇ ਤਾਂ ਪੁਜਾਰੀਆਂ ਨੇ ਰੋਕ ਦਿੱਤਾ। ਕਾਰੇ ਕੂਕ ਉਠਿਆ:

ਮਿਹਰਬਾਨ, ਕਦਰਦਾਨ, ਅੱਲਾ ਤੂੰ ਜਹਾਨ ਬੀਰ
ਮੁਝ ਸੇ ਗਰੀਬ ਕਾ ਗੁਨਾਹ ਮਾਫ਼ ਕੀਜੀਏ।
ਕਾਰੇ ਕਰਾਰ ਪਰਾ ਤੇਰੇ ਦਰਬਾਰ ਬੀਚ,
ਅਟਕੀ ਹੈ ਨਾਵ, ਅਬ ਜ਼ਰਾ ਗੌਰ ਕੀਜੀਏ।
ਹਿੰਦੂ ਕਾ ਨਾਥ ਤੋ ਹਮਾਰਾ ਕੁਛ ਦਾਵਾ ਨਾਹੀਂ,
ਜਗਤ ਕਾ ਨਾਥ ਤੋ ਹਮਾਰੀ ਸੁਧ ਲੀਜੀਏ।

ਸਮੇਂ ਦੀ ਮੰਗ ਹੈ ਕਿ ਬੰਸਰੀ ਵਾਲੇ ਨੂੰ ਹਿੰਦੂ ਨਾਥ ਦੀ ਪਦਵੀ ਦੇ ਸੀਮਤ ਦਾਇਰੇ 'ਚੋਂ ਕੱਢ ਕੇ ਜਗਤ ਨਾਥ ਦੀ ਵਿਸ਼ਾਲ ਪਦਵੀ ਦੇ ਆਲਮਗੀਰ ਦਾਇਰੇ ਵਿਚ ਲਿਆਈਏ। ਉਨ੍ਹਾਂ ਦੀਆਂ ਬਹੁਤ ਸਾਰੀਆਂ ਖੂਬੀਆਂ ਅਤੇ ਗੁਣਾਂ ਨੂੰ ਸੰਸਾਰ 'ਤੇ ਉਜਾਗਰ ਹੋਣ ਦਾ ਮੌਕਾ ਦੇਵੀਏ। ਇਹ ਇਨ੍ਹਾਂ ਦੀ ਉਚੀ ਸ਼ਖ਼ਸੀਅਤ ਦਾ ਸਦਕਾ ਹੈ ਕਿ ਉਨ੍ਹਾਂ ਦੀ ਜ਼ਾਤ ਦਾ ਸਾਡੀ ਸਭਿਅਤਾ, ਸੰਸਕ੍ਰਿਤ ਅਤੇ ਸਾਹਿਤ 'ਤੇ ਬੜਾ ਡੂੰਘਾ ਅਸਰ ਪਿਆ ਹੈ। ਪੰਜਾਬ ਨੂੰ ਹੀ ਲੈ ਲਓ, ਇਥੋਂ ਦੇ ਵਿਆਹ ਸ਼ਾਦੀਆਂ ਦੇ ਲੋਕ ਗੀਤਾਂ ਵਿਚ ਕੇਵਲ ਕ੍ਰਿਸ਼ਨ ਜੀ ਦਾ ਹੀ ਨਾਉਂ ਆਉਂਦਾ ਹੈ। ਕੁੜੀ ਦੇ ਪਿਤਾ ਦੇ ਵਰ ਟੋਲਣ ਲਈ ਘਰੋਂ ਤੁਰਨ ਸਮੇਂ ਤੋਂ ਲੈ ਕੇ ਲਾਵਾਂ ਫੇਰਿਆਂ ਤੱਕ ਕਾਨ੍ਹ ਦੇ ਨਾਲ ਜੁੜੇ ਸੁਹਾਗ, ਆਦਿ ਗੀਤ ਗਾਏ ਜਾਂਦੇ ਹਨ। ਵਰ ਨੂੰ ਕਾਨ੍ਹ ਅਤੇ ਵਿਆਂਧੜ ਕੁੜੀ ਨੂੰ ਰੁਕਮਨ ਆਖਿਆ ਜਾਂਦਾ ਹੈ।

(1) *ਬੇਟੀ ਕਿਹਾ ਜਿਹਾ ਵਰ ਲੋੜੀਏ?*
ਬਾਬਲ ਜਿਉਂ ਤਾਰਿਆਂ ਵਿਚ ਚੰਨ
ਚੰਨਾਂ ਚੋਂ, ਕਾਨ੍ਹ, ਕਨ੍ਹਈਆ ਵਰ ਲੋੜੀਏ....

(2) *ਮੈਂ ਤੇਰੇ ਚਰਨਾਂ ਦੀ ਦਾਸੀ ਵੇ ਕਾਨ੍ਹਾਂ,*
ਮੈਂ ਤੇਰੇ ਚਰਨਾਂ ਦੀ ਦਾਸੀ........

ਇਹ ਤਾਂ ਹੋਇਆ ਸਾਡੀਆਂ ਰਸਮਾਂ ਰਿਵਾਜਾਂ ਉਤੇ ਉਨ੍ਹਾਂ ਦੀ ਵਿਅਕਤੀਤਵ ਦਾ ਅਸਰ, ਭਾਰਤ ਦੀਆਂ ਅੱਡ ਅੱਡ ਪ੍ਰਾਂਤਿਕ ਤੇ ਪ੍ਰਾਦੇਸ਼ਕ ਭਾਸ਼ਾਵਾਂ ਦੇ ਸਾਹਿਤ ਉਤੇ ਵੀ ਉਨ੍ਹਾਂ ਦੀ ਪ੍ਰਭਾਵਸ਼ਾਲੀ ਮੁਹਰ ਲੱਗੀ ਹੋਈ ਹੈ। ਪੰਜਾਬੀ ਦੇ ਕਵੀਆਂ, ਮੂਲ ਸਿੰਘ, ਧਨੀ ਰਾਮ

ਚਾਤ੍ਰਿਕ ਅਤੇ ਸ਼ਰਫ਼ ਨੇ ਇਕੋ ਜਹੇ ਉਤਸ਼ਾਹ ਨਾਲ ਆਪ ਸਬੰਧੀ ਕਵਿਤਾ ਆਖੀ ਹੈ। ਬੰਗਾਲ ਦੇ ਭਗਤ ਜੈਦੇਵ ਨੇ ਗੀਤ ਗੋਵਿੰਦਮ ਲਿਖਿਆ। ਸੂਰ ਦਾਸ, ਮੀਰਾਂ ਬਾਈ, ਰਸ ਖਾਨ ਆਦਿ ਕਵੀਆਂ ਦੀਆਂ ਰਚਨਾਵਾਂ ਆਪ ਦੀ ਭਗਤੀ ਅਤੇ ਪ੍ਰੇਮ ਨਾਲ ਭਰੀਆਂ ਹੋਈਆਂ ਹਨ। ਇਥੋਂ ਤੱਕ ਕਿ ਈਸ਼ਵਰ ਨੂੰ ਸਰਗੁਣ ਅਤੇ ਸਾਕਾਰ ਮੰਨਣ ਵਾਲਿਆਂ ਨੇ ਆਪ ਨੂੰ ਪਰਮਾਤਮਾ ਦਾ ਦਰਜਾ ਦਿੱਤਾ ਅਤੇ ਮੁਰਲੀ ਮਨੋਹਰ, ਮੁਰਾਰੀ, ਬਨਵਾਰੀ, ਗਿਰਧਾਰੀ ਆਦਿ ਆਪ ਨਾਲ ਸਬੰਧਤ ਅੱਡ ਅੱਡ ਨਾਓਂ ਈਸ਼ਵਰ ਲਈ ਰੱਖੇ। ਇਨ੍ਹਾਂ ਪ੍ਰਚਲਿਤ ਨਾਵਾਂ ਦੇ ਆਧਾਰ 'ਤੇ ਹੀ ਨਿਰਾਕਾਰ ਦੇ ਉਪਾਸ਼ਿਕਾਂ ਨੇ ਆਪਣੀ ਬਾਣੀ ਰਚੀ, ਮਹਾਰਾਸ਼ਟਰ ਦੇ ਨਾਮਦੇਵ ਅਤੇ ਤ੍ਰਿਲੋਚਨ, ਢਾਕੇ ਬੰਗਾਲ ਦੇ ਜੈਦੇਵ, ਸਿੰਧ ਦੇ ਸਧਨੇ, ਰਾਜਪੂਤਾਨੇ ਦੇ ਧੰਨੇ, ਉਤਰ ਪ੍ਰਦੇਸ਼ ਦੇ ਰਵੀਦਾਸ ਅਤੇ ਕਬੀਰ ਆਦਿ ਭਗਤਾਂ ਨੇ ਈਸ਼ਵਰ ਨੂੰ ਕ੍ਰਿਸ਼ਨ ਜੀ ਦੇ ਅੱਡ ਅੱਡ ਨਾਵਾਂ ਮੀਰ ਮੁਕੰਦ, ਸਾਂਵਲੇ ਵਰਨਾ ਨਾਲ ਯਾਦ ਕੀਤਾ। ਗੁਰਬਾਣੀ ਵਿਚ ਆਪ ਦੀਆਂ ਜੀਵਨ ਘਟਨਾਵਾਂ ਵਲ ਕੀਤੇ ਗਏ ਸੰਕੇਤ ਮਿਲਦੇ ਹਨ:

(1) ਪਾਰਜਾਤ ਗੋਪੀ ਲੈ ਆਯਾ ਬਿੰਦਰਾਬਨ ਮਹਿ ਰੰਗ ਕੀਆ

(2) ਕੇਸ਼ੀ ਕੰਸ ਪਛਾੜਿਅਨ

(3) ਮੁਰਲੀ ਮਨੋਹਰ ਹਰ ਰੰਗ।

ਪਰ ਗੁਰੂ ਗੋਬਿੰਦ ਸਿੰਘ ਜੀ ਇਸ ਸਿਲਸਿਲੇ ਵਿਚ ਬਹੁਤ ਅੱਗੇ ਵਧੇ ਹਨ। ਆਪ ਨੇ ਬਚਿੱਤ੍ਰ ਨਾਟਕ ਗ੍ਰੰਥ ਵਿਚ ਕ੍ਰਿਸ਼ਨਾ ਅਵਤਾਰ ਮਹਾਨ ਕਾਵਿ ਲਿਖ ਕੇ ਅਤੇ ਗੀਤਾ ਦਾ ਅਨੁਵਾਦ ਕਰ ਕੇ ਕ੍ਰਿਸ਼ਨ ਜੀ ਦੇ ਜੀਵਨ ਚਰਿੱਤ੍ਰ ਅਤੇ ਰਾਸ ਮੰਡਲ ਆਦਿ ਦਾ ਸਵਿਸਥਾਰ ਜ਼ਿਕਰ ਕੀਤਾ ਹੈ। ਤ੍ਰਿਯਾ ਚਰਿੱਤਰ ਵਿਚ ਰਾਧਾ ਰਮਨ ਦਾ ਪ੍ਰੇਮ ਉਜਾਗਰ ਕੀਤਾ ਹੈ।

ਜਿਵੇਂ ਕਿ ਕ੍ਰਿਸ਼ਨ ਜੀ ਨੇ ਗੀਤਾ ਵਿਚ ਦੱਸਿਆ ਹੈ ਕਿ ਜਦ ਜਦ ਧਰਮ ਦੀ ਗਿਲਾਨੀ ਹੁੰਦੀ ਹੈ, ਮੈਂ, ਹੇ ਭਾਰਤ! ਸਾਧੂਆਂ ਦੀ ਰਖਿਆ ਅਤੇ ਧਰਮ ਦੀ ਬ੍ਰਿੱਧੀ ਲਈ ਯੁਗਾਂ ਯੁਗਾਂ ਵਿਚ ਅਵਤਾਰ ਲੈਂਦਾ ਹਾਂ, ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਵੀ ਇਸੇ ਮਤਲਬ ਲਈ ਹੋਇਆ:

ਹਮ ਇਹ ਕਾਜ ਜਗਤ ਮੋ ਆਏ
ਧਰਮ ਹੇਤ ਗੁਰਦੇਵ ਪਠਾਏ।

ਇਸੇ ਧਰਮ, ਸਚਾਈ ਅਤੇ ਸਾਧੂਆਂ ਦੀ ਰੱਖਿਆ ਲਈ ਆਪ ਨੇ ਸੰਤ ਸਿਪਾਹੀਆਂ ਦੀ ਜਮਾਇਤ ਕਾਇਮ ਕੀਤੀ। ਇਸ ਜਮਾਤ ਨੂੰ ਵਜੂਦ ਵਿਚ ਲਿਆਵਣ ਲਈ ਜੰਤਾ ਦੀਆਂ ਸੁੱਤੀਆਂ ਸ਼ਕਤੀਆਂ ਜਗਾਵਣ ਦੀ ਲੋੜ ਸੀ। ਇਸ ਕੰਮ ਲਈ ਜੋ ਸਾਧਨ ਆਪ ਨੇ ਵਰਤੇ, ਉਨ੍ਹਾਂ ਵਿਚੋਂ ਇੱਕ ਕਵਿਤਾ ਦੁਆਰਾ ਸਾਹਿਤ ਸਿਰਜਨ ਵੀ ਸੀ। ਭਾਈ ਪਰਮਾ ਨੰਦ ਜੀ 'ਤਾਰੀਖੇ ਪੰਜਾਬ' ਵਿਚ ਲਿਖਦੇ ਹਨ 'ਸ੍ਰੀ ਗੁਰੂ ਜੀ ਨੇ ਹਿੰਦੀ ਦੀ ਕਵਿਤਾ ਕਾ ਇਕ ਐਸਾ ਢੰਗ ਨਿਕਾਲਾ ਜੋ ਇਸ ਸਮੇਂ ਅਦ੍ਵਿਤੀਯ ਹੈ....ਉਹਨੋਂ ਨੇ ਐਸਾ ਵੀਰ ਰਸ ਪੂਰਣ ਕਾਵਯ ਬਨਾਂਯਾ ਜੋ ਉਨ ਸੇ ਪਹਿਲੇ ਪੰਜਾਬ ਮੇਂ ਬਿਲਕੁਲ ਨਹੀਂ ਮਿਲਤਾ ਥਾ, ਇਸੀ ਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲੋਗੋਂ ਕੀ ਸੋਈ ਹੋਈ ਸ਼ਕਤੀਓਂ ਕੋ ਜਗਾਇਆ। ਕਵਿਤਾ ਐਸੀ ਬੇਨਜ਼ੀਰ ਹੈ ਕਿ ਇਸ ਸੈ ਬੜ੍ਹ ਕਰ ਸੰਸਾਰ ਭਰ ਕੇ ਸਾਹਿਤਯ ਮੇਂ ਸ਼ਾਇਦ ਹੀ ਕਹੀਂ ਮਿਲੇ।' ਇਸੇ ਸਬੰਧਤ ਵਿਚ ਡਾਕਟਰ ਗੋਕਲ ਚੰਦ ਨਾਰੰਗ ਦੀ ਰਾਏ ਵੀ ਕੁਥਾਂ ਨਾ ਹੋਵੇਗੀ:

Its literary and poetic merit is, however, very great and some of its parts deserve the highest place in the ranks of Hindi Poetry of the narrative and epic kind.......the main theme, however, of the whole collection is either the glorification of God to the exclusion of all other objects of worship, or the glorification of arms with the object of encouraging the Sikhs to fight bravely. The accounts of the doings of the mythical heroes of the Puranas have all one and the same purpose. The incitement to war and the euology of physical strength and courage. The stroies of women's wiles also seem to have the same end in view, to warn the Sikhs from falling into their traps.

(Transformation of Sikhism Page 342-43)

ਪਰ ਇਹ ਕਵਿਤਾ ਨਿਰੀ ਸਿੱਖਾਂ ਲਈ ਹੀ ਉਪਯੋਗੀ ਸਾਬਤ ਨਹੀਂ ਹੋ ਸਕਦੀ, ਕੋਈ ਵੀ ਜਨ-ਸਾਧਾਰਨ ਅਤੇ ਸਾਹਿਤ ਪ੍ਰੇਮੀ ਇਸ ਤੋਂ ਲਾਭ ਉਠਾ ਸਕਦਾ ਹੈ। ਪ੍ਰੋਹਿਤ ਹਰਿ ਨਾਰਾਇਨ, ਬੀ. ਏ. ਵਿਦਿਆ ਭੂਸ਼ਨ ਜੈ ਪੁਰ ਨੇ 'ਸ੍ਰੀ ਦਸਮ ਗੁਰੂ ਕਾਵਯ ਮ੍ਰਿਤਸਾਰ' ਦੇ ਮੁਖ ਬੰਦ ਵਿਚ ਲਿਖਿਆ ਹੈ-'ਇਸ ਕੇ ਪਠਨ ਪਾਠਨ, ਸ੍ਰਵਨ ਔਰ ਮਨਨ ਸੇ ਜਨ ਸਾਧਾਰਨ, ਵਿਦਿਆਰਥੀਓਂ ਔਰ ਸਾਹਿਤ ਪ੍ਰੇਮੀਉਂ ਕੋ ਬਹੁਤ ਲਾਭ ਹੋਗਾ। ਯਿਹ ਪੁਸਤਕ ਸਕੂਲੋਂ, ਪਾਠ ਸ਼ਾਲਾਉਂ ਔਰ ਧਰਮ ਸਮਾਜੋ ਮੇਂ ਪਾਠਯ ਪੁਸਤਕ ਨਿਯਤ ਕਰਦੀ ਜਾਏ ਤੋ ਦੇਸ਼ ਕੇ ਯੁਵਕੋਂ ਔਰ ਧਰਮ-ਪ੍ਰੇਮੀਓਂ ਕੋ ਵਿਸ਼ੇਸ਼ ਲਾਭ ਹੋਗਾ।'

ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਇਸ ਲੇਖ ਦਾ ਮੁੱਢਲਾ ਵਿਸ਼ਾ ਕੇਵਲ ਦਸਮੇਸ਼ ਬਾਣੀ 'ਚੋਂ ਕ੍ਰਿਸ਼ਨ ਜੀ ਸੰਬੰਧੀ ਸਾਹਿਤਕ ਸ਼ਾਹ ਟੁੱਕੜੀਆਂ ਦੀ ਚੋਣ ਹੈ। ਦਸਮੇਸ਼ ਜੀ ਨੇ ਉਨ੍ਹਾਂ ਦੀ ਕਥਾ 'ਧਰਮ ਯੁਧ ਕੇ ਚਾਏ' ਲਿਖੀ, ਨਹੀਂ ਤਾਂ ਉਹ ਕ੍ਰਿਸ਼ਨ ਜੀ ਨੂੰ ਪਰਮਾਤਮਾ ਸਮਝਣ ਦੇ ਵਿਰੋਧੀ ਸਨ। ਉਹ ਸਾਫ ਦੱਸਦੇ ਹਨ ਕਿ ਪਰਮਾਤਮਾ ਜੂਨ ਵਿਚ ਨਹੀਂ ਆਉਂਦਾ, ਕ੍ਰਿਸ਼ਨ ਜੀ ਦੇਵਕੀ ਤੋਂ ਪੈਦਾ ਹੋਏ। ਪਰਮਾਤਮਾ ਇਕੀ ਕੁੱਲਾਂ ਉਧਾਰਦਾ ਹੈ, ਉਨ੍ਹਾਂ ਦੀ ਆਪਣੀ ਕੁੱਲ ਦਾ ਨਾਸ਼ ਹੋ ਗਿਆ ਇਸ ਲਈ ਉਹ ਸਾਫ਼ ਦੱਸਦੇ ਹਨ:-

ਕਿਸ਼ਨ ਬਿਸ਼ਨ ਕਬਹੂ ਨਾ ਧਿਆਊਂ, ਜੋ ਬਰ ਚਾਹਊਂ ਸੋ ਤੁਮ ਤੇ ਪਾਓਂ।

ਉਨ੍ਹਾਂ ਇਕ ਕਵੀ ਦੇ ਨਾਤੇ ਆਪਣੇ ਦੇਸ਼ ਦੇ ਇਕ ਮਹਾਨ ਪ੍ਰੇਮੀ, ਯੋਧੇ, ਫਿਲਾਸਫਰ ਅਤੇ ਪਥ-ਪ੍ਰਦਰਸ਼ਕ ਦਾ ਜੀਵਨ ਚਰਿੱਤਰ ਜੰਤਾ ਦੇ ਸਾਹਮਣੇ ਰੱਖਿਆ ਅੰਤ ਵਿਚ ਇਨਸਾਨੀ ਜ਼ਿੰਦਗੀ ਦਾ ਮਨੋਰਥ ਜ਼ੁਲਮ ਵਿਰੁਧ ਜੰਗ ਕਰਨਾ ਦੱਸਿਆ:

ਛਤ੍ਰੀ ਕੋ ਪੂਤ ਹੋ ਬਾਮਨ ਕੋ ਨਹਿ ਕੈ ਤਪੁ ਆਵਤ ਹੈ ਜੁ ਕਰੋ ॥
ਅਰੁ ਅਉਰ ਜੰਜਾਰ ਜਿਤੋ ਗ੍ਰਿਹ ਕੋ ਤੁਹਿ ਤਿਆਗ ਕਹਾ ਚਿਤ ਤਾ ਮੈ ਧਰੋ ॥
ਅਬ ਰੀਝਕੈ ਦੇਹੁ ਵਹੈ ਹਮ ਕਉ ਜੋਊ ਹਉ ਬਿਨਤੀ ਕਰ ਜੋਰ ਕਰੋ।
ਜਬ ਆਉ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈਂ ਤਬ ਜੂਝ ਮਰੋ ॥੨੪੮੯॥

ਕ੍ਰਿਸ਼ਨਾਵਤਾਰ

ਰਵਾਇਤ ਹੈ ਕਿ ਗੁਰੂ ਜੀ ਦੇ ਦਰਬਾਰ ਵਿਚ ਬਵੰਜਾ ਕਵੀ ਰਿਹਾ ਕਰਦੇ ਸਨ, ਇਨ੍ਹਾਂ ਦੀ ਗਿਣਤੀ ਘਟਦੀ ਵਧਦੀ ਰਹਿੰਦੀ ਸੀ। ਇਨ੍ਹਾਂ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖ ਸ਼ਾਮਿਲ ਸਨ। ਆਪ ਪੂਰੇ ਕਵੀ ਪਾਲਿਕ ਅਤੇ ਕਲਾ ਤੇ ਸਾਹਿਤ ਦੇ ਪਰਬੀਨ ਪਾਰਖੂ ਸਨ। ਹੰਸ ਰਾਮ ਤੋਂ ਮਹਾਂ ਭਾਰਤ ਦੇ ਕਰਨ ਪਰਬ ਦਾ ਟੀਕਾ ਕਰਵਾ ਕੇ ਉਹਨੂੰ ਸੱਠ ਹਜ਼ਾਰ ਰੁਪੈਆ ਇਨਾਮ ਦਿੱਤਾ-

ਪ੍ਰਿਥਮ ਕ੍ਰਿਪਾ ਕਰ ਰਾਖ ਕਰ ਗੁਰ ਗੋਬਿੰਦ ਉਦਾਰ
ਟਕਾ ਕਰੇ ਬਖਸ਼ੀਸ਼ ਤਬ, ਮੋ ਕੋ ਸਾਠ ਹਜ਼ਾਰ।

ਗਿਰਧਾਰੀ ਲਾਲ ਆਗਰਾ ਨਿਵਾਸੀ ਤੋਂ ਪਿੰਗਲ ਦੇ ਗ੍ਰੰਥਾਂ ਦਾ, ਸੈਨਾ ਪਤੀ ਤੋਂ ਚਾਣਕ ਨੀਤੀ ਦਾ ਅਤੇ ਤਨ ਸੁਖ ਰਾਏ ਲਾਹੌਰੀ ਤੋਂ ਪੰਚ ਤੰਤਰ ਦਾ ਅਨੁਵਾਦ ਕਰਵਾਇਆ। ਅੰਮ੍ਰਿਤ ਰਾਏ ਨੇ ਸਭਾ ਪਰਬ ਕੁੰਵਰੇਸ਼ ਨੇ ਦਰੋਣ ਪਰਬ ਅਤੇ ਮੰਗਲ ਨੇ ਸਲਯ ਪਰਬ ਦਾ ਤਰਜ਼ਮਾ ਕੀਤਾ। ਮੰਗਲ ਇਨਾਮ ਪ੍ਰਾਪਤ ਕਰ ਕੇ ਲਿਖਦਾ ਹੈ:-

ਜੌਲੌਂ ਧਰਨ ਆਕਾਸ਼ ਗਿਰ, ਚੰਦ ਸੂਰ ਸੁਰ ਇੰਦ
ਤੌਲੌਂ ਚਿਰਜੀਵੇ ਜਗਤ, ਸਾਹਿਬ ਗੁਰ ਗੋਬਿੰਦ।

ਰੁਹੀਲ ਖੰਡ ਦੇ ਸੁਦਾਮਾ ਨਾਮੀ ਕਵੀ ਦੀ ਮਿਸਾਲ ਤਾਂ ਬਹੁਤ ਹੀ ਦਿਲਚਸਪ ਹੈ। ਉਹ ਕਹਿੰਦਾ ਹੈ ਕਿ ਤੁਸੀਂ ਤੇ ਮੈਂ ਤਾਂ ਦੋਨੋਂ ਪੁਰਾਣੇ ਮਿਤ੍ਰ ਹਾਂ।

ਏਕ ਸੰਗਿ ਪਢੇ ਹੈਂ ਅਵੰਤਿਕਾ ਸੰਦੀ ਪਨੀ ਕੇ,
ਸੋਈ ਸੁਧ ਆਈ ਤੇ ਬੁਲਾਈ ਬੂਝੀ ਬਾਮਾ ਮੈਂ
ਪੁੰਗੀ ਫਲ ਹੋਤ ਅਸੀਸ ਦੇਤੋ ਨਾਥ ਜੀ ਕੋ,
ਤੰਦਲ ਲੇ ਦੀਨੇ, ਬਾਂਧ ਲੀਨੇ ਫਟੇ ਜਾਮਾ ਮੈਂ
ਦੀਨ ਦੁਆਲ ਸੁਨ ਕੈ, ਦਯਾਲੁ ਦਰਬਾਰ ਮਿਲੇ,
ਏਤੋ ਕੁਛ ਦੀਨੋ, ਪਾਈ ਅਗਣਿਤ ਸਾਮਾ ਮੈਂ
ਪ੍ਰੀਤ ਕਰ ਜਾਨੇ, ਗੁਰੂ ਗੋਬਿੰਦ ਕੇ ਮਾਨੈ,
ਤਾਂਤੇ ਵਹੀ ਤੂੰ ਗੋਬਿੰਦ, ਵਹੀ ਬਾਮਨ ਸੁਦਾਮਾ ਮੈਂ

ਉਪਰ ਦੱਸਿਆ ਕ੍ਰਿਸ਼ਨ ਅਵਤਾਰ ਉਸ ਸਿਲਸਿਲੇ ਦੀ ਇਕ ਕੜੀ ਹੈ ਜੋ ਆਪਨੇ ਵਿਸ਼ਨੂੰ ਭਗਵਾਨ ਦੇ ਚੌਬੀ ਅਵਤਾਰਾਂ, ਬ੍ਰਹਮਾਂ ਦੇ ਸੱਤ ਅਤੇ ਰੁਦਰ ਦੇ ਦੋ ਉਪ-ਅਵਤਾਰਾਂ ਦੀ ਕਥਾ ਲਿਖ ਕੇ ਸੰਪੂਰਨ ਕੀਤਾ। ਦੇਸ਼ ਦੇ ਸਾਹਿਤ ਵਿਚ ਅੱਜ ਤਕ ਇਹੋ ਜਿਹਾ ਮਿਥਿਆਸ (Mythology) ਦਾ ਪੂਰਨ ਸਾਈਕਲੋਪੀਡੀਆ ਹੋਰ ਕਿਤੇ ਨਹੀਂ ਮਿਲਦਾ। ਗਿਆਨ ਪ੍ਰਬੋਧ ਮਹਾਂ ਭਾਰਤ ਦੇ ਗਿਆਨ ਤੱਤ ਦਾ ਸਾਰ ਹੈ। ਚਰਿੱਤਰੋ ਪਖਿਆਨ ਲਿੰਗ-ਵਿਗਿਆਨ (Sex Psychology) ਦੇ ਮਜ਼ਮੂਨ ਤੇ ਅਲਫ਼ ਲੈਲਾ ਵਾਂਗ ਰੌਚਕ ਕਹਾਣੀਆਂ ਦਾ ਸੰਗ੍ਰਹਿ ਹੈ ਜਿਸ ਦਾ ਤਤ ਭਾਵੇਂ ਇਹੀ ਹੈ ਕਿ ਜੁਰਮ ਕਦੀ ਲਾਭਵੰਦ ਨਹੀਂ ਹੁੰਦਾ (Crime never pays) ਜਿਵੇਂ ਕਿ ਵਾਰਿਸ ਵੀ ਨਸੀਹਤ ਕਰਦਾ ਹੈ, 'ਹੀਰੇ ਇਸ਼ਕ ਨਾ ਕਦੀ ਸਵਾਦ ਦਿੰਦੇ, ਨਾਲ ਚੋਰੀਆਂ ਅਤੇ ਉਧਾਲਿਆਂ ਦੇ।' ਉਥੇ ਸੱਚੇ ਸੁੱਚੇ ਪਿਆਰ ਖਾਤਰ ਕੁਰਬਾਨੀ ਕਰਨ ਵਾਲੇ

ਮਰਜੀਵੜਿਆਂ ਦਾ ਇਤਿਹਾਸ ਵੀ ਹੈ। ਹੀਰ ਰਾਂਝਾ ਅਤੇ ਰਾਧੇ ਕ੍ਰਿਸ਼ਨ ਦੀਆਂ ਪਿਆਰ ਕਥਾਵਾਂ ਨੂੰ ਤਪੱਸਿਆ ਦੀ ਸ਼ਕਲ ਵਿਚ ਪ੍ਰਗਟ ਕਰਦੀਆਂ ਹਨ।

ਕ੍ਰਿਸ਼ਨ ਅਵਤਾਰ ਦੇ ਚਾਰ ਭਾਗ ਹਨ। ਪਹਿਲੇ ਪ੍ਰਬੰਧ ਦੇ 1192 ਛੰਦ ਜੋ ਅਨੰਦਪੁਰ ਲਿਖੇ ਗਏ।

ਗਯਾਰਾ ਸਹਸ ਬਾਨਵੈ ਛੰਦਾ॥
ਕਹੇ ਦਸਮ ਪੁਰ ਬੈਠ ਅਨੰਦਾ॥ *ਕ੍ਰਿਸ਼ਨਾਵਤਾਰ*

ਦੂਜਾ ਪ੍ਰਬੰਧ ਰਾਸ ਮੰਡਲ ਦਾ ਹੈ ਜਿਸ ਵਿਚ 340 ਛੰਦ ਹਨ ਜੋ 1745 ਵਿਚ ਪਾਂਵਟੇ ਸਾਹਿਬ ਰਚੇ ਗਏ:-

ਸਤ੍ਰਹ ਸੈ ਪੈਤਾਲ ਮੈ ਕੀਨੀ ਕਥਾ ਸੁਧਾਰ॥
ਚੂਕ ਹੋਇ ਜਹਤਹ ਸੁ ਕਬਿ ਲੀਜਹੁ ਸਕਲ ਸੁਧਾਰ॥੭੫੫

ਤੀਜਾ ਪ੍ਰਬੰਧ ਹੈ ਊਧਵ ਸੰਬਾਦ ਜਾਂ ਬ੍ਰਿਹਾਂ ਨਾਟਕ ਦਾ, ਜਿਸ ਵਿਚ 134 ਛੰਦ ਹਨ ਜੋ ਪਾਂਵਟੇ ਸਾਹਿਬ ਰਚੇ ਗਏ 1744 ਵਿਚ।

ਸਤ੍ਰਿਹ ਸੈ ਚਤਵਾਲ ਮੈ, ਸਾਵਨ ਸੁਦਿ ਬੁਧਵਾਰ
ਨਗਰ ਪਾਵਟਾ ਮੋ ਤੁਮੋ ਰਚਿਓ ਗ੍ਰੰਥ ਸੁਧਾਰ॥ ੯੮੩

ਚੌਥਾ ਪ੍ਰਬੰਧ, ਜੁਧ ਪ੍ਰਬੰਧ ਹੈ ਜਿਸ ਦੇ 875 ਛੰਦ ਹਨ ਅਤੇ 1745 ਵਿਚ ਪਾਂਵਟੇ ਸਾਹਿਬ ਹੀ ਰਚੇ:-

ਸੱਤ੍ਰਹ ਸੈ ਪੈਤਾਲ ਮਹਿ ਸਾਵਨ ਸੁਦਿ ਥਿਤ ਦੀਪ
ਨਗਰ ਪਾਂਵਟਾ ਸ਼ੁਭ ਕਰਨ ਜਮਨਾ ਬਹੇ ਸਮੀਪ। *ਕ੍ਰਿਸ਼ਨਾਵਤਾਰ ੨੪੯੦*

ਇਸ ਮਹਾਨ ਰਚਨਾ ਦਾ ਪਲਾਟ ਭਾਗਵਤ ਪੁਰਾਣ ਦੇ ਦਸਵੇਂ ਸਕੰਧ 'ਚੋਂ ਲਿਆ ਗਿਆ ਹੈ। ਆਪ ਜੀ ਨੇ ਚੌਂਹ ਉਪਨਾਵਾਂ (ਤਖੱਲੁਸਾਂ) ਰਾਮ, ਗੋਬਿੰਦ ਅਤੇ ਸ਼ਿਆਮ 'ਚੋਂ ਇਥੇ ਸ਼ਿਆਮ ਵਰਤਿਆ ਹੈ ਜੋ ਕ੍ਰਿਸ਼ਨ ਜੀ ਦਾ ਇਕ ਨਾਮ ਹੈ। ਇਸ ਰਚਨਾ ਵਿਚ ਕਲਪਨਾ, ਅਲੰਕਾਰ ਅਤੇ ਉਪਮਾਆਂ ਅਦੁੱਤੀ ਹਨ। ਭਗਵਾਨ ਨੂੰ ਘੇਰ ਕੇ ਖੜ੍ਹੀਆਂ ਗੋਪੀਆਂ ਦੇ ਕੰਵਲ ਨੈਣ ਇਸ ਪ੍ਰਕਾਰ ਸ਼ੋਭਾ ਦੇ ਰਹੇ ਹਨ, ਮਾਨੋ ਕਾਨ੍ਹ ਨੇ ਫੁੱਲਾਂ ਦੀ ਲੰਬੀ ਮਾਲਾ ਪਹਿਨੀ ਹੋਈ ਹੈ।

ਖੇਲਤ ਸੰਗ ਗ੍ਵਾਰਨ ਕੇ ਕਬਿ ਸਯਾਮ ਕਹੈ ਜੋਊ ਕਾਨ੍ਹਰ ਕਾਲਾ॥
ਰਾਜਤ ਹੈ ਸੋਈ ਬੀਚ ਖਰੋ ਸੁ ਬਿਰਾਜਤ ਹੈ ਗਿਰਦੇ ਤਿਹ ਬਾਲਾ॥
ਫੂਲ ਰਹੈ ਜਹ ਫੂਲ ਭਲੀ ਬਿਧਿ ਹੈ ਅਤਿ-ਹੀ ਜਹ ਚੰਦ ਉਜਾਲਾ॥
ਗੋਪਿਨ ਨੈਨਨ ਕੀ ਸੁ ਮਨੋ ਪਹਰੀ ਭਗਵਾਨ ਸੁ ਕੰਜਨ ਮਾਲਾ॥੬੦੨॥

ਭਗਵਾਨ ਨੇ ਰਾਧਕਾ ਨੂੰ ਕਲਾਵੇ ਵਿਚ ਲੈ ਲਿਆ ਹੈ। ਉਨ੍ਹਾਂ ਦਾ ਸ਼ਿਆਮ ਰੰਗ ਅਤੇ ਰਾਧਕਾ ਦਾ ਗੋਰਾ ਬਦਨ ਮਿਲ ਕੇ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਰਾਹੂ ਨੇ ਚੰਦ ਨੂੰ ਗ੍ਰਸ ਲਿਆ ਹੋਵੇ। ਕੁਦਰਤ ਦਾ ਬਿਆਨ ਵੀ ਦਾਦ ਦੇ ਕਾਬਲ ਹੈ:

ਜਹਾਂ ਚੰਦ ਕੀ ਚਾਦਨੀ ਛਾਜਤ ਹੈ ਜਹਾ ਪਾਤ ਚੰਬੇਲੀ ਕੇ ਸੇਜ ਡਰੀ ਹੈ॥
ਸੇਤ ਜਹਾ ਗੁਲ ਰਾਜਤ ਹੈ ਜਿਹ ਕੇ ਜਮੁਨਾ ਢਿਗ ਆਇ ਬਹੀ ਹੈ॥
ਤਾਹੀ ਸਮੈ ਹਰਿ ਰਾਧੇ ਗ੍ਰਸੀ ਉਪਮਾ ਤਿਹ ਕੀ ਕਬਿ ਸਯਾਮ ਕਹੀ ਹੈ॥
ਸੇਤ ਤ੍ਰੀਯਾ ਤਨ ਸਯਾਮ ਹਰੀ ਮਨੋ ਸੋਮਕਲਾ ਇਹ ਰਾਹ ਗਹੀ ਹੈ॥੬੭੧॥

ਕੁਝ ਇਹੋ ਜਿਹੀ ਉਪਮਾ ਕਵੀ ਸੰਤੋਖ ਸਿੰਘ ਨੇ ਇਸ ਮਹਾਨ ਕਵੀ ਦਸਮੇਸ਼ ਜੀ ਦੇ ਗੋਰੇ ਮੁਖ 'ਤੇ ਫਬ ਰਹੀ ਕਾਲੀ ਦਾੜ੍ਹੀ ਦੀ ਕੀਤੀ ਹੈ।

ਰਾਧਾ ਭਗਵਾਨ ਦੇ ਨਰਗਸੀ ਨੈਨਾਂ ਦੀ ਉਪਮਾ ਕਰਦੀ ਹੈ, ਹਰਨਾਂ ਅਤੇ ਮਮੋਲਿਆਂ ਦੀਆਂ ਅੱਖਾਂ ਅਤੇ ਰਾਮ ਚੰਦਰ ਜੀ ਦੇ ਬਾਣਾਂ ਦੇ ਤਿੱਖੇ ਅਤੇ ਅਰੁਕ ਤੀਰਾਂ ਨਾਲ ਤਸ਼ਬੀਹ ਦਿੰਦੀ ਹੈ।

ਰੂਪ ਭਰੇ ਰਾਗ ਭਰੇ ਸੁੰਦਰ ਸੁਹਾਗ ਭਰੇ
ਮ੍ਰਿਗ ਔ ਮਮੋਲਨ ਕੀ ਮਾਨੋ ਇਹ ਖਾਨਿ ਹੈਂ॥
ਮੀਨ ਹੀਨ ਕੀਨੇ ਛੀਨ ਲੀਨੈ ਹੈਂ ਬਿਧੁਪ ਰੂਪ
ਚਿਤ ਕੇ ਚੁਰਾਇਬੇ ਕੌ ਚੋਰਨ ਸਮਾਨ ਹੈਂ॥
ਲੋਗੋਂ ਕੇ ਉਜਾਗਰ ਹੈਂ ਗੁਨਨ ਕੇ ਨਾਗਰ ਹੈਂ
ਸੁਰਤਿ ਕੇ ਸਾਗਰ ਹੈ ਸ਼ੋਭਾ ਕੇ ਨਿਧਾਨ ਹ ੀਂ
ਸਾਹਿਬ ਕੀ ਸੀਰੀ ਪਰੇ ਚੇਟਕ ਕੀ ਚੀਰੀ ਪੜੇ
ਆਲੀ ਤੇਰੇ ਨੈਨ ਰਾਮਚੰਦਰ ਕੇ ਸੇ ਬਾਨ ਹੈਂ॥ ਚਰਿਤ੍ਰ ੧੨/੯

ਕ੍ਰਿਸ਼ਨ ਦੀ ਬੰਸਰੀ ਦੀ ਉਪਮਾ ਕਮਾਲ ਦੀ ਹੈ। ਮ੍ਰਿਗ ਨੈਣੀ ਗੋਪੀਆਂ ਮਸਤ ਹੋ ਕੇ ਬਨ ਵਿਚ ਉੜੀਆਂ ਫਿਰਦੀਆਂ ਹਨ। ਹੇਠਲੇ ਛੰਦ ਵਿਚ ਦੇਵਤਿਆਂ ਦੀਆਂ ਪੁੱਤ੍ਰੀਆਂ ਦਾ ਸੁਰਗਵਾਸ ਛੱਡ ਕੇ ਬੇਤਹਾਸ਼ਾ ਨੱਸੇ ਆਉਣਾ, ਪਸ਼ੂ ਪਕਸ਼ੀਆਂ (ਪੰਛੀਆਂ) ਦਾ ਰੀਝਣਾ ਅਤੇ ਸਾਰੇ ਰਾਗਾਂ ਦਾ ਇਹਦੇ ਸੁਰਾਂ ਵਿਚ ਵਸਣਾ ਵਰਨਣ ਕੀਤਾ ਹੈ। ਸ਼ਬਦ 'ਬਾਸੁਰੀ' ਦਾ ਬਹੁ ਅਰਥਾਂ ਵਿਚ ਪ੍ਰਯੋਗ ਵੀ ਦੇਖਣ ਯੋਗ ਹੈ। ਪਹਿਲੇ ਦਾ ਅਰਥ, ਖੁਸ਼ਬੂ, ਦੂਜੇ ਦਾ ਰਿਹਾਇਸ਼, ਤੀਜੇ ਦਾ ਸਮਾਉਣਾ, ਚੌਥੇ ਦਾ ਬੰਸਰੀ ਹੈ।

ਕਰੁਨਾ ਨਿਧਾਨ, ਬੇਦ ਕਹਤ ਬਖਾਨ
ਯਾਕੀ ਬੀਚ ਤੀਨ ਲੋਕ ਫੈਲ ਰਹੀ ਹੈ ਸੁ ਬਾਸਰੀ॥
ਦੇਵਨ ਕੀ ਕੰਨਿਆਂ ਤਾਕੀ ਸੁਨਿ
ਧੁਨਿ ਸ੍ਰਓਨਨ ਮੈ ਧਾਈ ਧਾਈ ਆਵੈ ਤਜਿਕੈ ਸੁਰਗ ਬਾਸਰੀ॥
ਹ੍ਵੈ ਕਰ ਪਸਿੰਨਯ ਰੂਪ ਰਾਗ ਕੌ
ਨਿਹਾਰ ਕਹਿਯੋ ਰਚਿਯੋ ਹੈ ਬਿਧਾਤਾ
ਇਹ ਰਾਗਨ ਕੋ ਬਾਸਰੀ॥
ਰੀਝੇ ਸਭ ਗਨ ਉਡਗਨ ਭੇ
ਮਗਨ ਜਬ ਬਨ ਉਪਬਨ
ਮੈ ਬਜਾਈ ਕਾਨ ਬਾਸੁਰੀ॥੩੩੩॥

ਸਮੇਂ ਅਤੇ ਪਰਸਥਿਤੀਆਂ ਅਨੁਸਾਰ ਯੁਗ ਪੁਰਸ਼ ਆਪਣਾ ਗਿਣਿਆ ਮਿਥਿਆ ਕੰਮ ਕਰੀ ਜਾਂਦੇ ਹਨ। ਬਚਪਨ ਵਿਚ ਬੰਸਰੀ ਬਜਾਉਣ ਵਾਲੇ ਕਾਨ੍ਹ ਨੇ ਲੋੜ ਪੈਣ 'ਤੇ ਸੁਦਰਸ਼ਨ ਚੱਕਰ ਵੀ ਖੂਬ ਚਲਾਇਆ। ਜੰਗ ਦਾ ਨਕਸ਼ਾ ਤੱਕੋ, ਕ੍ਰਿਸ਼ਨ ਜੀ ਸ਼ਸ਼ੀਪਾਲ ਨੂੰ ਵੰਗਾਰ ਰਹੇ ਹਨ:

ਜੁੱਧੁ ਭਯੋ ਅਤਿਹੀ ਸੁ ਤਹਾਂ, ਤਬ ਸ੍ਰੀ ਬ੍ਰਿਜਨਾਇਕ ਚਕ੍ਰ ਸੰਭਾਰਿਯੋ ॥
ਮਾਰਤ ਹਓ ਤੁਹਿ ਏ ਰੇ ਸ੍ਰਿਗਾਲ ਮੈ ਸਯਾਮ ਭਨੈ ਇਸ ਸਯਾਮ ਪਚਾਰਯੋ ॥
ਛੋਰ ਸੁਦਰਸ਼ਨ ਦੇਤ ਭਯੋ ਸਿਰ ਸ਼ਤ੍ਰੁ ਕੋ ਮਾਰ ਜੁਦਾ ਕਰ ਡਾਰਿਯੋ ॥
ਮਾਨਹੁ ਕੁਮਾਰ ਲੈ ਤਾਗਹਿ ਕੋ ਚਕਤੇ ਛੁਨ ਬਾਸਨ ਕਾਟ ਉਤਾਰਯੋ ॥੨੨੭੦ ॥

ਕ੍ਰਿਸ਼ਨਾਵਤਾਰ

ਉਹ ਸਮਾਂ ਮਨੁੱਖੀ ਵਿਕਾਸ ਦੇ ਉਸ ਦਰਜੇ ਦਾ ਸੀ ਜਦ ਕਿ ਰਾਜਿਆਂ ਨੂੰ ਆਪਣੀ ਪਰਜਾ ਨਾਲ ਪਿਆਰ ਸਨੇਹ ਹੁੰਦਾ ਸੀ ਅਤੇ ਸਾਮਰਾਜ ਆਪਣੇ ਦੇਸ਼ਾਂ ਤੱਕ ਹੀ ਸੀਮਤ ਹੁੰਦਾ ਸੀ। ਭਾਰਤ ਵਿਚ ਥਾਂ ਥਾਂ ਗਣਰਾਜ (Republic) ਕਾਇਮ ਹੋਏ ਹੋਏ ਸਨ। ਕ੍ਰਿਸ਼ਨ ਜੀ ਦਵਾਰਕਾ ਦੇ ਗਣਰਾਜ ਦੇ ਚੁਣੇ ਹੋਏ ਪ੍ਰਧਾਨ ਸਨ। ਵਿਦੇਸ਼ੀ ਹਮਲਾਆਵਰਾਂ ਦਾ ਨਾਂ ਥੇਹ ਵੀ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਜੰਤਾ ਇਕ ਅਜਿਹੀ ਹਕੂਮਤ ਦੇ ਜੂੰਗਲੇ ਥੱਲੇ ਦਬੇਲ ਬਣ ਰਹੀ ਸੀ, ਜੋ ਬਦੇਸ਼ੋਂ ਆਏ ਧਾਰਮਿਕ ਜੋਸ਼ ਨਾਲ ਪਾਗਲ ਹੋਏ ਬੰਦਿਆਂ ਦਵਾਰਾ ਕੀਤੀ ਜਾ ਰਹੀ ਸੀ। ਇਨ੍ਹਾਂ ਹਕੂਮਤ ਦੇ ਪੁਰਜ਼ਿਆਂ ਦੀਆਂ ਈਰਾਨੀ, ਤੁਰਕੀ ਆਦਿ ਪਾਰਟੀਆਂ ਆਪਣਾ ਉਲੂ ਸਿੱਧਾ ਕਰਨ ਲਈ ਭਾਰਤ ਵਾਸੀ ਗੁਲਾਮਾਂ ਨੂੰ ਆਪਣਾ ਹੱਥ ਠੋਕਾ ਬਣਾ ਲੈਂਦੀਆਂ ਸਨ। ਖ਼ਿਸਰੋ ਤੇ ਮਹਾਬਤ ਖਾਂ ਦੀਆਂ ਬਗਾਵਤਾਂ ਅਤੇ ਮਾਨ ਸਿੰਘ ਤੇ ਜੈ ਸਿੰਘ ਆਦਿ ਰਾਜਪੂਤਾਂ ਗੱਦਾਰਾਂ ਦੀਆਂ ਵਤਨ ਫਰੋਸ਼ ਹਰਕਤਾਂ ਇਸੇ ਸਿਆਸਤ ਦੇ ਨਤੀਜੇ ਸਨ। ਮੁਗਲ ਬਾਦਸ਼ਾਹਾਂ ਦੀਆਂ ਚਾਲਾਂ ਤੋਂ ਅਨਜਾਣ ਲੋਕ ਗਿਆਨ ਵਿਹੂਣੇ ਅੰਨ੍ਹੇਵਾਹ ਆਪਣਾ ਕਰਮ ਧਰਮ ਅਤੇ ਸ਼ਰਮ ਛੱਡੀ ਜਾ ਰਹੇ ਸਨ। ਇਥੋਂ ਤੱਕ ਕਿ ਆਪਣੀ ਭਾਸ਼ਾ ਵੀ ਤਿਆਗਣਾ ਕੋਈ ਬੁਰਾ ਨਹੀਂ ਸਨ ਸਮਝਦੇ। **'ਖੱਤ੍ਰੀਆਂ ਤਾਂ ਧਰਮ ਛੋਡਿਆ, ਮਲੇਛ ਭਾਖਿਆ ਗਹੀ।'** ਉਹ ਮਾਸ ਤਾਂ ਖਾ ਨਹੀਂ ਸਨ ਸਕਦੇ, ਰੋੜੇ ਰਿੰਨ੍ਹ ਕੇ ਹੀ ਝੱਸ ਪੂਰਾ ਕਰ ਲੈਂਦੇ ਸਨ। ਇਸ ਹਾਲਤ ਵਿਚ ਨਿਮਾਣੀਆਂ ਚਿੜੀਆਂ ਵਿਚ ਬਾਜ਼ਾਂ ਦੀ ਸ਼ਕਤੀ ਭਰਨ ਦੀ ਲੋੜ ਸੀ। ਯੁਗ ਪੁਰਸ਼ ਨੂੰ ਬਾਜ਼ ਹੱਥ 'ਤੇ ਬਿਠਾਉਣਾ ਪਿਆ, ਸਿਰ 'ਤੇ ਕਲਗੀ ਸਜਾਉਣੀ ਪਈ, ਤਾਂਕਿ ਗਰੀਬ, ਨਿਰਧਨ ਅਤੇ ਦਬੇਲ ਇਹ ਮਹਿਸੂਸ ਕਰ ਸਕਣ ਕਿ ਉਹਨਾਂ ਦਾ ਰਾਖਾ ਕਲਗੀਆਂ ਵਾਲਾ ਹੈ, ਬਾਜ਼ਾਂ ਵਾਲਾ ਹੈ।

ਬਾਜ਼ ਮਹਾਨ ਕੋਸ਼ ਅਨੁਸਾਰ, ਇਕ ਸ਼ਿਕਾਰੀ ਪੰਛੀ ਹੈ ਜੋ ਗੁਲਾਬ ਚਸ਼ਮ ਪੰਛੀਆਂ ਦਾ ਰਾਜਾ ਹੈ। ਇਹ ਜੁੱਰਰਹ ਦੀ ਮਦੀਨ ਹੈ। ਇਸ ਦਾ ਕੱਦ ਜੁਰਰਹ ਤੋਂ ਵੱਡਾ ਹੁੰਦਾ ਹੈ, ਬਾਜ਼ ਸਰਦ ਦੇਸ਼ਾਂ ਤੋਂ ਫੜ ਕੇ ਪੰਜਾਬ ਵਿਚ ਲਿਆਈਦਾ ਹੈ। ਇਥੇ ਅੰਡੇ ਨਹੀਂ ਦਿੰਦਾ। ਦਸ ਬਾਰ੍ਹਾਂ ਵਰ੍ਹੇ ਇਹ ਸ਼ਿਕਾਰ ਦਾ ਕੰਮ ਦਿੰਦਾ ਹੈ। ਗਰਮੀਆਂ ਵਿਚ ਇਹਨੂੰ ਠੰਡੇ ਥਾਂ ਕੁਰੀਚ (ਕਰੀਜ) ਬਿਠਾਉਂਦੇ ਹਨ ਜਦ ਕਿ ਇਹ ਪੁਰਾਣੇ ਖੰਭ ਸਿੱਟ ਕੇ ਨਵੇਂ ਬਦਲਦਾ ਹੈ। ਇਹ ਤਿੱਤਰ ਮੁਰਗਾਬੀ ਤੇ ਸਹੇ ਦਾ ਚੰਗਾ ਸ਼ਿਕਾਰ ਕਰਦਾ ਹੈ।

ਤੇ ਬਾਜ਼ ਵੀ ਸੁਫ਼ੈਦ, ਅਦਾਗ਼, ਚਿੱਟਾ, ਜੋ ਕਾਲਕ ਰੂਪੀ ਅੰਧਕਾਰ ਵਿਚ ਚਮਕੇ, ਕਾਲੇ ਦਿਲਾਂ ਨੂੰ ਚਿੱਟੇ ਹੋਣ ਦੀ ਪ੍ਰੇਰਨਾ ਦੇਵੇ। ਬਾਜ਼ਾਂ ਵਾਲੇ ਦੀ ਕਾਨੀ, ਚਰਿੱਤ੍ਰ ਪਖਿਆਨ (ਜਿਸ ਨੂੰ ਤ੍ਰਿਯਾ ਚਰਿੱਤ੍ਰ ਅਤੇ ਇਸਤਰੀ ਚਰਿੱਤ੍ਰ ਵੀ ਕਿਹਾ ਜਾਂਦਾ ਹੈ, ਅਸਲੀਅਤ ਵਿਚ ਇਸਤਰੀ ਅਤੇ ਮਰਦ ਦੋਹਾਂ ਦੇ ਚਰਿੱਤਰਾਂ ਦੀਆਂ ਕਹਾਣੀਆਂ (Stories of Characters) ਵਿਚ ਭਗਵਾਨ ਦੇ ਵਿਯੋਗ ਵਿਚ ਗੋਪੀਆਂ ਦੀਆਂ ਅੱਖੀਆਂ ਦਾ ਯੋਗੀ ਬਣ ਕੇ ਯੋਗ

ਸਾਧਨਾ ਕਰਨਾ ਪੰਜਾਬੀ ਭਾਸ਼ਾ ਵਿਚ ਜਿਸ ਖ਼ੂਬੀ ਨਾਲ ਬਿਆਨ ਹੈ ਓਹ ਪੜ੍ਹਨ ਨਾਲ ਸੰਬੰਧ ਰੱਖਦਾ ਹੈ। ਅੱਖਾਂ ਨੇ ਸਫੈਦੀ ਦੀ ਬਿਭੂਤੀ ਮਲੀ ਹੋਈ ਹੈ। ਪਲਕਾਂ ਦੇ ਵਾਲ ਇਨ੍ਹਾਂ ਦੀ ਤੜਾਗੀ ਹੈ। ਸੁਰਮੇਂ ਦੇ ਡੋਰੇ ਇਨ੍ਹਾਂ ਦੀ ਮਾਲਾ ਹੈ। ਸੁਰਖੀ ਭਗਵਾ ਵੇਸ ਹੈ। ਭਗਵਾਨ ਦਾ ਧਿਆਨ ਕੰਦ ਮੂਲ ਹੈ ਜਿਸ 'ਤੇ ਇਨ੍ਹਾਂ ਯੋਗਨਾਂ ਦਾ ਗੁਜ਼ਾਰਾ ਹੈ। ਰੋ ਕੇ ਇਹ ਅਸ਼ਨਾਨ ਕਰਦੀਆਂ ਹਨ। ਪੁਤਲੀਆਂ ਇਨ੍ਹਾਂ ਦੀ ਪਾਠਨ ਪੁਸਤਕ ਹੈ ਅਤੇ ਪਿਆਰੇ ਦੇ ਦੀਦਾਰ ਦੀ ਇਹ ਭਿਛਿਆ ਮੰਗਦੀਆਂ ਹਨ:

ਸ੍ਵੇਤਤਾ ਬਿਭੂਤ ਅਤੇ ਮੇਖੁਲੀ ਨਿਮੇਖ ਸੰਦੀ
ਅੰਜਨ ਦੀ ਸੇਲੀ ਦਾ ਸੁਭਾਵ ਸੁਭ ਭਾਖਣਾ॥
ਭਗਵਾਸੁ ਭੇਸ ਸਾਡੇ ਨੈਣਾ ਦੀ ਲਲਾਈ ਸਈਓ ਯਾਰਾਂ
ਦਾ ਧਿਆਨੁ ਏਹੋ ਕੰਦ ਮੂਲ ਚਾਖਣਾ॥
ਰੋਦਨ ਦਾ ਮਜਨੁ, ਸੁਪੁਤਰੀ ਪੱਤ੍ਰ ਗੀਤ ਗੀਤਾ,
ਦੇਖਨ ਦੀ ਭਿੱਛਾ ਧਯਾਨ ਧੂਆਂ ਬਾਲ ਰਾਖਣਾਂ॥
ਆਲੀ ਇਨ੍ਹਾਂ ਗੋਪੀਯਾਂ ਦੀਆਂ ਅਖੀਆਂ ਦਾ ਜੋਗ ਸਾਰਾ,
ਨੰਦ ਦੇ ਕੁਮਾਰ ਨੂੰ ਜ਼ਰੂਰ ਜਾਇ ਆਖਣਾ॥ ੬॥ ਅਧਿਆਇ ੧੨॥

ਮੋਤੀਆਂ ਦੇ ਗਹਿਣੇ ਪਾਈ, ਕਾਨ੍ਹ ਦੀ ਉਡੀਕ ਵਿਚ ਖੜੋਤੀ ਰਾਧਕਾ ਦੇ ਰੂਪ ਅਤੇ ਜੋਬਨ ਦੀ ਝਾਕੀ ਤੱਕੋ। ਸੁੰਦਰੀ, ਸਾਗਰ 'ਚੋਂ ਮੰਥਨ ਕਰ ਕੇ ਕੱਢੇ ਗਏ ਚੰਦ ਨੂੰ ਚੀਰ ਕੇ ਬਣਾਈ ਗਈ ਪ੍ਰਤੀਤ ਹੁੰਦੀ ਹੈ:-

ਮੋਤੀ ਕੇ ਅੰਗ ਬਿਰਾਜਤ ਭੂਖਨ, ਮੋਤੀ ਕੇ ਬੇਸਰ ਕੀ ਛਬਿ ਬਾਢੀ॥
ਮੋਤੀ ਕੋ ਚੌਸਰ ਹਾਰ ਫਬੈ, ਦੁਤਿ ਮੋਤਿਨ ਕੇ ਗਜਰਾਨ ਕੀ ਗਾਢੀ॥
ਰਾਧਿਕਾ ਮਾਧਵ ਕੌ ਜਮਨਾ ਤਟ, ਕੰਜ ਗਹੇ ਕਰ ਜੋਵਤਿ ਠਾਢੀ॥
ਛੀਰ ਕੇ ਸਾਗਰ ਕੋ ਮਥ ਕੇ, ਮਨੌ ਚੰਦ ਕੋ ਚੀਰ ਸਬੈ ਤਨ ਕਾਢੀ॥

ਅੰਤ ਵਿਚ ਇਕ ਹਾਸ ਰਸ ਦੀ ਮਿਸਾਲ ਦਿੱਤੀ ਜਾਂਦੀ ਹੈ। ਜਦ ਦੇਵਕੀ ਗੋਪੀਆਂ ਨੂੰ ਤੰਗ ਕਰਦੇ ਹਨ ਤਾਂ ਉਹ ਸ਼ਿਕਾਇਤ ਲੈ ਕੇ ਮਾਤਾ ਯਸ਼ੋਧਾ ਕੋਲ ਜਾਂਦੀਆਂ ਹਨ। ਕ੍ਰਿਸ਼ਨ ਜੀ ਉਲਟਾ ਉਨ੍ਹਾਂ ਉਤੇ ਦੋਸ਼-ਆਰੋਪਨ ਕਰਦੇ ਹਨ ਕਿ ਇਹ ਮੇਰੀ ਟੋਪੀ ਲਾਹ ਕੇ ਨੱਸ ਜਾਂਦੀਆਂ ਹਨ। ਮੇਰੀ ਨਾਸ ਵਿਚ ਉਂਗਲੀ ਪਾ ਕੇ ਉਪਰੋਂ ਸਿਰ 'ਤੇ ਧੱਫਾ ਮਾਰਦੀਆਂ ਹਨ। ਮੈਂ ਨੱਕ ਰਗੜਦਾ ਹਾਂ, ਤਾਂ ਕਿਤੇ ਇਹ ਖੁਸ਼ ਹੋ ਕੇ ਮੇਰੀ ਟੋਪੀ ਮੋੜਦੀਆਂ ਹਨ:-

ਬਾਤ ਸੁਨੀ ਜਬ ਗੋਪਨ ਕੀ ਜਸੁਧਾ ਤਬ ਹੀ ਮਨ ਮਾਹਿ ਖਿਝੀ ਹੈ॥
ਆਇ ਗਯੋ ਹਰਿ ਜੀ ਤਬ ਹੀ ਪਿਖ ਪੁਤ੍ਰਹਿ ਕੌ ਮਨ ਮਾਹਿ ਰਿਝੀ ਹੈ॥
ਬੋਲ ਉਠੇ ਨੰਦ ਲਾਲ ਤਬੈ ਇਹ ਗ੍ਵਾਰ ਖਿਲਾਵਨ ਮੋਹਿ ਗਿਝੀ ਹੈ॥
ਮਾਤ ਕਹਾ ਦਧਿ ਦੋਸ਼ ਲਗਾਵਤ ਮਾਰ ਬਿਨਾ ਇਹ ਨਾਹਿ ਸਿਝੀ ਹੈ॥੧੨੬॥
ਮਾਤ ਕਹਯੋ ਅਪਨ ਸੁਤ ਕੌ ਕਹੁ ਕਿਉ ਕਰਿ ਤੋਹਿ ਖਿਝਾਵਤ ਗੋਪੀ॥
ਮਾਤ ਸੋਂ ਬਾਤ ਕਹੀ ਸੁਤ ਯੋ ਕਰ ਸੋ ਗਹਿ ਭਾਗਤ ਹੈ ਮੁਹਿ ਟੋਪੀ॥
ਡਾਰਕੈ ਨਾਸ ਬਿਖੈ ਅੰਗੁਰੀ ਸਿਰ ਮਾਰਤ ਹੈਂ ਮੁਝ ਕੋ ਵਹ ਥੋਪੀ॥
ਨਾਕ ਘਸਾਇ ਹਸਾਇ ਉਨੈ ਫਿਰ ਲੇਤ ਤਬੈ ਵਹ ਦੇਤ ਹੈ ਟੋਪੀ॥੧੨੭॥

ਇਹੋ ਜਿਹੀ ਮਿਸਾਲ ਗੁਰੂ ਜੀ ਦੇ ਆਪਣੇ ਬਾਲ ਪਨ ਦੀ ਵੀ ਹੈ, ਪਟਨੇ ਨਿਵਾਸ ਸਮੇਂ ਸਾਹਿਬਜ਼ਾਦਾ ਗੋਬਿੰਦ ਰਾਏ ਖੂਹ 'ਤੇ ਪਾਣੀ ਭਰਨ ਆਈਆਂ ਇਸਤਰੀਆਂ ਦੇ ਮਿੱਟੀ ਦੇ ਘੜੇ ਭੰਨ ਦਿਆ ਕਰਦੇ ਸਨ। ਤੰਗ ਆ ਕੇ ਬਿਚਾਰੀਆਂ ਧਾਤ ਦੇ ਘੜੇ ਲੈ ਆਈਆਂ। ਆਪ ਨੇ ਉਹ ਵੀ ਤੀਰਾਂ ਨਾਲ ਛਾਣਨੀ ਕਰ ਛੱਡੇ। ਇਨ੍ਹਾਂ 'ਚੋਂ ਛੱਵਾਰੇ ਵਾਂਗ ਪਾਣੀ ਨਿਕਲਦਾ ਤਕ ਕੇ ਬਹੁਤ ਖੁਸ਼ ਹੁੰਦੇ। ਇਹ ਸਵਾਣੀਆਂ ਸ਼ਿਕਾਇਤ ਲੈ ਕੇ ਮਾਤਾ ਗੁਜਰੀ ਕੋਲ ਗਈਆਂ। ਕੁਝ ਦਿਨ ਤਾਂ ਹਰਜਾਨਾ ਮਿਲਦਾ ਰਿਹਾ, ਹੋਊ ਪਰੇ ਹੁੰਦੀ ਰਹੀ। ਅੰਤ ਖਿੱਝ ਕੇ ਮਾਤਾ ਨੇ, ਕਥਾਕਾਰ ਦੇ ਕਥਨ ਅਨੁਸਾਰ, ਕੁਝ ਤਾਂ ਸ਼ਿਕਾਇਤਣਾਂ ਨੂੰ ਕੋਸਿਆ, ਕੁਝ ਖੂਹ ਨੂੰ ਖਾਰਾ ਹੋ ਜਾਣ ਦਾ ਸਰਾਪ ਦੇ ਦਿੱਤਾ।

ਚੂੰਕਿ ਦੋਨੋ ਗੋਬਿੰਦ, ਦੇਵਕੀ ਨੰਦਨ ਅਤੇ ਗੁਜਰੀ ਦੇ ਲਾਲ, ਪ੍ਰਿਥਵੀ ਦਾ ਭਾਰ ਹਰਨ ਲਈ ਆਏ ਸਨ, ਦੋਹਾਂ ਦੇ ਉਪਦੇਸ਼ ਬਹੁਤ ਕੁਝ ਮਿਲਦੇ ਜੁਲਦੇ ਹਨ। ਕ੍ਰਿਸ਼ਨ ਜੀ ਨੇ ਦੱਸਿਆ:-ਆਤਮਾ ਅਜਰ ਅਤੇ ਅਮਰ ਹੈ, ਦੁਸ਼ਟ ਭਾਵੇਂ ਆਪਣਾ ਹੋਏ ਭਾਵੇਂ ਪਰਾਇਆ, ਦੰਡ ਦੇਣ ਦੇ ਯੋਗ ਹੈ, ਉਹਨੂੰ ਮਾਰ ਦੇਣਾ ਪਾਪ ਨਹੀਂ। ਆਪਣਾ ਹੱਕ ਕਦੀ ਅਤੇ ਕਿਸੇ ਹਾਲਤ ਵਿਚ ਨਾ ਛੱਡੋ। ਪਰਮਾਤਮਾ ਹਰ ਰਾਹ, ਮਾਰਗ ਅਤੇ ਪੰਧ ਦਵਾਰਾ ਮਿਲ ਜਾਂਦਾ ਹੈ, ਕੁਝ ਇਸੇ ਤਰ੍ਹਾਂ ਦੇ ਉਪਦੇਸ਼ ਗੁਰੂ ਗੋਬਿੰਦ ਸਿੰਘ ਦੇ ਹਨ। ਆਪ ਨੇ ਵੀ ਆਚਰਨ ਦੀ ਉਚਤਾ, ਸਦਾਚਾਰ ਨੇਕੀ ਅਤੇ ਮਨ ਦੀ ਸ਼ੁੱਧਤਾ 'ਤੇ ਜ਼ੋਰ ਦਿੱਤਾ ਹੈ। ਗੀਤਾ ਦਾ ਅਨੁਵਾਦ ਕਰਦਿਆਂ ਉਹਨਾਂ ਨੇ ਮਨੁੱਖ ਨੂੰ ਪ੍ਰਬੁੱਧ ਮਨ, ਚਿੰਤ ਮੁਕਤ ਅਤੇ ਆਤਮ ਸਰੂਪ ਬਨਣ ਦੀ ਸੈਨਤ ਕੀਤੀ ਹੈ। ਲੋਕਾਂ ਨੂੰ ਪਰਮਾਰਥ ਦੇ ਨਾਂ 'ਤੇ ਉਪੱਦਰ ਕਰਦਿਆਂ ਤੱਕ ਕੇ ਆਪ ਨੇ ਕਿਹਾ:-

ਪਾਪ ਕਰਹਿ ਪਰਮਾਰਥ ਕੋ, ਤਿਹ ਪਾਪਨ ਤੇ ਅਤਿ ਪਾਪ ਲਜਾਹੀ।

ਪਰਮਾਤਮਾ ਤਾਂ ਨਿਰਾ ਪਿਆਰ ਹੈ। ਉਹ ਜੰਤਾ ਦੀ ਪਿਆਰ ਨਾਲ ਸੇਵਾ ਕਰਨ ਨਾਲ ਮਿਲਦਾ ਹੈ:-

'ਜਿੰਨ ਪ੍ਰੇਮ ਕੀਓ, ਤਿਨ ਹੀ ਪ੍ਰਭ ਪਾਯੋ।'

ਕੇਵਲ ਇਕ ਚਿਤ ਹੋ ਕੇ ਧਿਆਨ ਕਰਨ ਦੀ ਲੋੜ ਹੈ:-

ਏਕ ਚਿਤ ਜਿਹ ਇਕ ਛਿਨ ਧਿਆਯੋ
ਕਾਲ ਫਾਸ ਕੇ ਬੀਚ ਨਾ ਆਯੋ।

ਭਗਵਾਨ ਨੇ ਗੀਤਾ ਦਾ ਉਪਦੇਸ਼ ਦੇ ਕੇ ਅਰਜਨ ਨੂੰ ਧਰਮ ਯੁੱਧ ਲਈ ਪ੍ਰੇਰਿਆ। ਭਾਰਤ ਦੇ ਇਤਿਹਾਸ ਵਿਚ ਕਈ ਅਜਿਹੇ ਮੌਕੇ ਆਏ ਕਿ ਲੋਕ ਗੀਤਾ ਦੀ ਸਿੱਖਿਆ ਭੁੱਲ ਕੇ ਆਪਣੇ ਫ਼ਰਜ਼ਾਂ ਅਤੇ ਹੱਕਾਂ ਨੂੰ ਤਿਲਾਂਜਲੀ ਦੇ ਬੈਠੇ। ਅਜਿਹੇ ਮੌਕਿਆਂ 'ਤੇ ਹੀ ਆਬੂ ਪਰਬਤ ਤੇ ਅਗਨੀ ਕੁਲ ਰਾਜਪੂਤਾਂ, ਮਹਾਰਾਣਾ ਪ੍ਰਤਾਪ, ਸ਼ਿਵਾ ਜੀ ਅਤੇ ਛੱਤ੍ਰ ਸਾਲ ਜਿਹੇ ਸੂਰਮਿਆਂ ਦਾ ਜਨਮ ਹੋਇਆ, ਜਿਨ੍ਹਾਂ ਜੰਤਾ ਵਿਚ ਵੀਰ ਰਸ ਦਾ ਸੰਚਾਰ ਕੀਤਾ। ਗੁਰੂ ਗੋਬਿੰਦ ਸਿੰਘ ਜਦ ਦਾਦੂ ਦੁਆਰੇ ਦੇ ਸੰਤ ਜੈਤ ਰਾਮ ਨੂੰ ਮਿਲੇ ਤਾਂ ਉਨ੍ਹਾਂ ਆਖਿਆ ਜੈਤ ਰਾਮ, ਦਾਦੂ ਜੀ ਨੇ ਮਨੁੱਖੀ ਹੱਕਾਂ ਬਾਬਤ ਕੀ ਆਖਿਆ ਹੈ। ਜੈਤ ਰਾਮ ਨੇ ਦੱਸਿਆ:-

ਦਾਦੂ ਦਾਵਾ ਛਡਕੇ, ਬਿਨ ਦਾਵੇ ਦਿਨ ਕਟ
ਕੇਤੀ ਸੌਦਾ ਕਰ ਗਈ ਏਸ ਪਸਾਰੀ ਦੇ ਹੱਟ

ਗੁਰੂ ਜੀ ਨੇ ਆਖਿਆ, ਇਹ ਗ਼ਲਤ ਹੈ, ਸਗੋਂ ਇਉਂ ਆਖੋ–

ਦਾਦੂ ਦਾਵਾ ਬੰਨ੍ਹਕੇ, ਦੁਸ਼ਮਨ ਲਈਏ ਲੁਟ
ਇਕੋ ਰਹਿਸੀ ਖਾਲਸਾ, ਹੋਰ ਜਾਸੀ ਸਭ ਨਿਖੁਟ

ਜਗਦੀ ਜੋਤ ਦੇ ਉਪਾਸ਼ਿਕ ਖਾਲਸੇ ਨੂੰ ਜਿਥੇ ਮੱਠਾਂ ਤੇ ਮੜ੍ਹੀਆਂ ਪੂਜਨ ਤੋਂ ਵਰਜਿਆ, ਉਥੇ ਸ਼ਹਿਨ-ਸ਼ਾਹੀਅਤ ਅਤੇ ਅਮੀਰਸ਼ਾਹੀ ਵਿਰੁਧ ਵੀ ਡਟਣਾ ਦੱਸਿਆ। ਦੁਸ਼ਟ ਰਾਜ ਦੀ ਨਾਸ਼ਵਾਨਤਾ ਦਾ ਚਿੱਤਰ ਖਿਚਦਿਆਂ ਅੰਮ੍ਰਿਤ ਦੀ ਦਾਤ ਦਿੱਤੀ:-

ਮਾਤੇ ਮਤੰਗ, ਜਰੇ ਜਰ ਸੰਗ, ਅਨੂਪ ਉਤੰਗ ਸੁਰੰਗ ਸਵਾਰੇ॥
ਕੋਟ ਤੁਰੰਗ ਕੁਰੰਗ ਸੇ ਕੂਦਤ, ਪਉਨ ਕੇ ਗਉਨ ਕਉ ਜਾਤ ਨਿਵਾਰੇ।
ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਯਾਵਤ ਸੀਸ ਨਾ ਜਾਤ ਬਿਚਾਰੇ॥
ਏਤੇ ਭਏ ਤੋ ਕਹਾ ਭਏ ਭੂਪਤ, ਅੰਤ ਕੋ ਨਾਗ ਹੀ ਪਾਏ ਪਧਾਰੇ।

ਅਕਾਲ ਉਸਤਤਿ: ੨੨੦

ਕ੍ਰਿਸ਼ਨ ਜੀ ਦੁਰਯੋਧਨ ਤੋਂ ਨਿਰਾਸ਼ ਹੋ ਕੇ ਬਿਦੁਰ ਦੇ ਘਰ ਰਹੇ। ਗੁਰੂ ਗੋਬਿੰਦ ਸਿੰਘ ਪਹਾੜੀ ਰਾਜਿਆਂ ਅਤੇ ਬ੍ਰਾਹਮਣਾਂ ਤੋਂ ਉਪਰਾਮ ਹੋ ਕੇ ਜੰਤਾ ਵਲ ਝੁਕੇ। ਉਨ੍ਹਾਂ ਵਿਚੋਂ ਹੀ ਚੰਗੇ ਨੇਤਾ ਅਤੇ ਸ਼ਾਸਕ ਪੈਦਾ ਕਰਨ ਦਾ ਸੰਕਲਪ ਕੀਤਾ:-

ਇਨ ਗ਼ਰੀਬ ਸਿਖਨ ਕੋ ਦੇਓ ਪਾਤਸ਼ਾਹੀ
ਇਹ ਯਾਦ ਰਖੇਂ ਹਮਰੀ ਗੁਰਿਆਈ।

ਕ੍ਰਿਸ਼ਨ ਜੀ ਨੇ ਇਨਸਾਨੀ ਜ਼ਿੰਦਗੀ 'ਚੋਂ ਜਮੂਦ ਕਢਣ ਲਈ, ਖ਼ੁਦ ਰਾਗ ਅਤੇ ਨਾਚ ਵਿਚ ਹਿੱਸਾ ਲਿਆ। ਕੰਸ ਦੇ ਜ਼ੁਲਮਾਂ ਦੇ ਸਹਿਮ ਵਿਚਾਲੇ ਬੰਸਰੀ ਬਜਾ ਕੇ ਇਹ ਸੈਨਤ ਕੀਤੀ ਕਿ ਕਲਾਹੀਣ ਜੀਵਨ ਨੀਰਸ ਹੈ। ਜਿਥੋਂ ਤੱਕ ਹੋ ਸਕੇ, ਜੀਵਨ ਵਿਚ ਮਿਲੇ ਅਵਸਰਾਂ ਤੋਂ ਪੂਰਾ ਫ਼ਾਇਦਾ ਉਠਾਇਆ ਜਾਵੇ। ਜੀਵਨ ਵਿਚ ਵਧ ਤੋਂ ਵਧ ਰੰਗੀਨੀ ਭਰੀ ਜਾਵੇ। ਜੀਵਨ ਨੂੰ ਆਖਰੀ ਹੱਦ ਤੱਕ ਮਾਣਿਆ ਜਾਵੇ, ਪਰ ਇਸ ਤਰ੍ਹਾਂ ਨਾ ਸਿੱਦਾਂ ਕਿ ਅਜ ਕੱਲ ਦੇ ਲਹਿੰਦੇ ਦੇ ਐਸ਼ ਪ੍ਰਸਤ ਮੋਮ ਬੱਤੀ ਦੇ ਦੋਨੋਂ ਸਿਰੇ ਬਾਲ ਬਹਿਨ।' ਜਦ ਦੇਸ਼ ਕੌਮ ਦੀ ਵੰਗਾਰ ਪਵੇ, ਕੁਰਬਾਨੀ ਦੇਣ ਲਈ ਜੋਗਾ ਸਿੰਘ ਵਾਂਗ ਤੁਰ ਪਏ। ਗੁਰੂ ਜੀ ਨੇ ਮਾਨਵ ਜੀਵਨ ਦੀ ਰੁਕੀ ਧਾਰਾ ਨੂੰ ਦੋਬਾਰਾ ਵਹਿਣ ਵਿਚ ਮਦਦ ਦਿੱਤੀ। ਰਾਗ ਰੰਗ ਦੇ ਵਿਰੋਧੀ ਔਰੰਗਜ਼ੇਬ ਦੇ ਰਾਜ ਕਾਲ ਵਿਚ, ਜਦ ਕਿ ਰਾਗ ਦਾ ਜਨਾਜ਼ਾ ਨਿਕਲ ਚੁਕਾ ਸੀ, ਕੋਮਲ ਹੁਨਰਾਂ ਦੀ ਸਰਪ੍ਰਸਤੀ ਕੀਤੀ। ਕਲਾ ਅਤੇ ਸਾਹਿਤ ਨੂੰ ਖ਼ੁਦ ਉਨਤ ਕੀਤਾ। ਕਲਾਕਾਰਾਂ ਨੂੰ ਉਤਸ਼ਾਹ ਦਿਤਾ। ਜੀਵਨ ਦੀਆਂ ਕਦਰਾਂ ਅਤੇ ਕੀਮਤਾਂ ਨੂੰ ਬਦਲਿਆ। ਇਥੋਂ ਤਕ ਕਿ ਜਿਥੇ ਆਪ ਨੇ ਰੱਬ ਨੂੰ ਜਾਤ ਪਾਤ ਅਤੇ ਮਜ਼ਹਬਾਂ ਤੋਂ ਉੱਚਾ-ਅਮਜ਼ਹਬ (Secular) ਦੱਸਿਆ, ਉਥੇ ਉਹਨੂੰ 'ਰੰਗ ਰਾਗ ਕੋ ਸੁਨਿੰਦਾ' ਭੀ ਦਸਿਆ, ਘਰ ਘਾਟ ਤਿਆਗ ਕੇ ਬਣਾ ਇਸ ਰੱਬ ਨੂੰ ਭਾਲਣ ਵਾਲਿਆਂ ਵੇਹਲੜਾਂ ਸਾਹਵੇਂ ਰੱਬ ਦਾ ਰੂਪ 'ਨਮੋ ਸਰਬ ਧੰਧੇ' ਆਖ ਕੇ ਰੱਖਿਆ। ਆਨੰਦਪੁਰ ਵਿਚ ਭਗਤ ਰਵਿਦਾਸ ਦਾ ਕਲਪਿਆ 'ਬੇਗ਼ਮ ਪੁਰਾ ਸ਼ਹਿਰ' ਵਸਾ ਕੇ ਮਧਕਾਲ ਦੇ ਭਾਰਤ ਵਰਸ਼ ਨੂੰ, ਭੁੱਲੇ ਗਣਤੰਤਰ ਰਾਜ ਦੀ ਝਲਕ ਦਿਖਾ ਕੇ ਦੱਸੀ, ਜਿਥੇ ਮਿਹਨਤ ਅਤੇ ਕੰਮ ਦੀ ਹੀ ਕਦਰ ਕੀਤੀ ਜਾਂਦੀ ਸੀ।

ਕ੍ਰਿਸ਼ਨ ਜੀ ਨੇ ਜੰਗ ਹਰ ਮੁਮਕਿਨ ਤਰੀਕੇ ਨਾਲ ਟਾਲਣ ਅਤੇ ਰੋਕਣ ਦਾ ਯਤਨ ਕੀਤਾ। ਦੁਰਯੋਧਨ ਨੂੰ ਚੰਗੀ ਤਰ੍ਹਾਂ ਸਮਝਾਇਆ ਅਤੇ ਆਪ ਹੇਠੀ ਦੀ ਵੀ ਪ੍ਰਵਾਹ ਨਾ ਕੀਤੀ।

ਪ੍ਰੰਤੂ ਜਦ ਜੰਗ ਉਨ੍ਹਾਂ 'ਤੇ ਠੋਸੀ ਗਈ ਤਾਂ ਡਟ ਕੇ ਲੜੇ, ਸਗੋਂ ਯੁੱਧ ਨੀਤੀ ਦੀ ਪੂਰੀ ਵਰਤੋਂ ਕੀਤੀ। ਗੁਰੂ ਸਾਹਿਬ ਨੇ ਵੀ ਪੂਰੀ ਤਰ੍ਹਾਂ ਜੰਗ ਤੋਂ ਪਰਹੇਜ਼ ਕੀਤਾ। ਜਦ ਕਦੀ ਵੀ ਆਪ ਨੂੰ ਰਣ ਤੱਤੇ ਵਿਚ ਉਤਰਨਾ ਪਿਆ ਤਦ ਮਜਬੂਰੀ ਥੱਲੇ ਹੀ ਅਜਿਹਾ ਕਰਨਾ ਪਿਆ, ਆਪ ਭੰਗਾਣੀ ਯੁੱਧ ਬਾਰੇ ਲਿਖਦੇ ਹਨ:

ਫਤੇਸ਼ਾਹ ਕੋਪਾ ਤਬ ਰਾਜਾ

ਲੋਹ ਪਰਾ ਹਮ ਸੋਂ ਬਿਨ ਕਾਜਾ ॥੩॥ ਬਚਿਤ੍ਰ ਨਾਟਕ: ਅੰਕ ੮

ਦੂਜੇ ਪਾਸੇ ਜਾਇਜ਼ ਹੱਕਾਂ ਦੀ ਪ੍ਰਾਪਤੀ ਅਤੇ ਰਾਖੀ ਲਈ ਸ਼ਸਤਰ ਚੁੱਕਣਾ ਵੀ ਜਾਇਜ਼ ਦੱਸਿਆ।

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ

ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ ॥੨੨॥ ਜ਼ਫਰਨਾਮਹ

ਕ੍ਰਿਸ਼ਨ ਜੀ ਨੇ ਦਰੋਪਦੀ ਵਰਗੀਆਂ ਅਬਲਾ ਨਾਰੀਆਂ ਦੀ ਮਦਦ ਕੀਤੀ। ਗੁਰੂ ਗੋਬਿੰਦ ਸਿੰਘ ਨੇ ਇਸਤਰੀ ਜਾਤੀ ਨੂੰ ਦੀਨ ਹੀਨ ਅਵਸਥਾ 'ਚੋਂ ਕੱਢਣ ਦਾ ਯਤਨ ਕੀਤਾ। ਰੂਪ ਕੁੰਵਰ (ਰੂਪ ਕੁੰਅਰ) ਨੂੰ ਨਫ਼ਸ਼ ਪ੍ਰਸਤੀ ਦੀ ਜਿੱਲਣ 'ਚੋਂ ਕੱਢਿਆ। ਔਰਤ ਨੂੰ ਮਰਦ ਦੇ ਬਰਾਬਰ ਦਾ ਦਰਜਾ ਦਿਤਾ ਅਤੇ ਉਹਨੂੰ ਕੁੰਵਰ ਜਾਂ ਕੌਰ ਅਰਥਾਤ ਛੋਟੇ ਸ਼ਾਹਜ਼ਾਦੇ ਦਾ ਰੁਤਬਾ ਦਿੱਤਾ। ਦੀਪ ਕੌਰ ਵਰਗੀਆਂ ਵੀਰਾਂਗਨਾਂ ਆਪਣੇ ਸਤ ਦੀ ਰਖਿਆ ਆਪ ਕਿਰਪਾਨ ਨਾਲ ਕਰ ਸਕਦੀਆਂ ਸਨ ਜਾਂ ਅਨੂਪ ਕੌਰ ਵਾਂਗ ਮਲੇਰਕੋਟਲੇ ਦੇ ਨਵਾਬ ਦੀ ਕੈਦ ਵਿਚ ਆਤਮ ਹੱਤਿਆ ਕਰ ਕੇ ਆਪਣਾ ਸਤ ਬਚਾ ਲੈਂਦੀਆਂ ਸਨ।

ਮਹਾਂ ਪੁਰਸ਼ ਭਾਵੇਂ ਉਹ ਕਿਤੇ ਅਤੇ ਕਦੋਂ ਵੀ ਆਉਣ, ਬੁਨਿਆਦੀ ਅਤੇ ਆਲਮ ਗੀਰ ਸਚਾਈਆਂ ਦਾ ਉਪਦੇਸ਼ ਹੀ ਦਿੱਤਾ ਕਰਦੇ ਹਨ। ਉਨ੍ਹਾਂ ਦਾ ਰੂਪ ਅਤੇ ਉਨ੍ਹਾਂ ਨੂੰ ਉਜਾਗਰ ਕਰਨ ਦਾ ਸਾਧਨ ਹਾਲਾਤ ਅਤੇ ਲੋੜ ਅਨੁਸਾਰ ਅੱਡ ਹੋ ਸਕਦੇ ਹਨ, ਪ੍ਰੰਤੂ ਉਹ ਸਾਰੀ ਜੰਤਾ ਲਈ ਕਲਿਆਣਕਾਰੀ ਹੋਣ ਦੇ ਨਾਤੇ, ਸਭ ਲਈ ਸਾਂਝੇ ਹੁੰਦੇ ਹਨ। ਅੱਜ ਕੱਲ ਜਦਕਿ ਵਿਚਾਰਾਂ ਅਤੇ ਆਦਰਸ਼ਾਂ ਦਾ ਭਿਆਨਕ ਸੰਘਰਸ਼ ਅਤੇ ਸੰਗਰਾਮ ਮੱਚਿਆ ਹੋਇਆ ਹੈ ਅਤੇ ਦਿਨੋ ਦਿਨ ਤ੍ਰੇੜਾਂ ਅਤੇ ਪਾੜੇ ਵਧ ਰਹੇ ਹਨ, ਅੱਡ ਅੱਡ ਧਰਮਾਂ ਦੇ ਮਹਾਂ ਪੁਰਸ਼ਾਂ ਦਾ ਮਾਨ ਸਤਿਕਾਰ ਕਰਨਾ ਸਿੱਖਣ ਦੀ ਡਾਢੀ ਲੋੜ ਹੈ। ਉਨ੍ਹਾਂ ਨੂੰ ਨੇੜਿਉਂ ਹੋ ਕੇ ਤੱਕਣਾ ਜ਼ਰੂਰੀ ਹੈ। ਤੁਲਨਾਤਮਿਕ ਅਧਯਯਨ (Comparative Study) ਇਸ ਮਾਮਲੇ ਵਿਚ ਬੜੀ ਸਹਾਇਕ ਹੋ ਸਕਦੀ ਹੈ। ਇਸ ਮੰਤਵ ਨਾਲ ਦੋਂਹ ਗੋਬਿੰਦਾਂ ਨੂੰ ਸਾਂਝੇ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਦੋਨੋਂ ਭਾਰਤ ਲਈ ਗੌਰਵ ਅਤੇ ਗਰਵ ਦਾ ਕਾਰਨ ਹਨ।

ਦੂਜੀ ਗੱਲ ਇਹ ਵੀ ਹੈ ਜੋ ਕਦੀ ਵੀ ਭੁੱਲਣੀ ਨਹੀਂ ਚਾਹੀਦੀ ਕਿ ਹਿੰਦੂ ਤੇ ਸਿੱਖ ਭਾਈਚਾਰਕ ਤੌਰ 'ਤੇ (Socially) ਇਕ ਹਨ। ਜੇ ਹਿੰਦੂ ਧਰਮ ਦੇ ਕਰਮ ਕਾਂਡਾਂ ਨੂੰ ਜਿਨ੍ਹਾਂ ਦਾ ਖੰਡਨ ਗੁਰੂ ਗੋਬਿੰਦ ਸਿੰਘ ਅਤੇ ਸਵਾਮੀ ਦਯਾ ਨੰਦ ਨੇ ਇਕੋ ਜਿਹਾ ਕੀਤਾ ਹੈ, ਵੱਖ ਕਰ ਕੇ ਜਜ਼ਬਾਤ ਰਹਿਤ ਹੋ ਕੇ ਤੱਕੀਏ ਤਾਂ ਸਿੱਖੀ ਅਤੇ ਹਿੰਦੂ ਮਤ ਦੇ ਬੁਨਿਆਦੀ ਅਸੂਲ ਬਹੁਤ ਹੱਦ ਤੱਕ ਮਿਲਦੇ ਜੁਲਦੇ ਨਜ਼ਰ ਆਉਣਗੇ। ਡਾਕਟਰ ਨਾਰੰਗ (Real Hinduism) ਦੇ ਸਫਾ 12-14 'ਤੇ ਲਿਖਦੇ ਹਨ।

It should moreover be remembered that what ever may appear unreasonable or objectionable in the practices of vulgar masses is either a relic of the-Aryan usages or is the resullt of mere later accretions not finding any sanction in the authoritative sacred books of the Hindus and from no essential part of real Hinduism.

ਤੀਜੇ ਹੁਣੇ ਜਿਹੇ ਸਿੱਖਾਂ ਵਿਚਲੇ ਅਖੌਤੀ ਸ਼ਡੂਲ ਜਾਤੀਆਂ ਦੇ ਲੋਕਾਂ ਨੂੰ ਹਿੰਦੂ ਸ਼ਡੂਲ ਜ਼ਾਤੀਆਂ ਨੂੰ ਦਿੱਤੀਆਂ ਗਈਆਂ ਰਿਆਇਤਾਂ ਦੇਣ ਦਾ ਐਲਾਨ ਭੀ ਇਸੇ ਸ਼ਰਤ 'ਤੇ ਨਿਰਭਰ ਹੈ ਕਿ 'ਜੇ ਸਿੱਖ ਹਿੰਦੂ ਹਨ.....।' ਉਨ੍ਹਾਂ ਗੁਲਾਮੀ ਦੇ ਸਮਿਆਂ ਨੂੰ ਭੁੱਲ ਜਾਣਾ ਹੀ ਚੰਗਾ ਹੈ ਜਦ ਅੰਗਰੇਜ਼ ਨੇ ਹਿੰਦੂਆਂ ਤੇ ਸਿੱਖਾਂ ਵਿਚਾਲੇ ਤ੍ਰੇੜਾਂ ਵਧਾਉਣ ਲਈ, 'ਹਮ ਹਿੰਦੂ ਨਹੀਂ' ਵਰਗੀਆਂ ਪੁਸਤਕਾਂ ਲਿਖਵਾ ਕੇ ਆਪਣਾ ਉਲੂ ਸਿੱਧਾ ਕੀਤਾ ਸੀ। ਜੇ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਉਪਨਿਸ਼ਟਾਂ ਦੀ ਸਿੱਖਿਆ ਸਮਝ ਕੇ ਆਪਣਾ ਇਸ਼ਟ ਜਾਣਦਾ ਸੀ ਤਾਂ ਇਸ ਵਿਚ ਸਿੱਖਾਂ ਨੂੰ ਕਿਹੜਾ ਨੁਕਸਾਨ ਸੀ ? ਅੱਜ ਸਿੱਖਾਂ ਵਿਚੋਂ ਹੀ ਮਨਮਤ ਦਾ ਕੁਫ਼ਰ ਬੜੀ ਤੇਜ਼ੀ ਨਾਲ ਉਠ ਰਿਹਾ ਹੈ। 'ਗਗਨ ਮਹਿ ਥਾਲ ਰਵਿ ਚੰਦ ਦੀਪਕ ਬਨੇ ਤਾਰਕਾ ਮੰਡਲ.....' ਦੀ ਸਿੱਖਿਆ ਦੇਣ ਵਾਲੀ ਈਸ਼ਵਰੀ ਬਾਣੀ ਦੀ ਆਰਤੀ ਹਿੰਦੂਆਨਾਂ ਤਰੀਕੇ ਨਾਲ ਸਿੱਖ ਖ਼ੁਦ ਕਰਦੇ ਹਨ। ਇਹਦਾ ਇਹ ਭਾਵ ਨਹੀਂ ਕਿ ਇਹ ਠੀਕ ਹੈ, ਸਗੋਂ ਇਹ ਕਿ ਸਿੱਖ ਆਪਣੇ ਆਪ ਵਿਚ ਸਿੱਖੀ 'ਤੇ ਪੱਕੇ ਰਹਿਣ, ਪਰ ਸਿੱਖੀ ਦੇ ਹੋਰ ਸ਼ਰਧਾਲੂਆਂ ਨੂੰ ਹਰ ਤਰ੍ਹਾਂ ਆਪਣੇ ਨਾਲ ਮਿਲਾਣ ਦੀ ਸਪਿਰਟ ਭੀ ਰੱਖਣ। ਹੋਰਨਾਂ ਦੇਸ਼ ਵਾਸੀਆ ਨੂੰ ਘਿਉ ਖਿੱਚੜੀ ਹੋ ਕੇ ਰਹਿਣ ਦੀ ਲੋੜ ਨੂੰ ਅਨੁਭਵ ਕਰਨ। ਅਕਬਰ ਇਲਾਹਾਬਾਦੀ ਦਾ ਇਹ ਕਥਨ ਦੇਸ਼ ਵਾਸੀਆਂ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ।

ਕਹਿਤਾ ਹੂੰ ਹਿੰਦੂਓ ਮੁਸਲਮਾਂ ਸੇ ਯਹੀ,
ਅਪਨੀ ਅਪਨੀ ਰਵਿਸ਼ ਮੇਂ ਤੁਮ ਨੇਕ ਰਹੋ
ਲਾਠੀ ਹੈ ਹਵਾਏ ਦਹਿਰ ਪਾਨੀ ਬਨ ਜਾਓ,
ਤੁਮ ਮੌਜੋਂ ਕੀ ਤਰਹ ਲੜੋ ਮਗਰ ਏਕ ਰਹੋ।

ਜੀਵਨ ਪ੍ਰੀਤੀ, ਜਨਵਰੀ 1954

ਜ਼ਫ਼ਰਨਾਮਾ—ਕੁਝ ਭੁਲੇਖੇ ਕੁਝ ਸੱਚ

ਪ੍ਰੋ: ਕਰਤਾਰ ਸਿੰਘ ਐਮ. ਏ. ਨੇ ਠੀਕ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਗਲਤ ਸਮਝਿਆ ਗਿਆ ਮਹਾਂਪੁਰਸ਼ (The Great Misunderstood) ਆਖਿਆ ਹੈ। ਉਨ੍ਹਾਂ ਦੇ ਕੁਝ ਕਾਰਨਾਮਿਆਂ ਦੇ ਨਾਲ-ਨਾਲ ਉਨ੍ਹਾਂ ਵਲੋਂ ਸ਼ਹਿਨਸ਼ਾਹ ਔਰੰਗਜ਼ੇਬ ਆਲਮਗੀਰ ਗਾਜ਼ੀ ਜੋਗ ਲਿਖੇ ਗਏ ਇਤਿਹਾਸਕ ਪੱਤਰ-ਜ਼ਫ਼ਰਨਾਮਾ ਸੰਬੰਧੀ ਕਈ ਭੁਲੇਖੇ ਤੇ ਸ਼ੰਕਾਵਾਂ ਉਪਜ ਪਈਆਂ ਹਨ।

ਡਾਕਟਰ ਗੋਬਿੰਦ ਸਿੰਘ ਮਨਸੁਖਾਨੀ ਅਨੁਸਾਰ ਜ਼ਫ਼ਰਨਾਮਾ ਆਜ਼ਾਦੀ ਦਾ ਨਗਮਾ ਅਤੇ ਈਮਾਨਦਾਰੀ ਲਈ ਪਾਈ ਗਈ ਵੰਗਾਰ ਹੈ। ਅਮਰੀਕਨ ਵਿਚਾਰਵਾਨ ਐਮਰਸ਼ਨ ਨੇ ਆਖਿਆ ਸੀ ਮੇਰੀ ਆਤਮਾ ਨੂੰ ਅਧਿਆਪਕ ਦੀ ਨਹੀਂ, ਕਿਸੇ ਟੁੰਬ, ਕਿਸੇ ਝੰਜੋੜੇ ਦੀ ਲੋੜ ਹੈ, ਜੋ ਔਰੰਗਜ਼ੇਬ ਦੀ ਕਲੂਸ਼ਿਤ ਆਤਮਾ ਵੀ ਲੋੜਦੀ ਸੀ। ਖਾਲਿਸੋ ਬੇਕੀਨਾ ਕਲਮ 'ਚੋਂ ਨਿਕਲੇ ਜ਼ਫ਼ਰਨਾਮੇ ਦੇ ਬੈਂਤਾਂ ਨੇ ਬਾਦਸ਼ਾਹ ਦੇ ਦਿਲ, ਦਿਮਾਗ ਤੇ ਆਤਮਾ ਨੂੰ ਜਿੱਤ ਕੇ, ਇਸ ਵਿਜੈ ਪੱਤਰ ਨੂੰ ਇਸਮ-ਬਾਮੁਸੱਮਾ ਸਾਬਤ ਕੀਤਾ ਹੈ।

ਆਮ ਮਨੌਤ ਅਨੁਸਾਰ 20 ਦਸੰਬਰ 1705 ਦੀ ਅੱਧੀ ਰਾਤ ਨੂੰ ਗੁਰੂ ਸਾਹਿਬ ਬਾਦਸ਼ਾਹ ਵਲੋਂ ਕਿਸੇ ਕਾਜ਼ੀ ਹੱਥ ਭੇਜੇ ਗਏ ਕੁਰਾਨ ਸ਼ਰੀਫ਼ ਉਤੇ ਲਿਖਤੀ ਹਲਫੀਆ ਇਕਰਾਰਨਾਮੇ[1] 'ਕਿ ਜੇ ਗੁਰੂ ਜੀ ਕਿਲਾ ਆਨੰਦਗੜ੍ਹ ਛੱਡ ਜਾਣ ਤਾਂ ਉਨ੍ਹਾਂ ਨੂੰ ਸਹੀ ਸਲਾਮਤ ਜਿਧਰ ਜਾਣਾ ਚਾਹੁਣ, ਜਾਣ ਦਿੱਤਾ ਜਾਵੇਗਾ'-ਉਤੇ, ਸਿੰਘਾਂ ਦੇ ਜ਼ੋਰ ਦੇਣ ਉਤੇ ਵਿਸ਼ਵਾਸ

---

1. ਇਸ ਇਕਰਾਰਨਾਮੇ ਦੀ ਗਵਾਹੀ ਜ਼ਫ਼ਰਨਾਮੇ 'ਚੋਂ ਮਿਲਦੀ ਹੈ:

ਤੁਰਾਗਰ ਬੁ ਬਾਯਦ ਬ ਕਉਲੇ ਕੁਰਾਂ ॥
ਬਨਿਜ਼ਦੇ ਸ਼ੁਮਾ ਰਾ ਰਸਾਨਮ ਹੁਮਾਂ ॥੫੭
ਸ਼ੁਮਾ ਰਾ ਚੁ ਫਰਜ਼ ਅਸੁਤ ਕਾਰੇ ਕੁਨੀਂ ॥
ਬਮੂਜ਼ਬ ਨਵਿਸ਼ਤਹ ਸ਼ੁਮਾਰੇ ਕੁਨੀ ॥੫੩ ॥
ਨਵਿਸ਼ਤਹ ਰਸੀਦੋ ਬਗੁਫ਼ਤਹ ਜੁਬਾਂ ॥
ਬੁਬਾਯਦ ਕਿ ਕਾਰ ਈ ਬਰਾਹਤ ਰਸਾਂ ॥੫੪ ॥

ਭਾਵ:-(1) ਜੇ ਤੈਨੂੰ ਉਹ ਕੁਰਾਨ ਉਤੇ ਲਿਖਿਆ ਇਕਰਾਰ ਚਾਹੀਦਾ ਹੋਵੇ ਤਾਂ ਮੈਂ ਤੈਨੂੰ ਉਹ ਭੇਜ ਦਿਆਂਗਾ।

(2) ਤੇਰਾ ਇਹ ਫਰਜ਼ ਹੈ ਕਿ ਆਪਣੇ ਲਿਖੇ ਅਨੁਸਾਰ ਕੰਮ ਕਰੇਂ।

(3) ਮੈਨੂੰ ਤੇਰੀ ਲਿਖਤ ਭੀ ਪੁੱਜੀ ਤੇ ਜ਼ੁਬਾਨੀ ਸੁਨੇਹਾ ਭੀ, ਤੈਨੂੰ ਚਾਹੀਦਾ ਹੈ ਕਿ ਸਾਨੂੰ ਬਿਨਾਂ ਖੇਚਲ ਦਿੱਤੇ, ਆਪਣਾ ਆਖਿਆ ਪੂਰਾ ਕਰੇਂ।

ਕਰਕੇ ਨਿਕਲ ਤੁਰੇ ਸਨ, ਭਾਵੇਂ ਉਹ ਆਪ ਅਜਿਹਾ ਨਹੀਂ ਕਰਨਾ ਚਾਹੁੰਦੇ ਸਨ, ਕਿਉਂਕਿ ਉਹ ਸਿੰਘਾਂ ਨੂੰ, ਪਾਟੇ ਪੁਰਾਣੇ ਕੱਪੜਿਆਂ ਤੇ ਖੁੱਸੜਿਆਂ ਦੀਆਂ ਗੰਢਾਂ ਨੂੰ ਮਾਲ ਅਸਿਬਾਬ ਸਮਝ ਕੇ ਲੁੱਟਦੇ ਵੈਰੀਆਂ ਦੀ ਨੀਅਤ ਦੀ ਅਸਲੀਅਤ ਵਿਖਾ ਚੁੱਕੇ ਸਨ। ਇਸ ਨੀਅਤ ਦਾ ਉਗਰ ਪ੍ਰਗਟਾਵਾ ਗੁਰੂ ਜੀ ਦੇ ਆਨੰਦਪੁਰੋਂ ਬਾਹਰ ਨਿਕਲਣ ਦੇ ਨਾਲ ਹੀ ਸ਼ੁਰੂ ਹੋ ਗਿਆ। ਸਰਸਾ ਨਦੀ ਦੇ ਕੰਢੇ ਗਹਿਗੱਚ ਲੜਾਈ ਹੋਈ ਤੇ ਗੁਰੂ ਦੀਆਂ ਫ਼ੌਜਾਂ ਤੇ ਪਰਿਵਾਰ ਵਿੱਚ ਹਫੜਾ ਦਫੜੀ ਮਚ ਗਈ। ਕੋਈ ਕਿਸੇ ਪਾਸੇ ਬਚ ਨਿਕਲਿਆ, ਕੋਈ ਕਿਸੇ ਪਾਸੇ ਟੁਰ ਗਿਆ, ਕਈ ਸਰਸਾ ਦੀਆਂ ਖ਼ੂਨੀ ਲਹਿਰਾਂ ਦੇ ਗ੍ਰਾਸ ਬਣੇ। ਗੁਰੂ ਜੀ ਚਾਲੀ ਭੁੱਖੇ ਭਾਣੇ ਸਿੰਘਾਂ[2] ਅਤੇ ਦੋ ਵੱਡੇ ਸ਼ਹਿਬਜ਼ਾਦਿਆਂ ਸਣੇ ਲੜਦੇ ਭਿੜਦੇ ਚਮਕੌਰ ਪੁੱਜੇ। 22 ਦਸੰਬਰ ਨੂੰ ਇਥੇ ਇਕ ਹਵੇਲੀ ਨੂੰ ਗੜ੍ਹੀ ਦੀ ਸ਼ਕਲ ਦੇ ਕੇ ਬੇਸ਼ੁਮਾਰ ਸ਼ਾਹੀ ਫ਼ੌਜ ਦਾ ਮੁਕਾਬਲਾ ਚਾਲੀ ਭੁੱਖੇ ਸਿੰਘਾਂ (ਗੁਰਿਸਨਾ ਚਿਹਲ ਨਰ) ਨੇ ਕੀਤਾ। ਇਸ ਅਨਗਿਣਤ ਸਮੂਹ ਨੂੰ ਜ਼ਫ਼ਰਨਾਮਾ ਪੈਮਾ ਸ਼ਿਕਨ (ਇਕਾਰਾਰ ਤੋੜ) ਤੇ ਮਖੀਲ ਦੀਆਂ ਮੱਖੀਆਂ ਵਰਗੇ ਦਸ ਲੱਖ ਸਿਆਹਪੋਸ਼ ਦੱਸਦਾ ਹੈ। ਇਸ ਸੰਬੰਧ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਨੇ ਇਸ ਭਿਆਨਕ ਜੰਗ[3] ਵਿਚ

---

2. ਗੁਰਮਤਿ ਗਿਆਨ ਭੰਡਾਰ ਰਚਿਤ ਗਿ: ਲਾਲ ਸਿੰਘ ਅਨੁਸਾਰ ਇਨ੍ਹਾਂ ਸਿਰਲੱਥ ਸੂਰਮਿਆਂ ਦੇ ਨਾਂ ਇਉਂ ਦਿੱਤੇ ਹਨ: ਭਾਈ ਸ਼ੇਰ ਸਿੰਘ,ਗੰਡਾ ਸਿੰਘ, ਜਵਾਲਾ ਸਿੰਘ, ਪ੍ਰੇਮ ਸਿੰਘ ਗੰਗਾ ਸਿੰਘ, ਸੇਵਾ ਸਿੰਘ, ਸੰਗੋ ਸਿੰਘ, ਟੇਕ ਸਿੰਘ, ਝੰਡਾ ਸਿੰਘ, ਸੰਤ ਸਿੰਘ, ਦਿਆਲ ਸਿੰਘ, ਬਧਾਵਾ ਸਿੰਘ, ਕਰਮ ਸਿੰਘ, ਗੁਰਦਿੱਤ ਸਿੰਘ, ਤ੍ਰਿਲੋਕ ਸਿੰਘ, ਹਿੰਮਤ ਸਿੰਘ, ਬਿਸ਼ਨ ਸਿੰਘ, ਰਤਨ ਸਿੰਘ, ਕ੍ਰਿਪਾਲ ਸਿੰਘ, ਸੁਜਾਨ ਸਿੰਘ, ਜੈਮਲ ਸਿੰਘ, ਨਿਹਾਲ ਸਿੰਘ, ਸਰੂਪ ਸਿੰਘ, ਪੰਜਾਬ ਸਿੰਘ, ਸਾਹਿਬ ਸਿੰਘ, ਗੁਲਾਬ ਸਿੰਘ, ਖੜਕ ਸਿੰਘ, ਸਹਿਜ ਸਿੰਘ, ਠਾਕਰ ਸਿੰਘ, ਚੜ੍ਹਤ ਸਿੰਘ, ਸਰਦੂਲ ਸਿੰਘ, ਨਰੈਣ ਸਿੰਘ, ਗੁਰਦਾਸ ਸਿੰਘ, ਹਰਿਦਾਸ ਸਿੰਘ, ਦਮੋਦਰ ਸਿੰਘ, ਭਗਵਾਨ ਸਿੰਘ, ਜਵਾਹਰ ਸਿੰਘ, ਰਣਜੀਤ ਸਿੰਘ, ਮਹਿਤਾਬ ਸਿੰਘ, ਮੋਹਕਮ ਸਿੰਘ।

ਭਾਈ ਵੀਰ ਸਿੰਘ ਜੀ ਨੇ ਸ੍ਰੀ ਕਲਗੀਧਰ ਚਮਤਕਾਰ ਵਿਚ, ਚਮਕੌਰ ਪੁਜਣ ਵਾਲੇ ਕੁਝ ਸਿੰਘਾਂ ਦੇ ਨਾਮ ਇਹ ਦਿੱਤੇ ਹਨ: ਭਾਈ ਕੋਠਾ ਸਿੰਘ, ਮਦਨ ਸਿੰਘ, ਮਾਨ ਸਿੰਘ, ਆਲਮ ਸਿੰਘ, ਪੰਜ ਪਿਆਰੇ, ਭਾਈ ਸੰਤ ਸਿੰਘ। ਸ਼ਹੀਦੀ ਬਾਟਾ ਛਕਨ ਵਾਲੇ ਪਹਿਲੇ ਤਿੰਨ ਗੁਰਮੁਖ ਇਹ ਸਨ: ਖਜ਼ਾਨ ਸਿੰਘ, ਦਾਨ ਸਿੰਘ, ਧਿਆਨ ਸਿੰਘ। ਇਨ੍ਹਾਂ ਦੇ ਪਿਛੋਂ ਜੂਝੇ ਮੋਹਕਮ ਸਿੰਘ, ਹਿੰਮਤ ਸਿੰਘ ਪਿਆਰੇ, ਫੇਰ ਪੰਜ ਮੁਕਤੇ (ਦੇਵਾ ਸਿੰਘ, ਈਸ਼ਰ ਸਿੰਘ, ਰਾਮ ਸਿੰਘ, ਟਹਿਲ ਸਿੰਘ ਤੇ ਫਤਹਿ ਸਿੰਘ)। ਫੇਰ ਸ਼ਹੀਦ ਹੋਏ ਭਾਈ ਮਿਹਰ ਸਿੰਘ, ਕੀਰਤ ਸਿੰਘ, ਆਨੰਦ ਸਿੰਘ, ਲਾਲ ਸਿੰਘ, ਕੇਹਰ ਸਿੰਘ, ਅਮੋਲ ਸਿੰਘ, ਆਲਮ ਸਿੰਘ, ਜਵਾਹਰ ਸਿੰਘ, ਧਿਆਨ ਸਿੰਘ ਜੋਗੀ ਰਾਜ, ਸੁੱਖਾ ਸਿੰਘ ਤੋਪਚੀ, ਬੀਰ ਸਿੰਘ ਤਲਵਾਰੀਆ ਅਤੇ ਦੋ ਸਹਿਬਜ਼ਾਦੇ।

3. ਜ਼ਫ਼ਰਨਾਮੇ ਅਨੁਸਾਰ ਚਮਕੌਰ ਯੁਧ ਚਾਨਣੇ ਪੱਖ ਵਿਚ ਹੋਇਆ। ਬੇਦੀ ਗੁਰਸ਼ਰਨ ਸਿੰਘ ਠੀਕ ਹੀ ਕਹਿੰਦੇ ਹਨ ਕਿ 17-18 ਨਵੰਬਰ 1705 ਦੀ ਦਰਮਿਆਨੀ ਰਾਤ ਨੂੰ ਜਦ ਦਸਮੇਸ਼ ਚਮਕੌਰ ਦੀ ਗੜ੍ਹੀ 'ਚੋਂ ਨਿਕਲੇ ਸਨ, ਉਦੋਂ ਪੁੰਨਿਆਂ ਦੀ ਰਾਤ ਸੀ (The Epistle of Victory-Page 17) ਇਸਦੀ ਪੁਸ਼ਟੀ ਪ੍ਰੋ: ਪਿਆਰਾ ਸਿੰਘ 'ਪਦਮ' ਕਰਦੇ ਹਨ: 'ਸਾਡੇ ਇਤਿਹਾਸਕਾਰ ਚਮਕੌਰ ਯੁੱਧ ਦੀ ਤਰੀਕ 8 ਪੋਹ 1761 ਬਿ: ਦਸਦੇ ਹਨ ਪਰ ਇਹ ਤਰੀਕ ਭਾਈ ਗੁਲਾਬ ਸਿੰਘ ਆਦਿ ਨੇ ਗੁਰ ਪ੍ਰਣਾਲੀ ਵਿਚ 1 ਮਘਰ (ਮੱਘਰ ਦੀ ਤਰੇਦਸੀ) ਹੀ ਦਿੱਤੀ ਹੈ ਜੋ ਚਾਨਣੀ ਰਾਤ ਸੀ। ਜੇਕਰ ਅੱਠ ਪੋਹ ਮੰਨੀਏ ਤਾਂ ਇਹ ਅੰਧੇਰੀ ਰਾਤ ਬਣਦੀ ਹੈ।

4. (a) '.....While thus living in retirement messengers arrived to summon

ਸ਼ਾਹੀ ਫੌਜ ਨਾਲ ਲੁੱਟਮਾਰ ਦੀ ਨੀਅਤ ਨਾਲ ਭਾਗ ਲੈਣ ਵਾਲੇ ਇਕ ਪਠਾਣ ਦਾ ਜ਼ਿਕਰ ਕੀਤਾ ਹੈ। ਪਠਾਣ ਦਾ ਬਿਆਨ ਹੈ ਕਿ ਜਿਸ ਥਾਂ ਉਹ ਸ਼ਾਹੀ ਫੌਜ ਨਾਲ ਖੜੋਤਾ ਸੀ, ਉਹ ਗੜ੍ਹੀ ਤੋਂ 12 ਕੋਹ ਸੀ ਤੇ ਸਰਹੰਦ ਚਮਕੌਰ ਤੋਂ 12 ਕੋਹ ਹੈ। ਇਥੋਂ 700 ਸਵਾਰਾਂ ਸਣੇ ਤੋਪਖਾਨਾ ਭੇਜਿਆ ਗਿਆ ਸੀ। ਇਸ ਹਿਸਾਬ ਸ਼ਾਹੀ ਤੇ ਪਹਾੜੀ ਫੌਜਾਂ ਅਤੇ ਲੁੱਟ ਮਾਰ ਦੇ ਹਿਰਸੀ ਭਾੜੇ ਦੇ ਟੱਟੂ ਚਮਕੌਰ ਤੋਂ ਸਰਹੰਦ ਤੱਕ ਫੈਲੇ ਹੋਏ ਸਨ। ਇਹ ਜੰਗ ਇੰਨੀ ਖੂਨ ਡੋਹਲਵੀਂ ਸੀ ਤੇ ਗੜ੍ਹੀ ਵਿਚਲੇ ਸਿੱਖ ਸੈਨਿਕ ਇਸ ਬਹਾਦਰੀ ਨਾਲ ਲੜੇ ਕਿ ਪ੍ਰੋ: ਕਰਤਾਰ ਸਿੰਘ ਦੇ ਸ਼ਬਦਾਂ ਵਿਚ ਥਰਮੋਪਲੀ ਦੇ ਲੜਾਕੇ ਵੀ ਆਪਣੀ ਕੀਰਤੀ ਦਾ ਉੱਚਾ ਆਸਨ ਇਨ੍ਹਾਂ ਸਿਰਲੱਥ ਸੂਰਮਿਆਂ ਦੇ ਸਤਕਾਰ ਵਜੋਂ ਛੱਡ ਦੇਣਗੇ। ਜਦ ਕੋਈ 33 ਸਿੰਘ ਜਿਨ੍ਹਾਂ ਵਿਚ ਦੋ ਸ਼ਾਹਿਬਜ਼ਾਦੇ ਅਤੇ ਤਿੰਨ ਪਿਆਰੇ, ਭਾਈ ਹਿੰਮਤ ਸਿੰਘ, ਮੋਹਕਮ ਸਿੰਘ ਤੇ ਸਾਹਿਬ ਸਿੰਘ ਵੀ ਸ਼ਾਮਲ ਸਨ, ਲੜਦੇ ਸ਼ਹੀਦ ਹੋ ਗਏ ਤਾਂ ਪੰਜਾਂ ਸਿੰਘਾਂ ਦੇ ਗੁਰਮਤੇ ਸਾਹਵੇਂ ਸੀਸ ਝੁਕਾ ਕੇ ਗੁਰੂ ਜੀ ਅੱਧੀ ਰਾਤ ਸਮੇਂ ਤਾੜੀ ਮਾਰਦੇ ਅਤੇ ਉੱਚੀ ਉੱਚੀ ਆਖਦੇ, 'ਹਿੰਦ ਦਾ ਪੀਰ ਜਾ ਰਿਹਾ ਹੈ', ਗੜ੍ਹੀ 'ਚੋਂ ਨਿਕਲ ਕੇ ਮਾਛੀਵਾੜੇ ਪੁੱਜੇ। ਇਥੇ ਗੁਲਾਬੇ ਮਸੰਦ ਦੇ ਚੁਬਾਰੇ ਵਿਚ ਰਹੇ, ਜਿਥੇ ਆਪ ਨੂੰ ਦੋ ਪਠਾਣ ਭਰਾ ਗ਼ਨੀ ਖਾਂ, ਨਬੀ ਖਾਂ (ਜੋ ਆਪ ਕੋਲ ਘੋੜੇ ਵੇਚਿਆ ਕਰਦੇ ਸਨ) ਆ ਮਿਲੇ। ਬਾਦਸ਼ਾਹ ਅਤੇ ਉਸਦੇ ਇਕਰਾਰ ਤੋੜਨ ਵਾਲੇ ਝੂਠੇ (ਕਿਬਜ਼ਗੋ) ਦੀਵਾਨਾਂ ਅਤੇ ਬਖਸ਼ੀਆਂ ਉਤੇ ਆਪ ਨੂੰ ਰੰਜ ਤੇ ਗੁੱਸਾ ਸੀ, ਜਿਸ ਤੋਂ ਬਾਦਸ਼ਾਹ ਨੂੰ ਜਾਣੂੰ ਕਰਾਉਣ ਲਈ ਆਪ ਨੇ ਫਾਰਸੀ ਛੰਦਾਂ ਵਿਚ ਪਹਿਲਾ ਪੱਤਰ (ਜਿਸਦੇ ਹੁਣ ਚੌਵੀ ਸ਼ੇਅਰ ਮਿਲਦੇ ਹਨ, ਦੇਖੋ ਜ਼ਫ਼ਰਨਾਮਾ ਅਨੁਵਾਦਕ ਸ੍ਰੀ ਨਾਨਕ ਚੰਦ ਨਾਜ਼) ਲਿਖਿਆ ਅਤੇ ਭਾਈ ਦਇਆ ਸਿੰਘ ਪਿਆਰੇ ਰਾਹੀਂ ਭੇਜਿਆ। ਸ: ਕਪੂਰ ਸਿੰਘ ਸਾਬਕਾ ਆਈ. ਸੀ. ਐਸ. ਕਰਤਾ 'ਬਹੁਵਿਸਤਾਰ' ਅਨੁਸਾਰ, ਜਿਨ੍ਹਾਂ ਇਸ ਖ਼ਤ ਨੂੰ ਫ਼ਤਹਨਾਮਾ ਦੀ ਸੰਗਿਆ ਦਿੱਤੀ ਹੈ, ਪਠਾਣ ਭਰਾਵਾਂ ਨੇ ਭਾਈ ਸਾਹਿਬ ਨੂੰ ਉੱਚ ਦੇ ਪੀਰ ਘੋਸ਼ਿਤ ਕਰਕੇ ਉਨ੍ਹਾਂ ਨੂੰ ਸ਼ਾਹੀ ਫੌਜ ਦੇ ਘੇਰੇ 'ਚੋਂ ਬਾਹਰ ਲੰਘਾਇਆ ਤੇ ਉਨ੍ਹਾਂ ਨੇ ਬਾਦਸ਼ਾਹ ਨੂੰ ਇਹ ਖ਼ਤ ਪਹੁੰਚਾਇਆ। ਇਸ ਵਿਚ ਹਜ਼ੂਰ ਦਾ ਜਲਾਲ ਸਿਖਰਾਂ ਛੋਂਹਦਾ ਹੈ। ਬਾਦਸ਼ਾਹ ਨੂੰ ਸੌਂਹਾਂ ਸੁਗੰਦਾਂ ਤੋੜਨ ਵਾਲਾ ਦਸਦਿਆਂ ਹੱਥੋ ਹੱਥ ਲੜਨ ਦੀ ਵੰਗਾਰ ਪਾਂਦਿਆਂ, ਪਰ ਗੱਲ ਬਾਤ ਦਾ ਦਰਵਾਜ਼ਾ ਬੰਦ ਨਹੀਂ ਕੀਤਾ:

ਅਗਰ ਬਾਜ਼ ਗੁਫ਼ਤ ਓ ਸ਼ੁਨੀਦਤ ਬ ਮਾਸਤ ॥
ਨਮਾਯਮ ਤੁਰਾ ਜਾਦਾ ਏ ਪਾਕ ਓ ਰਾਸਤ ॥੯॥ ਫ਼ਤਹਨਾਮਾ

ਭਾਵ ਗੱਲਬਾਤ ਵਿਚ ਮੈਂ ਤੈਨੂੰ ਸਿੱਧਾ ਤੇ ਪਵਿੱਤਰ ਰਾਹ ਦੱਸ ਦਿਆਂਗਾ। ਪ੍ਰਤੀਤ ਹੁੰਦਾ ਹੈ ਕਿ ਬਾਦਸ਼ਾਹ ਨੇ ਭਾਈ ਸਾਹਿਬ ਰਾਹੀਂ ਫੇਰ ਕੋਈ ਭਰੋਸਾ ਜਾਂ ਇਕਰਾਰ ਦੇ ਭੇਜਿਆ ਤੇ ਗੁਰੂ ਸਾਹਿਬ ਨੂੰ ਮੁਲਾਕਾਤ ਲਈ ਬੁਲਾ ਭੇਜਿਆ।[4] ਜਿਸਦੇ ਉਤਰ ਵਿੱਚ ਦੂਜਾ ਖ਼ਤ

---

him to the Emperor's presence. but Gobind replied to Aurangzeb in a series of parables admonitory of kings, partly in which, and partly in a letter which accompanied them. he remonstrates, rather than humbles himself.'

(Cunningham's History of the Sikhs)

→

ਜ਼ਫ਼ਰਨਾਮਾ ਉਸੇ ਫਾਰਸੀ ਬਹਿਰ (ਮਤਕਾਰਬ ਮਸਮਨ ਮਹਜ਼ੂਫ) ਵਿਚ ਲਿਖ ਭੇਜਿਆ। ਇਹ ਖਤ ਮੁਕਤਸਰ ਜੰਗ ਤੋਂ ਪਹਿਲਾਂ ਦੀਨੇ-ਕਾਂਗੜੇ ਤੋਂ ਲਿਖਿਆ ਗਿਆ ਜਿੱਥੇ ਹੁਣ ਗੁਰਦਵਾਰਾ ਜ਼ਫ਼ਰਨਾਮਾ ਸਾਹਿਬ ਵਿਦਮਾਨ ਹੈ। ਇਸ ਖਤ ਵਿਚ ਵਿਸਥਾਰ ਨਾਲ ਸਾਰੀ ਗੱਲ ਖੋਲ੍ਹਕੇ ਬਾਦਸ਼ਾਹ ਨੂੰ ਉਸ ਪਰੇਰਨਾ ਭਰਪੂਰ ਲਹਿਜੇ ਵਿਚ ਦਸੀ ਗਈ ਜਿਸ ਨਾਲ ਉਹ ਆਪਣੀ ਜ਼ਿੰਮੇਵਾਰੀ ਮਹਿਸੂਸ ਕਰੇ। ਇਸ ਵਿਚ ਉਦੋਂ ਤੱਕ ਪੁਜ ਚੁੱਕੀ ਇਤਲਾਅ ਅਨੁਸਾਰ ਚੌਂਹ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਕੀਤਾ ਗਿਆ ਜਿਸ ਲਈ ਬਾਦਸ਼ਾਹ ਨੂੰ ਜ਼ਿੰਮੇਂਵਾਰ ਗਰਦਾਨਿਆ ਗਿਆ। ਉਸਨੂੰ ਗੱਲਬਾਤ ਲਈ ਕਾਂਗੜੇ ਆਉਣ ਦਾ ਸੱਦਾ ਦਿੱਤਾ ਗਿਆ। ਬਾਬੇ ਕਾ ਸੱਚਾ ਪਾਤਸ਼ਾਹ ਸਾਰੇ ਗਿਲੇ ਗੁੱਸੇ ਭੁਲਾਕੇ ਜਮਾਲ ਦੀਆਂ ਸਿਖਰਾਂ ਛੋਂਹਦਾ ਬਾਬਰ ਕੇ ਪਾਤਸ਼ਾਹ ਉਤੇ ਮਿਹਰਬਾਨੀ ਕਰਨ ਦਾ ਭਰੋਸਾ ਦਿਵਾਉਂਦਾ ਉਹਨੂੰ ਕਹਿੰਦਾ ਹੈ ਕਿ ਇਸ ਪਾਸੇ ਤੈਨੂੰ ਆਉਂਦਿਆਂ ਕੋਈ ਖੇਚਲ ਨਹੀਂ ਹੋਵੇਗੀ ਕਿਉਂਕਿ ਸਾਰੀ ਬੈਰਾੜ ਕੌਮ ਮੇਰੇ ਅਧੀਨ ਹੈ।

ਇਹ ਖਤ ਵੀ ਭਾਈ ਦਇਆ ਸਿੰਘ ਰਾਹੀਂ ਭੇਜਿਆ ਗਿਆ। ਡਾਕਟਰ ਗੋਕਲ ਚੰਦ ਨਾਰੰਗ ਅਨੁਸਾਰ ਭਾਈ ਸਾਹਿਬ ਨੇ ਬਾਦਸ਼ਾਹ ਦੇ ਹਜ਼ੂਰ ਪੁਜਕੇ, ਕੂਰਨਸ਼ ਨਾ ਕਰਕੇ, ਗਜ ਕੇ ਫਤਹ ਬੁਲਾਈ ਤੇ ਜ਼ਫ਼ਰਨਾਮਾ ਪਾਤਸ਼ਾਹ ਨੂੰ ਪੇਸ਼ ਕੀਤਾ। ਸਰਦਾਰ ਦੀਵਾਨ ਸਿੰਘ ਮਫ਼ਤੂਨ, ਨੰਦੇੜ ਦੇ ਕਿਸੇ ਮੁਸਲਮਾਨ ਬਜ਼ੁਰਗ ਦੀ ਗਵਾਹੀ ਉਤੇ ਦਸਦੇ ਹਨ ਕਿ ਹਾਜ਼ੀਆਂ ਦੇ ਭੇਸ ਵਿਚ ਪੁਜੇ ਭਾਈ ਸਾਹਿਬ ਤੋਂ ਜ਼ਫ਼ਰਨਾਮਾ ਸ਼ਹਿਜ਼ਾਦੀ ਜ਼ੇਬੁਲਨਿਸਾ ਨੇ ਵਸੂਲ ਕੀਤਾ ਅਤੇ ਬੀਮਾਰ ਪਿਤਾ ਨੂੰ ਪੜ੍ਹਕੇ ਸੁਣਾਇਆ। ਉਹ ਜਦ ਇਸ ਛੰਦ 'ਤੇ ਪੁੱਜੀ:

ਮਨਮ ਕੁਸ਼ਤਨਮ ਕੋਹੀਯਾ ਬੁਤ ਪਰਸਤ
ਕਿ ਓ ਬੁਤ ਪਰਸਤੰਦ ਮਨ ਬੁਤ ਸ਼ਿਕਸਤ ॥੯੫॥

ਲੇਖਕ ਨੇ ਜ਼ਫਰਨਾਮੇ ਦਾ ਸ਼ੇਅਰ ਇਸ ਤਰ੍ਹਾਂ ਲਿਖਿਆ ਹੈ।

ਮਨਸ ਕੁਸਤਨਮ ਕੋਹੀਆਂ ਪੁਰ ਫਿਤਨ
ਕਿਓ ਪ੍ਰਸਤੰਦ ਮਨ ਬੁਤ ਸ਼ਿਕਨ ॥

(b) 'Towards the close of the reign of Aurangzeb, the Guru lived in a place at Anandpur. But the king who was in Deccan always felt anxious about him. He therefore issued a mandate summoning the Guru to his presence. When the messenger reached Gobind and delivered the royal farman to him, he kissed it and placed it on his head in token of respect and honour and told him that he regarded himself as a dependent and vassal of the king of kings and that to obey His Majesty's command would be an honour to him but that before accompanying the messenger he would like to submit his grievances to the Emperor in writing

{Latif's History of the Punjab}

(c) 'While here at Damdama he received a letter from Aurangzeb requiring his presence at Delhi. He replied in a long espistle couched in sprited Persian verse.

......{Transformation of the Sikhs.}

ਅਤੇ ਸ੍ਰ. ਸ਼ਮਸ਼ੇਰ ਸਿੰਘ 'ਸ਼ੇਰ' ਨੇ ਇਸੀ ਸ਼ੇਅਰ ਦਾ ਨੰਬਰ 92 ਦਿੱਤਾ ਹੈ ਅਤੇ ਉਸਦਾ ਪਾਠਾਂਤਰ ਇਸ ਤਰ੍ਹਾਂ ਲਿਖਿਆ।

ਮਨ ਕੁਸ਼ਤਾ ਅਮ ਕੋਹੀਆ ਪੁਰ ਫਿਤਨ
ਕਿ ਆਂ ਬੁਤ ਪ੍ਰਸਤੰਦ ਉ ਮਨ ਬੁੱਤ ਸ਼ਿਕਨ॥ ਸੰਪਾਦਕ

(ਇਤਿਹਾਸਕਾਰ ਮੰਨਦੇ ਹਨ ਕਿ ਜ਼ਫ਼ਰਨਾਮਾ ਬਾਦਸ਼ਾਹ ਦੇ ਏਲਚੀ ਜੋ ਭਾਈ ਦਇਆ ਸਾਹਿਬ ਨਾਲ ਆਇਆ ਹੋਵੇਗਾ, ਦੇ ਹੱਥ ਪੁੱਜੇ ਕਿਸੇ ਸੁਨੇਹੇ ਦੇ ਉੱਤਰ ਵਜੋਂ ਲਿਖਿਆ ਗਿਆ) ਅਰਥਾਤ ਤੇਰੇ ਚਾੜ੍ਹੇ ਹੋਏ ਬੁਤ ਪੂਜ ਅਤੇ ਫਸਾਦੀ ਪਹਾੜੀ ਰਾਜਿਆਂ ਮੈਨੂੰ ਇਕ ਅਕਾਲ ਪੂਜਕ ਨੂੰ ਲੜਨਾ ਪਿਆ, ਤਾਂ ਬਾਦਸ਼ਾਹ ਇਕ ਦਮ ਉਠ ਕੇ ਬੈਠ ਗਿਆ। ਇਸ ਗੱਲ-ਕਿ ਸੱਚੀਂ ਮੁਚੀਂ ਗੁਰੂ ਬੁੱਤ ਪੂਜਕ ਨਹੀਂ ਸਗੋਂ ਉਹ ਕਲਮਾ ਸ਼ਹਾਦਤ ਲਾਇਲਾਹ ਇਲਲਿਹਾਹ (ਪ੍ਰਣਵੋ ਆਦਿ ਏਕੰਕਾਰਾ) ਦਾ ਵਿਸ਼ਵਾਸੀ ਹੈ.....ਉਤੇ ਹੈਰਾਨ ਹੋ ਕੇ ਉਹ ਆਪਣੇ ਅਮਲ 'ਤੇ ਪਛਤਾਇਆ। (ਡਾ. ਜੀਤ ਸਿੰਘ ਸੀਤਲ ਦਾ ਲੇਖ 'ਜ਼ਫ਼ਰਨਾਮਾ'.....ਸਮੇਂ ਦੀ ਵੰਗਾਰ, ਗੁਰੂ ਗੋਬਿੰਦ ਸਿੰਘ ਅੰਕ 1967 ਸਫ਼ਾ 38)

---

5. ਸਿੱਖ ਰਵਾਇਤ ਅਨੁਸਾਰ ਇਹ ਰਾਜੇ ਬਾਈ-ਧਾਰਾਂ ਦੇ ਛੋਟੇ ਵੱਡੇ ਰਜਵਾੜੇ ਇਨ੍ਹਾਂ ਰਿਆਸਤਾਂ ਦੇ ਵਾਲੀ ਸਨ: (1 ਜਸਵਾਨ, 2. ਸੀਬਾ, 3. ਚੰਬਾ, 4 ਨੂਰਪੁਰ, 5. ਦਾਤਾਰਪੁਰ, 6. ਸ਼ਾਂਬਾ, 7 ਗੁਲੇਰ, 8 ਕੁੱਲੂ, 9 ਸੁਕੇਤ, 10 ਕੁਟਲਹਿਰ, 11 ਮੰਡੀ, 12 ਬਿਝੜਵਾਲ, 13 ਭਾਡੂ, 14 ਮਾਨਕੋਟ, 15 ਬਸੋਹਲੀ, 16 ਜੰਮੂ, 17 ਚੰਨਾਨੀ, 18 ਕਿਸ਼ਤਵਾੜ, 19 ਜਸਰੋਟਾ, 20 ਭੱਦਰਵਾਹ, 21 ਕਾਂਗੜਾ, 22 ਕਹਿਲੂਰ। ਇਨ੍ਹਾਂ ਵਿਚੋਂ ਅੰਕ 15 ਤੋਂ 20 ਤਕ ਦੀਆਂ ਰਿਆਸਤਾਂ ਮੌਜੂਦਾ ਜੰਮੂ ਕਸ਼ਮੀਰ ਰਾਜ ਵਿਚ ਹਨ ਤੇ ਬਾਕੀ ਦੀਆਂ ਹਿਮਾਚਲ ਪ੍ਰਦੇਸ਼ ਵਿਚ। ਗੁਰੂ ਸਾਹਿਬ ਦੇ ਸਮੇਂ ਕਹਿਲੂਰੀਆ ਰਾਜਾ ਭੀਮ ਚੰਦ ਤੇ ਉਸਦੇ ਪਿਛੋਂ ਉਸਦਾ ਪੁੱਤਰ ਅਜਮੇਰ ਚੰਦ ਇਨ੍ਹਾਂ ਸਾਮੰਤਾਂ ਦਾ ਮੁਖੀ ਹੁੰਦਾ ਸੀ। ਇਨ੍ਹਾਂ ਨੂੰ ਗੁਰੂ ਜੀ ਨੇ ਪੁਰ ਫਿਤਨ (ਫਸਾਦੀ) ਇਸ ਲਈ ਆਖਿਆ ਕਿਉਂਕਿ ਜਿਥੇ ਕਦੀ ਇਨ੍ਹਾਂ 'ਚੋਂ ਕੁਝ ਇਕ ਗੁਟ ਬਣਾਕੇ ਸਮੇਂ ਦੀ ਹਕੂਮਤ ਦੇ ਪੱਖੀ ਬਣਕੇ ਆਪਣੇ ਦੂਜੇ ਭਰਾਵਾਂ (ਰਾਜਿਆਂ) ਨਾਲ ਲੜਕੇ ਉਨ੍ਹਾਂ ਦੀ ਜੜ੍ਹ ਪੁੱਟਣ ਦੇ ਯਤਨ ਕਰਦੇ, ਜਿਸਦਾ ਜ਼ਿਕਰ ਗੁਰੂ ਸਾਹਿਬ ਨੇ ਗੁਲੇਰ ਯੁੱਧ ਵਿਚ ਕੀਤਾ ਹੈ, ਉਥੇ ਲੋੜ ਪੈਣ 'ਤੇ ਇਹ ਗੁਰੂ ਸਾਹਿਬ ਤੋਂ ਵੀ ਮਦਦ ਮੰਗਣੋਂ ਨਾ ਸੰਗਦੇ ਜਿਹਾ ਕਿ ਨਾਦੌਣ ਯੁੱਧ ਸਮੇਂ ਹੋਇਆ। ਕਦੀ ਇਹ ਸਾਰੇ ਰਲਕੇ ਗੁਰੂ ਵਿਰੁੱਧ ਚੜ੍ਹ ਪੈਂਦੇ ਜਿਸਦੀ ਮਿਸਾਲ ਭੰਗਾਣੀ ਯੁੱਧ ਹੈ। ਇਹੋ ਰਾਜੇ ਸ਼ਾਹੀ ਫ਼ੌਜਾਂ ਵੱਲੋਂ ਕਈ ਵਾਰ ਆਨੰਦਪੁਰ ਦੀਆਂ ਜੰਗਾਂ ਵਿਚ ਗੁਰੂ ਦੇ ਵਿਪੱਖੀ ਹੋ ਕੇ ਲੜੇ।

ਅਠਾਰ੍ਹਵੀਂ ਸਦੀ ਵਿਚ ਘੁਮੰਡ ਚੰਦ ਤੇ ਉਨ੍ਹੀਵੀਂ ਵਿਚ ਸੰਸਾਰ ਚੰਦ ਕਾਂਗੜੀਆ ਇਨ੍ਹਾਂ ਦਾ ਮੁਖੀ ਬਣਿਆ। ਇਹਨੇ ਆਪਣੇ ਦਰਬਾਰ ਦੇ ਬਾਈ ਦਰਵਾਜ਼ੇ ਬਣਵਾਏ ਜਿਨ੍ਹਾਂ ਵਿਚੋਂ ਇਕੱਲਾ ਇਕੱਲਾ ਰਈਸ ਆ ਕੇ, ਇਹਨੂੰ ਡੰਡੌਤ ਕਰਕੇ ਨਜ਼ਰ ਪੇਸ਼ ਕਰਦਾ। ਅਖੀਰ ਮਹਾਰਾਜਾ ਰਣਜੀਤ ਸਿੰਘ ਨੇ ਸੰਸਾਰ ਚੰਦ ਨੂੰ ਜਿੱਤ ਲਿਆ ਅਤੇ ਬਹੁਤ ਸਾਰੀਆਂ ਰਿਆਸਤਾਂ ਉਹਦੀਆਂ ਬਾਜਗੁਜ਼ਾਰ ਬਣ ਗਈਆਂ ਤੇ ਕੁਝ ਉਹਦੇ ਰਾਜ ਦਾ ਭਾਗ।

ਛੰਦਾਂ ਦੀ ਗਿਣਤੀ

ਆਮ ਮਨੌਤ ਅਨੁਸਾਰ ਜ਼ਫ਼ਰਨਾਮੇ ਦੇ ਛੰਦਾਂ ਦੀ ਗਿਣਤੀ 111 ਮੰਨੀ ਗਈ ਹੈ ਜਿਹਾ ਕਿ ਭਾਈ ਵੀਰ ਸਿੰਘ ਜੀ (ਕਲਗੀਧਰ ਚਮਤਕਾਰ), ਡਾ. ਗੰਡਾ ਸਿੰਘ (ਮਾਖਜ਼ੇ ਤਾਰੀਖੇ ਸਿਖਾ, ਜਿਲਦ ਅਵਲ) ਬੇਦੀ ਗੁਰਸ਼ਰਨ ਸਿੰਘ (Epistle of Victory), ਮੈਕਾਲਿਫ (ਸਿੱਖ ਰਿਲੀਜਨ), ਪ੍ਰੋਫੈਸਰ ਭਗਤ ਸਿੰਘ (ਰਾਸ਼ਟਰ ਵੀਰ) ਆਦਿ ਵਿਦਵਾਨ ਮੰਨਦੇ ਹਨ। ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਿਤ ਜ਼ਫ਼ਰਨਾਮੇ ਵਿਚ 112 ਛੰਦ ਹਨ। ਜਿਨ੍ਹਾਂ ਵਿਚ 4 ਅੰਤਲੇ ਸੰਸਕ੍ਰਿਤ ਭਾਸ਼ਾ ਵਿਚ ਹਨ ਪਰ ਇਨ੍ਹਾਂ ਦਾ ਅੰਤਲਾ ਚਰਨ ਫਾਰਸੀ ਵਿਚ ਹੀ ਹੈ:

ਅਗੰਜੋ ਅਭੰਜੋ ਅਰੂਪੋ ਅਰੇਖ। ਅਗਾਧੋ, ਅਬਾਧੋ, ਅਭਰਮੋ ਅਲੇਖ ॥੧੧੨॥
ਅਰਾਗੋ, ਅਰੂਪੋ, ਅਰੇਖੋ ਅਰੰਗ। ਅਜਨਮੋ, ਅਬਰਨੋ, ਅਭੂਤੋ ਅਭੰਗ ॥੧੧੩॥
ਅਛੇਦੋ ਅਭੇਦੋ ਅਕਰਮੋ ਅਕਾਮ। ਅਖੇਦੋ, ਅਭੇਦੋ, ਅਭਰਮੋ, ਅਭਾਮ ॥੧੧੪॥
ਅਰੇਖੋ ਅਭੇਖੋ ਅਲੇਖੋ ਅਭੰਗ। ਖੁਦਾਵੰਦ ਬਖਸ਼ਿੰਦਹੇ ਰੰਗ ਰੰਗ ॥੧੧੫॥

ਹਕਾਇਤਾਂ ਜ਼ਫ਼ਰਨਾਮੇ ਦਾ ਭਾਗ ਮੰਨਣ ਵਾਲੇ ਲਿਖਾਰੀਆਂ ਕਨਿੰਘਮ ਅਤੇ ਗੋਕਲ ਚੰਦ ਨਾਰੰਗ ਨੇ ਬੰਦਾਂ ਦੀ ਗਿਣਤੀ 866 ਦਿੱਤੀ ਹੈ। ਪ੍ਰੋਫ਼ੈਸਰ ਪਿਆਰਾ ਸਿੰਘ ਪਦਮ ਅਨੁਸਾਰ ਇਹ ਗਿਣਤੀ 861 ਤੇ ਡਾਕਟਰ ਤ੍ਰਿਲੋਚਨ ਸਿੰਘ ਅਨੁਸਾਰ 868 (ਜ਼ਫ਼ਰਨਾਮਾ 111 ਤੇ ਹਕਾਇਤਾਂ 747) ਹੈ।

ਭਾਈ ਕੇਸਰ ਸਿੰਘ ਛਿੱਬਰ ਕਰਤਾ ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਅਨੁਸਾਰ ਛੰਦਾਂ ਦੀ ਗਿਣਤੀ 'ਚੌਦਾਂ ਸੈ' ਹੈ:

ਓਥੋਂ ਸਾਹਿਬ ਕਾਂਗੜ ਨੂੰ ਕੂਚ ਕਰ ਗਏ।
ਉਥੇ ਬੈਂਤ ਚੌਦਾਂ ਸੈ ਉਚਰਤ ਭਏ।

ਇਸਦਾ ਅਰਥ ਡਾਕਟਰ ਸੀਤਲ ਸਿੰਘ ਚੌਦਾਂ ਸੌ ਦੀ ਬਜਾਇ ਇਕ ਸੌ ਚੌਦਾਂ ਕਰਦਾ ਹੈ ਜਿਵੇਂ ਇਕ ਸੌ ਇਕ ਨੂੰ ਇਕੋਤਰ ਸੌ ਆਖੀਦਾ ਹੈ। ਨਾਨਕ ਚੰਦ ਨਾਜ਼ ਨੇ ਆਪਣੇ ਮਜ਼ਮੂਨ ਉਰਦੂ ਤਰਜਮੇ ਵਿਚ ਫਤਹਨਾਮੇ (24 ਬੰਦ) ਨੂੰ ਜ਼ਫ਼ਰਨਾਮੇ (110) ਦਾ ਹਿੱਸਾ ਦਰਸਾ ਕੇ ਕੁਲ ਬੰਦ 134 ਦਿੱਤੇ ਹਨ। ਪਰ ਗੁਰਦਿਆਲ ਸਿੰਘ ਭੋਲਾ ਨੇ ਪਹਿਲਾਂ ਜ਼ਫ਼ਰਨਾਮੇ ਦੇ 114 ਫਾਰਸੀ ਤੇ 4 ਸੰਸਕ੍ਰਿਤ ਛੰਦ ਦੇ ਕੇ ਫਤਹਨਾਮੇ ਦੇ 24 ਛੰਦ ਪਿਛੋਂ ਦਿੱਤੇ ਹਨ।

"ਕਿਉਂਕਿ ਜਨਾਬ ਨਾਨਕ ਚੰਦ ਨਾਜ਼ ਮਰਹੂਮ ਅਤੇ ਬੀ. ਪੀ. ਐਲ. ਬੇਦੀ ਸਾਹਿਬ ਐਮ. ਏ. ਬੀ. ਏ. (ਔਕਸਨ) ਨੇ ਵੀ ਇਨ 24 ਅਸਆਰ ਕੋ ਜ਼ਫ਼ਰਨਾਮਹ ਦੀ ਦਾਸਤਾਨ ਅਵਲ ਕੇ 111 ਅਸ਼ਆਰ ਕੇ ਸਾਥ ਸ਼ਾਮਲ ਕਰ ਦੀਆ ਹੈ....ਬਿਆਨ ਕੀਆ ਜਾਤਾ ਹੈ ਕਿ ਫਤਹਨਾਮਹ ਕੇ ਤਹਿਤ ਭੀ 256 ਅਸ਼ਆਰ ਥੇ ਔਰ ਕਿ ਬਕਾਇਆ ਅਸ਼ਆਰ ਜ਼ਾਇਆ ਹੋ ਚੁਕੇ ਹੈਂ। ਜ਼ਫ਼ਰਨਾਮਾ ਕੇ ਸਾਥ ਜੋ ਦੀਗਰ ਗਿਆਰਹ ਮਜ਼ਮੂਨ ਹਕਾਇਆਤ ਬਜ਼ੁਬਾਨ ਫਾਰਸੀ ਸ਼ਾਮਲ ਹੈ ਔਰ ਜਿਨਕੋ ਅਕਸਰ ਮੁਵਰਖੈਨ ਜ਼ਫ਼ਰਨਾਮਹ ਕਾ ਹਿੱਸਾ ਖਿਆਲ ਕਰਤੇ ਹੈਂ, ਕੇ ਮਜ਼ਮੂਨ ਕਾ ਖੁਲਾਸਾ ਹਮ ਫਤਹਨਾਮਾ ਕੇ ਅਸ਼ਆਰ ਦਰਜ ਕਰਨੇ ਕੇ ਬਾਅਦ ਦੇਂਗੇ।"

ਭੋਲਾ ਨੇ ਨਾਜ਼ ਵਾਂਗ ਇਹ ਛੰਦ 'ਸ਼ਹਨਸ਼ਾਹ ਰਾ ਬੰਦਹ-ਇ-ਚਾਕਰੇਮ। ਅਗਰ ਹੁਕਮ ਆਇਦ ਬਜ਼ਾਂ ਹਾਜ਼ਰੇਮ' ਛੱਡ ਦਿੱਤਾ ਹੈ ਕਿਉਂਕਿ ਨਾਜ਼ ਇਹਨੂੰ ਆਪੇਖਕ ਛੰਦ ਦੱਸਦਾ ਹੈ। ਉਹ ਗੁਰੂ ਮਹਾਰਾਜ ਦਾ ਆਪਣੇ ਆਪ ਨੂੰ ਔਰੰਗਜ਼ੇਬ ਦਾ ਚਾਕਰ ਆਖਣਾ ਹਜ਼ੂਰ ਦੀ ਸ਼ਾਨ ਦੇ ਸਾਇਆ ਨਹੀਂ ਸਮਝਦਾ। ਪਰ ਭਾਈ ਵੀਰ ਸਿੰਘ ਜੀ ਅਨੁਸਾਰ ਇਸ ਛੰਦ ਵਿਚ

ਸ਼ਹਿਨਸ਼ਾਹ ਅਕਾਲ ਪੁਰਖ ਨੂੰ ਆਖਿਆ ਗਿਆ ਹੈ ਕਿਉਂਕਿ ਗੁਰੂ ਸਾਹਿਬ ਬਾਦਸ਼ਾਹ ਦੀ ਹਜ਼ੂਰੀ ਵਿਚ ਆਉਣੋਂ ਸਾਫ ਇਨਕਾਰ ਕਰਦੇ ਹਨ:

ਹਜ਼ੂਰੇ ਨਿਯਾਯਾਮ ਨ ਈਂ ਰਹਿ ਸ਼ਵਮ॥
ਅਗਰ ਸ਼ਹ ਬਖਾਹਦ ਮਨ ਆਂ ਜਾ ਰਵਮ॥੮੮॥

ਭੋਲਾ ਨੇ ਕੁਝ ਸ਼ੇਅਰ ਨਾਜ਼ ਦੇ ਮੱਤਨ ਤੋਂ ਵਾਧੂ ਦਿੱਤੇ ਹਨ, ਜਿਹਾ ਕਿ

(1) *ਦਿਹ ਖੁਸ਼ ਗੁਫ਼ਤ ਰਿਦੋਸੀ ਇ ਪਾਕ ਜਾਦ।*
ਕਿਹ ਰਹਮਤ ਬਰਾਂ ਤੁਰਬਤੇ ਪਾਕ ਬਾਦ।
(2) *ਮਿਆਜ਼ਾਰ ਮੌਰੇ ਕਿ ਦਾਨਾ ਕਸ਼ੱਸਤ।*
ਕਿਹ ਜਾ ਦਾਰਦੋ ਜਾਨੇ ਸੀਰੀਂ ਖੁਸ਼ੱਸਤ।
(3) *ਸਿਆਹ ਅੰਦਰੂ ਬਾਸ਼ਿੰਦੇ ਸੰਗ ਦਿਲ।*
ਕਿਹ ਖਾਹਦ ਕਿਹ ਮੇਰੇ ਸ਼ਵੱਦ ਤੰਗ ਦਿਲ।
(4) *ਮਜਨ ਬਰ ਸਰੇ ਨਾਤਵਾਂ ਦਸਤੇ ਜ਼ੋਰ।*
ਕਿਹ ਰੋਜ਼ੇ ਜ਼ੁਪਾਇਸ ਦਰ ਉਫਤੀ ਚੋ ਮੇਰ।

ਨਾਜ ਨੇ 'ਕੈ ਖੁਸਰੋ ਜਾਮੇ ਜਮ'[6] ਵਾਲੇ ਜਿਹੜੇ ਚਾਰ ਸ਼ੇਅਰ ਆਪਣੇ ਸੰਕਲਣ ਦੇ ਅੰਤਲੇ ਭਾਗ ਵਿਚ ਦਿੱਤੇ ਹਨ, ਉਹ ਭੋਲਾ ਅਨੁਸਾਰ ਕਈ ਲੇਖਕਾਂ ਨੇ ਫਤਹਨਾਮਾ ਦੇ ਅੰਤ ਵਿਚ ਦਿੱਤੇ ਹਨ। ਇਸ ਲਈ ਉਹਨੇ ਇਹ ਜ਼ਫ਼ਰਨਾਮੇ ਵਿਚ ਸ਼ਾਮਲ ਨਹੀਂ ਕੀਤੇ।

ਡਾ. ਗੰਡਾ ਸਿੰਘ ਅਤੇ ਨਾਜ਼ ਨੇ ਇਸ ਛੰਦ (ਕਿਹ ਅਜਬਸਤ ਅਜਬਸਤ ਫ਼ਤਵਾ ਸ਼ੁਮਾਂ। ਬਜੁਜ਼ ਰਾਸਤੀ ਸੁਖਨ ਗੁਫ਼ਤਨ ਜਿਆਂ) ਨੂੰ ਇਉਂ ਦਰੁਸਤ ਮੰਨਿਆ ਹੈ:

ਕਿਹ ਅਜਬਸਤ ਅਜਬਸਤ ਫਤਵਾ ਸ਼ੁਮਾ
ਬਜੁਜ਼ ਗਸਤੀ ਸੁਖ਼ਨ ਗੁਫਤਨ ਖਤਾ।

ਭੋਲਾ ਨੇ ਇਸਨੂੰ ਇਉਂ ਲਿਖਿਆ ਹੈ:

ਅਜਬਸਤ ਫਤਵਾਇ ਸ਼ਾਹੇ ਸ਼ਾਹਾਂ।
ਬਿਹ ਨਾਗਸਤੀ ਸੁਖਨ ਗੁਫ਼ਤਨਜਿਆਂ।

---

6. ਕੁਜਾ ਸ਼ਾਹੇ ਕੈਖੁਸਰੇ ਜਾਮੇ ਜਮ।
ਕੁਜਾ ਸਾਹੇ ਆਦਮ ਸਪੁਰਦੋ ਅਦਮ ਫਰੇਦੂੰ ਕੁਜਾ ਬਹਿਮਨ ਇਸਫੰਦਯਾਰ।
ਨਹ ਅਲਕਾਬੇ ਦਾਗਾ ਦਰਆਮਦ ਸ਼ੁਮਾਰ।
ਕੁਜਾ ਸ਼ਾਹੇ ਇਸਕੰਦਰੋ ਸ਼ੇਰਸ਼ਾਹ।
ਕਿ ਯਕ ਹਮ ਨਮਾਦ ਅਸਤ ਜ਼ਿੰਦਹ ਬਿਜਾਹ।
ਕੁਜਾ ਸ਼ਾਹੇ ਤੈਮੂਰੋ ਬਾਬਰ ਕੁਜ਼ਾਅਸਤ।
ਹਮਾਯੂੰ ਕੁਜਾ ਸ਼ਾਹ ਅਕਬਰ ਕੁਜਾ ਅਸਤ।

ਭਾਵ-ਸੰਸਾਰ ਦੀ ਨਾ ਸਮਾਨਤਾ ਦਰਸਾਉਣ ਲਈ ਔਰੰਗਜ਼ੇਬ ਨੂੰ ਪੁੱਛਦੇ ਹਨ ਕਿ ਈਰਾਨ ਦੇ ਵੱਡੇ ਵੱਡੇ ਤਾਜਦਾਰ ਕੈਖੁਸਰੋ, ਜਮਸ਼ੇਦ ਫਰੇਦੂੰ, ਇਸਫੰਦ ਯਾਰ ਅਤੇ ਦਾਰਾ (ਜਿਹਦੇ ਅਲਕਾਬ ਉਪਾਧੀਆਂ ਬੇਸ਼ੁਮਾਰ ਸਨ) ਕਿਥੇ ਹਨ ? ਦਾਰਾ ਨੂੰ ਮਾਰਨ ਵਾਲਾ ਸਿਕੰਦਰ ਵੀ ਨਾ ਰਿਹਾ। ਮੁਗਲਾਂ ਦੇ ਵਡੇਰੇ ਤੈਮੂਰ, ਬਾਬਰ ਨਾ ਰਹੇ ਤੇ ਨਾ ਹੀ ਅਕਬਰ ਤੇ ਉਹਦਾ ਪਿਤਾ ਹਮਾਯੂੰ ਜੋ ਸ਼ੇਰ ਸ਼ਾਹ ਤੋਂ ਭਾਂਜ ਖਾ ਕੇ ਫਾਰਸ ਦੇ ਸ਼ੀਆ ਧਰਮੀ ਬਾਦਸ਼ਾਹ ਦਾ ਸ਼ਰਨਯਾਚਕ ਹੋਇਆ ਜਿਸ ਸ਼ੀਆ ਫਿਰਕੇ ਤੋਂ ਔਰੰਗਜ਼ੇਬ ਨੂੰ ਨਫਰਤ ਸੀ।

ਜੋ ਵਧੇਰੇ ਠੀਕ ਜਾਪਦਾ ਹੈ।

ਇਸ ਸ਼ੇਅਰ **'ਯਕੇ ਅਸਪੇ ਸ਼ਾਇਸਤਹ-ਇ ਯੁਕ ਹਜ਼ਾਰ-ਬਿਆ ਤਾਂ ਬਗੀਰੀ ਜ਼ਿਮਨ ਦੀਹ ਦਿਆਰ'** ਦਾ ਭਾਵ ਭਾਈ ਵੀਰ ਸਿੰਘ ਜੀ ਅਨੁਸਾਰ ਇਹ ਹੈ ਕਿ ਬਾਦਸ਼ਾਹ ਦੀ ਸਲਤਨਤ ਦਾ ਇਹ ਭਾਗ (ਦੀਨਾ ਕਾਂਗੜ) ਬੈਰਾੜਾਂ ਅਧੀਨ ਆਜ਼ਾਦ ਹੋ ਚੁੱਕਾ ਹੈ। ਔਰੰਗਜ਼ੇਬ ਗੁਰੂ ਜੀ ਨੂੰ ਇਕ ਹਜ਼ਾਰ ਮੁੱਲ ਦਾ ਘੋੜਾ ਨਜ਼ਰ ਕਰੇ ਤੇ ਇਲਾਕਾ ਮੋੜ ਲਏ। ਨਾਜ਼ ਅਨੁਸਾਰ ਇਸਦਾ ਭਾਵ ਹੈ, 'ਮੇਰੇ ਪਾਸ ਏਕ ਹਜ਼ਾਰ ਮੇਂ ਸੇ ਚੁਨਾ ਹੋਇਆ ਏਕ ਘੋੜਾ ਹੈ। ਮੈਂ ਉਸੇ ਖੁੱਲ੍ਹਾ ਛੋੜੇ ਦੇਤਾ ਹੂੰ। ਤੁਮ ਮੇਂ ਹਿੰਮਤ ਹੈ ਤੋ ਉਸੇ ਪਕੜ ਤਾਕਿਹ ਮੈਂ ਤੁਝ ਸੇ ਜੰਗ ਕਰੂੰ। ਇਸ ਸ਼ੇਅਰ ਮੇਂ ਗੁਰੂ ਸਾਹਿਬ ਪੁਰਾਣੇ ਹਿੰਦੁਸਤਾਨ ਕੀ ਮਸ਼ਹੂਰ ਰਸਮ ਅਸ਼ਵਮੇਧ ਯਗ ਕੀ ਤਰਫ ਇਸ਼ਾਰਾ ਕਰਤੇ ਹੈਂ। ਪਰ ਭੋਲਾ ਸਾਹਿਬ ਭੋਲੇ ਭਾ ਸਾਦਾ ਪਰ ਮਨ ਲਗਦਾ ਤਰਜ਼ਮਾ ਕਰ ਦਿੰਦੇ ਹਨ:

ਨਜ਼ਰ ਏਕ ਘੋੜਾ ਹਜ਼ਾਰੋਂ ਮੇਂ ਬੇਸ।
ਕਰੇਂਗੇ ਬਵਕਤੇ ਮੁਲਾਕਾਤ ਪੇਸ਼।

ਕੀ ਜ਼ਫ਼ਰਨਾਮਾ ਖਤ ਨਹੀਂ ?

ਭੋਲਾ ਦੇ ਸ਼ਬਦਾਂ ਵਿਚ, ਸਿਕੰਦਰ ਨਾਮਾ, ਸ਼ਾਹਨਾਮਾ, ਜ਼ਫ਼ਰਨਾਮਾ, ਤੈਮੂਰ ਨਾਮਾ ਆਦਿ ਵਾਂਗ ਇਹ ਜ਼ਫ਼ਰਨਾਮਾ ਵੀ ਇਤਿਹਾਸ ਹੈ, ਖ਼ਤ ਨਹੀਂ[7] ਜਿਹਾ ਕਿ ਡਾ. ਮੋਹਨ ਸਿੰਘ ਦਾ ਮਤ ਹੈ ਕਿਉਂਕਿ ਜ਼ਫ਼ਰਨਾਮਾ ਦਾ ਔਰੰਗਜ਼ੇਬ ਤੱਕ ਪੁਜਣ ਦਾ ਕੋਈ ਤਾਰੀਖੀ ਸਬੂਤ ਨਹੀਂ ਮਿਲਦਾ। ਡਾਕਟਰ ਸਾਹਿਬ ਅਨੁਸਾਰ ਗੁਰ ਸੋਭਾ ਵਿਚ ਜੋ ਜ਼ਿਕਰ ਭਾਈ ਦਇਆ ਸਿੰਘ ਦੇ ਔਰੰਗਜ਼ੇਬ ਤਕ ਖ਼ਤ ਅਪੜਾਣ ਅਤੇ ਬਾਦਸ਼ਾਹ ਦੇ ਇਸ ਖ਼ਤ ਪ੍ਰਤੀ ਕਿਰਪਾ ਦ੍ਰਿਸ਼ਟੀ ਕਰਨ ਦਾ ਆਇਆ ਹੈ, ਉਹ ਲਗਵ ਤੇ ਫਰਜ਼ੀ ਅਫ਼ਸਾਨਾ ਹੈ। ਇਸ ਰਾਏ ਦੀ ਪੁਸ਼ਟੀ ਵਿਚ ਭੋਲਾ ਸਾਹਿਬ, ਹਾਸ਼ਮ ਖਾਂ, ਉਰਫ਼ ਖਾਫ਼ੀ ਖਾਂ ਦੀ ਮੁੰਤਿਖ ਬੁਲਲਬਾਬ ਔਰੰਗਜ਼ੇਬ ਦੇ ਦੱਖਣ ਕਿਆਮ

---

7. ਜ਼ਫ਼ਰਨਾਮਹ ਦਾ ਮਜ਼ਮੂਨ ਖ਼ਤ ਕੀ ਨੌਈਅਤ ਕਾ ਨਹੀਂ। ਇਸ ਕੇ ਪਹਿਲੇ ਹਿੱਸੇ ਕੇ ਸਾਥ ਗਿਆਰਹ ਦੀਗਰ ਹਕਾਇਤੇਂ ਜੋ ਕਿਹ ਜ਼ਿਆਦਾ ਤਰ ਬਦਮੁਆਸ਼ ਔਰਤੋਂ ਕੇ ਗ਼ੈਰ ਮੁਰਦੋਂ ਕੇ ਸਾਥ ਇਸ਼ਕ ਬਾਜ਼ੀ ਵ ਨੀਜ਼ ਇਨ ਕੇ ਮਕਰੋ ਫਰੇਬ ਪਰ ਮੁਨਹਸਰ ਹੈਂ, ਚਸਪਾਂ ਕੀ ਹੁਈ ਹੈ। ਜ਼ਫ਼ਰਨਾਮਹ ਕਾ ਉਨਵਾਨ ਵੀ ਹਕਾਇਤ ਅੱਵਲ (ਦਾਸਤਾਂ) ਕਾਇਮ ਕੀਆ ਗਿਆ ਹੈ ਔਰ ਹਰ ਹਕਾਇਤ ਕੇ ਆਖਿਰ ਮੇਂ ਸਾਕੀ ਨਾਮਹ ਕੇ ਦੋ ਬੈਂਤ ਲਿਖੇ ਮਿਲਤੇ ਹੈਂ, ਜਿਨਸੇ ਸਾਫ਼ ਤੌਰ ਪਰ ਇਨਕਾ ਬਾਹਮ ਤਾਅਲਕ ਕਾਇਮ ਰਖਨਾ ਮਕਸੂਦ ਹੈ।.....ਹਮਾਰਾ ਆਪਣਾ ਖਿਆਲ ਹੈ, ਕਿ ਜ਼ਫ਼ਰਨਾਮਹ ਖ਼ਤ ਨਹੀਂ ਬਲਕਿਹ ਉਹ ਏਕ ਮਨਜ਼ੂਮ ਤਾਰੀਖ਼ ਯਾ ਇਤਿਹਾਸ ਕੀ ਕਿਤਾਬ ਹੈ.....ਕਿਉਂਕਿ ਪਹਿਲੇ ਵੀ ਜ਼ਫ਼ਰਨਾਮਹ ਕੇ ਉਨਵਾਨ ਕੇ ਤਹਿਤ ਕਈ ਏਕ ਫਾਰਸੀ ਸ਼ੁਅਰਾ ਨੇ ਤਾਰੀਖ਼ੀ ਮਸਨਵੀਆਂ ਕਹੀ ਹੈਂ ਔਰ ਇਨਮੇਂ ਅਕਸਰ ਇਸੀ ਬਹਿਰ ਮੇਂ ਜੈਸਾ ਕਿ ਜ਼ਫਰਨਾਮਹ ਕਜਵੈਨੀ (ਮੌਲਾਨਾ ਹਮਦੁਲਾ) ਜ਼ਫ਼ਰਨਾਮਹ ਅਮੀਰ ਤੈਮੂਰ (ਸ਼ਰਫਦੀਨ ਅਤੇ ਦੂਜਾ ਮੌਲਾਨਾ ਅਬਦੁਲਾ ਹਾਤਫੀ) ਜ਼ਫ਼ਰਨਾਮਾ ਨੇ ਸ਼ੇਰ ਵਾਨੀ, ਗਸੂਲ ਵਿਜੈਪਾਤੀ (ਬੰਗਾਲੀ ਕ੍ਰਿਤ ਅਲਾਉਦੀਨ) ਜਫਰਨਾਮਾ ਰਣਜੀਤ ਸਿੰਘ (ਦੀਵਾਨ ਅਮਰ ਨਾਥ) ਅਤੇ ਦੂਜਾ ਅਹਿਮਦਯਾਰ, ਜੋ ਗਾਲਿਬਨ ਸਿੱਖ ਹਿਸਟਰੀ ਸੋਸਾਇਟੀ ਨੇ ਸ਼ਾਹਨਾਮਾ ਰਣਜੀਤ ਸਿੰਘ ਦੇ ਨਾਂ ਹੇਠ ਪ੍ਰਕਾਸ਼ਿਤ ਕੀਤਾ ਹੈ। ਜ਼ਫ਼ਰਨਾਮਾ ਸ਼ਾਹਜਹਾਂ ਆਦਿ,

ਤੇ ਚਾਨਣ ਪਾਉਂਦੀ 'ਵਕਾਏ ਨੇਅਮਤ ਅਲੀਖਾਂ', ਬਰਨੀਅਰ ਅਤੇ ਮਨੂਚੀਦੀਆ ਕ੍ਰਿਤਾਂ ਦੇ ਨਾਲ ਨਾਲ ਰੁਕਆਤ ਆਲਮਗੀਰੀ ਦਾ ਹਵਾਲਾ ਦਿੰਦੇ ਕਹਿੰਦੇ ਹਨ ਕਿ ਇਹਨਾਂ ਵਿਚੋਂ ਜ਼ਫ਼ਰਨਾਮੇ ਦੀ ਉਘ ਸੁੱਘ ਨਹੀਂ ਮਿਲਦੀ ਤੇ ਸਿੱਖ ਲਿਖਾਰੀ ਵੀ ਇਸ ਬਾਰੇ ਚੁੱਪ ਹਨ। (ਜ਼ਫ਼ਰਨਾਮਹ ਉਰਦੂ ਤਰਜ਼ਮਾ ਕ੍ਰਿਤ ਗੁਰਦਿਆਲ ਸਿੰਘ ਭੋਲਾ ਐਡਵੋਕੇਟ, ਅੰਮ੍ਰਿਤਸਰ ਹਾਲ ਮੁਕੀਮ ਦਿੱਲੀ-ਸਫਾ 26, 28, 29) ਜਦ ਕਿ ਉਹਨਾਂ ਨੇ ਜ਼ਫ਼ਰਨਾਮੇ ਦਾ ਮੂਲ (ਮੱਤਨ-Text) ਇਉਂ ਸ਼ੁਰੂ ਕੀਤਾ ਹੈ '੧ਓ ਵਾਹਿਗੁਰੂ ਜੀ ਕੀ ਫਤਹ। ਜ਼ਫ਼ਰਨਾਮਹ ਸ੍ਰੀ ਮੁਖਵਾਕ ਪਾਤਸ਼ਾਹੀ 10, ਮਖ਼ਤੂਤ ਮਿਨਜਾਨਬ ਸ੍ਰੀ ਕਲਗੀਧਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਤਰਫ਼ ਔਰੰਗਜ਼ੇਬ ਆਲਮਗੀਰ।

ਨਿਰਸੰਦੇਹ ਜ਼ਫ਼ਰਨਾਮਾ ਇਕ ਤਾਰੀਖੀ ਦਸਤਾਵੇਜ਼ ਹੈ ਪਰ ਇਹ ਨਿਰਾ ਇਤਿਹਾਸ ਨਹੀਂ। ਭਾਈ ਕਾਨ੍ਹ ਸਿੰਘ ਅਨੁਸਾਰ ਇਹ ਇਕ ਪਿਆਰ ਨਸੀਹਤ ਵੀ ਹੈ। ਜਿਵੇਂ ਗੁਰੂ ਗ੍ਰੰਥ ਸਾਹਿਬ ਵਿਚਲੀਆਂ ਵਾਰਾਂ, ਰਵਾਇਤੀ ਵਾਰਾਂ ਵਾਂਗ ਯੁੱਧ ਕਾਵਿ ਨਹੀਂ, ਇਸੇ ਤਰ੍ਹਾਂ ਅਗਾਂਹ ਵਧੂ ਸਾਹਿਤ ਦੇ ਸਿਰਜਨਹਾਰ, ਚੜ੍ਹਦੀ ਕਲਾ ਦੇ ਸੁਆਮੀ ਗੁਰੂ ਨੇ ਜੰਗੀ ਜ਼ਫ਼ਰ (ਤਫਹ) ਦੇ ਥਾਂ ਆਪਣੀ ਨੈਤਿਕ (ਇਖਲਾਕੀ) ਵਿਜੈ ਦਰਸਾਨ ਲਈ ਆਪਣੇ ਖਤ ਨੂੰ ਜ਼ਫ਼ਰਨਾਮਾ ਦੱਸਕੇ ਰਵਾਇਤ ਨੂੰ ਭੰਨਿਆ ਹੈ। ਸ਼ਾਇਦ ਖਤ-ਪੱਤਰਾਂ ਦੀ ਤਾਰੀਖ ਵਿਚ ਇਹ ਖਤ ਇਕੋ ਇਕ ਆਪਣੀ ਭਾਂਤ ਦਾ ਹੈ ਯਾ ਲਾਸਾਨੀ ਹੈ। ਤੇ ਅਜ ਤਕ ਕਿਸੇ ਨੇ ਖਤ ਨਾਲ ਕਹਾਣੀਆਂ ਨੂੰ ਜ਼ਮੀਮਾਂ ਬਣਾ ਕੇ ਨਹੀਂ ਭੇਜਿਆ। ਗੁਰੂ ਸਾਹਿਬ ਵਰਗੇ ਪੁਰਹੁਨਰ ਸਿੱਧ ਹਸਤ ਲਈ ਖਤ ਦਾ ਪਿੰਡਾ ਹੀ ਕਾਫ਼ੀ ਸੀ ਆਪਣਾ ਮੰਤਵ ਪੂਰਾ ਕਰਨ ਲਈ। ਹਕਾਇਤਾਂ ਖਤ ਦਾ ਭਾਗ ਨਹੀਂ। ਦਸਮ ਗ੍ਰੰਥ ਵਿਚ ਜ਼ਫ਼ਰਨਾਮੇ ਦੇ ਪਿਛੋਂ ਆਉਣ ਕਰਕੇ ਤੇ ਫ਼ਾਰਸੀ ਜ਼ੁਬਾਨ ਦੋਹਾਂ ਦੀ ਹੋਣ ਕਰਕੇ ਇਹਨਾਂ ਨੂੰ ਜ਼ਫ਼ਰਨਾਮੇ ਦਾ ਹਿੱਸਾ ਹੋਣ ਦਾ ਭੁਲੇਖਾ ਪਿਆ ਹੈ। ਚਿਰ ਹੋਇਆ ਸ੍. ਜੀ. ਬੀ. ਸਿੰਘ ਕਰਤਾ ਪ੍ਰਾਚੀਨ ਬੀੜਾਂ ਨੇ ਦੱਸਿਆ ਸੀ ਕਿ ਚਰਿੱਤਰੋ ਪਖਿਆਨ ਵਿਦਿਆਰਥੀ ਗੁਰੂ ਗੋਬਿੰਦ ਰਾਏ ਦੀਆਂ ਸੰਸਕ੍ਰਿਤ ਤੇ ਫ਼ਾਰਸੀ 'ਚੋਂ ਬ੍ਰਿਜ ਭਾਸ਼ਾ ਵਿਚ ਅਨੁਵਾਦ ਕਰਨ ਦੀਆਂ ਮਸ਼ਕਾਂ (Translation Excercises) ਹਨ। ਇਉਂ ਹਕਾਇਤਾਂ ਨੂੰ ਸੰਸਕ੍ਰਿਤ 'ਚੋਂ ਫਾਰਸੀ ਵਿਚ ਅਨੁਵਾਦ ਅਭਿਆਸ ਆਖਿਆ ਜਾ ਸਕਦਾ ਹੈ। ਜ਼ਫ਼ਰਨਾਮੇ ਵਿਚਲੇ ਤੱਤ ਦੀ ਇਨ੍ਹਾਂ ਹਕਾਇਤਾਂ ਵਿਚ ਮੁਸ਼ਕ ਵੀ ਨਹੀਂ ਮਿਲਦੀ।

ਇਹ ਖਤ ਔਰੰਗਜ਼ੇਬ ਤਕ ਪੁਜਣ ਦੀ ਗਵਾਹੀ ਅਹਿਕਾਮੇ ਆਲਮਗੀਰੀ ਕ੍ਰਿਤ ਮਿਰਜ਼ਾ ਇਨਾਇਤੁਲਾ ਖਾਂ ਇਸਮੀ 'ਚੋਂ ਮਿਲਦੀ ਹੈ, ਬਾਦਸ਼ਾਹ ਨੇ ਸ਼ਹਿਜ਼ਾਦਾ ਮੁਅੱਜ਼ਮ (ਸੂਬੇਦਾਰ ਪੰਜਾਬ, ਮੁਲਤਾਨ ਤੇ ਕਾਬੁਲ) ਦੇ ਦੀਵਾਨ ਤੇ ਨਾਇਬ ਸੂਬੇਦਾਰ ਲਾਹੌਰ ਮੁਨਇਮ ਖਾਂ ਨੂੰ ਹੁਕਮ ਦਿੱਤਾ:

'ਇਸ ਵੇਲੇ ਬਾਦਸ਼ਾਹ ਵਲੋਂ ਵਜ਼ੀਰ ਸਾਹਿਬ (ਮੁਨਇਮ ਖਾਂ) ਜੀ ਤੁਹਾਡੇ ਵਲ ਲਿਖਣ ਦੀ ਆਗਿਆ ਹੋਈ ਹੈ ਕਿ ਨਾਨਕ ਪੂਜਾਂ ਦੇ ਸਰਦਾਰ ਗੋਬਿੰਦ (ਸਿੰਘ) ਵਲੋਂ ਵਕੀਲ (ਭਾਵ ਭਾਈ ਦਇਆ ਸਿੰਘ ਤੋਂ ਹੈ) ਰਾਹੀਂ ਬਾਦਸ਼ਾਹੀ ਦਰਬਾਰ ਵਿਚ ਹਾਜ਼ਰ ਹੋਣ ਦੇ ਇਰਾਦੇ ਅਰ ਸ਼ਾਹੀ ਫੁਰਮਾਨ ਪ੍ਰਾਪਤ ਕਰਨ ਦੀ ਇੱਛਾ ਬਾਰੇ ਅਰਜ਼ਦਾਸ਼ਤ ਪਹੁੰਚੀ ਸੀ। ਬਾਦਸ਼ਾਹ ਨੇ ਫੁਰਮਾਨ ਜਾਰੀ ਕਰਕੇ ਉਨ੍ਹਾਂ ਨੂੰ ਸਨਮਾਨ ਬਖਸ਼ਿਆ ਹੈ (ਮੁਹੰਮਦ ਬੇਗ) ਗੁਰਜ ਬਰਦਾਰ ਤੇ ਮੁਹੰਮਦ ਯਾਰ ਮਨਸਬਦਾਰ-ਜੋ ਫ਼ੁਰਮਾਨ ਲੈ ਕੇ ਆ ਰਹੇ ਹਨ, ਨੂੰ ਇਹ ਹਸਬੁਲ ਹੁਕਮ ਆਪ

ਜੀ ਤਕ ਪਹੁੰਚਾਣ ਦੀ ਆਗਿਆ ਕੀਤੀ ਗਈ ਹੈ। ਆਪ ਨੂੰ ਚਾਹੀਦਾ ਹੈ ਕਿ ਉਸ (ਗੁਰੂ) ਨੂੰ ਦਿਲਾਸਾ ਤੇ ਤਸੱਲਾ ਦੇ ਕੇ ਆਪਣੇ ਪਾਸ ਸੱਦੋ।....ਅਰ ਫੁਰਮਾਨ ਪਹੁੰਚਣ ਤੋਂ ਬਾਅਦ ਪਰਜਾ ਦੀ ਰੌਂਸੇ, ਨਾਲ ਦੇ ਕੇ ਉਨ੍ਹਾਂ (ਗੁਰੂ ਜੀ) ਨੂੰ ਬਾਦਸ਼ਾਹ ਦੇ ਹਜ਼ੂਰ ਪਹੁੰਚਾਓ। ਇਸ ਸਬੰਧ ਵਿਚ ਬਾਦਸ਼ਾਹ ਵਲੋਂ ਅਤਿਅੰਤ ਤਾਕੀਦ ਸਮਝਣੀ।'

ਇਸ ਮੌਕੇ ਨਵਾਬ ਵਜ਼ੀਰ ਖਾਂ ਫੌਜਦਾਰ ਸਰਹੰਦ ਵਲ ਲਿਖੇ ਇਕ ਹੁਕਮ (ਜੋ ਅਹਕਾਮੇ ਆਲਮਗੀਰੀ ਵਿਚ ਮੌਜੂਦ ਹੈ) ਵਿਚ ਭੀ ਸਤਿਗੁਰਾਂ ਦੇ ਖਤ ਪੱਤਰ ਦੇ ਫਲਸਰੂਪ ਸ਼ਾਹੀ ਫਰਮਾਨ ਜਾਰੀ ਹੋਣ ਦਾ ਜ਼ਿਕਰ ਮਿਲਦਾ ਹੈ (ਦੇਖੋ ਮਾਖਜ਼ੇ ਤਾਰੀਖੇ ਸਿੱਖਾਂ, ਜਿਲਦ ਅਵੱਲ)। ਇਨ੍ਹਾਂ ਪਰਾਚੀਨ ਤੇ ਮੌਕੇ ਦੀਆਂ ਲਿਖਤਾਂ ਤੋਂ ਸਾਫ਼ ਸਿੱਧ ਹੋ ਜਾਂਦਾ ਹੈ ਕਿ ਗੁਰੂ ਜੀ ਨੇ ਗਿਣੀ ਮਿਥੀ ਵਿਉਂਤ ਅਨੁਸਾਰ ਆਨੰਦਪੁਰ ਛੱਡਿਆ ਤੇ ਬਾਦਸ਼ਾਹ ਵਲੋਂ ਮੁਲਾਕਾਤ ਦਾ ਸੱਦਾ ਉਡੀਕਣ ਹਿੱਤ ਦੀਨੇ ਕਾਂਗੜ ਆਏ ਸਨ। ਪਰ ਬੇਈਮਾਨ ਤੇ ਬਚਨਾਂ ਦੇ ਕੱਚੇ ਘੇਰਾ ਘੱਤੂਆਂ ਦੀਆਂ ਕਰਤੂਤਾਂ ਦੀ ਹਕੀਕਤ ਅਰ ਆਪਣੀ ਸਹੀ ਪੋਜ਼ੀਸ਼ਨ ਬਾਦਸ਼ਾਹ ਦੇ ਕੰਨਾਂ ਤੱਕ ਪਹੁੰਚਾਣ ਵਾਸਤੇ ਆਪ ਨੇ ਜ਼ਫ਼ਰਨਾਮਾ ਲਿਖਿਆ ਅਤੇ ਮੁਲਾਕਾਤ ਦਾ ਮੌਕਾ ਮੰਗਿਆ ਸੀ।

ਉਤੇ ਦਿੱਤੇ ਹਵਾਲਿਆਂ ਤੋਂ ਇਸ ਰਚਨਾ ਦੀ ਤਾਰੀਖ ਮੁਕਤਸਰ ਯੁੱਧ (ਸੰਮਤ 1763, ਵੈਸਾਖ 21) ਤੋਂ ਬਾਦ ਜੇਠ ਹਾੜ ਵਿਚ ਹੀ ਮੰਨੀ ਜਾ ਸਕਦੀ ਹੈ।[8] ਪਰ ਕੁਝ ਸਾਖੀ ਲੇਖਕਾਂ ਦੇ ਖਿਆਲ ਅਨੁਸਾਰ ਇਹ ਗੱਲ ਮੁਕਤਸਰ ਜੰਗ ਤੋਂ ਪਹਿਲਾਂ ਦੀਨੇ ਕਾਂਗੜ ਬਿਰਾਜਨ ਸਮੇਂ ਦੀ ਹੈ। ਉਸ ਡੇਰੇ ਤੋਂ ਚੋਲ੍ਹੇ ਦੀ ਸੰਗਤ ਦੇ ਨਾਮ ਲਿਖਿਆ ਇਕ ਹੁਕਮਨਾਮਾ ਲੱਭਾ ਹੈ ਜਿਸ ਵਿਚ ਸਿੱਖਾਂ ਨੂੰ ਹਥਿਆਰ ਬੰਨ੍ਹ ਕੇ ਹਜ਼ੂਰ ਆਉਣ ਦਾ ਹੁਕਮ ਹੈ। ਇਸ ਤੋਂ ਮੁਕਤਸਰ ਯੁੱਧ ਦੀਆਂ ਤਿਆਰੀਆਂ ਦੇ ਅਨੁਮਾਨ ਲਗ ਸਕਦੇ ਹਨ। ਹੁਕਮਨਾਮਾ ਲਿਖਣ ਦੀ ਤਾਰੀਖ ਸੰਮਤ 1762 ਮਿਤੀ ਚੇਤਰ 6 ਪਈ ਹੋਈ ਹੈ। ਇਸ ਤਰ੍ਹਾਂ ਜ਼ਫ਼ਰਨਾਮੇ ਦੀ ਉਮਰ ਦੋ ਕੁ ਮਹੀਨੇ

---

8. ਟੂਕ 4 ਵਿਚ ਦਿੱਤੇ ਹਵਾਲਿਆਂ ਤੋਂ ਜ਼ਾਹਰ ਹੈ ਕਿ ਲਿਖਾਰੀ ਕਿਵੇਂ ਇਕ ਦੂਜੇ ਦੀਆਂ ਲਿਖਤਾਂ ਨੂੰ ਕੱਟਦੇ ਹਨ ਤੇ ਉਹ ਕੇਵਲ ਇਸ ਗੱਲ 'ਤੇ ਸਹਿਮਤ ਹਨ ਕਿ ਜ਼ਫ਼ਰਨਾਮਾ ਬਾਦਸ਼ਾਹ ਦਾ ਸੱਦਾ ਲਿਆਉਣ ਵਾਲੇ ਏਲਚੀ ਦੇ ਆਉਣ ਉਤੇ ਲਿਖਿਆ ਗਿਆ, ਲਤੀਫ ਕਹਿੰਦਾ ਹੈ ਕਿ ਓਦੋਂ ਗੁਰੂ ਸਾਹਿਬ ਆਨੰਦਪੁਰ ਸੁਖੀ ਸਾਦੀਂ ਵਸਦੇ ਸਨ। ਗੋਕਲ ਚੰਦ ਨਾਰੰਗ ਅਨੁਸਾਰ ਇਕ ਖਤ ਆਪ ਨੂੰ ਦਮਦਮੇ ਸਾਹਿਬ ਪੁੱਜਾ ਜਿਸ ਵਿਚ ਹਜ਼ੂਰ ਨੂੰ ਦਿੱਲੀ ਸੱਦਿਆ ਗਿਆ ਸੀ ਤੇ ਉਸਦੇ ਉਤਰ ਵਿਚ ਆਪ ਨੇ ਜ਼ਫ਼ਰਨਾਮਾ ਲਿਖਿਆ। ਸੈਨਾਪਤੀ ਵੀ ਜ਼ਫ਼ਰਨਾਮਾ ਲਿਖਣ ਦਾ ਸਮਾਂ ਮੁਕਤਸਰ ਯੁੱਧ ਪਿਛੋਂ ਹੀ ਦੱਸਦੇ ਹਨ ਕਿ ਇਸ ਯੁੱਧ ਦੀ ਹਕੀਕਤ ਲਿਖ ਕੇ ਬਾਦਸ਼ਾਹ ਨੂੰ ਉਹਦੇ ਅਹਿਲਕਾਰਾਂ ਦੀ ਬਦਨੀਤੀ ਤੋਂ ਜਾਣੂ ਕੀਤਾ ਪਰ ਹਕੀਕਤ ਉਹ ਹੈ ਜੋ ਸ: ਰਣਧੀਰ ਸਿੰਘ, 'ਕੁਝ ਸਾਖੀ ਲੇਖਕਾਂ ਦੇ ਖਿਆਲ' ਦਾ ਪ੍ਰਗਟਾ ਕਰਦੇ ਦੱਸਦੇ ਹਨ ਕਿ ਜ਼ਫ਼ਰਨਾਮਾ ਦੀਨੇ ਹੀ ਲਿਖਿਆ ਗਿਆ। ਦਮਦਮੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਦੋਬਾਰਾ ਬੀੜ ਬੰਨ੍ਹੀ ਗਈ ਅਤੇ ਜ਼ਫ਼ਰਨਾਮੇ ਦਾ ਉੱਤਰ ਉਡੀਕਿਆ ਗਿਆ। ਪ੍ਰਤੀਤ ਹੁੰਦਾ ਹੈ ਕਿ ਮੁਨਾਇਮ ਖਾਂ ਨੇ ਯਾ ਤਾਂ ਸਾਹਿਬ ਨੂੰ ਆਪਣੇ ਕੋਲ ਲਾਹੌਰ ਸੱਦਿਆ ਨਹੀਂ ਜਾਂ ਗੁਰੂ ਸਾਹਿਬ ਉਹਦੇ ਕੋਲ ਗਏ ਨਹੀਂ ਸਗੋਂ ਮੁਨਾਇਮ ਖਾਂ ਦੇ ਆਖੇ ਜਾ ਆਪਣੇ ਹੁਦਰ 'ਤੇ ਸਿੱਧੇ ਦੱਖਣ ਵਲ ਤੁਰ ਪਏ।

ਹੋਰ ਵਧ ਜਾਂਦੀ ਹੈ।(ਦਸਵੇਂ ਪਾਤਸ਼ਾਹ ਦੇ ਗ੍ਰੰਥ ਦਾ ਇਤਿਹਾਸ ਰਚਿਤ ਭਾਈ ਰਣਧੀਰ ਸਿੰਘ ਰੀਸਰਚ ਸਕਾਲਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ)

ਮੁਲਾਕਾਤ ਮੰਗਣ ਦਾ ਜ਼ਿਕਰ 'ਗੁਰ ਸੋਭਾ' ਦੇ ਕਰਤਾ ਸੈਨਾਪਤੀ ਵੀ ਕਰਦੇ ਹਨ:

ਤਾਂ ਮੈਂ ਲੀਲਾ ਲਿਖੀ ਅਪਾਰਾ, ਭਾਂਤਿ ਭਾਂਤਿ ਸੋਂ ਸਾਨ ਬਿਚਾਰਾ
ਤਾਕੀ ਤਨਕ ਭਿਨਕ ਇਮ ਕਹੀ, ਸਰਬ ਕਥਾ ਕੀ ਮਿਤ ਨਹੀਂ ਲਹੀ।੩੬।੫੭੯।
ਸ਼ਾਹ ਔਰੰਗ ਕੋ ਲੇਖਾ ਇਹ ਭਾਂਤ ਸੋਂ, ਚਾਹਤਾ ਆਪ ਤੁਹਿ ਪਾਸ ਆਯੋ।
ਕੌਲ ਬਿਕੌਲ ਸਭ ਲੋਗ ਤੇਰੇ ਭਏ, ਜੰਗ ਕੇ ਭੇਦ ਐਸੇ ਬਤਾਯੋ॥

ਇਸਦੀ ਪੁਸ਼ਟੀ ਅਜੋਕੇ ਸਿੱਖ ਇਤਿਹਾਸਕਾਰ ਪ੍ਰਿੰ: ਤੇਜਾ ਸਿੰਘ, ਡਾ. ਗੰਡਾ ਸਿੰਘ ਕਰਦੇ ਹਨ।

'The Ahkam-i-Alamgir of Inayatulla also refers to a representation made by the Guru for an interview with the Emperor, but makes no mention of the promise to accept Islam (as observed by Irvine on the assertion of the Mohammedan authors). The petition itself was the 'Zafarnama' sent from Dina in Persian verse which on persual would show that it was in reply to some letter received from Aurangzeb (see verse 53-54) and that far from being a petition it was a letter of remonstrance (See Cunningham p. 80).......The message seems to have softened the heart of the aged monarch who invited the Guru to come to see him. (A Short History of the Sikhs, Page 76)

ਉਪਰਲੀ ਬਹਿਸ ਤੋਂ ਇਹ ਗੱਲ ਨਿਖਰਦੀ ਹੈ ਕਿ ਜ਼ਫ਼ਰਨਾਮੇ ਨੂੰ ਜੋ ਹਕੀਕਤਨ ਔਰੰਗਜ਼ੇਬ ਵੱਲ ਲਿਖਿਆ ਖ਼ਤ ਤੇ ਕੇਵਲ ਇੱਕ ਖ਼ਤ ਸੀ, ਸਰਕਾਰੀ ਹਲਕਿਆਂ ਵਿਚ ਅਰਜ਼ ਦਾਸ਼ਤ ਕਹਿ ਕੇ ਧੁਮਾ ਦਿੱਤਾ ਗਿਆ, ਇਥੋਂ ਤੱਕ ਕਿ ਗੁਰੂ ਇਸਲਾਮ ਕਬੂਲ ਕਰਨ ਨੂੰ ਵੀ ਤਿਆਰ ਹੈ, ਜਿਹਾ ਕਿ ਲੇਟਰ ਮੁਗਲਜ਼ ਦਾ ਕਰਤਾ ਇਰਵਿਨ ਕਿਸੇ ਮੁਸਲਮਾਨੀ ਲਿਖਤ 'ਤੇ ਆਧਾਰਿਤ ਆਪਣਾ ਮਤਿ ਵਿਅਕਤ ਕਰਦਾ ਹੈ। ਇਸ ਨਾਲ ਸੈਨਾਪਤੀ ਵਰਗੇ ਲਿਖਾਰੀਆਂ ਨੂੰ ਵੀ ਗੁਰੂ ਜੀ ਦੇ ਖ਼ੁਦ ਮੁਲਾਕਾਤ ਮੰਗਣ ਦਾ ਭੁਲੇਖਾ ਪਿਆ ਹੈ, ਹਾਲਾਂਕਿ ਜ਼ਫ਼ਰਨਾਮੇ ਦੇ ਮਿਲਦੇ ਕਿਸੇ ਨੁਸਖੇ ਵਿਚ ਇਸਦੀ ਮੁਸ਼ਕ ਵੀ ਨਹੀਂ, ਸਗੋਂ ਬਾਦਸ਼ਾਹ ਨੂੰ ਹੀ ਕਾਂਗੜ ਆ ਕੇ ਮੁਲਾਕਾਤ ਕਰਨ ਦਾ ਸੱਦਾ ਦਿੱਤਾ ਗਿਆ ਹੈ। ਇਸ ਨੂੰ ਹੀ ਸਰਕਾਰੀ ਅਹਿਲਕਾਰਾਂ ਨੇ ਮੁਲਾਕਾਤ ਮੰਗਣ ਦੀ ਸ਼ਕਲ ਵਿਚ ਪੇਸ਼ ਕਰ ਦਿੱਤਾ। ਹੋ ਸਕਦਾ ਹੈ ਨਕਲ ਦਰ ਨਕਲ ਨੁਸਖਿਆਂ ਵਿਚ ਉਨ੍ਹਾਂ ਦੇ ਬਾਦਸ਼ਾਹ ਦੇ ਹਜ਼ੂਰ ਜਾਣੋ ਸਾਫ ਇਨਕਾਰ ਕਰਦੇ ਸ਼ੇਅਰ (ਹਜ਼ੂਰੀ ਨਿਆਇਮ) ਦੇ ਹੁੰਦਿਆਂ ਸੁੰਦਿਆਂ 'ਸ਼ਹਿਨਸ਼ਾਹਰਾ ਬੰਦਹਇ ਚਾਕਰੇਮ' ਵਾਲਾ ਸ਼ੇਅਰ ਦਾਖਲ ਕਰ ਦਿਤਾ ਗਿਆ। ਇਸਲਾਮੀ ਹਕੂਮਤ ਦੇ ਪੱਖੀਆਂ ਦੀ ਇਹ ਜ਼ਹਨੀਅਤ ਸਈਅਦ ਮੁਹੰਮਦ ਲਤੀਫ ਦੀ ਲਿਖਤ 'ਚੋਂ ਪ੍ਰਤੱਖ ਹੈ ਜਦ ਉਹ ਸ਼ਾਹੀ ਫ਼ੁਰਮਾਨ ਆਉਣ 'ਤੇ ਗੁਰੂ ਸਾਹਿਬ ਨੂੰ ਉਹ ਫੁਰਮਾਨ ਚੁੰਮਦੇ, ਸਿਰ ਅੱਖਾਂ 'ਤੇ ਧਰਦੇ ਪ੍ਰਗਟ ਕਰਦਾ ਹੈ ਅਤੇ ਜ਼ਫ਼ਰਨਾਮੇ ਨੂੰ ਇਕ ਮਹਜ਼ਰਨਾਮੇ ਦੀ ਸ਼ਕਲ ਦਿੰਦਾ ਹੈ।

ਕੀ ਮੌਜੂਦਾ ਜ਼ਫ਼ਰਨਾਮਾ ਗੁਰੂ ਕ੍ਰਿਤ ਨਹੀਂ ?

ਪ੍ਰੋ: ਇੰਦੂ ਭੂਸ਼ਨ ਬੈਨਰਜੀ ਨੇ ਇਹ ਭਰਮ ਪਾਇਆ ਕਿ ਜੋ ਖ਼ਤ ਗੁਰੂ ਸਾਹਿਬ ਨੇ ਭੇਜਿਆ ਉਹ ਰਵਾਜ ਅਨੁਸਾਰ ਗਦ ਵਿਚ ਸੀ ਨਾ ਕਿ ਪਦ ਵਿਚ। ਉਸ ਅਸਲੀ ਚਿੱਠੀ ਨੂੰ ਕਿਸੇ ਕਵੀ ਨੇ ਛੰਦ ਬੱਧ ਕਰਕੇ ਨਾਟਕੀ ਰੂਪ ਦਿੱਤਾ ਹੋਵੇਗਾ। ਮੌਜੂਦਾ ਜ਼ਫ਼ਰਨਾਮਾ ਉਹ ਅਸਲੀ ਖਤ ਨਹੀਂ ਜੋ ਗੁਰੂ ਸਾਹਿਬ ਨੇ ਲਿਖਿਆ ਅਤੇ ਬਾਦਸ਼ਾਹ ਨੂੰ ਪੁੱਜਾ। ਇਸ ਮਤਿ ਨਾਲ ਸਹਿਮਤ ਹੁੰਦਿਆਂ ਪ੍ਰੋ: ਗੁਰਬਚਨ ਸਿੰਘ ਤਾਲਿਬ ਲਿਖਦੇ ਹਨ: 'ਬੈਨਰਜੀ ਦਾ ਮਤਿ ਇਤਿਹਾਸ ਅਤੇ ਸ਼ੈਲੀ ਦੀ ਪੱਖੋਂ ਵਜ਼ਨਦਾਰ ਅਤੇ ਮੰਨਣਯੋਗ ਹੈ, ਉਨ੍ਹਾਂ ਸਮਿਆਂ ਵਿਚ ਦਫ਼ਤਰੀ ਅਤੇ ਸਿਆਸੀ ਖਤੋਖਤਾਬਤ ਗਦ ਵਿਚ ਹੁੰਦੀ ਸੀ, ਲਿਖਣ ਢੰਗ ਅਲੰਕਾਰ ਅਤੇ ਆਦਰ-ਯੁਕਤ ਹੁੰਦਾ ਸੀ। ਛੰਦ ਦੀ ਵਰਤੋਂ ਆਕੀਪੁਣਾ ਯਾਚਨਾ ਅਤੇ ਪਰੇਮ ਪ੍ਰਗਟਾ ਕਰਦੇ ਖਤਾਂ ਨੂੰ ਨਾਟਕੀਅਤਾ ਪ੍ਰਦਾਨ ਕਰਨ ਅਤੇ ਉਸ ਨੂੰ ਘੱਟ ਨਾਵਲੀ ਦਾ ਰੂਪ ਦੇਣ ਸਮੇਂ ਹੀ ਕੀਤੀ ਜਾਂਦੀ ਸੀ, ਜਿਸ ਦੀਆਂ ਮਿਸਾਲਾਂ ਫਿਰਦੌਸੀ ਦੇ ਸ਼ਾਹਨਾਮੇ ਅਤੇ ਸਿਕੰਦਰ ਨਾਮੇ ਵਿਚ ਮਿਲਦੀਆਂ ਹਨ.....ਇਹ ਮੰਨਣਾ ਜ਼ਰਾ ਕਠਿਨ ਹੈ ਕਿ ਸਮੇਂ ਦੇ ਸਿੰਘਾਸਨਾਰੂੜ ਸਮਰਾਟ ਨੂੰ ਇਕ ਸੰਜੀਦਾ ਖ਼ਤ, ਜਿਸ ਵਿਚ ਸਾਹਿਬਜ਼ਾਦਿਆਂ ਦੇ ਕਤਲ ਅਤੇ ਅਨੰਦਪੁਰੋਂ ਗੁਰੂ ਦੇ ਸਹੀ ਸਲਾਮਤ ਨਿਕਲ ਜਾਣ ਦੇਣ ਦੇ ਇਕਰਾਰ ਤੋੜਨ ਦੇ ਸੰਗੀਨ ਜੁਰਮਾਂ ਦੀ ਸ਼ਕਾਇਤ ਕੀਤੀ ਗਈ ਹੋਵੇ, ਦਰਬਾਰੀ ਰੀਤੀ ਰਿਵਾਜ ਦੇ ਉਲਟ ਲਿਖਿਆ ਗਿਆ। ਗੁਰੂ ਸਾਹਿਬ ਕੋਲ ਕਈ ਫ਼ਾਰਸੀ ਵਿਦਵਾਨ ਤੇ ਕਵੀ ਸਨ ਜਿਨ੍ਹਾਂ ਵਿਚ ਮੁਗਲ ਦਰਬਾਰ ਨਾਲ ਸੰਪ੍ਰਕ ਰੱਖਣ ਅਤੇ ਗੁਰੂ ਸਾਹਿਬ ਨੂੰ ਸਲਾਹ ਮਸ਼ਵਰਾ ਦੇਣ ਅਤੇ ਖਤੋਖਤਾਬਤ ਕਰਨ ਵਾਲੇ ਭਾਈ ਨੰਦ ਲਾਲ ਵੀ ਸਨ। ਅਜਿਹੇ ਵਿਦਵਾਨਾਂ ਨੂੰ ਸ਼ਾਹੀ ਅਦਬ ਆਦਾਬ ਤੋਂ ਅਨਭਿਜ ਸਮਝਣਾ ਨਿਆਏਯੁਕਤ ਨਹੀਂ.....ਜ਼ਫ਼ਰਨਾਮਾ ਮਸਨਵੀ ਭਾਂਤ ਦੇ ਮਹਾਂ ਕਾਵਾਂ ਵਿਚਲੇ ਪੱਤਰਾਂ ਦੇ ਮੂੰਹ ਮੁਹਾਂਦਰੇ ਦਾ ਧਾਰਨੀ ਹੈ। ਆਦਿ ਵਿਚ ਪਰਮੇਸ਼ਰ ਵਿਚ ਵਿਸ਼ਵਾਸ-ਗੁਰੂ ਗੋਬਿੰਦ ਸਿੰਘ ਨੇ ਕਲਪਿਤ ਈਸ਼ਵਰ ਵਿਚ ਵਿਸ਼ਵਾਸ ਦ੍ਰਿੜ੍ਹਾਇਆ ਹੈ। ਮੱਧ ਵਿਚ ਹੈ ਦਾਸਤਾਨ (ਇਹ ਸਿਰਲੇਖ ਨਿਰਸੰਸੇ ਕਵਿਤਿਆਉਣ ਵਾਲੇ ਕਵੀ ਨੇ ਦਿੱਤਾ ਹੈ) ਜਿਸ ਵਿਚ ਗੁਰੂ ਬਾਦਸ਼ਾਹ ਉਤੇ ਕਰੜੇ ਸ਼ਬਦਾਂ ਵਿਚ ਦੂਸ਼ਨ ਲਾਉਂਦੇ ਹਨ....ਫੇਰ ਵਿਰੋਧ ਅਤੇ ਯੁੱਧ ਕਰਨ ਦੇ ਦ੍ਰਿੜ ਸੰਕਲਪ ਦਾ ਉਲੇਖ ਹੈ, ਇਸ ਪ੍ਰਸਿੱਧ ਛੰਦ ਵਿਚ ਜੋ ਸਾਅਦੀ ਦੀ ਗੁਲਿਸਤਾ 'ਚੋਂ ਲਿਆ ਗਿਆ ਹੈ:[9]

'ਚੂੰ ਕਾਰ ਅਜ ਹਮਹ ਹੀਲਤੇ ਦਰ ਗੁਜ਼ਸ਼ਤ। ਹਲਾਲ ਅਸਤ ਬੁਰਦਨ ਬਸ਼ਮਸ਼ੇਰ ਦਸਤ।' ਅੰਤ ਵਿਚ ਬਾਦਸ਼ਾਹ ਦੀ ਰਵਾਇਤੀ ਉਪਮਾ ਹੈ ਜੋ ਦਾਸਤਾਨ ਵਿਚਲੀ ਬਾਦਸ਼ਾਹ ਦੀ ਨਿਖੇਧੀ ਕਰਦੇ ਛੰਦਾਂ ਨਾਲ ਮੇਲ ਨਹੀਂ ਖਾਂਦੀ।

ਇਕ ਹੋਰ ਨਵੀਂ ਲੱਭਤ ਸਾਢੇ ਇੱਕੀ ਸ਼ੇਅਰਾਂ ਦੀ ਲਿਖਤ ਫਤਿਹ ਨਾਮਾ ਹੈ। ਇਸਦਾ ਬਹਿਰ ਵੀ ਜ਼ਫ਼ਰਨਾਮੇ ਵਾਲਾ ਹੈ। ਕੇਵਲ ਇਸਦਾ ਲਹਿਜਾ ਬਲਵਾਨ ਅਤੇ ਸਾਹਿਤਕ

---

9. ਪ੍ਰੋ: ਪਦਮ ਇਹ ਸ਼ੇਅਰ ਬੋਸਤਾਂ 'ਚੋਂ ਸੋਧ ਕੇ ਲਿਆ ਗਿਆ ਮੰਨਦੇ ਹਨ: ਅਸਲ ਸ਼ੇਅਰ ਇਸ ਪ੍ਰਕਾਰ ਦੱਸਿਆ ਗਿਆ ਹੈ:

ਚੂੰ ਦਸਤ ਅਜ ਹਮਹ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਦਸਸ਼ਮਰੇ ਦਸਤ।

(ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਦੇ ਪੰਜਾਬੀ ਬੁਲਿਟਨ 'ਪਰਖ' ਦਾ ਗੁਰੂ ਗੋਬਿੰਦ ਸਿੰਘ ਅੰਕ, ਸਫ਼ਾ 205)

ਪੱਧਰ ਉਚੇਰੀ, ਜ਼ਫ਼ਰਨਾਮੇ ਦੇ ਮੁਕਾਬਲੇ 'ਤੇ ਸ਼ਾਇਦ ਇਹ ਕਿਸੇ ਹੋਰ ਕਵੀ ਵਲੋਂ ਰਚਿਆ ਜ਼ਫ਼ਰਨਾਮੇ ਦਾ ਨਾਟਕੀ ਰੂਪ ਹੋਵੇ।

{Souvenir in commemoration of the Tercentenary of Tenth Sikh Guru-Khalsa College, Amritsar Pages 54-56}

ਕੁਝ ਇਸੇ ਤਰ੍ਹਾਂ ਡਾ. ਗੰਡਾ ਸਿੰਘ ਨੇ ਫਤਹ ਨਾਮੇ ਸੰਬੰਧੀ ਲਿਖਿਆ ਹੈ, 'ਕੁਝ ਮੁਹਕਕੀਨ ਦਾ ਖਿਆਲ ਹੈ ਕਿ ਸ਼ਾਇਦ ਯਿਹ ਬੰਦ ਗੁਰੂ ਗੋਬਿੰਦ ਸਿੰਘ ਸਾਹਿਬ ਕੀ ਆਪਣੀ ਕਲਮ ਸੇ ਨਹੀਂ ਹੈਂ। ਹੋ ਸਕਤਾ ਹੈ ਹਸਬੁਲ ਅਰਸ਼ਾਦ ਗੁਰੂ ਸਾਹਿਬ, ਯਿਹ ਸ਼ਿਅਰ ਭਾਈ ਨੰਦ ਲਾਲ ਸਾਹਿਬ ਨੇ ਲਿਖੇ ਹੋਂ। ਮਗਰ ਬਹਰ ਸੂਰਤ ਯਿਹ ਗੁਰੂ ਸਾਹਿਬ ਕੀ ਤਰਫ ਸੇ ਲਿਖੇ ਗਏ ਬਾਦਸ਼ਾਹ ਔਰੰਗਜ਼ੇਬ ਕੇ ਨਾਮ ਖਤ ਕਾ ਏਕ ਹਿਸਹ ਹੈ ਔਰ ਉਨ ਕੇ ਖਿਆਲਾਤ ਕੀ ਤਰਜਮਾਨੀ ਕਰਤੇ ਹੈਂ। (ਮਾਖਜ਼ੇ ਤਾਰੀਖ਼ੇ ਸਿੱਖਾਂ, ਜਿਲਦ ਅਵੱਲ, ਸਫ਼ਾ 62)।

ਪਰ ਇਹਨਾਂ ਦੋਹਾਂ ਪੱਤਰਾਂ ਦੇ ਅਧਿਐਨ ਤੋਂ ਇਹ ਤੱਤ ਉਜਾਗਰ ਹੁੰਦਾ ਹੈ ਕਿ ਇਹ ਇਕੋ ਪੱਤਰ ਦੇ ਦੋ ਰੂਪ ਨਹੀਂ ਸਗੋਂ ਫਤਹਨਾਮਾ ਤੇ ਜ਼ਫ਼ਰਨਾਮਾ ਦੋ ਸੁਤੰਤਰ ਰਚਨਾਵਾਂ ਇਕੋ ਕਵੀ ਨੇ ਅੱਡ-ਅੱਡ ਸਮਿਆਂ ਤੇ ਅੱਡਰੀਆਂ ਪ੍ਰਸਥਿਤੀਆਂ ਵਿਚ ਕੀਤੀਆਂ ਜਿਸਦਾ ਨਿਰਣਾ ਇਉਂ ਹੁੰਦਾ ਹੈ:

ਜੇ ਇਹ ਦੋਨੋਂ ਖ਼ਤ ਇਕੋ ਰਚਨਾ ਹੁੰਦੀ, ਜਿਵੇਂ ਕਿ ਨਾਨਕ ਚੰਦ ਨਾਜ਼, ਬੀ. ਪੀ. ਐਲ. ਬੇਦੀ ਆਦਿ ਸਮਝਦੇ ਹਨ ਜਾਂ ਇਕੋ ਰਚਨਾ ਦੇ ਦੋ ਅਨੁਵਾਦ ਤਾਂ ਕੋਈ ਕਾਰਨ ਨਹੀਂ ਸੀ ਕਿ ਮੰਗਲਾ ਚਰਨ ਦੋ ਵਾਰ ਆਉਂਦਾ ਜਾਂ ਅੱਡੋ ਅੱਡ ਸ਼ਕਲਾਂ ਵਿਚ। ਇਕ (ਫਤਹਨਾਮੇ ਦਾ) 'ਬਨਾਮੇ ਖ਼ੁਦਾਵੰਦੇ ਤੇਗੋ ਤਬਰ....' ਅਤੇ ਦੂਜਾ 24 ਸ਼ੇਅਰਾਂ ਤੋਂ ਬਾਅਦ 'ਕਮਾਲੇ ਕਰਾਮਾਤ ਕਾਇਮ ਕਰੀਮ'। ਅਨੁਵਾਦਕਾਂ ਦਾ ਨਿਪਟ ਵੱਖੋ ਵੱਖਰਾ ਤਰਜ਼ਮਾ ਕਰਨਾ ਅਸੰਭਵ ਹੈ। ਫੇਰ ਇਹਨਾਂ ਦੋਹਾਂ ਖਤਾਂ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਯਕਸਾਂ ਨਹੀਂ। ਫਤਹਨਾਮੇ ਵਿਚ, ਜੋ ਮਾਛੀਵਾੜੇ ਤੋਂ ਲਿਖਿਆ ਗਿਆ, ਕੇਵਲ ਚਮਕੌਰ ਵਿਚ ਸ਼ਹੀਦ ਹੋਣ ਵਾਲੇ ਦੋ ਸਾਹਿਬਜ਼ਾਦਿਆਂ ਦਾ ਉਲੇਖ ਹੈ।

ਚਿਹ ਸ਼ਦ ਗਰ ਸ਼ਗਾਲੇ ਬਮਕਰੋ ਰਿਆ ਹਮੀ ਕੁਸ਼ਤ ਦੋ ਬੱਚਹ ਇ ਸ਼ੇਰਰਾ

ਅਰਥਾਤ ਕੀ ਹੋਇਆ ਜੇ ਗਿੱਦੜ ਨੇ ਫਰੇਬ ਨਾਲ ਸ਼ੇਰ ਦੇ ਦੋ ਬੱਚੇ ਮਾਰ ਦਿੱਤੇ। ਦੀਨੇ ਕਾਂਗੜੇ ਤੋਂ ਲਿਖੇ ਜ਼ਫ਼ਰਨਾਮੇ ਵਿਚ, ਜਦ ਕਿ ਸਰਹਿੰਦ ਦੇ ਸ਼ਹੀਦਾਂ ਦੀ ਖ਼ਬਰ ਪੁੱਜ ਚੁੱਕੀ ਸੀ, ਚੌਹ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹਨ:

ਚਿਹਾ ਸ਼ੁਦ ਕਿ ਚੂੰ ਬਚੱਗਾਂ ਕੁਸ਼ਤਹ ਚਾਰ।
ਕਿ ਬਾਕੀ ਬਿਮਾਂਦਸਤ ਪੇਚੀਦਹ ਮਾਰ॥[10] ***(੭੮)***

ਅਰਥਾਤ ਕੀ ਹੋਇਆ ਕਿ ਤੂੰ ਮੇਰੇ ਚਾਰ ਪੁੱਤਰ ਮਾਰ ਦਿੱਤੇ, ਪਰ ਭੁਜੰਗੀ (ਖਾਲਸਾ) ਤਾਂ ਜੀਉਂਦਾ ਹੈ।

---

10. ਬੇਦੀ ਗੁਰਸ਼ਰਨ ਸਿੰਘ, ਦੀਵਾਨ ਸੁੱਚਾ ਨੰਦ ਦੇ, ਫੌਜਦਾਰ ਸਰਹੰਦ (ਵਜ਼ੀਰ ਖਾਂ) ਨੂੰ ਇਹ ਸਲਾਹ ਦੇਣ 'ਸੱਪ ਨੂੰ ਮਾਰਨਾ ਅਤੇ ਉਹਦੇ ਬੱਚਿਆਂ ਨੂੰ ਜੀਉਂਦਾ ਰੱਖਣਾ ਅਕਲਮੰਦੀ ਦਾ ਕੰਮ ਨਹੀਂ' ਵਲ ਸੈਨਿਤ ਕਰਦੇ ਹੋਏ ਦੱਸਦੇ ਹਨ ਕਿ 'ਪੇਚੀਦਹ ਮਾਰ' ਤੋਂ ਗੁਰੂ ਦਾ ਭਾਵ ਆਪਣੀ ਜ਼ਾਤ ਤੋਂ ਹੈ ਕਿ ਮੈਂ ਸਪੋਲੀਏ ਪੁੱਤਰਾਂ ਦਾ ਪਿਤਾ ਕੁੰਡਲੀਆਂ ਭੁਜੰਗੀ ਹਾਲੇ ਜੀਉਂਦਾ ਹਾਂ।

ਤੀਜਾ ਨੁਕਤਾ ਹੈ ਔਰੰਗਜ਼ੇਬ ਨੂੰ ਮੁਲਾਕਾਤ ਕਰਨ ਦਾ ਸੁਝਾਇਆ ਢੰਗ। ਫਤਹਨਾਮੇ 'ਚ ਔਰੰਗਜ਼ੇਬ ਨੂੰ ਰਣ ਖੇਤਰ ਵਿਚ ਆਹਮੋ ਸਾਹਮਣੇ ਹੱਥੋ ਹੱਥ ਲੜਾਈ ਲਈ ਵੰਗਾਰਿਆ ਹੈ ਇਹ ਆਖ ਕੇ ਕਿ ਮੇਰੇ ਇਕੱਲੇ ਦੇ ਮੁਕਾਬਲੇ ਵਿਚ ਤੂੰ ਭਾਵੇਂ ਦੋ ਸਵਾਰਾਂ ਨਾਲ ਆ।

ਅਜ਼ਾਂਪਸ ਦਰਾਂ ਅਰਸਾ ਇ ਕਾਰਜ਼ਾਰ। ਮਨ ਆਇਮ ਜਰੀਦਾਰ ਤੂੰ ਬਾ ਦੋ ਸਵਾਰ।

ਜ਼ਫ਼ਰਨਾਮੇ ਵਿਚ ਬਾਦਸ਼ਾਹ ਨੂੰ ਕਾਂਗੜ ਆ ਕੇ ਗੱਲਬਾਤ ਕਰਨ ਦਾ ਸੱਦਾ ਦਿੱਤਾ ਹੈ।[11]

ਜ਼ਫ਼ਰਨਾਮਾ ਉਹ ਖਤ ਹੈ ਜੋ ਇਕ (ਬਾਬੇਕੇ)[12] ਅਤਿਆਤਮਕ ਆਗੂ ਪਾਤਸ਼ਾਹ, 'ਧਰਮ ਚਲਾਵਨ, ਸੰਤ ਉਭਾਰਨ, ਦੁਸ਼ਟ ਦਮਨ ਕੋ ਮੂਲ ਉਪਾਰਨ' ਜਿਸ ਦਾ ਦਈਆ ਸੀ, ਵਲੋਂ ਇਕ (ਬਾਬਰਕੇ) ਦੁਨਿਆਵੀ ਹੁਕਮਰਾਨ ਨੂੰ ਲਿਖਿਆ ਗਿਆ, ਦਰਬਾਰੀ ਰੀਤੀ ਰਿਵਾਜ਼ ਦੇ ਉਲਟ। ਉਹਨੇ ਨਾ ਬਾਦਸ਼ਾਹ ਦੇ ਲੰਮੇ ਚੌੜੇ ਅਲਕਾਬ[13] ਆਦਾਬ ਲਿਖੇ, ਸਗੋਂ ਪੁਰਾਤਨ

---

11. ਕਿ ਤਸ਼ਰੀਫ ਦਰ ਕਸਬਹ ਕਾਂਗੜ ਕੁਨਦ।
ਵਜ਼ਾ ਪਸ ਮੁਲਾਕਾਤ ਬਹਮ ਸ਼ਵਦ ॥58॥
ਨ ਜ਼ੱਰਹ ਦਰੀਂ ਰਾਹਿ ਖਤਰਹ ਤੁਰਾਸਤ।
ਹਮਹ ਕੋਮ ਬੈਰਾੜ ਹੁਕਮੇ ਮਰਾਸਤ ॥59॥
ਬਿਯਾ ਤਾ ਬਨ ਮਨ ਖੁਦ ਜ਼ੁਬਾਨੀ ਕੁਨੇਮ।
ਬਰੋਏ ਸ਼ੁਮਾ ਮਿਹਰਬਾਨੀ ਕੁਨੇਮ ॥60॥
60 ਵਾਂ ਬੰਦ ਅਸਲ ਵਿਚ ਇਸ ਤਰ੍ਹਾਂ ਦਿੱਤਾ ਹੈ:
ਬਿਆ ਤਾਂ ਸੁਖਨ ਮਾ ਜ਼ੁਬਾਨੀ ਕੁਨੇਮ।
ਮਾ ਬਰ ਸ਼ੁਮਾ ਮਿਹਰਬਾਨੀ ਕੁਨੇਮ।

ਅਰਥਾਤ: ਜੇ ਤੂੰ ਕਾਂਗੜ ਦੇ ਕਸਬੇ ਵਿਚ ਆਵੇਂ ਤਾਂ ਆਪੋ ਵਿਚ ਮੁਲਾਕਾਤ ਹੋ ਸਕਦੀ ਹੈ। ਇਸ ਪਾਸੇ ਤੈਨੂੰ ਕੋਈ ਖੇਚਲ ਨਹੀਂ ਹੋਣ ਲੱਗੀ ਕਿਉਂਕਿ ਇਥੋਂ ਦੇ ਵਸਨੀਕ ਬੈਰਾੜਾਂ ਦੀ ਕੌਮ ਮੇਰੀ ਆਗਿਆਕਾਰ ਹੈ।

12. ਬਾਬੇ ਕੇ ਬਾਬਰ ਕੇ ਦੋਊ। ਆਪ ਕਰੇ ਪਰਮੇਸ਼ਰ ਸੋਊ।
ਹਮਾਕੂ ਤੁਰਾ ਕਜ ਕੁਲਾਹੀ ਬਿਦਾਦ।
ਮਗ ਦੌਲਤ ਦੀਂਪਨਾਹੀ ਬਦਾਦ।

ਭਾਵ ਜਿਸ ਪ੍ਰਮੇਸ਼ਰ ਨੇ ਤੈਨੂੰ ਸ਼ਾਹੀ ਤਾਜ਼ ਦਿੱਤਾ, ਉਹਨੇ ਸਾਨੂੰ ਧਰਮ ਰਖਿਆ ਦਾ ਰਾਜ ਦਿੱਤਾ ਹੈ।

13. ਬਾਦਸ਼ਾਹ ਦੇ ਅਲਕਾਬ ਲਈ ਦੇਖੋ ਨਕਲ ਅਰਜ਼ਦਾਸ਼ਤ ਨਵਾਬ ਸ਼ੇਰ ਮੁਹੰਮਦ ਰਈਸ ਮਲੇਰਕੋਟਲਾ: ਬਬਾਰਗਾਹ, ਕੇਵਾਨ ਪਾਏਗਾਹ,-ਜਲਾਲਤ ਮਆਬ, ਅਜਮਤ ਇੰਤਸਾਬ-ਆਲੀਜਾਹ, ਜਹਾਂ ਪਨਾਂਹ,-ਆਲਾ ਹਜ਼ਰਤ, ਕਦਰ ਕੁਦਰਤ-ਸਕੰਦਰ ਸੌਲਤ, ਦਾਰਾਏ ਕਿਸਮਤ-ਜ਼ਿਲ੍ਹੇ ਸੁਬਹਾਨੀ, ਸ਼ਹਨਸ਼ਾਹ ਆਲਮੋ ਆਮੀਆਂ, ਹਜ਼ਰਤ ਮੁਹੱਈਉੱਦੀਨ ਔਰੰਗਜ਼ੇਬ ਆਲਮਗੀਰ, ਖੁਲਦ ਅੱਲਾ, ਮਲਿਕਾ ਵਾ ਸੁਲਤਾਨਾ ਵ ਅਫ਼ਜ਼ਅਲੀਉਲ ਆਲਮੀਨ ਬਰੱਹ ਵ ਅਫ਼ਸਾਨਾ, ਫਰਮਾਂਰਵਾਏ ਕਿਸ਼ਵਰੇ ਹਿੰਦੁਸਤਾਨ।
(The Sikh Review, Guru Gobind Singh's Third Birth Centenary Number 1967 vol I Page 168).

ਫਾਰਸੀਨਾਮਿਆਂ ਦੀਆਂ ਮਸਨਵੀਆਂ ਵਾਂਗ, ਰੱਬ ਦਾ ਨਾਂ (ਕਮਾਲੇ, ਕਰਾਮਾਤ ਕਾਇਮ ਕਰੀਮ) ਲੈ ਕੇ ਬਿਸਮਿਲਹ ਕੀਤੀ ਉਹ ਔਰੰਗਜ਼ੇਬ ਨੂੰ ਸਿੱਧਾ ਸੰਬੋਧਨ ਕਰਨ ਦੀ ਥਾਂ ਅਸਿੱਧੇ ਢੰਗ ਨਾਲ ਦਾਸਤਾਨ (29-30 ਸ਼ੇਅਰ) ਅਨ ਪੁਰਖ ਬਾਰੇ ਹੀ ਲਿਖੀ ਗਿਆ ਹੈ ਮਾਨੋ ਆਪਣੇ ਰੱਬ ਨਾਲ ਹੀ ਗੱਲਾਂ ਕਰ ਰਿਹਾ ਹੋਵੇ, "ਮੈਨੂੰ ਉਹਦੀ ਕਸਮ 'ਤੇ ਰਤਾ ਵੀ ਇਤਬਾਰ ਨਹੀਂ......ਮੈਨੂੰ ਕੀ ਪਤਾ ਸੀ ਕਿ ਇਹ ਲੂੰਬੜੀ ਵਾਂਗ ਫਰੇਬੀ ਤੇ ਮੱਕਾਰ ਹੈ....." ਜ਼ਫ਼ਰਨਾਮੇ ਦਾ 51ਵਾਂ ਛੰਦ ਹੀ ਸਿੱਧਾ ਬਾਦਸ਼ਾਹ ਨੂੰ ਸੰਬੋਧਿਤ ਹੈ:

ਸ਼ੁਮਾ ਰਾ ਫ਼ਰਜ਼ ਅਸਤ ਕਾਰੇ ਬੁਨੀਂ, ਬਮੂਜਬ ਨਵਿਸ਼ਤਰ ਸ਼ੁਮਾਰੇ ਬੁਨੀ' ਤੇ ਨਸਰ ਦੀ ਥਾਂ ਨਜ਼ਮ ਨੂੰ ਆਪਣੇ ਖਿਆਲਾਂ ਦੇ ਪ੍ਰਗਟਾ ਦਾ ਮਾਧਿਅਮ ਬਨਾਇਆ, ਕਿਉਂਕਿ ਉਹਨਾਂ ਦਾ ਵਿਸ਼ਵਾਸ ਸੀ ਕਿ ਆਤਮ ਮਲੀਨਤਾ ਨੂੰ ਜੋ ਮਨੁੱਖਤਾ ਦਾ ਅਸਾਧ ਰੋਗ ਹੈ, ਕੱਟਣ ਲਈ ਕਵਿਤਾ ਹੀ ਰਾਮ ਬਾਣ ਔਖਧੀ ਹੈ[14] ਉਹਨਾਂ ਪੈਰ ਪੈਰ ਤੇ ਕਸਮੀਆਂ ਇਕਰਾਰ ਤੋੜਨ ਵਾਲੇ ਆਲਮਗੀਰ ਨੂੰ ਚੇਤਾਵਨੀ ਦਿੱਤੀ ਕਿ ਮਰਦ ਦੀ ਨਿਸ਼ਾਨੀ ਹੀ ਇਹ ਹੈ ਕਿ ਉਹ ਉਹੀ ਕੁਝ ਆਖੇ ਜੋ ਉਹਦੇ ਦਿਲ ਵਿਚ ਹੋਵੇ ਤੇ ਬਚਨ ਪਾਲਕ ਹੋਵੇ,

ਹਮੂੰ ਮਰਦ ਬਾਇਦ ਸ਼ਵੱਦ ਸੁਖਨਵਰ।
ਨਹ ਸ਼ਿਕਮੇ ਦਿਗਾ ਨਹ ਦਿਹਾਨੇ ਦਿਗਰ[14(a)]

ਤੇ ਕੁਝ ਇਸੇ ਤਰ੍ਹਾਂ ਹੀ 300 ਸਾਲ ਬਾਦ, ਅਧਿਆਤਮਕ ਰੁਚੀਆਂ ਵਾਲੇ ਸਿਆਸੀ ਆਗੂ ਗਾਂਧੀ ਜੀ ਨੇ ਮਹਿਸੂਸਿਆ ਜਦ ਉਹਨਾਂ ਦਾ ਵਾਹ ਬਰਤਾਨਵੀ ਸਾਮਰਾਜ ਨਾਲ ਪਿਆ, ਉਹਨਾਂ ਆਖਿਆ 'ਧਰਮ ਤੋਂ ਸਖਣੀ ਰਾਜਨੀਤੀ ਨਿਰਾ ਗੰਦ ਹੈ।[15]

ਅਤੇ ਗੁਰੂ ਸਾਹਿਬ ਹੀ ਅਜਿਹੇ ਵਿਅਕਤੀ ਨਹੀਂ ਸਨ। ਜਿਹਨਾ ਸਰਕਾਰੀ ਖਤੋ ਖਤਾਬਤ ਨਜ਼ਮ ਵਿਚ ਕੀਤਾ। ਇਕ ਛੰਦ ਬਧ ਪੱਤ੍ਰ ਫਾਰਸੀ ਵਿਚ ਛੱਤ੍ਰਪਤੀ ਸ਼ਿਵਾ ਜੀ ਨੇ ਮਿਰਜ਼ਾ ਜੈ ਸਿੰਘ ਨੂੰ ਲਿਖਿਆ ਜਦ ਉਹ ਔਰੰਗਜ਼ੇਬ ਦੇ ਹੁਕਮ ਨਾਲ ਮਰਾਠੇ ਆਗੂ ਉਤੇ ਚੜ੍ਹਾਈ ਕਰਕੇ ਆ ਰਿਹਾ ਸੀ।

ਜੇ ਜ਼ਫ਼ਰਨਾਮਾ ਕਿਸੇ ਕਵੀ ਵਲੋਂ ਗੁਰੂ ਜੀ ਦੇ ਪੱਤਰ ਨੂੰ ਨਾਟਕੀ ਰੂਪ ਦੇ ਕੇ ਕਵਿਤਿ ਆਇਆ ਹੁੰਦਾ ਤਾਂ ਭਾਈ ਮਨੀ ਸਿੰਘ (ਜੋ ਗੁਰਮਤਿ ਸਾਹਿਤ ਦੇ ਪਾਰਖੂ ਤੇ ਦਸਮ ਪਾਤਸ਼ਾਹ ਦੇ ਖਾਸ ਦਸਤਖਤ ਤੋਂ ਜਾਣੂ ਸਨ) ਵਰਗੇ ਦਸਮ ਗ੍ਰੰਥ ਦੇ ਬੀੜ ਕਾਰ ਇਹਨੂੰ ਸ੍ਰੀ ਮੁਖ ਵਾਕ ਵਾਲੀ ਬਾਣੀ ਵਿਚ ਥਾਂ ਨਾ ਦਿੰਦੇ। ਇਸ ਰਚਨਾ ਨੂੰ ਸਣੇ ਹਕਾਇਤਾਂ ਦੇ ਇਸ ਲਈ ਬੀੜ ਬੱਧ ਕੀਤਾ ਗਿਆ ਕਿਉਂਕਿ ਇਹ ਦੋਨੋਂ ਗੁਰੂ ਕ੍ਰਿਤ ਸਨ। ਸ਼ੁਰੂ ਤੋਂ ਹੀ ਇਹ ਰਚਨਾ

---

14. Poetry as an art is the community's medicine for the worst disease of mankind the corruption of consciousness-Collingwood.

14. ਜਿਵੇਂ ਕਿ ਪੰਜਾਬ ਦੀ ਪ੍ਰਸਿੱਧ ਕਹਾਵਤ ਹੈ:

ਸੁਖਨ ਬਾਂਕਾ ਮਰਦ ਸੋਹੇ ਕੁਖ ਬਾਂਕੀ ਗੋਰੀਏ।

(14. a) ਇਹ ਸ਼ੇਅਰ ਇਸ ਤਰ੍ਹਾਂ ਲਿਖਿਆ ਮਿਲਦਾ ਹੈ:

ਹਮੂੰ ਮਰਦ ਬਾਯਦ ਸਵਦ ਸੁਖਨਵਰ॥
ਨ ਸ਼ਿਕਮ ਦਿਗਰ ਦਰ ਦਹਾਨੇ ਦਿਗਰ॥੫੫॥

15. Politics bereft of religion is absolute dirt ever to be shunned.

ਦਸਮ ਗ੍ਰੰਥ ਦੀਆਂ ਬੀੜਾਂ ਵਿਚ ਜ਼ਫ਼ਰਨਾਮਾ ਜਾਂ ਜੰਗ ਨਾਮਾ ਦੇ ਸਿਰਲੇਖ ਹੇਠ ਸੰਕਲਿਤ ਕੀਤੀਆਂ ਜਾਂਦੀਆਂ ਰਹੀਆਂ ਹਨ।ਉਦਾਹਰਣ ਵਜੋਂ ਪਟਨੇ ਜੀ ਕੀ ਮਿਸਲ ਦੇ ਬੀੜ ਭੇਦ ਦਾ ਇਕ ਉਤਾਰਾ, ਜੋ ਜੰਮੂ ਵਿਚ ਸੰਮਤ 1822 ਅੱਸੂ ਦਿਨ ਪੰਦਰਾਂ (1765 ਈ:) ਨੂੰ ਸੰਪੂਰਨ ਹੋਇਆ, ਤਖਤ ਸ੍ਰੀ ਅਕਾਲ ਬੁੰਗਾ ਦੇ ਤੋਸ਼ਾਖਾਨੇ ਵਿਚ ਬਿਰਾਜਮਾਨ ਹੈ।ਉਸ ਵਿਚ ਗੁਰਮੁਖੀ ਲਿਪੀ ਵਿਚ ਜੰਗ ਨਾਮਾ (ਸਣੇ ਹਕਾਇਤਾਂ) ਦੇ ਛੰਦ 601 ਹਨ ਤੇ ਫਾਰਸੀ ਲਿਪੀ ਵਿਚ ਇਹਦੇ 626 ਸ਼ੇਅਰ ਹਨ, (ਦਸਵੇਂ ਪਾਤਸ਼ਾਹ ਦੇ ਗ੍ਰੰਥ ਦਾ ਇਤਿਹਾਸ, ਸਫ਼ਾ 44-45)

ਇਹ ਵੀ ਇਕ ਇਤਿਹਾਸਕ ਸਚਾਈ ਹੈ ਕਿ 1705 ਈਸਵੀ ਵਿਚ ਸ਼ਾਹੀ ਫੌਜਾਂ ਵਲੋਂ ਆਨੰਦਪੁਰ ਦੇ 7-8 ਮਹੀਨੇ ਦੇ ਮੁਹਾਸਰੇ ਤੋਂ ਪਹਿਲਾਂ ਹੀ ਦਸ਼ਮੇਸ਼ ਨੇ ਸਾਰੇ ਕਵੀ ਕੋਵਿਦਾਂ ਨੂੰ ਇਨਾਮ ਇਕਰਾਮ ਦੇ ਕੇ ਸਦਾ ਲਈ ਵਿਦਿਆ ਕਰ ਦਿੱਤਾ ਸੀ ਤਾਂਕਿ ਕਲਮਕਾਰ ਆਉਣ ਵਾਲੀ ਬਿਪਤਾ ਤੋਂ ਬਚੇ ਰਹਿਣ। ਇਸ ਲਈ ਭਾਈ ਨੰਦ ਲਾਲ ਜੇ ਬਫਰਜੇਮਹਾਲ ਉਨ੍ਹਾਂ ਨੂੰ ਜ਼ਫ਼ਰਨਾਮੇ ਦੇ ਅਨੁਵਾਦ, ਮੰਨ ਲਈਏ, ਅਜਿਹਾ 1707 ਵਿਚ ਹੀ, ਜਦ ਕਿ ਉਹ ਆਪਣੇ ਸਰਪਰਸਤ ਸ਼ਹਿਜ਼ਾਦਾ ਮੁਅੱਜ਼ਮ ਦੀ ਸਹਾਇਤਾ ਕਰਨ ਦੀ ਬੇਨਤੀ ਕਰਨ ਲਈ ਗੁਰੂ ਦੇ ਹਜ਼ੂਰ ਹਾਜ਼ਰ ਹੋਏ ਸਨ, ਕਰ ਸਕਦੇ ਤੇ ਉਹ ਵੀ ਆਪਣੇ ਉਪਨਾਮ ਗੋਇਆ ਦੀ ਛਾਪ ਹੇਠ ਅਤੇ ਉਨ੍ਹਾਂ ਦੀ ਇਹ ਰਚਨਾ ਦਸਮ ਗ੍ਰੰਥ ਵਿਚ ਨਾ, ਸਗੋਂ ਦੀਵਾਨ ਜਾਂ ਕੁਲੀਆਤ ਨੰਦ ਲਾਲ ਗੋਇਆ ਵਿਚ ਮਿਲਦੀ।ਮੌਜੂਦਾ ਜ਼ਫ਼ਰਨਾਮੇ ਵਿਚ ਕੋਈ ਉਪਨਾਮ ਨਹੀਂ ਤੇ ਨਾ ਹੀ ਹਕਾਇਤਾਂ ਵਿਚ ਪਰ ਦਸਮ ਗਰੰਥ ਦੇ ਲਿਖਾਰੀਆਂ ਨੂੰ ਗੁਰੂ ਜੀ ਦੀ ਹਸਤ ਲਿਖਤ ਅਤੇ ਸ਼ੈਲੀ ਦੀ ਪੂਰੀ ਪਛਾਣ ਹੁੰਦੀ ਸੀ, ਜਿਸਦੀ ਮਿਸਾਲ ਅਕਾਲ ਉਸਤਤਿ ਦੇ ਮੁਢਲੇ ਸਿਰਲੇਖਾਂ ਤੋਂ ਹੁੰਦੀ ਹੈ। ਪਹਿਲੇ ਛੰਦ 'ਅਕਾਲ ਪੁਰਖ ਕੀ ਰੱਛਾ ਹਮਨੈ....' ਉਤੇ ਸਿਰਲੇਖ ਹੈ 'ਉਤਾਰ ਖਾਸੇ ਦਸਤਖ ਕਾ' ਭਾਵ ਕਿ ਜਿਸ ਹੱਥ ਲਿਖੀ 'ਚੋਂ ਇਹ ਉਤਾਰਾ ਕੀਤਾ ਜਾ ਰਿਹਾ ਹੈ ਉਸ ਵਿਚ ਇਹ ਛੰਦ ਗੁਰੂ ਗੋਬਿੰਦ ਸਿੰਘ ਨੇ ਖਾਸ ਆਪਣੀ ਕਲਮ ਨਾਲ ਲਿਖਿਆ ਹੈ। ਬਾਕੀ ਸ੍ਰੀ ਮੁਖਵਾਕ ਬਾਣੀ ਦੀ ਲਿਖਾਈ ਉਤੇ ਸਿਰਲੇਖ ਹੈ 'ਅੱਗੇ ਲਿਖਾਰੀ ਕੇ ਦਸਖਤ' ਜਿਸਦਾ ਭਾਵ ਹੈ ਕਿ ਇਹ ਲਿਖਤ ਹਜ਼ੂਰੀ ਲਿਖਾਰੀ ਜਾਂ ਮੁਨਸ਼ੀ ਦੀ ਹੈ। ਇਨ੍ਹਾਂ ਸਿਰਲੇਖਾਂ ਤੋਂ ਕਨਿੰਘਮ ਵਰਗੇ ਖੋਜੀ ਇਤਿਹਾਸਕਾਰ ਨੂੰ ਵੀ ਟਪਲਾ ਲੱਗਾ ਹੈ ਕਿ ਕੇਵਲ ਅਕਾਲ ਉਸਤਤਿ ਦਾ ਮੁਢਲਾ ਛੰਦ ਹੀ ਗੁਰੂ ਕ੍ਰਿਤ ਹੈ[16]। ਜ਼ਫ਼ਰਨਾਮੇ ਦਾ ਸਿਰਲੇਖ ਧੁਰ ਤੋਂ ਸ਼੍ਰੀ ਮੁੱਖ ਵਾਕ ਪਾਤਸ਼ਾਹੀ '10' ਹੀ ਤੁਰਿਆ ਆਇਆ ਹੈ, ਜੋ ਇਸ ਸੱਚਾਈ ਦਾ ਲਖਾਇਕ ਹੈ ਕਿ ਜ਼ਫ਼ਰਨਾਮਾ ਨਾਮ ਦਾ ਖਤ ਗੁਰੂ ਸਾਹਿਬ ਨੇ ਫਾਰਸੀ ਭਾਸ਼ਾ ਵਿਚ ਆਪ ਛੰਦਾਂ ਬੰਦੀ ਵਿਚ ਲਿਖਿਆ। ਇਸਦੀ ਪੁਸ਼ਟੀ 'ਪਰਚੀਆਂ ਸੇਵਾਦਾਸ' 'ਚੋਂ ਵੀ ਹੁੰਦੀ ਹੈ:

'......ਫਿਰ ਇਹ ਹੁਕਮ ਹੋਆ ਜੋ ਭਲਾ ਇਉਂ ਕਰਤੇ ਹੈਂ ਜੋ ਖਤ ਲਿਖਕੇ ਤੁਰਕ ਕੋ ਮਾਰਤੇ ਹੈਂ। ਹਮਾਰਾ ਖਤ ਪੜ੍ਹ ਕਰ ਮਰ ਜਾਵੇਗਾ। ਤਕ ਖਾਲਸੇ ਕਹਿਆ: ਸਚੇ ਪਾਤਸ਼ਾਹ ਤੂੰ ਕਰਨ ਕਾਰਨ ਹਹਿ। ਜਿਉਂ ਤੈ ਭਾਵੈ ਤਿਉਂ ਹੀ ਕਰੀਐ। ਤਬ ਗੁਰੂ ਬਾਬੇ ਨਰਿੰਗ ਸ਼ਾਹ ਕੀ ਓਰਿ ਖਤੁ ਲਿਖਿਆ।ਖਤ ਕਾ ਨਾਮ ਜ਼ਫ਼ਰਨਾਮਾ ਰਖਿਆ ਅਰ ਬਡੇ ਬਿਸਥਾਰ ਕਾ ਲਿਖਿਆ। ਪਰ ਈਹਾਂ ਕਛ ਬੀਜ ਮਾਤਰ ਕਹਿਤ ਹੋ। ਓਸ ਖਤ ਮਹਿ ਕੇਤੇ ਫਰਦ ਲੀਖੇ। ਕੇਤੀਆਂ ਰੁਬਾਈਆਂ ਲਿਖੀਆਂ, ਕੇਤੀਆਂ ਬਾਦਸ਼ਾਹ ਕੀਆਂ ਸਾਖੀਆਂ ਲਿਖੀਆਂ।ਅਰ ਕਛ ਆਪਨੀ

---

16. The initiatory verse alone is the composition of Govind. (History of the Sikhs, 2nd edition, appendix XVIII)

ਹਕੀਕਤ ਵੀ ਲਿਖੀ.....' (ਪਰਖ, ਗੁਰੂ ਗੋਬਿੰਦ ਸਿੰਘ ਸਿਮਰਿਤੀ ਅੰਕ 1967 ਸਫਾ 41)

ਇਸ ਟੂਕ ਤੋਂ ਅਤੇ ਸੈਨਾਪਤੀ ਦੇ ਕਥਨ ਤੋਂ ਸਾਫ ਜ਼ਾਹਰ ਹੈ ਕਿ ਸੈਨਾਪਤੀ ਵਰਗੇ ਕਿਸੇ ਕਵੀ ਤਲਕ ਜ਼ਫ਼ਰਨਾਮਾ ਅਪੜਿਆ ਨਹੀਂ ਤੇ ਉਨ੍ਹਾਂ 'ਚੋਂ ਕਿਸੇ ਨੇ ਇਹਨੂੰ ਕਵਿਤਾਇਆ ਨਹੀਂ ਹੈ।

ਚਾਰੇ ਹੀ ਸਾਹਿਬਜ਼ਾਦੇ ਸ਼ਹੀਦ

ਜ਼ਫ਼ਰਨਾਮਾ ਇਤਿਹਾਸਕ ਪੱਖ ਤੋਂ ਬਚਿੱਤ੍ਰ ਨਾਟਕ ਵਿਚਲੀ ਆਤਮ ਕਥਾ ਦੀ ਆਖਰੀ ਕੜੀ ਆਖਿਆ ਜਾ ਸਕਦਾ ਹੈ ਤੇ ਖਾਸ ਕਰ ਚਮਕੌਰ ਯੁੱਧ ਦੀਆਂ ਘਟਨਾਵਾਂ ਦੀ ਅਸਲੀਅਤ ਪਰਖਣ ਲਈ ਕਸਵੱਟੀ ਦਾ ਕੰਮ ਦਿੰਦਾ ਹੈ। ਕੱਲ੍ਹ ਨੂੰ ਜੇ ਕੋਈ ਨਾਹਰ ਖਾਂ (ਜੋ ਬੇਦੀ ਗੁਰਸ਼ਰਨ ਸਿੰਘ ਅਨੁਸਾਰ ਖ਼ਿਜ਼ਰਖਾਂ ਦਾ ਪੁੱਤਰ ਸੀ) ਬਾਰੇ ਇਹ ਲਿਖ ਦੇਵੇ ਕਿ ਉਹ ਚਮਕੌਰ ਤੋਂ ਬਿਨਾਂ ਕਿਸੇ ਹੋਰ ਥਾਂ ਮਾਰਿਆ ਗਿਆ ਸੀ ਤਾਂ ਉਹਦੀ ਤਰਦੀਦ ਜ਼ਫ਼ਰਨਾਮੇ ਦੇ ਇਸ ਬੰਦ ਤੋਂ ਹੋ ਸਕਦੀ ਹੈ।

ਬੁ ਦੀਦਮ ਕਿ ਨਾਹਰ ਖਾਂ ਬਿਆਮਦ ਬ ਜੰਗ।
ਚਸ਼ੀਦਹ ਯਕੇ ਤੀਰ ਮਨ ਬੇਦਰੰਗ। (੨੯)

ਇਉਂ ਹੀ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਬਾਰੇ ਸ਼ੱਕ ਸ਼ੁਬਹੇ ਦੂਰ ਕੀਤੇ ਜਾ ਸਕਦੇ ਹਨ।

ਗੁਰੂ ਸਾਹਿਬ ਦੇ ਸਭ ਤੋਂ ਵੱਡੇ ਪੁੱਤਰ-ਰਤਨ, **ਅਜੀਤ ਸਿੰਘ** ਦਾ ਜਨਮ ਮਾਤਾ ਸੁੰਦਰੀ ਜੀ ਦੀ ਕੁੱਖੋਂ ਪਾਉਂਟਾ ਸਾਹਿਬ ਵਿਖੇ 29 ਮਾਘ 1743 (ਜਨਵਰੀ 1687 ਈ:) ਨੂੰ ਹੋਇਆ। ਇਸ ਧਰਮਵੀਰ ਯੋਧੇ ਨੇ ਕਈ ਰਣ ਮੰਡੇ। ਇਕ ਵਾਰ ਬਸੀ (ਹੁਸ਼ਿਆਰਪੁਰ) ਦੇ ਨਵਾਬ ਤੋਂ ਇਕ ਅਬਲਾ ਬ੍ਰਾਹਮਣੀ ਨੂੰ ਛੁਡਾਇਆ। ਆਨੰਦਪੁਰ ਤਿਆਗ ਸਮੇਂ ਸਰਸਾ ਕੰਢੇ ਵੈਰੀਆਂ ਦੇ ਵਸਾਹਘਾਤ ਕਰਕੇ ਟੁੱਟ ਪੈਣ 'ਤੇ ਵਹੀਰ ਨੂੰ, ਜਾਨ ਹੂਲਵਾਂ ਟਾਕਰਾ ਕਰਕੇ ਪਾਰ ਲੰਘਾਇਆ। ਗੁਰਪ੍ਰਣਾਲੀ ਭਾਈ ਗੁਲਾਬ ਸਿੰਘ ਅਨੁਸਾਰ ਚਮਕੌਰ ਯੁੱਧ ਵਿਚ 17 ਮੱਘਰ (ਮੱਘਰ ਦੀ ਤਰੋਦਸ਼ੀ) 1761 (1704 ਈਸਵੀ) ਨੂੰ ਵੀਰਗਤੀ ਨੂੰ ਪ੍ਰਾਪਤ ਹੋਏ। ਦਿੱਲੀ ਰਹਿੰਦਿਆਂ ਮਾਤਾ ਸੁੰਦਰੀ ਜੀ ਨੇ ਇਸ ਨਾਂ ਦੇ ਇਕ ਹੋਰ ਬੱਚੇ ਨੂੰ ਪੁੱਤਰ ਬਣਾਇਆ। ਇਕ ਬੇਨਵਾ ਫਕੀਰ ਨੂੰ ਇਹਦੇ ਸਾਥੀਆਂ ਵਲੋਂ ਮਾਰੇ ਜਾਣ ਦੇ ਦੋਸ਼ ਵਿਚ ਇਹਨੂੰ ਮਾਘ ਸੁਦੀ ਚੌਥ 1780 (1744 ਈ:) ਨੂੰ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। ਅਖਬਾਰਾਤੇ ਦਰਬਾਰੇ ਮੁਅਲਾ ਬਾਬਤ 25 ਰਬੀ-ਉਲ ਅਵੱਲ ਸੰਨੇ ਜ਼ਲੂਸ 4 ਮੁਤਾਬਕ, 13 ਮਈ 1710 ਵਿਚ ਇਸ ਅਜੀਤ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪੁੱਤਰ ਜ਼ਾਹਰ ਕਰਕੇ ਇਹ ਦੱਸਿਆ ਗਿਆ ਹੈ ਕਿ ਉਹ ਜੋ ਪਹਿਲੇ ਹੰਗਾਮਿਆਂ ਵਿਚ ਮਾਰਿਆ ਗਿਆ ਸੀ ਹੁਣ ਰਾਜਧਾਨੀ (ਦਿੱਲੀ) ਵਿਚ ਆ ਕੇ ਜੈ ਸਿੰਘ ਪੁਰੇ ਵਸਣ ਲੱਗਾ ਹੈ। ਬਹੁਤ ਸਾਰੇ ਲੋਕ ਉਹਦੀ ਮਾਨਤਾ ਕਰਦੇ ਹਨ, ਬਾਜ਼ੇ ਨਹੀਂ ਕਰਦੇ।

'ਵ ਅਜੀਤ ਸਿੰਘ ਪਿਸਰੇ ਕਲਾਨੇ ਗੋਬਿੰਦ ਸਿੰਘ ਕਿਦਰ ਮਾਰਕਹ ਹਾਏ ਸਾਬਕਾ ਕੁਸ਼ਤਰ ਸ਼ੁਦਾ ਬੂਦ, ਬਾਜ਼ ਬਦਾਰੁਲ ਖ਼ਿਲਾਫ਼ਹ ਆਮਦਹ ਦਰ ਜੈ ਸਿੰਘ ਵਾਹਕਲਾ ਫ਼ਰੋਦ। ਜਮਏ ਏਤਕਾਦ ਦਾਰੰਦ ਵਾ ਫਰੀਕੇ ਨਦਾਰੰਦ (ਮਾਖਜ਼ੇ ਤਾਰੀਖੇ ਸਿੱਖਾਂ, ਜਿਲਦ ਅਵੱਲ, ਸਫਾ 84)'

ਪ੍ਰਤੱਖ ਹੈ ਕਿ ਇਹ ਖਬਰ ਉਸ ਸਮੇਂ ਦੀ ਹੈ ਜਦ ਮਾਤਾ ਜੀ ਨੇ (ਦੂਜੇ) ਅਜੀਤ ਸਿੰਘ ਨੂੰ ਮੁਤਬੰਨਾ ਬਣਾਇਆ।

ਸਾਹਿਬ ਜੁਝਾਰ ਸਿੰਘ ਮਾਤਾ ਜੀਤੋ ਦੀ ਕੁੱਖੋਂ ਆਨੰਦਪੁਰ ਚੇਤ ਦੀ ਵਦੀ ਦਸਵੀਂ 1747 (1690 ਈਸਵੀ) ਨੂੰ ਜਨਮੇ ਅਤੇ ਵੱਡੇ ਵੀਰ ਤੋਂ ਬਾਦ ਚਮਕੌਰ ਵਿਚ ਹੀ ਸ਼ਹੀਦ ਹੋਏ। **ਸਾਹਿਬ ਜ਼ੋਰਾਵਰ ਸਿੰਘ** ਦਾ ਜਨਮ ਮੱਘਰ ਸ਼ੁਦੀ 3, 1753 (1693 ਈ:) ਨੂੰ ਆਨੰਦਪੁਰ ਹੋਇਆ ਅਤੇ ਸਰਹੰਦ ਸ਼ਹੀਦ ਕੀਤੇ ਗਏ, 3 ਪੋਹ 1768 ਨੂੰ ਚਮਕੌਰ ਯੁੱਧ ਤੋਂ 15 ਕੁ ਦਿਨ ਬਾਦ। ਇਨ੍ਹਾਂ ਦੇ ਨਾਲ ਸ਼ਹੀਦ ਹੋਣ ਵਾਲੇ ਚੌਥੇ **ਸਾਹਿਬਜ਼ਾਦੇ ਫਤਿਹ ਸਿੰਘ** ਜਿਨ੍ਹਾਂ ਦੇ ਨਾਮ ਉਤੇ ਸ਼ਹੀਦੀ ਅਸਥਾਨ ਦਾ ਨਾਮ ਫਤਹਿਗੜ੍ਹ ਸਾਹਿਬ ਰੱਖਿਆ ਗਿਆ ਅਤੇ ਜਿਨ੍ਹਾਂ ਦੇ ਦੁਮਾਲੇ ਦੀ ਰੀਸ ਕਰਕੇ ਸਿੰਘ ਨਿਹੰਗ ਬਣੇ, ਫਗਣ ਸ਼ੁਦੀ ਇਕਾਦਸ਼ੀ 1755 ਬਿਕਰਮੀ (1698 ਈ:) ਨੂੰ ਮਾਤਾ ਜੀਤੋ ਦੀ ਕੁੱਖੋਂ ਅਨੰਦਪੁਰ ਜਨਮੇ।

ਗੁਰੂ ਸੋਭਾ ਦੇ ਕਰਤਾ ਨੂੰ ਸਾਹਿਬ ਜੁਝਾਰ ਸਿੰਘ ਅਤੇ ਜ਼ੋਰਾਵਰ ਸਿੰਘ ਸੰਬੰਧੀ ਭੁਲੇਖਾ ਲੱਗਾ ਹੈ। ਉਹ ਜ਼ੋਰਾਵਰ ਸਿੰਘ ਜੀ ਦਾ ਚਮਕੌਰ ਵਿਚ ਲੜਦਿਆਂ ਜ਼ਿੰਦਾ ਨਿਕਲਣ ਜਾਣਾ ਦੱਸਦੇ ਹਨ ਅਤੇ ਚਿਤੌੜ ਦੀ ਮੁਠਭੇੜ ਵਿਚ 6 ਵਿਸਾਖ 1765 (1708 ਈਸਵੀ) ਬਾਬਾ ਜ਼ੋਰਾਵਰ ਸਿੰਘ ਨੂੰ ਸ਼ਹੀਦ ਹੋਏ ਪ੍ਰਗਟ ਕਰਦੇ ਹਨ।[17] ਇਉਂ ਇਹ ਗਲਤ ਫਹਿਮੀ ਉਪਜੀ ਕਿ ਚਮਕੌਰ ਯੁੱਧ ਵਿਚ ਕੇਵਲ ਸਾਹਿਬ ਅਜੀਤ ਸਿੰਘ ਹੀ ਸ਼ਹੀਦ ਹੋਏ ਪਰ ਫਤਹਨਾਮਾ ਵਿਚ ਸਾਫ ਲਿਖਿਆ ਹੈ ਕਿ ਦੋ ਲਾਲਾਂ ਦੀ ਆਹੂਤੀ ਇਸ ਹਵਨ ਕੁੰਡ ਵਿਚ ਪਈ, ਜਿਸਦੀ ਪੁਸ਼ਟੀ ਅਹਿਕਾਮ ਆਲਮਗੀਰੀ 'ਚੋਂ ਭੀ ਹੁੰਦੀ ਹੈ ਕਿ ਸਰਹਿੰਦ ਤੋਂ 12 ਕੋਹ ਦੇ ਫਾਸਲੇ 'ਤੇ ਚਮਕੌਰ ਦੇ ਜ਼ਿਮੀਂਦਾਰ ਦੀ ਹਵੇਲੀ ਵਿਚ (ਗੁਰੂ) ਨਾਨਕ ਪੂਜ (ਗੁਰੂ) ਗੋਬਿੰਦ ਸਿੰਘ ਆ ਉਤਰਿਆ, ਸਰਹੰਦ ਦੇ ਫੌਜਦਾਰ ਨੇ ਸ਼ਾਹੀ ਫੌਜ ਦੀ ਮਦਦ ਲਈ ਸੱਤ ਸੌ ਸਵਾਰ ਤੋਪਖਾਨਾ ਤੇ ਦਾਰੂ-ਸਿੱਕਾ ਭੇਜਿਆ। ਗੁਰੂ ਦੇ ਦੋ ਪੁੱਤਰ ਅਤੇ ਹੋਰ ਸਾਥੀ ਮਾਰੇ ਗਏ। ਉਹਨਾਂ ਦੇ ਇਕ ਪੁੱਤਰ ਅਤੇ ਮਾਤਾ ਜੀ ਗਿਰਫਤਾਰ ਹੋਏ।

'ਨਵਿਸਤਾਂ ਸ਼ਰੀਫ਼ ਮੁਸ਼ਤਮਲਬਰ ਫਰੋਦ ਆਮਦਨ ਗੋਬਿੰਦ ਨਾਨਕ ਪ੍ਰਸ਼ਤ ਵਦਵਾਜ਼ਦਾਹ ਕਰੋਹੀ ਸਰਹੰਦ, ਵ ਫਰਸਤਾਦਨੇ ਆਂ ਇਤਜ਼ਾਤ ਜਮੀਅਤ ਹਫ਼ਤ ਸਦ ਸਵਾਰ ਵ ਮਸਾਲਹ ਤੋਪਖਾਨਾ ਵ ਮਹਸੂਰ ਸ਼ੁਦਨ ਆ ਮਕਰੂਰ ਦਰ ਹਵੇਲੀ ਜ਼ਿਮੀਂਦਾਰ ਮੌਜ਼ਿਮ ਚਮਕੌਰ ਵ ਕਤਲ ਰਸੀਦਨ ਦੋ ਪਿਸਰ ਵ ਰੁਫਕਾਇ ਓ, ਵ ਦਸਤੁਗੀਰ ਸ਼ੁਦਨ ਯਕ ਮਿਸਰ ਵਾ ਮਾਰਦਰਸ਼ (ਮਾਖ਼ਜ਼ੇ ਤਾਰੀਖ ਸਿੱਖਾਂ, ਜਿਲਦ ਅੱਵਲ, ਸਫ਼ਾ 74)'

ਇਹ ਸੰਭਾਵਨਾ ਕਿ ਚਮਕੌਰ ਦੇ ਸ਼ਹੀਦ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਸਣੇ ਸਾਹਿਬ ਫਤਿਹ ਸਿੰਘ ਤੇ ਮਾਤਾ ਗੁਜਰੀ ਚਮਕੌਰ ਤੋਂ ਗ੍ਰਿਫਤਾਰ ਕਰਕੇ ਸਰਹਿੰਦ ਲਿਆਂਦੇ ਗਏ, ਸੈਨਾਪਤੀ ਦੇ ਇਨ੍ਹਾਂ ਸ਼ਬਦਾਂ 'ਚੋਂ ਪ੍ਰਗਟ ਹੁੰਦੀ ਹੈ:

ਜੋ ਦਲ ਮੈਂ ਦਲ ਬਾਕੀ ਰਹੇ ਮਿਲ ਕੇ ਸਬ ਹੀ ਚਮਕੌਰ ਪੈ ਧਾਏ
ਸਾਹਿਬਜਾਦੇ ਲੀਏ ਗਹਿ ਕੌ, ਮਿਲ ਕੇ ਜਿਸਕੇ ਸਬ ਸੌਰੰਦ ਲਾਏ।

---

17. ਗੁਰੂ ਸ਼ੋਭਾ ਦੇ ਲੇਖਕ ਸੈਨਾਪਤੀ ਜੋ ਖਾਲਸਾ ਉਪਨਾਮ ਹੇਠ ਲਿਖਦੇ ਸਨ, ਦਸਮੇਸ਼ ਦੇ ਦਰਬਾਰੀ ਕਵੀ ਸਨ ਅਤੇ ਆਨੰਦਪੁਰ ਤਿਆਗ ਤੋਂ ਪਹਿਲਾਂ ਹੋਰਨਾਂ ਕਵੀਆਂ ਵਾਂਗ ਰੁਖਸਤ ਹੋ ਕੇ ਚਲੇ ਗਏ ਸਨ। ਉਹ ਸਾਫ਼ ਲਿਖਦੇ ਹਨ ਕਿ ਗੁਰੂ ਸ਼ੋਭਾ ਸੁਣੀ ਸੁਣਾਈਆਂ ਗੱਲਾਂ 'ਤੇ ਆਧਾਰਿਤ ਹੈ। ਜ਼ਫ਼ਰਨਾਮਾ ਸੰਬੰਧੀ ਭੀ ਲਿਖਦੇ ਹਨ ਕਿ ਅਸੀਂ ਤਕਿਆ ਨਹੀਂ। ਇਸ ਲਈ ਉਨ੍ਹਾਂ ਦੀਆਂ ਗਲਤ ਬਿਆਨੀਆਂ ਜਿਹਾ ਕਿ ਦਸਮੇਸ਼ ਜੀ ਨੇ ਔਰੰਗਜ਼ੇਬ ਤੋਂ ਮੁਲਾਕਾਤ ਆਪ ਮੰਗੀ। ਉਨ੍ਹਾਂ ਦੱਖਣ ਜਾਂਦਿਆਂ ਰਾਹ ਵਿਚ ਹੋਰ ਸ਼ਾਦੀ ਕੀਤੀ ਲਈ ਉਨ੍ਹਾਂ ਨੂੰ ਦੋਸ਼ ਨਹੀਂ ਦੇਣਾ ਚਾਹੀਦਾ।

ਇਸਦੀ ਪੁਸ਼ਟੀ ਕਰਦਾ ਹੈ ਭਾਈ ਦੁਨਾ ਸਿੰਘ ਹੰਡੂਰੀਆ ਕਰਤਾ 'ਕਥਾ ਗੁਰੂ ਜੀ ਕੇ ਸੁਤਨ ਕੀ' ਜਿਸਦੀ ਦੱਸ ਪ੍ਰੋ: ਪਦਮ ਨੇ ਪਾਈ ਹੈ। ਭਾਈ ਦੁੱਨਾ ਸਿੰਘ ਸਮੇਤ ਸਾਹਿਬਜ਼ਾਦੇ ਤੇ ਮਾਤਾ ਜੀ ਦੇ ਚਮਕੌਰ ਕੁੰਮੇ ਮਾਸ਼ਕੀ ਦੇ ਘਰ ਠਹਿਰੇ ਅਤੇ ਲੱਛਮੀ ਬ੍ਰਾਹਮਣੀ ਇਨ੍ਹਾਂ ਨੂੰ ਪ੍ਰਸ਼ਾਦਿ ਛਕਾਉਂਦੀ ਰਹੀ। ਇਥੋਂ ਸਹੇੜੀ ਦੇ ਦੋ ਬ੍ਰਾਹਮਣ ਮਸੰਦ ਧੂਮਾ ਤੇ ਦਰਬਾਰੀ (ਜਿਨ੍ਹਾਂ ਵਿਚੋਂ ਕਿਸੇ ਦਾ ਦੂਜਾ ਪ੍ਰਸਿੱਧ ਨਾਮ ਗੰਗੂ ਵੀ ਸੀ, ਇਨ੍ਹਾਂ ਨੂੰ ਆਪਣੇ ਘਰ ਲੈ ਗਏ। ਮਾਇਆ ਦੀ ਖੁਰਜੀ ਚੁੱਕਣ 'ਤੇ ਝਗੜਾ ਹੋ ਗਿਆ। ਤੇ ਉਨ੍ਹਾਂ ਨੇ ਮੋਰਿੰਡਾ ਦੇ ਹਾਕਮਾਂ ਨੂੰ ਇਤਲਾਅ ਦੇ ਕੇ ਗ੍ਰਿਫ਼ਤਾਰ ਕਰਵਾ ਦਿੱਤਾ, ਜਿਥੋਂ ਇਨ੍ਹਾਂ ਨੂੰ ਸਰਹਿੰਦ ਲਿਆਂਦਾ ਗਿਆ। ਇਥੇ ਸਾਹਿਬਜ਼ਾਦੇ ਕਟਾਰ ਨਾਲ ਸ਼ਹੀਦ ਕੀਤੇ ਗਏ ਤੇ ਇਕ ਚੌਤਰੇ ਹੇਠ ਦੱਬੇ ਗਏ। ਉਥੋਂ ਲਾਸ਼ਾਂ ਕੱਢਵਾ ਕੇ ਟੋਡਰ ਮੱਲ ਨੇ ਦਾਹ ਸੰਸਕਾਰ ਕੀਤਾ।

ਜਿਸ ਜ਼ੋਰਾਵਰ ਸਿੰਘ ਦਾ ਜ਼ਿਕਰ ਸੈਨਾਪਤੀ ਕਰਦਾ ਹੈ ਕਿ ਉਹ ਲੜਦੇ ਲੜਦੇ ਚਮਕੌਰ 'ਚੋਂ ਨਿਕਲ ਗਏ ਅਤੇ ਤਾਰੀਖ਼ੇ ਮੁਅੱਜ਼ਮ ਸ਼ਾਹੀ ਦਾ ਕਰਤਾ ਮੌਲਵੀ ਅਬਦੁਲ ਰਸੂਲ, ਜਿਸ ਨੂੰ ਗੁਰੂ ਗੋਬਿੰਦ ਸਿੰਘ ਦਾ ਪੁੱਤਰ ਮੰਨ ਕੇ, ਦੱਖਣ ਦੇ ਰਾਹ ਵਿਚ ਚਿਤੌੜਗੜ੍ਹ ਸੈਰ ਕਰਨ ਗਏ, ਕਿਲਾਦਾਰ ਦੇ ਆਦਮੀਆਂ ਨਾਲ ਹੋਏ ਝਗੜੇ ਵਿਚ ਸ਼ਹੀਦ ਹੋ ਗਿਆ ਦਸਦਾ ਹੈ, ਉਹ ਜ਼ੋਰਾਵਰ ਹੋਰ ਹੈ ਜਿਸ ਦੀ ਸਮਾਧ ਖ਼ਿਦਰਾਬਣ (ਜ਼ਿਲ੍ਹਾ ਅੰਬਾਲਾ) ਵਿਚ ਹੈ। ਰਵਾਇਤ ਹੈ ਕਿ ਇਹ ਜ਼ੋਰਾਵਰ ਸਿੰਘ ਹੋਰ ਕਈ ਹੋਣਹਾਰ ਨੌਜਵਾਨਾਂ ਵਾਂਗ ਬਚਪਨ ਤੋਂ ਅਨੰਦਪੁਰ, ਗੁਰੂ ਦੇ ਹਜ਼ੂਰ ਰਹਿ ਕੇ ਪਲਿਆ ਤੇ ਪ੍ਰਵਾਨ ਚੜ੍ਹਿਆ। ਇਕ ਦਿਨ ਇਸ ਨੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੂੰ ਕੁਸ਼ਤੀ ਵਿਚ ਢਾਹ ਲਿਆ। ਪਰ ਗੁਰੂ-ਪੁੱਤਰ ਦੇ ਸਤਿਕਾਰ ਦਾ ਖਿਆਲ ਕਰ ਕੇ ਸਹਿਮ ਗਿਆ। ਅੰਤਰਯਾਮੀ ਸਤਿਗੁਰੂ ਨੇ ਇਹਨੂੰ ਸ਼ਾਬਾਸ਼ ਦੇ ਕੇ ਚੜ੍ਹਦੀ ਕਲਾ ਵਿਚ ਖੇਡਣ ਦੀ ਹੱਲਾਸ਼ੇਰੀ ਦਿੱਤੀ! ਗਲ ਨਾਲ ਲਾ ਕੇ ਆਪਣਾ ਦੂਜਾ ਪੁੱਤਰ ਜ਼ੋਰਾਵਰ ਸਿੰਘ ਹੋਣ ਦਾ ਮਾਣ ਦਿੱਤਾ, ਜਿਸ ਤੋਂ ਇਹਦੀ ਪ੍ਰਸਿੱਧੀ ਬਤੌਰ ਗੁਰੂ-ਪੁੱਤਰ ਦੇ ਹੋ ਗਈ। ਅਜੀਤ ਸਿੰਘ ਪੁਤਰੇਲੇ ਵਾਂਗ, ਜੋ ਵਾਸਤਵ ਵਿਚ ਗੁਰੂ ਅੰਸ਼ ਨਹੀਂ ਸਨ। ਇਉਂ ਨਾ ਤਾਂ ਸਭ ਤੋਂ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਦਿੱਲੀ ਵਿਚ ਪੂਰੇ ਹੋਏ ਅਤੇ ਨਾ ਹੀ ਸਾਹਿਬ ਜ਼ੋਰਾਵਰ ਸਿੰਘ ਚਿਤੌੜਗੜ੍ਹ ਵਿਚ। ਸਗੋਂ ਗੁਰੂ ਦੀਆਂ ਚਾਰ ਸੰਤਾਨਾਂ ਵਿਚੋਂ ਦੋ ਸਾਹਿਬ ਅਜੀਤ ਸਿੰਘ, ਜੁਝਾਰ ਸਿੰਘ ਚਮਕੌਰ ਵਿਚ ਅਤੇ ਦੋ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਸਰਹਿੰਦ ਵਿਚ ਸ਼ਹੀਦ ਹੋਏ, ਜਿਸ ਦੀ ਗਵਾਹੀ ਜ਼ਫ਼ਰਨਾਮਾ ਦੇਂਦਾ ਹੈ:

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤਹ ਚਾਰ।
ਕਿ ਬਾਕੀ ਬਿਮਾਂਦਸਤ ਪੇਚੀਦਹ ਮਾਰ ॥੭੮॥

ਸਾਹਿਤਕ ਉੱਚਤਾ

ਜ਼ਫ਼ਰਨਾਮੇ ਨੂੰ ਗੁਰੂ-ਕ੍ਰਿਤ ਨਾ ਮੰਨਣ ਵਾਲੇ ਇਹ ਵੀ ਦਲੀਲ ਦੇਂਦੇ ਹਨ ਕਿ ਮੌਜੂਦਾ ਸ਼ਕਲ ਵਿਚ ਜ਼ਫ਼ਰਨਾਮੇ ਦੀ ਸਾਹਿਤਕ ਪੱਧਰ ਇੱਡੀ ਉੱਚੀ ਨਹੀਂ ਕਿ ਇਸ ਨੂੰ ਗੁਰੂ-ਕ੍ਰਿਤ ਆਖਿਆ ਜਾ ਸਕੇ। ਸਾਹਿਤਕ ਪੱਧਰ ਦੀ ਅਖੌਤੀ ਨਿਵਾਣਤਾ ਦਾ ਕਾਰਨ ਹੈ ਸਮੇਂ ਸਮੇਂ ਸਿਰ ਇਸ ਦੇ ਗੁਰਮੁਖੀ ਤੋਂ ਫ਼ਾਰਸੀ ਲਿਪੀ ਵਿਚ ਅਤੇ ਦੂਜੀ ਤੋਂ ਪਹਿਲੀ ਵਿਚ ਉਤਾਰਾ ਕੀਤਾ ਜਾਣਾ। ਫ਼ਾਰਸੀ ਤੋਂ ਅਨਜਾਣ ਗੁਰਮੁਖੀ-ਲਿਖਾਰੀਆਂ ਦੀਆਂ ਗਲਤੀਆਂ ਨੂੰ ਫਾਰਸੀ ਦਾਨ ਲਿਖਾਰੀਆਂ ਨੇ ਆਪਣੀ ਸਮਝ ਅਨੁਸਾਰ ਸੋਧਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਅਸਲੀ

ਭਾਵ ਉੱਡ ਗਿਆ ਯਾ ਨਕਲ ਦਰ ਨਕਲ ਨੁਸਖਿਆਂ ਵਿਚ ਪਈਆਂ ਗਲਤੀਆਂ ਕਾਰਨ ਮਸ਼ਕੂਕ ਦਿਸਦੇ ਛੰਦਾਂ ਨੂੰ ਬਦਲ ਦਿੱਤਾ ਗਿਆ ਯਾ ਨਜ਼ਰ ਅੰਦਾਜ਼ ਕਰ ਦਿੱਤਾ ਗਿਆ। ਨਾਜ਼ ਸਾਹਿਬ ਲਿਖਦੇ ਹਨ,

'ਆਪ ਦੇਖੋਗੇ ਕਿ ਮਹਾਰਾਜ ਕੇ ਕਲਾਮ ਮੇਂ ਬਹੁਤ ਜ਼ੋਰ ਹੈ, ਬਹੁਤ ਪੱਖ਼ਤਗੀ ਹੈ, ਔਰ ਬਹੁਤ ਰਵਾਨੀ ਹੈ। ਉਨ ਕੀ ਜ਼ੁਬਾਨ ਰੋਜ਼ ਮੱਰਾਹ ਕੀ ਮਾਲੂਮ ਹੋਤੀ ਹੈ......ਕਿਆਸ ਗੁਜ਼ਰਤਾ ਹੈ ਕਿ ਇਨਹੋਂ ਫ਼ਾਰਸੀ ਮੇਂ ਬਾਤ ਚੀਤ ਕਰਨੇ ਮੇਂ ਕਾਫੀ ਮੁਹਾਰਤ ਥੀ। ਜ਼ਫ਼ਰਨਾਮਾ ਕੀ ਏਕ ਖ਼ੂਬੀ ਯੇਹ ਭੀ ਹੈ ਕਿ ਮਹਾਰਾਜ ਨੇ ਇਸੇ ਜੰਗੀ ਤਰਜ਼ ਮੇਂ ਲਿਖਾ, 'ਫ਼ਾਊਲਨ, ਫ਼ਾਊਲਨ, ਫ਼ਾਊਲਨ, ਫਾਊਲ' ਰਜ਼ਮੀਆਂ ਨਜ਼ਮੇਂ ਐਸੀ ਹੀ ਤਰਜ਼ ਮੇਂ ਹੋਂ ਤੋ ਤਬੀਅਤ ਸੇ ਵਲਵੇ ਪੈਦਾ ਕਰਤੀ ਹੈ ਔਰ ਦਿਲ ਮੇਂ ਜੋਸ਼.....ਗੁਰੂ ਗੋਬਿੰਦ ਸਿੰਘ ਕਾ ਕਲਾਮ ਪੁਖ਼ਤਗੀ ਕਾ ਨਾਦਰ ਨਮੂਨਾ ਹੈ, ਅਰੂਜ਼ ਕੀ ਗ਼ਲਤੀ ਇਨ ਮੇਂ ਨਹੀਂ ਹੋ ਸਕਤੀ। ਲੇਕਿਨ ਤਬਾਅ-ਸ਼ੁਦਾ (ਛਪੇ ਹੋਏ) ਕਈ ਨੁਸਖ਼ੋਂ ਮੇਂ ਹੈਰਤ ਅੰਗੇਜ਼ ਗਲਤੀਆਂ ਹੈਂ, ਮਸਲਨ ਕੁਸੱਮ ਕੇ ਸੀਨ ਕੋ ਸਾਕਨ ਲਿਖਾ ਗਿਆ ਹੈ, ਹਾਲਾਂਕਿ ਇਸ ਪਰ ਜ਼ਬਰ ਹੈ। ਦੀਵਾਰ ਕੀ ਵਾਓ ਹਜ਼ਫ਼ ਕਰ ਦੀ ਗਈ ਹੈ। ਅਜ਼ਾਰ ਕੋ ਅਜ਼ਾਰ ਬਾਂਧਾ ਗਿਆ ਹੈ। ਕੁਰੱਆਨ ਕੀ 'ਰੇ' ਮੁਤਸ਼ਦੱਦ ਹੈ ਮਗਰ ਇਸੇ ਇਸ ਸ਼ਕਲ ਮੇਂ ਨਹੀਂ ਬਾਂਧਾ ਗਿਆ। ਮੁਝੇ ਐਸਾ ਮਾਲੂਮ ਹੋਤਾ ਹੈ ਕਿ ਜਿਨ ਅਹਬਾਬ ਨੇ ਯਾਦਦਾਸ਼ਤ ਸੇ ਕਾਮ ਲੇਕਰ ਸ਼ੁਰੂ ਸ਼ੁਰੂ ਮੇਂ ਇਨ ਅਸ਼ਆਰ ਕੋ ਕਾਗ਼ਜ਼ ਪਰ ਲਿਖਾ, ਇਲਮੇ ਅਰੂਜ਼ ਸੇ ਵਾਕਫ਼ ਨਹ ਥੇ। ਅਗਰ ਵਹ ਅਲਫ਼ਾਜ਼ ਕੋ ਜ਼ਰਾ ਆਗੇ ਪੀਛੇ ਕਰ ਦੇਤੇ ਤੋ ਯਿਹ ਸੁਕਮ ਨਿਕਲ ਜਾਤਾ ਹੈ।....ਮੈਂ ਨੇ ਆਪਨੀ ਦਾਨਿਸਤ ਕੇ ਮੁਤਾਬਕ ਅਲਫ਼ਾਜ਼ ਕੋ ਆਗੇ ਪੀਛੇ ਕਰਕੇ ਯਿਹ ਸੁਕਮ ਦੂਰ ਕਰ ਦੀਏ ਹੈਂ। ਮੇਰਾ ਦਾਅਵਾ ਹੈ ਕਿ ਇਸ ਕਿਤਾਬ ਮੇਂ ਜ਼ਫ਼ਰਨਾਮਾ ਕੇ ਅਸ਼ਆਰ ਕੀ ਸ਼ਕਲੋ ਸੂਰਤ ਉਹੀ ਹੈ ਜਿਸ ਮੇਂ ਗੁਰੂ ਗੋਬਿੰਦ ਸਿੰਘ ਕੀ ਜ਼ੁਬਾਨ ਸੇ ਨਿਕਲੇ ਥੇ।'

ਪਰ ਇਸ ਦਲੇਰਾਨਾ ਦਾਅਵੇ ਦੇ ਬਾਵਜੂਦ ਨਾਜ਼ ਵਲੋਂ ਅਪਨਾਏ ਗਏ ਮੱਤਨ ਵਿਚ ਕੁਝ ਖ਼ਾਮੀਆਂ ਰਹਿ ਗਈਆਂ ਹਨ ਤੇ ਅਨੁਵਾਦ ਵਿਚ ਉਕਾਈਆਂ। ਮਸਲਨ ਫ਼ਤਹਨਾਮੇ ਦੇ ਦਸਵੇਂ ਬੰਦ ਵਿਚ ਆਏ 'ਬੂੰਮ' ਸ਼ਬਦ ਦਾ ਅਰਥ 'ਧਰਤੀ' ਦੀ ਥਾਂ 'ਅੱਲੂ' ਹੀ ਕਰ ਦਿੱਤਾ ਹੈ। ਹੇਠਲੇ ਛੰਦ ਵਿਚ ਆਪ ਨੇ 'ਮੁਹੰਮਦ' ਦੀ ਥਾਂ 'ਨਹ ਮੁਹਕਸ' ਕਰ ਦਿੱਤਾ ਹੈ।

ਨਹ ਈਮਾਂ ਪ੍ਰਸਤੀ ਨਹ ਔਜ਼ਾਏ ਦੀਂ। ਨਹ ਸਾਹਿਬ ਸ਼ਨਾਸੀ ਮੁਹਮੱਦ ਯਕੀਂ।

ਜੇ ਭੋਲਾ ਵਾਂਗ 'ਮਹੰਮਦ' ਦੀ ਥਾਂ 'ਨਹ ਅਹਿਮਦ' ਬੰਨ੍ਹ ਦਿੰਦੇ ਤਾਂ ਅਸਲ ਦੇ ਵਧੇਰੇ ਨੇੜੇ ਰਹਿੰਦੇ। ਫੇਰ ਆਪਣੇ ਹੇਠਲੇ ਬੰਦ ਦੀ ਕਾਫੀਏ ਦੀ ਉਕਾਈ ਵਲ ਧਿਆਨ ਨਹੀਂ ਦਿੱਤਾ :

ਕਿ ਦਰ ਬਾਰਗਾਹਤ ਆਇਮ ਬੁਮਾ
ਵਜ਼ਾ ਰੋਜ਼ ਬਾਸ਼ੀ ਤੋ ਸ਼ਾਹਦ ਹਮਾਂ

ਭੋਲਾ, ਜਿਸ ਨੇ-ਵੀ ਇਮਲਾ, ਹਿਜੇ ਤੇ ਕਾਫੀਏ ਦੀ ਦਰੁਸਤੀ ਕੀਤੀ ਹੈ ਤੇ ਨਾਜ਼ ਦੀਆਂ ਗਲਤੀਆਂ ਕੱਢੀਆਂ ਹਨ[18] ਇਸ ਛੰਦ ਨੂੰ ਇਉਂ ਲਿਆ ਹੈ :

ਕਿਹ ਮਾ ਬਾਰ ਗਾਹ ਹਜ਼ਰਤ ਆਇਮ ਤੁਰਾ
ਅਜਾਂਰੋਜ਼ ਬਾਸ਼ਮ ਸ਼ਾਹਦ ਬਰ ਬੁਮਾ।

---

18. 'ਨਾਨਕ ਚੰਦ ਨਾਜ਼ ਨੇ ਫਤਹ ਨਾਮਹ ਕੇ ਦਸਵੇਂ ਬੰਦ ਕੇ ਮਿਸਰਾਮ ਸਾਕੀ ਮੇਂ ਆਨੇ ਵਾਲੇ ਲਫਜ਼ ਬੂਮ ਕਾ ਤਰਜ਼ ਮਾਹ 'ਉਲੂ' ਕੀਆ ਹੈ ਜਬ ਕਿ ਹਮਨੇ 'ਸਰਜ਼ਮੀਨ ਵਤਨ' ਕੀਆ ਹੈ।

ਇਨ੍ਹਾਂ ਨੇ ਹੇਠਲੇ ਛੰਦ 'ਚੋਂ 'ਰਹਾਕੁ' ਸ਼ਬਦ ਕੱਢ ਕੇ 'ਰਜ਼ਾਕ' ਜੜ ਦਿੱਤਾ ਹੈ ਕਿਉਂਕਿ ਇਨ੍ਹਾਂ ਜਿਸ ਨੁਸਖੇ ਨੂੰ ਵਰਤਿਆ ਹੈ ਉਸ ਵਿਚ ਸ਼ਬਦ 'ਰਹਾਕੁ' ਛੋਟੇ ਕਾੜ ਨਾਲ ਲਿਖਿਆ ਹੋਇਆ ਸੀ ਤੇ ਕਿਤੇ ਉਨ੍ਹਾਂ ਰਿਹਾਕੁਨ ਵੀ ਲਿਖਿਆ ਸੀ :

ਕਮਾਲੇ ਕਰਾਮਾਤ[19] *ਕਾਇਮ ਕਰੀਮ। ਰਜਾਬਖਸ਼ ਰਾਜ਼ਕ ਰਿਹਾਕੋ ਰਹੀਮ।*

'ਰਿਹਾਕ' ਦਾ ਅਰਥ ਹੈ ਮੁਕਤੀ ਦੇਣ ਵਾਲਾ ਪਰੰਤੂ ਭੋਲਾ ਦੀ ਪੁਸਤਕ ਪ੍ਰੀਚਾਇਕ ਏ. ਐਸ. ਡਿੰਗਲੇ ਦੇ ਸ਼ਬਦਾਂ ਵਿਚ ਇਹ ਲਫਜ਼ ਫਾਰਸੀ ਵਿਚ ਇਨ੍ਹਾਂ ਅਰਥਾਂ ਵਿਚ ਵਰਤਿਆ ਨਹੀਂ ਜਾਂਦਾ। ਪਰ ਗੁਰਬਾਣੀ ਦੀ ਸ਼ਬਦਾਵਲੀ ਅਕਸਰ ਪ੍ਰਚਲਿਤ ਅਰਥਾਂ ਤੋਂ ਵੱਖਰੇ ਅਰਥਾਂ ਦੀ ਧਾਰਣੀ ਹੈ। ਇਹਦੇ ਸ਼ਬਦਾਂ 'ਵੇਦ, ਰਾਮ, ਰਘੁਨਾਥ, ਕਿਰਿਆ, ਦੀਵਾ, ਫੁੱਲ, ਪੱਤਲ, ਆਰਤੀ ਦੇ ਅਰਥ ਹੋਰ ਹਨ। ਇਵੇਂ ਹੀ ਇਸ ਸ਼ਬਦ ਦੀ ਵਰਤੋਂ ਦਾ ਹਾਲ ਹੈ ਜੋ ਜਾਪ ਸਾਹਿਬ ਵਿਚ ਵੀ ਇਨ੍ਹਾਂ ਅਰਥਾਂ ਵਿਚ ਵਰਤਿਆ ਗਿਆ ਹੈ :

ਕਿ ਰੋਜ਼ੀ ਰਜ਼ਾਕੇ। ਰਹੀਮੇ ਰਹਾਕੇ।

ਭੋਲਾ ਅਨੁਸਾਰ ਜ਼ਫ਼ਰਨਾਮਾ ਇਸਲਾਮੀ ਕਾਵਿ ਪਰੰਪਰਾ ਦਾ ਧਾਰਨੀ ਹੈ ਜਿਹਦਾ ਸਿਰਲੇਖ ਹੈ '੧ਓ, ਹੁਕਮ ਸਤਿ, ਸ੍ਰੀ ਵਾਹਿਗੁਰੂ ਜੀ ਕੀ ਫਤਹ, ਜ਼ਫ਼ਰਨਾਮਹ ਸ੍ਰੀ ਮੁਖ ਵਾਕ ਪਾਤਸ਼ਾਹ ੧੦, ਇਹਦਾ ਅਰਬੀ ਤਰਜ਼ਮਾ ਆਪ ਨੇ ਇਉਂ ਕੀਤਾ ਹੈ 'ਕੁਲ ਹੂ ਅੱਲਾਹ, ਅਹਦ, ਅਮਰ ਅਲੈਹ ਹੱਕ, ਨਸਰਮਿਨ ਅੱਲਾਹ, ਜ਼ਫ਼ਰਨਾਮਹ, ਕਾਲ ਜ਼ੁਬਾਨੁ ਮਲਿਕ ੧੦।' ਭੋਲਾ ਜੀ ਪਾਤਸ਼ਾਹੀ ੧੦ ਦਾ ਤਰਜਮਾ ਕਰਨ ਲੱਗਿਆਂ ਜੇ ਭਾਈ ਨੰਦ ਲਾਲ ਗੋਇਆ ਦੇ ਕਲਾਮ 'ਚੋਂ **'ਸਲਤਨਤ ਦਹਮ'** ਤਕ ਲੈਂਦੇ ਤਾਂ **'ਮਲਿਕ ੧੦'** ਨਾ ਕਰਦੇ।

'ਹਾਥੀ ਲੁਟੇਗਾ ਭੀ ਤੋ ਕਹਾਂ ਤਕ' ਅਨੁਸਾਰ ਜ਼ਫ਼ਰਨਾਮਾ ਦੀ ਮੌਜੂਦਾ ਸ਼ਕਲ ਵਿਚੋਂ ਵੀ ਦਸਵੇਂ ਪਾਤਸ਼ਾਹ ਦੀ ਸ਼ੈਲੀ ਦੀ ਮੌਲਿਕਤਾ ਅਤੇ ਕਾਵਿ ਦੀ ਸਾਹਿਤਕ ਉੱਚਤਾ ਦੇ ਨਮੂਨੇ ਮਿਲ ਜਾਂਦੇ ਹਨ। ਉਨ੍ਹਾਂ ਨੇ ਫਿਰਦੌਸੀ ਦੇ ਬੋਲਾਂ ਦੀ ਤਜ਼ਮੀਨ ਕੀਤੀ ਹੈ, ਆਪਣੇ ਕਲਾਮ ਵਿਚ ਨਗਾਂ ਵਾਂਗ ਜੜਕੇ ਜਿਸਤੋਂ ਉਨ੍ਹਾਂ ਦੇ ਫਾਰਸੀ ਸਾਹਿਤ ਦੇ ਵਿਸ਼ਾਲ ਅਧਿਐਨ ਦੀ ਗਵਾਹੀ ਮਿਲਦੀ ਹੈ।

ਚਿਹ ਖੁਸ਼ ਗੁਫਤ ਫਿਰਦੌਸੀਏ ਖੁਸ਼ ਜਬਾਂ। 'ਸਤਾਬੀ ਬਵੱਦ ਕਾਰ ਆਹਰਮਨਾਂ।
ਚਿਹ ਖੁਸ਼ ਗੁਫਤ ਫਿਰਦੌਸੀਏ ਪਾਕ ਜ਼ਾਦ। ਕਿਹਰਮਤ ਬਰਾਂ ਤੁਰਬਤੇ ਪਾਕਬਾਦ।
'ਮਿਆਜ਼ਾਰ ਮੌਰੇ ਕਿ ਦਾਨਾ ਕਸ਼ਸਤ। ਕਿਹ ਜਾ ਦਾਰਦੋ ਜਾਨੇ ਸ਼ੀਰੀ ਖੁਸ਼ਅਤ।

ਅਰਥਾਤ ਮਿਠਬੋਲੇ ਫਿਰਦੌਸੀ ਨੇ ਕੀ ਚੰਗਾ ਕਿਹਾ ਹੈ 'ਕਾਹਲੀ ਕਰਨਾ ਸ਼ੈਤਾਨ ਦਾ ਕੰਮ ਹੈ।' ਵਾਹਿਗੁਰੂ ਉਹਦੀ ਪਵਿੱਤਰ ਕਬਰ 'ਤੇ ਰਹਿਮਤ ਵਰ੍ਹਾਏ। ਕੁਲੀਨ ਫਿਰਦੌਸੀ ਨੇ ਚੰਗਾ ਕਿਹਾ ਹੈ, 'ਦਾਣੇ ਇਕੱਠੇ ਕਰਨ ਵਾਲੀ ਸ਼੍ਰਮਜੀਵੀ ਕੀੜੀ ਨੂੰ ਨਾ ਸਤਾ, ਕਿਉਂਕਿ ਉਹਨੂੰ ਵੀ ਜਾਨ ਕਿੰਨੀ ਪਿਆਰੀ ਹੈ। ਸਦੀਵੀ ਸਚਾਈ ਭਰਪੂਰ ਬੰਦ 'ਚੂੰਕਾਰ ਅਜ਼ ਹਮਹ ਹੀਲਤੇ ਦਰ ਗੁਜਸ਼ਤ, ਹਲਾਲਸਤ ਬੁਰਦਨ ਬਸਮਸ਼ੇਰ ਦਸਤ' ਆਪ ਨੇ, ਮਿਸਰਾਅ ਅਵਲ ਵਿਚ ਦਸਤ ਦੀ ਥਾਂ 'ਕਾਰ' ਲਾ ਕੇ ਸਾਅਦੀ ਤੋਂ ਲਿਆ ਹੈ।

ਬਚਿੱਤਰ ਨਾਟਕ ਦੇ ਯੁੱਧ ਖੇਤਰਾਂ ਦੇ ਸਿੱਧ ਹਸਤ ਚਿੱਤਰਕਾਰ ਨੇ ਕਲਮ ਦੀਆਂ ਕੁਝ ਬੁਰਸ਼ ਛੁਹਾਂ ਨਾਲ ਇੱਥੇ ਵੀ ਮੈਦਾਨੇ ਜੰਗ ਦਾ ਨਕਸ਼ਾ ਆਪਣੇ ਖਾਸ ਅੰਦਾਜ਼ ਵਿਚ

---

19. ਨਾਜ਼ ਨੇ ਆਪਣੇ ਸੰਕਲਨ ਵਿਚ 'ਕਰਾਮਾਤ' ਦੀ ਥਾਂ 'ਕਮਾਲਾਤ' ਦਿਤਾ ਹੈ : 'ਕਮਾਲੇ ਕਮਾਲਾਤ ਕਾਇਮ ਕਰੀਮ'।

ਖਿਚਿਆ ਹੈ। ਉਪਮਾਆਂ ਅਲੰਕਾਰਾਂ ਦੀ ਵਰਤੋਂ ਦੇ ਨਾਲ ਨਾਲ ਉਹ ਉਬਲਦੇ ਤੇ ਭਖਦੇ ਸ਼ਬਦ ਵਰਤੇ ਹਨ ਜਿਨ੍ਹਾਂ ਦਾ ਸੇਕ ਬਰਫ ਵਾਂਗ ਜੰਮੇ ਖ਼ੂਨ ਨੂੰ ਖੌਲਾ ਸਕੇ ਤੇ ਕਾਇਰਤਾ ਦਾ ਹਿਮਾਲੀਆ ਵੀਰ ਰਸ ਦੇ ਜੋਸ਼ ਨਾਲ ਪਿਘਲ ਕੇ ਲਾਵਾ ਬਣ ਕੇ ਵਹਿ ਤੁਰੇ।

ਹਮ ਆਖਰ ਬਸੇ ਜ਼ਖਮ ਤੀਰੋ ਤੁਫੰਗ।
ਦੁ ਸੁਏ ਬਸੇ ਕੁਸ਼ਤਹ ਸ਼ੁਦ ਬੇਦਰੰਗ ॥੩੬॥
ਬਸੇ ਬਾਨ ਬਾਰੀਦ ਤੀਰੋ ਤੁਫੰਗ।
ਜਿਮੀਂ ਗਸ਼ਤ ਹਮ ਚੂੰ ਗੁਲੇ ਲਾਲਹ ਰੰਗ ॥੩੭॥
ਸਰੋ ਪਾਇ ਅੰਬੋਹ ਚੰਦਾ ਸ਼ੁਦਹ।
ਕਿ ਮੈਦਾਂ ਪੁਰ ਅਜ਼ ਗੋਇ ਚੌਗਾਂ ਸ਼ੁਦਹ ॥੩੮॥
ਤਰੰਕਾਰ ਤੀਰੋ ਤਰੰਕੇ ਕਮਾਂ
ਬਰਾਂਮਦ ਯਕੇ ਹਾਇਹੂ ਅਜ਼ ਜਹਾਂ ॥੩੯॥
ਦਿਗਰ ਸ਼ੋਰਸ਼ੇ ਕੈਬਰੇ ਕੀਨਹ ਕੋਸ਼।
ਜ਼ਿ ਮਰਦਾਨਹ ਮਰਦਾਂ ਬਰੂੰ ਰਫਤ ਹੋਸ਼ ॥੪੦॥

ਅਰਥਾਤ : ਅੰਤ ਦੀ ਬਾਕੀ, ਤੀਰਾਂ ਦੇ ਅਨੇਕਾਂ ਜ਼ਖ਼ਮਾਂ ਨਾਲ ਦੋਹੀਂ ਪਾਸੀਂ ਅਣਗਿਣਤ ਲੋਕ ਮਾਰੇ ਗਏ। ਤੀਰਾਂ ਦੀ ਵਰਖਾ ਨਾਲ ਵਗੇ ਖ਼ੂਨ ਨਾਲ ਧਰਤੀ ਪੋਸਤ ਦੇ ਫੁੱਲਾਂ ਵਾਂਗ ਲਾਲ ਹੋ ਗਈ। ਰਣ ਖੇਤਰ ਵਿਚ ਪਏ ਕੱਟੇ ਹੋਏ ਸਿਰ ਤੇ ਪੈਰ ਇਉਂ ਜਾਪਦੇ ਸਨ ਜਿਵੇਂ ਖੇਲ ਦੇ ਮੈਦਾਨ ਵਿਚ ਗੇਂਦ ਬੱਲੇ। ਤੀਰਾਂ ਅਤੇ ਕਮਾਨਾਂ ਦੀ ਟੁੰਕਾਰ ਅਤੇ ਫੱਟੜਾਂ ਦੇ ਹਾਲ ਪਾਹਰਿਆ ਨਾਲ ਜਹਾਨ 'ਚੋਂ ਇਕ ਹਾਹਾਕਾਰ ਉੱਠੀ। ਦੂਜੇ, ਖ਼ੂਣਸੀ ਤੀਰਾਂ ਦਾ ਸ਼ੋਰ ਵੱਡੇ ਵੱਡੇ ਸੂਰਮਿਆਂ ਦੀ ਹੋਸ਼ ਭੁਲਾ ਰਿਹਾ ਸੀ। (ਮੇਰੇ) ਉਹ ਚਾਲੀ (ਭੁੱਖੇ) ਸੂਰਮੇ ਕਦ ਤਕ ਜੂਝਦੇ ਜਦ ਕਿ ਉਨ੍ਹਾਂ ਉੱਤੇ ਬੇਸ਼ੁਮਾਰ ਵੈਰੀ ਟੁੱਟ ਪੈਣ। ਜਦ ਜਗਤ ਦੇ ਦੀਵੇ (ਸੂਰਜ) ਨੇ ਬੁਰਕਾ ਪਹਿਨ ਲਿਆ ਤਦ ਰਾਤ ਦਾ ਰਾਜਾ (ਚੰਦ) ਬੜੇ ਜੋਸ਼ ਨਾਲ ਜਲਵਾ ਦੱਸਣ ਆਇਆ।

ਇੱਥੇ ਰਾਤ ਪੈਣ ਦੀਆਂ ਦੋ ਅਛੋਤੀਆਂ ਉਪਮਾਆਂ ਹਕਾਇਤਾਂ 'ਚੋਂ ਦੇਣਾ ਕੁਥਾਂਹ ਨਹੀਂ ਹੋਵੇਗਾ।

(1) ਜਦ ਦਿਨ ਦੇ ਬਾਦਸ਼ਾਹ (ਸੂਰਜ) ਨੇ ਸ਼ਰਾਬ ਪੀ ਲਈ ਤਦ ਤਾਜ ਆਪਣੇ ਭਰਾ (ਚੰਦ) ਨੂੰ ਸੌਂਪ ਦਿੱਤਾ।

(2) ਜਦ ਨ੍ਹੇਰੇ ਰੂਪੀ ਹਬਸ਼ੀ ਨੇ ਸੂਰਜ ਦੀ ਟਿੱਕੀ ਰੂਪੀ ਦੀਨਾਰ (ਇਕ ਪੁਰਾਤਨ ਸੋਨੇ ਦਾ ਸਿੱਕਾ ਜੋ ਮਹਿਮੂਦ ਨੇ ਫਿਰਦੌਸੀ ਨੂੰ ਸ਼ਾਹਨਾਮੇ ਦੇ ਫੀ ਸ਼ੇਅਰ ਅਸ਼ਰਫ਼ੀ ਦੀ ਥਾਂ ਦੇਣਾ ਚਾਹਿਆ ਪਰ ਸ਼ਾਇਰ ਨੇ ਨਾ ਲਿਆ) ਚੁਰਾ ਲਿਆ ਤਾਂ ਜਹਾਨ ਧੂੰਏਂ ਤੇ ਗਰਦ ਨਾਲ ਭਰ ਗਿਆ।

ਇਸ ਤੋਂ ਇਹ ਗੱਲ ਵੀ ਪ੍ਰਗਟ ਹੁੰਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਜਿਵੇਂ ਹਿੰਦੀ ਤੇ ਪੰਜਾਬੀ ਵਿਚ ਫ਼ਾਰਸੀ ਅਰਬੀ ਦੇ ਸ਼ਬਦ ਵਰਤਣੋਂ ਸੰਕੋਚ ਨਹੀਂ ਕਰਦੇ ਤਿਵੇਂ ਫ਼ਾਰਸੀ ਵਿਚ ਹਿੰਦੀ ਤੇ ਸੰਸਕ੍ਰਿਤ ਸ਼ਬਦਾਂ ਦੀ ਵਰਤੋਂ ਕਰਕੇ ਭਾਸ਼ਾਵਾਂ ਤੇ ਸੰਸਕ੍ਰਿਤੀਆਂ ਦੀਆਂ ਜੱਫੀਆਂ ਪਵਾਉਂਦੇ ਹਨ। ਜ਼ਫ਼ਰਨਾਮੇ ਵਿਚ 'ਬਾਨ' ਅਤੇ ਯਜ਼ਦਾ-ਅਕਾਲ ਦਾ ਸਮਾਸ ਆਦਿ ਆਏ ਹਨ। ਇਉਂ ਸਾਹਿਬਾਂ ਨੇ ਗੁਰੂ ਗ੍ਰੰਥ ਸਾਹਿਬ ਵਿਚਲੀ ਪਰੰਪਰਾ (ਨਾਮਦੇਵ ਦੇ ਸਮਾਸ ਕਲੰਦਰ

ਕੇਸਵਾ ਅਤੇ ਮੀਰ ਮੁਕੰਦ) ਨੂੰ ਅੱਗੇ ਤੋਰਿਆ ਹੈ। ਧੁਨੀ ਚਿੱਤ੍ਰ, ਸ਼ਬਦ ਚਿੱਤ੍ਰ ਅਤੇ ਭਾਵ ਚਿੱਤਰ ਦੀ ਵੰਨਗੀ ਵੀ ਉਪਰਲੇ ਬੰਦਾਂ 'ਚੋਂ ਤੱਕੀ ਜਾ ਸਕਦੀ ਹੈ। ਅਨੁਪ੍ਰਾਸ ਸਾਜਨ ਦਾ ਲੋਭ ਗੁਰੂ ਗੋਬਿੰਦ ਸਿੰਘ ਕਦੇ ਵੀ ਤਿਆਗ ਨਹੀਂ ਸਕੇ। ਜ਼ਫ਼ਰਨਾਮੇ ਵਿਚ ਤਾਂ ਅਨੁਪ੍ਰਾਸਾਂ ਦਾ ਹੜ੍ਹ ਹੀ ਆ ਗਿਆ ਹੈ। ਕੁਝ ਉਦਾਹਰਨ ਇਹ ਹੈ :

(1) ਕਮਾਲ ਏ ਕਰਾਮਾਤ ਕਾਇਮ ਕਰੀਮ
(2) ਰਜ਼ਾਬਖ਼ਸ਼ ਰਾਜ਼ਕ ਰਹਾਕੋ ਰਹੀਮ
(3) ਕਿ ਓ ਬੇ ਨਗੂੰਨ ਅਸਤ ਵ ਓ ਬੇ ਚਗੂੰ
(4) ਨਹ ਸਾਜ਼ੋ ਨਹ ਬਾਜ਼ੋ ਨਹ ਫ਼ੌਜ਼ੋ ਨਹ ਫ਼ਰਸ਼
(5) ਕੁਸ਼ਾਇੰਦਹ-ਇ-ਕਾਰੇ ਆਲਮ ਕੁਸ਼ਾਏ
(6) ਕਸੇ ਕੌਲੇ ਕੁਰੱਆਂ ਕੁਨੱਦ ਅਖਤਿਆਰ

ਅਸਲੀ ਨੁਸਖਾ ਕਿੱਥੇ ?

ਗੁਰੂ ਸਾਹਿਬ ਦੇ ਖਾਸ ਦਸਤਖਤ ਵਾਲਾ ਜ਼ਫ਼ਰਨਾਮਾ ਹਾਲੇ ਤੱਕ ਨਹੀਂ ਮਿਲਿਆ। ਇਸ ਦੀ ਅਣਹੋਂਦ ਦੇ ਕਈ ਕਾਰਨ ਕਈ ਲੇਖਕਾਂ ਨੂੰ ਟੱਪਲੇ ਲੱਗੇ। ਕਨਿੰਘਮ ਨੇ ਦਸਮ ਗ੍ਰੰਥ ਵਿਚਲੇ ਜ਼ਫ਼ਰਨਾਮੇ ਦਾ ਸਾਰ ਦਿੱਤਾ ਹੈ ਤੇ ਮੈਕਾਲਿਫ ਨੇ ਪੂਰਾ ਤਰਜਮਾ, ਲਤੀਫ਼ ਅਤੇ ਉਸ ਵਰਗੇ ਪੱਖਪਾਤੀ ਮੁਸਲਮਾਨ ਲੇਖਕਾਂ ਨੇ ਝੂਠੀ ਕਲਪਨਾ ਕਰਕੇ ਖੰਭਾਂ ਦੀਆਂ ਡਾਰਾਂ ਬਣਾ ਛੱਡੀਆਂ। ਪੁਰਾਤਨ ਸਿੱਖ ਲੇਖਕਾਂ ਸੈਨਾਪਤੀ ਅਤੇ ਸੇਵਾਦਾਸ ਨੂੰ ਵੀ ਜ਼ਫ਼ਰਨਾਮਾ ਵੇਖਣ ਨੂੰ ਨਹੀਂ ਮਿਲਿਆ। ਸੈਨਾਪਤੀ ਨੇ ਤਾਂ ਇਸਦਾ ਇਕਬਾਲ ਵੀ ਕੀਤਾ ਹੈ। ਪਰ ਸੇਵਾ ਦਾਸ ਨੇ ਜੋ ਫਾਰਸੀ ਦਾ ਚੰਗਾ ਵਿਦਵਾਨ ਜਾਪਦਾ ਹੈ, ਕੇਵਲ ਕਲਪਨਾ ਤੋਂ ਹੀ ਕੰਮ ਲਿਆ ਹੈ। ਮਸਲਨ ਉਹ ਲਿਖਦੇ ਹਨ, 'ਅਰੁ ਜਉ ਤੇਰੇ ਹਿਰਦੇ ਮਹਿ ਯਹਿ ਗੁਮਾਨ ਹੋਇ ਜੋਂ ਮੈਂ ਕੁਰਾਨ ਪੜਤਾ ਹੋਂ, ਇਤਕਰ ਬਖਸਿਆ ਜਾਵਉਗਾ, ਸੋ ਇਹ ਗਮਾਨ ਵੀ ਤੇਰਾ ਝੂਠਾ ਹੈ। ਕਾਹੇ ਤੇ ਜੋ ਕੁਰਾਨ ਜ਼ੁਬਨ ਸਾਥ ਪੜ੍ਹਿਆ, ਤਉ ਕਿਹਾ ਹੂਆ। ਅਮਲਾਂ ਬਿਨਾਂ ਕੋਊ ਨਹੀਂ ਬਖ ਸੀਤਾ। ਦਗਰ ਪੰਖੀ ਕੇ ਪਰਾਂ ਊਪਰ ਕੁਰਾਨ ਲਿਖਿਆ ਹੋਇਆ ਹੈ।[20] ਸੋ ਦਗਰਾ ਪੰਖੀ ਕਉਨ ਸੇ ਅਉਲੀਆਉ

---

20. ਇਸ ਸੰਬੰਧ ਵਿਚ ਦਿੱਲੀ ਦੇ ਅੰਗ੍ਰੇਜ਼ੀ ਮਾਸਕ ਪੱਤ੍ਰ ਕਾਰਵਾਂ (carvan), 15 ਫਰਵਰੀ 1967 ਉਤੇ ਛਪੀ ਖਬਰ ਦਿਲਚਸਪੀ ਤੋਂ ਖਾਲੀ ਨਹੀਂ। ਇਸ ਵਿਚ ਉੱਤਰੀ ਅਫਰੀਕਾ ਦੇ ਸਮੁੰਦਰੀ ਤੱਟ ਦਾਰੂਲ ਸਲਾਮ ਤੋਂ ਫੜੀ ਇਕ ਉਡਾਰੂ ਮੱਛੀ ਦਾ ਜ਼ਿਕਰ ਹੈ ਜਿਸਦੇ ਪਰਾਂ ਉਤੇ ਕੁਰਾਨ ਦੀਆਂ ਆਇਤਾਂ ਲਿਖੀਆਂ ਹੋਈਆਂ ਸਨ ਤੇ ਉਸ ਮੱਛੀ ਦੀ ਜ਼ਿਆਰਤ ਸੋਰਾਸ਼ਟਰਾਂ ਦੇ ਮੁਸਲਮਾਨਾਂ ਨੂੰ ਕਰਵਾਈ ਗਈ।

A small butterfly fish found on the East Africa coast and which hit the head lines in the African press is now in Saurashtra. The fish worth a pittance, soared in value because a Muslim prayer was found inscribed on its tall. The fish was caught off Dares Salaam in East Africa on 23rd August 1965. Overnight the price of this fish shot up to Rs. 5,000. (Caravan, New Delhi. 15th Feb, 1967, page 64).

ਹੋਇ ਗਏ ਹਰਿ ਜੋ ਤੂੰ ਅਉਲੀਆਉ ਹੋਇ ਜਾਕਹਿਗਾ।....' ਸਾਰੇ ਜ਼ਫ਼ਰਨਾਮੇ ਵਿਚ ਦਗਰਾ ਸ਼ਬਦ ਨਹੀਂ ਮਿਲਦਾ ਕੁਝ ਰਲਦਾ ਮਿਲਦਾ ਸ਼ਬਦ ਦਿਗਰ ਹੀ ਹੈ

ਨਹ ਦਾਨਮ ਕਿਹ ਈਂ ਮਰਦ ਰੋਬਾਂਹ ਪੇਚ

ਦਿਗਰ[21] ਹੋਰ ਰਾਸੀਂ ਰਾਹ ਨਿਰਾਅਦ ਬਹੇਚ ॥੨੪॥

ਪਤਾ ਨਹੀਂ ਮਹਾਂ ਕਵੀ ਸੰਤੋਖ ਸਿੰਘ ਨੇ ਕਿਉਂ ਦਸਮ ਗ੍ਰੰਥ ਵਿਚਲੇ ਜ਼ਫ਼ਰਨਾਮੇ ਨੂੰ ਕਵਿਤਾਉਣ ਦੀ ਥਾਂ ਸੇਵਾ ਦਾਸ ਦੇ ਕਲਪਿਤ ਜ਼ਫ਼ਰਨਾਮੇ ਦਾ ਅਨੁਵਾਦ ਹੀ ਛੰਦ ਬੱਧ ਕਰ ਲਿਆ। ਸ਼ਰਧਾ ਰਾਮ ਫਿਲੌਰੀਏ ਨੇ ਆਪਣੀ ਰਚਨਾ 'ਸਿੱਖਾਂ ਦੇ ਰਾਜ ਦੀ ਵਿਥਿਆ' ਵਿਚ ਇਹਨੂੰ ਨਕਲ ਹੀ ਕਰ ਛੱਡਿਆ ਹੈ।

ਅਸਲੀ ਜ਼ਫ਼ਰਨਾਮਾ ਜੋ ਗੁਰੂ ਸਾਹਿਬ ਨੇ ਔਰੰਗਜ਼ੇਬ ਨੂੰ ਭੇਜਿਆ, ਦੀ ਦੱਸ, ਗਿਆਨੀ ਪ੍ਰਤਾਪ ਸਿੰਘ ਨੇ ਪਾਈ ਹੈ ਕਿ ਇਹ ਬਾਦਸ਼ਾਹ ਦੇ ਤੋਸ਼ਾਖਾਨੀਏ ਦੀ ਔਲਾਦ ਪਾਸ ਔਰੰਗਾਬਾਦ ਮੌਜੂਦ ਦੱਸਿਆ ਜਾਂਦਾ ਹੈ। ਉਸ ਨੁਸਖੇ ਉੱਤੇ ਸ਼ਾਹੀ ਮੋਹਰ ਥੱਲੇ ਇਹ ਸ਼ਬਦ ਹਨ 'ਇਹਨੂੰ ਸਤਿਕਾਰ ਸਹਿਤ ਤਬੱਰਕਾਤ ਵਿਚ ਰੱਖੋ।' ਨਾਜ਼ ਸਾਹਿਬ ਨੇ ਜ਼ਫ਼ਰਨਾਮੇ ਦੀ ਦੱਸ ਗੋਲੜਾ ਸ਼ਰੀਫ (ਜ਼ਿਲ੍ਹਾ ਰਾਵਲਪਿੰਡੀ-ਪਾਕਿਸਤਾਨ) ਵਿਚ ਪਾਈ ਹੈ : 'ਇਸ ਕਾ ਪਤਹ ਰਾਵਲਪਿੰਡੀ ਕੇ ਏਕ ਸਿੱਖ ਡਾਕਟਰ ਨੇ ਲਗਾਇਆ ਥਾ। ਏਕ ਦਫ਼ਾ ਵੁਹ ਇਸ ਖਾਨਦਾਨ

---

21. ਉਪਰੋਕਤ ਸ਼ੇਅਰ ਸੰਪਰਦਾਇ ਜ਼ਫਰਨਾਮਹ ਸਟੀਕ (ਸੰਤ ਕਿਰਪਾਲ ਸਿੰਘ ਗਿਆਨੀ) ਨੇ 'ਦਿਗਰ' ਦੀ ਜਗਾ 'ਮਗਰ' ਅਤੇ ਸ੍ਰ. ਸ਼ੇਰ ਸਿੰਘ ਨੇ ਵਗਰ ਵਰਤਿਆ ਹੈ ਅਤੇ ਪ੍ਰੋ. ਪਿਆਰਾ ਸਿੰਘ 'ਪਦਮ' ਨੇ ਵੀ ਵਗਰ ਵਰਤਿਆ ਹੈ। ਸ੍ਰੀ ਦਸਮ ਗ੍ਰੰਥ ਸਾਹਿਬ ਜੀ (ਭਾ. ਚਤਰ ਸਿੰਘ ਜੀਵਨ ਸਿੰਘ) ਨੇ 'ਗਰ' ਸ਼ਬਦ ਵਰਤਿਆ ਹੈ। ਇਕ ਹੋਰ ਸ਼ੇਅਰ ਵਿਚ 'ਦਿਗਰ' ਸ਼ਬਦ ਵਰਤਿਆ ਗਿਆ ਹੈ।

ਦਿਗਰ ਸੋਰਸ਼ਿ ਕੈਬਰਿ ਕੀਨਹ ਕੋਸ਼।

ਜ਼ਿ ਮਰਦਾਨਿ ਮਰਦਾਂ ਬਿਰੂੰ ਰਫ਼ਤ ਹੋਸ਼ ॥੪੦॥

ਹਮੂੰ ਮਰਦ ਬਾਯਦ ਸ਼ਵਦ ਸੁਖਨ ਵਰ।

ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ ॥੫੫॥

ਇਸ ਤੋਂ ਇਲਾਵਾ ਜ਼ਫਰਨਾਮੇ ਵਿਚ ਇਕ ਸ਼ੇਅਰ ਜਿਸ ਵਿਚ 'ਕਿਰਦਗਾਰ' ਸ਼ਬਦ ਮਿਲਦਾ ਹੈ ਜਿਸਦਾ ਅਰਥ 'ਕਰਤੱਤ' ਸੰਤ ਕਿਰਪਾਲ ਸਿੰਘ ਗਿਆਨੀ ਨੇ ਦੱਸਿਆ ਹੈ।

ਅਗਰ ਬਰ ਯੱਦ ਆਇਦ ਦਹੋ ਦਹ ਹਜ਼ਾਰ

ਨਿਗਹਬਾਨ ਓਰਾ ਸ਼ਵਦ ਕਿਰਦਗਾਰ ॥੧੦੪॥

ਦਗਰ ਪੰਛੀ ਮਹਾਂ ਕੋਸ਼ ਅਨੁਸਾਰ "ਅਨਲ ਅਤੇ ਹੁਮਾ ਜੇਹਾ ਇੱਕ ਕਲਪਿਤ ਪੰਛੀ, ਜਿਸਦੇ ਖੰਭਾਂ ਉੱਪਰ ਲੋਕਾਂ ਨੇ ਕੁਰਾਨ ਦੀਆਂ ਆਇਤਾਂ ਲਿਖੀਆਂ ਮੰਨੀਆਂ ਹਨ।

"ਦਗਰਾ ਪੰਛੀ ਪਰਨ ਪੁਰ ਲਿਖਾ ਪੁਰਾਣ ਮਤਾਂਤ ॥ ਗੁਵਿ-੧੦॥

ਇਸ ਪੰਛੀ ਦਾ ਜ਼ਿਕਰ ਕੁਰਾਨ ਅਤੇ ਹਦੀਸਾ ਵਿੱਚ ਨਹੀਂ ਹੈ, ਕੇਵਲ ਪਰੰਪਰਾ ਤੋਂ ਚਲੀ ਆ ਰਹੀ ਹੈ।-ਸੰਪਾਦਕ

ਕੀ ਇਕ ਬੂੜ੍ਹੀ ਔਰਤ ਕਾ ਇਲਾਜ ਕਰਨੇ ਗਿਆ ਤੋ ਉਸੇ ਬਤਾਇਆ ਗਿਆ ਕਿ ਯਿਹ ਔਰਤ ਹਰ ਹਫਤੇ ਪੁਰਾਨੇ ਸੰਦੂਕ ਮੇਂ ਸੇ ਏਕ ਕਾਗਜ਼ ਨਕਾਲਤੀ ਹੈ, ਉਸੇ ਪੜ੍ਹਤੀ ਹੈ ਔਰ ਬੇਹੋਸ਼ ਹੋ ਜਾਤੀ ਹੈ। ਯਿਹ ਕਾਗਜ਼ ਜਬ ਡਾਕਟਰ ਕੋ ਦਿਖਾਇਆ ਗਿਆ ਤੋ ਮਾਲੂਮ ਹੂਆ ਕਿਹ ਯਿਹ ਗੁਰੂ ਗੋਬਿੰਦ ਸਿੰਘ ਕੇ ਫਾਰਸੀ ਮੇਂ ਲਿਖੇ ਹੋਏ ਉਸ ਮਜ਼ਮੂਨ ਖਤ ਕੀ ਨਕਲ ਹੈ ਜੋ ਉਨਹੋਂ ਨੇ ਔਰੰਗਜ਼ੇਬ ਕੋ ਭੇਜਾ ਥਾ। ਗੋਲੜਾ ਕੇ ਇਸ ਸਈਅਦ ਖਾਨਦਾਨ ਕੇ ਦੋ ਆਦਮੀ ਗੁਰੂ ਗੋਬਿੰਦ ਸਿੰਘ ਕੀ ਫੌਜ ਮੇਂ ਭਰਤੀ ਥੇ। ਨਸਲਨ ਬਾਦ ਨਸਲਨ ਯਿਹ ਖਤ ਉਸ ਖਾਨਦਾਨ ਕੇ ਪਾਸ ਚਲਾ ਆਤਾ ਹੈ। ਕਹਤੇ ਹੈਂ ਕਿ ਦੋਨੋਂ ਸਈਅਦ ਗੁਰੂ ਸਾਹਿਬ ਕੇ ਸਾਥ ਹੈਦਰਾਬਾਦ ਦੱਕਨ ਗਏ ਥੇ। ਔਰਤ ਨੇ ਇਸ ਖਤ ਕੋ ਬਤੌਰ ਤਬੱਰਕ ਰੱਖਾ ਹੂਆ ਥਾ। ਵੁਹ ਇਸੇ ਪੜ੍ਹ ਕਰ ਜਲਾਲ ਮੇਂ ਆ ਜਾਇਆ ਕਰਤੀ ਥੀ। ਸਿੱਖ ਡਾਕਟਰ ਨੇ ਇਸ ਵਾਕਿਆਤ ਕਾ ਜ਼ਿਕਰ ਕਈ ਦੋਸਤੋਂ ਔਰ ਰਿਸ਼ਤੇਦਾਰੋਂ ਸੇ ਕੀਆ ਥਾ। ਯਿਹ 1917-18 ਕੀ ਬਾਤ ਹੈ। ਥੋੜੇ ਦਿਨ ਹੂਏ ਲੁਧਿਆਨਾ ਕੇ ਏਕ ਦੋਸਤ ਮੁਝੇ ਜਲੰਧਰ ਮਿਲੇ, ਉਨਹੋਂਨੇ ਵੀ ਇਸ ਵਾਕਿਅਹ ਕਾ ਜ਼ਿਕਰ ਕੀਆ ਥਾ (ਜ਼ਫ਼ਰਨਾਮਾ ਉਰਦੂ ਮਨਜ਼ਮ ਤਰਜ਼ਮਾ, ਨਾਨਕ ਚੰਦ ਨਾਜ਼, ਸਫ਼ਾ 14)

ਕੀ ਜਾਣੀਏ, ਇਹ ਗੋਲੜੇ ਵਾਲਾ ਨੁਸਖਾ ਹੀ ਉਹੋ ਜ਼ਫ਼ਰਨਾਮਾ ਹੋਵੇ ਜੋ ਔਰੰਗਾਬਾਦ ਵਿਚ ਸੀ ਜਿਸ ਉੱਤੇ ਇਸਨੂੰ ਤਬਰਕ ਵਜੋਂ ਸਾਂਭਣ ਦੀ ਸ਼ਾਹੀ ਹਦਾਇਤ ਅੰਕਤ ਸੀ। ਕੀ ਚੰਗਾ ਹੁੰਦਾ ਜੇ ਉਹ ਸਿੱਖ ਡਾਕਟਰ ਉਸ ਪਵਿੱਤ੍ਰ ਕਾਗਜ਼ ਉਪਰਲੀ ਲਿਖਤ ਦਾ ਉਤਾਰਾ ਕਰ ਲੈਂਦੇ, ਪਰ 'ਬਸਾ ਆਰਜ਼ੂ ਕਿ ਖਾਕ ਸੁਦ' ਅਨੁਸਾਰ ਸਾਡੀਆਂ ਕਈ ਚਾਹਾਂ 'ਜੇ' ਬਣਕੇ ਹੀ ਰਹਿ ਜਾਂਦੀਆਂ ਹਨ।

'ਗੁਰਮਤਿ ਪ੍ਰਕਾਸ਼' ਮਈ 1968

ਫ਼ਤਹ ਨਾਮਹ

ਦਸਵੇਂ ਪਾਤਸ਼ਾਹ ਦੇ 'ਗ੍ਰੰਥ ਸਾਹਿਬ' ਦੇ ਬ੍ਰਿਜ ਭਾਸ਼ਾ ਦੇ ਸਾਗਰ ਵਿਚ ਪੰਜਾਬੀ ਅਤੇ ਫ਼ਾਰਸੀ ਦੀਆਂ ਨਦੀਆਂ ਆ ਮਿਲੀਆਂ ਹਨ ਅਤੇ ਤ੍ਰਿਬੇਣੀ ਦਾ ਸੰਗਮ ਹੋਇਆ ਹੈ। ਜਿਥੇ ਪੰਜਾਬੀ ਵਿਚ ਵਾਰ ਸ੍ਰੀ ਭਗਾਉਤੀ ਜੀ, ਖ਼ਿਆਲ, ਇਕ ਸ਼ਬਦ 'ਸੁਣ ਕੇ ਸਦ ਮਾਹੀ ਦਾ......' ਅਤੇ ਚਰਿਤ੍ਰੋ ਪਖਿਆਨ ਵਿਚ ਗੋਪੀਆਂ ਦਾ ਬ੍ਰਿਹਾ, ਲਿਖੇ ਹਨ, ਉਥੇ ਫ਼ਾਰਸੀ ਵਿਚ ਜ਼ਫ਼ਰਨਾਮਹ ਤੇ ਹਕਾਇਤਾਂ ਹਨ। ਜ਼ਫ਼ਰਨਾਮਹ ਉਹ ਇਤਿਹਾਸਕ ਖ਼ਤ ਹੈ ਜੋ ਹਜ਼ੂਰ ਨੇ ਚਮਕੌਰ ਯੁਧ 'ਚੋਂ ਨਿਕਲ ਕੇ ਦੀਨੇ ਕਾਂਗੜ ਤੋਂ ਲਿਖਿਆ ਜਿਸ ਦੀ ਯਾਦਗਾਰ 'ਗੁਰਦੁਆਰਾ ਜ਼ਫ਼ਰਨਾਮਹ ਸਾਹਿਬ' ਵਿਦਮਾਨ ਹੈ। ਪੁਰਾਤਨ ਲਿਖਾਰੀਆਂ ਨੇ ਜ਼ਫ਼ਰਨਾਮੇ ਤੇ ਹਕਾਇਤਾਂ ਨੂੰ ਇਕ ਥਾਂ ਵੇਖ ਕੇ ਦੋਹਾਂ ਨੂੰ ਇਕੋ ਰਚਨਾ ਸਮਝ ਲਿਆ ਹੈ। ਇਸੇ ਤਰ੍ਹਾਂ ਵੀਹ ਪੰਝੀ ਸਾਲ ਪਹਿਲੋਂ ਨਵੀਂ ਲੱਭੀ ਰਚਨਾ ਫ਼ਤਹਨਾਮਾ ਨੂੰ ਜ਼ਫ਼ਰਨਾਮਹ ਦਾ ਭਾਗ ਸਮਝ ਲਿਆ ਗਿਆ ਹੈ। ਸ੍ਰੀ ਨਾਨਕ ਚੰਦ 'ਨਾਜ਼' ਜ਼ਫ਼ਰਨਾਮੇ ਦੇ ਉਰਦੂ ਤਰਜ਼ਮੇ ਦੇ ਸਫਾ ੫੬ ਉਤੇ ਲਿਖਦੇ ਹਨ, 'ਪਿਛਲੇ ਸੁਫਹਾਤ ਪਰ ਗੁਰੂ ਗੋਬਿੰਦ ਸਿੰਘ ਸਾਹਿਬ ਕੇ ਜੋ ੨੪ ਅਸ਼ਆਰ ਪੇਸ਼ ਕੀਏ ਗਏ ਹੈਂ ਵੁਹ ਏਕ ਖ਼ਤ ਕੀ ਸੂਰਤ ਮੇਂ ਔਰੰਗਜ਼ੇਬ ਕੇ ਨਾਮ ਲਿਖੇ ਗਏ ਥੇ। ਬਾਜ਼ ਮੁਹਕਕੀਨ ਕਾ ਖ਼ਿਆਲ ਹੈ ਕਿਹ ਮੰਦਰਜਾ ਬਾਲਾ ਅਸ਼ਆਰ ਜ਼ਫ਼ਰਨਾਮਹ ਕਾ ਹਿੱਸਾ ਨਹੀਂ, ਲੇਕਨ ਇਸ ਕਿਤਾਬ ਕੇ ਮੁਸੱਨਫ਼ ਕੋ ਇਸ ਖ਼ਿਆਲ ਸੇ ਇਤਫ਼ਾਕ ਨਹੀਂ, ਕਿਉਂਕਿ ਗੁਰੂ ਮਹਾਰਾਜ ਕੇ ਖ਼ਤਾਬ ਕੇ ਤਸਲਸੁਲ ਸੇ ਅਲੈਹਦਗੀ ਕਾ ਇਹਸਾਸ ਨਹੀਂ ਹੋਤਾ। ਯਿਹ ਦੂਸਰੀ ਬਾਤ ਹੈ ਕਿ ਜ਼ਫ਼ਰਨਾਮਹ ਕੇ ਔਰਾਕ ਨਾ ਮੁਆਫ਼ਕ ਹਾਲਾਤ ਮੇਂ ਬਿਖਰ ਗਏ ਹੋਂ ਔਰ ਜਬ ਦਸਤਯਾਬ ਹੁਏ ਹੋਂ ਤੋ ਅਲਗ ਅਲਗ ਸੂਰਤੋਂ ਮੇਂ ਹੋਂ।' ਪਰ ਹਕੀਕਤ ਇਹ ਹੈ ਕਿ ਇਹ ਦੋ ਖ਼ਤ ਅੱਡ ਅੱਡ ਥਾਵਾਂ ਤੋਂ ਅੱਡ ਅੱਡ ਸਮੇਂ ਲਿਖੇ ਗਏ। ਇਸ ਦੀ ਗਵਾਹੀ ਇਨ੍ਹਾਂ ਖਤਾਂ 'ਚੋਂ ਹੀ ਮਿਲਦੀ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਬਿਸਮਿਲਾਹ ਦੇ ਸ਼ੇਅਰ ਦੋਹਾਂ ਖ਼ਤਾਂ ਵਿਚ ਮੌਜੂਦ ਹਨ। ਫ਼ਤਹਨਾਮਹ ਵਿਚ ਤਿੰਨ ਅਤੇ ਜ਼ਫ਼ਰਨਾਮਹ ਵਿਚ 12। ਜੇ ਇਹ ਦੋਨੋਂ ਖ਼ਤ ਇਕ ਚੀਜ਼ ਹੁੰਦੇ ਤਾਂ ਦੋ ਵਾਰ ਬਿਸਮਿਲਾਹ ਦੇ ਸ਼ੇਅਰ ਹਮਦ ਸਨਾਇ (ਹਮਦ ਸਨਾਂ) ਆਖਣ ਦਾ ਕੀ ਅਰਥ ?

ਦੂਜੀ ਗੱਲ ਇਹ ਕਿ ਇਕ ਭਾਵ ਦੀਆਂ ਗੱਲਾਂ ਦੋ ਵਾਰ ਕਹੀਆਂ ਗਈਆਂ ਹਨ। (1) ਮੈਨੂੰ ਤੇਰੀ ਸੌਗੰਧ 'ਤੇ ਇਤਬਾਰ ਨਹੀਂ ਰਿਹਾ ਤੇ ਮੇਰੇ ਲਈ ਸ਼ਮਸ਼ੀਰ ਫੜਨ ਤੋਂ ਬਿਨਾਂ ਕੋਈ ਚਾਰਾ ਨਹੀਂ ਰਿਹਾ।

ਫ਼ਤਹਨਾਮਹ: *ਬਾ ਸੌਗੰਦ ਤੂ ਏਤਬਾਰੇ ਨ ਮਾਨਦ*
ਮਰਾ ਜੁਜ਼ ਬਾ ਸ਼ਮਸ਼ੀਰ ਕਾਰੇ ਮਾਨਦ। (੧੭)

ਜ਼ਫ਼ਰਨਾਮਹ: *ਮਰਾ ਏਤਬਾਰ ਬਰ ਈਂ ਕਸਮੇ ਨੀਸਤ।*
ਕਿ ਏਜ਼ਦ ਗਵਾਹ ਅਸਤ ਯਜ਼ਦਾਂ ਯਕੀਸਤ। (੧੩)
ਬਾ ਲਾਚਾਰਗੀ ਦਰਮਿਆਂ ਆਮਦਮ।
ਬਾ ਤਦਬੀਰੇ ਤੀਰੋ ਤੁਫ਼ੰਗ ਆਮਦਮ ॥੨੧॥

(2) ਜੇ ਤੂੰ ਸਾਡੇ ਨਾਲ ਗੱਲਬਾਤ ਕਰਨਾ ਚਾਹੇਂ ਤਾਂ ਤੈਨੂੰ ਅਸੀਂ ਸਿੱਧਾ ਰਾਹ ਦੱਸ ਦਿਆਂਗੇ। ਡਾ. ਜੱਗੀ ਨੇ 'ਤੁਫੰਗ' ਦੀ ਜਗ੍ਹਾ 'ਕਮਾ' ਵਰਤਿਆ ਹੈ।

ਫ਼ਤਹਨਾਮਹ: *ਗਰ ਬਾਜ਼ ਗੁਫਤੋ ਸ਼ਨੀਦਤ ਬਾ-ਮਾਸਤ।*
ਨਮਾਯਮ ਤੁਰਾ ਜਾਦਹ ਏ ਪਾਕੋ ਰਾਸਤ।

ਜ਼ਫ਼ਰਨਾਮਹ: *ਕਿ ਤਸ਼ਰੀਫ਼ ਦਰ ਕਸਬਹ ਕਾਂਗਰ ਕੁਨਦ*
ਵਜ਼ਾਂ ਪਸ ਮੁਲਾਕਾਤ ਬਾਹਮ ਸਵਦ (੫੮)

(3) ਜੇ ਫ਼ਤਹਨਾਮੇ ਵਿਚ ਆਖਿਆ ਹੈ ਕਿ 'ਤੂੰ ਆਪਣੇ ਪਿਤਾ ਦੀ ਮਿੱਟੀ ਅਤੇ ਭਰਾ ਦੇ ਖ਼ੂਨ ਨਾਲ ਆਪਣੀ ਹਕੂਮਤ ਦਾ ਜੋ ਕੱਚਾ ਕੋਠਾ ਬਣਾਇਆ ਹੈ, ਉਹਨੂੰ ਮੇਰੇ ਸਰਬ ਲੋਹੇ ਦੇ ਖੰਡੇ ਦੀ ਵਰਖਾ ਰੋੜ੍ਹ ਲੈ ਜਾਵੇਗੀ।' ਤਾਂ ਜ਼ਫ਼ਰਨਾਮੇ ਵਿਚ ਭੀ ਲਿਖਿਆ ਹੈ ਕਿ ਤੈਨੂੰ ਦਯਾਲੂ ਪ੍ਰਭੂ ਚੰਗੀ ਤਰ੍ਹਾਂ ਪਛਾਣਦਾ ਹੈ ਤੇ ਨਹੀਂ ਚਾਹੁੰਦਾ ਕਿ ਤੂੰ ਇੱਡੀ ਵੱਡੀ ਸਲਤਨਤ ਦਾ ਮਾਲਕ ਬਣਿਆ ਰਹੇਂ।

ਸਨਾਸਦ ਹਮੀਂ ਤੂ ਨਾਂ ਯਜਦਾਂ ਕਰੀਮ।
ਨਾ ਖ਼ਵਾਹਦ ਹਮੀਂ ਤੂ ਬ-ਦੌਲਤ ਅਜ਼ੀਮ। (੮੬)

ਤੀਜੀ ਗੱਲ ਇਹ ਕਿ ਜਦ ਫ਼ਤਹਨਾਮਹ ਲਿਖਿਆ ਗਿਆ, ਉਦੋਂ ਤੱਕ ਸਰਹੰਦ ਵਿੱਚ ਸ਼ਹੀਦ ਹੋਣ ਵਾਲੇ ਸਾਹਿਬਜ਼ਾਦਿਆਂ ਦੀ ਖ਼ਬਰ ਹਜ਼ੂਰ ਨੂੰ ਨਹੀਂ ਪੁੱਜੀ ਸੀ, ਭਾਵੇਂ ਅੰਤਰਯਾਮੀ ਸਤਿਗੁਰੂ ਸਰਵੱਗ ਸਨ। ਇਸ ਲਈ ਇਸ ਪੱਤ੍ਰ ਵਿਚ ਕੇਵਲ ਚਮਕੌਰ ਵਿਚ ਸ਼ਹੀਦ ਹੋਣ ਵਾਲੇ ਦੋਂਹ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਜ਼ਿਕਰ ਹੈ:—

ਚਹ ਸ਼ੁਦ ਸ਼ੁਗਾਲੇ ਬਾ ਮਕਰੋਤ ਰਯਾ
ਹਮੀਂ ਕੁਸ਼ਤ ਦੋ ਬਚਹ ਏ ਸ਼ੇਰਾ ਰਾ। (੧੪)

ਪਰ ਜ਼ਫ਼ਰਨਾਮੇ ਵਿਚ ਚੌਂਹਾਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਉਲੇਖ ਹੈ:

ਚਿਹਾ ਸ਼ੁਦ ਕਿ ਚੂੰ ਬਚੱਗਾਂ ਕੁਸ਼ਤਹ ਚਾਰ।
ਕਿ ਬਾਕੀ ਬਾ-ਮਾਂਦ ਅਸਤ ਪੇਚੀਦਹ ਮਾਰ। (੭੮)

ਚੌਥੀ ਗੱਲ ਇਹ ਕਿ ਫਤਹਨਾਮੇ ਵਿਚ ਲਹਿਜ਼ਾ ਰਤਾ ਸਖਤ ਹੈ। ਹਜ਼ੂਰ ਪੂਰੇ ਜਲਾਲ ਵਿਚ ਆ ਕੇ ਫ਼ੁਰਮਾਉਂਦੇ ਹਨ ਕਿ 'ਮੈਂ ਤੇਰੇ ਪੈਰਾਂ ਹੇਠਾਂ ਉਹ ਅੱਗ ਰੱਖਾਂਗਾ ਕਿ ਤੈਨੂੰ ਪੰਜਾਬ 'ਚੋਂ ਪਾਣੀ ਨਹੀਂ ਪੀਣ ਦਿਆਂਗਾ।' ਪਰ ਜ਼ਫ਼ਰਨਾਮੇ ਦਾ ਲਹਿਜ਼ਾ ਮਿਹਰਬਾਨੀ ਤੇ ਤਰਸ ਭਰਿਆ ਉਪਦੇਸ਼ ਆਤਮਕ ਹੈ, 'ਤੈਨੂੰ ਚਾਹੀਦਾ ਹੈ ਕਿ ਤੂੰ ਈਸ਼ਵਰ ਨੂੰ ਪਛਾਣੇਂ, ਕਿਸੇ ਨੂੰ ਕੌੜਾ ਬੋਲ ਕੇ ਉਹਦਾ ਜੀਉ ਨਾ ਦੁਖਾਵੇਂ':—

ਤੂ ਬਾਯਦ ਕਿ ਯਜ਼ਦਾਂ ਸ਼ਨਾਸੀ ਕੁਨੀ।
ਨ ਗੁਫਤਹ ਕਸੇ ਕਸ ਖ਼ਰਾਸੀ ਕੁਨੀ॥੬੫॥

*ਜਨਾਬੇ ਨਾਜ਼ ਸਾਹਿਬ ਨੂੰ ਭੁਲੇਖਾ ਇਸ ਗੱਲੋਂ ਲੱਗਾ ਜਾਪਦਾ ਹੈ ਕਿ ਉਨ੍ਹਾਂ ਦੇ ਪ੍ਰਾਪਤ ਹੋਏ ਉਤਾਰੇ ਵਿਚ, ੧੩ਵੇਂ ਛੰਦ ਤੋਂ ਪਹਿਲਾਂ ਸਿਰਲੇਖ ਦਾਸਤਾਨ ਗੁੰਮ ਹੈ, ਜਿਸ ਕਾਰਨ ਉਨ੍ਹਾਂ ਭੀ ਇਹ ਸਿਰਲੇਖ ਆਪਣੀ ਰਚਨਾ ਵਿਚ ਨਹੀਂ ਦਿੱਤਾ। ਇਹ ਸਿਰਲੇਖ ਦੱਸਦਾ ਹੈ ਕਿ ਇਸ ਤੋਂ ਪਹਿਲੇ ਛੰਦ ਈਸ਼ਵਰ ਉਸਤਤਿ ਰੂਪ ਹਨ ਤੇ ਇਸ ਤੋਂ ਮਗਰੋਂ ਖ਼ਤ ਦਾ ਮਜ਼ਮੂਨ ਸ਼ੁਰੂ ਹੁੰਦਾ ਹੈ। ਇਉਂ ਇਨ੍ਹਾਂ ਦੇ ਸੰਕਲਿਤ ਜ਼ਫ਼ਰਨਾਮੇ ਦਾ ਮਜ਼ਮੂਨ ਦੂਜੀ ਵਾਰ ਸ਼ੁਰੂ ਹੋਣ ਦੀ ਥਾਂ, ਉਨ੍ਹਾਂ ਨੂੰ ਸਿਲਸਿਲੇ ਵਾਰ ਅੱਗੇ ਤੁਰਿਆ ਜਾਂਦਾ ਜਾਪਦਾ ਹੈ।

(2)

ਇਸ ਮਹਾਨ ਰਚਨਾ ਦੇ ਪ੍ਰਗਟ ਹੋਣ ਦੀ ਕਹਾਣੀ ਭੀ ਵਚਿੱਤ੍ਰ ਹੈ। 1890 ਈਸਵੀ ਦੇ ਲਗਭਗ ਬਾਬੂ ਜਗਨ ਨਾਥ ਦਾਸ ਨੇ ਪਟਨਾ ਸਾਹਿਬ ਦੇ ਮਹੰਤ ਬਾਬਾ ਸੁਮੇਰ ਸਿੰਘ ਪਾਸ ਫ਼ਾਰਸੀ ਦੇ ਦੋ ਪੁਰਾਤਨ ਖ਼ਤ ਦੇਖੇ। ਇਕ ਸ਼ਿਵਾ ਜੀ ਵਲੋਂ ਮਿਰਜ਼ਾ ਰਾਜਾ ਜੈ ਸਿੰਘ ਦੇ ਨਾਮ ਲਿਖਿਆ ਗਿਆ ਸੀ, ਦੂਜਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਔਰੰਗਜ਼ੇਬ ਨੂੰ। ਬਾਬੂ ਜੀ ਨੇ ਦੋਨੋਂ ਨਕਲ ਕਰ ਲਏ। ਸ਼ਿਵਾ ਜੀ ਦਾ ਖ਼ਤ ਤਾਂ ਉਨ੍ਹਾਂ 1922 ਵਿਚ ਬਨਾਰਸ ਦੇ ਇਕ ਰਿਸਾਲੇ ਨਾਗਰੀ ਪ੍ਰਚਾਰਨੀ ਪੱਤ੍ਰਕਾ ਵਿਚ ਛਪਵਾ ਦਿੱਤਾ, ਦੂਜਾ ਖ਼ਤ ਕਿਤੇ ਇਧਰ ਉਧਰ ਹੋ ਗਿਆ। ਇਸ ਦੀ ਦੂਜੀ ਨਕਲ ਫੇਰ ਬਾਬਾ ਸੁਮੇਰ ਸਿੰਘ ਪਾਸੋਂ ਆਪਣੇ ਮਿਤ੍ਰ ਪੰਡਤ ਰਾਜ ਵਲੱਭ ਮਿਸਰ ਡਿਪਟੀ ਕਲੈਕਟਰ ਪਟਨਾ ਰਾਹੀਂ ਪ੍ਰਾਪਤ ਕਰਨੀ ਚਾਹੀ। ਪਰ ਉਦੋਂ ਤੱਕ ਬਾਬਾ ਸਾਹਿਬ ਪੰਜਾਬ ਆ ਕੇ ਚਲਾਣਾ ਕਰ ਚੁਕੇ ਸਨ। ਪੰਡਤ ਜੀ ਨੇ ਉਨ੍ਹਾਂ ਨੂੰ ਇਕ ਛਪੀ ਹੋਈ ਗੁਰੂ ਗੋਬਿੰਦ ਸਿੰਘ ਦੀ ਚਿੱਠੀ (ਜ਼ਫ਼ਰਨਾਮਾ) ਭੇਜ ਦਿੱਤੀ। ਪਰ ਬਾਬੂ ਜੀ ਦੀ ਯਾਦਦਾਸ਼ਤ ਕਹਿੰਦੀ ਸੀ ਕਿ ਜਿਸ ਖ਼ਤ ਦੀ ਉਹ ਭਾਲ ਕਰ ਰਹੇ ਹਨ ਉਹਦੇ ਛੰਦ ਸੌ ਤੋਂ ਵੱਧ ਨਹੀਂ ਸਨ ਤੇ ਉਸ ਵਿਚੋਂ ਇਹ ਸ਼ੇਅਰ ਉਨ੍ਹਾਂ ਨੂੰ ਯਾਦ ਸੀ :

ਤੂ ਅਜ਼ ਨਾਫ਼ੋ ਨੇਮਤ ਸਮਰ ਖ਼ੁਰਦਾਈ।
ਜ਼ਿ ਜੰਗੀ ਜਵਾਨਾਂ ਨ ਬਰਖ਼ੁਰਦਾਈ।

ਅੰਤ ਦੀ ਬਾਕੀ, ਸਾਡੇ ਚੰਗੇ ਭਾਗਾਂ ਨੂੰ ਬਾਬੂ ਜੀ ਨੇ ਆਪਣੀ ਯਾਦਦਾਸ਼ਤ ਤੋਂ ਕੰਮ ਲੈ ਕੇ ਇਸ ਖ਼ਤ ਦੇ ਅੱਧੇ ਪਚੱਧੇ ਛੰਦ ਲਿਖ ਕੇ ਸ: ਉਮਰਾਓ ਸਿੰਘ ਸ਼ੇਰਗਿੱਲ ਮਜੀਠੀਆ ਨੂੰ ਭੇਜ ਦਿੱਤੇ। ਸਰਦਾਰ ਸਾਹਿਬ ਨੇ ਇਨ੍ਹਾਂ ਛੰਦਾਂ ਨੂੰ ਤਰਤੀਬ ਦੇ ਕੇ 18 ਅਪ੍ਰੈਲ 1939 ਨੂੰ ਇਨ੍ਹਾਂ ਦੀ ਇਕ ਨਕਲ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਭੇਜੀ ਤੇ ਦੂਜੀ ਭਾਈ ਕਾਨ੍ਹ ਸਿੰਘ ਜੀ ਨੂੰ। ਕਾਲਜ ਵਲੋਂ ਇਹਦਾ ਇਕ ਉਤਾਰਾ ਭਾਈ ਸਾਹਿਬ ਭਾਈ ਵੀਰ ਸਿੰਘ ਨੂੰ ਦਿੱਤਾ

---

* ਸਵਰਗੀ ਨਾਨਕ ਚੰਦ ਨਾਜ਼ ਨੇ ਆਪਣੇ ਉਰਦੂ ਤਰਜ਼ਮੇ ਵਿਚ ਫਤਹਨਾਮੇ ਦੇ (24 ਬੰਦ) ਅਤੇ ਜ਼ਫਰਨਾਮੇ ਦੇ (110 ਬੰਦ) ਨੂੰ ਜ਼ਫਰਨਾਮੇ ਦਾ ਹੀ ਹਿੱਸਾ ਦਰਸਾਇਆ ਹੈ। (ਦੇਖੋ ਲੇਖਕ ਦਾ 'ਜ਼ਫਰਨਾਮਾ-ਕੁਝ ਭੁਲੇਖੇ ਕੁਝ ਸੱਚ)

ਗਿਆ। ਭਾਈ ਸਾਹਿਬ ਨੇ ਇਨ੍ਹਾਂ ਛੰਦਾਂ ਨੂੰ 16 ਜੁਲਾਈ 1942 ਦੇ ਖ਼ਾਲਸਾ ਸਮਾਚਾਰ ਵਿਚ 'ਉੱਚ ਦੇ ਪੀਰ' ਦੇ ਸਿਰਲੇਖ ਹੇਠ ਪ੍ਰਕਾਸ਼ਿਤ ਕੀਤਾ। ਫਿਰ ਸ: ਕਪੂਰ ਸਿੰਘ (ਉਦੋਂ ਆਈ. ਸੀ. ਐਸ.) ਨੇ ਦਸੰਬਰ 1944 ਵਿਚ ਰੋਜ਼ਾਨਾ ਅਜੀਤ (ਉਰਦੂ) ਲਾਹੌਰ ਵਿਚ ਲੰਮੀ ਭੂਮਿਕਾ ਸਹਿਤ ਛਪਵਾਇਆ। ਡਾਕਟਰ ਗੰਡਾ ਸਿੰਘ ਅਨੁਸਾਰ ਦੋਹਾਂ ਸੱਜਣਾਂ ਨੇ ਇਸ ਰਚਨਾ ਦੇ ਸਾਢੇ ਬਾਈ ਛੰਦ ਪ੍ਰਕਾਸ਼ਤ ਕੀਤੇ ਹਨ। ਦਸਵਾਂ ਬੰਦ ਗੁੰਮ ਹੈ ਤੇ ਇੱਕੀਵੇਂ ਬੰਦ ਦਾ ਦੂਜਾ ਮਿਸਰਾ ਗਾਇਬ ਹੈ। ਡਾਕਟਰ ਸਾਹਿਬ ਨੇ ਦਸਵਾਂ ਬੰਦ ਲੱਭ ਕੇ ਸਾਢੇ ਤੇਈ ਪ੍ਰਕਾਸ਼ਤ ਕੀਤੇ ਹਨ। (ਦੇਖੋ ਮਾਖ਼ਜ਼ੇ ਤਵਾਰੀਖ਼ੇ ਸਿੱਖਾਂ, ਜਿਲਦ ਅਵੱਲ, ਸਫਾ 61 ਤੋਂ 63) ਪਰ ਨਾਜ਼ ਸਾਹਿਬ ਨੇ ਉਹ ਮਿਸਰਾ ਭੀ ਢੂੰਡ ਕੱਢਿਆ ਹੈ ਤੇ ਪੂਰੇ 24 ਛੰਦ ਪ੍ਰਕਾਸ਼ਿਤ ਕੀਤੇ ਹਨ। ਇਸ ਖ਼ਤ ਦਾ ਸਿਰਲੇਖ ਭਾਈ ਵੀਰ ਸਿੰਘ ਅਤੇ ਡਾਕਟਰ ਗੰਡਾ ਸਿੰਘ ਨੇ 'ਨਾਮਹ ਗੁਰੂ ਗੋਬਿੰਦ ਸਿੰਘ' ਦਿੱਤਾ ਹੈ। ਫ਼ਤਹਨਾਮਹ ਨਾਉਂ ਸ: ਕਪੂਰ ਸਿੰਘ ਨੇ ਦਿੱਤਾ ਹੈ। (ਬਹੁਵਿਸਤਾਰ ਸਫ਼ਾ 76)

(3)

ਚਮਕੌਰ ਦੀ ਗੜ੍ਹੀ 'ਚੋਂ ਗੁਰੂ ਗੋਬਿੰਦ ਸਿੰਘ ਜੀ ਪੰਜਾਂ ਸਿੰਘਾਂ ਦੇ ਗੁਰੂ ਮਤੇ ਉੱਤੇ ਫੁੱਲ ਚਾੜ੍ਹ ਕੇ ਨਿਕਲੇ ਅਤੇ ਗੁਲਾਬੇ ਮਸੰਦ ਦੇ ਘਰ ਠਹਿਰੇ। ਇਥੇ ਸਲੋਹ ਦਾ ਕਾਜ਼ੀ ਪੀਰ ਮੁਹੰਮਦ, ਜੋ ਗੁਰੂ ਸਾਹਿਬ ਨੂੰ ਫ਼ਾਰਸੀ ਅਰਬੀ ਪੜ੍ਹਾਉਂਦਾ ਰਿਹਾ, ਨੂਰਪੁਰ ਦਾ ਕਾਜ਼ੀ ਅਨਾਇਤ ਅਲੀ ਅਤੇ ਮਨੀਮਾਜਰੇ ਦੇ ਵਸਨੀਕ ਸੱਯਦ ਹਸਨ ਅਲੀ ਤੋਂ ਬਿਨਾਂ ਗਨੀ ਖਾਂ ਤੇ ਨਬੀ ਖਾਂ ਦੋ ਪਠਾਣ ਭਰਾ ਜੋ ਮੱਧ ਏਸ਼ੀਆ ਵਿਚੋਂ ਘੋੜੇ ਖਰੀਦਣ ਲਈ ਗੁਰੂ ਜੀ ਦੀ ਨੌਕਰੀ ਵਿਚ ਸਨ, ਗੁਰੂ ਜੀ ਦੇ ਦਰਸ਼ਨ ਕਰਨ ਆਏ ਅਤੇ ਕੋਈ ਸੇਵਾ ਬਖਸ਼ਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਜਾਣਦੇ ਸਨ ਕਿ ਔਰੰਗਜ਼ੇਬ ਨੂੰ ਉਹਦੇ ਦੀਵਾਨਾਂ ਤੇ ਬਖ਼ਸ਼ੀਆਂ ਨੇ ਅਨੰਦਪੁਰ ਤੇ ਚਮਕੌਰ ਦੀਆਂ ਲੜਾਈਆਂ ਵਿਚ ਬੇਈਮਾਨੀ ਕਰਨ ਦੇ ਹਾਲ ਸਹੀ ਨਹੀਂ ਦੱਸਣੇ। ਇਸ ਲਈ ਉਸ ਨੂੰ ਸਹੀ ਹਾਲਾਤ ਤੋਂ ਜਾਣੂ ਕਰਨ ਲਈ ਇੱਥੋਂ ਇਹ ਖ਼ਤ ਔਰੰਗਜ਼ੇਬ ਨੂੰ ਲਿਖਿਆ ਅਤੇ ਭਾਈ ਦਯਾ ਸਿੰਘ ਨੂੰ ਔਰੰਗਜ਼ੇਬ ਤੱਕ ਅਪੜਾਉਣ ਦਾ ਹੁਕਮ ਦਿੱਤਾ। ਭਾਈ ਸਾਹਿਬ ਦੀ ਸਹਾਇਤਾ ਲਈ ਇਹ ਸਾਰੇ ਤਿਆਰ ਹੋਏ। ਖ਼ਤ ਸੱਯਦ ਹਸਨ ਅਲੀ ਨੂੰ ਦਿੱਤਾ ਗਿਆ ਕਿ ਜਦ ਭਾਈ ਦਯਾ ਸਿੰਘ ਸ਼ਾਹੀ ਫ਼ੌਜਾਂ ਦੀ ਜ਼ੱਦ ਤੋਂ ਪਾਰ ਹੋ ਜਾਣ ਇਹ ਖ਼ਤ ਉਨ੍ਹਾਂ ਨੂੰ ਦੇ ਦੇਵੇ। ਸ: ਕਪੂਰ ਸਿੰਘ ਅਨੁਸਾਰ ਭਾਈ ਦਯਾ ਸਿੰਘ ਜੀ ਨੇ ਕੇਸ ਪਿਛਾਂਹ ਮੋਢਿਆਂ ਉੱਤੇ ਖਿਲਾਰ ਕੇ ਮੁਸਲਮਾਨ ਪੀਰਾਂ ਦੀ ਸ਼ਕਲ ਧਾਰਨ ਕੀਤੀ ਅਤੇ ਦੋਹਾਂ ਪਠਾਣ ਭਰਾਵਾਂ ਨੇ ਉਨ੍ਹਾਂ ਨੂੰ ਮੰਜੇ ਉੱਤੇ ਬਿਠਾਕੇ ਆਪ ਮੰਜਾ ਚੁੱਕੀ ਗਏ। ਗੁਰੂ ਸਾਹਿਬ ਦੀ ਭਾਲ ਵਿਚ ਹਰਲ ਹਰਲ ਕਰਦੀਆਂ ਫ਼ੌਜਾਂ ਨੇ ਸ਼ੱਕ ਵਿਚ ਭਾਈ ਸਾਹਿਬ ਨੂੰ ਚੌਵੀ ਘੰਟੇ ਰੋਕੀ ਰੱਖਿਆ। ਕਾਜ਼ੀ ਪੀਰ ਮੁਹੰਮਦ ਅਤੇ ਅਨਾਇਤ ਅਲੀ ਦੇ ਗਵਾਹੀ ਦੇਣ 'ਤੇ ਕਿ ਇਹ ਗੁਰੂ ਗੋਬਿੰਦ ਸਿੰਘ ਨਹੀਂ ਭਾਈ ਸਾਹਿਬ ਨੂੰ ਛੱਡ ਦਿੱਤਾ ਗਿਆ। ਖ਼ਤਰੇ 'ਚੋਂ ਦੂਰ ਲੰਘ ਕੇ ਸੱਯਦ ਹਸਨ ਅਲੀ ਨੇ ਇਹ ਖ਼ਤ ਭਾਈ ਸਾਹਿਬ ਦੇ ਸਪੁਰਦ ਕਰ ਦਿੱਤਾ ਅਤੇ ਉਨ੍ਹਾਂ ਔਰੰਗਾਬਾਦ ਪਹੁੰਚ ਕੇ ਔਰੰਗਜ਼ੇਬ ਦੇ ਜਾ ਪੇਸ਼ ਕੀਤਾ। ਸਰ ਗੋਕਲ ਚੰਦ ਅਨੁਸਾਰ ਭਾਈ ਸਾਹਿਬ ਨੇ ਸ਼ਹਿਨਸ਼ਾਹ ਦੇ ਦਰਬਾਰ ਵਿਚ ਆਦਾਬ ਯਾ ਕਰੋਨਿਸ਼ ਨਹੀਂ ਕੀਤੀ, ਸਗੋਂ ਗੱਜ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਦਾ ਜੈਕਾਰਾ ਬੁਲਾਇਆ। ਖ਼ਤ ਦੇ ਉੱਤਰ ਵਿਚ ਔਰੰਗਜ਼ੇਬ ਨੇ ਪਛਤਾਵਾ ਕਰ ਕੇ ਗੁਰੂ ਸਾਹਿਬ ਨੂੰ ਜ਼ਬਾਨੀ ਗੱਲਬਾਤ ਕਰਨ ਲਈ ਆਖਿਆ। ਇਹ ਸ਼ਾਹੀ ਖ਼ਤ ਆਪ ਨੂੰ ਦੀਨੇ ਕਾਂਗੜ ਪੁੱਜਾ ਅਤੇ ਇਸ ਦੇ ਜਵਾਬ ਵਿਚ ਆਪ ਨੇ ਦੂਜਾ ਖ਼ਤ ਜ਼ਫ਼ਰਨਾਮਹ ਲਿਖਿਆ।

ਇਹ ਦੋਨੋਂ ਖ਼ਤ ਬਹਿਰ ਹਮਾਸਾ ਵਿਚ ਲਿਖੇ ਗਏ ਹਨ ਜਿਸ ਬਹਿਰ ਵਿਚ ਕਿ ਫਿਰਦੌਸੀ ਨੇ ਸ਼ਾਹਨਾਮਾ ਅਤੇ ਸ਼ੇਖ਼ ਸਾਅਦੀ ਨੇ ਬੋਸਤਾਂ ਲਿਖੀ ਹੈ। ਚੂੰਕਿ ਇਹ ਬਹਿਰ ਰਜ਼ਮੀਆਂ (ਜੰਗੀ) ਬਿਆਨ ਲਈ ਅਪਣਾਈ ਜਾਂਦੀ ਹੈ, ਗੁਰੂ ਸਾਹਿਬ ਨੇ ਠੀਕ ਹੀ ਇਹਨੂੰ ਚੁਣਿਆ, ਵਜ਼ਨ ਇਸਦਾ ਹੈ, 'ਫਊਲਨ ਫਊਲਨ ਫਊਲਨ ਫਊਲ।' ਡਾਕਟਰ ਗੰਡਾ ਸਿੰਘ ਦੇ ਸ਼ਬਦਾਂ ਵਿਚ 'ਕੁਛ ਮਹਕਕੀਨ ਕਾ ਖ਼ਿਆਲ ਹੈ, ਸ਼ਾਇਦ ਯਿਹ ਬੰਦ ਗੁਰੂ ਗੋਬਿੰਦ ਸਿੰਘ ਕੀ ਆਪਣੀ ਕਲਮ ਸੇ ਨਾ ਹੋਂ! ਹੋ ਸਕਤਾ ਹੈ ਹਸਬ ਅਰਸ਼ਾਦ ਗੁਰੂ ਸਾਹਿਬ ਯਿਹ ਅਸ਼ਆਰ ਭਾਈ ਨੰਦ ਲਾਲ ਸਾਹਿਬ ਨੇ ਲਿਖੇ ਹੋਂ।[1] ਮਗਰ ਬਹਰ ਸੂਰਤ ਯਿਹ ਗੁਰੂ ਸਾਹਿਬ ਕੀ ਤਰਫ ਤੇ ਲਿਖੇ ਗਏ ਬਾਦਸ਼ਾਹ ਔਰੰਗਜ਼ੇਬ ਨਾਮ ਖ਼ਤ ਕਾ ਏਕ ਇਸਾ ਹੈਂ, ਔਰ ਉਨਕੇ ਖ਼ਿਆਲਾਤ ਕੀ ਤਰਜ਼ਮਾਨੀ ਕਰਤੇ ਹੈਂ।" ਪਰ ਨਾਜ਼ ਸਾਹਿਬ ਨੇ ਪੂਰੇ ਵਿਸ਼ਵਾਸ ਨਾਲ ਇਹਨਾਂ ਨੂੰ ਗੁਰੂ ਸਾਹਿਬ ਦੀ ਰਚਨਾ ਮੰਨਿਆ ਹੈ ਅਤੇ ਜਿਹੜੇ ਸ਼ੇਅਰ ਨਹੀਂ ਜਚੇ ਉਹਨਾਂ ਨੇ ਛੱਡ ਦਿੱਤੇ ਹਨ, 'ਮੈਂਨੇ ਇੰਤਹਾਈ ਕੋਸ਼ਿਸ਼ ਕੀ ਹੈ ਕਿ ਇਸ ਪਹਿਲੂ ਮੇਂ ਜ਼ਫਰਨਾਮੇ ਕੇ ਕਿਸੀ ਭੀ ਸ਼ੇਅਰ ਕੋ ਤਿਸ਼ਨਾ ਜਾ ਰਹਿੰਨੇ ਦੂੰ, ਲੇਕਿਨ ਇਸ ਕਿਤਾਬ ਮੇਂ ਮੈਂਨੇ ਉਨ ਅਸ਼ਆਰ ਕੋ ਸ਼ਾਮਲ ਨਹੀਂ ਕੀਆ ਜਿਨਹੇਂ ਕਿਸੀ ਸ਼ਰਾਰਤੀ ਨੇ ਅਪਨੀ ਤਰਫ਼ ਸੇ ਮਹਾਰਾਜ ਕੇ ਜੋਤੀ ਜੋਤ ਸਮਾਨੇ ਕੇ ਬਾਦ-ਬੜ੍ਹਾ ਕਰ ਜ਼ਫ਼ਰਨਾਮਾ ਕਾ ਹਿੱਸਾ ਬਨਾ ਦੀਆ। ਯਿਹ ਵੁਹ ਤੀਨ ਯਾ ਦੋ ਅਸ਼ਆਰ ਹੈਂ, ਜਿਨ ਮੇਂ ਮਹਾਰਾਜ ਕੀ ਜ਼ੁਬਾਨ ਸੇ ਯਿਹ ਕਹਲਵਾਇਆ ਗਿਆ ਹੈ, ਔਰੰਗਜ਼ੇਬ ਕੋ ਮੁਖਾਤਿਬ ਕਰਕੇ ਬੰਦਾਏ ਚਾਕਰਮ।....ਮੈਂਨੇ ਇਨ ਮਜ਼ਮੂਮ ਅਸ਼ਆਰ ਸੇ ਕਿਤਾਬ ਕੋ ਦਾਗ਼ਦਾਰ ਨਹੀਂ ਹੋਨੇ ਦੀਆ, ਕਿਉਂਕਿ ਮਹਾਰਾਜ ਕੇ ਕਲਾਮ ਸੇ ਇਨਕਾ ਕੋਈ ਤਅਲੁਕ ਨਹੀਂ। (ਜ਼ਫ਼ਰਨਾਮਾ, ਤਸ਼ਰੀਹੀ ਤਰਜ਼ਮਾ, ਨਾਨਕ ਚੰਦ ਨਾਜ਼, ਸਫ਼ਾ ੧੨)। ਪਰ ਭਾਈ ਵੀਰ ਸਿੰਘ ਨੇ ਗੁਰੂ ਜੀ ਵਲੋਂ ਚਾਕਰ ਸ਼ਬਦ ਆਪਣੇ ਲਈ ਅਤੇ ਸ਼ਹਿਨਸ਼ਾਹ ਸ਼ਬਦ ਵਾਹਿਗੁਰੂ ਲਈ ਵਰਤਿਆ ਮੰਨਿਆ ਹੈ।

ਫ਼ਾਰਸੀ ਲਿਪੀ ਵਿਚੋਂ ਗੁਰਮੁਖੀ ਵਿਚ ਅਤੇ ਗੁਰਮਖੀ 'ਚੋਂ ਫਿਰ ਫ਼ਾਰਸੀ ਵਿਚ ਲਿਖਣ ਕਾਰਨ ਕਈ ਸ਼ੇਅਰ ਤਕਤੀਆ ਵਿਚੋਂ ਖ਼ਾਰਜ ਹੋ ਗਏ ਹਨ ਮਸਲਨ :

'ਤਸਬੀਹਤ ਅਜ਼ ਸਜਾ ਉ ਰਿਸ਼ਤਾ ਬੇਸ਼। ਕਜ਼ਾਂ ਦਾਨਾ ਸਾਜ਼ੀ ਵ ਜਾਂ ਦਾਮੇ ਖੇਸ਼।'

ਇਸ ਦਾ ਪਾਠਾਂਤਰ 'ਨਾ ਤਸਬੀਹਤ.....' ਹੈ ਜਿਸ ਨਾਲ ਸਕਤਾ ਦੂਰ ਹੋ ਜਾਂਦਾ ਹੈ। ਇਸੇ ਤਰ੍ਹਾਂ:—

ਵਜਾਂ ਖ਼ਾਨਾਏ ਖ਼ਾਮ ਕਰ ਦੀ ਬਿਨਾ। ਬਰਾਏ ਦਰੇ ਦੌਲਤੇ ਖ਼ੇਸ਼ਰਾ।

ਦੂਜੇ ਮਿਸਰੇ ਵਿਚ 'ਰਾ' ਨਾਲ ਮਿਸਰਾ ਵਧ ਗਿਆ ਜਾਪਦਾ ਹੈ, ਇਹ ਸਭ ਕੁਝ ਲਿਖਾਰੀਆਂ ਦੇ ਅਨਜਾਣਪੁਣੇ ਦੇ ਕਾਰਨ ਹੋਇਆ। (ਪਾਸਬਾਂ, ਚੰਡੀਗੜ੍ਹ ਫ਼ਰਵਰੀ, 1966, ਸਫ਼ਾ 32—ਡਾਕਟਰ ਅੰਮ੍ਰਿਤ ਲਾਲ ਇਸ਼ਰਤ ਦਾ ਲੇਖ 'ਜ਼ਫਰਨਾਮਹ')

---

1. ਪਰ ਭਾਈ ਨੰਦ ਲਾਲ ਜੀ ਨੂੰ ਗੁਰੂ ਸਾਹਿਬ ਨੇ ਆਨੰਦਪੁਰ ਦੇ ਘੇਰੇ ਤੋਂ ਪਹਿਲਾਂ ਹੋਰਨਾਂ ਕਵੀਆਂ ਅਤੇ ਵਿਦਵਾਨਾਂ ਸਮੇਤ ਰੁਖ਼ਸਤ ਕਰ ਛੱਡਿਆ ਸੀ ਤੇ ਭਾਈ ਨੰਦ ਲਾਲ ਜੀ ਉਦੋਂ ਗੁਰੂ ਸਾਹਿਬ ਪਾਸ ਮੌਜੂਦ ਨਹੀਂ ਸਨ।

(5)

ਇਸ ਖ਼ਤ ਨੂੰ ਜੋ ਅਸਾਧਾਰਨ ਦੁੱਖਾਂ, ਮੁਸੀਬਤਾਂ ਤੇ ਔਖਿਆਈਆਂ ਵਿਚਾਲੇ ਅਡੋਲਤਾ ਨਾਲ ਚੜ੍ਹਦੀਆਂ ਕਲਾਂ ਵਿਚ ਵਿਚਰਨ ਦਾ ਪ੍ਰਗਟਾ ਤੇ ਫ਼ਤਹ ਦਾ ਐਲਾਨ (ਭਈ ਜੀਤ ਮੇਰੀ ਕਿਰਪਾ ਕਾਲ ਕੇਰੀ ਵਾਂਗ) ਹੈ, ਖੜਗਕੇਤ ਵਾਹਿਗੁਰੂ ਦੇ ਨਾਂ ਨਾਲ ਸ਼ੁਰੂ ਕਰਕੇ ਦੱਸਿਆ ਗਿਆ ਹੈ ਕਿ ਉਸੇ ਵਾਹਿਗੁਰੂ ਨੇ ਤੈਨੂੰ (ਔਰੰਗਜ਼ੇਬ ਨੂੰ) ਬਾਦਸ਼ਾਹੀ ਦਿੱਤੀ ਅਤੇ ਸਾਨੂੰ ਧਰਮ-ਰਕਸ਼ਾ ਦੀ ਦੌਲਤ ਦਿੱਤੀ, ਤੈਨੂੰ ਮਕਰ ਫਰੇਬ ਨਾਲ ਲੁੱਟਮਾਰ ਕਰਨੀ ਅਤੇ ਸਾਨੂੰ ਸਾਫ਼ ਦਿਲੀ ਨਾਲ ਇਸ ਦਾ ਵਿਰੋਧ ਕਰਨ ਦੀ ਤਾਕਤ ਬਖਸ਼ੀ, ਤੂੰ ਦੱਖਣ ਅਤੇ ਮੇਵਾੜ ਵਿਚੋਂ ਕਰੜੀ ਵਿਰੋਧਤਾ ਦੀ ਪਿਆਸ ਲੈ ਕੇ ਆਇਆ ਏਂ। ਸਾਡੀ ਵੱਲ ਆ ਤੈਨੂੰ ਤੇਗ਼ ਦਾ ਰਜਵਾਂ ਪਾਣੀ ਪਿਲਾਈਏ, ਤੂੰ ਗਿੱਦੜ ਨੇ ਮੇਰੇ (ਸ਼ੇਰ ਦੇ) ਦੋ ਬੱਚੇ ਕਤਲ ਕਰ ਦਿੱਤੇ ਹਨ। ਉਹ ਸ਼ੇਰ ਤੈਥੋਂ ਬਦਲਾ ਲੈਣ ਨੂੰ ਤਿਆਰ ਹੈ। ਮੈਨੂੰ ਤੇਰੀਆਂ ਸੌਂਹਾਂ ਸੁਗੰਧਾਂ 'ਤੇ ਇਤਬਾਰ ਨਹੀਂ ਤੇ ਸਿਵਾਏ ਤਲਵਾਰ ਫੜਨ ਦੇ ਕੋਈ ਚਾਰਾ ਨਹੀਂ ਰਿਹਾ! ਆ, ਜੇ ਤੈਨੂੰ ਮੇਰੇ ਨਾਲ ਗੱਲ ਬਾਤ ਕਰਨ ਦੀ ਲੋੜ ਹੈ, ਤੈਨੂੰ ਮੈਂ ਸਿੱਧਾ ਰਾਹ ਦਿਖਾ ਦਿਆਂਗਾ। ਸਾਡੀ ਗੱਲਬਾਤ ਮੈਦਾਨੇ ਜੰਗ ਵਿਚ ਹੋਵੇਗੀ। ਮੈਂ ਇਕੱਲਾ ਆਵਾਂਗਾ ਤੇ ਤੂੰ ਦੋ ਸਵਾਰਾਂ ਨਾਲ। ਐਵੇਂ ਰੱਬ ਦੇ ਬੰਦਿਆਂ ਨੂੰ ਕਾਹਨੂੰ ਦੁੱਖ ਦਿੰਦਾ ਏਂ। ਤੂੰ ਲਾਡ ਪਿਆਰ ਵਿਚ ਪਲਿਆ ਏਂ, ਤੈਨੂੰ ਜੰਗੀ ਜਵਾਨਾਂ ਨਾਲ ਵਾਹ ਨਹੀਂ ਪਿਆ।

ਸਾਰੇ ਖ਼ਤ ਵਿਚ ਔਰੰਗਜ਼ੇਬ ਦੀ ਬੇਈਮਾਨੀ—ਉਹਦਾ ਆਪਣੀ ਤਸਬੀਹ ਦੇ ਮਣਕੇ ਤੋਂ ਚੋਗਾ ਅਤੇ ਧਾਗੇ ਤੋਂ ਜਾਲ ਸਾਜਣਾ—ਰਹਾਉ ਦੀ ਤੁੱਕ ਹੈ। ਇਤਿਹਾਸ ਗਵਾਹ ਹੈ ਕਿ ਔਰੰਗਜ਼ੇਬ ਧਰਮ ਅਤੇ ਰਾਜਨੀਤੀ ਦੋਹਾਂ ਖੇਤਰਾਂ ਵਿਚ ਦੰਭੀ ਸੀ। ਉਹ ਬਾਹਰਲੇ ਦਿਖਾਵੇ ਲਈ ਕੁਰਆਨ ਸਰੀਫ਼ ਲਿਖਕੇ ਅਤੇ ਟੋਪੀਆਂ ਬਣਾਕੇ ਟੁੱਕਰ ਖਾਂਦਾ ਸੀ। ਇਕ ਲੜਾਈ ਵਿਚ ਜਦ ਉਹਨੂੰ ਆਪਣੀ ਹਾਰ ਹੁੰਦੀ ਦਿਸਣ ਲੱਗੀ ਤਾਂ ਨਮਾਜ਼ ਪੜ੍ਹਨ ਦਾ ਢੌਂਗ ਰਚਾਉਣ ਲਈ ਉਹ ਹਾਥੀ ਤੋਂ ਇਉਂ ਉਤਰਿਆ ਕਿ ਦੁਸ਼ਮਣ ਚੰਗੀ ਤਰ੍ਹਾਂ ਵੇਖ ਸਕੇ, ਦੁਸ਼ਮਣ ਉੱਤੇ ਉਹਦੀ ਪਾਰਸਾਈ ਦਾ ਝੂਠਾ ਯਥਾ ਯੋਗ ਪ੍ਰਭਾਵ ਪਿਆ ਅਤੇ ਉਨ੍ਹਾਂ ਨੇ ਅਜਿਹੇ ਪੱਕੇ ਮੋਮਨ ਵਿਰੁੱਧ ਲੜਨਾ ਪਾਪ ਸਮਝਕੇ ਸੁਲਹ ਕਰ ਲਈ। ਸਟੋਰੀਆ ਡੋਮੋਗਰ ਦੇ ਕਰਤਾ ਮਨੂਕੀ ਦੀ ਗਵਾਹੀ ਇਉਂ ਹੈ, 'ਔਰੰਗਜ਼ੇਬ ਵਲੋਂ ਅਜਿਹੇ ਕੁਝ ਹੁਕਮ ਭੀ ਸਾਦਰ ਹੋਏ ਜਿਸ ਤੋਂ ਉਹਦਾ ਆਪਣਾ ਮਤਲਬ ਸਿੱਧ ਹੁੰਦਾ ਸੀ। ਮਸਲਨ ਲੋਕਾਂ ਨੂੰ ਇਹ ਕਿਹਾ ਗਿਆ ਕਿ ਬੇਸ਼ੱਕ ਝੂਠੀਆਂ ਕਸਮਾਂ ਖਾ ਲਉ ਅਤੇ ਇਸ ਤਰ੍ਹਾਂ ਨੇੜੇ ਤੇੜੇ ਦੇ ਰਾਜਾਂ ਵਿਚ ਬਗ਼ਾਵਤ ਦੀ ਅੱਗ ਬਾਲ ਦਿਉ। ਲੋਕਾਂ ਨੂੰ ਆਪਣੀ ਵੱਲ ਕਰ ਲਉ। ਜਦ ਕੰਮ ਸਿੱਧ ਹੋ ਜਾਏ ਤਾਂ ਦਸ ਫਕੀਰਾਂ ਨੂੰ ਰੋਟੀ ਖੁਆ ਦਿਉ! ਭਾਵੇਂ ਕੁਰਆਨ ਦੀਆਂ ਹਜ਼ਾਰਾਂ ਕਸਮਾਂ ਖਾ ਕੇ ਹੀ ਤੁਸੀਂ ਇਕਰਾਰ ਕਿਉਂ ਨਾ ਕੀਤੇ ਹੋਣ, ਤੁਸੀਂ, ਇਉਂ ਸਭ ਤੋਂ ਬਰੀ ਹੋ ਜਾਉਗੇ' (ਕਲਗੀਧਰ ਚਮਤਕਾਰ, ਉਤ੍ਰਾਰਧ, ਸਫਾ ੧੯੭)

ਅੱਗੇ ਫ਼ਤਹ ਨਾਮਾ ਦਾ ਮੂਲ ਪਾਠ, ਅਨੁਵਾਦ ਸਹਿਤ ਦਿੱਤਾ ਜਾਂਦਾ ਹੈ।

(6)

ਫ਼ਤਹ ਨਾਮਾਹ

ੴ ਵਾਹਿਗੁਰੂ ਜੀ ਦੀ ਫਤਹਿ

(ਨਾਮਹ ਗੁਰੂ ਗੋਬਿੰਦ ਸਿੰਘ, ਬਾ ਔਰੰਗਜ਼ੇਬ)

(੧) ਬਨਾਮੇ ਖੁਦਾਵੰਦੇ ਤੇਗੋ ਤਬਰ,
ਖੁਦਾਵੰਦੇ ਤੀਰੋ ਸਨਾਨੋ ਸਿਪਰ।

ਸ਼ੁਰੂ ਕਰਦਾ ਹਾਂ, ਤਲਵਾਰ ਤੇ ਤਬਰ ਦੇ ਮਾਲਕ ਦੇ ਨਾਂ ਨਾਲ ਜੋ ਤੀਰ ਦੀ ਅਣੀ ਤੇ ਢਾਲ ਦਾ ਮਾਲਕ ਹੈ, (ਨਮਸਕਾਰ ਸ੍ਰੀ ਖੜਗ ਕੋ ਕਰਉ ਸੁ ਹਿਤ ਚਿਤ ਲਾਇ। ਪੂਰਨ ਕਰੋਂ ਗ੍ਰੰਥ ਇਹ ਤੁਮ ਮਮ ਕਰੋ ਸਹਾਇ)

(੨) ਖੁਦਾਵੰਦ ਮਰਦਾਨੇ ਜੰਗ ਆਜ਼ਮਾ।
ਖੁਦਾਵੰਦੇ ਅਸਪਾਨੇ ਪਾ ਦਰ ਹਵਾ।

ਜੋ ਲੜਾਕੇ ਯੋਧਿਆਂ ਦਾ ਖੁਦਾ ਹੈ ਤੇ ਹਵਾ ਨਾਲ ਉਡਣ ਵਾਲੇ ਘੋੜਿਆਂ ਦਾ ਮਾਲਕ ਹੈ। (ਕੋਟ ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੋ ਜਾਤ ਨਿਵਾਰੇ)

(੩) ਹਮਾਂ ਕੁ ਤੁਰਾ ਪਾਦਸ਼ਾਹੀ ਬ ਦਾਦ।
ਬ ਮਾ ਦੌਲਤੇ ਦੀ ਪਨਾਹੀ ਬ ਦਾਦ।

ਓਸ ਰੱਬ ਨੇ ਤੈਨੂੰ ਬਾਦਸ਼ਾਹੀ ਦਿੱਤੀ ਤੇ ਮੈਨੂੰ ਧਰਮ ਰਕਸ਼ਾ ਦੀ ਦੌਲਤ ਬਖ਼ਸ਼ੀ। (ਹਮ ਇਹ ਕਾਜ ਜਗਤ ਮੋ ਆਇ। ਧਰਮ ਹੇਤ ਗੁਰਦੇਵ ਪਠਾਇ।)

(੪) ਤੁਰਾ ਤੁਰਕ ਤਾਜ਼ੀ ਬ-ਮਕਰੋ ਰਿਆ।
ਮਰਾ ਚਾਰਾਹ ਸਾਜ਼ੀ ਬ-ਸਿਦਕੋ ਸਫਾ।

ਤੈਨੂੰ (ਉਸੇ ਰੱਬ ਨੇ) ਮਕਰ ਫਰੇਬ ਲੁੱਟਮਾਰ ਕਰਨੀ ਅਤੇ ਮੈਨੂੰ ਸਾਫ਼ ਦਿਲੀ ਨਾਲ ਉਹਦਾ ਵਿਰੋਧ ਕਰਨਾ ਬਖ਼ਸ਼ਿਆ। (੧. ਨਮੋ ਰਾਜਸੰ ਤਾਮਸੰ ਸਾਂਤ ਰੂਪੇ। ੨. ਨਮੋ ਜੁਧ ਜੁਧੇ ਨਮੋ ਗਿਆਨ ਗਿਆਨੇ।)

**(੫) ਨਾ ਜ਼ੇਬਦ ਤੁਰਾ ਨਾਮੇ ਔਰੰਗਜ਼ੇਬ ਕਿ,*
ਔਰੰਗਜ਼ੇਬਾਂ ਨਿਆਇਦ ਫ਼ਰੇਬ।

ਤੈਨੂੰ ਔਰੰਗਜ਼ੇਬ ਦੀ ਉਪਾਧੀ ਨਹੀਂ ਸੋਭਦੀ, ਕਿਉਂਕਿ ਔਰੰਗਜ਼ੇਬ (ਤਖਤ ਨੂੰ ਸੋਭਾ ਦੇਣ ਵਾਲਿਆਂ) ਨੂੰ ਧੋਖਾ ਦੇਣਾ ਸ਼ੋਭਦਾ ਨਹੀਂ; (ਰਾਜੇ ਚੁਲੀ ਨਿਆਉਂ ਕੀ, ਅਤੇ 'ਤਖਤ ਬਹੈ ਤਖਤੇ ਕੀ ਲਾਇਕ')।

(੬) ਤਸਬੀਹਤ ਅਜ਼ ਦਾਨਾਓ ਰਿਸ਼ਤਾ ਬੇਸ਼।
ਕਜ਼ਾ ਦਾਨਾ ਸਾਜ਼ੀ ਵਜ਼ੀ ਦਾਮੇ ਖੇਸ਼।

---

* ਕਈ ਲਿਖਤਾਂ ਵਿਚ ਸ਼ੇਅਰ ਇਸ ਤਰ੍ਹਾਂ ਲਿਖਿਆ ਹੈ:
(5) ਨਾ ਜੇਬਦ ਤੁਰਾ ਨਾਮ ਔਰੰਗਜੇਬ
ਜ ਔਰੰਗਜੇਬਾ ਨਾ ਯਾਬਦ ਫਰੇਬ

ਤੇਰੀ ਤਸਬੀਹ ਮਣਕਿਆਂ ਤੇ ਧਾਗੇ ਤੋਂ ਵੱਧ ਕੁਝ ਭੀ ਨਹੀਂ ਕਿਉਂਕਿ ਤੂੰ ਆਪਣਾ ਜਾਲ ਇਸ ਧਾਗੇ ਤੋਂ ਬੁਣ ਕੇ ਉਸ ਵਿਚ ਮਣਕਿਆਂ ਰੂਪੀ ਚੋਗ ਖਿਲਾਰਦਾ ਏਂ। (ਹਾਥ ਬਿਖੇ ਮਾਲਾ ਫਿਰੈ ਜੀਭ ਫਿਰੈ ਮੁਖ ਮਾਹਿ। ਮਨੀ ਰਾਮ ਦਹਿਦਿਸ ਫਿਰੈ ਯਹ ਤੌ ਸਿਮਰਨ ਨਾਹਿ।)

(੭) ਤੂੰ ਖ਼ਾਕੇ ਪਿਦਰ ਰਾ ਬ ਕਿਰਦਾਰੇ ਜ਼ਿਸ਼ਤ।
ਬ ਖ਼ੂਨੇ ਬਿਰਾਦਰ ਬ ਦਾਦੀ ਸਿਰਿਸ਼ਤ।

ਤੂੰ ਆਪਣੀ ਭੈੜੀ ਕਰਤੂਤ ਨਾਲ ਆਪਣੇ ਪਿਤਾ ਦੀ ਮਿੱਟੀ ਨੂੰ ਆਪਣੇ ਭਰਾ ਦੇ ਖ਼ੂਨ ਨਾਲ ਗੁੰਨ੍ਹਿਆ ਹੈ, ਆਪਣੇ ਭੈੜੇ ਸੁਭਾਅ ਨੂੰ ਇਸ ਵਿਚ ਦਾਖਲ ਕਰ ਕੇ। ਇਹ ਇਸ਼ਾਰਾ ਹੈ ਔਰੰਗਜ਼ੇਬ ਦੇ ਤਖ਼ਤ ਹਾਸਲ ਕਰਨ ਲਈ, ਦਾਰਾ ਸ਼ਿਕੋਹ ਨੂੰ ਹਾਰ ਦੇਣ ਦਾ ਬਾਨ੍ਹਣੂ ਬੰਨ੍ਹਣ ਵਾਲਾ। ਪਹਿਲਾਂ ਉਹਨੇ ਮੁਰਾਦ ਨੂੰ ਇਹ ਇਕਰਾਰ ਕਰ ਕੇ ਆਪਣੀ ਵੱਲ ਕੀਤਾ ਕਿ ਮੈਂ ਤਾਂ ਫ਼ਕੀਰ ਤਬਾਆ (ਤਬਾਅ) ਆਦਮੀ ਹਾਂ, ਮੈਂ ਕੇਵਲ ਕਾਫਰ ਨਵਾਜ਼ ਦਾਰਾ ਸ਼ਿਕੋਹ ਦੀ ਥਾਂ ਤੈਨੂੰ ਤਖ਼ਤ ਦਿਵਾਣਾ ਚਾਹੁੰਦਾ ਹਾਂ, ਤੈਨੂੰ ਤਖ਼ਤ ਬਹਾ ਕੇ ਮੈਂ ਮੱਕੇ ਸ਼ਰੀਫ਼ ਚਲਾ ਜਾਵਾਂਗਾ। ਮੁਰਾਦ ਨੂੰ ਇਉਂ ਫੁਸਲਾ ਕੇ ਉਹਨੇ ਦਾਰਾ ਅਤੇ ਸ਼ੁਜਾਅ ਨੂੰ ਭਾਂਜ ਦਿੱਤੀ ਅਤੇ ਆਪਣੇ ਪਿਤਾ ਸ਼ਾਹਜਹਾਂ ਅਤੇ ਆਪਣੀ ਭੈਣ ਜਹਾਂ ਆਰਾ ਨੂੰ (ਜਿਸ ਨੂੰ ਉਹ ਦਾਰਾ ਦੀ ਹਮੈਤਣ ਸਮਝਦਾ ਸੀ) ਆਗਰੇ ਦੇ ਕਿਲ੍ਹੇ ਵਿਚ ਕੈਦ ਕਰ ਦਿੱਤਾ। ਮੁਰਾਦ ਨੂੰ ਇੰਨੀ ਸ਼ਰਾਬ ਪਿਲਾਈ ਕਿ ਉਹ ਬਿਲਕੁਲ ਬੇਹੋਸ਼ ਹੋ ਗਿਆ, ਸਾਰੇ ਦਰਬਾਰੀਆਂ ਨੂੰ ਨਾਲ ਲੈ ਕੇ ਉਹਦੇ ਕੋਲ ਜਾ ਕੇ ਉਹਨੂੰ ਲੱਤ ਮਾਰ ਕੇ ਪੁੱਛਣ ਲੱਗਾ 'ਦੱਸੋ ਇਹ ਆਦਮੀ ਰਾਜ ਕਰਨ ਦੇ ਯੋਗ ਹੈ ?' ਜਦ ਸਭ ਨੇ ਸਿਰ ਫੇਰਿਆ ਤਾਂ ਉਹਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ। ਸ਼ੁਜਾਅ ਅਰਾਕਾਨ ਦੀਆਂ ਪਹਾੜੀਆਂ ਵੱਲ ਭੱਜ ਗਿਆ ਜਿਹਦਾ ਪਿੱਛੋਂ ਕੋਈ ਪਤਾ ਨਾ ਲੱਗਾ। ਦਾਰਾ ਅਤੇ ਮੁਰਾਦ ਕਤਲ ਕਰਵਾ ਦਿੱਤੇ ਗਏ। ਕਈ ਸਾਲ ਕੈਦ ਰਹਿ ਕੇ ਸ਼ਾਹਜਹਾਂ ਕੈਦ ਵਿਚ ਹੀ ਮਰ ਗਿਆ।

ਕਹਿੰਦੇ ਹਨ ਕਿ ਸ਼ਾਹਜਹਾਂ ਦਾ ਖਾਣਾ ਪਾਣੀ ਭੀ ਇਹਨੇ ਬੰਦ ਕਰ ਦਿੱਤਾ। ਪਿਉ ਨੇ ਪੁੱਤਰ ਨੂੰ ਕੈਦ ਵਿਚੋਂ ਲਿਖਿਆ 'ਆਫਰੀਂ ਬਾਦ ਬਹਿੰਦੂਆਂ ਮਆਬ। ਕਿ ਮੁਰਦਾ ਰਾ ਦਹਿੰਦ ਦਾਇਮ ਆਬਾ, ਪਿਸਰ ! ਤੂੰ ਅਜਬ ਮੁਸਲਮਾਨੀ। ਜ਼ਿੰਦਾ ਪਿਦਰ ਰਾ ਬਆਬ ਤਰਸਾਨੀ।' ਅਰਥਾਤ ਸ਼ਾਬਾਸ਼ ਹੈ ਹਿੰਦੂਆਂ ਨੂੰ ਜੋ ਮੋਏ ਪਿਤਰਾਂ ਨੂੰ ਪਾਣੀ ਦਿੰਦੇ ਹਨ। ਹੇ ਪੁੱਤਰ ਤੂੰ ਅਜੀਬ ਮੁਸਲਮਾਨ ਏਂ ਕਿ ਜੀਉਂਦੇ ਪਿਤਾ ਨੂੰ ਪਾਣੀ ਤੋਂ ਤਰਸਾ ਰਿਹਾ ਏਂ। ਔਰੰਗਜ਼ੇਬ ਨੇ ਇਕ ਥਾਲ ਵਿਚ ਦਾਰਾ ਦਾ ਵੱਢਿਆ ਹੋਇਆ ਸਿਰ ਢਕ ਕੇ ਪਿਉ ਨੂੰ ਖਾਣੇ ਵਜੋਂ ਭੇਜ ਦਿੱਤਾ।

(੮) ਵਜ਼ਾਂ ਖ਼ਾਨਾ ਏ ਖ਼ਾਮ ਕਰਦੀ ਬਿਨਾ।
ਬਰੂਏ ਦਰੇ ਦੌਲਤੇ ਖ਼ੇਸ਼ (ਖ਼ਵੀਸ਼) ਰਾ।

ਇਸ ਖੂਨੀ ਗਾਰੇ ਨਾਲ ਤੂੰ ਆਪਣੀ ਸਲਤਨਤ ਦਾ ਕੱਚਾ ਘਰ ਸਾਜ ਲਿਆ ਹੈ।

(੯) ਮਨ ਅਕਨੂੰ ਬ ਅਫ਼ਜ਼ਾਲੇ ਪੁਰਸ਼ੇ ਅਕਾਲ।

ਕੁਨਮ ਆਬੇ-ਆਹਨ ਚੁਨਾ ਬਰਸ਼ਗਾਲ।

ਮੈਂ ਹੁਣ ਅਕਾਲ ਪੁਰਖ ਦੀ ਕਿਰਪਾ ਨਾਲ ਸਰਬ ਲੋਹ ਦੇ ਖੰਡੇ ਦੀ ਧਾਰ 'ਚੋਂ ਅਜਿਹੀ ਵਰਖਾ ਕਰਾਂਗਾ।*

(੧੦) ਕਿ ਹਰਗਿਜ਼ ਅਜਾਂ ਚਾਰ ਦੀਵਾਰੇ ਸ਼ੁਮ।

ਨਿਸ਼ਾਨੀ ਨ ਮਾਨਦ ਬਰੀਂ ਪਾਕ ਬੂਮ।

ਕਿ ਇਸ ਪਾਕ ਜ਼ਮੀਨ ਉੱਤੇ ਉਸ ਮਨਹੂਸ ਵਲਗਣ ਦਾ ਕੋਈ ਨਾਂ ਨਿਸ਼ਾਨ ਨਹੀਂ ਰਹੇਗਾ।

(੧੧) ਜ਼ਿ ਕੋਹੇ ਦਕਨ ਤਿਸ਼ਨਾਹ ਕਾਮ ਆਮਦੀ।

*ਜ਼ਿ ਮੇਵਾੜ ਹਮ ਤਲਖ** ਕਾਮ ਆਮਦੀ।*

ਸਰਬ ਲੋਹ ਦੇ ਖੰਡੇ ਦਾ ਪਾਣੀ ਨਾ ਹੀ ਤੈਨੂੰ ਦੱਖਣ ਦੇ ਮਰਾਠਿਆਂ ਤੋਂ ਮਿਲਿਆ ਹੈ ਤੇ ਨਾ ਹੀ ਮੇਵਾੜ ਦੇ ਰਾਜਪੂਤਾਂ ਤੋਂ, ਜਿੱਥੋਂ ਕਿ ਤੈਨੂੰ ਕੌੜਾ ਘੁੱਟ ਪੀ ਕੇ ਮੁੜਨਾ ਪਿਆ। ਤੂੰ ਦੋਹਾਂ ਥਾਵਾਂ ਤੋਂ ਤ੍ਰਿਹਾਇਆ ਹੀ ਪਰਤਿਆ ਏਂ। ਔਰੰਗਜ਼ੇਬ ਦੀ ਰਾਜਨੀਤੀ ਦੀ ਡੂੰਘਾਈ ਇਹ ਸੀ ਕਿ ਜਦ ਤਕ ਸ਼ਿਵਾ ਜੀ ਜੀਉਂਦੇ ਰਹੇ ਬਾਦਸ਼ਾਹ ਨੇ ਕੋਈ ਬਹੁਤੀ ਕਰੜੀ ਕਾਰਵਾਈ ਨਾ ਕੀਤੀ, ਉਹ ਰਾਜਪੂਤਾਂ ਨਾਲ ਹੀ ਲੜਦਾ ਰਿਹਾ। ਉਹਨੇ ਰਾਜਪੂਤਾਂ ਵਿਚੋਂ ਮਿਰਜ਼ਾ ਰਾਜਾ ਜੈ ਸਿੰਘ ਨੂੰ, ਲੋਹੇ ਨੂੰ ਲੋਹੇ ਨਾਲ ਕੱਟਣ ਲਈ, ਚੜ੍ਹਾ ਭੇਜਿਆ। ਇਸੇ ਸੰਬੰਧ ਵਿਚ ਸ਼ਿਵਾ ਜੀ ਨੇ ਰਾਜਾ ਜੈ ਸਿੰਘ ਨੂੰ ਉਹ ਤਾਰੀਖੀ ਖ਼ਤ ਫ਼ਾਰਸੀ ਜ਼ੁਬਾਨ ਵਿਚ ਲਿਖਿਆ (ਕਿਉਂਕਿ ਮਰਾਠੀ ਰਾਜ ਦੀ ਰਾਜ ਭਾਸ਼ਾ ਭੀ ਫ਼ਾਰਸੀ ਹੀ ਰਹੀ ਹੈ) ਜਿਸ ਦਾ ਜ਼ਿਕਰ ਅੰਕ ਦੋ ਵਿਚ ਆਇਆ ਹੈ। ਸ਼ਿਵਾ ਜੀ ਦੇ ਚਲਾਣਾ ਕਰਦੇ ਸਾਰ ਉਹਨੇ ਰਾਜਪੂਤਾਂ ਵਲੋਂ ਧਿਆਨ ਹਟਾ ਕੇ ਮਰਾਠਿਆਂ ਨਾਲ ਜੰਗ ਛੇੜ ਦਿੱਤੀ।

---

* ਸ੍ਰੀ ਨਾਜ਼ 'ਆਬੋ ਆਹਨ' ਦਾ ਅਰਥ 'ਖੰਡੇ ਦਾ ਅੰਮ੍ਰਿਤ' ਕਰ ਕੇ ਇਸ ਬੰਦ ਦੀ ਵਿਆਖਿਆ ਇਉਂ ਕਰਦੇ ਹਨ 'ਮੈਂਨੇ ਅਬ ਪਰਮਾਤਮਾ ਕੀ ਕਿਰਪਾ ਸੇ ਆਪਣੇ ਸਿੱਖੋਂ ਮੇਂ ਤਾਜ਼ਾ ਜ਼ਿੰਦਗੀ ਭਰ ਦੀ ਹੈ। ਇਨਹੇਂ ਲੋਹੇ ਕਾ ਪਾਨੀ ਯਾਨੀ ਅੰਮ੍ਰਿਤ ਪਿਲਾ ਦੀਆ ਹੈ ਔਰ ਇਸ ਲੋਹੇ ਕੇ ਪਾਨੀ ਸੇ ਬਰਸਾਤ ਹੋਨੇ ਲਗ ਪੜੀ ਹੈ।' ਭਾਵ ਕਿ ਮੇਰੇ ਸਿੰਘਾਂ ਦੀਆਂ ਕਿਰਪਾਨਾਂ ਦੇ ਪਾਣੀ ਵਿਚ ਉਨ੍ਹਾਂ ਦੇ ਜੋਸ਼ ਨਾਲ ਉਛਾਲਾ ਆ ਰਿਹਾ ਹੈ। (ਜ਼ਫ਼ਰਨਾਮਾ, ਸਫ਼ਾ ੩੪)

ਇਉਂ ਹੀ ਨਾਜ਼ ਸਾਹਿਬ ਨੇ ਜ਼ਫ਼ਰਨਾਮੇ ਦੇ ਸ਼ੇਅਰ 'ਯਕੇ ਅਸਪ ਸ਼ਾਇਸਤਹ ਏ ਯਕ ਹਜ਼ਾਰ। ਬਿਆਤਾਂ ਬਗੀਰੀ ਬਮਨ ਈਂ ਦਿਆਰ।' ਦੇ ਅਰਥ ਬੜੇ ਵਚਿੱਤ੍ਰ ਕੀਤੇ ਹਨ: 'ਐ ਔਰੰਗਜ਼ੇਬ! ਤੂ ਯਹਾਂ ਕਸਬਾ ਕਾਂਗੜ ਮੇਂ ਆ ਕਿ ਹਮ ਤੁਮ ਪਰ ਮਿਹਰਬਾਨੀ ਕਰ ਕੇ ਬਾਤ ਚੀਤ ਕਰੇਂ। ਮੇਰੇ ਪਾਸ ਇਕ ਹਜ਼ਾਰ ਮੇਂ ਸੇ ਚੁਨਾ ਹੂਆ ਏਕ ਘੋੜਾ ਹੈ, ਮੈਂ ਉਸੇ ਖੁਲ੍ਹਾ ਛੋੜ ਦੇਤਾ ਹੂੰ, ਤੁਮ ਮੇਂ ਹਿੰਮਤ ਹੈ ਤੋ ਉਸੇ ਪਕੜ ਤਾਂਕਿ ਮੈਂ ਤੁਝ ਸੇ ਜੰਗ ਕਰੂੰ।' ਇਸ ਸ਼ੇਅਰ ਮੇਂ ਗੁਰੂ ਸਾਹਿਬ ਨੇ ਪੁਰਾਣੇ ਹਿੰਦੁਸਤਾਨ ਕੀ ਮਸ਼ਹੂਰ ਰਸਮ ਅਸ਼ਵਮੇਧ ਯਗ ਕੀ ਤਰਫ ਇਸ਼ਾਰਾ ਕੀਆ ਹੈ।

ਸ਼ਾਇਦ ਇਹ ਰਾਜਸੂ ਯੱਗ ਹੋਵੇ। (ਰਾਜਸੂਇ ਕੀਨੇ ਦਸ ਬਾਰਾ)

** ਪਾਠਾਂਤਰ ਤਲਖ਼ ਜਾਮ (ਜ਼ਫ਼ਰਨਾਮਾ ਕ੍ਰਿਤ ਨਾਨਕ ਚੰਦ ਨਾਜ਼)

(੧੨) ਬਰੀਂ ਸੂ ਚੂੰ ਅਕਨੂੰ ਨਿਗਾਹਤ ਦਵੱਦ।

ਕਿ ਆਂ ਤਲਖੀ ਓ ਤਿਸ਼ਨਗੀਅਤ ਰਵੱਦ।

ਹੁਣ ਜੇ ਤੇਰੀ ਨਿਗਾਹ ਇਧਰ (ਪੰਜਾਬ ਵੱਲ) ਦੌੜੀ ਹੈ ਕਿ ਇਹ ਕੁੜਿੱਤਣ ਤੇ ਤ੍ਰਿਹ ਮਿਟ ਸਕੇ।

(੧੩) ਚੁਨਾ ਆਤਸ਼ੇ ਜ਼ੇਰੇ ਨਾਲਤ ਨਹੰਮ।

ਜਿ ਪੰਜਾਬ ਆਬਤ ਨਿ ਖ਼ੁਰਦਨ ਦਹੰਮ।

ਤਾਂ ਮੈਂ ਤੇਰੇ ਪੈਰਾਂ ਥੱਲੇ ਓਹ ਅੰਗਾਰੇ ਧਰਾਂਗਾ ਕਿ ਤੈਨੂੰ ਪੰਜਾਬ ਤੋਂ ਭੀ ਪਾਣੀ ਦਾ ਘੁੱਟ ਪੀਣਾ ਨਸੀਬ ਨਾ ਹੋਵੇ। (ਨਾ ਡਰਉ ਅਰਿ ਸਉ ਜਬ ਜਾਇ ਲਰੋਂ, ਨਿਸਚੈ ਕਰ ਆਪਨੀ ਜੀਤ ਕਰੋਂ।)

(੧੪) ਚਿਹ ਸ਼ੁਦਗਰ ਸ਼ਗਾਲੇ ਬਮਕਰੋ ਰਯਾ

ਹਮੀਂ ਕੁਸ਼ਤ ਦੋ ਬੱਚਾਏ ਸ਼ੇਰ ਰਾ।

ਕੀ ਹੋਇਆ ਜੇ (ਤੂੰ) ਗਿੱਦੜ ਨੇ ਧੋਖੇ ਫਰੇਬ ਨਾਲ (ਮੇਰੇ) ਸ਼ੇਰ ਦੇ ਦੋ ਬੱਚੇ (ਸਾਹਿਬਜ਼ਾਦਾ ਅਜੀਤ ਸਿੰਘ, ਜ਼ੋਰਾਵਰ ਸਿੰਘ ਜੀ) ਕੋਹ ਸੁੱਟੇ।

(੧੫) ਚੂੰ ਸ਼ੇਰੇ ਜਿਆਂ ਜਿੰਦਾ ਮਾਨਦ ਹਮਿ

ਜ ਤੂ ਇੰਤਕਾਮੇ ਸਿਤਾਨਦ ਹਮਿ।

ਓਹ ਸ਼ੇਰ ਬਾਬਰ ਅਜੇ ਜਿਉਂਦਾ ਹੈ ਤੇ ਤੇਰੇ ਕੋਲੋਂ ਬਦਲਾ ਲਏਗਾ।

(੧੬) ਨ ਦੀਗਰ ਗਿਰਾਇਮ ਬਨਾਮੇ ਖ਼ੁਦਾਤ।

ਕਿ ਦੀਦਮ ਖ਼ੁਦਾਓ (ਖ਼ੁਦਾ ਵਾ) ਕਲਾਮੇ ਖ਼ੁਦਾਤ।

ਹੁਣ ਮੈਂ ਦੂਜੀ ਵਾਰ, ਤੇਰੀਆਂ ਖ਼ੁਦਾ ਦੇ ਨਾਂ ਤੇ ਖਾਧੀਆਂ ਸੌਂਹਾਂ ਸੁਗੰਧਾਂ 'ਤੇ ਨਹੀਂ ਪਸੀਜਾਂਗਾ ਕਿਉਂਕਿ ਮੈਨੂੰ (ਤੇਰੀਆਂ ਨਜ਼ਰਾਂ ਵਿਚ) ਤੇਰੇ ਖ਼ੁਦਾ ਅਤੇ ਉਹਦੇ ਕਲਾਮ (ਕੁਰਾਨ) ਦੀ ਹਕੀਕਤ ਚੰਗੀ ਤਰ੍ਹਾਂ ਮਾਲੂਮ ਹੋ ਗਈ ਹੈ। (ਇਹ ਇਸ਼ਾਰਾ ਔਰੰਗਜ਼ੇਬ ਵੱਲੋਂ ਸਮੇਂ ਦੇ ਰਿਵਾਜ ਅਨੁਸਾਰ ਕੁਰਾਨ ਦੇ ਖਾਲੀ ਵਰਕੇ ਉਤੇ ਖ਼ੁਦਾ ਦੇ ਨਾਂ ਉਤੇ ਇਕਰਾਰਨਾਮਾ ਲਿਖਣ ਵੱਲ ਹੈ, ਜਿਸ ਨੂੰ ਔਰੰਗਜ਼ੇਬ ਦੀ ਮਰਜ਼ੀ ਅਨੁਸਾਰ ਉਹਦੇ ਕਰਮਚਾਰੀਆਂ ਨੇ ਤੋੜ ਕੇ ਆਨੰਦਪੁਰੋਂ ਨਿਕਲਣ ਸਮੇਂ ਅਤੇ ਚਮਕੌਰ ਵਿਚ ਦਸ ਲੱਖ ਦੇ ਕਰੀਬ ਫੌਜ ਨਾਲ ਹਮਲਾ ਕੀਤਾ ਜਿਸਦਾ ਜ਼ਿਕਰ ਅਗਲੇ ਬੰਦ ਵਿਚ ਆਉਂਦਾ ਹੈ।)

(੧੭) ਬਾ ਸੌਗੰਦ ਤੂ ਏਤਬਾਰੇ ਨਾ ਮਾਨਦ

ਮਰਾ ਜੁਜ਼ ਬਾ ਸ਼ਮਸ਼ੀਰ ਕਾਰਏ ਨਾ ਮਾਨਦ।

ਮੈਨੂੰ ਤੇਰੀਆਂ ਸੌਗੰਧਾਂ 'ਤੇ ਇਤਬਾਰ ਨਾ ਰਿਹਾ ਅਤੇ ਤਲਵਾਰ ਫੜਨ ਤੋਂ ਬਿਨਾਂ ਕੋਈ ਚਾਰਾ ਨਾ ਰਿਹਾ (ਜਿਹਾ ਕਿ ਫ਼ਾਰਸੀ ਅਖਾਣ ਹੈ—ਤੰਗ ਆਮਦ ਬਜੰਗ ਆਮਦ—ਤੰਗ ਆ ਕੇ ਜੰਗ ਹੀ ਕਰਨੀ ਪੈਂਦੀ ਹੈ—'ਲੋਹ ਪੜਾ ਹਮ ਸੋਂ ਬਿਨ ਕਾਜਾ)

(੧੮) ਤੂਈ ਗੁਰਗੋ ਬਾਰਾਂ ਕਸ਼ੀਦਹ ਅਗਰ।

ਨਿਹੰਮ ਨੀਜ਼ ਸ਼ੇਰੇ ਜ਼ਿਦਾਮੇ ਬ ਦਰ।

ਜੇ ਤੂੰ ਜ਼ਮਾਨੇ ਸ਼ਾਜ਼ ਚਾਲਾਕ ਬਘਿਆੜ ਏਂ, ਤਾਂ ਮੈਂ ਭੀ ਇਧਰੋਂ ਆਪਣੇ ਪਾਲੇ ਸਿੰਘਾਂ (ਸ਼ੇਰਾਂ) ਨੂੰ ਛੱਡ ਸਕਦਾ ਹਾਂ।

(੧੯) ਅਗਰ ਬਾਜ਼ ਗੁਫਤੋਂ ਸ਼ਨੀਦਤ ਬ ਮਾਸਤ।

ਨਮਾਇਮ ਤੁਰਾ ਜੁਦਾਏ ਪਾਕੋ ਰਾਸਤ।

ਜੇ ਤੂੰ ਅਜੇ ਸਾਡੇ ਨਾਲ ਗੱਲਬਾਤ ਕਰਨੀ ਚਾਹੇਂ ਤਾਂ ਤੈਨੂੰ ਮੈਂ ਇਉਂ ਸਚਾਈ ਦੇ ਸਿੱਧੇ ਰਾਹ ਪਾਵਾਂਗਾ।

(੨੦) ਬਮੈਦਾਂ ਦੋ ਲਸ਼ਕਰ ਸ.ਫ ਆਰਾ ਏ ਸ਼ਵੰਦ।

ਜ਼ਿ ਦੂਰੀ ਬਹਮ ਆਸ਼ਕਾਰਾ ਸ਼ਵੰਦ।

ਕਿ ਮੈਦਾਨ ਵਿਚ ਲਸ਼ਕਰ ਸਫ਼ਾਂ ਬੰਨ੍ਹ ਕੇ ਜੁੜ ਜਾਣ ਤੇ ਛੇਤੀ ਨਾਲ ਇਕ ਦੂਜੇ ਦੇ ਸਾਹਮਣੇ (ਪ੍ਰਗਟ) ਹੋ ਜਾਣ।

(੨੧) ਮਿਯਾਂ ਹਰ ਦੋ ਮਾਨਿੰਦ ਦੋ ਫਰਸੰਗ ਰਾਹ।*

*ਚੂੰ ਆਰਾਸਤਾ ਗਰਦਦ ਈਂ ਰਜ਼ਮ ਗਾਹ**।*

ਜਦ ਦੋਨੋਂ ਲਸ਼ਕਰ ਸਨੱਧ ਬੱਧ ਹੋ ਕੇ ਉਤਰਨ ਤਾਂ ਦੋਹਾਂ ਵਿਚਾਲੇ ਕੋਈ ਇਕ ਫਰਲਾਂਗ ਦਾ ਫਾਸਲਾ ਹੋਵੇ।

(੨੨) ਅਜ਼ਾਂ ਪਸ ਦਰ ਆਂ ਅਰਸਾਏ ਕਾਰਜ਼ਾਰ।

*ਮਨ ਆਇਮ ਜਰੀਦਾ ਤੂੰ ਬਾ ਦੋ ਸਵਾਰ।****

ਇਸਦੇ ਬਾਅਦ ਜੰਗ ਦੇ ਦੌਰਾਨ ਮੈਂ ਇਕੱਲਾ ਅੱਗੇ ਆਵਾਂਗਾ ਤੇ ਭਾਵੇਂ ਤੇਰੇ ਨਾਲ ਦੋ ਸਵਾਰ ਆ ਜਾਣ।

*(੨੩) ਤੂ ਅਜ ਨਾਜ਼ੋ ਨੇਮਤ ਸਮਰ ਖ਼ੋਰਦਹ*****

ਜ਼ ਜੰਗੀ ਜਵਾਨਾਂ ਨਾ ਬਰ ਖ਼ੁਰਦਹ

ਤੂੰ ਲਾਡਾਂ ਨਿਆਮਤਾਂ ਵਿਚ (ਦੂਜਿਆਂ ਨੂੰ ਲੜਾ ਕੇ) ਫਲ ਖਾਂਦਾ ਰਿਹਾ ਏਂ...। ਹਾਲ ਤੀਕ ਤੈਨੂੰ ਕੋਈ ਜੰਗੀ ਜਵਾਨ ਨਹੀਂ ਟੱਕਰਿਆ।

(੨੪) *ਬ ਮੈਦਾਂ ਬਿਆ ਖ਼ੁਦ ਬ ਤੇਗੋ ਤਬਰ।*

ਮਕੁਨ ਖ਼ਲਕੇ ਖਾਲਾਕ ਜ਼ੇਰੋ ਜ਼ਬਰ।

ਤਲਵਾਰ ਤੇ ਤਬਰ ਲੈ ਕੇ ਤੂੰ ਆਪ ਮੈਦਾਨ ਵਿਚ ਆ। ਐਵੇਂ ਖ਼ਾਲਕ ਦੀ ਖਲਕਤ ਨੂੰ ਤਬਾਹ ਨਾ ਕਰ।

ਸ: ਕਪੂਰ ਸਿੰਘ ਅਨੁਸਾਰ, ਫ਼ਤਹਨਾਮੇ ਦੇ ਬਾਕੀ ਹਿੱਸੇ ਅਜੇ ਤੱਕ ਹਨੇਰੇ ਪਰਦੇ ਪਿੱਛੇ ਲੁਕੇ ਪਏ ਹਨ।

'ਗੁਰਮਤਿ ਪ੍ਰਕਾਸ਼'- ਸਤੰਬਰ 1966

---

* ਪਾਠਾਂਤਰ : ਮਿਆਂਨਸ਼ ਦੋ ਫਰਸੰਗ ਰਾਫਾਲਸਾ (ਕਪੂਰ ਸਿੰਘ)

ਮਿਆਨੇ ਦੋ ਮਾਨਦ ਵ ਫਰਸੰਗ ਰਾ (ਭਾਈ ਵੀਰ ਸਿੰਘ)

** ਇਹ ਤੁਕ ਸ੍ਰੀ ਨਾਨਕ ਚੰਦ ਨਾਜ਼ ਨੇ ਹੀ ਦਿੱਤੀ ਹੈ।

*** ਪਾਠਾਂਤਰ : ਮਨ ਆਇਮ ਮਨਿਜ਼ਦੇ ਤੋਂ ਬਾਦੋ ਸਵਾਰ (ਨਾਨਕ ਚੰਦ ਨਾਜ਼)

**** *ਤੂੰ ਅਜ਼ ਨਾਜ਼ ਉ ਨਿਅਮਤ ਸਮਰ ਖੁਰਦਾ ਈ*

ਜਿ ਜੰਗੀ ਜਵਾਨਾਂ ਨਾ ਬਰ ਖ਼ੁਰਦਾ ਈ। (ਸ੍ਰ. ਸ਼ਮਸ਼ੇਰ ਸਿੰਘ 'ਸ਼ੇਰ')–ਸੰਪਾਦਕ

ਚਰਿੱਤਰੋਪਖਿਆਨ

ਗੁਰੂ ਗੋਬਿੰਦ ਸਿੰਘ ਸਾਹਿਬ ਦੀ ਇਸ ਰਚਨਾ ਨੂੰ ਆਮ ਤੌਰ 'ਤੇ ਕੇਵਲ ਇਸਤਰੀਆਂ ਦੇ ਚਲਿੱਤਰਾਂ (Evils of Women) ਦੀਆਂ ਕਥਾਵਾਂ ਸਮਝਿਆ ਜਾਂਦਾ ਹੈ ਜਿਹਾ ਕਿ ਇਸ ਦੇ ਪ੍ਰਸਿੱਧ ਨਾਮ 'ਇਸਤਰੀ ਚਲਿੱਤਰ' ਤੋਂ ਜ਼ਾਹਰ ਹੁੰਦਾ ਹੈ, ਪਰ ਇਸਤਰੀਆਂ ਦੇ ਕਪਟਾਂ ਜਾਂ ਕੁਕਰਮਾਂ ਦੀਆਂ ਕਥਾਵਾਂ, ਜਿਹਾ ਕਿ:-

ਅਛਲ ਛੈਲ ਛੈਲੀ ਛਲਯੋ ਇਹ ਚਰਿੱਤ੍ਰ ਕੇ ਸੰਗ ॥
ਸੁ ਕਬਿ ਕਾਲ ਤਬ ਹੀ ਭਯੋ ਪੂਰਨ ਕਥਾ ਪ੍ਰਸੰਗ ॥੫੨ ॥

(ਚਰਿੱਤਰ ੨੧੭, 52.1)

ਇਹ ਛਲ ਛੈਲੀ ਛੈਲ ਸੁ ਛਲਿ ਪਤਿ ਕੌ ਗਈ।
ਹੋ ਸੁ ਕਬਿ ਸਯਾਮ ਇਹ ਕਥਾ ਤਬੈ ਪੂਰਨ ਭਈ ॥੧੧ ॥

(ਚਰਿੱਤਰ ੨੨੭, 11.3)

ਇਹ ਛਲ ਮਾਰਾ ਤਾਹਿ ਕੋ, ਜੌ ਨ ਰਮਾ ਤਿਹ ਸੰਗ
ਸੁ ਕਬਿ ਸਯਾਮ ਪੂਰਨ ਭਯੋ ਤਬ ਹੀ ਕਥਾ ਪ੍ਰਸੰਗ ॥੧੧ ॥

(ਚਰਿੱਤਰ ੨੯੬, 11-1)

ਇਹ ਬਿਧਿ ਛਲਿ ਪਿਤੁ-ਮਾਤ ਕਹ ਗਈ ਮਿਤ੍ਰ ਕੇ ਸੰਗ
ਕਬਿ ਸਯਾਮ ਪੂਰਨ ਭਯੋ, ਤਬ ਹੀ ਕਥਾ ਪ੍ਰਸੰਗ ॥੧੦੧ ॥

(ਚਰਿੱਤਰ ੪੦੦, 10-1)

ਇਨ੍ਹਾਂ ਦੇ ਨਾਲ ਨਾਲ ਜੰਗ ਵਿਚ ਪਤੀ ਦੀ ਜਾਨ ਬਚਾਉਣ ਵਾਲੀ ਕੇਕਈ ਅਤੇ ਹੋਰਨਾਂ ਵੀਰਾਂਗਣਾਂ ਦੀਆਂ ਕਹਾਣੀਆਂ ਵੀ ਹਨ ਜਿਹਾ ਕਿ ਚਰਿੱਤਰ 52 ਦੀ ਨਾਇਕਾ ਉਹ ਰਾਜ ਕੁਮਾਰੀ ਹੈ ਜੋ ਉਸ ਪੁਰਖ ਨੂੰ ਪਤੀ ਬਨਾਉਣਾ ਚਾਹੁੰਦੀ ਹੈ ਜੋ ਉਸ ਨੂੰ ਯੁੱਧ ਵਿਚ ਜਿੱਤੇ। ਉਸਦੇ ਯੁੱਧ ਦਾ ਵਰਨਣ ਕਰਦਿਆਂ ਹਜ਼ੂਰ ਨੇ ਉਸਦੇ ਵਿਰੋਧੀ, ਪਤੀ ਬਣਨ ਦੇ ਇਛੁਕਾਂ ਦਾ ਜ਼ਿਕਰ ਇਉਂ ਕੀਤਾ ਹੈ:-

ਕਾਢਿ ਕ੍ਰਿਪਾਨ ਮਹਾਂ ਕੁਪਿ ਕੈ ਭਟ, ਕੂਦਿ ਪਰੇ ਸਰਦਾਰ ਕਰੋਰੇ।
ਬਾਲ ਹਨੇ ਬਲਵਾਨ ਘਨੇ, ਇਕ ਫਾਂਸਿਨ ਸੌ ਗਹਿ ਕੇ ਝਕ-ਝੋਰੇ।
ਸਾਜ ਪਰੇ ਕਹੂੰ ਤਾਜ ਗਿਰੇ ਗਜਰਾਜ ਗਿਰੇ ਛਿਤ ਪੈ ਸਿਰ ਤੋਰੇ।
ਲੂਟੇ ਰਥੀ ਰਥ ਫੂਟੇ ਕਹੂੰ ਬਿਨ ਸਵਾਰ ਫਿਰਹਿ ਹਿਹਨਾਵਤ ਘੋਰੇ।

ਚਰਿੱਤਰ ੫੨, ੬੯

ਅਖੀਰ ਉਹਨੇ ਇਕ ਘਾਇਲ ਸੂਰਮੇ ਨੂੰ ਆਪਣਾ ਪਤੀ ਮੰਨ ਲਿਆ। ਚਰਿੱਤਰ ੯੬ ਦੀ ਨਾਇਕਾ ਆਪਣੇ ਬੁਜ਼ਦਿਲ ਪਤੀ ਨੂੰ ਕਹਿੰਦੀ ਹੈ ਕਿ ਮੈਨੂੰ ਆਪਣੀ ਪੱਗ ਦੇ ਦੇ ਤੇ ਤੂੰ ਮੇਰੀ ਸਲਵਾਰ ਪਾ ਲੈ:-

ਅਪਨੀ ਪਗਿਯਾ ਮੋ ਕਹ ਦੀਜੈ।
ਮੇਰੀ ਪਹਿਰ ਇਜਾਰਹਿ ਲੀਜੈ॥
ਜਬ ਮੈ ਸਸਤ੍ਰ ਤਿਹਾਰੋ ਧਰਿਹੋ।
ਟੂਕ ਟੂਕ ਬੈਰਿਨ ਕੇ ਕਰਿਹੋ॥੭॥ ਚਰਿੱਤਰ ੯੬

ਚਰਿੱਤਰ 147 ਦੀ ਨਾਇਕਾ ਉਹ ਵੀਰਾਂਗਨਾ ਹੈ ਜੋ ਆਪਣੇ ਪਤੀ ਨੂੰ ਕੈਦ ਵਿਚੋਂ ਛੁਡਾਉਂਦੀ ਹੈ ਅਤੇ ਚਰਿੱਤਰ 151 ਵਿਚ ਰਾਜੌਰੀ ਦੇ ਰਾਜਾ ਦੇ ਮੈਦਾਨੇ ਜੰਗ ਵਿਚ ਵੀਰ ਗਤੀ ਪ੍ਰਾਪਤ ਕਰਨ ਉਤੇ ਉਹਦੀ ਰਾਣੀ ਦਿਲ ਨਹੀਂ ਛੱਡਦੀ ਸਗੋਂ ਆਪਣੀ ਫੌਜ ਨੂੰ ਅੱਗੇ ਵਧਕੇ ਲੜਣ ਲਈ ਵੰਗਾਰਦੀ ਹੈ ਤੇ ਫ਼ਤਹ ਪ੍ਰਾਪਤ ਕਰਦੀ ਹੈ, ਇਉਂ ਇਹ ਕਨਿੰਘਮ ਅਨੁਸਾਰ ਇਸਤਰੀਆਂ ਦੀਆਂ ਕਹਾਣੀਆਂ (Tales of Women) ਹਨ, ਪਰ ਗੱਲ ਇੱਥੇ ਹੀ ਨਹੀਂ ਮੁੱਕ ਜਾਂਦੀ। ਇਸਤਰੀਆਂ ਦੇ ਨਾਲ ਨਾਲ ਬੇਵਫ਼ਾ ਮਰਦਾਂ ਦੇ ਵੀ ਉਪਖਿੱਆਨ (ਨਿੱਕੀਆਂ ਕਹਾਣੀਆਂ) ਵੀ ਹਨ ਤੇ ਕਿਤੇ ਕਿਤੇ ਨਿਰੋਲ ਮਰਦਾਂ ਦਾ ਹੀ ਜ਼ਿਕਰ ਹੈ। ਇਸ ਨਾਤੇ ਇਹ ਲਿੰਗ ਮਨੋ ਵਿਗਿਆਨ (Sex Pshology) ਦਾ ਗ੍ਰੰਥ ਹੈ, ਜਿਹਦੀ ਛੰਦ ਸੰਖਿਆ ਸਾਢੇ ਪਝੱਤਰ ਸੌ ਤੋਂ ਉਪਰ ਹੈ, ਪ੍ਰੋ: ਪਿਆਰਾ ਸਿੰਘ ਪਦਮ ਅਨੁਸਾਰ 7559 ਅਤੇ ਡਾਕਟਰ ਤਰਲੋਚਨ ਸਿੰਘ ਦੇ ਸ਼ਬਦਾਂ ਵਿਚ 7555।

ਹਰ ਇਕ ਭਾਸ਼ਾ ਵਿਚ ਜਾਸੂਸੀ ਨਾਵਲਾਂ, ਰੋਮਾਂਟਿਕ ਕਿੱਸਿਆਂ ਤੇ ਨੀਤੀ ਗ੍ਰੰਥਾਂ ਦਾ ਆਪਣਾ ਥਾਂ ਹੈ, ਜਿਹਾ ਕਿ ਚੰਦਰ ਕਾਨਤਾ, ਅਲਿਫ ਲੈਲਾ, ਚਹਾਰ ਦਰਵੇਸ਼, ਇਆਰ ਦਾਨਸ਼, ਨਿਗਾਰ ਦਾਨਸ਼, ਅਨਵਾਰ ਸਹੇਲੀ, ਪੰਜ ਤੰਤਰ, ਗੁਲਿਸਤਾਂ, ਬੋਸਤਾਂ ਤੇ ਸ਼ੇਰਲਾਕ ਹੋਮਜ਼ ਦੀਆਂ ਰਚਨਾਵਾਂ। ਇਨ੍ਹਾਂ ਰਚਨਾਵਾਂ ਦਾ ਖਾਸ ਕਰ ਜਾਸੂਸੀ ਸਾਹਿਤ ਦਾ ਅਸਰ ਆਮ ਤੌਰ 'ਤੇ ਨੌਜਵਾਨਾਂ ਦੇ ਚਾਲ ਚਲਣ 'ਤੇ ਸੁਖਾਵਾਂ ਨਹੀਂ ਪੈਂਦਾ ਤੇ ਉਹ ਜੁਰਮ ਤੇ ਗੁਨਾਹ ਇਸ ਚਾਲਾਕੀ ਨਾਲ ਕਰਨਾ ਸਿਖਦੇ ਹਨ ਕਿ ਕਾਨੂੰਨ ਪਰ ਕੱਟਿਆ ਪੰਛੀ ਬਣਕੇ ਰਹਿ ਜਾਂਦਾ ਹੈ।

ਪਰੰਤੂ ਗੁਨਾਹ ਵਰ੍ਹਿਆਂ ਪਿੱਛੋਂ ਵੀ ਪੱਥਰ ਪਾੜ ਕੇ ਪ੍ਰਗਟ ਹੋ ਜਾਂਦਾ ਹੈ ਤੇ ਪਾਪੀ ਆਪਣਾ ਕੀਤਾ ਪਾਉਂਦਾ ਹੈ। ਪਰ ਇਨ੍ਹਾਂ ਰਚਨਾਵਾਂ ਦੇ ਕਰਤਿਆਂ ਦਾ ਹੁਨਰ ਇਸ ਸਚਾਈ ਨੂੰ ਉਜਾਗਰ ਕਰਨ 'ਤੇ ਖਰਚ ਹੁੰਦਾ ਹੈ ਕਿ ਜੁਰਮ ਕਦੀਂ ਲਾਹੇਵੰਦਾ ਨਹੀਂ ਹੁੰਦਾ (Crime never pays) ਗੁਰੂ ਸਾਹਿਬ ਦੀ ਰਚਨਾ ਚਰਿੱਤਰੋਪੱਖਿਆਨ ਦਾ ਮਨੋਰਥ ਵੀ ਇਹੋ ਹੈ।

ਮਨੋਰਥ

ਉਨ੍ਹਾਂ ਦਾ ਮੰਤਵ ਜਿੱਥੇ ਆਦਮੀ ਦੇ ਪੁੱਤਰ ਨੂੰ ਔਰਤ ਦੇ ਸੰਭਵ ਫਰੇਬਾਂ (ਜੋ ਮੁਗ਼ਲ ਸਮੇਂ ਦੀ ਸਾਮਰਾਜੀ, ਸਾਮੰਤਸ਼ਾਹੀ ਸਮਾਜਿਕ ਤੇ ਧਾਰਮਿਕ ਸੰਕੀਰਨਤਾ ਦੀ ਉਪਜ ਸੀ) ਤੋਂ ਅਗਾਹ ਕਰਨਾ ਸੀ, ਉਥੇ ਹਵਾ ਦੀ ਬੇਟੀ ਨੂੰ ਵੀ ਖਬਰਦਾਰ ਕਰਨਾ ਸੀ ਕਿ ਉਹ ਕਿਸੇ ਨਿਵਾਣ ਵਿਚ ਡਿੱਗ ਪਈ ਹੈ ਅਤੇ ਕਿਸ ਉਚਾਣ ਤੱਕ ਉਭਰ ਸਕਦੀ ਹੈ।

'ਰੰਨਾ ਹੋਈਆ ਬੋਧੀਆਂ ਪੁਰਸ ਹੋਏ ਸਈਆਦ।
ਸੀਲੁ ਸੰਜਮੁ ਸੁਚ ਭੰਨੀ ਮਾਣਾ ਖਾਜ ਅਹਾਜੁ।
ਸਰਮੁ ਗਇਆ ਘਰ ਆਪਣੈ ਪਤਿ ਊਠ ਚਲੀ ਨਾਲਿ
ਨਾਨਕ ਸਚਾ ਏਕ ਹੈ ਅਉਰ ਨ ਸਚਾ ਭਾਲਿ॥੨॥੧੨੪੩॥

(ਸਾਰੰਗ ਕੀ ਵਾਰ ਮਹਲਾ ੧)

ਰਣ ਖੰਭ ਕਲਾ ਦੀ ਵਾਰਤਾ ਤੋਂ ਪਤਾ ਲੱਗਦਾ ਹੈ ਕਿ ਕਿਵੇਂ ਉਸ ਨੇ ਆਪਣੇ ਬ੍ਰਾਹਮਣ ਉਸਤਾਦ ਨੂੰ ਧਮਕੀ ਨਾਲ ਬੁੱਤ ਪੂਜਾ ਤੋਂ ਹਟਾਇਆ। ਇਉਂ ਕਰਤਾ ਜੀ ਆਪਣੇ ਪੱਖ ਦਾ ਨਿਰੂਪਣ ਵੀ ਕਰ ਗਏ ਹਨ। ਜਿਥੇ ਰਾਧਾ, ਹੀਰ ਤੇ ਸੱਸੀ ਵਰਗੀਆਂ ਪ੍ਰੇਮਣਾਂ ਦੀ ਵਡਿਆਈ ਕੀਤੀ ਹੈ, ਉਥੇ ਸਾਹਿਬਾਂ ਨੂੰ ਬੁਰਾ ਵੀ ਆਖਿਆ ਹੈ ਕਿ ਭਰਾਵਾਂ ਦੇ ਮੋਹ ਵਿਚ ਫਸ ਕੇ ਕਿਵੇਂ ਪ੍ਰੇਮੀ ਨੂੰ ਕੁਹਾ ਦਿੱਤਾ। ਗੱਲ ਕੀ ਗੁਰੂ ਸਾਹਿਬ ਨੇ ਗ੍ਰਹਿਸਤ ਆਸ਼ਰਮ ਦੀ ਗੱਡੀ ਦੇ ਦੋਹਾਂ ਪਹੀਆਂ ਅਤੇ ਦੁਨਿਆਵੀ ਸ਼ਤਰੰਜ ਦੇ ਦੋਹਾਂ ਖਿਲਾੜੀਆਂ ਨੂੰ ਇਕੋ ਜਿਹਾ ਸ਼ਕਤੀਸ਼ਾਲੀ ਬਣਾਉਣ ਦਾ ਪੂਰਾ ਯਤਨ ਕੀਤਾ ਹੈ।

ਇਉਂ ਪ੍ਰਤੀਤ ਹੁੰਦਾ ਹੈ ਕਿ ਆਪ ਦਾ ਮਨੋਰਥ ਸਿੱਖਾਂ ਨੂੰ ਨੀਤੀ ਨਿਪੁੰਨ ਵੀ ਕਰਨਾ ਸੀ। ਸਰਦਾਰ ਰਣਧੀਰ ਸਿੰਘ ਹਿਸਟਰੀ ਰਿਸਰਚ ਸਕਾਲਰ, ਸ਼੍ਰੋ: ਗੁ: ਪ੍ਰ: ਕਮੇਟੀ ਅਨੁਸਾਰ ਸੰਮਤ 1747-48 ਬਿ: (1690-91 ਈ:) ਵਿਚ ਜਦੋਂ ਦਸਮੇਸ਼ ਪਿਤਾ ਜੋਗੀ, ਵੈਰਾਗੀ ਤੇ ਸੰਨਿਆਸੀ ਆਦਿ ਸੰਪ੍ਰਦਾਵਾਂ ਦੇ ਸਾਧਾਂ ਸਿੱਧਾਂ ਦੇ ਪਰਖ ਪਰਖਾਵੇ ਕਰ ਰਹੇ ਸਨ ਤਾਂ ਵੈਸਾਖੀ ਤੇ ਦੀਵਾਲੀ ਦੇ ਮੇਲਿਆਂ ਪੁਰ ਛੱਜੀਆ ਰਾਮਜਨੀ ਤੇ ਅਨੂਪ ਕੌਰ ਲਾਹੌਰੀ ਖਤ੍ਰੇਟੀ ਆਦਿ ਰੂਪ-ਜੋਬਨ ਮਤੀਆਂ ਮੰਧੁ ਮੁਟਿਆਰਾਂ ਵੀ ਅਨੰਦਪੁਰ ਆਈਆਂ ਅਰੁ ਸੱਚੇ ਪਾਤਸ਼ਾਹ ਦੀ ਚੜ੍ਹਦੀ ਜੁਆਨੀ ਤੇ ਮਨੋਹਰ ਨੁਹਾਰ ਵੇਖ ਕੇ ਮੋਹਤ ਹੋ ਗਈਆਂ। ਸਤਿਗੁਰਾਂ, ਨਾਰੀ ਦੇ ਪ੍ਰਾਕਿਤਕ ਸੁਭਾਓ ਦੇ ਸਦਕੇ ਉਨ੍ਹਾਂ ਦੀਆਂ ਭੁੱਲਾਂ ਬਖਸ਼ੀਆਂ ਤੇ ਸੁਮੱਤੇ ਲਾਈਆਂ, ਲੇਕਿਨ ਸਿੱਖਾਂ ਨੂੰ ਐਸੇ ਛਲ ਛਿੱਦਰਾਂ ਤੋਂ ਬਚਣ ਦੀ ਸਿੱਖਿਆ ਦੇਣ ਦੇ ਖਿਆਲ ਨਾਲ, ਉਨ੍ਹਾਂ ਹੀ ਦਿਨਾਂ ਤੋਂ ਨਰ ਨਾਰੀਆਂ ਦੇ ਚਲਣ ਸੰਬੰਧੀ ਪਖਯਾਣੇ ਕਲਮ ਬੰਦ ਕਰਨੇ ਅਰੰਭ ਦਿੱਤੇ। ਇਸ ਪੋਥੀ ਦਾ ਪਹਿਲਾ ਚਰਿੱਤਰ ਚੰਡੀ, ਕਾਲੀ ਤੇ ਭਵਾਨੀ ਆਦਿ ਨਾਮ ਰੂਪ ਧਾਰੀ ਅਕਾਲ ਪੁਰਖ ਦਾ ਸਤੋਤਰ ਵੀ ਹੈ ਤੇ ਮੰਗਲਾ ਚਰਨ ਅਰੁ ਇਸ ਪੁਸਤਕ ਦੀ ਉਥਾਨਕਾ ਵੀ, ਜਿਸਦਾ ਮੁੱਢ ਇਉਂ ਬੰਨ੍ਹਿਆ ਗਿਆ ਹੈ।

ਅਨਤਰਿਯਾ ਜਯੋਂ ਸਿੰਧੁ ਕੋ ਚਹਤ ਤਰਨ ਕਰ ਜਾਉਂ॥
ਬਿਨ ਨੌਕਾ ਕੈਸੇ ਤਰੇ ਲਏ ਤਿਹਾਰੋ ਨਾਉਂ॥੪੨॥

ਮੂਕ ਉਚਰੇ ਸ਼ਾਸਤ੍ਰ ਖਟ ਪਿੰਗ ਗਿਰਨ ਚੜ੍ਹ ਜਾਇ॥
ਅੰਧ ਲਖੈ ਬਧਰੋ ਸੁਨੈ ਜੋ ਤੁਮ ਕਰੋ ਸਹਾਇ॥੪੩॥

ਅਰਧ ਗਰਭ ਨ੍ਰਿਪ ਤ੍ਰਿਯਨ ਕੋ ਭੇਦ ਨ ਪਾਯੋ ਜਾਇ
ਤਊ ਤੁਹਾਰੀ ਕ੍ਰਿਪਾ ਤੇ ਕਛੂ ਕਛੂ ਕਹੋ ਬਨਾਇ॥੪੪॥

ਪ੍ਰਥਮ ਮਾਨ ਤੁਮ ਕੋ ਕਹੋ ਜਥਾ ਬੁੱਧਿ ਬਲ ਹੋਈ॥
ਘਟਿ ਕਬਿਤਾ ਲਖਿ ਕੈ ਕਬਹਿ ਹਾਸ ਨ ਕਰਿਯਹੁ ਕੋਇ॥੪੫॥

ਪ੍ਰਥਮ ਧਯਾਇ ਸ੍ਰੀ ਭਗੁਤੀ, ਬਰਨੌ ਤ੍ਰਿਯਾ ਪ੍ਰਸੰਗ
ਮੋ ਘਟ ਮੈ ਤੁਮ ਹਵੈ ਨਦੀ, ਉਪਜਹੁ ਬਾਕ ਤ੍ਰੰਗ॥੪੬॥

ਭਾਵ ਕਿ ਦਾਨ ਦੇਣ ਵਾਲੇ ਅਰਘੇ ਅਤੇ ਰਾਣੀਆਂ ਦੇ ਗਰਭ ਦਾ ਭੇਦ ਪਾਉਣਾ ਔਖਾ ਹੈ, ਪਰ ਅਕਾਲ ਪੁਰਖ ਤੇਰੀ ਕਿਰਪਾ ਨਾਲ ਕੁਝ ਕੁਝ ਲਿਖਣ ਦਾ ਯਤਨ ਕਰਦਾ ਹਾਂ ਅਤੇ ਇਸ ਸਾਰੀ ਰਚਨਾ ਦਾ ਧੁਰਾ ਹੈ 'ਪਰ ਤ੍ਰਿਅ ਰੂਪ ਨ ਪੇਖੋ ਨੇਤ੍ਰ' ਤੇ ਇਹ ਗੱਲ ਚਰਿੱਤਰ 16 ਵਿਚ ਸਪਸ਼ਟ ਕਰਕੇ ਦੱਸੀ ਹੈ-

ਤਬੈ ਰਾਇ ਗ੍ਰਿਹਿ ਆਇ ਸੁ ਪ੍ਰਣ ਐਸੋ ਕਿਯੋ॥
ਭਲੇ ਜਤਨ ਸੌ ਰਾਖਿ ਧਰਮ ਅਬ ਮੈ ਲਿਯੋ॥
ਦੇਸ ਦੇਸ ਨਿਜ ਪ੍ਰਭ ਕੀ ਪ੍ਰਭਾ ਬਿਖੇਰਿ ਹੋ॥
ਹੋ ਆਨ ਤ੍ਰਿਯਾ ਕਹ ਬਹੁਰਿ ਨ ਕਬ ਹੂੰ ਹੇਰਿਹੋ॥੪੯॥ ਅਧਿਆਇ-੧੬

ਇਉਂ ਇਹ ਨੀਤੀ ਦਾ ਗ੍ਰੰਥ ਹੈ, ਇਸ ਵਿਚ ਨਜ਼ੀਰਾ ਵਜੋਂ ਦਿੱਤੇ ਗਏ, ਉਪਾਖਿਆਨਾਂ ਦੀ ਹੈਸੀਅਤ ਲਗਭਗ ਉਹੀ ਹੈ ਜੋ ਨੀਤੀ ਦੇ ਗ੍ਰੰਥਾਂ, ਪੰਜ ਤੰਤਰ ਦੀਆਂ ਕਥਾ ਕਹਾਣੀਆਂ ਦੀ ਹੈ। (ਪੰਜ ਦਰਿਆ, ਮਾਰਚ 1942, ਸਫਾ 19)

ਸ: ਰਣਧੀਰ ਸਿੰਘ 'ਗਿਆਨ ਪ੍ਰਬੋਧ' ਸੰਬੰਧੀ ਲਿਖਦੇ ਹੋਏ ਦੱਸਦੇ ਹਨ ਕਿ ਇਸ ਰਚਨਾ ਵਿਚ ਵਰਣਿਤ।

ਇਕ ਰਾਜ ਧਰਮ ਇਕ ਦਾਨ ਧਰਮ।
ਇਕ ਭੋਗ ਧਰਮ ਇਕ ਮੋਛ ਕਰਮ।

ਵਿਚੋਂ ਦਾਨ ਧਰਮ ਦਾ ਵਿਚਾਰ (ਗਿਆਨ ਪ੍ਰਬੋਧ ਵਿਚ) ਕੀਤਾ ਹੈ, ਪਤਾ ਨਹੀਂ ਇਹ ਕਥਾ ਕਿਤਨੇ ਕੁ ਛੰਦਾਂ ਵਿਚ ਸੰਪੂਰਨ ਹੋਈ ਸੀ। ਨਵੇਂ ਸਿਰੇ ਇਸ ਗ੍ਰੰਥ ਨੂੰ ਸੰਪਾਦਨ ਕਰਨ ਸਮੇਂ ਮਸਾਂ 336 ਛੰਦ ਮਿਲ ਸਕੇ ਸਨ। ਸੋ ਸੰਪਾਦਕਾਂ ਸੰਚੈ ਵਿਚ ਸੰਚਿ ਧਰੇ ਹਨ। ਮੁਮਕਿਨ ਹੈ, ਰਾਜ ਧਰਮ ਤੇ ਭੋਗ ਧਰਮ ਚਰਿੱਤਰੋਪਖਯਾਨ ਵਿਚ ਆ ਚੁੱਕੇ ਹੋਣ ਤੇ ਮੋਕਸ਼ ਧਰਮ ਜਾਪ ਤੇ ਅਕਾਲ ਉਸਤਿਤ ਆਦਿ ਸਿਰ ਲੇਖ ਵਾਲੇ ਛੰਦਾਂ ਵਿਚ। ਇਨ੍ਹਾਂ ਵਿਚੋਂ 'ਚਰਿੱਤ੍ਰੋਪਖਿਆਨ ਆਪ ਸੰਮਤ 1754 ਦੇ ਅੱਧ ਤਕ ਲਿਖ ਚੁੱਕੇ ਸਨ, ਪਰ ਉਦੋਂ ਅਜੇ ਬਚਿੱਤਰ ਨਾਟਕ ਗ੍ਰੰਥ ਵਾਂਗੂ, ਇਸ ਗ੍ਰੰਥ (ਗਿਆਨ ਪ੍ਰਬੋਧ) ਦਾ ਫੁਰਨਾ ਤੇ ਸਿਰਲੇਖ ਰੂਪਮਾਨ ਨਹੀਂ ਸਨ ਹੋਏ, ਸੰਮਤ 1755 ਤਕ ਦਾਨ ਧਰਮ ਦੀ ਰਚਨਾ ਕਰਕੇ ਚਰਿਤ੍ਰੋਪਖਿਆਨ ਭੀ ਉਸਦੇ ਨਾਲ ਮਿਲਾ ਦਿੱਤਾ ਗਿਆ, ਠੀਕ ਉਸੇ ਤਰ੍ਹਾਂ ਜਿਵੇਂ ਪਹਿਲੋਂ ਲਿਖੀ ਕ੍ਰਿਸ਼ਨ ਕਥਾ, ਮਗਰੋਂ ਲਿਖੇ ਬਚਿੱਤਰ ਨਾਟਕ ਗ੍ਰੰਥ ਪਰੋਤੀ ਗਈ, (ਦਸਮ ਗ੍ਰੰਥ ਦਾ ਇਤਿਹਾਸ ਸਫ਼ਾ 29-30)

ਇਕ ਹੋਰ ਵਿਦਵਾਨ ਜੀ. ਬੀ. ਸਿੰਘ ਅਨੁਸਾਰ ਇਹ ਰਚਨਾਵਾਂ ਵਿਦਿਆਰਥੀ ਗੁਰੂ ਪੁੱਤਰ ਗੋਬਿੰਦ ਰਾਏ ਦੀਆਂ ਉਲੱਥਾਕਾਰੀ ਦੀਆਂ ਮਸ਼ਕਾਂ ਜਾਂ ਅਭਿਆਸ (Translation Exercises) ਹਨ ਤੇ ਇਹ ਅਨੁਮਾਨ ਇਸ ਗੱਲ ਤੋਂ ਲਾਇਆ ਗਿਆ ਜਾਪਦਾ ਹੈ ਕਿ ਫਾਰਸੀ ਹਕਾਇਤਾਂ ਤੇ ਉਪਾਖਿਆਨਾਂ ਵਿਚ ਦੋ ਕਹਾਣੀਆਂ ਸਾਂਝੀਆਂ ਹਨ।

ਇਕ ਮੰਤਵ ਇਹ ਵੀ ਅਨੁਮਾਨਿਆ ਗਿਆ ਹੈ ਕਿ ਜਿਵੇਂ ਬਚਿੱਤਰ ਨਾਟਕ ਵਿਚ ਦੇਸ਼ ਦੇ ਰਾਜਿਆਂ, ਨੀਤੀਵਾਨਾਂ ਅਤੇ ਅਵਤਾਰਾਂ ਦੀਆਂ ਕਥਾਵਾਂ ਨੂੰ ਸੰਕਲਿਤ ਕੀਤਾ ਗਿਆ, ਇਸ ਰਚਨਾ ਵਿਚ ਦੇਸ਼ ਦੀਆਂ ਵੀਰ ਇਸਤਰੀਆਂ ਅਤੇ ਪ੍ਰਸਿੱਧ ਪ੍ਰੇਮੀ ਤੇ ਪ੍ਰੇਮਕਾਵਾਂ ਦੇ ਕਿੱਸੇ ਦੇ ਕੇ ਸਮਕਾਲੀ ਸਭਿਅਤਾ ਅਤੇ ਸੰਸਕ੍ਰਿਤੀ ਨੂੰ ਨਿਰੂਪਣ ਕੀਤਾ ਜਾਵੇ। ਇਸ ਲਿਹਾਜ਼ ਨਾਲ 12 ਹਕਾਇਤਾਂ ਇਹਨਾਂ ਰਚਨਾਵਾਂ ਦਾ ਚਰਬਾ ਹੀ ਸਮਝਣਾ ਚਾਹੀਦਾ ਹੈ ਨਾ ਕਿ ਜ਼ਫ਼ਰਨਾਮਾ ਦਾ ਭਾਗ।

ਰਚਨਾ ਦਾ ਪਿਛੋਕੜ

ਸੀ. ਐਚ. ਪੇਨੀ ਨੇ 'ਏ ਸ਼ਾਰਟ ਹਿਸਟਰੀ ਆਫ਼ ਦੀ ਸਿੱਖਸ' ਵਿਚ ਲਿਖਿਆ ਹੈ, 'ਗੁਰੂ ਨਾਨਕ ਵਾਂਗ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਜੀਵਨ ਦੀ ਪਵਿੱਤਰਤਾ ਉਤੇ ਸਭ ਤੋਂ ਵੱਧ ਜ਼ੋਰ ਦਿੱਤਾ, ਪ੍ਰੰਤੂ ਇਹਦੇ ਨਾਲ ਸੂਰਮਗਤੀ ਦੇ ਕੰਮਾਂ ਅਤੇ ਸਿੱਖੀ ਦੇ ਭਲੇ ਅਤੇ ਵਾਧੇ ਨੂੰ ਵੀ ਧਿਆਨ ਵਿਚ ਰੱਖਣ ਦਾ ਹੁਕਮ ਦਿੱਤਾ,

"ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ"

ਅਨੁਸਾਰ ਆਚਾਰ ਦੀ ਸੁੱਚਮਤਾ ਦੀ ਲੋੜ ਹਰ ਸਮੇਂ ਵਿਚ ਰਹੀ ਹੈ ਤੇ ਰਹੇਗੀ, ਭਾਵੇਂ ਉਹਦੇ ਨਾਲ ਲੱਗਦੀਆਂ ਗੱਲਾਂ ਦੀਆਂ ਕਦਰਾਂ-ਕੀਮਤਾਂ ਲੋੜ ਅਨੁਸਾਰ ਬਦਲਦੀਆਂ ਰਹਿਣ। ਗੁਰੂ ਸਾਹਿਬ ਦੇ ਵੇਲੇ ਧਰਮ ਤੇ ਸਮਾਜ ਦੇ ਨਾਂ 'ਤੇ ਬੜੇ ਭਿਆਨਕ ਕੁੱਕਰਮ ਹੁੰਦੇ ਸਨ ਜਿਹਨਾਂ ਬਾਬਤ ਆਪਨੇ ਫ਼ੁਰਮਾਇਆ,

"ਪਾਪ ਕਰਹਿ ਪਰਮਾਰਥ ਕਉ ਜਿਹ ਪਾਪਨ ਤੇ ਅਤਿ ਪਾਪ ਲਜਾਹੀ।"

ਇਸਤਰੀ ਜਾਤੀ ਸੰਬੰਧੀ ਇਕ ਬਹੁਤ ਵੱਡੇ ਤੇ ਪ੍ਰਸਿੱਧ ਰਾਮ ਭਗਤ ਕਵੀ ਦਾ ਵਿਚਾਰ ਸੀ:

'ਢੋਰ ਗੰਵਾਰ ਸ਼ੂਦਰ ਪਸ਼ੂ ਨਾਰੀ।
ਯਹ ਸਬ ਤਾੜਨ ਕੇ ਅਧਿਕਾਰੀ।'
ਬੁਰਕੇ ਦੇ ਪ੍ਰਭਾਵ ਹੇਠ ਹਿੰਦੂ ਨਾਰੀ ਵੀ ਪੜਦੇ ਵਿਚ ਰਹੇ
'ਭੋਜਨ ਭਜਨ ਖ਼ਜ਼ਾਨਾ ਨਾਰੀ,
ਯਹਾ ਸਭ ਪਰਦੇ ਕੇ ਅਧਿਕਾਰੀ।"

ਇਸਲਾਮ-ਇਸਤਰੀ ਨੂੰ ਮੋਮਨ ਦੀ ਖੇਤੀ ਦੱਸਦਾ ਹੈ। ਚੌਹੁੰ ਔਰਤਾਂ ਨਾਲ ਮੋਮਨ ਨਿੱਕਾਹ ਕਰ ਸਕਦਾ ਹੈ। ਔਰਤ ਨੂੰ ਉਹਨਾਂ ਸਮਿਆਂ ਦੇ ਇੱਕ ਪੱਛਮੀ ਨਾਟਕਕਾਰ ਕਵੀ ਨੇ ਨਿਰਬਲਤਾ ਦਾ ਪ੍ਰਤੀਕ ਦੱਸਿਆ 'Frailty Thou name is woman' ਜ਼ਰ ਜ਼ਮੀਨ ਵਾਂਗ ਉਸ ਨੂੰ ਵੀ ਕਬਜ਼ੇ ਦੀ ਵਸਤੂ ਸਮਝਿਆ ਜਾ ਕੇ ਕਲਹਿ ਦਾ ਕਾਰਨ ਦੱਸਿਆ ਗਿਆ। ਗੁਰੂ ਅਰਜਨ ਸਾਹਿਬ ਨੇ ਛੱਜੂ ਭਗਤ ਦੀ ਬਾਣੀ ਇਸ ਲਈ ਅਪ੍ਰਵਾਨ ਕੀਤੀ ਕਿਉਂਕਿ ਉਸ ਵਿਚ ਇਸਤਰੀ ਜਾਤੀ ਦੀ ਨਿੰਦਾ ਸੀ:

'ਕਾਗਦ ਸੰਦੀ ਪੁਤਰੀ ਤਊ ਨ ਤ੍ਰਿਆ ਨਿਹਾਰ।
ਯੋਹੀ ਮਾਰ ਲਿਗਾਵਹੀ ਜਿਉਂ ਬਲੋਚਨ ਧਾੜ'

ਪ੍ਰੰਤੂ ਇਹਦੇ ਨਾਲ ਨਾਲ ਅਖੌਤੀ ਭਗਤ ਤੇ ਪ੍ਰੋਹਤ ਮੰਦਰਾਂ ਦੀਆਂ ਦੇਵ ਦਾਸੀਆਂ ਨੂੰ ਲਾਹਨਤ ਭਰੀ ਜ਼ਿੰਦਗੀ ਬਸਰ ਕਰਨ 'ਤੇ ਮਜਬੂਰ ਕਰਦੇ ਸਨ। ਦੂਜੇ ਪਾਸੇ ਜਰਵਾਣਿਆਂ 'ਤੇ ਹਮਲਾਆਵਰਾਂ ਤੋਂ ਡਰਦੇ ਮਾਪੇ ਜੰਮਦੀਆਂ ਧੀਆਂ ਦੇ ਗਲ ਘੁਟ ਦਿੰਦੇ, ਵਿਧਵਾ ਨੂੰ ਸਤੀ ਕਰ ਦਿੰਦੇ ਪੈਰ ਦੀ ਜੁੱਤੀ ਅਤੇ ਮਰਦ ਦੀ ਨਫਸਾਨੀ ਖਾਹਸ਼ਾਤ ਦਾ ਖਿਲੌਣਾ ਸਮਝੀ ਜਾਣ ਵਾਲੀ ਔਰਤ ਦੇ ਹੱਕਾਂ ਦੀ ਵਕਾਲਤ

'ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।'

ਕਰਦੇ ਹੋਏ ਜੋ ਪਰੰਪਰਾ ਗੁਰੂ ਨਾਨਕ ਸਾਹਿਬ ਨੇ ਮਰਦ ਦੇ ਅਚਾਰ ਸੁਧਾਰਨ ਦੀ

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥
ਜਿਉ ਕੰਚਨ ਸੋਹਾਗਾ ਢਾਲੈ॥
ਕਸ ਕਸਵਟੀ ਸਹੈ ਸੁ ਤਾਉ॥ *ਰਾਮਕਲੀ ਰਾਗ, ਪੰਨਾ ੬੩੨*

ਆਖ ਕੇ ਤੋਰੀ ਸੀ ਉਸ ਨੂੰ ਗੁਰੂ ਅਮਰਦਾਸ ਜੀ ਨੇ ਸਤੀ ਅਤੇ ਪਰਦੇ ਦੀ ਰਸਮ ਨੂੰ ਦੂਰ ਕਰਕੇ ਅੱਗੇ ਤੋਰਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਅਬਲਾਵਾਂ ਨੂੰ ਸਿੰਘਣੀਆਂ ਬੀਬੀ ਦੀਪ ਕੌਰ ਤੇ ਮਾਈ ਭਾਗੋ ਜਿਹੀਆਂ ਬਣਾ ਕੇ ਪੂਰਨਤਾ ਬਖ਼ਸ਼ੀ, ਮਰਦਾਂ ਨੂੰ 'ਏਕਾ ਨਾਰੀ ਸਦਾ ਜਤੀ' ਦਾ ਉਪਦੇਸ਼ ਦੇ ਕੇ ਦ੍ਰਿੜ੍ਹ ਕਰਵਾਇਆ ਕਿ ਪਰਾਈ ਇਸਤਰੀ ਨੂੰ ਭਾਵੇਂ ਉਹ ਦੁਸ਼ਮਣ ਦੀ ਧੀ ਭੈਣ ਕਿਉਂ ਨਾ ਹੋਵੇ, ਬਦਲੇ ਦੀ ਭਾਵਨਾ ਦੇ ਅਧੀਨ ਵੀ ਮੈਲੀ ਅੱਖ ਨਾਲ ਨਹੀਂ ਤੱਕਣਾ। ਜਦ ਨਦੌਣ ਦੇ ਯੁੱਧ ਵਿਚ ਅਲਫ਼ ਖਾਂ ਦੀਆਂ ਇਸਤਰੀਆਂ ਦਾ ਡੋਲਾ ਸਿੱਖਾਂ ਦੇ ਹੱਥ ਆਇਆ ਅਤੇ ਉਹ ਬੜੇ ਫ਼ਖ਼ਰ ਨਾਲ ਹਜ਼ੂਰ ਦੇ ਪੇਸ਼ ਕਰਨ ਲਈ ਲੈ ਆਏ ਕਿ ਜਿਵੇਂ ਮੁਗਲ ਪਠਾਣ ਸਾਡੀਆਂ ਧੀਆਂ ਭੈਣਾਂ ਦੀ ਬੇਪਤੀ ਕਰਦੇ ਹਨ, ਅਸੀਂ ਵੀ ਕਰੀਏ' ਤਦ ਆਪ ਨੇ ਇਹ ਤਸੱਲੀ ਕਰਕੇ ਕਿ ਇਹਨਾਂ ਸਵਾਣੀਆਂ ਨੂੰ ਕਿਸੇ ਨੇ ਕੌੜਾ ਜਾਂ ਅਪਮਾਨਜਨਕ ਸ਼ਬਦ ਨਹੀਂ ਆਖਿਆ, ਡੋਲਾ ਬੜੇ ਸਤਿਕਾਰ ਨਾਲ ਜੰਮੂ ਭਿਜਵਾ ਦਿੱਤਾ ਅਤੇ ਸਿੱਖਾਂ ਨੂੰ ਆਖਿਆ ਕਿ 'ਅਸੀਂ ਪੰਥ ਨੂੰ ਉਚੇਰੇ ਲੈ ਜਾਣਾ ਹੈ।'

ਜਦ ਆਪ ਨੇ ਜੋਗਾ ਸਿੰਘ ਅਤੇ ਅਨੂਪ ਕੌਰ ਨੂੰ ਥਿੜਕਦਿਆਂ ਵੇਖਿਆ ਅਤੇ ਤੱਕਿਆ ਕਿ ਛਜੀਆ ਰਾਮਜਣੀ ਆਪਣੇ ਸਿੱਧੜ ਪਤੀ ਨੂੰ ਸੰਗਤ ਵਿਚ ਭੇਜ ਕੇ ਆਪ ਕੁੱਕਰਮ ਕਰਦੀ ਹੈ। ਕਾਜ਼ੀ ਅਤੇ ਪੰਡਿਤ ਧਰਮ ਦੇ ਉਹਲੇ ਬਦਕਾਰੀ ਕਰਦੇ ਹਨ, ਮੰਦਰਾਂ ਨੂੰ ਪ੍ਰੇਮੀ ਆਪਣੀ ਮਿਲਣੀ ਦੀ ਥਾਂ ਦੇ ਤੌਰ 'ਤੇ ਵਰਤਦੇ ਹਨ। (ਚਰਿੱਤਰ 88, 124, 146, 260, 263 ਆਦਿ) ਨਾਜਾਇਜ਼ ਗਰਭ ਲਕੋਏ ਜਾ ਰਹੇ ਹਨ (15,47, 52) ਅਤੇ ਧਨਾਢ ਇਸਤਰੀਆਂ ਖਾਵਿੰਦਾਂ ਦੇ ਜੀਉਂਦੇ ਜੀ ਨਾਜਾਇਜ਼ ਤਾਅਲੁੱਕ ਰੱਖਦੀਆਂ ਹਨ, (ਚਰਿੱਤਰ 24) ਤਾਂ ਇਨ੍ਹਾਂ ਬੁਰਾਈਆਂ ਵਿਰੁਧ ਆਪ ਨੇ ਕਲਮ ਚੁੱਕੀ। ਪਰ ਆਮ ਹਾਲਤਾਂ ਵਿਚ ਔਰਤਾਂ ਬੇਜ਼ੁਬਾਨ ਹੀ ਸਨ, ਇਨ੍ਹਾਂ ਨੂੰ ਜੀਭ ਦੇਣ ਲਈ ਅਤੇ ਛਜੀਆ ਵਰਗੀਆਂ ਦੇ ਮੂੜ੍ਹ ਪਤੀਆਂ ਨੂੰ ਚਤੁਰ ਬਣਾਉਣ ਲਈ ਉਹਨਾਂ ਇਹ ਪਖਿਆਨ ਲਿਖੇ:-

ਸੁਣੇ ਗੁੰਗ ਜੋ ਯਾਹਿ ਸੁ ਰਸਨਾ ਪਾਵਈ।
ਸੁਣੇ ਮੂੜ੍ਹ ਚਿਤ ਲਾਇ ਚਤੁਰਤਾ ਆਵਈ।

ਇਕ ਕੁਸ਼ਲ, ਅਗਾਂਹਵਧੂ ਅਤੇ ਇਨਕਲਾਬੀ ਸਾਹਿਤਕਾਰ ਹੋਣ ਦੇ ਨਾਤੇ ਆਪ ਨੇ ਸਮਾਜ ਦੀ ਭਿਆਨਕ, ਘਿਨਾਉਣੀ, ਰੋਗੀ ਅਤੇ ਦੁਰਬਲ ਹਾਲਤ ਨੂੰ ਬਿਆਨਣ ਲਈ

ਵਾਸਤਵਿਕਤਾ ਦੀਆਂ ਹੱਦਾਂ ਛੂਹ ਲਈਆਂ ਹਨ ਅਤੇ ਵਾਸਤਵਿਕਤਾ ਨੂੰ ਅਸ਼ਲੀਲਤਾ ਸਮਝਿਆ ਜਾਂਦਾ ਹੈ ਜਦ ਕਿ ਅੱਜ ਕੱਲ੍ਹ ਦੇ ਸਾਹਿਤਕਾਰਾਂ ਨੂੰ ਫਰਾਇਡਿਜ਼ਮ ਦੇ ਪੈਰੋਕਾਰ ਹੋਣ ਦੀ ਰਿਆਇਤ ਦੇ ਕੇ ਵਡਿਆਇਆ ਜਾਂਦਾ ਹੈ। ਅੰਜੀਲ ਦੇ ਪੁਰਾਣੇ ਅਹਿਦਨਾਮੇ ਨੂੰ ਜਿਸ ਵਿਚ ਨੰਗੇਜ਼ ਅਤੇ ਅਸ਼ਲੀਲਤਾ ਦਾ ਅੰਸ਼ ਹੁਣ ਤਕ ਵੀ ਮੌਜੂਦ ਹੈ, ਈਸਾਈ ਬਿਨਾਂ ਸੰਕੋਚਤ ਪੂਰਨ ਸਤਿਕਾਰ ਨਾਲ ਪੜ੍ਹਦੇ ਹਨ:

Even in the old testament we find allusion to human ordure and pudenda, to carnal copulation and impudent whoredom, to adultery and fornication, to onanism, sodomy and bestialits. No Christian has ever thought of purging it. (Richard F. Burton quded by Dr. Trilochan Singh, vide The Sikh Review, Calcutta, July 1955, page 28).

ਇਹ ਨਿਰੋਲ ਤੇ ਕੌੜੀ ਵਾਸਤਵਿਕਤਾ ਕੁੱਕਰਮ ਦੇ ਬਿਆਨ ਨੂੰ ਤੀਬਰਤਾ ਪ੍ਰਦਾਨ ਕਰਨ ਲਈ ਵਰਤੀ ਗਈ ਹੈ ਜਿਸ ਕੁੱਕਰਮ ਤੋਂ ਘ੍ਰਿਣਾ ਪੈਦਾ ਹੋਵੇ। ਸੜੀ ਬੁਸੀ, ਤ੍ਰਕੀ ਲਾਸ਼ ਉਤੇ ਫੁੱਲ ਵਿਛਾਉਣ ਨਾਲ ਬਦਬੂ ਰੁਕ ਨਹੀਂ ਸਕਦੀ, ਤਾਜ਼ੀ ਹਵਾ ਹੀ ਬਦਬੂ ਨੂੰ ਦੂਰ ਕਰ ਸਕਦੀ ਹੈ। ਮੈਕਾਲਿਫ ਸਾਹਿਬ ਨੇ ਸੱਚ ਹੀ ਆਖਿਆ ਹੈ ਕਿ ਗੁਰੂ ਸਾਹਿਬ ਗੰਦੀਆਂ ਤੇ ਹਨੇਰੀਆਂ ਕੋਠੜੀਆਂ ਵਿਚ ਸੂਰਜ ਬਣ ਕੇ ਦਾਖ਼ਲ ਹੋਏ।

ਉਹਨਾਂ ਦੀ ਮਰਦ ਨੂੰ ਵੰਗਾਰ ਤੇ ਚੇਤਾਵਨੀ ਸੀ ਕਿ ਕਾਮ ਕਾਇਆ ਨੂੰ ਇਉਂ ਗਾਲ੍ਹ ਦਿੰਦਾ ਹੈ ਜਿਵੇਂ ਸੋਨੇ ਨੂੰ ਸੋਹਾਗਾ, ਪਰ ਇਸਤਰੀ ਗਮਨ ਕਰਨ ਵਾਲਾ ਕਾਮੀ ਪੁਰਸ਼ ਕਾਇਰ ਹੁੰਦਾ ਹੈ। ਵਿਲਾਸਤਾ ਕੌਮਾਂ ਦੀ ਤਬਾਹੀ ਦਾ ਕਾਰਨ ਬਣਦੀ ਹੈ।

ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ।
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ।
ਨਿਜ ਨਾਰੀ ਕੇ ਸਾਥ ਨੇਹੁ ਤੁਮ ਨਿੱਤ ਬਢੈਯਹੁ।
ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯਹੁ ॥੫੧॥

ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ।
ਪਰ ਨਾਰੀ ਕੇ ਭਜੇ ਚੰਦਰ ਕਾਲੰਕ ਲਗਾਏ।
ਪਰ ਨਾਰੀ ਕੇ ਹੇਤ ਸੀਸ ਦਸ-ਸੀਸ ਗਵਾਯੋ।
ਹੋ ਪਰ ਨਾਰੀ ਕੇ ਹੇਤ ਕਟਕ ਕਵਰਨ ਕੋ ਘਾਯੋ ॥੫੨॥

ਪਰ ਨਾਰੀ ਸੌਂ ਨੇਹੁ, ਛੁਰੀ ਪੈਨੀ ਕਰਿ ਜਾਨਹੁ।
ਪਰ ਨਾਰੀ ਕੇ ਭਜੇ ਕਾਲ ਬਯਾਪਯੋ ਤਨ ਮਾਨਹੁ।
ਅਧਿਕ ਹਰੀਫੀ ਜਾਨ ਭੋਗ ਪਰ ਤ੍ਰਿਯ ਜੋ ਕਰਹੀ।
ਹੋ ਅੰਤ ਸ੍ਵਾਨ ਕੀ ਮ੍ਰਿਤੁ ਹਾਥ ਲੇਂਡੀ ਕੇ ਮਰਹੀ ॥੫੩॥

ਪਰਿਚਯ

ਇਹ ਕਹਾਣੀਆਂ ਕਨਿੰਘਮ ਅਨੁਸਾਰ ਉਸ ਸਮੇਂ ਦੀਆਂ ਬੀੜਾਂ ਦੇ 446 ਸਫਿਆਂ ਉਤੇ ਦਰਜ ਸਨ। ਅਰਥਾਤ ਲਗ ਪਗ ਅੱਧਾ ਦਸਮ ਗ੍ਰੰਥ ਇਹਨਾਂ ਨਾਲ ਭਰਿਆ ਹੋਇਆ ਹੈ। ਇਸ ਵਿਚ ਗੁਰੂ ਸਾਹਿਬ ਨੇ 405 ਚਰਿੱਤ੍ਰ ਲਿਖਕੇ 1753 ਬਿਕਰਮੀ ਦੀ ਭਾਦਰੋਂ ਸੁਦੀ ਵਿਚ ਇਸਦੀ ਸਮਾਪਤੀ ਕੀਤੀ ਸੀ, ਅਨੰਦਪੁਰ ਵਿਚ:-

ਚੌਪਈ
ਸੰਬਤ ਸੱਤ੍ਰਹ ਸਹਸ ਭਣਿੱਜੈ॥
ਅਰਧ ਸਹਸ ਫੁਨਿ ਤੀਨਿ ਕਹਿੱਜੈ॥
ਭਾਦ੍ਰਵ ਸੁਦੀ ਅਸਟਮੀ ਰਵਿਵਾਰਾ॥
ਤੀਰ ਸਤੁਦ੍ਰਵ ਗ੍ਰੰਥ ਸੁਧਾਰਾ॥੨੧॥
ਇਤਿ ਸ੍ਰੀ ਚਰਿਤ੍ਰੋ ਪਖਯਾਨੇ,
ਤ੍ਰਿਯਾ ਚਰਿਤ੍ਰੇ ਮੰਤਰੀ ਭੂਪਸੰਬਾਦੇ ਚਾਰ ਸੋ ਪਾਂਚ ਚਰਿਤ੍ਰ ਸਮਾਪਤ॥
ਮਸਤੁ ਸੁਭ ਮਸਤੁ॥੧॥ ਅਫਜੂੰ॥

ਸ: ਰਣਧੀਰ ਸਿੰਘ ਅਨੁਸਾਰ ਉਪਰਲੀ ਤਿਥਿ ਅਸ਼ਟਮੀ ਦੀ ਥਾਂ ਖਸ਼ਟਮੀ ਹੋਣੀ ਚਾਹੀਦੀ ਹੈ ਤੇ ਇਹ ਉਤਾਰਾ ਕਰਨ ਵਾਲੇ ਦੀ ਭੁੱਲ ਜਾਪਦੀ ਹੈ। ਸਵਾਮੀ ਕਨੂੰ ਪਿਲੇ ਦੀ ਲਿਖੀ Indian Ephamery (ਸੰਮਤ ਸਮਾਨਕਾ) ਅਨੁਸਾਰ ਉਸ ਸਾਲ ਐਤਵਾਰ ਨੂੰ ਭਾਦਰੋਂ ਸੁਦੀ ਛਠਿ (6) ਸੀ, ਅਠਿ ਨਹੀਂ ਸੀ। 1716 ਈਸਵੀ ਵਿਚ 22 ਵਿਸਾਖ ਨੂੰ ਅੰਮ੍ਰਿਤਸਰ ਸ਼ਹੀਦ ਭਾਈ ਮਨੀ ਸਿੰਘ ਵਲੋਂ ਮਾਤਾ ਸੁੰਦਰੀ ਜੀ ਵਲ ਦਿੱਲੀ ਲਿਖੀ ਚਿੱਠੀ ਤੋਂ ਪਤਾ ਲੱਗਦਾ ਹੈ ਕਿ ਉਸ ਸਮੇਂ ਤਕ ਦੀ ਭਾਲ ਨਾਲ ਕੇਵਲ 303 ਚਰਿੱਤਰ ਹੀ ਮਿਲ ਸਕੇ ਸਨ। ਭਾਵੇਂ ਮੂਲ ਵਿੱਚ ਇਹਨਾਂ ਦੀ ਗਿਣਤੀ 405 ਸੀ, ਪਰ 1761 ਬਿਕਰਮੀ ਵਿਚ ਅਨੰਦਪੁਰ ਦੀ ਲੁੱਟ ਸਮੇਂ ਇਲਮ ਹੁਨਰ ਦੇ ਵੈਰੀਆਂ ਵਲੋਂ ਇਹ ਗ੍ਰੰਥ ਵੀ ਜ਼ਾਇਆ ਹੋ ਗਿਆ। ਜੋ ਬੀੜ ਭਾਈ ਸਾਹਿਬ ਨੇ ਬੰਨ੍ਹੀ ਤੇ ਫੇਰ ਉਹਦੇ ਉਤਾਰੇ ਤੇ ਸੋਧਾਂ ਹੋਈਆਂ, ਉਹਨਾਂ ਅਨੁਸਾਰ 404 ਚਰਿੱਤਰ ਹੀ ਹਨ, ਚਰਿੱਤਰ 325 ਗੁੰਮ ਹੈ, 324 ਤੋਂ ਬਾਦ ਕੇਵਲ 'ਇਤਿ ਸ੍ਰੀ' ਲਿਖਕੇ ਅੰਕ 325 ਦੇ ਦਿੱਤਾ ਹੈ।

ਇਹ ਸਾਰੇ ਚਰਿੱਤ੍ਰ ਉਪਰ ਕਥਿਤ 'ਮੰਤਰੀ ਭੂਪ ਸੰਬਾਦ' ਰੂਪ ਹਨ। ਇਹ ਭੂਪ ਚਿੱਤਰ ਸਿੰਘ ਸੀ। ਇਸ ਉਤੇ ਇਕ ਅਪਛਰਾਂ ਨੇ ਮੋਹਤ ਹੋ ਕੇ ਉਸ ਨਾਲ ਸਬੰਧ ਜੋੜਿਆ। ਇਸ ਸਬੰਧ 'ਚੋਂ ਹਨੁਵੰਤ ਸਿੰਘ ਪੈਦਾ ਹੋਇਆ, ਜਿਸਦਾ ਅਦਭੁੱਤ ਰੂਪ ਤੱਕ ਕੇ ਰਾਜੇ ਦੀ ਇਕ ਹੋਰ ਨਵ ਵਿਵਾਹਿਤ ਰਾਣੀ ਚਿਤ੍ਰਮਤੀ ਮੋਹੀ ਗਈ ਅਤੇ ਉਸਨੂੰ ਲੂਣਾਂ ਵਾਂਗ ਕੁੱਕਰਮ ਕਰਨ ਲਈ ਪ੍ਰੇਰਿਆ। ਪੂਰਨ, ਕੁਨਾਲ ਅਤੇ ਅੱਸਰਾਜ ਵਰਗੇ ਧਰਮੀ ਰਾਜ ਕੁਮਾਰਾਂ ਵਾਂਗ ਹਨੁਵੰਤ ਨੇ ਨਾਂਹ ਕਰਦੇ ਹੋਏ ਮਿਤਰੇਈ ਮਾਂ ਨੂੰ ਆਪਣਾ ਪ੍ਰਤੀਬਰਤ ਧਰਮ ਪਾਲਣ ਦੀ ਚਿਤਾਵਨੀ ਦਿੱਤੀ। ਪਰ ਕੁੱਕਰਮ ਦੀ ਕਾਮਨਾ ਦੀ ਅਪੂਰਨਤਾ ਵਿਚੋਂ ਉਪਜੇ ਕ੍ਰੋਧ ਤੇ ਕੀਨੇ ਦੀ ਅੱਗ ਨੇ ਮਾਨਵਤਾ ਨੂੰ ਭਸਮ ਕਰ ਦਿੱਤਾ ਅਤੇ ਚਿਤ੍ਰਮਤੀ ਨੇ ਝੂਠੀਆਂ ਤੁਹਮਤਾਂ ਲਾ ਕੇ ਕੰਨਾਂ ਦੇ ਕੱਚੇ ਰਾਜੇ ਤੋਂ ਹਨੁਵੰਤ ਸਿੰਘ ਲਈ ਮੌਤ ਦੀ ਸਜ਼ਾ ਸਾਦਰ ਕਰਵਾ ਲਈ। ਰਾਜੇ ਦੇ ਸਿਆਣੇ ਮੰਤਰੀ ਨੇ ਅਸਲੀਅਤ ਤਾੜ ਕੇ ਆਪਣੇ ਸੁਆਮੀ ਨੂੰ ਚਲਾਕ ਇਸਤਰੀਆਂ ਦੇ

ਬਹੁਰਿ ਸਭਨ ਮੈ ਬੈਠਿ ਆਪੁ ਕੋ ਪੂਜ ਕਹਾਊਂ।
ਹੋ ਰਮੌਂ ਤੁਹਾਰੇ ਸਾਥ ਨੀਚ ਕੁਲ ਜਨਮਹਿ ਪਾਊਂ। (ਚਰਿੱਤ੍ਰ ੨੧-੩੨)

5. *ਕਹੁ ਸੁੰਦਰਿ ਕਿਹ ਕਾਜ ਬਸਤ੍ਰ ਤੈਂ ਹਰੇ ਹਮਾਰੇ।*
ਦੇਖ ਭਟਨ ਕੀ ਭੀਰਿ ਤ੍ਰਾਸ ਉਪਜਯੋ ਨਹਿ ਥਾਰੇ॥ (ਚਰਿਤ੍ਰ ੨੩)

ਭਯੋ ਪ੍ਰਾਤ ਸਭ ਹੀ ਜਨ ਜਾਗੇ॥ ਅਪਨੇ ਅਪਨੇ ਕਾਰਜ ਲਾਗੇ।
ਰਾਇ ਭਵਨ ਤੇ ਬਾਹਰ ਆਯੋ। ਸਭਾ ਬੈਠ ਦੀਵਾਨ ਲਗਾਯੋ। (ਚਰਿੱਤ੍ਰ ੨੩) 1

6. *ਨਦੀ ਜਮੁਨ ਕੇ ਤੀਰ ਮੈ ਤੀਰਥ ਮੁਚਨ ਕਪਾਲ।*
ਨਗਰ ਪਾਂਵਟਾ ਛੋਰਿ ਹਮ ਆਏ ਤਹਾਂ ਉਤਾਲ।

7. *ਤਹਾਂ ਹਮਾਰੇ ਸਿਖ ਸਭ ਅਮਿਤ ਪਹੁਚੇ ਆਇ।*
ਤਿਨੈ ਦੇਨ ਕੋ ਜੋਰਿ ਭਲੋ ਸਿਰਪਾਇ। (ਚਰਿੱਤ੍ਰ ੭੧) 2-1/4-1

ਅੰਤਲਾ ਚਰਿੱਤਰ ਮਹਾਂ ਕਾਲ ਦਾ ਦੈਂਤਾਂ ਨੂੰ ਨਾਸ ਕਰਨਾ ਹੈ :—

ਪੁੰਨ ਰਾਛਸ ਕਾ ਕਾਟਾ ਸੀਸਾ। ਸ੍ਰੀ ਅਸਿਕੇਤ ਜਗਤ ਕੇ ਈਸਾ।
ਪੁਹਪਨ ਬ੍ਰਿਸ਼ਟਿ ਗਗਨ ਤੇ ਭਈ। ਸਭਹਿਨ ਆਨ ਬਧਾਈ ਦਈ।
ਧੰਨਯ ਧੰਨਯ ਲੋਗਨ ਕੇ ਰਾਜਾ। ਦੁਸ਼ਟਨ ਦਾਹ ਗਰੀਬ ਨਿਵਾਜਾ।
ਅਖਲ ਭਵਨ ਕੇ ਸਿਰਜਨ ਹਾਰੇ। ਦਾਸ ਜਨ ਮੁਹਿ ਲੇਹੁ ਉਬਾਰੇ।
(ਚਰਿਤ੍ਰ ੪੦੪, ੩੭੪, ੩੭੫, ੩੭੬)

ਅਖੀਰ ਵਿਚ ਹੈ ਕਬਯੋਵਾਚ ਬੇਨਤੀ ਰੂਪ ਚੌਪਈ ਜੋ ਰਹਰਾਸਿ ਦਾ ਭਾਗ ਹੈ।
ਹਮਰੀ ਕਰੋ ਹਾਥ ਦੈ ਰਛਾ।
ਪੂਰਨ ਹੋਇ ਚਿੱਤ ਕੀ ਇੱਛਾ।
ਤਵ ਚਰਨਨ ਮਨ ਰਹੈ ਹਮਾਰਾ॥
ਅਪਨਾ ਜਾਨ ਕਰੋ ਪ੍ਰਤਿਪਾਰਾ॥੩੭੭॥

ਅਤੇ ਇਸਦੇ ਖਾਤਮੇ ਉਤੇ ਗ੍ਰੰਥ ਸੰਪੂਰਨ ਹੋਣ ਦਾ ਸ਼ੁਕਰਾਨਾ ਕੀਤਾ ਗਿਆ ਹੈ।ਅੜਿਲ ਛੰਦ ਵਿਚ ਇਸ ਗ੍ਰੰਥ ਦੇ ਪਠਨ ਪਾਠਨ ਦਾ ਮਹਾਤਮ ਯਾ ਫਲ ਦੱਸਿਆ ਗਿਆ ਹੈ।
ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ।
ਸੁਨੈ ਮੂੜ ਚਿਤ ਲਾਇ ਚਤੁਰਤਾ ਆਵਈ।
ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ।
ਹੋ ਜੋ ਯਾਕੀ ਏਕ ਬਾਰ ਚੌਪਈ ਕੋ ਕਹੈ॥੪੦॥
ਫਿਰ ਗ੍ਰੰਥ ਪੂਰਨ ਹੋਣ ਦੀ ਥਾਂ ਅਤੇ ਤਾਰੀਖ ਦਾ ਉਲੇਖ ਹੈ।

ਮਹੱਤਤਾ

ਚਰਿੱਤ੍ਰਾਂ ਨੂੰ ਅਸ਼ਲੀਲ ਦੱਸ ਕੇ ਕਈ ਵਿਦਵਾਨ ਇਹਨਾਂ ਨੂੰ ਜਗਦੀਸ਼, ਰਾਮ ਸਿਆਮ ਆਦਿ ਦਰਬਾਰੀ ਕਵੀਆਂ ਦੀ ਰਚਨਾ ਦੱਸਦੇ ਹਨ। ਪਰ ਰਾਮ, ਸਿਆਮ ਉਪਨਾਮ ਰਾਮਾ ਅਵਤਾਰ (ਰਾਮ ਕਥਾ) ਵਿਚ ਵੀ ਆਉਂਦੇ ਹਨ ਜਿਸਦੇ ਅੰਤ ਪੁਰ ਗੋਬਿੰਦ ਦਾਸ ਦੀ ਛਾਪ ਲਿਸ਼ਕਾਂ ਮਾਰਦੀ ਹੈ :

ਦੋਹਰਾ : ਸਗਲ ਦੁਆਰ ਕਉ ਛਾਡਿਕੈ ਗਹਿਓ ਤੁਹਾਰੋ ਦੁਆਰ।
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥

ਗੁਰੂ ਕ੍ਰਿਤ ਹੋਣ ਕਰਕੇ ਹੀ ਪ੍ਰਾਚੀਨ ਸਮੇਂ ਤੋਂ ਇਸ ਰਚਨਾ ਦਾ ਅੰਤਲਾ ਭਾਗ 'ਕਬਿਯੋਬਾਚ ਬੇਨਤੀ ਚੌਪਈ' ਰਹਰਾਸਿ ਦਾ ਭਾਗ ਤੁਰਿਆ ਆਉਂਦਾ ਹੈ ਤੇ ਆਨੰਦ ਕਾਰਜ ਸਮੇਂ ਜਿਹੜੀ ਅਸੀਸ **'ਦੇਹੁ ਅਸੀਸ ਕਹੇ ਜਗਦੀਸ ਜੋੜੀ ਜੀਐ ਜੁਗ ਚਾਰ ਤਿਹਾਰੀ।'** ਦਿੱਤੀ ਜਾਂਦੀ ਹੈ, ਉਹ ਇਹਨਾਂ ਚਰਿੱਤਰਾਂ ਵਿਚ ਸੱਸੀ ਨੂੰ ਦਿੱਤੀ ਗਈ ਹੈ। ਇਸਦਾ ਦਸਮੇਸ਼ ਕ੍ਰਿਤ ਹੋਣਾ, ਉਪਰ ਕਥਿਤ ਭਾਈ ਮਨੀ ਸਿੰਘ ਦੀ ਚਿੱਠੀ ਵਿਚੋਂ ਪ੍ਰਤੱਖ ਹੈ : 'ਪੋਥੀਆਂ ਜੋ ਝੰਡਾ ਸਿੰਘ ਹਾਥ ਭੇਜੀ ਸੀ ਉਹਨਾਂ ਵਿਚਿ ਸਾਹਿਬਾਂ ਦੇ ੩੦੩ ਚਰਿੱਤਰ ਉਪਾਖਿਆਨ ਦੀ ਪੋਥੀ ਜੋ ਹੈ ਸੋ ਸ਼ੀਹਾਂ ਸਿੰਘ ਨੂੰ ਮਹਲ ਵਿਚਿ ਦੇਣਾ ਜੀ।' ਤੇ ਸਵਾਲ ਇਹ ਹੈ ਕਿ ਇਸ ਗੁਰਬਾਣੀ ਨੂੰ ਅਧਿਆਤਮਕ ਮਹੱਤਤਾ ਕਿਉਂ ਦਿੱਤੀ ਜਾਵੇ ਤੇ ਇਹਦਾ ਪਠਨ ਪਾਠਨ ਬਤੌਰ ਇਕ ਸਾਹਿਤਕ ਰਚਨਾ ਦੇ ਕਿਉਂ ਨਾ ਹੋਵੇ। ਉਸ ਅਧਿਆਤਮਕ ਮਹਾਂ ਕਲਾਕਾਰ ਦੇ ਮਨੋ ਵਿਗਿਆਨਕ ਸ਼ਾਹਕਾਰ ਨੂੰ ਸਾਹਿਤਕ ਦ੍ਰਿਸ਼ਟੀ ਤੋਂ ਹੀ ਪਰਖਿਆ ਜਾਵੇ ਤੇ ਇਸਦਾ ਅਧਿਐਨ ਸਮਾਜਕ ਉਥਾਨ ਦੇ ਸਾਧਨ ਵਜੋਂ ਹੀ ਹੋਣਾ ਚਾਹੀਦਾ। ਪ੍ਰੋ: ਪਿਆਰਾ ਸਿੰਘ 'ਪਦਮ' ਦੇ ਸ਼ਬਦਾਂ ਵਿਚ ਵੈਦ ਨੇ ਮਾਜੂਨ ਤੇ ਮਰਹਮ ਕੋਲੋ ਕੋਲ ਰੱਖ ਦਿੱਤੇ ਹਨ। ਜੇ ਰੋਗੀ ਨੂੰ ਦੋਹਾਂ ਦੀ ਪਛਾਣ ਨਾ ਰਹੇ ਤਾਂ ਇਹਦੇ ਵਿਚ ਵੈਦ ਦਾ ਕੀ ਦੋਸ਼ ? ਚਰਿੱਤਰਾਂ ਵਿਚੋਂ ਜਾਪ ਜਾਂ ਅਕਾਲ ਉਸਤਤਿ ਦਾ ਅਨੰਦ ਲੱਭਣਾ ਗਲਤੀ ਹੈ। ਇਹ ਧਾਰਮਿਕ ਉਪਦੇਸ਼ ਦਾ ਸ਼ਾਸਤਰ ਨਹੀਂ, ਇਹ ਗਲਪ ਸਾਹਿਤ ਹੈ, ਜਿਸ ਵਿਚ ਨੀਤੀ (Moral) ਹੈ, ਸਮਝੌਤੀ ਹੈ, ਵਾਕਫ਼ੀਅਤ (ਗਿਆਨ) ਹੈ, ਕਵਿਤਾ ਹੈ, ਨਾਵਲ ਦਾ ਰਸ ਹੈ। ਕੋਈ ਸਾਹਿਤਕ ਰਸੀਆ ਹੀ ਇਸਦੀ ਪੂਰੀ ਕੀਮਤ ਪਾ ਸਕਦਾ ਹੈ।

ਅਜਿਹੀਆਂ ਲੌਕਿਕ (ਅਨ ਪਰਮਾਰਥਿਕ ਤੇ ਅਨ ਅਧਿਆਤਮਕ) ਭਾਂਤ ਦੀਆਂ ਬਾਣੀਆਂ ਦਸਮੇਸ਼ ਜੀ ਨੇ ਜਾਣ ਬੁੱਝ ਕੇ ਉਸ ਗੁਰਬਾਣੀ ਤੋਂ ਅਲੱਗ ਰੱਖੀਆਂ ਜਿਨ੍ਹਾਂ ਨੂੰ ਉਨ੍ਹਾਂ ਨੇ ਗੁਰਿਆਈ ਪ੍ਰਦਾਨ ਕਰਨੀ ਸੀ। ਇਸ ਬਾਣੀ ਨੂੰ ਦਸਮ ਗ੍ਰੰਥ ਸਾਹਿਬ ਵਿਚ ਬੀੜ ਬੱਧ ਕੀਤਾ ਜਿਸ ਨੂੰ ਭਾਈ ਕੇਸਰ ਸਿੰਘ ਛਿੱਬਰ ਕਰਤਾ 'ਬੰਸਾਵਲੀ ਨਾਮਾ' ਛੋਟਾ ਗ੍ਰੰਥ ਆਖਦੇ ਹਨ:—

ਛੋਟਾ ਗ੍ਰੰਥ ਜੀ, ਜਨਮੇ ਦਸਵੇਂ ਪਾਤਸ਼ਾਹੇ ਕੇ ਧਾਮ।
ਸੰਮਤ ਸਤਾਰਾਂ ਸੈ ਪਚਵੰਜਾ, ਬਹੁਤ ਖਿਡਾਵੇ-ਲਿਖਾਰੀ ਨਾਮ।
ਸਾਹਿਬ ਨੂੰ ਸੀ ਪਿਆਰਾ।
ਹੱਥੀ ਲਿਖਿਆ, ਖਿਡਾਇਆ।

ਸਿੱਖਾਂ ਕੀਤੀ ਅਰਦਾਸ,
ਜੀ ਅਗਲੇ ਨਾਲਿ ਚਾਹੀਏ ਰਲਾਇਆ ॥੨੬੭

ਬਚਨ ਕੀਤਾ: "ਗ੍ਰੰਥ ਸਾਹਿਬ ਹੈ ਉਹੁ, ਏਹ ਅਸਾਡੀ ਖੇਡ।"
ਨਾਲ ਨ ਮਿਲਾਇਆ ਆਹਾ ਪਿਆਰਾ,
ਕਉਣ ਜਾਣ ਭੇਦ।
ਸੋ, ਦੋਨੋ ਗ੍ਰੰਥ ਸਾਹਿਬ ਭਾਈ ਗੁਰ ਕਰਿ ਜਾਨੋ।
ਵੱਡਾ ਹੈ ਟਿਕਾ ਗੁਰੂ, ਗੁਟਕੇ-ਪੋਥੀਆਂ ਪੁਤ੍ਰ ਪੋਤ੍ਰੇ ਕਰਿ ਪਛਾਨੋ ॥੨੬੮

ਚਉਧਵਾਂ ਚਰਣ-ਪੰਥ ਦੇ ਸਮਾਚਾਰ

ਪੁਰਾਤਨ ਸਿੰਘਾਂ ਨੇ ਨਿਤਨੇਮ ਦੀਆਂ ਬਾਣੀਆਂ ਵਿਚ ਕੇਵਲ ਜਾਪੁ ਸਾਹਿਬ ਤੇ ਸੁਧਾ ਸਵੈਯਾਂ ਨੂੰ ਹੀ ਸ਼ਾਮਲ ਕੀਤਾ ਹੈ। ਕਹਿਣ ਦਾ ਭਾਵ ਇਹ ਹੈ ਕਿ ਜਾਪ ਤੇ ਅਕਾਲ ਉਸਤਤਿ ਆਦਿ ਅਧਿਆਤਮਕ ਭਾਂਤ ਦੀਆਂ ਬਾਣੀਆਂ ਤੋਂ ਬਿਨਾਂ ਲੌਕਿਕ ਲਾਭ ਵਾਲੀਆਂ ਬਾਣੀਆਂ ਉਸੇ ਆਸ਼ੇ ਨਾਲ ਹੀ ਪੜ੍ਹੀਆਂ ਜਾਣ ਜਿਸ ਮੰਤਵ ਲਈ ਹਜ਼ੂਰ ਨੇ ਰਚੀਆਂ।

ਸਮਕਾਲੀ ਚਿੱਤ੍ਰ

ਅਕਾਲ ਉਸਤਤਿ ਵਿਚ ਗੁਰੂ ਸਾਹਿਬ ਈਸ਼ਵਰ ਦੀ ਕੀਰਤੀ ਗਾਉਂਦੇ ਹੋਏ, ਰੂਮ, ਸ਼ਾਮ, ਚੀਨਮਚੀਨ, ਫ਼ਰਾਂਸ ਆਦਿ, ਗੱਲ ਕੀ ਸਾਰੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੇ ਹਨ। ਇਵੇਂ ਹੀ ਉਨ੍ਹਾਂ ਚਰਿੱਤ੍ਰਾਂ ਵਿਚ ਭਿੰਨ ਭਿੰਨ ਦੇਸ਼ ਵਾਸੀਆਂ ਨਾਲ ਜਾਣ ਪਛਾਣ ਕਰਾਈ ਹੈ। ਹੁਗਲੀ, ਨੇਗਾ ਪਟਮ, ਭਾਰਤ ਦੀਆਂ ਬੰਦਰਗਾਹਾਂ ਤੋਂ ਲੈ ਕੇ ਰੋਮ, ਚੀਨ, ਪੁਰਤਗਾਲ, ਰੂਸ, ਮਨਚੂਰੀਆ, ਅਰਬ, ਯੂਨਾਨ, ਫ਼ਾਰਸ, ਫ਼ਰਾਂਸ ਤੇ ਟਰਕੀ ਦੀਆਂ ਕਹਾਣੀਆਂ ਨੂੰ ਹੱਥ ਪਾਇਆ ਗਿਆ ਹੈ, ਉਸ ਸਮੇਂ ਯੂਰਪੀਨ ਕੌਮਾਂ ਹਿੰਦੁਸਤਾਨ ਵਿਚ ਆਪਣੀਆਂ ਫੈਕਟਰੀਆਂ ਕਾਇਮ ਕਰ ਚੁੱਕੀਆਂ ਸਨ। ਅੰਮ੍ਰਿਤਸਰ ਵਿਚ ਗੁਰੂ ਹਰਗੋਬਿੰਦ ਸਾਹਿਬ ਦੇ ਵੇਲੇ ਪੁਰਤਗਾਲੀ ਕੰਪਨੀ ਦਾ ਦਫਤਰ ਕਾਇਮ ਹੋ ਚੁੱਕਾ ਸੀ। ਇਕ ਫਰਾਂਸੀਸੀ ਹੁਸ਼ਨਾਕ ਸਿੰਘ ਨਾਂ ਧਰਾ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਸਿੱਖ ਬਣ ਚੁਕਾ ਸੀ। ਸਰਦਾਰ ਜੀ. ਬੀ. ਸਿੰਘ ਦਾ ਖ਼ਿਆਲ ਸੀ ਕਿ ਇਨ੍ਹਾਂ ਬਦੇਸ਼ੀ ਵਪਾਰੀਆਂ ਵਲੋਂ ਭੇਟ ਕੀਤੀਆਂ ਨਿੱਬਾਂ ਨਾਲ ਕੀਤੀ ਲਿਖਤ ਨੂੰ ਸਿੱਖ ਵਿਦਵਾਨ ਹਜ਼ੂਰ ਦੀ ਤੀਰ ਨਾਲ ਕੀਤੀ ਲਿਖਤ ਸਮਝਦੇ ਰਹੇ ਹਨ।

ਫਿਰ ਇੱਕ ਹੋਰ ਗੱਲ ਹੈ। ਜਾਪੁ ਸਾਹਿਬ ਵਿਚ ਆਪ ਨੇ ਵਾਹਿਗੁਰੂ ਨੂੰ ਮਜ਼ਹਬ ਰਹਿਤ 'ਨਮਸਤੰ ਅਮਜਬੇ' ਆਖ ਕੇ ਅਸੰਪ੍ਰਦਾਇਕਤਾ (Secularism) ਦੀ ਨਵੀਨ ਪਰਪਾਟੀ ਪਾਈ ਸੀ। ਇਸ ਦੇ ਨਾਲ ਨਾਲ ਆਪ ਨੇ ਖਹਿੰਦੀਆਂ ਤੇ ਝਗੜਦੀਆਂ ਦੋ ਸੰਸਕ੍ਰਿਤੀਆਂ ਦੀਆਂ ਧਾਰਮਿਕ ਬੋਲੀਆਂ ਦੀ ਸਾਂਝ ਪਵਾਉਣ ਲਈ ਇਕ ਨਵੀਂ ਲੀਹ ਤੋਰੀ ਸੀ। ਸੰਸਕ੍ਰਿਤ ਦੇ ਸ਼ਬਦਾਂ ਨੂੰ ਅਰਬੀ ਦੀਆਂ ਅਜ਼ਾਫਤਾਂ ਨਾਲ ਜੋੜਨਾ ਜਿਵੇਂ 'ਨਮਸਤੁਲ ਪ੍ਰਣਾਮੇਂ' ਅਤੇ 'ਸਮਸਤੁਲ ਕਲਾਮ ਹੈਂ' ਆਦਿ। ਇਸੇ ਤਰ੍ਹਾਂ ਆਪ ਨੇ ਚਰਿੱਤਰਾਂ ਵਿਚ ਪ੍ਰੇਮੀ ਅਤੇ ਪ੍ਰੇਮਿਕਾਵਾਂ ਦੇ ਨਾਂ ਚੁਣਨ ਵਿਚ ਹਿੰਦੂ-ਮੁਸਲਮਾਨ ਦੇ ਵਖਰੇਵੇਂ ਨੂੰ ਦੂਰ ਕੀਤਾ ਹੈ। ਮੁਸਲਮਾਨ ਬਾਦਸ਼ਾਹ ਆਪਣੀ ਹਿੰਦੂ ਪ੍ਰੇਮਿਕਾ ਲਈ ਆਪਣੇ ਧਾਰਮਿਕ ਭਾਵਾਂ ਵਿਚ ਤਬਦੀਲੀ ਕਰ ਲੈਂਦੇ ਸਨ।

ਉਦੋਂ ਤਕ ਖਿਜ਼ਰ ਖਾਂ ਦੇਵਲ ਦੇਵੀ ਅਤੇ ਰੂਪਮਤੀ ਤੇ ਬਾਜ ਬਹਾਦਰ ਦੇ ਪਿਆਰ ਦੇ ਕਿੱਸੇ ਪ੍ਰਸਿੱਧ ਹੋ ਚੁੱਕੇ ਸਨ। ਇਸੇ ਲਈ ਆਪ ਨੇ ਨਾਇਕ ਨਾਇਕਾਵਾਂ ਦੇ ਨਾਂ ਚੁਣਨ ਵਿਚ ਕਿਸੇ ਵਖਰੇਵੇਂ ਨੂੰ ਨੇੜੇ ਨਹੀਂ ਆਉਣ ਦਿੱਤਾ ਤੇ ਭਾਰਤ ਦੇ ਕੋਨੇ ਕੋਨੇ ਨੂੰ ਪ੍ਰਤੀਨਿਧਤਾ ਦਿੱਤੀ ਹੈ। ਨਾਉਂ ਚੁਣਨ ਯਾ ਘੜਨ ਸਮੇਂ ਉਸ ਇਲਾਕੇ ਦੀਆਂ ਰਵਾਇਤਾਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ :

ਨਾਇਕ	ਨਾਇਕਾ	ਸ਼ਹਿਰ
ਅਚਲ ਸੈਨ	ਅਚਲ ਦੇਈ	ਅਚਲਾਵਤੀ ਨਗਰ
ਰਾਜ ਸੈਨ	ਰਾਜ ਦੇਈ	ਰਾਜ ਪੁਰੀ
ਆਨੰਦ ਸੈਨ	ਆਨੰਦ ਮਤੀ	ਆਨੰਦਾਵਤੀ
ਪ੍ਰੇਮ ਸੈਨ	ਪ੍ਰੇਮ ਮੰਜਰੀ	ਪ੍ਰੇਮਾਵਤੀ
ਬੰਗਾਲ ਸੈਨ	ਬੰਗਾਲ ਮਤੀ	ਮੁਨਾਰ ਨਗਰੀ
ਸੁਲਤਾਨ ਸੈਨ	ਸੁਲਤਾਨ ਦੇਈ	ਸੁਲਤਾਨ ਪੁਰ

ਗੱਲ ਕੀ ਇਸ ਇਕੱਲੀ ਰਚਨਾ ਵਿਚ ਸੰਸਾਰ ਭਰ ਦੇ ਰਾਜੇ ਰਾਣੀਆਂ, ਦਰਬਾਰੀਆਂ, ਸ਼ਹਿਜ਼ਾਦੀਆਂ, ਸ਼ਹਿਜ਼ਾਦਿਆਂ, ਬੇਗ਼ਮਾਂ, ਕੰਮੀਆਂ ਕਿਰਤੀਆਂ ਦੇ ਹਾਵ ਭਾਵ ਦੀਆਂ ਕਹਾਣੀਆਂ ਨਾਟਕੀ ਰੂਪ ਵਿਚ ਪੇਸ਼ ਕੀਤੀਆਂ ਗਈਆਂ ਹਨ, ਕਿਤੇ ਨੱਚਦੀ ਬੁਰਿਆਈ ਭਲਿਆਈ ਉਤੇ ਗ਼ਾਲਿਬ ਆ ਜਾਂਦੀ ਹੈ ਤੇ ਕਿਤੇ ਝੂਠ ਨੂੰ ਸੱਚ ਤੋਂ ਹਾਰ ਮੰਨਣੀ ਪੈਂਦੀ ਹੈ। ਪਰ ਇਹ ਨਿਸ਼ਚਾ ਜ਼ਰੂਰ ਹੈ ਕਿ ਪ੍ਰਭੂ ਦੀ ਰਜ਼ਾ ਵਿਚ ਨੇਕੀ ਇਕ ਦਿਨ ਬਦੀ ਉੱਤੇ ਜ਼ਰੂਰ ਭਾਰੂ ਹੋਵੇਗੀ। ਇਉਂ ਅੰਤਰਰਾਸ਼ਟਰੀ ਜ਼ਿੰਦਗੀ ਦੀ ਸ਼ਾਨ ਅਤੇ ਗਿਰਾਵਟ, ਖ਼ੂਬਸੂਰਤੀ ਤੇ ਕੁਛੱਤਣ ਉਜਾਗਰ ਹੁੰਦੀਆਂ ਹਨ। ਗਲਪਕਾਰ ਦੀ ਪ੍ਰਤਿਭਾ ਬੀਤੇ ਦੀਆਂ ਖੁਸ਼ਕ ਹੱਡੀਆਂ ਨੂੰ ਧੜਕਾ ਦਿੰਦੀ ਹੈ ਤੇ ਅਤੀਤ ਸਜੀਵ ਹੋ ਉਠਦਾ ਹੈ :

Viewed as tout ensemble in full and complete form they are a drama of international life. The dance of vices and virtues made sublime here and other with faith and religious emotions, by the certainity of expiation and emotion the fullness of atoning equity where virtue is victorious and vice is vanquished and ways of God are justified to man. All the splendour & squalor, the beauty & vastness of life are here. The genious of the story teller quickens the dry bones of history & by adding fiction to fact revives the dead past. Here there is a picture gallery of weird and striking adventures there is an idyllic piece of love, foresaken or betrayed or requite, love pathos and humour alternate with artistic contrast. *(The Sikh Rewiew, Calcutta, July 1955, page 27)*

ਕਾਵਿਕ ਉੱਚਤਾ

ਇਕ ਮਹਾਂ ਕਵੀ ਦੀ ਰਚਨਾ ਹੋਣ ਦੇ ਨਾਤੇ ਇਹ ਰਚਨਾ ਕਾਵਿਕ ਗੁਣਾਂ ਕਰਕੇ ਉੱਚੀ ਹੋਣੀ ਹੀ ਹੋਈ, ਕੀ ਰਸ, ਕੀ ਰੂਪਕ ਤੇ ਅਲੰਕਾਰ, ਹਰ ਦ੍ਰਿਸ਼ਟੀਕੋਣ ਤੋਂ ਕਵਿਤਾ ਲਾਸਾਨੀ ਹੈ। ਸ਼ਿੰਗਾਰ ਰਸ ਦੇ ਨਾਲ ਨਾਲ ਵੀਰ, ਕਰੁਣਾ ਤੇ ਹਾਸ ਰਸ ਦਾ ਵੀ ਕਿਤੇ ਕਿਤੇ ਸੁੰਦਰ ਨਮੂਨਾ ਮਿਲਦਾ ਹੈ। ਕਿਤੇ ਅਟੱਲ ਸਚਾਈਆਂ ਦਾ ਵਰਨਣ ਹੈ। ਅੰਤ ਵਿਚ ਬੇਨਤੀ ਚੌਪਈ ਸ਼ਾਂਤੀ ਰਸ ਭਰਪੂਰ ਖੇੜੇ ਤੇ ਸਹਿਜ ਭਰਿਆ ਸਰੋਵਰ ਹੈ, ਜਿਸ ਵਿਚ ਇਸ ਰਚਨਾ ਦੇ ਆਸ਼ੇ ਅਨੁਸਾਰ ਆਪਣੇ ਸਿੱਖਾਂ ਸੇਵਕਾਂ ਲਈ ਸਦਗੁਣ, ਸ਼ਿਵ ਗੁਣ ਸ਼ੁਭਗੁਣਾਂ ਦੀ ਯਾਚਨਾ ਕੀਤੀ ਗਈ ਹੈ 'ਸਿਵਕਨ ਕੋ ਸਿਵਗੁਨ ਸੁਖ ਦੀਓ'।

ਸਮੇਂ ਦੇ ਪਾਖੰਡੀ ਸਾਧਾਂ ਦੀ ਹਾਲਤ ਇਕ ਠੋਸ ਹਕੀਕਤ ਦਾ ਸ਼ੀਸ਼ਾ ਹੈ। ਜਿਹਦਾ ਦੂਜਾ ਪਾਸਾ ਸਮਕਾਲੀ ਆਰਥਿਕ ਔਕੜਾਂ ਦੀ ਘਿਨਾਉਣੀ ਤਸਵੀਰ ਪੇਸ਼ ਕਰਦਾ ਹੈ। ਮਠਾਂ, ਮੰਦਰਾਂ ਦੇ ਮਹੰਤ ਆਪਣੀ ਤਿਆਗ ਭਰੀ ਉੱਚਤਾ ਦਾ ਢੰਡੋਰਾ ਪਿੱਟਦੇ ਹਨ। ਉਪਰੋਂ ਸੰਤੋਖੀ ਦਿਸਣ ਵਾਲੇ ਇਹ ਮਹਾਨ ਅਸੰਤੋਖੀ ਨੀਵਿਆਂ ਦੇ ਦੁਆਰਿਓਂ ਭਿਖਿਆ ਮੰਗਦੇ ਫਿਰਦੇ ਹਨ ਯਾ ਮਲੇਛ ਦੀ ਨੌਕਰੀ ਕਰਕੇ ਆਪਣਿਆਂ ਵਿਰੁੱਧ ਸਰਕਾਰ ਦਾ ਹੱਥਠੋਕਾ ਬਣਦੇ ਹਨ।

ਕਹਿਤ ਪਵਿਤਰ ਹਮ ਰਹਿਤ ਅਪਵਿਤਰ ਖਰੇ
ਚਾਕਰੀ ਮਲੇਛਨ ਕੀ ਕੈਕੈ ਟੂਕ ਖਾਤ ਹੈ।
ਬਡੇ ਅਸੰਤੋਖੀ ਹੈਂ ਕਹਾਵਤ ਸੰਤੋਖੀ ਮਹਾਂ।
ਏਕ ਦਵਾਰ ਛਾਡ ਮਾਂਗ ਦਵਾਰੇ ਦਵਾਰੇ ਜਾਤ ਹੈ।

ਚਰਿੱਤ੍ਰ ੨੬੬, ੧੯

ਪੰਜਾਬੀ ਵਿਚ ਭਾਵੇਂ ਆਪ ਨੇ ਬਹੁਤ ਘੱਟ ਲਿਖਿਆ ਹੈ, ਪਰ ਜੋ ਕੁਝ ਵੀ ਲਿਖਿਆ ਹੈ, ਉਸ ਵਿਚ ਕਵਿਤਾ ਦੀ ਸਿਖਰ ਛੋਹਣ ਦਾ ਕਮਾਲ ਹੋ ਗਿਆ ਹੈ। ਗੋਪੀਆਂ ਦੀਆਂ ਅੱਖੀਆਂ ਕਾਹਨ ਦੇ ਵਿਯੋਗ ਵਿਚ ਯੋਗ ਕਮਾਉਂਦੀਆਂ ਹਨ :

ਸੇਤਤਾ ਬਿਭੂਤ ਅਤੇ ਮੇਖਲੀ ਨਿਮੇਖ ਸੰਦੀ
ਅੰਜਨ ਦੀ ਸੇਲੀ ਦਾ ਸੁਭਾਵ ਸੁਭ ਭਾਖਣਾ।
ਭਗਵਾਸੁ ਭੇਸ ਸਾਡੇ ਨੈਣਾਂ ਦੀ ਲਲਾਈ ਸਹੀਯੋ
ਯਾਰਾਂ ਦਾ ਧਿਆਨ ਇਹ ਕੰਦ ਮੂਲ ਚਾਖਣਾ।
ਰੌਦਨ ਦਾ ਮਜਨੁ ਸੁਪੁੜ੍ਹੀ ਪੜ੍ਹ ਗੀਤ ਗੀਤਾ
ਦੇਖਣ ਦੀ ਭਿੱਛਾ ਧਯਾਨ ਧੂੰਆਂ ਬਾਲ ਰਾਖਣਾ।
ਆਲੀ ਇਹਨਾਂ ਗੋਪੀਯਾਂ ਦੀਆਂ ਅੱਖੀਆਂ ਦਾ ਜੋਗ ਸਾਰਾ
ਨੰਦ ਦੇ ਕੁਮਾਰ ਨੂੰ ਜ਼ਰੂਰ ਜਾਇ ਆਖਣਾ।

ਚਰਿੱਤ੍ਰ ੧੨, ੬

ਅਰਥਾਤ ਜੋਗਨ ਅੱਖੀਆਂ ਨੇ ਸਫੈਦੀ ਦੀ ਬਿਭੂਤੀ ਮਲੀ ਹੋਈ ਹੈ, ਸੁਰਮੇ ਦੇ ਡੋਰੇ ਸਿਰ ਦੀਆਂ ਸੇਹਲੀਆਂ ਹਨ, ਅੱਖਾਂ ਦੀ ਲਾਲੀ ਭਗਵਾਂ ਵੇਸ ਹੈ। ਪਿਆਰੇ ਕਾਹਨ ਦਾ ਧਿਆਨ ਜੰਗਲੀ ਫਲਾਂ ਦਾ ਆਹਾਰ ਹੈ। ਰੋਣ ਧੋਣ ਗੀਤਾ ਦਾ ਪਾਠ ਹੈ ਤੇ ਉਹਦੇ ਧਿਆਨ ਦੀ ਧੂਣੀ ਬਾਲ ਰੱਖੀ ਹੈ। ਅੱਗੇ ਰਾਧਾ ਦੀ ਛਵੀ ਤੱਕਣ ਯੋਗ ਹੈ। ਮੋਤੀਆਂ ਦੇ ਗਹਿਣੇ ਪਾਈ ਉਹ ਇਉਂ ਪ੍ਰਤੀਤ

ਹੁੰਦੀ ਹੈ ਜਿਵੇਂ ਸਮੁੰਦਰ ਰਿੜਕ ਕੇ ਕੱਢੇ ਚੰਦਰਮਾ ਨੂੰ ਚੀਰਕੇ ਉਹਦਾ ਅੰਗ ਅੰਗ ਬਣਾਇਆ ਹੋਵੇ:

ਮੋਤੀ ਕੇ ਅੰਗ ਬਿਰਾਜਤ ਭੂਖਨ ਮੋਤੀ ਕੇ ਬੇਸਰ ਕੀ ਛਬਿ ਬਾਢੀ।
ਮੋਤੀ ਕੇ ਚੌਸਰ ਹਾਰ ਫਬੈ ਦੁਤੀ ਮੋਤਿਨ ਕੇ ਗਜਰਾਨ ਕੀ ਗਾਢੀ।
ਰਾਧਿਕਾ ਮਾਧਵ ਕੋ ਜਮਨਾ ਤਟ ਕੰਜ ਗਹੇ ਕਰ ਜੋਵਤ ਠਾਢੀ।
ਛੀਰ ਕੇ ਸਾਗਰ ਕੋ ਮਥਕੈ, ਮਨੋ ਚੰਦ ਕੋ ਚੀਰ ਸਭੈ ਤਨ ਕਾਢੀ।

ਚਰਿੱਤ੍ਰ ੧੨, ੨੬

ਸੁੰਦਰ ਯੁਵਕ ਦੀ ਸੁੰਦਰਤਾ ਦਾ ਝਲਕਾਰਾ :

ਤਹਿਕ ਸ਼ਾਹ ਕੋ ਪੂਤ ਅਪਾਰਾ॥
ਕਨਕ ਅਵਟਿ ਸਾਂਚੇ ਜਨ ਢਾਰਾ॥
ਨਿਰਖਿ ਨਾਕ ਜਿਹ ਸੂਆ ਰਿਸਾਨੋ॥
ਕੰਜ ਜਾਨਿ ਦ੍ਰਿਗ ਭੰਵਰ ਭੁਲਾਨੋਂ॥੩॥

ਕਟਿ ਕੇਹਰਿ ਲਖਿ ਅਧਿਕ ਰਿਸਾਵਤ॥
ਤਾਤੇ ਫਿਰਤ ਮਿਗਲ ਕਹ ਘਾਵਤ॥
ਸੁਨਿ ਬਾਨੀ ਕੋਕਿਲ ਕੁਕਰਈ॥
ਕ੍ਰੋਧ ਜਰਤ ਕਾਰੀ ਹ੍ਵੈ ਗਈ॥੪॥

ਨੈਨ ਨਿਰਖਿ ਕਰਿ ਜਲਜ ਲਜਾਨਾ॥
ਤਾਂ ਤੇ ਜਲ ਮਹਿ ਕਿਯਾ ਪਯਾਨਾ॥
ਅਲਕ ਹੇਰਿ ਨਾਗਿਨਿ ਰਿਸਿ ਭਰੀ॥
ਚਿਤ ਮਹਿ ਲਜਤ ਪਤਾਰਹਿ ਬਰੀ॥੫॥ ੩੫੮ ਚਰਿੱਤ੍ਰ

ਚੰਚਰੀਟ ਦੁਤਿ ਦੇਖਿ ਬਿਕਾਨੇ॥
ਭਵਰ ਆਜੁ ਲਗਿ ਫਿਰਤਿ ਦਿਵਾਨੇ॥
ਮਹਾਂਦੇਵ ਤੇ ਨੈਕ ਨਿਹਾਰੇ॥
ਅਬ ਲਗਿ ਬਨ ਮੈਂ ਬਸਤ ਉਘਾਰੇ॥੭॥੩੩੫ ਚਰਿੱਤ੍ਰ

ਇਹ ਪਰੌਢੋਕਤੀ ਦੀ ਅਤੀ ਸੁੰਦਰ ਉਦਾਹਰਨ ਹੈ। ਨੱਕ ਨੂੰ ਦੇਖ ਕੇ ਤੋਤਾ ਖਿੱਝ ਗਿਆ, ਅੱਖਾਂ ਨੂੰ ਭੌਰੇ ਨੇ ਫੁਲਵਾੜੀ ਸਮਝ ਲਿਆ, ਕਮਰ ਤੋਂ ਸ਼ੇਰ ਛਿੱਥਾ ਪੈ ਗਿਆ ਅਤੇ ਨਮੋਸ਼ੀ ਦਾ ਮਾਰਿਆ ਹੁਣ ਤੱਕ ਹਿਰਨਾਂ ਨੂੰ ਮਾਰਦਾ ਫਿਰਦਾ ਹੈ। ਬੋਲ ਸੁਣਕੇ ਕੋਇਲ ਕੁੜ੍ਹੀ ਅਤੇ ਕ੍ਰੋਧ ਵਿਚ ਜਲ ਕੇ ਕਾਲੀ ਹੋ ਗਈ, ਅੱਖਾਂ ਨੂੰ ਤੱਕ ਕੇ ਕੰਵਲ ਸ਼ਰਮਿੰਦਾ ਹੋ ਗਿਆ। ਜ਼ੁਲਫ਼ਾਂ ਨੂੰ ਦੇਖ ਕੇ ਨਾਗਣ ਗੁੱਸੇ ਹੋ ਗਈ ਤੇ ਚਿਤ ਵਿਚ ਸ਼ਰਮਿੰਦੀ ਹੋ ਕੇ ਪਤਾਲ ਵਿਚ ਜਾ ਵੜੀ। ਕਾਲੇ ਭਰਵੱਟਿਆਂ ਤੋਂ ਭਵਰੇ ਵਿਕ ਗਏ। ਜੇ ਉਸ ਸੁੰਦਰ ਰਾਜਕੁਮਾਰ ਨੂੰ ਮਹਾਂ ਦੇਵ ਨੇ ਤੱਕਿਆ ਤਦੇ ਹੁਣ ਤੱਕ ਬਨਾਂ ਵਿਚ ਨੰਗਾ ਫਿਰ ਰਿਹਾ ਹੈ।

ਹਾਸ ਰਸ ਦੀ ਵੰਨਗੀ ਇਕ ਨਵੀਂ ਵਿਆਹੀ ਫੂਹੜ ਕੁੜੀ ਦੇ ਰੰਗ ਢੰਗ ਦੇ ਵਰਨਣ 'ਚੋਂ ਮਿਲਦੀ ਹੈ ਜੋ ਸਵੇਰੇ ਹੀ ਬੱਦਲਾਂ ਵਾਂਗ ਗੱਜਦੀ ਹੈ। ਉਸ ਦੇ ਸਹਿਮ ਤੋਂ ਸੱਸ ਦਾ ਸਾਹ ਸੁੱਕਦਾ ਹੈ। ਜਿਠਾਣੀ ਬੂਹੇ ਤੋਂ ਹੀ ਮੁੜ ਜਾਂਦੀ ਹੈ। ਆਂਢ ਗੁਆਂਢ ਘਰ ਬਾਰ ਛੱਡ ਕੇ ਜੰਗਲੀ ਜਾ ਵਸੇ ਹਨ। ਪਾਣੀ ਮੰਗਣ ਤੇ ਪੱਥਰ ਮਾਰਨ ਵਾਲੀ, ਪਤੀ ਨੇ ਇਹ ਨਾਰੀ ਲਿਆਂਦੀ ਹੈ ਯਾ ਨਾਹਰ (ਸ਼ੀਂਹ) :

ਭੋਰ ਹੁਤੇ ਗਰਜੈ ਲਰਜੈ ਬਰਜੈ ਸਭ ਲੋਗ ਰਹੈ ਨਹਿ ਠਾਨੀ।
ਸਾਸ ਕੋ ਤ੍ਰਾਸ ਨ ਆਵਤ ਸ੍ਵਾਸ ਦੁਆਰਨ ਤੇ ਫਿਰ ਜਾਤ ਜਿਠਾਨੀ॥
ਪਾਸ ਪਰੋਸਿਨ ਬਾਸ ਗਹਯੋ ਬਨ ਲੋਗ ਭਏ ਸਭ ਹੀ ਨਕਵਾਨੀ।
ਪਾਨੀ ਕੇ ਮਾਂਗਤ ਪਾਥਰ ਮਾਰਤ
ਨਾਰਿ ਕਿਧੋਂ ਘਰ ਨਾਹਰ ਆਨੀ। ਚਰਿੱਤ੍ਰ ੪੦, ੧੪-੧

ਹੁਣ ਸੁਣੋਂ ਕੁਝ ਨਾਜ਼ਕ ਖਿਆਲੀਆਂ:—

ਆਜ ਸਖੀ ਮੈਂ ਯੋ ਸੁਨਯੋ ਪਹੁ ਫਾਟਤ ਪਿਯ ਗੌਨ
ਪਹਿ ਹੀਯਰੇ ਝਗਰਾ ਪਰਯੋ ਪਹਿਲੇ ਫਟਿ ਹੈ ਕੌਣ?

ਸਖੀ! ਅੱਜ ਮੈਂ ਸੁਣਿਆ ਹੈ ਕਿ ਪੌਹ ਫਟਾਲੇ ਪਿਆਰਾ ਚਲਾ ਜਾਏਗਾ, ਹੁਣ ਪੌਹ ਤੇ ਮੇਰੇ ਹਿਰਦੇ ਵਿਚਾਲੇ ਝਗੜਾ ਪੈ ਗਿਆ ਹੈ ਕਿ ਦੋਹਾਂ ਵਿਚੋਂ ਪਹਿਲਾਂ ਕੌਣ ਫਟਦਾ ਹੈ ?

ਸਭ ਕੁਛ ਟੂਟੇ ਜੁਰਤ ਹੈਂ ਜਾਨਿ ਲੇਹ ਮਨ ਮਿੱਤ੍ਰ॥
ਏ ਦ੍ਵੈ ਟੂਟੇ ਨਾ ਜੁਰਹਿ ਏਕ ਸੀਸ ਅਰੁ ਚਿੱਤ॥

ਚਰਿੱਤ੍ਰ ੩੩,੪੧

ਸਭ ਟੁੱਟੀਆਂ ਹੋਈਆਂ ਚੀਜ਼ਾਂ ਜੁੜ ਜਾਂਦੀਆਂ ਸਵਾਏ ਟੁੱਟੇ ਦਿਲ ਅਤੇ ਕੱਟੇ ਹੋਏ ਸਿਰ ਤੋਂ।

ਹਰਿਜਾ ਅਸਿ ਐਸੇ ਸੁਨਯੋ ਕਰਤ ਏਕ ਤੇ ਦੋਇ॥
ਬਿਰਹ ਬਢਾਗਨਿ ਜੋ ਬਧੈ ਏਕ ਦੋਇ ਤੇ ਹੋਇ॥੨੫॥ ਚਰਿੱਤ੍ਰ ੯੮

ਤਲਵਾਰ ਦੀ ਮਾਰ ਨਾਲ ਇਕ ਤੋਂ ਦੋ ਹੋ ਜਾਂਦੇ ਹਨ, ਪਰ ਬਿਰਹਾ ਦੀ ਤਲਵਾਰ ਦੀ ਮਾਰ ਦੋਂਹ ਤੋਂ ਇਕ ਕਰ ਜਾਂਦੀ ਹੈ ਤੇ ਅਖੀਰ ਵਿਚ ਹੈ ਕੋਮਲ ਚਿਤ ਕਾਵਿ ਕੁਲਭੂਸ਼ਨ ਦੀ ਦੁਹਾਈ।

ਤੀਰ ਲਗੋ ਤਰਵਾਰਿ ਲਗੋ ਨ ਲਗੋ ਜਿਨਿ ਕਾਹੂ ਸੋ ਕਾਹੂ ਕੀ ਆਖੈਂ

ਚਰਿੱਤ੍ਰ ੧੦੩, ੨੧-੪

ਭਈ ਤਲਵਾਰ ਦਾ ਫਟ ਲਗ ਜਾਏ, ਤੀਰ ਦਾ ਘਾਓ ਲਗ ਜਾਏ ਪਰ ਕਿਸੇ ਤੇ ਕਿਸੇ ਦੀਆਂ ਅੱਖਾਂ ਦਾ ਵਾਰ ਨਾ ਚੱਲੇ, ਜੋ ਇਸ ਮਹਾਨ ਰਚਨਾ ਦਾ ਧੁਰਾ ਹੈ, ਹਾਂ, ਤੇ ਇਸ ਮਹਾਨ ਉਪਦੇਸ਼, ਫ਼ੁਰਮਾਨ ਤੇ ਸੁਨਹਿਰੀ ਸਿਖਿਆ ਨੂੰ ਸਿੱਖਾਂ ਨੇ ਮਨ ਵਿਚ ਵਸਾਇਆ ਤੇ ਕਮਾਇਆ। ਹਜ਼ਾਰਾਂ ਨਜ਼ੀਰਾਂ ਵਿਚੋਂ ਕੁਝ ਇਤਿਹਾਸ ਦੇ ਪੰਨਿਆਂ ਵਿਚ ਸਾਂਭੀਆਂ ਪਈਆਂ ਹਨ। ਸੁਰਗਵਾਸੀ ਭਾਈ ਵੀਰ ਸਿੰਘ ਨੇ ਬਿਜੈ ਸਿੰਘ ਨਾਂ ਦਾ ਇਕ ਆਦ੍ਰਸ਼ਕ ਸਿੱਖ ਕਿਰਦਾਰ ਪੇਸ਼ ਕੀਤਾ ਹੈ ਜੋ ਮੀਰ ਮਨੂੰ ਦੀ ਵਿਧਵਾ ਮੁਗ਼ਲਾਨੀ ਬੇਗਮ ਦੇ ਕਾਮ ਭਰਪੂਰ ਤਰਲਿਆਂ ਨੂੰ ਨਹੀਂ ਮੰਨਦਾ। ਸਰਦਾਰ ਬਘੇਲ ਸਿੰਘ ਸਰਮਰੂ ਬੇਗਮ ਨੂੰ ਭੈਣ ਮੰਨ ਕੇ ਇਸ ਮਹਾਨ ਤੇ

ਨਾਜ਼ੁਕ ਜ਼ਿੰਮੇਵਾਰੀ ਨੂੰ ਸਫਲਤਾ ਨਾਲ ਨਿਭਾਉਂਦਾ ਹੈ। ਸਿੰਘਾਂ ਦੀ ਸ਼ਖ਼ਸੀਅਤ ਦਾ ਇਹ ਖ਼ੁਸ਼ਨੁਮਾ ਉਚ ਪਹਿਲੂ ਕਾਜ਼ੀ ਨੂਰ ਮੁਹੰਮਦ ਆਪਣੇ ਜੰਗਨਾਮੇ ਵਿਚ ਕਿਸੇ ਵਿਸਮਾਦ ਵਿਚ ਆ ਕੇ ਉਜਾਗਰ ਕਰਦਾ ਹੈ :

ਨ ਕੁਸ਼ੰਦ ਨਾਮਰਦ ਰਾ ਹੇਚ ਗਾਹ।
ਗੁਰੇਜ਼ਿੰਦਾ ਰਾ ਹਮ ਨਗੀਰੰਦ ਰਾਹ।
ਜ਼ਰੋ ਜ਼ੇਵਰੇ ਜ਼ਨ ਬਤਾਰੀਜ ਨੀਜ਼।
ਨਗੀਰੰਦ ਗਰ ਮਿਹਰਾ ਅਸਤ ਦਰ ਕਨੀਜ਼।
ਜਨਾ ਹਮ ਨਾ ਬਾਸ਼ਦ ਮਿਆਨੋ ਸਗਾਂ।
ਨਾਪੈਦ ਅਸਤ ਸਾਰਕ ਦਰਾਂ ਬਦਰੰਗ।
ਬਜ਼ਨ ਗਰ ਜਵਾਂ ਹਸਤ ਦਰ ਹਸਤ ਪੀਰ।
ਬਗੋਇੰਦ ਬੁੜ੍ਹੀਆਂ ਬਰੌ ਗੋਸ਼ਾ ਗੀ।

ਓਹ (ਸਿੰਘ) ਕਾਇਰਾਂ ਉੱਤੇ ਹਮਲਾ ਨਹੀਂ ਕਰਦੇ, ਨਾ ਨੱਸੇ ਜਾਂਦੇ ਸ਼ਤਰੂ ਦਾ ਪਿੱਛਾ ਕਰਦੇ ਹਨ। ਇਸਤਰੀ ਦਾ ਧਨ ਤੇ ਗਹਿਣੇ ਨਹੀਂ ਲੁੱਟਦੇ, ਇਸਤਰੀ ਨੂੰ ਭਾਵੇਂ ਉਹ ਰਾਣੀ ਹੋਵੇ ਭਾਵੇਂ ਦਾਸੀ, ਹੱਥ ਨਹੀਂ ਪਾਉਂਦੇ, ਇਨ੍ਹਾਂ ਕੁਤਿਆਂ (ਸਿੰਘਾਂ) ਵਿਚ ਪਰ-ਇਸਤਰੀ ਗਮਨ (ਵਿਭਚਾਰ) ਨਹੀਂ, ਨਾ ਇਨ੍ਹਾਂ ਖੋਟਿਆਂ ਵਿਚ ਕੋਈ ਚੋਰ ਧਾੜਵੀ ਹੈ। (ਹੈਰਾਨੀ ਦੀ ਗੱਲ ਇਹ ਹੈ ਕਿ ਇਸਤਰੀ ਭਾਵੇਂ ਮੁਟਿਆਰ ਹੋਵੇ ਭਾਵੇਂ ਬੁੱਢੀ, ਇਹ ਉਹਨੂੰ ਇਹੋ ਆਖਦੇ ਹਨ : 'ਬੁਢੀਏ ਇਕ ਪਾਸੇ ਹੋ ਜਾ' ਜੋ ਗੁਰਵਾਕ 'ਗਾਛਹੁ ਪੁਤ੍ਰੀ ਰਾਜ ਕੁਆਰਿ' ਦੀ ਝਲਕ ਹੈ। ਅੰਗਰੇਜ਼ੀ ਰਾਜ ਸਮੇਂ ਸਿੱਖ ਸੈਨਕਾਂ ਦੇ-ਆਚਰਨ ਦੀ ਵਡਿਆਈ ਅੰਗ੍ਰੇਜ਼ ਅਫਸਰਾਂ ਨੇ ਬਹੁਤ ਵਾਰੀ ਕੀਤੀ ਹੈ। ਇੱਥੋਂ ਤੱਕ ਕਿ ਕਮਾਂਡਰ ਇਨ ਚੀਫ਼ ਸਰ ਬਰਡਵੁਡ ਨੇ ਮਾਣ ਨਾਲ ਆਖਿਆ ਸੀ, "ਮੈਨੂੰ ਆਪਣੀ ਸਵਾਣੀ ਨੂੰ ਸਿੱਖਾਂ ਦੇ ਹੱਥਾਂ ਵਿਚ ਸੁਰੱਖਿਅਤ ਹੋਣ ਦੀ ਪੂਰੀ ਤਸੱਲੀ ਹੈ।' ਅੰਤ ਦੀ ਬਾਕੀ ਭਾਰਤ ਪਾਕਿਸਤਾਨ ਦੇ ਪਿਛਲੇ ਯੁੱਧ ਦੇ ਸਮੇਂ ਇਕ ਸਿੱਖ ਸੈਨਿਕ ਅਫ਼ਸਰ ਨੇ ਇਕ ਪਾਕਿਸਤਾਨੀ ਬੁਢੀ ਮਾਈ ਨੂੰ ਕੰਧਾੜੇ ਚੁੱਕਿਆ, ਤਾਂ ਅਖਬਾਰਾਂ ਵਿਚ ਸੰਸਾਰ ਭਰ ਦੀਆਂ ਅੱਖਾਂ ਨੇ ਤੱਕਿਆ ਹੀ ਹੋਵੇਗਾ।

'ਗੁਰਮਤਿ ਪ੍ਰਕਾਸ਼' ਅਗਸਤ, 1966

ਦਸਮ ਗ੍ਰੰਥ ਤੇ ਵੀਚਾਰ
ਵਲੋਂ: ਸ੍ਰੀਮਾਨ ਸੰਤ ਮਤਾਬ ਸਿੰਘ ਦਿੱਲੀ

ਚੂੰ ਕੁਫਰ ਅਜ਼ ਕਾਅਬਾ ਬਰਖੇਜਦ

ਕੁਜਾ ਮਾਨੰਦ ਮੁਸਮਾਨੀ।

ਅੱਜ ਮੇਰੇ ਸਾਹਮਣੇ, ਅਜੀਤ ਅਖਬਾਰ ਦਾ ਕਲਗੀਧਰ ਐਡੀਸ਼ਨ ਦਾ ਪਰਚਾ ਹੈ ਜਿਸਦੇ ਇਕ ਪਤ੍ਰੇ ਦਾ ਸਿਰਲੇਖ ਹੈ।

'ਦਸਮ ਗ੍ਰੰਥ ਕੇ ਇਸਤ੍ਰੀ ਚਿਤਰ। ਮੇਰੀ ਇਸ ਲੇਖ ਤੇ ਵਿਚਾਰ, ਤੇ ਦਸਮ ਗ੍ਰੰਥ ਸਬੰਧੀ ਆਮ ਸਿੱਖ ਸ਼੍ਰੇਣੀ ਸਬੰਧੀ ਮੇਰੀ ਪ੍ਰਚਯ (ਜਾਨ ਪਹਿਚਾਣ) ਸੰਸਾਰ ਵਿਚ ਇਸਦੀ ਗੌਰਵਤਾ ਬਾਬਤ ਮੇਰਾ ਜਿੱਥੋਂ ਤੱਕ ਦਸਮ ਗ੍ਰੰਥ ਸਬੰਧੀ ਗਿਆਨ ਹੈ ਉਹ ਕੇਵਲ ਏਥੋਂ ਤੱਕ ਹੀ ਮਹਦੂਦ ਹੈ ਕਿ ਸਿਵਾਏ ਨਾਮਧਾਰੀ ਸਿੱਖ ਸੰਸਥਾ ਦੇ ਬਾਕੀ ਸਮੂਹ ਸ਼੍ਰੇਣੀਆਂ ਨਿਰਮਿਲੇ ਵਿਦਵਾਨਾਂ ਨੂੰ ਛੱਡ ਇਸਨੂੰ ਗੁਰੂ ਰਚਨਾ ਮੰਨਣ ਤੋਂ ਇਨਕਾਰੀ ਹਨ। ਦੋ ਫੀਸਦੀ (ਪ੍ਰਤੀਸ਼ਤ) ਭਾਵੇਂ ਇਹਨੂੰ ਗੁਰੂ ਰਚਨਾ ਮੰਨਣ ਦੀ ਜਸਾਰਤ (ਦਲੇਰੀ) ਕਰ ਬੈਠਣ, ਪ੍ਰੰਤੂ ਉਹ ਦੋ ਫੀਸਦੀ ਵੀ ਅਜੇ ਤੱਕ ਸਟੇਜ 'ਤੇ ਪ੍ਰਗਟ ਹੋ ਇਸਦੇ ਪ੍ਰਚਾਰ ਦਾ ਉਦਯੋਗ ਤੇ ਉਤਸ਼ਾਹ ਨਹੀਂ ਕਰ ਸਕੇ, ਹਾਂ ਇਹ ਬਾਤ ਕਿਸੇ ਹੱਦ ਤੱਕ ਦਰੁਸਤ ਤੇ ਸਹੀ ਹੈ ਕਿ ਜਦੋਂ ਵੀ ਕਿਤੇ ਕੋਈ ਪ੍ਰਮਾਣਕ ਅਵਸ਼ਯਕਤਾ ਆ ਪਈ, ਉਸ ਸਮੇਂ ਸਭ ਨੇ ਹੀ ਆਪਣੇ ਵਿਸ਼ੇ ਦੀ ਸਫਲਤਾ ਵਾਸਤੇ ਇਸ ਵਿਚੋਂ ਪ੍ਰਮਾਣ ਦੇਣੋ ਸੰਕੋਚ ਨਹੀਂ ਕੀਤਾ ਅਤੇ ਫਿਰ ਇਹੋ ਜੇਹੇ ਸਜਨਾਂ ਨੇ ਇਸਦਾ ਖੰਡਨ ਕਰਨ ਸਮੇਂ ਸਭ ਤੋਂ ਪੇਸ਼ ਪੇਸ਼ ਇਸਦੇ ਖੰਡਨ ਵਿਚ ਸਿਰ ਤੋਂ ਪੈਰਾਂ ਤੱਕ ਬਲ ਲਾ ਇਸਨੂੰ ਗੁਰੂ ਰਚਨਾ ਤੋਂ ਉਤ੍ਰ ਕਵੀ ਰਚਨਾ ਸਾਬਤ ਕਰਨ ਦਾ ਜਤਨ ਕੀਤਾ ਹੈ। ਮੰਨ ਲਓ ਕਿ ਸ਼ਾਇਦ ਮੇਰੀ ਇਹ ਪ੍ਰਿਚਯ (ਜਾਨ ਪਹਿਚਾਨ) ਨਾਮੁਕੰਮਲ ਹੋਵੇ, ਪ੍ਰੰਤੂ ਮੇਰੀ ਦਲੀਲ ਦੀ ਕਸਵਟੀ ਮੇਰੇ ਇਸ ਖਿਯਾਲ ਨੂੰ ਬਹੁਤ ਵਜ਼ਨੀ ਤੇ ਜ਼ੋਰਦਾਰ ਬਣਾ ਦੇਂਦੀ ਹੈ ਕਿਉਂ ਜੋ ਮੇਰੀ 50 ਸਾਲ ਦੀ ਆਯੂ ਦੇ ਸਮੇਂ ਵਿਚ ਸਿਵਾਏ ਪਿਯੂਖ ਜੀ ਦੇ "ਦਸਮ ਗ੍ਰੰਥ ਪਾਠੰਤ੍ਰ ਦਰਸ਼ਨ' ਦੇ ਕੋਈ ਇਸ ਸੰਬੰਧੀ ਟ੍ਰੈਕਟ ਜਾਂ ਕੋਈ ਚੀਜ਼ ਮੇਰੇ ਦੇਖਣ ਵਿਚ ਨਹੀਂ ਆਈ, ਜੇਹੜੀ ਕਮ ਅਜ਼ ਕਮ ਦਸਮ ਗ੍ਰੰਥ ਦੀ ਅਦੁੱਤੀ ਤੇ ਲਾਸਾਨੀ ਕਵਿਤਾ 'ਤੇ ਹੀ ਚਾਨਣਾ ਪਾ ਵਿਦਵਾਨਾਂ ਤੇ ਕਵਿਤਾ ਰਸਿਤ ਸਜਨਾਂ ਦੀ ਆਤਮਕ ਪ੍ਰਸੰਨਤਾ ਦਾ ਕਾਰਨ ਬਣਦੀ।

ਮੇਰੇ ਖਿਆਲ ਵਿਚ ਜੇਕਰ ਦਸਮ ਗ੍ਰੰਥ ਨੂੰ ਲੈਟਰਚਰ ਲਿਟਰੇਚਰ ਤਥਾ ਸੰਚੀਆਂ ਦੀ ਸ਼ਕਲ ਵਿੱਚ ਪ੍ਰਕਾਸ਼ਤ ਕਰ ਜੇਕਰ ਇਸਦੀ ਕਵਿਤਾ ਤੇ ਇਤਿਹਾਸਕ ਗੌਰਵਤਾ ਭਾਵ ਨੂੰ ਹੀ ਮੁਖ ਰੱਖ ਭਾਰਤ ਵਿਚ ਪ੍ਰਚਾਰ ਕੀਤਾ ਜਾਂਦਾ ਤਾਂ ਅੱਜ ਤੱਕ ਸੰਸਾਰ ਦੀ ਉਚਿਯਤਾ ਤੇ ਮੈਤ੍ਰੀ ਭਾਵ ਦਾ ਡੰਕਾ ਵਿਸ਼ਵ ਭਾਰਤ ਨੂੰ ਮਹੀਤ ਕਰ ਚੁੱਕਾ ਹੁੰਦਾ।

ਪ੍ਰੰਤੂ ਇਸਦੀ ਬਜਾਏ ਹੋਇਆ ਕੀ ? ਸਾਡੇ ਬੜੇ ਬੜੇ ਨਾਮੀ ਵਿਦਵਾਨਾਂ, ਕਵੀ ਕੁਲ ਭੂਸ਼ਣਾਂ, ਵੇਦਾਂਤ ਜਾਣਕਾਰਾਂ ਤੇ ਗਿਆਨੀਆਂ ਨੇ, ਕਿਸੇ ਨੇ ਸਭਯਤਾ ਦੇ ਉਲਟ ਦੱਸ ਕਿਸੇ ਨੇ ਕਵੀ ਰਚਨਾ ਦੱਸ, ਕਿਸੇ ਨੇ ਕੇਵਲ ਪੌਰਾਣਕ ਕਥਾਵਾਂ ਦੱਸ ਇਸ ਨੂੰ ਏਥੋਂ ਤੱਕ ਭੰਡਿਆ ਕਿ ਸਾਡੇ ਮੁਖੀ ਤੇ ਉਚ ਕੋਟੀ ਦੇ ਵਿਦਵਾਨਾਂ ਨੇ ਦਸਮ ਗ੍ਰੰਥ ਸ਼ਬਦ ਬਾਣੀ ਨੂੰ ਗੁਰਮਤ ਵਿਰੁੱਧ ਇਖਲਾਕ ਤੋਂ ਬਾਹਿਰ ਤੇ ਸਭਯਤਾ ਤੋਂ ਡਿੱਗੀ ਹੋਈ ਦਾ ਫਤਵਾ ਦੇ ਇਸਨੂੰ ਕੇਵਲ ਦੋਖ ਦ੍ਰਿਸ਼ਟੀ ਨਾਲ ਹੀ ਤਕ ਆਪਣੇ ਘਰ ਨੂੰ ਆਪਣੇ ਹੀ ਦੀਵੇ ਨਾਲ ਫੂਕ ਸੁੱਟਣ ਵਾਲੀ ਮਿਸਾਲ ਸਹੀ ਕਰ ਵਿਖਾਈ ਜਥ:-

ਇਸ ਘਰ ਕੋ ਆਗ ਲਗ ਗਈ ਘਰਕੇ ਚਰਾ:ਗ ਸੇ।

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਜਦ ਕਿਸੇ ਧਾਰਮਕ ਸਰਚਸ਼ਮੇ (ਸੋਮੇ) ਵਿੱਚ ਹੀ ਅਧਰਮ ਦਾ ਪ੍ਰਚਾਰ ਹੋਣ ਲੱਗ ਪਵੇ, ਤਾਂ ਫਿਰ ਧਰਮ ਦਾ ਫਕ ਦਾਨ (ਅਭਾਵ) ਹੀ ਸਮਝ ਲਓ, ਕਿਸੇ ਇਹੋ ਜਹੀ ਦੁਰਘਟਨਾ ਨੂੰ ਵੇਖ ਹੀ ਹਾਫਿਜ਼ ਸ਼ੀਰਾਜ਼ੀ ਨੇ ਕਥਨ ਕੀਤਾ ਹੈ, 'ਚੂੰਕੁਫਰ ਅਜ਼ ਕਾਬਾ ਬਰ ਖੇਜਦ ਕੁਜਾ ਮਾਨੰਦ ਮਸੁਲ ਮਾਨੀ' ਭਾਵ ਜੇ ਮੱਕੇ ਦੀ ਚਾਰ ਦਿਵਾਰੀ ਵਿਚੋਂ ਹੀ ਬਜਾਏ ਸੱਚ ਦੇ ਝੂਠ ਦਾ ਪ੍ਰਚਾਰ ਹੋਣ ਲੱਗ ਪਵੇ ਤਾਂ ਫਿਰ ਮੁਸਲਮਾਨੀ ਦਾ ਤਾਂ ਨਾਸ ਹੀ ਸਮਝੋ।

ਪ੍ਰੰਤੂ ਅੱਜ ਇਸ ਅਜੀਤ ਅਖਬਾਰ ਦੇ ਇਸ ਪਤ੍ਰੇ ਨੂੰ ਦੇਖ ਘਟਾ ਟੋਪ ਅੰਧੇਰੇ ਵਿਚੋਂ ਇਕ ਪ੍ਰਕਾਸ਼ ਦੀ ਲੈਹਰ ਨੇਤ੍ਰਾਂ ਦੇ ਸਾਹਮਣੇ ਉਪਸਿਥਤ ਆ ਹੋਈ। ਏਹ ਆਰਟੀਕਲ **ਸਰਦਾਰ ਰਣਜੀਤ ਸਿੰਘ ਜੀ ਖੜਗ** ਵਲੋਂ ਪ੍ਰਕਾਸ਼ਨ ਵਾਸਤੇ ਆਇਆ ਹੈ। ਅਤੇ ਕੇਵਲ ਇਸਤਰੀ ਚਿਤ੍ਰ ਵਿਭਾਗ 'ਤੇ ਹੀ ਵਿਚਾਰ ਹੈ, ਮੇਰੇ ਵਾਸਤੇ ਮੁਕਾਮੇ ਮੁਸੱਰਤ (ਪ੍ਰਸੰਨਤਾ ਦੀ ਠੋਰ) ਹੈ। ਕਿਉਂ ਜੋ **ਸਰਦਾਰ ਰਣਜੀਤ ਸਿੰਘ** ਜੀ ਨੇ ਇਸਨੂੰ ਗੁਰੂ ਰਚਨਾ ਮੰਨਿਆ ਹੈ ਅਤੇ ਹੈ ਭੀ ਸਹੀ।

• ਜਿਥੋਂ ਤਕ ਆਪਨੇ ਇਸ ਵਿਭਾਗ ਤੇ ਵਿਚਾਰ ਕੀਤਾ ਹੈ ਉਹ ਆਪ ਹੀ ਸਰਦਾਰ ਜੀ ਦੀ ਵਾਕਫੀ ਦਾ ਸਬੂਤ ਹੈ ਕਿਉਂ ਜੋ ਆਪਨੇ ਇਸਦੇ ਰਚਨ ਦੀ ਅਵਯਕਤਾ ਤੇ ਮੁਖ ਭਾਵ 'ਤੇ ਭਲੀ ਪ੍ਰਕਾਰ ਚਾਨਣਾ ਪਾਇਆ ਹੈ।

• ਫਿਰ ਇਸਦਾ ਮਕਸਦ ਤੇ ਮੁਦਆ (ਰਚਨ ਦਾ ਭਾਵ ਤੇ ਲੋੜ) ਵਾਹਵਾ ਢੰਗ ਨਾਲ ਦਰਸਾਈ ਹੇ।

• ਫਿਰ ਪੰਦੇ ਨਸੀਹਤ (ਸਿਖਿਯਾ ਤੇ ਬੂਝ) ਇਕ ਅੰਗਰੇਜ਼ੀ ਹਿਸਟਰੀ ਦੇ ਅਨਕੂਲ ਸ੍ਰੀ ਗੁਰੂ ਨਾਨਕ ਦੇਵ ਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਇਕ ਤੇ ਸਮਾਨ ਮਿਸ਼ਨ ਦੱਸਿਆ ਹੈ ਅਤੇ ਦੱਸਿਆ ਹੈ ਜਿਥੋਂ ਸ੍ਰੀ ਗੁਰੂ ਨਾਨਕ ਦੇਵ ਜੀ ਜੀਵ ਦੇ ਮਨ ਨੂੰ ਪਵਿੱਤ੍ਰ ਕਰਨ ਦੇ ਹਾਮੀ ਸਨ ਉਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਮਹਾਰਾਜ ਜੀ ਮਾਨੁਖੀ ਜੀਵਨ ਦੀ ਪਵਿੱਤ੍ਰਤਾ ਦੇ ਚਾਹਵਾਨ ਸਨ। ਅਤੇ ਇਹ ਸਿੱਖਿਆਦਾਇਕ ਕਹਾਣੀਆਂ ਸ੍ਰੀ ਜੀ ਵਲੋਂ ਏਸੇ ਵਾਸਤੇ ਲਿਖੀਆਂ ਗਈਆਂ। ਕਿਉਂ ਜੋ ਸਮੇਂ ਅਨੁਸਾਰ ਉਸ ਵਲੋਂ ਇਸ ਗੱਲ ਦੀ ਬਹੁਤ ਲੋੜ ਸੀਂ।

• ਜਿਥੇ ਇਸਤਰੀ ਦੇ ਦੁਰਾਚਾਰ ਕਰਮ ਔਗੁਣ ਦੱਸ ਉਸਨੂੰ ਤਿਆਗਣ ਦਾ ਉਪਦੇਸ਼ ਹੈ ਉਥੇ ਇਸਤਰੀ ਜਾਤੀ ਦੇ ਉਹ ਸ਼ੁਭ ਤੇ ਬੇਨਜ਼ੀਰ ਸ਼ਕਤੀ ਦੇ ਕਾਰਨਾਮੇ ਦੱਸ ਉਹ ਉਹ ਗੁਣ ਤੇ ਆਚਰਣ ਦੱਸੇ ਹਨ ਜਿਨ੍ਹਾਂ ਨੂੰ ਤਕ ਬਲ ਪੁੰਜ ਤੇ ਗੁਰਮਤ ਭੰਡਾਰ ਮਨੁੱਖ ਭੀ ਰਸ਼ਕ ਕਰਨ ਲੱਗ ਪੈਂਦੇ ਹਨ।

• ਕਿਤੇ ਕਿਤੇ ਪ੍ਰਮਾਣ ਸੈਹਤ ਪ੍ਰਇਸਤ੍ਰੀ ਗਮਨ ਦੇ ਦੂਸ਼ਨ ਤੇ ਉਸਦਾ ਫਲ ਚੰਗੀ ਤਰ੍ਹਾਂ ਦੱਸਿਆ ਹੈ।

• ਫਿਰ ਚਤੁਰ ਤੇ ਵਿਦਵਾਨ ਲੜਕੀਆਂ ਦਾ ਵਿਦਿਆ ਬਲ ਨਾਲ ਵੱਡੇ ਵੱਡੇ ਗਿਆਨੀ ਪੰਡਿਤਾਂ ਨੂੰ ਨਿਰ ਉਤਰ ਤੇ ਇਸ਼ਟ ਤੋਂ ਵਿਪਰੇਜ ਕਰ ਦਿਖਾਣ ਦੀ ਅਦਭੁੱਤ ਚਾਲ ਤੇ ਚਾਤ੍ਰਤਾ ਹੈ।

• ਇਸਤ੍ਰੀ ਚਿਤ੍ਰ ਵਿਭਾਗ ਸਾਰੇ ਦਸਮ ਗ੍ਰੰਥ ਦਾ ਤਕਰੀਬਨ ਅੱਧਾ ਹਿੱਸਾ ਦੱਸ 325ਵੇਂ ਚਿਤਰ ਦਾ ਅਭਾਵ ਦੱਸਿਆ ਹੈ।*

• ਏਥੇ ਸ੍ਰ. ਸਾਹਿਬ ਕੁਛ ਉਕਾਈ ਖਾ ਗਏ ਜਾਪਦੇ ਹਨ ਕਿਉਂ ਜੋ ਚਿਤ੍ਰ 405 ਹੀ ਹਨ 404 ਸੰਖਿਆ ਇਹ ਵਾਸਤੇ ਹੋ ਗਈ ਹੈ ਕਿ ਪੈਹਲਾਂ ਚੰਡੀ ਚਿਤ੍ਰ ਗਿਣਤੀ ਦਾ ਮੂਲਿ ਆਰੰਭ ਨਹੀਂ ਕੇਵਲ ਅਗਲਾ (ਦੂਜਾ) ਚਿਤ੍ਰ ਮੂਲ ਸੰਖਿਆ ਦਾ ਚਿਤ੍ਰ ਰਖਿਆ ਹੈ ਜੇਕਰ ਪ੍ਰਥਮ ਚੰਡੀ ਚਿਤ੍ਰ 'ਤੇ ਸੰਖਿਆ ਕੀਤੀ ਜਾਵੇ ਤਾਂ 405 ਸੰਖਿਆ ਹੁੰਦੀ ਹੈ।

• ਫਿਰ ਇਸ ਰਚਨਾ ਦੇ ਸੰਮਤ ਤੇ ਠੌਰਦਾ ਭੀ ਵਾਹਵਾ ਨਿਰੂਪਣ ਕੀਤਾ ਹੈ। ਸੰਮਤ 1753 ਬਿਕ੍ਰਮੀ ਗ੍ਰੰਥ ਸਮਾਪਤੀ ਦਾ ਸੰਮਤ ਤੇ ਅਨੰਦਪੁਰ ਸਾਹਿਬ ਇਸਦਾ ਲਿਖਿਆ ਜਾਣਾ ਭੀ ਦਸਿਆ ਹੈ।

• ਚਿਤ੍ਰਾਂ ਦੀ ਉਥਾਨਕਾ ਤੇ ਉਸਦੇ ਕਾਰਨ ਨੂੰ ਨੀਰੂਪਣ ਕੀਤਾ ਗਿਆ।

• ਇਸ਼ਕ ਹਕੀਕੀ ਤੇ ਇਸ਼ਕ ਮਿਜਾਜ਼ੀ ਨੂੰ ਵਾਹ ਵਾਹ ਸਮਝਕੇ ਉਸਦੀ ਝਲਕ ਭੀ ਦੱਸੀ ਹੈ।

• ਅਦਬੀ ਮਅੱਯਾਰ (ਸਭਯਤਾ ਪਦ) 'ਤੇ ਜਿਥੇ ਸ੍ਰਦਾਰ ਸਾਹਿਬ ਨੇ ਵਿਚਾਰ ਕੀਤੀ ਹੈ, ਬਹੁਤ ਸ਼ਲਾਘਾਯੋਗ ਹੈ। ਕਵਿਤਾ ਦੀ ਉਚਿਯਤਾ ਤੇ ਖਿਆਲਾਤ ਦੀ ਅਕਾਸ਼ ਉਡਾਰੀ ਦੇ ਕਮਾਲ ਨੂੰ ਦੱਸਣ ਵਿਚ ਭੀ ਸਰਦਾਰ ਜੀ ਨੇ ਕਮਾਲ ਹੀ ਕਰ ਦਿਖਾਇਆ ਹੈ ਅਤੇ ਪ੍ਰਮਾਣ ਦੇ ਕੇ ਪ੍ਰਗਟ ਕੀਤਾ ਹੈ, ਦਸਮ ਗ੍ਰੰਥ ਜੀ ਆਪਣਾ ਨਮੂਨਾ ਆਪ ਹੀ ਹੈ।

• ਆਮ ਲੋਕਾਂ ਦੇ ਪਾਖੰਡ ਕਰਮਾਂ ਦੇ ਪ੍ਰਗਟ ਕਰਨ ਵਾਲੇ ਚਿਤ੍ਰਾਂ ਨੂੰ ਸੋਹਣੇ ਢੰਗਾਂ ਨਾਲ ਦੱਸ ਉਨ੍ਹਾਂ ਦੇ ਪਾਖੰਡ ਕਰਮਾਂ ਤੋਂ ਉਨ੍ਹਾਂ ਨੂੰ ਤਥਾ ਆਮ ਜਨਤਾ ਨੂੰ ਜਾਣੂ ਕਰਾਇਆ ਹੈ।

---

* ਭਾਈ ਕਾਹਨ ਸਿੰਘ ਨਾਭਾ ਨੇ ਵੀ 'ਮਹਾਨ ਕੋਸ਼' ਵਿੱਚ ਇਸ ਬਾਬਤ ਜਾਣਕਾਰੀ ਦਿੱਤੀ ਹੈ। 'ਚਰਿੱਤਰਾਂ ਦੀ ਗਿਣਤੀ 404 ਹੈ, ਪਰ ਸਿਲਸਿਲੇ ਵਾਰ ਲਿਖਣ ਵਿਚ 405 ਹੈ, 325ਵਾਂ ਚਰਿੱਤਰ ਲਿਖਿਆ ਨਹੀਂ ਗਿਆ, ਪਰ ਉਹਦੇ ਅੰਤ ਇਤਿ ਸ੍ਰੀ ਲਿਖਕੇ 325 ਨੰਬਰ ਦਿੱਤਾ ਗਿਆ ਹੈ। ਪਰ 'ਸ੍ਰੀ ਦਸਮ ਗ੍ਰੰਥ ਸਾਹਿਬ ਜੀ' ਪ੍ਰਕਾਸ਼ਕ ਭਾ. ਚਤਰ ਸਿੰਘ ਜੀਵਨ ਸਿੰਘ ਵਿਚ 325ਵਾਂ ਚਰਿੱਤਰ ਵੀ ਦਿੱਤਾ ਗਿਆ ਹੈ। ਡਾ. ਰਤਨ ਸਿੰਘ ਜੱਗੀ ਲਿਖਦੇ ਹਨ: ਭਾਵੇ ਮੋਟੇ ਤੌਰ 'ਤੇ 405 ਚਰਿੱਤ੍ਰ ਕਥਾਵਾਂ ਦੀ ਹੋਂਦ ਮੰਨੀ ਜਾਂਦੀ ਹੈ, ਪਰ ਇਹ ਸਹੀ ਨਹੀਂ ਹੈ ਕਿਉਂਕਿ 48 ਛੰਦਾਂ ਦਾ ਪਹਿਲਾ ਚਰਿੱਤ੍ਰ ਅਸਲ ਵਿਚ "ਸ੍ਰੀ ਭਗਾਉਤੀ ਜੀ ਕਾ ਛੰਦ" ਹੈ। ਇਹ ਤੱਥ ਪੁਰਾਤਨ ਬੀੜਾਂ ਦੇ ਸ਼ੁਰੂ ਵਿੱਚ ਦਿੱਤੀਆਂ ਉਕਤੀਆਂ ਹੋ ਸਪੱਸ਼ਟ ਹੋ ਜਾਂਦਾ ਹੈ। ਪਰ ਇਹ ਤੱਥ ਪ੍ਰਮਾਣਿਤ ਹੈ ਕਿ 325ਵੇਂ ਚਰਿੱਤਰ ਵਿਚ 34 ਛੰਦ ਹਨ ਅਤੇ ਸਮਾਪਤੀ ਜੋੜ 6161 ਛੰਦਾਂ 'ਤੇ ਕੀਤੀ ਗਈ ਹੈ ਅਤੇ 19 ਛੰਦ ਗੁੰਮ ਹਨ।-ਸੰਪਾਦਕ

• ਭਾਵੇਂ ਸਰਦਾਰ ਸਾਹਿਬ ਨੇ ਇਸਤ੍ਰੀ ਚਿਤ੍ਰਾਂ ਤੇ ਵਿਚਾਰ ਸੰਖੇਪ ਰੂਪ ਵਿਚ ਹੀ ਕੀਤੀ ਹੈ ਪ੍ਰੰਤੂ ਸ਼ਲਾਘਾਯੋਗ ਹੈ ਅਤੇ ਫਿਰ ਚਿਤ੍ਰਾਂ ਦੇ ਹਕੀਕੀ ਤੇ ਮੁਖ ਭਾਵ ਨੂੰ ਸਮਝਣ ਵਾਸਤੇ ਆਪਨੇ ਚਿਤ੍ਰਾਂ ਦੇ ਪਾਠ ਦੀ ਤਾਕੀਦ ਕੀਤੀ ਹੈ।

• ਸ੍ਰੀ ਆਦਿ ਗ੍ਰੰਥ ਦੀ ਬਾਣੀ ਤੇ ਸ੍ਰੀ ਦਸਮ ਗ੍ਰੰਥ ਦੀ ਬਾਣੀ ਸਮਾਨ ਵਲ ਪ੍ਰਦਾਤੀ ਦੱਸ, ਹੋਰ ਭੀ ਅਪਨੀ ਸਮਝ ਬੂਝ ਦੀ ਪਵਿੱਤ੍ਰਤਾ ਨੂੰ ਪ੍ਰਗਟ ਕੀਤਾ ਹੈ ਅਤੇ ਜੀਵ ਦੀ ਦਿਹਾੜੀ (ਰੋਜ਼ਾਨਾ) ਦੇ ਕਾਰੋਬਾਰ ਦੇ ਕੰਮਾਂ ਵਿਚ ਅਤੀ ਸਹਾਇਕ ਦੱਸ ਮਨੁੱਖ ਨੂੰ ਚਤ੍ਰ ਤੇ ਨਿਪੁੰਨ ਬਣਾਉਣ ਵਾਲੀ ਦੱਸ ਆਪ ਨੇ ਇਸਤ੍ਰੀ ਚਿਤ੍ਰ ਦੇ ਭਾਵ ਦੇ ਹਰ ਪੈਹਲੂ ਨੂੰ ਭਲੀ-ਭਾਂਤ ਸਮਝਿਆ ਹੈ।

• ਸਭ ਤੋਂ ਸ੍ਰੇਸ਼ਟ ਤੇ ਵਧ ਤੋਂ ਵਧ ਗੌਰਵਤਾ ਵਾਲੀ ਵਿਚਾਰ ਚਿਤ੍ਰਾਂ ਨੂੰ ਗੁਰੂ ਰਚਨਾ ਸਮਝਣ ਵਾਲੀ ਹੈ ਜੋ ਵਧ ਤੋਂ ਵੱਧ ਸ਼ਲਾਘਾਯੋਗ ਹੈ। ਇਸਤੋਂ ਪਰਾਂਕੁ ਭਾਦਰੋਂ ਸੰਮਤ 2002 ਮੁਤਾਬਿਕ ਅਗਸਤ 1947 ਜਦੋਂ ਲਹੌਰੋਂ ਤੂਫਾਨੇ ਬਦਤਮੀਜ਼ੀ ਦੀ ਖੇਲ ਵਿਚ ਮੈਂ ਨਿਕਲ ਕੇ ਸਤਿਗੁਰੂ ਜੀ ਕ੍ਰਿਪਾ ਸ੍ਰੀ ਅੰਮ੍ਰਿਤਸਰ ਜੀ ਪੁੱਜਾ, ਓਥੇ ਪਹੁੰਚ ਸਭ ਤੋਂ ਪੈਹਲਾ ਕੰਮ ਜਿਹੜਾ ਮੈਨੂੰ ਜ਼ਰੂਰੀ ਜਾਪਿਆ ਉਹ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪ੍ਰਕਾਸ਼ ਹੋਣ ਵਾਲੀ ਸ੍ਰੀ ਆਦਿ ਗ੍ਰੰਥ ਦੀ ਬੀੜ ਦਾ ਦੇਖਣਾ ਤੇ ਗੁਰਬਾਣੀ ਦੀ ਰੀਸਰਚ ਸੀ। ਇਸਦੀ ਸਫਲਤਾ ਲਈ ਮੈਂ ਸ੍ਰੀਮਾਨ ਭਾਈ ਸਾਹਿਬ ਇਛਰ ਸਿੰਘ ਜੀ ਜਥੇਦਾਰ ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਨੂੰ ਮਿਲਿਆ ਜਿਨ੍ਹਾਂ ਨੇ ਬੀੜ ਦੇ ਦਰਸ਼ਨ ਕਰਾਉਣ ਦਾ ਸੰਕੇਤ ਕੀਤਾ।

ਤੇ ਨਾਲ ਹੀ ਇਹ ਭੀ ਕਿਹਾ ਕਿ ਅਜ ਕਲ ਕਰੀਬਨ ਛੇ ਸੌ ਬੀੜਾਂ ਸ੍ਰੀ ਆਦਿ ਗ੍ਰੰਥ ਦੀਆਂ ਵੈਸਟ ਪੰਜਾਬ 'ਚੋਂ ਆਈਆਂ ਹੋਈਆਂ ਸ੍ਰਦਾਰ ਰਨਧੀਰ ਸਿੰਘ ਜੀ ਗੁਰਬਾਣੀ ਰੀਸਰਚ ਕਮੇਟੀ ਦੇ ਮੈਂਬਰ ਦੀ ਜ਼ੇਰ ਨਿਗਰਾਨੀ ਗੁਰੂ ਰਾਮਦਾਸ ਦੀ ਸਰਾਂ ਵਿਚ ਪਈਆਂ ਹਨ ਉਹ ਭੀ ਦੇਖੋ ਅਤੇ ਉਨ੍ਹਾਂ ਬੀੜਾਂ ਵਿਚ ਇਕ ਉਹ ਬੀੜ ਭੀ ਹੈ ਜੇਹੜੀ ਸ੍ਰੀ ਪੂਜਯ ਭਾਈ ਮਨੀ ਸਿੰਘ ਜੀ ਨੇ ਅਪਨੀ ਵੱਖਰੀ ਬਨਾਈ ਸੀ।

ਜਿਸ ਵਿਚ ਬਾਣੀ ਦਾ ਕਰਮ ਸ੍ਰੀ ਭਾਈ ਗੁਰਦਾਸ ਜੀ ਵਾਲੀ ਬੀੜ ਨਾਲੋਂ ਭਿੰਨ ਸੀ। ਇਸ ਬਚਨ ਨਾਲ ਮੇਰੀ ਰੁਚੀ ਹੋਰ ਵੀ ਵਧੀ ਕੇ ਬੀੜਾਂ ਜ਼ਰੂਰ ਦੇਖੀਆਂ ਜਾਣ। ਚੂਨਾਂ ਚੇ ਮੈਂ ਸਰਦਾਰ ਰਨਧੀਰ ਸਿੰਘ ਜੀ ਦੇ ਮਕਾਨ 'ਤੇ ਪੁੱਜ ਉਨ੍ਹਾਂ ਨਾਲ ਜ਼ਿਕਰ, ਵਿਚ ਬੀੜਾਂ ਦੇਖਣ ਦਾ ਸੰਕੇਤ ਪ੍ਰਪੱਕ ਹੋ ਗਿਆ।

ਬੀੜਾਂ ਦੇਖਣ ਦਾ ਸਮਾਂ ਦੋ ਤੋਂ ਚਾਰ ਵਜੇ ਤਕ ਗੁਰੂ ਰਾਮਦਾਸ ਸਰਾਏਂ ਦੇ ਓਸੇ ਕਮਰੇ ਵਿਚ ਹੀ ਨਿਯਤ ਸੀ ਜਿਸ ਵਿਚ ਕਿ ਬੀੜਾਂ ਸਥਿਤ ਸੀ।

ਏਥੇ ਕੇਵਲ ਦਸਮ ਗ੍ਰੰਥ ਸਬੰਧੀ ਕਥਨ ਹੈ। ਇਸ ਵਾਸਤੇ ਸ੍ਰੀ ਆਦਿ ਗ੍ਰੰਥ ਦੀਆਂ ਬੀੜਾਂ ਦਾ ਜ਼ਿਕਰ ਹਾਲੀ ਉਠਾ ਰੱਖਿਆ ਗਿਆ ਹੈ। ਏਥੇ ਕੇਵਲ ਸ੍ਰੀ ਪੂਜਯ ਭਾਈ ਮਨੀ ਸਿੰਘ ਜੀ ਵਾਲੀ ਬੀੜ ਬਾਬਤ ਹੀ ਦੱਸਣਾ ਕੁਛ ਯੋਗਯ ਮਾਲੂਮ ਹੁੰਦਾ ਹੈ, ਇਸ ਤੋਂ ਪਾਠਕ ਗਣ ਨੂੰ ਦਸਮ ਗ੍ਰੰਥ ਬਾਬਤ ਗੁਰੂ ਰਚਨਾਂ ਤੇ ਸ੍ਰੀ ਦਸਮੇਸ਼ ਜੀ ਦੀ ਆਪਣੀ ਰਚੀ ਕਵਿਤਾ ਬਾਬਤ ਕੋਈ ਸੰਦੇਹ ਨਹੀਂ ਰੈਹ ਜਾਇਗਾ। ਸਰਦਾਰ ਰਨਧੀਰ ਸਿੰਘ ਕੋਲੋਂ ਸਬ ਮਾਅਮੂਲ ਇੱਕ ਦਿਨ ਸ੍ਰੀ ਭਾਈ ਜੀ ਵਾਲੀ ਬੀੜ ਪ੍ਰਕਾਸ਼ ਕਰਨ ਦਾ ਮੁੱਦਾ ਪ੍ਰਗਟ ਕਰ ਉਹ ਬੀੜ ਪ੍ਰਕਾਸ਼ ਕਰਾਈ ਗਈ।

ਹੁਣ ਏਥੇ ਸਰਦਾਰ ਰਨਧੀਰ ਸਿੰਘ ਜੀ ਬਾਬਤ ਕੁਛ ਤੁਆਰਫ (ਪ੍ਰਿਚਯ) ਜ਼ਰੂਰੀ ਹੈ ਇਸ ਵਾਸਤੇ ਦੋ ਤਿੰਨ ਸਤਰਾਂ ਵਿਚ ਇਸਦਾ ਜ਼ਿਕਰ ਪੂਰਾ ਕਰ ਬੀੜ ਬਾਬਤ ਦੱਸਿਆ ਜਾਵੇਗਾ। ਕਈ ਦਿਨ ਇਕੱਠੇ ਰੈਹਨ ਤੇ ਪਰਸਪਰ ਗੁਰਬਾਣੀ ਬਾਬਤ ਵਿਚਾਰ ਦੇ ਕਾਰਨ ਹੁਣ ਸਰਦਾਰ ਜੀ ਇਕ ਕਿਸਮ ਦੇ ਮੇਰੇ ਹਰੀਫ ਸਨ ਅਤੇ ਨਿਰੰਤਰ ਤੇ ਬੇਤਕਲਫੀ ਨਾਲ ਗੁਰਬਾਣੀ ਬਾਬਤ ਬਚਨ ਬਿਲਾਸ ਤੇ ਵਿਚਾਰ ਆਜ਼ਾਦਾਨਾ ਤੌਰ 'ਤੇ (ਸੁਤੰਤਰਤਾ) ਨਾਲ ਹੁੰਦਾ ਰੈਂਹਦਾ ਸੀ। ਜਿਸ ਕਰਕੇ ਮੈਂ ਉਨ੍ਹਾਂ ਦੇ ਖਿਆਲਾਤ ਤੋਂ ਚੰਗੀ ਤਰ੍ਹਾਂ ਜਾਣੂ ਹੋ ਚੁੱਕਾ ਸਾਂ ਅਤੇ ਮੈਂ ਸਮਝ ਗਿਆ ਸੀ ਕਿ ਆਪ ਸ੍ਰੀ ਦਸਮ ਗ੍ਰੰਥ ਦੀ ਬਾਣੀ ਬਾਬਤ ਮੁਕੰਮਲ ਗੁਰੂ ਰਚਨਾ 'ਤੇ ਕੇਵਲ ਦਸਮੇਸ਼ ਜੀ ਦੀ ਆਪਣੀ ਕਵਿਤਾ ਹੋਣ ਦੇ ਵਿਸ਼ਵਾਸੀ ਹਨ।

ਹੁਣ ਮੈਂ ਇਹ ਉਪਰੋਕਤ ਖਿਆਲ ਆਪਣੇ ਅਨੁਭਵ ਅਨੁਸਾਰ ਤੇ ਸਮਝ ਹੀ ਚੁੱਕਾ ਸੀ, ਪ੍ਰੰਤੂ ਇਸਨੂੰ ਪ੍ਰਗਟਤਾਈ ਦੇ ਰੂਪ ਵਿਚ ਲਿਆ ਮੁਆਮਲਾ ਸਾਫ ਕਰਨਾ ਜ਼ਰੂਰੀ ਸੀ ਇਸ ਵਾਸਤੇ ਸ੍ਰੀ ਭਾਈ ਜੀ ਵਾਲੀ ਬੀੜ ਪ੍ਰਕਾਸ਼ ਕਰ ਇਕ ਦਿਨ ਮੈਂ ਉਨ੍ਹਾਂ ਨੂੰ ਆਪਣੇ ਆਸਨ ਤੇ ਸਦ ਬੀੜ ਬਾਬਤ ਨਿਰਨਾ ਆਰੰਭ ਦਿੱਤਾ।

• ਪੈਹਲਾ ਪ੍ਰਸ਼ਨ ਜਿਹੜਾ ਮੈਂ ਸਰਦਾਰ ਰਨਧੀਰ ਸਿੰਘ ਜੀ ਦੀ ਸੇਵਾ ਵਿੱਚ ਕੀਤਾ ਉਹ ਉਪਰੋਕਤ ਬੀੜ ਸਬੰਧੀ ਵਿਯਾਖਿਆ ਕਰਵਾਨ ਦੀ ਸੀ ਜੇਹੜੀ ਮੈਂ ਉਨ੍ਹਾਂ ਦੀ ਸ੍ਰੇਰਸਨਾ ਤੋਂ ਸੁਨਣਾ ਚਾਹੁੰਦਾ ਸਾਂ। ਜਿਸਦੇ ਉਤਰ ਵਿਚ ਬੀੜ ਦਾ ਸਾਰਾ ਨਿਰੂਪਣ ਸਮਾਨਧਾਨਤਾ ਨਾਲ ਦੱਸ ਇਹ ਬਾਬਤ ਕਰ ਦਿੱਤਾ ਕਿ ਇਹੋ ਬੀੜ ਹੈ ਜੇਹੜੀ ਸ੍ਰੀਮਾਨ ਯੋਗ ਪੂਜਯ ਭਾਈ ਮਨੀ ਸਿੰਘ ਜੀ ਨੇ ਲਿਖੀ ਹੈ, ਜਿਸਦਾ ਕਾਰਨ ਉਹ ਸਰਾਪ ਸੀ ਜਿਸਨੇ ਸ੍ਰੀ ਭਾਈ ਜੀ ਦਾ ਬੰਦ ਬੰਦ ਕਟਵਾਇਆ। ਜਿਸਦਾ ਵਿਸਤਾਰ ਪੂਰਵਕ ਵੇਰਵਾ ਫੇਰ ਕਿਸੇ ਸਮੇਂ ਪਾਠਕ ਜਨਾਂ ਦੀ ਸੇਵਾ ਵਿਚ ਪੇਸ਼ ਕੀਤਾ ਜਾਵੇਗਾ ਏਥੇ ਕੇਵਲ ਸ੍ਰੀ ਦਸਮ ਗ੍ਰੰਥ ਨੂੰ ਸ੍ਰੀ ਦਸਮ ਰਚਨਾ ਹੀ ਉਨ੍ਹਾਂ ਪਾਸੋਂ ਬਾਬਤ ਕਰਵਾਨ ਦਾ ਭਾਵ ਹੈ ਜੇਹੜਾ ਆਸ ਹੈ ਸ੍ਰੀ ਦਸਮ ਗ੍ਰੰਥ ਪਾਠ ਰਸਿਤ ਸਜਨਾਂ ਦੀ ਰੁਚੀ ਵਿਸ਼ੇਸ਼ ਪ੍ਰਸੰਨਤਾ ਵਲ ਕ੍ਰਖਤ ਕਰਨ ਦਾ ਕਾਰਨ ਬਣੇਗਾ।

ਬੀੜ ਦਾ ਦਰਸ਼ਨ ਤੇ ਉਸਦੀ ਇਤਿਹਾਸਕ ਗੌਰਵਤਾ ਮੇਰੀ ਜ਼ਾਤੀ ਰਾਏ ਵਿਚ ਇਕ ਅਦੁਤੀ ਤੇ ਲਾਸਾਨੀ ਚੀਜ਼ ਸੀ ਪ੍ਰੰਤੂ ਬਾਣੀ ਦਾ ਕ੍ਰਮ ਭੰਗ ਇਕ ਐਸੇ ਦੂਸ਼ਣ ਦਾ ਰੂਪ ਧਾਰਨ ਕਰ ਗਿਆ ਜਿਸਨੇ ਸਰਾਪ ਤਕ ਸੀਮਾ ਸੰਕੀਰਣ ਕਰ ਬਨ (ਬਣ) ਗਈ ਜਿਸਨੇ ਉਸਨੂੰ ਭਾਈ ਜੀ ਦੇ ਸਰਾਪ ਦੇਣ ਵਲ ਮਾਇਲ ਕੀਤਾ। ਸਰਾਪ ਦੀ ਕਥਾ ਭੀ ਸਰਦਾਰ ਰਨਧੀਰ ਸਿੰਘ ਜੀ ਤੋਂ ਉਕਤਿ ਬਿਲਾਸ ਦੇ ਰੂਪ ਵਿਚ ਹੀ ਸੁਣੀ ਸੀ ਜਿਹੜੀ ਫਿਰ ਕਿਸੇ ਯੋਗ ਸਮੇਂ ਸਾਧ ਸੰਗਤ ਨੇ ਮੰਗ ਕੀਤੀ ਤਾਂ ਪ੍ਰਕਾਸ਼ ਕਰਾਈ ਜਾਵੇਗੀ। ਅੱਗੇ ਜੇਹੜੀ ਪੰਥ ਦੇ ਸਰਾਪ ਸਬੰਧੀ ਕਹਾਵਤ ਹੈ ਉਹ ਨਿਰਮੂਲ ਤੇ ਇਤਿਹਾਸ ਵਿਰੁਧ ਹੈ।

ਹੁਣ ਉਸ ਬੀੜ ਵਿਚ ਬਾਣੀ ਦੇ ਕ੍ਰਮ ਨੂੰ ਬਾਣੀ ਦੇ ਅਧਾਰ ਤੇ ਦੇ ਕੇ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਅਤੇ ਰਾਗਾਂ ਦੇ ਕਰਮ ਨੂੰ ਦ੍ਰਿਸ਼ਟੀ ਗੋਚਰ ਰੱਖਦਿਆਂ ਬੀੜ ਦੇ ਤਿੰਨ ਭਾਗ ਕਹੇ ਜਾ ਸਕਦੇ ਹਨ।

ਬਾਣੀ ਦੇ ਅਨੁਸਾਰ ਕ੍ਰਮ ਇਸ ਭਾਂਤ ਹੈ-ਪ੍ਰਥਮ ਗੁਰੂ ਦੀ ਬਾਣੀ ਫਿਰ ਭਗਤਾਂ ਦੀ ਬਾਣੀ ਰਾਗਾਂ ਅਨੁਸਾਰ ਵਿਭਾਗ ਇਸ ਭਾਂਤ ਹੈ। ਹਰ ਮਹਲੇ ਤਥਾ ਪਾਤਸ਼ਾਹੀ ਦੀ ਹਰ ਰਾਗ ਦੀ ਬਾਣੀ ਦਾ, ੧ ਭਿੰਨ ਭਿੰਨ ਸੰਚਾਰ, ੨ ਗੁਰੂ ਦੀ ਬਾਣੀ, ੩ ਭਗਤਾਂ ਦੀ ਬਾਣੀ।

ਰਾਗਾਂ ਦੇ ਕਰਮ ਦਾ ਭਾਵ ਵਿਸਥਾਰ ਸੈਹਤ ਇਸ ਭਾਂਤ ਜਾਨ।

ਸ੍ਰੀ ਰਾਗ ਮ:੧	ਗਉੜੀ ਮ: ੧	ਆਸਾਮ:੧
੨	੨	੨
੩	੩	੩
੪	੪	੪
੫	੫	੫
ਗੁਜ਼ਰੀ ਮ: ੧ ਤਥਾ ਅੰਤ ਤਕ ਜਾਣ ਲੈਣ।		
੨	”	”
੩	”	”
੪	”	”
੫	”	”

ਹੁਣ ਉਸ ਬੀੜ ਵਿਚ ਗੁਰਬਾਣੀ ਦਾ ਵੇਰਵਾ ਇਸ ਭਾਂਤ ਹੈ। ਪ੍ਰਥਮ ਉਪਰੋਕਤ ਕ੍ਰਮ ਅਨੁਸਾਰ ਨਾਵੇਂ ਮਹਲੇ ਦੇ ਸ਼ਬਦਾਂ ਤੱਕ ਸਾਰੀਆਂ ਪ੍ਰਥਮ ਪਾਤਸ਼ਾਹੀਆਂ ਦੀ ਬਾਣੀ ਉਸਤੋਂ ਅੱਗੇ ਦਸਵੇਂ ਪਾਤਸ਼ਾਹ ਦੀ ਬਾਣੀ ਸ੍ਰੀ ਜਪ ਸਾਹਿਬ ਤੋਂ ਲੈ ਕੇ ਪਖਯਾਨ ਚਿਤ੍ਰਾ ਤਕ ਭਾਵ ਸਾਰਾ ਦਸਮ ਗ੍ਰੰਥ। ਇਸ ਥਾਂ ਹੁਣ ਤਨਕੀਹ ਕੱਢਣ ਵਾਸਤੇ ਮੇਰਾ ਤੇ ਸਰਦਾਰ ਰਨਧੀਰ ਸਿੰਘ ਜੀ ਉਤ੍ਰ ਪ੍ਰਸ਼ਨ ਨਿਮਨ ਲਿਖਿਤ ਅਨੁਸਾਰ ਹੋਇਆ ਕਿਉਂ ਜੋ ਇਹ ਕੇਵਲ ਫੈਸਲੇ ਸਿੱਟੇ ਵਾਸਤੇ ਅੰਤਮ ਉਤਰ ਪ੍ਰਸ਼ਨ ਹਨ।

ਮੈਂ-ਕੀਹ ਏਹ ਬੀੜ ਸ੍ਰੀ ਭਾਈ ਮਨੀ ਸਿੰਘ ਜੀ ਵਾਲੀ ਹੀ ਹੈ?

ਸਰਦਾਰ ਰਨਧੀਰ ਸਿੰਘ ਜੀ-ਜੀ ਹਾਂ।

ਮੈਂ-ਕੀਹ ਏਹ ਇਕ ਅਦੁਤੀ ਤੇ ਇਤਿਹਾਸਕ ਗੌਰਵਤਾ ਸੈਹਤ ਇਕ ਬੇਨਜ਼ੀਰ ਵਸਤੂ ਨਹੀਂ ਹੈ?

ਸਰਦਾਰ ਜੀ-ਸਰਾਪ ਦਾ ਕਾਰਨ ਗੁਰੂ ਹੁਕਮ ਕਰਕੇ ਮੰਨਣਾ ਹੀ ਪੈਂਦਾ ਹੈ। ਦਰਅਸਲ ਇਹ ਇਕ ਸਾਡਾ ਭਵਿੱਖਤ ਪ੍ਰਕਾਸ਼ਤ ਕਰਨ ਵਾਲੀ ਚੀਜ਼ ਹੈ ਅਤੇ ਅੱਗੋਂ ਨੂੰ ਸ਼ਾਇਦ ਐਸਾ ਉਤਮ ਕੰਮ ਕੋਈ ਨਾ ਕਰ ਸਕੇ।

ਮੈਂ-ਬਾਣੀ ਦੇ ਕ੍ਰਮ ਬਾਬਤ ਆਪਦਾ ਕੀ ਖਿਆਲ ਹੈ?

ਸ੍ਦਾਰ ਜੀ-ਕ੍ਰਮ ਭਾਵੇਂ ਭੰਗ ਭੀ ਕਹਿਆ ਜਾਵੇ। ਆਖਰ ਹੈ ਤੇ ਗੁਰਬਾਣੀ।

ਮੈਂ-ਕੀਹ ਇਹ ਸਾਰੀ ਬਾਣੀ ਪ੍ਰਚਲਤ ਬੀੜ ਦੇ ਅਨੁਕੂਲ ਹੀ ਹੈ?

ਸਰਦਾਰ ਜੀ-ਕੇਵਲ ਰਾਗਾਂ ਤਥਾ ਬਾਣੀ ਦਾ ਕਰਮ ਭੰਗ ਹੈ, ਬਾਣੀ ਤੇ ਓਹੋ ਹੀ ਹੈ।

ਮੈਂ-ਇਸ ਬੀੜ ਵਿਚ ਗੁਰਬਾਣੀ ਦਾ ਵੇਰਵਾ ਸ੍ਰੀ ਆਦਿ ਪਾਤਸ਼ਾਹੀ ਤੋਂ ਲੈ ਕੇ ਸ੍ਰੀ ਦਸਵੀਂ ਪਾਤਸ਼ਾਹੀ ਤਕ ਤਥਾ ਜਪਜੀ ਤੋਂ ਲੈ ਕੇ ਪਖਿਯਾਨ ਚਰਿੱਤਰਾਂ ਤੱਕ ਹੈ, ਇਸਤੋਂ ਪਿਛੋਂ ਫੇਰ ਭਗਤਾਂ ਦੀ ਬਾਣੀ ਆਰੰਭ ਹੈ ਅਤੇ ਫਿਰ ਰਾਗ ਮਾਲਾ ਹੈ ਅਤੇ ਫਿਰ ਜ਼ਫ਼ਰਨਾਮਾ ਫਾਰਸੀ ਵਰਣ ਮਾਲਾ ਵਿਚ ਲਿਖਿਆ ਹੈ। ਕੀ ਏਥੋਂ ਇਹ ਨਹੀਂ ਸਾਬਤ ਹੁੰਦਾ ਕਿ ਸ੍ਰੀ ਜਪਜੀ ਤੋਂ ਲੈ ਪਖਿਯਾਨ ਚਰਿੱਤਰਾਂ ਤੱਕ ਭਾਵ ਸਾਰਾ ਦਸਮ ਗ੍ਰੰਥ ਗੁਰ ਕੀ ਬਾਣੀ ਹੈ?

ਸਰਦਾਰ ਜੀ-ਇਸ ਤੋਂ ਇਨਕਾਰ ਹੀ ਨਹੀਂ ਹੋ ਸਕਦਾ ਕਿ ਦਸਮ ਗ੍ਰੰਥ ਗੁਰ ਰਚਨਾ ਤਥਾ ਗੁਰ ਕੀ ਬਾਣੀ ਹੈ।

ਮੈਂ ਫਿਰ ਇਸ ਨੂੰ ਕਵੀ ਰਚਨਾ ਤਥਾ ਇਖਲਾਕ ਵਪਰਜੇ ਦੇ ਸੁਭ ਨਾਮ ਨਾਲ ਕਿਉਂ ਸਤਿਕਾਰਿਆ ਜਾ ਰਿਹਾ ਹੈ ?

ਸ੍ਰਦਾਰ ਜੀ-ਐਸਾ ਕਰਨ ਤੇ ਕੈਹਣ ਵਾਲੇ ਗੁਰਬਾਣੀ ਦੀ ਬੇਅਦਬੀ ਕਰਨ ਦੇ ਦੋਸ਼ੀ ਹਨ, ਅਤੇ ਮੈਂ ਤੇ ਇਸ ਗੱਲ ਦਾ ਹਾਮੀ ਹਾਂ ਕਿ ਦਸਮ ਗ੍ਰੰਥ ਗੁਰੂ ਰਚਨਾ ਗੁਰ ਗਿਰਾਂ ਹੈ।

ਸਗੋਂ ਮੇਰੇ ਅੱਜ ਕਲ ਏਸੇ ਵਿਸ਼ੇ ਤੇ ਗੁਰੂ ਰਾਮਦਾਸ ਸਕੂਲ ਵਿਚ ਲੈਕਚਰ ਹੋ ਰਹੇ ਹਨ, ਕਿ ਦਸਮ ਗ੍ਰੰਥ ਗੁਰੂ ਦਸਮੇਸ਼ ਦੀ ਰਚਨਾ ਹੈ ਅਤੇ ਗੁਰ ਗਿਰਾ ਹੈ। ਫਿਰ ਸਰਦਾਰ ਰਨਧੀਰ ਸਿੰਘ ਜੀ ਨੇ ਬੀਕਾਨੀਰ ਦੇ ਜੰਗਲ ਵਿਚ ਦਸਮ ਗ੍ਰੰਥ ਦੀਆਂ ਸੰਚੀਆਂ ਬਾਬਤ ਸ੍ਰੀਮਾਨ ਭਾਈ ਮਤਾਬ ਸਿੰਘ ਜੀ ਤੇ ਸ੍ਰੀਮਾਨ ਭਾਈ ਬੋਤਾ ਸਿੰਘ ਜੀ ਦੇ ਪ੍ਰਣ ਬਾਬਤ ਹਵਾਲਾ ਦੇ ਇਸਦੀ ਗੁਰ ਗਿਰਾ ਦੀ ਸਮਾਧਨਤਾ ਕੀਤੀ।

ਸੰਪਾਦਕ ਵਲੋਂ ਕੁਝ ਸ਼ਬਦ: ਦਸਮ ਗ੍ਰੰਥ ਵਿਚ ਦਰਜ 'ਚਰਿੱਤੋਪਖਿਅਨ' ਇਕ ਮਹੱਤਵਪੂਰਨ, ਬਹੁ ਪਾਸਾਰੀ ਅਤੇ ਬਹੂ ਆਯਾਮੀ ਰਚਨਾ ਹੈ। ਇਸਦੇ ਰਚਨਾਕਾਰ ਬਾਰੇ ਸਿੱਖ ਲੇਖਕਾਂ ਅਤੇ ਬੁੱਧੀਜੀਵੀਆਂ ਵਿਚ ਬਹੁਤ ਮਤਭੇਦ ਹੈ। ਸੰਨ 1970 ਤੱਕ ਦੇ ਲੇਖਕ ਇਸਨੂੰ ਗੁਰੂ ਕ੍ਰਿਤ ਮੰਨਦੇ ਰਹੇ, ਪਰ ਉਸ ਤੋਂ ਬਾਅਦ ਦੇ ਲੇਖਕਾਂ ਨੇ ਇਸ ਤੇ ਕਿੰਤੂ ਪ੍ਰਤੂੰ ਕਰਨਾ ਸ਼ੁਰੂ ਕਰ ਦਿੱਤਾ। ਜਿਹਨਾਂ ਲੇਖਕਾਂ ਨੇ ਦਸਮ ਗ੍ਰੰਥ ਨੂੰ ਗੁਰੂ ਕ੍ਰਿਤ ਨਹੀਂ ਮੰਨਿਆ ਉਸਤੇ ਭੀ ਸਿੱਖ ਲੇਖਕਾਂ ਅਤੇ ਬੁੱਧੀਜੀਵੀਆਂ ਨੇ ਜਵਾਬੀ ਸਵਾਲ ਉਠਾਏ। ਪਰ ਇਕ ਦੋ ਲੇਖਕਾਂ ਨੇ ਛੱਡਕੇ ਬਾਕੀ ਸਭ ਨੇ ਇਸਨੂੰ ਗੁਰੂ ਕ੍ਰਿਤ ਮੰਨਿਆ ਹੈ।

ਪ੍ਰੋ. ਪਿਆਰਾ ਸਿੰਘ ਪਦਮ 'ਚਰਿਤ੍ਰੋਪਖਿਆਨ' ਬਾਰੇ ਲਿਖਦੇ ਹਨ ਕਿ ਤ੍ਰਿਯਾ ਚਰਿਤ੍ਰ ਬਾਰੇ ਲਿਖਣਾ ਉਸ ਸਮੇਂ ਦੀ ਸਾਹਿਤਕ ਪਰੰਪਰਾ ਸੀ 'ਕਿ ਗੁਰੂ ਗੋਬਿੰਦ ਸਿੰਘ ਵਰਗੇ ਧਾਰਮਕ ਨੇਤਾ ਦੀ ਅਜਿਹੇ ਕਹਾਣੀ ਸੰਗ੍ਰਹਿ ਵਿਚ ਕੀ ਦਿਲਚਸਪੀ ਸੀ ? ਉਹਨਾਂ ਕਿਉਂ ਅਜਿਹਾ ਕੀਤਾ। ਸਵਾਲ ਪੁਛਕੇ ਜਵਾਬ ਵੀ ਆਪ ਹੀ ਦਿੰਦੇ ਹਨ 'ਜੇ ਸੱਚ ਪੁਛਿਆ ਜਾਏ ਤਾਂ ਦਸਮ ਗ੍ਰੰਥ ਦੀ ਰਚਨਾ ਬਾਰੇ ਸ਼ੰਕਾ ਉਪਜਣ ਦਾ ਵੱਡਾ ਕਾਰਨ ਇਹ ਤ੍ਰਿਯਾ ਚਰਿੱਤਰ ਗ੍ਰੰਥ ਹੀ ਹੈ। ਜੋ ਕਿ ਸਾਡੇ ਦਸਮ ਗ੍ਰੰਥ ਦਾ ਅੱਧਾ ਭਾਗ ਹੈ ਅਤੇ ਵੈਸੇ ਇਕ ਸੁਤੰਤਰ ਗ੍ਰੰਥ ਹੈ ਅਤੇ ਸੁਤੰਤਰ ਹੀ ਛਪਣਾ ਯੋਗ ਹੈ। ਪਦਮ ਜੀ ਇਸਨੂੰ ਗੁਰੂ ਰਚਨਾ ਮੰਨਦੇ ਹੋਏ ਇਸਨੂੰ ਪਰਚਾਰਤਮਕ ਰਚਨਾ (Propeganda Literature) ਮੰਨਦੇ ਹਨ। ਸੰਤ ਮਹਿਤਾਬ ਸਿੰਘ ਜੀ ਦੇ ਵਿਚਾਰਾਂ ਨੂੰ ਇਸ ਵਿਚ ਸ਼ਾਮਲ ਕਰਕੇ ਮੈਨੂੰ 'ਅਤਿਅੰਤ ਖੁਸ਼ੀ ਮਹਿਸੂਸ ਹੋ ਰਹੀ ਹੈ ਅਤੇ ਉਹਨਾਂ 'ਖੜਗ ਜੀ' ਦੇ ਵਿਚਾਰਾਂ ਦੀ ਪਰੋੜਤਾ ਕੀਤੀ ਹੈ। 1949 ਵਿਚ ਲਿਖੇ ਵਿਚਾਰਾਂ ਨੂੰ ਉਹਨਾਂ (ਲੇਖਕ) ਅਗਸਤ, 1966 ਦੇ ਗੁਰਮਤਿ ਪ੍ਰਕਾਸ਼ ਵਿਚ ਨਵੇਕਲੀ ਖੋਜ ਦੇ ਸੰਦਰਭ ਵਿਚ ਪੇਸ਼ ਕੀਤਾ।

ਖ਼ਾਲਸੇ ਦਾ ਜਨਮ ਦਿਨ

ਜਨਮ ਦਿਨ ਜਾਂ ਵਰ੍ਹੇਗੰਢ ਮਨਾਉਣਾ ਮਨੁੱਖੀ ਸੁਭਾ ਦੀ ਖ਼ਾਸੀਅਤ ਹੈ। ਬੱਚੇ ਦੇ ਜਨਮ ਦਿਨ ਦੀ ਖੁਸ਼ੀ ਪਹਿਲਾਂ ਤਾਂ ਮਾਪਿਆਂ ਨੂੰ ਹੁੰਦੀ ਹੈ। ਫਿਰ ਵਡੇਰਾ ਹੋ ਕੇ ਮਨੁੱਖ ਆਪ ਲੰਮੇਰੀ ਆਯੂ ਦੀ ਖੁਸ਼ੀ ਮਾਣਦਾ ਹੋਇਆ ਇਸ ਪ੍ਰਕਾਰ ਦਾ ਗੌਰਵ ਅਤੇ ਗਰਵ ਅਨੁਭਵ ਕਰਦਾ ਹੈ ਜਿਸ ਦਾ ਸੰਕੇਤ ਗੁਰੂ ਨਾਨਕ ਸਾਹਿਬ ਨੇ ਜਪੁਜੀ ਵਿਚ ਕੀਤਾ ਹੈ,

'ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ.....।'

ਪਰ ਬਿਨਸਨਹਾਰ ਜਿਉਂ ਜਿਉਂ ਆਯੂ ਦੀ ਪੌੜੀ ਦੇ ਡੰਡੇ ਚੜ੍ਹੀ ਜਾਂਦਾ ਹੈ, ਉਹ ਡੰਡੇ ਘਟੀ ਜਾਂਦੇ ਹਨ ਤੇ ਅਖ਼ੀਰ ਸਿਖਰ ਆਪਣਾ ਮੂੰਹ ਖੋਲ੍ਹੀ ਖਲੋਤੀ ਹੁੰਦੀ ਹੈ। ਗੁਰਬਾਣੀ ਮਾਂ ਦੇ ਉਸ ਭੋਲੇ ਪਨ ਉਤੇ ਵਿਅੰਗ ਕਰਦੀ ਹੈ, ਜਿਸ ਅਨੁਸਾਰ ਉਹਨੂੰ ਇਹ ਪਤਾ ਨਹੀਂ ਕਿ ਪੁੱਤਰ ਦੇ ਵੱਡਾ ਹੋਣ ਨਾਲ ਮੌਤ ਦੀ ਆਮਦ ਦੇ ਦਿਨ ਘਟਦੇ ਜਾਂਦੇ ਹਨ। ਫ਼ਰੀਦ ਜੀ ਅਨੁਸਾਰ ਫ਼ਕੀਰ ਦੀ ਸਮੇਂ ਸਮੇਂ ਤੇ ਥਾਂ ਥਾਂ ਤੋਂ ਪਾਟੀ ਗੋਦੜੀ ਨੂੰ ਤਾਂ ਟਾਕੀਆਂ ਲਾ ਕੇ ਸੀਤਾ ਜਾ ਸਕਦਾ ਹੈ, ਪਰ ਪੁੱਗੀ ਔਧ ਨੂੰ ਨਹੀਂ, ਮਕਾਨ ਦੀ ਛੱਤ ਉੱਤੇ ਕਿੱਡੀ ਕੁ ਦੂਰ ਦੌੜਿਆ ਜਾ ਸਕਦਾ ਹੈ, ਉਮਰ ਦੇ ਮਾਂਗਵੇ ਚਾਰ ਦਿਨ ਮੁੱਕ ਹੀ ਜਾਣੇ ਹਨ:-

'ਫ਼ਰੀਦਾ ਕੋਠੇ ਧੁਕਨ ਕੇਤੜਾ ਪਿਰ ਨੀਦੜੀ ਨਿਵਾਰ
ਜੋ ਦਿਹ ਲਧੇ ਗਾਣਵੇ ਗਏ ਵਿਲਾੜ ਵਿਲਾੜ' ੧੭/੧੩੫੦

ਪਰ ਖ਼ਾਲਸਾ, ਅਮਰ, ਅਡੋਲ, ਅਟੱਲ ਤੇ ਠੋਸ ਸਚਾਈ ਵਾਂਗ ਮਜ਼ਬੂਤ ਤੇ ਮੋਹਕਮ ਖ਼ਾਲਸਾ, ਆਪਣੀ ਹਰ ਵਰ੍ਹੇ ਗੰਢ ਵੇਲੇ ਆਯੂ ਦਾ ਵਾਧਾ ਹੁੰਦਾ ਹੀ ਤਕਦਾ ਰਹੇਗਾ, ਭਾਵੇਂ ਇਸਦਾ ਆਕਾਰ ਜਾਂ ਗਿਣਤੀ ਕਿਤਨੀ ਵੀ ਘਟ ਜਾਏ, ਸੁੰਗੜ ਜਾਏ। ਇਹਦਾ ਭਵਿਸ਼ ਕਵੀ ਮੈਥਲੀ ਸ਼ਰਨ ਗੁਪਤ ਦੇ ਸ਼ਬਦਾਂ ਵਿਚ ਸਦਾ ਉਜਲ ਤੇ ਮਹਾਨ ਹੈ, ਉਹ ਸਰਹਿੰਦ ਦੇ ਸ਼ਹੀਦ ਸਾਹਿਬਜ਼ਾਦਿਆਂ ਦੀ ਅਦੁੱਤੀ ਕੁਰਬਾਨੀ ਵਲ ਸੰਕੇਤ ਕਰਦਾ ਆਖਦਾ ਹੈ:-

'ਜਿਸ ਕੁਲ ਜਾਤੀ ਦੇਸ਼ ਕੇ ਬਚੇ,
ਦੇ ਸਕਤੇ ਹੋਂ ਯੋਂ ਬਲੀਦਾਨ।
ਉਸ ਕਾ ਵਰਤਮਾਨ ਕੁਛਹੀ ਹੋ,
ਭਵਿਸ਼ ਹੈ ਮਹਾਂ ਮਹਾਨ।'

ਖ਼ਾਲਸਾ ਦਾ ਅਰਥ ਮੁਗਲ ਕਾਲੀਨ ਸਮੇਂ ਉਹਨਾਂ ਜ਼ਮੀਨਾਂ ਤੋਂ ਸੀ, ਜੋ ਸਿੱਧੀਆਂ ਬਾਦਸ਼ਾਹ ਅਧੀਨ ਹੋਣ। ਜਾਗੀਰਦਾਰ ਦੇ ਕਬਜ਼ੇ ਵਿਚ ਆਈਆਂ ਜ਼ਮੀਨਾਂ ਦੀ ਵਰਤੋਂ ਓਹ ਆਪਣੀ ਮਰਜ਼ੀ ਅਨੁਸਾਰ ਬੁਰੀ ਜਾਂ ਭਲੀ ਕਰ ਸਕਦਾ ਸੀ, ਕੁਵਰਤੋਂ ਦੀ ਹਾਲਤ ਵਿਚ ਬਾਦਸ਼ਾਹ ਇਹਨਾਂ ਜ਼ਮੀਨਾਂ ਨੂੰ ਮੁੜ ਆਪਣੇ ਅਧੀਨ ਕਰਕੇ ਖਾਲਸਾ ਕਰ ਲੈਂਦਾ ਸੀ, ਇਨ ਬਿਨ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਦੀ ਵਿਸਾਖੀ ਵਾਲੇ ਦਿਨ ਸੰਗਤ ਨੂੰ ਮਸੰਦਾਂ ਦੀ

ਜਾਗੀਰਦਾਰੀ ਤੋਂ ਮੁਕਤ ਕਰ ਕੇ ਖਾਲਸਾ ਕਰ ਲਿਆ, ਜਿਸ ਦਾ ਜ਼ਿਕਰ ਦੂਜੇ ਭਾਈ ਗੁਰਦਾਸ ਦੀ ਵਾਰ (ਇਕਤਾਲਵੀਂ), ਵਿਚ ਆਇਆ ਹੈ, ਜਿਸਨੂੰ ਉਹ ਭਗਾਉਤੀ ਦੀ ਵਾਰ[1] ਕਹਿੰਦੇ ਹਨ:-

ੴ ਸਤਿਗੁਰ ਪ੍ਰਸਾਦਿ॥
ਵਾਰ ਸ੍ਰੀ ਭਗਉਤੀ ਜੀ ਕੀ ਪਾਤਸ਼ਾਹੀ ਦਸਵੀਂ ਕੀ॥
ਹਰਿ ਸਚੇ ਤਖਤ ਰਚਾਇਆ ਸਤ ਸੰਗਤਿ ਮੇਲਾ॥
ਨਾਨਕ ਨਿਰਭਉ ਨਿਰੰਕਾਰ ਵਿਚ ਸਿਧਾਂ ਖੇਲਾ॥
ਗੁਰੁ ਸਿਮਰਿ ਮਨਾਈ ਕਾਲਕਾ ਖੰਡੇ ਕੀ ਵੇਲਾ॥
ਪੀਓ ਪਾਹੁਲ ਖੰਡੇ ਧਾਰ ਹੋਇ ਜਨਮ ਸੁਹੇਲਾ॥
ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ॥
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੂ ਚੇਲਾ॥

ਖ਼ਾਲਸੇ ਦਾ ਨਵਾਂ ਸੰਕਲਪ, ਆਦਰਸ਼, ਸਰ ਲੈਪਲ ਗ੍ਰਿਫ਼ਨ ਦੇ ਸ਼ਬਦਾਂ ਵਿਚ ਹਜ਼ੂਰ ਦੇ ਮਸਤਕ ਵਿਚੋਂ ਇਉਂ ਪ੍ਰਗਟ ਹੋਇਆ ਜਿਵੇਂ ਜੂਪੀਟਰ ਨੇ ਮਿਨਰਵਾ ਨੂੰ ਜਨਮ ਦਿੱਤਾ, ਜੋ ਵਿਦਿਆ ਤੇ ਬੁਧੀ ਦੀ ਦੇਵੀ ਮੰਨੀ ਜਾਂਦੀ ਹੈ, ਜਾਂ ਦੁਰਗਾ ਦੇ ਮੱਥੇ 'ਚੋਂ ਕਾਲੀ ਪ੍ਰਗਟੀ। ਨਵਾਂ ਸੰਕਲਪ ਇਸ ਲਈ ਕਿਉਂਕਿ ਖਾਲਸਾ ਸੰਗਿਆ ਗੁਰੂ ਕੀ ਸੰਗਤਿ ਵਾਸਤੇ, ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲੇ ਗੁਰੂ ਸਾਹਿਬਾਨ ਵੀ ਵਰਤਦੇ ਰਹੇ ਹਨ; ਜਿਹਾ ਕਿ ਛੇਵੇਂ ਪਾਤਸ਼ਾਹ ਜੀ ਦੇ ਇਕ ਹੁਕਮਨਾਮੇ ਤੋਂ ਵਿਦਿਤ ਹੈ:-

ਛੇਵੇ ਗੁਰੂ ਹਰਗੋਬਿੰਦ ਸਾਹਿਬ ਦਾ ਹੁਕਮੁ

("....ਪੂਰਬ ਦੀ ਸੰਗਤਿ ਗੁਰੂ ਦਾ ਖਾਲਸਾ ਹੋਇ.....ਤੁਸਾਂ ਸਭਨਾਂ ਰਲ ਕੇ ਗੁਰਪੁਰਬ ਦੀ ਕਾਰ ਕਰਣੀ....")

ਗੁਰੂ ਗੁਰੂ ਜਪਣਾ
ਜਨਮੁ ਸ
ਵਰੁ
ੴ ਸਤਿਗੁਰੂ

ਦੁਇ ਜੋੜੀ ਕੁਕੋ[2] ਖਰੇ ਭਾਲਿ ਬਹੁਤ ਦੁਮ ਪਕੜਦੇ ਹੋਨ ਉਹ ਟੋਲਕੇ ਭੇਜਣੇ ਜਹ ਕਹਾ ਤੇ ਭੇਜਣੇ ਚਗੇ ਟੋਲ ਕੇ ਭੇਜਣੇ।

ਮੁਤਸਦੀ ਦੀ ਲਿਖਤ:—

ਭਾਈ ਜਾਪੂ, ਭਾਈ ਗੁਰਦਾਸ, ਭਾਈ ਮੁਰਾਰੀ, ਭਾਈ ਜੈਤਾ, ਭਾਈ ਦਿਆਲਾ, ਗੁਰੂ ਗੁਰੁ ਜਪਣਾ, ਜਨਮ ਸਵਰੈ। ਸੰਗਤਿ ਦੀ ਕਾਮਨਾ ਪੂਰੀ ਹੋਗੁ ਸੰਗਤੀ ਕਾ ਰੁਜ਼ਗਾਰ ਹੋਗੁ ਸੰਗਤਿ ਕੀ ਕਾਰ ਜੁ ਲੇਹਗੁ ਗੁਰੂ ਦੀ ਆਗਿਆ ਹੋਇ ਕੀਰਤਨ ਕਰਨਾ ਇਕ ਦਾਸ ਭਲੀ

---

1. ਇਹ 415 ਵੀਂ ਵਾਰ ਇਕ ਹੋਰ ਭਾਈ ਗੁਰਦਾਸ ਸਿੰਘ ਦੀ ਰਚਨਾ ਹੈ ਜੋ ਦਸਵੇਂ ਪਾਤਸ਼ਾਹ ਤੋਂ ਬਹੁਤ ਬਾਦ ਕੀਤੀ ਗਈ। ਇਹ ਵਾਰ 'ਸਰਬ ਲੋਹ' ਗ੍ਰੰਥ ਵਿਚ ਦਰਜ ਹੈ। —ਸੰਪਾਦਕ
2. ਕਬੂਤਰ (ਕੁਕੋ) ਜੋ ਸ਼ਾਇਦ ਸੁਨੇਹਾ ਘੱਲਣ ਲਈ ਚਾਹੀਦੇ ਹੋਣ।

ਜੁਗਤਿ ਰਹਿਣਾ, ਮਾਸ ਮੱਛੀ ਦੇ ਨੇੜੇ ਨਹੀਂ ਆਵਣਾ। ਪੂਰਬ ਦੀ ਸੰਗਤ ਗੁਰੂ ਦਾ ਖਾਲਸਾ ਹੈਇ। ਉਪਰੰਤਿ ਗੁਰੂ ਦੀ ਆਗਿਆ ਹੈਇ, ਭਾਈ ਜਾਪੁ ਭਾਈ ਗੁਰਦਾਸ ਤੁਸਾਂ ਸਭਨਾਂ ਰਲਕੇ ਗੁਰਪੁਰਬ ਦੀ ਕਾਰ ਕਰਣੀ, ਜਿਸਦਾ ਰੁਪਯਾ ਗੁਰੂ ਦੀ ਕਾਰ ਵਿਚ ਪਵਗੁ ਤਿਸੁ ਦਾ ਗੁਰੂ ਦੀ ਦਰਗਹ ਥਾਇ ਪਵਗੁ, ਤਿਸੁ ਨੋ ਕਦੇ ਕਿਛੁ ਥੁੜ ਨ ਹੋਸਉ, ਏ ਹਵਾਲ ਸਵ ਕੀ ਹੋਇ। ਰੁਪਯੇ ਸਇ ਸਤ ਦੀ ਹੁੰਡੀ ਕਰ ਭੇਜਣੀ। ਪੰਦਰਹ ਜੋੜੇ ਮੈਨੋ ਸਵਾਇ ਭੇਜਣਾ, ਪੰਦਰਹ ਬਾਬਾ ਜੀਉ* ਨੋ ਸਵਾਇ ਭੇਜਣਾ। (ਹੁਕਮਨਾਮੇ ਸੰਪਾਦਿਤ: ਡਾ. ਗੰਡਾ ਸਿੰਘ)

ਮਸੰਦ, ਫਾਰਸੀ ਸ਼ਬਦ ਮਸਨਦ ਦਾ ਅਪਨਾਇਆ ਹੋਇਆ ਰੂਪ ਹੈ। ਇਸ ਦੇ ਅਰਥ ਹਨ ਤਖਤ, ਗੱਦੀ ਆਦਿ। ਇਹ ਸ਼ਬਦ 'ਮਸਨਦੇ ਆਲਾ' ਮੁਗਲ ਹਕੂਮਤ ਦੇ ਨਿਆਏਕਾਰੀ ਹਾਕਮਾਂ, ਕਾਜ਼ੀਆਂ, ਮੁਫ਼ਤੀਆਂ ਦੇ ਬੈਠਣ ਦੀ ਥਾਂ ਲਈ ਵਰਤਿਆ ਜਾਂਦਾ ਸੀ। ਸਿੱਖਾਂ ਵਿਚ ਇਹ ਸ਼ਬਦ ਉਹਨਾਂ ਉੱਚੀ ਕਰਨੀ ਵਾਲੇ ਗੁਰਮੁਖਾਂ ਲਈ ਵਰਤਿਆ ਜਾਣ ਲੱਗਾ, ਜਿਹੜੇ ਸੰਗਤ ਦੇ ਮੋਹਰੀ ਹੋਣ ਅਤੇ ਉਹਨਾਂ ਸਿੱਖਾਂ ਦੀ ਗੁਰੂ ਨਮਿਤ ਕਢੀ ਕਾਰ ਭੇਟ ਲਿਆਉਣ, ਜਿਹੜੇ ਆਪ ਨਾ ਆ ਸਕਣ ਅਤੇ ਸਿੱਖੀ ਦਾ ਪ੍ਰਚਾਰ ਕਰਨ।

ਮੁਹੱਸਨ ਫਾਨੀ ਕਰਤਾ ਦਬਿਸਤਾਨੇ ਮਜ਼ਾਹਬ ਦੇ ਸ਼ਬਦਾਂ ਵਿਚ: 'ਮਰਦਮ ਬਤਵਸਤੇ ਆਂ ਮਸੰਦ ਸਿਖ ਗੁਰੂ ਸ਼ੁਦਨ ਗ੍ਰਿਫਤੰਦ ਵਾ ਮਸੰਦਾਨੇ ਬਜ਼ੁਰਗ ਕਿ ਜਮਏ ਕਸੀਰ ਬਤਵਸਤੇ ਏਸ਼ਾਂ ਸਿਖ ਗੁਰੂ ਬੂਦੰਦ, ਅਜ ਜਾਨਬੇ ਖੁਦ, ਨਾਇਬਾਂ ਤਯਈਅਨ ਨਮੂੰਦਦ-ਤਾ ਦਰ ਜਾਏ ਵਾ ਮਹਲੇ ਬਤਵਸਤੇ ਗੁਮਾਸ਼ਤਾਏ ਮਸੰਦ, ਮੇਲੀਏ ਆਂ ਮਸੰਦ ਸ਼ੁਦਾ ਸਿੱਖੇ ਗੁਰੂ ਗਰਦੰਦ। ਵਾ: ਚੁਨਾਂ ਮੁਕਰਰਨਮੂਦਾ ਅੰਦ ਕਿ ਉਦਾਸੀ ਯਾਨੀ ਤਾਰਿਕੇ ਦੁਨੀਆਂ ਸਤੂਦਾ ਕੇਸ਼ ਨਬਵੱਦ। ਬਿਨਾਬਰੀ ਸਿੱਖਾਂ-ਨੇ ਗੁਰੂ ਬਾਜ਼ੇ ਜ਼ਰਾਇਤ ਕੁਨੰਦ ਵਾ ਬਰੁਖੇ ਸੌਦਾਗਰੀ ਵਾ ਗਰੋਹੇ ਨੌਕਰੀ। ਵਾ ਹਰ ਕੁਦਾਮ ਸਾਲੇ ਬਕਦਰੋ ਵਸਾਅ ਜ਼ਰ ਫ਼ਰਾਹਮ ਆਵਰਦਹ ਖੁਦ ਬਰਆਈਨ ਨਜ਼ਰ ਬਿਹ ਮਸੰਦ ਰਸਾਨੰਦ, ਵਾ ਮਸੰਦ ਆਂ ਰਾ ਦਸਤ ਨਕੁੱਨਦ। ਵਾ ਦੀਗਰ ਆਂਚਿਹ ਦਰ ਸਾਲ ਬਰਾਏ ਮਸੰਦ ਆਰੰਦ ਬਿਹ ਭੇਟ ਰਸ਼ਾਨੀਦਨ ਬਸਰਕਾਰ ਗੁਰੂ, ਆਂ ਰਾ ਖ਼ੁਦ ਮੁਤਸਰਫ ਸ਼ਵੱਦ, ਅਗਰ ਮਸੰਦ ਰਾ ਵਜਹ ਮਾਅਸ਼ੀਅਤ ਜੁਜ਼ ਆ ਨਬਵੱਦ, ਵਾ ਇਲ੍ਹਾ ਖ਼ੁਦ ਹਮ ਬਕਾਰੇ ਵਾ ਪੇਸ਼ਹ ਮੇ ਪਰਦਾਖ਼ਤਹ ਬਾਸ਼ੁਦ ਅਸਲਾ ਤਨ ਬਿਹਨਜ਼ਰ ਨਿਆਲਾਇਦ, ਹਮਹ ਰਾ ਅਫਰਾਜ਼ ਆਵੁਰਦਹ ਬਗੁਰੂ ਰਸਾਨਦ।....ਵਾ ਦਰ ਮਾਹੇ ਬੈਸਾਖ ਕਿ ਨੈਯੱਰੇ ਆਜ਼ਮ ਦਰ ਸੌਰ ਬਾਸ਼ਦ, ਮਸੰਦਾਂ ਬਦਰਗਾਹੇ ਗੁਰੂ ਗਿਰਦ ਆਇੰਦ ਵਾ ਅਜ਼ ਮੇਲੀਆਨੇ ਏਸ਼ਾਂ ਹਰ ਕਸ ਖ਼ਾਹਦ ਵਾ ਕਾਦਰ ਬਰ ਰਫ਼ਤਨ ਬਾਸ਼ਦ ਬਾ ਮਸੰਦ ਨਿਜ਼ਦੇ ਗੁਰੂ ਸ਼ਵਦ ਵਾ ਹੰਗਾਮੇ ਰੁਖ਼ਸਤ ਹਰ ਕੁਦਾਮੇ ਅਜ਼ ਮਸੰਦਾਂ ਰਾ ਗੁਰੂ ਦਸਤਾਰੇ ਇਨਾਇਤ ਕੁਨੱਦ। (ਮਾਖ਼ਜ਼ੇ ਤਵਾਰੀਖ਼ੇ ਸਿੱਖਾਂ, ਸਫ਼ਾ 34-35)

ਦੂਜੇ ਸ਼ਬਦਾਂ ਵਿਚ ਲੋਕ ਉਸ ਮਸੰਦ ਦੀ ਮਾਰਫ਼ਤ ਗੁਰੂ ਦੇ ਸਿੱਖ ਬਨਣ ਲਗੇ। ਜਿਸ ਵੱਡੇ ਮਸੰਦ ਰਾਹੀਂ ਅਨਗਿਣਤ ਲੋਕ ਸਿੱਖ ਬਣਦੇ, ਉਹ ਮਸੰਦ ਆਪਣੀ ਵਲੋਂ ਆਪਣੇ ਨਾਇਬ ਯਾ ਸਹਾਇਕ ਨੀਅਤ ਕਰਦਾ ਸੀ ਤਾਂਕਿ ਹਰ ਥਾਂ ਅਤੇ ਹਰ ਮਹਾਲ (ਪਰਗਨੇ) ਵਿਚ ਉਸ ਮਸੰਦ ਦੇ ਗੁਮਾਸ਼ਤੇ (ਸਹਾਇਕ) ਰਾਹੀਂ, ਉਸ ਮਸੰਦ ਦੇ ਮੇਲੀ ਹੋ ਕੇ ਲੋਕ ਗੁਰੂ ਦੇ ਸਿੱਖ ਬਨਣ। ਉਹਨਾਂ (ਸਿੱਖਾਂ) ਇਹ ਨਿਯਮ ਬਣਾਇਆ ਹੈ ਕਿ ਉਹਨਾਂ ਵਿਚੋਂ ਕੋਈ ਸੰਸਾਰ-

---

*ਭਾਵ ਬਾਬਾ ਗੁਰਦਿੱਤਾ ਜੀ ਹਜ਼ੂਰ ਦੇ ਜੇਠੇ ਸਾਹਿਬਜ਼ਾਦੇ ਤੋਂ ਹੈ। —ਸੰਪਾਦਕ

ਤਿਆਗੀ ਉਦਾਸੀ ਨਾ ਬਣੇ। ਇਸ ਲਈ ਬਾਜ਼ੇ ਗੁਰ ਸਿੱਖ ਖੇਤੀਬਾੜੀ ਕਰਦੇ ਹਨ, ਕਈਆਂ ਦਾ ਝੁਕਾ ਸੌਦਾਗਰੀ ਤੇ ਨੌਕਰੀ ਵਲ ਹੈ। ਹਰ ਕੋਈ ਆਪਣੀ ਸਾਲ ਦੀ ਖੱਟੀ ਕਮਾਈ ਵਿਚੋਂ ਆਪਣੀ ਤੌਫ਼ੀਕ ਮੁਜਬ ਮਸੰਦ ਨੂੰ ਕਾਰ ਭੇਟ ਦਿੰਦਾ ਹੈ। ਮਸੰਦ ਉਸ ਨੂੰ ਹੱਥ ਨਹੀਂ ਲਾਉਂਦਾ, ਜੇ ਇਸ ਕੰਮ ਤੋਂ ਬਿਨਾਂ ਮਸੰਦ ਦੀ ਰੋਜ਼ੀ ਦਾ ਹੋਰ ਕੋਈ ਸਾਧਨ ਨਾ ਹੋਵੇ ਤਾਂ ਗੁਰੂ ਦੀ ਸਰਕਾਰੇ ਪਹੁੰਚਾਉਣ ਲਈ ਆਈ ਕਾਰ ਭੇਟ ਵਿਚੋਂ ਉਹ ਆਪਣੇ ਉਪਰ ਕੁਝ ਖਰਚ ਕਰ ਲੈਂਦਾ ਹੈ। ਹਾਂ ਜੇ ਉਹ ਕੋਈ ਕਿੱਤਾ ਕਰਦਾ ਹੋਵੇ ਤਾਂ ਉਹ ਤਿੰਨ-ਕਾਲ ਪੂਜਾ ਦੇ ਧਾਨ ਨਾਲ ਆਪਣਾ ਤਨ ਮੈਲਾ ਨਹੀਂ ਕਰਦਾ। ਸਭ ਕੁਝ ਇਕੱਤਰ ਕਰਕੇ ਗੁਰੂ ਦੇ ਹਜ਼ੂਰ ਭਿਜਵਾ ਦਿੰਦਾ ਹੈ। ਵਿਸਾਖ ਮਹੀਨੇ ਜਦ ਸੂਰਜ ਭਗਵਾਨ ਬ੍ਰਿਖ ਰਾਸ਼ੀ (ਸੌਰ ਬੁਰਜ) ਵਿਚ ਹੁੰਦਾ ਹੈ, ਮਸੰਦ ਗੁਰੂ ਦੀ ਦਰਗਾਹ ਵਿਚ ਹਾਜ਼ਰ ਹੁੰਦੇ ਹਨ। ਆਪਣੇ ਮੇਲੀਆਂ ਵਿਚੋਂ ਉਹਨਾਂ ਨੂੰ ਜੋ ਉਥੇ ਪੁਜਣ ਦੇ ਸਮਰੱਥ ਹੋਣ, ਨਾਲ ਲੈ ਕੇ ਆਉਂਦੇ ਹਨ। ਵਿਦੈਗੀ ਸਮੇਂ ਗੁਰੂ ਸਾਹਿਬ ਹਰ ਮਸੰਦ ਨੂੰ ਦਸਤਾਰ ਬਖ਼ਸ਼ਦੇ ਹਨ।

ਪਹਿਲੇ ਪਹਿਲ ਮਸੰਦ ਦਾ ਸਿੱਖਾਂ ਨਾਲ ਰਿਸ਼ਤਾ ਮੇਲੀ ਜਾਂ ਸਹਿਲੰਗ ਵਾਲਾ ਰਿਹਾ ਅਤੇ ਸਿੱਖ ਗੁਰੂ ਦੇ ਸਿੱਖ ਹੀ ਸਮਝੇ ਜਾਂਦੇ ਸਨ ਤੇ ਜਿਥੇ ਮਸੰਦ ਨਾ ਹੋਣ, ਉਥੇ ਦੀ ਸੰਗਤ ਗੁਰੂ ਦਾ ਖਾਲਸਾ ਕਹਾਉਂਦੀ ਸੀ। ਜਿਹਾ ਕਿ ਛੇਵੇਂ ਪਾਤਸ਼ਾਹ ਦੇ ਉਪਰੋਕਤ ਹੁਕਮਨਾਮੇ ਤੋਂ ਜ਼ਾਹਰ ਹੈ। ਉਹਨਾਂ ਵਲੋਂ ਇਹ ਵੀ ਚੇਤਾਵਨੀ ਹੈ। 'ਇੱਕ ਦਾਸੀ' ਇਕ ਦੇ ਦਾਸ, ਭਾਵ ਗੁਰੂ ਦੇ ਦਾਸ ਹੋ ਕੇ ਰਹਿਣਾ, ਹੋਰ ਕਿਸੇ ਨੂੰ ਗੁਰੂ ਨਹੀਂ ਮੰਨਣਾ। ਸਮਾਂ ਪਾ ਕੇ ਮਸੰਦ ਆਪਣੇ ਆਪਨੂੰ ਗੁਰੂ ਅਖਵਾਉਣ ਲੱਗ ਪਏ ਤੇ ਕਾਰ ਭੇਟ ਉਗਰਾਹ ਕੇ ਖਾਣ ਲੱਗ ਪਏ। ਹਜ਼ੂਰ ਦਸਮੇਸ਼ ਗੁਰੂ ਮਸੰਦਾਂ ਹੱਥੋਂ ਬਾਬਾ ਰਾਮ ਰਾਏ ਦੀ ਮੌਤ ਹੋਈ ਸੁਣ ਕੇ ਦੁਖੀ ਹੋਏ। ਉਹਨਾਂ ਬਾਬਾ ਜੀ ਦੀ ਪਤਨੀ ਪੰਜਾਬ ਕੌਰ ਦੇ ਸੱਦੇ ਉਤੇ ਦੇਹਰਾਦੂਨ ਜਾ ਕੇ ਰਾਮ ਰਾਈਏ ਮਸੰਦਾਂ ਦੀ ਸੋਧ ਕੀਤੀ। ਹੁਣ ਆਪਣੀ ਸੰਗਤਿ ਦੀ ਦੁਰਗਤੀ ਮਸੰਦਾਂ ਦੇ ਹੱਥੋਂ ਹੋ ਰਹੀ ਤਕ ਕੇ ਆਪ ਹੋਰ ਵੀ ਚਿੰਤਾਤੁਰ ਹੋਏ। ਦੂਜੇ ਪਾਸੇ ਅਨੰਦਪੁਰ ਆਉਂਦੀ ਸੰਗਤਿ ਨੂੰ ਰਾਹ ਵਿਚ ਰੰਘੜ ਤੇ ਗੁੱਜਰ ਲੁੱਟ ਲੈਂਦੇ, ਭਾਵੇਂ ਬੀਬੀ ਦੀਪ ਕੌਰ ਵਰਗੀਆਂ ਵਿਰਾਂਗਣਾ ਇਹਨਾਂ ਦਾ ਟਾਕਰਾ ਵੀ ਕਰ ਸਕਦੀਆਂ ਸਨ। ਤੀਜੇ ਬੰਨੇ ਉਹਨਾਂ ਦੇ ਸਾਹਮਣੇ ਦਿੱਲੀ ਦੀ ਸੰਗਤਿ ਵਲੋਂ ਗੁਰੂ ਤੇਗ ਬਹਾਦਰ ਸਾਹਿਬ ਦੇ ਸੰਸਕਾਰ ਵਲੋਂ ਹਕੂਮਤ ਦੇ ਆਤੰਕ ਅਧੀਨ ਦਿਖਾਈ ਗਈ ਅਣਗਹਿਲੀ ਸੀ, ਚੌਥੀ ਗੱਲ ਸੀ ਕਿ ਕੋਈ ਐਸਾ ਚਿੰਨ ਆਤਮਕ ਬਾਣਾ ਹੋਵੇ ਜੋ ਅਜਿਹੇ ਅਤੇ ਜੋਗਾ ਸਿੰਘ ਵਰਗੇ ਡੋਲਦੇ ਸਿੱਖਾਂ ਨੂੰ ਸਮੇਂ ਸਮੇਂ ਸਿਰ ਸੁਚੇਤ ਕਰਕੇ ਉਹਨਾਂ ਦੀ ਆਣ ਅਣਖ ਜਗਾ ਸਕੇ।

ਕੋਈ ਤੇਈ ਸਾਢੇ ਤੇਈ ਸਾਲ (11 ਨਵੰਬਰ 1675 ਤੋਂ 29 ਮਾਰਚ 1699 ਤਕ) ਹਜ਼ੂਰ ਸੰਤ ਸਿਪਾਹੀਆਂ ਦੀ ਉਹ ਕੌਮ ਸਾਜਣ ਦੀ ਡੌਲ ਸੋਚਦੇ ਰਹੇ ਜਿਸ ਦੀ ਭਵਿਸ਼ ਬਾਣੀ ਸੁਰਗਵਾਸੀ ਸਈਦ ਪ੍ਰਿਥੀਪਾਲ ਸਿੰਘ ਅਨੁਸਾਰ ਕੁਰਾਨ ਸ਼ਰੀਫ਼ ਦੇ ਸਿਪਾਰਹ 6, ਸੂਰਾਤੁ ਮਾਇਦਹ, ਰਕੂਅ 8 ਵਿਚ ਇਉਂ ਕੀਤੀ ਗਈ ਹੈ 'ਐ ਮੁਹੰਮਦ ਮੇਰਾ ਇਹੋ ਪੈਗਾਮ ਈਮਾਨ ਵਾਲੇ ਲੋਕਾਂ ਨੂੰ ਦੇ ਦੇ ਕਿ ਜਦ ਦੀਨ ਵਾਲੇ ਲੋਕ ਦੀਨ ਤੋਂ ਪਤਨ ਹੋ ਜਾਣਗੇ ਤਾਂ ਉਸ ਵੇਲੇ ਮੈਂ ਇਕ ਅਜ਼ੀਮ ਕੌਮ ਨੂੰ ਦੁਨੀਆਂ ਅੰਦਰ ਲਿਆਵਾਂਗਾ, ਜਿਸ ਦੀ ਇੱਜ਼ਤ ਕਾਫ਼ਰ ਵੀ ਕਰਨਗੇ ਤੇ ਮੋਮਨ ਵੀ। ਉਹ ਕੌਮ ਜ਼ੁਲਮ ਨੂੰ ਦੂਰ ਕਰਨ ਲਈ ਮੇਰੇ ਮਾਰਗ ਵਿਚ ਆਪਣੀ ਜਾਨ ਵੀ ਕੁਰਬਾਨ ਕਰ ਦੇਵੇਗੀ।'

ਖ਼ਾਲਸੇ ਦੀ ਤਸਵੀਰ ਨੂੰ ਨੌਂ ਬੁਰਸ਼ ਚਿੱਤਰ ਚੁੱਕੇ ਸਨ ਤੇ ਇਹ ਇਲਾਹੀ ਚਿਤ੍ਰ-ਦਸਵੇਂ ਚਿੱਤਰਕਾਰ ਦੇ ਬੁਰਸ਼ ਦੀ ਅੰਤਮ ਛੋਹ ਉਡੀਕ ਰਿਹਾ ਸੀ। ਮਹਾਨ ਚਿੱਤ੍ਰਕਾਰ ਦੀ ਲੰਮੀ ਦੀਰਘ ਅਤੇ ਡੂੰਘੀ ਸੋਚ ਦੀਆਂ ਤੰਦਾਂ ਹਾਲੇ ਸੁਲਝ ਹੀ ਰਹੇ ਸਨ। ਚਰਨ ਪਾਹੁਲ ਦੇ ਥਾਂ ਖੰਡੇ ਦੀ ਪਾਹੁਲ ਹੋਵੇ ਤਾਂ ਕਿ ਨਵੀਂ ਕੌਮ ਵਿਚੋਂ ਦਾਸਤਾ ਦੀ ਭਾਵਨਾ ਬਿਲਕੁਲ ਉਡ ਜਾਏ। ਇਸ ਖੰਡੇ ਦੀ ਵੇਲਾ ਵਿਚ ਖੰਡਾ ਹੀ ਕੌਮ ਦੀ ਫੁਲਵਾੜੀ ਦੀ ਰਾਖੀ ਲਈ ਵਾੜ ਬਣ ਸਕਦਾ ਹੈ। ਇਹੀ ਸੰਤਾਂ ਨੂੰ ਸੁਖ ਦੇ ਸਕਦਾ ਹੈ, ਦੁਰਮਤਿ ਵਿਚੋਂ ਉਪਜੀਆਂ ਕੁਰੀਤੀਆਂ, ਕੁਕਰਮਾਂ, ਕਲੇਸ਼ਾਂ ਨੂੰ ਨਾਸ਼ ਕਰਨ ਦੇ ਸਮਰੱਥ ਹੈ। ਇਹਦੀ ਜੈ ਬੋਲਣ ਵਾਲਾ ਇਹਤੋਂ ਜਿੱਤ ਪ੍ਰਾਪਤ ਕਰ ਸਕੇਗਾ।

'ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰਮੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾਂ ਕਰਣੰ ਦੁਰਮਤਿ ਦਰਣੰ ਕਿਲ ਬਿਖ ਹਰਣੰ, ਅਸ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸ਼ਟ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ ॥੨॥

ਉਹ ਕੌਮ ਕੁਲ ਨਾਸ਼, ਕਰਮ ਨਾਸ਼ 'ਤੇ ਕਿਰਤ ਨਾਸ਼ ਹੋਵੇ ਤਾਂਕਿ ਉਚ-ਨੀਚ, ਅਮੀਰ-ਗਰੀਬ, ਰੰਗ-ਨਸਲ, ਕਿੱਤੇ-ਕਸਬ ਕਮਾਮ ਦੀ ਹੀਣਤਾ ਦਾ ਭੇਦ ਭਾਵ ਦੂਰ ਹੋ ਜਾਏ। ਕੌਮ ਦੀ ਅਮਰਤਾ, ਸਤਯਤਾ, ਅਡੋਲਤਾ ਅਤੇ ਜ਼ਿੰਮੇਵਾਰੀ ਦੇ ਦਾਇਮੀ ਅਹਿਸਾਸ ਲਈ ਇਹ ਜ਼ਰੂਰੀ ਹੈ ਕਿ ਬਾਣੀ ਨਾਲ ਬਾਣਾ ਵੀ ਨੀਯਤ ਹੋਵੇ।* ਗੁਰੂ ਬਿਰਦ ਦੀ ਪੈਜ ਰੱਖਦਾ ਹੈ, ਸਿੱਖ ਬਾਣੇ ਦੀ ਲਾਜ ਪਾਲਣਗੇ। ਰਹਿਤ ਮਰਯਾਦਾ ਦੀ ਪਾਲਣਾ ਹੀ ਕਿਸੇ ਕੌਮ ਦਾ ਇਖ਼ਲਾਕ ਤੇ ਕਿਰਦਾਰ ਉੱਚਾ ਕਰ ਸਕਦੀ ਹੈ। ਕਿਉਂਕਿ

'ਦਾਗੋ ਹੋਇ ਸੁ ਰਣ ਮਹਿ ਜੂਝੇ ਬਿਨ ਦਾਗੇ ਭਗ ਜਾਈ।'

ਗੁਰੂ ਨਾਨਕ ਸਾਹਿਬ ਨੇ ਆਪਣੇ ਮਾਰਗ 'ਤੇ ਤੋਰਣ ਲਈ ਮਨੁੱਖ ਨੂੰ ਅਕਾਲ ਮੂਰਤਿ ਵਾਹਿਗੁਰੂ ਦਾ ਸਰੂਪ ਅਤੇ ਕਰਤਾਰੀ ਸ਼ਕਤੀਆਂ ਦਾ ਮਾਲਕ ਬਣਨ ਲਈ ਸਤਿਗੁਰ ਪ੍ਰਸਾਦਿ ਦਾ ਰਾਹ ਦੱਸਿਆ ਸੀ। ਇਸ ਰਾਹੇ ਤੁਰਦਿਆਂ ਗੁਰੂ ਦਾ ਖ਼ਾਲਸਾ ਆਪਣੀ ਮੰਜ਼ਲ ਤੇ ਪੁੱਜ ਗਿਆ ਹੈ। ਜਪੁਜੀ ਦੇ ਪੰਜਵੇਂ ਖੰਡ, ਸਚਖੰਡ ਦੇ ਦਰਵਾਜ਼ੇ ਤੇ ਪੁੱਜ ਗਿਆ ਹੈ, ਤੇ ਹੁਣ ਉਹ ਵਾਹਿਗੁਰੂ ਦੇ ਸਨਮੁਖ ਹੋ ਕੇ 'ਵਾਹਿਗੁਰੂ ਜੀ ਕਾ ਖ਼ਾਲਸਾ' ਬਣ ਗਿਆ ਹੈ। ਹੁਣ

---

* ਕਨਿੰਘਮ ਦੇ ਸ਼ਬਦਾਂ ਵਿਚ ਗੁਰੂ ਸਾਹਿਬ ਐਸੇ ਪ੍ਰਬੀਨ ਫਿਲਾਸਫਰ ਸਨ, ਜੋ ਲੋਕਾਂ ਦੀ ਸੋਚ ਨੂੰ ਸੁਚੱਜੇ ਪਾਸੇ ਢਾਲ ਸਕਦੇ ਸਨ। ਡਾ. ਗੋਕਲ ਚੰਦ ਨਾਰੰਗ ਅਨੁਸਾਰ ਉਹਨਾਂ ਨੂੰ ਚਿੰਨ੍ਹਾਂ ਦੀ ਤੇ ਬਾਹਰਲੀ ਵਜ਼ਾਦਾਰੀ ਦੀ ਸਮਰੱਥਾ ਦਾ ਗਿਆਨ ਸੀ, ਉਹ ਜਾਣਦੇ ਸਨ ਕਿ ਮਨੁੱਖ ਆਪਣੇ ਬਾਹਰੀ ਰੂਪ ਦੀ ਤਬਦੀਲੀ ਤੋਂ ਕਿਵੇਂ ਪ੍ਰੇਰਨਾ ਲੈ ਸਕਦਾ ਹੈ:-

"The Guru was a philosopher" says Cunningham" and understood fully how the imagination of man could be wrought upon. He thoroughly realised the hypnotising power of certain external forms and symbols and knew what an inspiration men often received from a change in their outward appearance. This is the secret of the power of pledges and austerities.

{Transformation of Sikhism}

ਗੁਰਿਆਈ ਦੇ ਮਨੁੱਖੀ ਜਾਮੇ ਵਿਚੋਂ ਨਿਕਲ ਕੇ ਗੁਰਬਾਣੀ ਵਿਚ ਸਮਾਉਣ ਦਾ ਸਮਾਂ ਆ ਗਿਆ ਹੈ। ਕੁਝ ਇਹਨਾਂ ਲੀਹਾਂ ਉਤੇ ਬੁਰਸ਼ ਦੀ ਅੰਤਮ ਛੋਹ ਦੇਣ ਲਈ ਚਿੱਤਰਕਾਰ ਨੇ ਬੁਰਸ਼ ਚੁੱਕਿਆ ਅਤੇ ਥਾਂ ਥਾਂ ਈਸ਼ਵਰੀ ਗੁਣਾਂ ਦੀਆਂ ਕੁਝ ਪੰਜ ਰੰਗੀਆਂ ਲੀਕਾਂ ਵਾਹੀਆਂ, ਇਸ ਪੂਰਨ ਮਨੁੱਖਤਾ ਦੇ ਚਿੱਤਰ ਨੂੰ ਸੰਪੂਰਨਤਾ ਦੇਣ ਲਈ:-

(1) ਦਯਾਲੰ ਸਰੂਪੇ ਦੀ ਦਯਾ।

(2) ਧਰਮੰ ਧੁਜਾ ਦਾ ਧਰਮ।

(3) ਆਪਣੀ ਜਿੱਤ ਦੇ ਨਿਸ਼ਚੇ ਦੀ ਦ੍ਰਿੜਤਾ-ਮੋਹਕਮਤਾ।

(4) ਰਣ ਵਿਚ ਜਰਵਾਣੇ ਦਾ ਟਾਕਰਾ ਕਰਨ ਦੀ ਹਿੰਮਤ।

(5) ਲੋਕ ਪਰਲੋਕ ਦੀ ਸਾਹਿਬੀ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪੰਜਾਂ ਸਿੱਖਾਂ ਦੀ ਤਲਵਾਰ ਨਾਲ ਪਰਖ ਕੀਤੀ ਅਤੇ ਪੂਰ ਭਾਂਡੇ ਤੱਕ ਕੇ ਉਨ੍ਹਾਂ ਨੂੰ ਸਰਬ ਲੋਹ ਦੇ ਬਾਟੇ ਵਿਚ ਮਨੁੱਖਤਾ ਦੀ ਅਮਰਤਾ ਦੇ ਪਾਣੀ ਵਿਚ ਖੰਡੇ ਅਤੇ ਬਾਣੀ ਰਾਹੀਂ ਆਪਾ ਘੋਲ ਕੇ ਛਕਾ ਦਿੱਤਾ, ਉਹਨਾਂ ਨੂੰ ਆਪਣਾ ਖ਼ਾਸ ਰੂਪ ਪ੍ਰਦਾਨ ਕਰ ਦਿੱਤਾ। ਇਉਂ ਖ਼ਾਲਸੇ ਵਿਚ ਗੁਰੂ ਵਾਹਿਗੁਰੂ ਦਾ ਸਰੂਪ ਪ੍ਰਵੇਸ਼ ਕਰ ਗਿਆ:

'ਖ਼ਾਲਸਾ ਮੇਰੋ ਰੂਪ ਹੈ ਖ਼ਾਸ,
ਖ਼ਾਲਸੇ ਮੇਂ ਹਉਂ ਕਰਉ ਨਿਵਾਸ॥'

ਗੁਰੂ ਸਾਹਿਬ ਨੇ ਪੰਜ ਕਕਾਰ ਬਖ਼ਸ਼ੇ, ਕੜਾ, ਕ੍ਰਿਪਾਨ, ਕੰਘਾ, ਕੱਛਾ ਤੇ ਕੇਸ਼। ਕੁੱਠਾ ਖਾਣਾ, ਹਜਾਮਤ ਕਰਨੀ, ਹੁੱਕਾ ਪੀਣਾ, ਦਾੜ੍ਹੀ ਨੂੰ ਖ਼ਜ਼ਾਬ ਨਾਲ ਰੰਗਣਾ, ਪਰ ਇਸਤਰੀ ਗਮਨ ਆਦਿ ਕੁਰਹਿਤਾਂ ਦੱਸੀਆਂ। ਸਰਬ ਲੋਹ ਗ੍ਰੰਥ ਅਨੁਸਾਰ:-

'ਨਿਸ਼ਾਨੇ ਸਿਖੀ ਅਸਤ ਈ ਪੰਜ ਹਰਫਿ ਕਾਫ਼॥
ਹਰਗਿਜ਼ ਨ ਬਾਸ਼ਦ ਈਂ ਅਜ਼ੀਂ ਪੰਜ ਮੁਆਫ਼॥
ਕੜਾ ਕਾਰਦੋ ਕਛ ਕੰਘਾ ਬਦਾਂ॥
ਬਿਲਾ ਕੇਸ਼ ਹੇਚਸ ਅਸਤ ਜੁਮਲਾ ਨਿਸ਼ਾਂ॥
ਹਰ.ਫਹਾ ਇਕਾਈਸਤ ਅਜ਼ੀਂ ਪੰਜ ਕਾਫ਼॥
ਬਦਾਨੇਦ ਬਾਵਰ, ਨ ਗੋਇਮ ਖ਼ਿਲਾਫ਼॥
ਹਲਾਲੋ ਹਜਾਮਤ ਵ ਹੁੱਕਾ ਹਰਾਮ।
ਵਾ ਰੀਸ਼ੇ ਹਿਨਾ ਕਰਦਨ ਸਿਆਹ ਫਾਮ।

ਸਭ ਤੋਂ ਵੱਡੀ ਤੇ ਮੁਖ ਰਹਿਤ ਹੈ ਨਖਾਲਸ—ਅਸਲੀ ਖਾਲਸੇ ਦੀ, ਜਾਗਦੀ ਜੋਤਿ ਵਾਹਿਗੁਰੂ ਨੂੰ ਜਪਣਾ:

ਜਾਗਤਿ ਜੋਤ ਜਪੈ ਨਿਸ ਬਾਸਰ ਏਕ ਬਿਨਾ ਮਨ ਨੈਕ ਨਾ ਆਨੈ।
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਟ ਭੂਲ ਨਾ ਮਾਨੈ॥
ਤੀਰਥ ਦਾਨ੍ਹ ਦਯਾ ਤਪ ਸੰਜਮ ਏਕ ਬਿਨਾ ਨਹ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥

ਪਹਾੜੀ ਰਾਜਿਆਂ ਦੇ, ਅਖੌਤੀ ਕਾਂਦੂ ਕਮੀਨਾਂ 'ਚੋਂ ਸਜੇ ਸਿੰਘਾਂ ਦੇ ਸੰਤ ਸਿਪਾਹੀ ਬਣਨ 'ਤੇ ਕਿੰਤੂ ਕਰਨ ਅਤੇ ਆਪਣੇ ਆਪ ਨੂੰ ਇਹਨਾਂ ਚਿੜੀਆਂ ਦੇ ਮੁਕਾਬਲੇ ਤੇ ਝਪਟਣ

ਵਾਲੇ ਬਾਜ਼ ਦੱਸਣ ਉਤੇ ਹਜ਼ੂਰ ਨੇ ਕਵੀ ਸੰਤੋਖ ਸਿੰਘ ਦੇ ਸ਼ਬਦਾਂ ਵਿਚ ਫਰਮਾਇਆ, ਰਾਮ ਚੰਦਰ ਜੀ ਦੁਆਰਾ ਬਾਨਰਾਂ ਨੂੰ ਸੈਨਿਕ ਸਾਜਨ ਦਾ ਦ੍ਰਿਸ਼ਟਾਂਤ ਦੇ ਕੇ:-

ਸੁਨ ਰਾਜਨ ਤੇ ਪ੍ਰਭੁ ਬਤਾਵਹਿਂ।
"ਹਮ ਚਿਰੀਅਨ ਤੇ ਬਾਜ਼ ਤੁਰਾਵਹਿਂ।
ਜਿਮ ਸ੍ਰੀ ਰਾਮ ਚੰਦ ਜਗ ਹੋਇ।
ਕਥਾ ਲਖਹਿ ਤਿਨ ਕੀ ਸਭ ਕੋਇ॥੩੪॥
ਬਨਚਰ ਬਾਨਰ ਕਿਆ ਤੁਛ ਜਾਤੀ
ਸੋ ਬਟੋਰ ਕਰਿ ਅਧਿਕ ਜਮਾਤੀ।
ਤੀਨ ਲੋਕ ਪਤਿ ਰਾਵਨ ਭਾਰੇ।
ਜਿਸ ਤੇ ਸਰਬ ਸੁਰਾਸੁਰ ਹਾਰੇ॥੩੫॥
ਤਿਨ ਬਾਨਰ ਤੇ ਨਾਸ਼ ਕਰਾਯੋ।
ਬਿਨਾ ਬਿਲਮ ਦਲ ਯੁਕਤ ਖਪਾਯੋ।
ਤਿਮ ਹਮ ਧਰ ਰੰਕਨ ਸਿਰ ਹਾਥਾ।
ਪਾਹਲੁ ਦੇਹਿਂ ਤੇਜ ਕੇ ਸਾਥਾ॥੩੬॥
ਸ਼ਸਤ੍ਰ ਗਹਾਇ ਅਨੇਕ ਪਰਕਾਰਾ।
ਦੇਂ ਉਤਸ਼ਾਹ ਜੰਗ ਕੋ ਭਾਰਾ।
ਅਬ ਅਵਨੀਪਤਿ ਤੁਰਕ ਬਡੇਰਾ।
ਤਿਸ ਕੇ ਸੰਗ ਬਧਾਵੈ ਬੈਰਾ॥੩੭॥
ਲਰਹਿਂ ਮਰਹਿਂ ਮਾਰਹਿਂ ਤੁਰਕਾਨੇ।
ਕੇਤਕ ਬਾਸਰ ਮਹਿਂ ਕਰ ਹਾਨੈ।
ਵਧਹਿ ਖਾਲਸਾ ਪਾਵਹਿ ਰਾਜੂ।
ਹੋਇ ਅਵਨੀਸ਼ਨਿ ਕੇਰ ਸਮਾਜੂ॥੩੮॥
ਜੇ ਅਬ ਮਰਦ ਗਰਦ ਮਿਲਜੈ ਹੈਂ।
ਸਿੰਘ ਸੂਰਮੇ ਜਗ ਬਿਦਤੈ ਹੈਂ।
ਤੁਕ ਵੀ ਤਿੰਨ ਕੇ ਬਨਹੁ ਅਧੀਨ।
ਜੇ ਨ ਬਨਹੁ ਅਵਨੀ ਲੇਂ ਛੀਨ॥੩੯॥
ਭੀਮ ਚੰਦ ਆਦਿਕ ਸੁਨ ਕਰ ਕੈ।
ਸਹਿ ਨ ਸਕਹਿ ਕਛ ਰਿਸ ਉਰਧਰਕੈ।
'ਕਹਤ ਭਯੇ, ਹਮ ਤੋ ਨਹਿ ਮਾਨੈਂ।
ਬੇਸੁ ਸੁ ਕੇਸ ਕਾਛ ਨ ਠਾਨੈਂ॥੪੦॥
ਆਗੈ ਜਿਮ ਜਾਨਹੁ ਤੁਮ ਕਰਹੁ।
ਚਤੁਰ ਬਰਨ ਪਰ ਨਿਜ ਕਰ ਧਰਹੁ।'
ਸੁਨਿ ਕਰ ਗੁਰ ਬੋਲੇ ਤਿਸ ਕਾਲਾ,
'ਤੁਮਹਿ ਰਾਜ ਕੋ ਮਦ, ਗਿਰ ਪਾਲਾ॥੪੧॥

ਸਿਖ ਜੇ ਬਨਤ, ਰਾਜ ਵਧ ਜਾਤੇ।
ਬਲਿ ਕਰਿ ਲੀਨ, ਕਹਿਤ ਗਰਬਾਤੇ।
ਦਯੋ ਗੁਰੂ ਕੋ ਜਾਨਤ ਨਾਂਹੀ।
ਰਾਜ ਪ੍ਰਸ਼ਤ ਕੋ ਮਦ ਮਨ ਮਾਂਹੀ॥੪੨॥
ਚਾਰਹੁੰ ਬਰਨ ਰੰਗ ਜੁ ਲੈ ਹੈਂ।
ਸਭ ਬਿਧਿ ਕੋ ਸਮਾਜ ਬਿਰਧੇ ਹੈਂ।
ਜਾਨੈਂ ਕਹੈਂ, "ਗੁਰੁ ਇਹ ਦੀਨੋ।
ਗੁਰ ਪ੍ਰਤਾਪ ਬਲ ਤੇ ਹਮ ਲੀਨੋ॥੪੩॥
ਜਬ ਦੀਨਨਿ ਰਾਜ ਕਰਾਊਂ।
ਦੀਨਬੰਧੁ ਗੁਰ ਤਦਿਨ ਕਹਾਊਂ।
ਰੰਕਨ ਕੇ ਸਰਿ ਪਰ ਧਾਰੌਂ।
ਸ੍ਰੀ ਅਸਿਕੇਤੁ ਚਰਨ ਪਰ ਡਾਰੌਂ॥੪੪॥ ਸੂਰਜ ਪ੍ਰਕਾਸ: ਰੁਤ-੩, ਅਸ੍ਰੂ-੧੩

ਸਤਿਗੁਰਾਂ ਦੇ ਇਸ ਸਪਸ਼ਟੀਕਰਨ ਨਾਲ ਰਾਜਿਆਂ ਦਾ ਤੌਖਲਾ ਹੋਰ ਵਧ ਗਿਆ। ਉਹਨਾਂ ਸਤਿਗੁਰਾਂ ਵਿਰੁਧ ਜਿਥੇ ਜੰਗੀ ਹਮਲੇ ਤੇਜ਼ ਕਰ ਦਿੱਤੇ, ਉਥੇ ਸਿੰਘਾਂ ਅੰਦਰ ਪੰਡਤਾਂ ਪ੍ਰੋਹਤਾਂ ਰਾਹੀਂ ਕਈ ਪਰਕਾਰ ਦੀਆਂ ਗਲਤ ਫਹਿਮੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਪ੍ਰੋਹਤਾਂ ਨੇ ਆਮ ਰਿਵਾਜ਼ ਅਨੁਸਾਰ ਪਿਉ ਦੇ ਮਰਨ ਉਤੇ ਸਿਰ ਮਨਾਉਣ ਲਈ ਸਿੱਖ ਪੁੱਤਰਾਂ ਨੂੰ ਮਜਬੂਰ ਕੀਤਾ। ਜਿਹਨਾਂ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ, ਉਹਨਾਂ ਨੂੰ ਬਰਾਦਰੀ ਵਿਚੋਂ ਛੇਕ ਦਿੱਤਾ ਗਿਆ। ਕਵੀ ਸੈਨਾਪਤੀ ਕਰਤਾ 'ਗੁਰ ਸੋਭਾ' ਅਨੁਸਾਰ ਦਿੱਲੀ ਦੀ ਸੰਗਤ ਨੇ ਜਦ ਇਹ ਦੁਖ ਸਤਿਗੁਰਾਂ ਨੂੰ ਦੱਸਿਆ ਤਾਂ ਹਜ਼ੂਰ ਨੇ ਤਾਕੀਦ ਕੀਤੀ ਕਿ ਕੇਸ ਸਿੱਖ ਰਹਿਤ ਮਰਯਾਦਾ ਦਾ ਧੁਰਾ ਹੈ ਕੇਸ਼ਾਂ ਤੋਂ ਬਿਨਾਂ ਬਾਕੀ ਚਾਰ, ਕੱਕਾਰ ਵਿਅਰਥ ਹਨ। ਇਹ ਕੋਈ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਨਵੀਂ ਕਾਢ ਨਹੀਂ ਸੀ। ਕੇਸਾਂ ਨਾਲ ਜਟਾਂ ਜੂਟ, ਸਾਬਤ ਸੂਰਤਿ ਰਹਿ ਕੇ ਹੀ ਸਿੱਖੀ ਮਾਰਗ 'ਤੇ ਤੁਰਿਆ ਜਾ ਸਕਦਾ ਸੀ, ਸੱਤਵੇਂ ਪਾਤਸ਼ਾਹ ਜੀ ਨੇ ਸ਼ਹੀਦ ਹਕੀਕਤ ਰਾਏ ਦੇ ਦਾਦਾ ਨੰਦ ਲਾਲ ਪੁਰੀ ਖੱਤਰੀ ਨੂੰ ਗਲੋਟੀਆਂ ਖ਼ੁਰਦ ਵਿਖੇ ਉਪਦੇਸ਼ ਦਿੱਤਾ ਸੀ, 'ਇਕ ਕੇਸ ਨਾ ਕਟਾਉਣੇ, ਦੂਸਰੇ ਤੰਬਾਕੂ ਨਾ ਪੀਣਾ, ਤੀਜੇ ਟੋਪੀ ਨਾ ਪਹਿਨਣੀ, (ਪੰਜਾਬ ਦੀਆਂ ਵਾਰਾਂ, ਕਿਰਤ ਡਾ. ਗੰਡਾ ਸਿੰਘ) ਦਸਵੇਂ ਪਾਤਸ਼ਾਹ ਨੇ ਕੇਸਾਂ ਦੀ ਇਸ ਮਹਾਨਤਾ ਨੂੰ ਮੁੱਖ ਰਖਦਿਆਂ ਕੇਸਾਂ ਨੂੰ ਮੁੱਖ ਕਕਾਰ ਤੇ ਸਿੱਖੀ ਰਹਿਤ ਦੀ ਨੀਂਹ ਕਰਾਰ ਦੇਂਦਿਆਂ, ਇਸ ਨਾਲ ਕੰਘੇ ਨੂੰ ਜੋੜ ਦਿੱਤਾ ਤਾਂ ਕਿ ਕੇਸ ਸਾਧੂਆਂ ਦੀ ਜਟਾ ਬਣ ਕੇ ਨਾ ਰਹਿ ਜਾਣ। ਟੋਪੀ ਜੋ ਦਾਸਤਾ ਦੀ ਨਿਸ਼ਾਨੀ ਸੀ, ਇਕ ਕੁਰਹਿਤ ਮੰਨੀ ਗਈ। ਰਹਿਤਨਾਮਾ ਕਹਿੰਦਾ, 'ਹੋਏ ਸਿੱਖ ਸਿਰ ਟੋਪੀ ਧਰੈ, ਸਾਤ ਜਨਮ ਕੁਸ਼ਟੀ ਹੋਇ ਮਰੈ।' ਗੁਰੂ ਮਹਾਰਾਜ ਨੇ ਸਾਬਤ ਸੂਰਤ ਦਸਤਾਰ ਸਿਰਾ' ਦੇ ਸਰੂਪ ਦੀ ਪੂਰਤੀ ਲਈ ਆਗਿਆ ਕੀਤੀ ਕਿ ਟੋਪੀ ਦੇ ਥਾਂ ਦਸਤਾਰ ਪਹਿਨੋ ਜੋ ਸਰਕਾਰੀ ਹੁਕਮ ਅਨੁਸਾਰ ਆਮ ਹਿੰਦੂ ਨਹੀਂ ਪਹਿਨ ਸਕਦੇ। ਨਿਹੰਗ ਸਿੰਘ ਸਗੋਂ ਉਚੇ ਦੁਮਾਲੇ ਸਜਾਉਣ ਲੱਗੇ। ਚਿੱਟੀ ਪੱਗ ਮੁਗਲ ਸਰਦਾਰ ਹੀ ਪਹਿਨਦੇ ਸਨ। ਇਸੇ ਲਈ ਰਾਜਪੂਤਾਂ ਨੇ ਇਸ ਨੂੰ ਆਪਣੀ ਅਣਖ ਦਾ ਸਵਾਲ ਬਣਾ ਲਿਆ ਸੀ। ਛੇਵੇਂ ਪਾਤਸ਼ਾਹ ਦਾ ਢਾਡੀ, ਸੱਚੇ ਪਾਂਤਸ਼ਾਹ ਦੀ ਪੱਗ ਨੂੰ ਜਹਾਂਗੀਰ ਦੀ ਪੱਗ ਨਾਲੋਂ ਵਧੇਰੇ ਸ਼ਾਨਦਾਰ ਗਿਣਦਾ ਹੈ, 'ਤੇਰੀ ਪੱਗ ਕੀ, ਕੀ ਜਹਾਂਗੀਰ ਦੀ।' ਕੇਸ ਮੁੱਛਾਂ ਦਾੜ੍ਹੀ, ਕੇਸ ਮਰਦਾਨਾ ਰੋਅਬ ਦਾਬ

ਅਤੇ ਜਲਾਲ ਦੀ ਨਿਸ਼ਾਨੀ ਹੈ 'ਮੁਛ ਬਾਂਕਾ ਮਰਦ ਸੋਹੇ।' ਕੋਈ ਧਰਮਾਂ ਵਿਚ ਇਹ ਰਹੁ ਰੀਤ ਦਾ ਜ਼ਰੂਰੀ ਅੰਗ ਹੈ। ਕੁਰਾਨ ਸ਼ਰੀਫ਼ ਦੀ ਸੂਰਤਹਜ ਵਿਚ ਹਾਜੀਆਂ ਲਈ ਹੱਜ ਦੇ ਦਿਨਾਂ ਵਿਚ ਜਟਾ ਜੂਟ ਰਹਿਣ ਦਾ ਵਿਧਾਨ ਲਿਖਿਆ ਮਿਲਦਾ ਹੈ 'ਖ਼ੁਦਾ ਕਹਿੰਦਾ ਹੈ, ਮਤ ਮੰਡਾਉ ਆਪਣੇ ਵਾਲਾਂ ਨੂੰ।'

Deep Psychology ਦਾ ਕਰਤਾ ਕਾਰਲ ਗੁਸ਼ਟਾਫ਼ ਕਹਿੰਦਾ ਹੈ ਕਿ ਮਨੁੱਖੀ ਮਨ ਦੇ ਅਚੇਤ ਭਾਗ ਵਿਚ ਆਪਣੀ ਬਾਹਰੀ ਸੂਰਤ ਦੀ ਤਬਦੀਲੀ ਦਾ ਜਜ਼ਬਾ ਸਦਾ ਬਣਿਆ ਰਹਿੰਦਾ ਹੈ। ਮਰਦ, ਤ੍ਰੀਮਤ ਬਨਣਾ ਲੋੜਦਾ ਹੈ ਤੇ ਤ੍ਰੀਮਤ ਮਰਦਾਨਾ ਚਿੰਨ੍ਹਾਂ ਲਈ ਸਹਕਦੀ ਰਹਿੰਦੀ ਹੈ। ਜਦ ਮਰਦ ਜਵਾਨ ਹੁੰਦਾ ਹੈ, ਉਹ ਇਸਤ੍ਰਿਤਵ ਦੀ ਪੂਜਾ ਕਰਦਾ ਹੈ ਤੇ ਇਸ ਪੂਜਾ ਦਾ ਸ਼ਿਕਾਰ ਦਾੜ੍ਹੀ ਕੇਸ ਬਣਦੇ ਹਨ। ਸਕੰਦਰ, ਨੈਪੋਲੀਅਨ, ਅਕਬਰ ਤੇ ਕਰਜ਼ਨ ਦਾੜ੍ਹੀ ਰਹਿਤ ਸਭਿਤਾ ਦੇ ਪ੍ਰਤੀਨਿਧੀ ਸਨ ਜਿਸਨੇ ਸਾਡੇ ਦੇਸ਼ ਨੂੰ ਵੀ ਪ੍ਰਭਾਵਿਤ ਕੀਤਾ। ਇਸੇ ਸਿਲਸਿਲੇ ਦੀ ਦੂਜੀ ਕੜੀ ਪੱਗੜੀ ਹੈ ਜਿਸ ਦੀ ਥਾਂ ਟੋਪੀ ਜਾਂ ਨੰਗਾ ਸਿਰ ਲੈ ਰਹੇ ਹਨ। ਸ. ਕਪੂਰ ਸਿੰਘ ਸਾਬਕ ਆਈ. ਸੀ. ਐਸ. ਅਨੁਸਾਰ ਸਤਿਗੁਰਾਂ ਨੇ ਕੇਸ ਦਾੜ੍ਹੀ ਰਖਣ ਦਾ ਹੁਕਮ ਦੇ ਕੇ ਸਿੰਘਾਂ ਨੂੰ ਮਨੁੱਖ ਦੀ ਮੁੰਡ ਪੁਣੇ ਅਤੇ ਛੋਕਰੇ ਤੇ ਛਛੋਰੇਪਨ ਦੀ ਰੁਚੀ ਤੋਂ ਪਰੇ ਰਹਿਣਾ ਸਿਖਾਇਆ ਅਤੇ ਬਿਰਧ ਅਵਸਥਾ ਦੇ ਕੁਦਰਤੀ ਚਿੰਨ੍ਹ ਧੌਲੇ ਕੇਸਾਂ ਦਾ ਸੁਆਗਤ ਕਰਨਾ ਦਸਿਆ:-

The reason why the Guru forbade shingling and shaving is grounded in the metaphysic and postulates of trascendental aesthetics in the basic aims and the objects of the Khalsa brotherhood, which seeks to show human beings the path of liberation and realisation through organised and political activity, in contradistinction to the renunciation of the world and non cooperative impulses of the universe, and above all, the cultivation of a natural and integrated personality which deliberately outgrows personal vanity of boyishness and accepts the principles of growth and ageing as fundamental to religious disclipine.

(Baisakhi of Guru Gobind Singh)

ਸਤਿਗੁਰਾਂ, ਗੁਰੂ ਸ਼ੋਭਾ ਦੇ ਕਰਤਾ ਅਨੁਸਾਰ, ਕੇਸ ਕਿਸੇ ਹਾਲਤ ਵਿਚ ਵੀ ਨਾ ਕਟਵਾਉਣ ਦਾ ਆਦੇਸ਼ ਦਿੱਤਾ, ਉਹਨਾਂ ਦੱਸਿਆ ਕਿ ਹੋਰਨਾਂ ਅਨਮਤੀ ਰੀਤਾਂ ਵਾਂਗ ਭਦਰਾ ਵੀ ਤਿਆਗਣਾ ਹੈ। ਉਸਤਰਾ ਵੀ ਹਲਾਲ ਤੇ ਹੁੱਕੇ ਵਾਂਗ ਸਿੱਖਾਂ ਲਈ ਹਰਾਮ ਹੈ:—

'ਸੰਗਤਿ ਭਦਰਾ ਮਤਿ ਕਰੋ, ਖੁਰ ਨ ਲਾਵਉ ਸੀਸ॥
ਮਾਤ ਪਿਤਾ ਕੋਈ ਮਰੈ, ਸਤਿਗੁਰ ਕਹੀ ਹਦੀਸ॥

ਇਸ ਹਦੀਸ ਦੀ ਪਾਲਣਾ ਕਰਦਿਆਂ ਭਾਈ ਤਾਰੂ ਸਿੰਘ ਜੀ ਨੇ ਖੋਪਰੀ ਤਾਂ ਉਤਰਵਾ ਦਿੱਤੀ ਪਰ ਕੇਸ ਕਤਲ ਨਾ ਕਰਵਾਏ। ਪਟਿਆਲਾ ਨਰੇਸ਼ ਬਾਬਾ ਆਲਾ ਸਿੰਘ ਜੀ ਨੂੰ ਜਦ ਅਹਿਮਦ ਸ਼ਾਹ ਅਬਦਾਲੀ ਨੇ ਉਹਨਾਂ ਦੇ ਕੇਸ ਕਤਲ ਕਰਨ ਦੀ ਸਜ਼ਾ ਦਿੱਤੀ ਤਾਂ ਬਾਬਾ ਜੀ ਨੇ ਪੂਰਾ ਸਵਾ ਲੱਖ ਰੁਪਿਆ ਤਾਰ ਕੇ, ਜਰਵਾਣੇ ਤੋਂ ਕੇਸ ਖ਼ਰੀਦ ਲਏ।

ਇਉਂ ਹੀ ਅੰਮ੍ਰਿਤ ਦਾਤਾ ਜੀ ਨੇ ਸਿੰਘਾਂ ਨੂੰ ਬਦਲੇ ਦੀ ਭਾਵਨਾ ਤਿਆਗਣ ਦਾ ਉਪਦੇਸ਼ ਦਿੱਤਾ। ਕਹਿੰਦੇ ਹਨ ਨਦੌਣ ਯੁੱਧ ਸਮੇਂ ਕਿਸੇ ਮੁਗਲ ਸਰਦਾਰ (ਸ਼ਾਇਦ ਅਲਿਫ਼ ਖ਼ਾਂ) ਦੀ ਹਰਮ ਸਰਾਂ ਦੀਆਂ ਇਸਤਰੀਆਂ ਦਾ ਡੋਲਾ ਸਿੰਘਾਂ ਦੇ ਹੱਥ ਲੱਗਾ ਅਤੇ ਉਹ ਗੁਰੂ ਸਾਹਿਬ ਦੇ ਹਜ਼ੂਰ ਲੈ ਕੇ ਆਏ, ਕਹਿਣ ਲੱਗੇ, 'ਵੈਰੀ ਸਾਡੀਆਂ ਇਸਤਰੀਆਂ ਦੀ ਬੇਪੱਤੀ ਕਰਦੇ ਹਨ, ਸਾਨੂੰ ਵੀ ਬਦਲਾ ਲੈਣ ਦਿਓ।' ਹਜ਼ੂਰ ਸੁਣ ਕੇ ਜਲਾਲ ਵਿਚ ਆਏ, ਫੁਰਮਾਣ ਲੱਗੇ 'ਪਹਿਲੇ ਇਹ ਦੱਸੋ, ਕਿਸੇ ਨੇ ਮੇਰੀਆਂ ਇਹਨਾਂ ਧੀਆਂ ਭੈਣਾਂ ਨੂੰ ਛੋਹਿਆ ਤਾਂ ਨਹੀਂ, ਕੋਈ ਮਾੜੀ ਗੱਲ ਤਾਂ ਨਹੀਂ ਆਖੀ ?' ਸਿੰਘ ਕੁਝ ਹੈਰਾਨ ਹੋਏ, ਕੁਝ ਡਰੇ ਤੇ ਦੁਵੇ ਤੇ ਬੜੀ ਨਿਮਰਤਾ ਨਾਲ ਸਭ ਨੇ ਨਾਂਹ ਵਿਚ ਸਿਰ ਹਿਲਾਏ। ਫਿਰ ਗੁਰੂ ਪਿਤਾ ਪੁੱਤਰਾਂ ਨੂੰ ਸਮਝਾਉਣ ਲੱਗੇ:—

ਬਦਲੇ ਦੀ ਭਾਵਨਾ ਉਹ ਅੱਗ ਹੈ, ਜੋ ਮਨੁੱਖ 'ਚੋਂ ਧਰਮ ਦੇ ਮੂਲ ਦਯਾ ਦੀ ਅੰਸ਼ ਨੂੰ ਸਾੜ ਕੇ ਮਨੁੱਖੀ ਜੀਵਨ ਨੂੰ ਸੁਆਹ ਕਰ ਦਿੰਦੀ ਹੈ। ਗੁਰੂ ਨਾਨਕ ਸਾਹਿਬ ਨੇ ਮਨੁੱਖ ਨੂੰ ਗਿਰਤ ਘੋਰ ਅੰਧ' ਦੇ ਚਿੱਕੜ ਵਿਚੋਂ ਕੱਢਿਆ ਹੈ, ਉਹਨਾਂ ਦਾ ਆਚਰਨ ਉੱਚਾ ਕੀਤਾ ਹੈ।* ਕੁੱਤੇ ਦੇ ਮਨੁੱਖ ਨੂੰ ਵੱਢਣ ਤੇ ਮਨੁੱਖ ਕੁੱਤੇ ਨੂੰ ਚੱਕ ਨਹੀਂ ਮਾਰਦਾ। ਤੁਹਾਨੂੰ ਤਾਂ ਅੰਮ੍ਰਿਤ ਨੇ ਪਰਮ ਮਨੁੱਖ ਬਣਾ ਦਿੱਤਾ ਹੈ। ਅਸੀਂ ਤਾਂ ਭਾਈ ਕਨ੍ਹਈਏ ਨੂੰ, ਦੁਸ਼ਮਣ ਨੂੰ ਵੀ ਪਾਣੀ ਪਿਲਾਉਣ ਦੀ ਆਗਿਆ ਦਿੱਤੀ ਹੈ। ਉਂਝ ਵੀ ਅੰਮ੍ਰਿਤਧਾਰੀ ਵਾਸਤੇ ਪਰ ਇਸਤਰੀ ਗਮਨ ਬਜਰ ਕੁਰਹਿਤ ਹੈ। ਜਾਓ, ਇਹਨਾਂ ਬੀਬੀਆਂ ਨੂੰ ਸਤਿਕਾਰ ਸਹਿਤ ਮੁਗ਼ਲ ਸਰਦਾਰ ਦੇ ਡੇਰੇ ਪਹੁੰਚਾ ਆਓ।'

ਇਸ ਗੁਰ ਆਦੇਸ਼ ਨੇ ਸਿੰਘਾਂ ਦੇ ਆਚਰਣ ਨੂੰ ਸੱਦਾ ਉੱਚਾ ਤੇ ਸੁੱਚਾ ਰੱਖਿਆ, ਜਦ ਉਹਨਾਂ ਨੂੰ ਦਿੱਲੀ ਦੇ ਨੇੜੇ ਸਮਰੂ ਬੇਗਮ ਦਾ ਡੋਲਾ ਉਹਨਾਂ ਦੇ ਹੱਥ ਲੱਗਾ, ਤਾਂ ਉਹਨਾਂ ਭੈਣ ਕਹਿ ਕੇ ਉਹਨੂੰ ਸਤਿਕਾਰ ਨਾਲ ਉਹਦੀ ਰਾਜਧਾਨੀ ਸਰਧੇਨ ਪਹੁੰਚਾ ਦਿੱਤਾ, ਕਾਜ਼ੀ ਨੂਰ ਮੁਹੰਮਦ ਦੀ ਇਤਿਹਾਸ ਗਵਾਹੀ ਸਦਾ ਇਹਨਾਂ ਨੂੰ ਮਨੁੱਖੀ ਇਖ਼ਲਾਕ ਦੇ ਇਸ ਅੰਗ ਦੀ ਪਾਲਣਾ ਕਰਨ ਦਾ ਉਤਸ਼ਾਹ ਤੇ ਪ੍ਰੇਰਨਾ ਦਿੰਦੀ ਰਹੇਗੀ। ਉਹ ਕਹਿੰਦਾ ਹੈ, ਇਹਨਾਂ ਵਿਚ ਕੋਈ ਪਰ-ਇਸਤਰੀ ਗਾਮੀ ਨਹੀਂ। ਇਹ ਨਾ ਕਿਸੇ ਰਾਣੀ ਦੇ, ਨਾ ਕਿਸੇ ਦਾਸੀ ਦੇ ਗਹਿਣੇ ਖੋਂਹਦੇ ਹਨ। ਇਹਨਾਂ ਦੀਆਂ ਨਜ਼ਰਾਂ ਵਿਚ ਹਰ ਇਸਤਰੀ ਭਾਵੇਂ ਉਹ ਯੁਵਤੀ ਹੋਵੇ ਜਾਂ ਅੱਧਖੜ, 'ਬੁੱਢੀ' ਹੀ ਹੁੰਦੀ ਹੈ, ਭਾਵ ਉਹ ਉਹਨੂੰ ਮਾਂ ਤੁੱਲ ਜਾਣਦੇ ਹਨ। ਅੰਤ ਵਿਚ ਅੰਮ੍ਰਿਤ ਦਾਤਾ ਗੁਰੂ ਮਹਾਰਾਜ ਦਾ ਉਹ ਹੁਕਮਨਾਮਾ** ਦੇਣਾ ਕੁਥਾਂ ਨਾ ਹੋਵੇਗਾ, ਜੋ ਆਪ ਨੇ ਅੰਮ੍ਰਿਤ ਪ੍ਰਦਾਨ ਕਰਨ ਤੋਂ ਦੋ ਕੁ ਮਹੀਨੇ ਪਿਛੋਂ ਕਾਬੁਲ ਦੀ ਸੰਗਤ ਦੇ ਨਾਂ ਲਿਖਵਾਇਆ। ਇਸ ਵਿਚ ਅੰਮ੍ਰਿਤ ਦੀ ਮਹਾਨਤਾ, ਰਹਿਤਾਂ, ਕੁਰਹਿਤਾਂ ਅਤੇ ਕਕਾਰਾਂ ਦਾ ਵਰਨਣ ਕੀਤਾ ਗਿਆ ਹੈ।

---

* *ਪੁਨਿ ਸਿੰਘਨ ਬੂਝੇ ਗੁਣਖਾਨੀ। ਸਕਲ ਤੁਰਕ ਭੁਗਵੇਂ ਹਿੰਦੁਵਾਨੀ।*
ਸਿੱਖ ਬਦਲਾ ਲੇ ਭਲਾ ਜਨਾਵੈਂ। ਗੁਰ-ਸ਼ਾਸ਼ਤਰ ਕਿਉਂ ਵਰਜ ਹਟਾਵੈ?
ਸੁਣ ਸਤਿਗੁਰ ਬੋਲੇ ਤਿਸ ਬੇਰੇ। ਹਮ ਲੇ ਜਾਣੋਂ ਪੰਥ ਉਚੇਰੇ।
ਨਾਹਿ ਅਧੋਗਤਿ ਬਿਖੇ ਪੁਚਾਵੈ। ਯਾ ਤੇ ਕਲਮਲ ਕਰਤ ਹਟਾਵੈਂ। ਕਵੀ ਸੰਤੋਖ ਸਿੰਘ

** ਇਸ ਹੁਕਮਨਾਮੇ ਦਾ 'ਹੁਕਮਨਾਮੇ' ਸੰਪਾਦਿਤ ਗੰਡਾ ਸਿੰਘ ਵਿਚ ਜ਼ਿਕਰ ਨਹੀਂ ਹੈ, ਪਰ ਸ੍ਰ. ਰਣਧੀਰ ਸਿੰਘ ਰੀਸਰਚ ਸਕਾਲਰ ਨੇ ਇਸ ਹੁਕਮਨਾਮੇ ਬਾਰੇ 'ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ' ਵਿਚ ਇਸਦਾ ਜ਼ਿਕਰ ਕੀਤਾ ਹੈ। ਇੰਟਰਨੈਟ ਤੇ ਇਸ ਹੁਕਮਨਾਮੇ ਬਾਰੇ ਭਰਪੂਰ ਉਪਲੱਬਧ ਹੈ।—ਸੰਪਾਦਕ

ੴ ਸਤਿਗੁਰੂ ਜੀ ਸਹਾਇ॥

ਸਰਬਤ ਸੰਗਤ ਕਾਬਲ ਗੁਰੂ ਰਖੇਗਾ, ਤੁਸਾਂ ਉਤੇ ਅਸਾਡੀ ਬਹੁਤ ਖੁਸ਼ੀ ਹੈ, ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾਂ, ਕੇਸ ਰੱਖਣੇ....ਇਹ ਅਸਾਡੀ ਮੋਹਰ ਹੈ। ਕਛ ਕ੍ਰਿਪਾਨ ਦਾ ਵਿਸਾਹ ਨਹੀਂ ਕਰਨਾ, ਸਰਬ ਲੋਹ ਦਾ ਕੜਾ ਹੱਥ ਰਖਣਾ। ਦੋਨੋਂ ਵਕਤ ਕੇਸਾਂ ਦੀ ਪਾਲਣਾ ਕਰਨੀ, ਸਰਬਤ ਸੰਗਤ ਅਭਾਖਿਆ ਦਾ ਕੁਠਾ ਖਾਵੇ ਨਾਹੀ, ਤਮਾਕੂ ਨਾ ਵਰਤਨਾ। ਭਾਦਨੀ ਤਥਾ ਕੰਨਿਆਂ ਮਾਰਨ ਵਾਲੇ ਨਾਲ ਸੌਂ ਮੇਲ ਨ ਰੱਖੇ। ਮੀਣੇ ਮਸੰਦੀਏ, ਰਾਮ ਰਾਈਏ ਕੀ ਸੰਗਤ ਨਾ ਬੈਸੋ, ਗੁਰਬਾਣੀ ਪੜ੍ਹਣੀ.....ਵਾਹਿਗੁਰੂ ਵਾਹਿਗੁਰੂ ਜਪਨਾ, ਗੁਰੂ ਕੀ ਰਹਿਤ ਰਖਨੀ...ਸਰਬਤ ਸੰਗਤ ਜੋਗ ਮੇਰੀ ਖੁਸ਼ੀ ਹੈ।

ਪਾਤਸ਼ਾਹੀ 10

ਜੇਠ 26 ਸੰਮਤ 1756

ਭਾਈ ਨੰਦ ਲਾਲ ਜੀ 'ਤਨਖਾਹਨਾਮਾ' ਵਿਚ 'ਖਾਲਸਾ' ਦਾ ਕਿਰਦਾਰ ਬਿਆਨ ਕਰਦੇ ਹੋਣੇ ਕਹਿੰਦੇ ਹਨ ਕਿ ਖਾਲਸਾ ਨਿੰਦਾ ਰਹਿਤ, ਨਿਰਭਉ ਅਤੇ ਨਿਰਵੈਰ ਦੀ ਸੰਥਾ ਲੈ ਕੇ ਤੁਰੇ, ਪਰ ਨਾਰੀ ਤੋਂ ਦੂਰ ਰਹੇ, ਦੁਖੀ ਗਰੀਬ ਦੀ ਸੇਵਾ ਕਰੇ, ਦੁਸ਼ਟਾਂ ਦਾ ਸੰਘਾਰ ਕਰੇ, ਪੂਰਨ ਸੁਸਜਿਤ ਸਿਪਾਹੀ ਹੋਵੇ, ਯੁੱਧ ਵਿੱਦਿਆ ਅਤੇ ਸ਼ਸਤਰਾਂ ਦਾ ਅਭਿਯਾਸ ਕਰੇ:

ਖਾਲਸਾ ਸੋਇ ਜੋ ਨਿੰਦਾ ਤਯਾਗੇ,
ਖਾਲਸਾ ਸੋਇ ਲੜੇ ਹ੍ਵੈ ਆਗੇ,
ਖਾਲਸਾ ਸੋ ਪਰਦ੍ਰਿਸ਼ਟਿ ਤਿਆਗੇ,
ਖਾਲਸਾ ਸੋਇ ਨਾਮਰਤਿ ਲਾਗੇ,
ਖਾਲਸਾ ਸੋਇ ਗੁਰਹਿਤ ਲਾਵੈ,
ਖਾਲਸਾ ਸੋਇ ਸਾਰ ਮੁਹਿ ਖਾਵੈ,
ਖਾਲਸਾ ਸੋ ਨਿਰਧਨ ਕੋ ਪਾਲੈ
ਖਾਲਸਾ ਸੋਇ ਦੁਸ਼ਟ ਕਉ ਗਾਲੈ,
ਖਾਲਸਾ ਸੋਇ ਜੁ ਚੜ੍ਹੈ ਤੁਰੰਗ,
ਖਾਲਸਾ ਸੋਇ ਕਰੈ ਨਿਤ ਜੰਗ।

ਕੀ ਅਜੋਕਾ ਖ਼ਾਲਸਾ ਆਪਣਾ ਜਨਮ ਦਿਨ ਮਨਾਉਂਦਾ ਹੋਇਆ ਅੰਮ੍ਰਿਤ ਦਾਤਾ ਪਿਤਾ ਦੇ ਇਸ ਹੁਕਮਨਾਮੇ ਨੂੰ ਵਾਚ ਕੇ ਦੇਖੇਗਾ ਕਿ ਉਹ ਇਸ 'ਤੇ ਕਿਥੇ ਤਕ ਅਮਲ ਕਰ ਰਿਹਾ ਹੈ।

ਗੁਰਮਤਿ ਪ੍ਰਕਾਸ਼-ਅਪ੍ਰੈਲ, 1970

ਇਨਕਲਾਬੀ ਵਿਸਾਖੀ

ਸ੍ਰੀ ਗੁਰੂ ਨਾਨਕ ਦੇਵ ਜੀ ਨੇ 1499 ਵਿਚ ਵੇਈਂ ਨਦੀ ਵਿਚ ਚੁੱਭਾ ਲਾ ਕੇ ਸੱਚ ਖੰਡ ਤੋਂ ਸਤਿਨਾਮੁ ਦਾ ਮੰਤਰ ਲਿਆਂਦਾ ਤੇ 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ' ਦਾ ਨਾਹਰਾ ਲਾ ਕੇ ਮਨੁੱਖਤਾ ਦੀ ਏਕਤਾ ਤੇ ਬਰਾਬਰਤਾ ਦਾ ਦ੍ਰਿੜ੍ਹ ਸੰਕਲਪ ਜਗਤ ਦੇ ਸਾਹਮਣੇ ਰਖਿਆ, ਬੰਦੇ ਨੂੰ 'ਹੁਕਮ ਰਜਾਈ' ਚੱਕੇ 'ਸਚਿਆਰਾ' ਬਣਨ ਦਾ ਗੁਰ ਦੱਸਿਆ। ਗੁਰੂ ਅੰਗਦ ਦੇਵ ਜੀ ਨੇ ਸਿਦਕ, ਸੇਵਾ ਤੇ ਸਿਮਰਨ ਦਾ ਆਦਰਸ਼ ਪ੍ਰਸਤੁਤ ਕੀਤਾ। ਗੁਰੂ ਅਮਰਦਾਸ ਜੀ ਨੇ ਕੱਚੇ ਤੇ ਸੱਚੇ ਗੁਰੂ ਦੀ ਪਛਾਣ ਅਤੇ 'ਸਾਚੀ ਲਿਵੈ' ਨਾਲ 'ਦੇਹ ਨਮਾਣੀ' ਨੂੰ ਸਾਧ ਕੇ ਖਨਿਉਂ ਤਿੱਖੀ, ਵਾਲਹੁ ਨਿੱਕੀ ਸਿੱਖੀ ਦੇ ਮਾਰਗ ਤੇ ਟੁਰਨ ਦਾ ਵਲ ਦੱਸਿਆ। ਗੁਰੂ ਰਾਮ ਦਾਸ ਜੀ ਨੇ ਸਿੱਖੀ ਦਾ ਕੇਂਦਰ ਕਾਇਮ ਕਰਕੇ 'ਜਮਾਤ ਕਰਾਮਾਤ' ਦੀ ਭਾਵਨਾ ਉਤਪੰਨ ਕੀਤੀ। ਗੁਰੂ ਅਰਜਨ ਸਾਹਿਬ ਨੇ ਜਗ ਨੂੰ ਸਾਂਝਾ ਉਪਦੇਸ਼ ਦੇਣ ਲਈ ਧਰਮ ਗ੍ਰੰਥ ਰਚਿਆ ਤੇ ਸੱਚ ਤੇ ਨਿਆਂ ਦੀ ਰਾਖੀ ਲਈ ਮਰਨਾ ਦੱਸਿਆ। ਮੀਰੀ ਪੀਰੀ ਦੇ ਮਾਲਕ ਨੇ ਦੇਸ਼ ਦੀ ਸੰਭਾਲ ਲਈ ਤੇਗ਼ ਦੀ ਵਰਤੋਂ ਕਰਨ ਲਈ ਦੋ ਤਲਵਾਰਾਂ ਬੱਧੀਆਂ ਅਤੇ ਅਕਾਲ ਤਖ਼ਤ ਕਾਇਮ ਕਰਕੇ ਸੱਚੀ ਪਾਤਸ਼ਾਹੀ ਦਾ ਡੰਕਾ ਵਜਾਇਆ। ਸੱਤਵੇਂ ਪਾਤਸ਼ਾਹ ਨੇ ਜ਼ੁਲਮ ਤੇ ਗਾਸਿਬ ਭਰਾ ਦੇ ਟਾਕਰੇ ਤੇ ਦਾਰਾ ਸ਼ਕੋਹ ਦੀ ਮਦਦ ਕਰਕੇ ਔਰੰਗਜ਼ੇਬ ਦੀ ਕਰੋਪੀ ਦੀ ਪਰਵਾਹ ਨਾ ਕੀਤੀ ਅਤੇ ਗੁਰਬਾਣੀ ਦੀ ਅਖੰਡਤਾ ਉਤੇ ਪੁੱਤਰ ਦਾ ਮੋਹ ਵਾਰ ਦਿੱਤਾ। ਅੱਠਵੇਂ ਸਤਿਗੁਰੂ ਨੇ ਸੇਖ ਸਾਅਦੀ ਦੇ ਕਥਨ 'ਬਜ਼ੁਰਗੀ' ਬ-ਅਕਲ ਅਸਤ ਨਾ ਬਸਾਲ' ਦੇ ਪ੍ਰਤੀਕ ਬਣ ਕੇ ਸੱਚੇ ਗੁਰੂ ਦੀ ਚੋਣ ਦਾ ਪਰਚਾ ਪਾਇਆ। ਨੌਵੇਂ ਨਾਨਕ ਨੇ ਮਜ਼ਲੂਮਾਂ ਦੀ ਬਾਂਹ ਫੜ ਕੇ, ਮਜ਼ਬੀ ਰਵਾਦਾਰੀ ਦੀ ਅਦੁੱਤੀ ਮਿਸਾਲ ਕਾਇਮ ਕਰਦਿਆਂ 'ਧਰਮ ਹੇਤ' ਸਾਕਾ ਕੀਤਾ। ਇਸ ਸਮੇਂ ਤੱਕ ਗੁਰੂ ਨਾਨਕ ਜੀ ਦੇ ਕਲਪਤ 'ਸਚਿਆਰੇ', ਗੁਰੂ ਅਮਰਦਾਸ ਦੇ ਕਲਪਤ ਨਿਰਾਲੀ ਚਾਲ ਵਾਲੇ 'ਭਗਤ' ਅਤੇ ਗੁਰੂ ਅਰਜਨ ਸਾਹਿਬ ਦੇ ਗੋਸਾਈ ਦੇ ਪਹਿਲਵਾਣੜੇ ਦੀ ਰੂਪ ਰੇਖਾ ਦੇ ਮੁਕੰਮਲ ਹੋਣ ਦਾ ਪੜਾਉ ਆ ਚੁੱਕਾ ਸੀ। ਉਸ ਤਸਵੀਰ ਨੂੰ ਬੁਰਸ਼ ਦੀ ਆਖਰੀ ਛੂਹ ਦੀ ਲੋੜ ਸੀ। ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ 23 ਸਾਲ ਦੀ ਨਿਰੰਤਰ ਡੂੰਘੀ ਸੋਚ ਪਿਛੋਂ ਸੂਰਮੇ ਗੁਰੂ ਦੇ ਮਸਤਕ ਵਿਚੋਂ ਜੂਪੀਟਰ ਦੀ ਸੋਚ ਵਿਚੋਂ ਮਿਨਰਵਾ ਦੇ ਪ੍ਰਗਟ ਹੋਣ ਵਾਂਗ, ਖਾਲਸੇ ਦਾ ਤਸੱਵਰ ਉਪਜਿਆ। ਜਦ ਆਪ ਜੀ ਦੇ ਰਵਾਲਸਰ ਦੇ ਉਪਦੇਸ਼ ਦਾ ਜ਼ਾਤ ਅਭਿਮਾਨੀ ਪਹਾੜੀ ਰਾਜਿਆਂ ਉਤੇ ਕੋਈ ਅਸਰ ਨਾ ਹੋਇਆ ਤਦ ਆਪ ਨੇ ਭਾਈ ਰਤਨ ਸਿੰਘ ਭੰਗੂ ਅਨੁਸਾਰ ਬਿਗਾਨੇ ਪੁੱਤਰਾਂ ਦਾ ਮੂੰਹ ਚੁੰਮਣ ਦੀ ਥਾਂ ਆਪਣੇ ਪੁੱਤਰਾਂ-ਸਿੱਖਾਂ ਨੂੰ ਹੀ ਅੰਮ੍ਰਿਤ ਛਕਾ ਕੇ ਪਾਤਸ਼ਾਹੀ ਦੇਣ ਦਾ ਮਨ ਬਣਾ ਲਿਆ।

ਫਿਰ ਸਤਿਗੁਰ ਚਿਤ ਸੋਝੀ ਆਈ।
ਏਹ ਕਬ ਸਿੱਖ ਬਨੈ ਹਮ ਆਈ।

ਮੁਖਤ ਨਿਆਮਤ ਅੰਮ੍ਰਿਤ ਇਨ ਕਿਮ ਦਯੈ
ਕਿਮ ਪੁਤ ਬਿਗਾਨੇ ਮੁਖ ਚੁਮਯੈ ॥੧੬॥
ਓਇ ਪੱਥਰ ਪੂਜਕ ਭਿਜ ਨ ਨੀਰੋ।
ਉਇ ਆਦਿ ਅਕ੍ਰਿਤਘਣ ਘਰ ਗੁਰਤੀਰੋ।
ਓ ਰਜਪੂਤ ਸਦਾਵੈਂ ਆਪ ਸਿਪਾਹੀ।
ਓਇ ਕਹੈਂ ਕਦੋ ਗੁਰ ਦਈ ਪਾਤਿਸ਼ਾਹੀ ॥੧੭॥
ਅਬ ਦਯੈ ਪਤਿਸਾਹੀ ਗ੍ਰੀਬਨ ਉਠਾਇ।
ਵੇ ਜਾਨੈ ਗੁਰ ਦਈ ਹੈ ਮਾਇ ॥੧੮॥

ਸੀਸ ਬਦਲੇ ਅੰਮ੍ਰਿਤ

ਇਹ ਅੰਮ੍ਰਿਤ ਛਕਾਉਣ ਦੀ ਇਨਕਲਾਬੀ ਤੇ ਤਾਰੀਖੀ ਮਹਾਨ ਘਟਨਾ ਗੁਰੂ ਨਾਨਕ ਸਾਹਿਬ ਦੇ ਵੇਈਂ ਪ੍ਰਵੇਸ਼ ਤੋਂ 200 ਸਾਲ ਅਤੇ ਗੁਰੂ ਅਰਜਨ ਦੇਵ ਜੀ ਦੇ ਗੁਰੂ ਬਾਣੀ ਸੰਕਲਨ ਕਰਨ ਦੀ ਤਿਆਰੀ ਤੋਂ ਇਕ ਸੌ ਸਾਲ ਪਿਛੋਂ, 1756 ਬਿਕ੍ਰਮੀ ਦੀ ਵਿਸਾਖੀ (ਸ਼ੁਕਰਵਾਰ, 29 ਮਾਰਚ 1699) ਨੂੰ ਹੋਈ। ਉਸ ਦਿਨ ਕੁੰਭ ਦਾ ਮਜਨ ਸੀ ਅਤੇ ਜੋਤਸ਼ੀ ਟੇਵੇ ਲਾ ਰਹੇ ਸਨ ਕਿ ਗ੍ਰਹਿਆਂ ਅਤੇ ਨਛੱਤਰਾਂ ਦਾ ਯੋਗ ਕਿਸੇ ਅਲੋਕਾਰੀ ਨੂੰ ਜਨਮ ਦੇਵੇਗਾ। ਇਹ ਅਲੋਕਾਰੀ ਉਸ ਮਹਾਨ ਕਰਾਂਤੀ ਦੀ ਸ਼ਕਲ ਵਿਚ ਜਹੂਰ ਵਿਚ ਆਈ ਜਿਸ ਵਿਚ ਕਿ ਤਲਵਾਰ ਦੀ ਧਾਰ ਵਿਚੋਂ ਪੁਨਰ ਜੀਵਨ ਪ੍ਰਾਪਤ ਕਰਨ ਵਾਲਿਆਂ ਨੂੰ ਚਰਨ ਪਾਹੁਲ ਦੀ ਥਾਂ ਖੰਡੇ ਦੀ ਪਾਹੁਲ ਦਿੱਤੀ ਗਈ ਅਤੇ ਫੇਰ 'ਗੁਰ ਚੇਲੇ ਰਹਰਾਸਿ ਕੀਈ' ਨੂੰ ਦੁਹਰਾਉਂਦੇ ਹੋਏ 'ਗੁਰੂ ਨਾਨਕ' ਨੇ ਦਸਵੇਂ ਸਰੂਪ ਵਿਚ ਖਾਲਸਾ ਸਾਜ ਕੇ ਖਾਲਸੇ ਤੋਂ ਯਾਚਨਾ ਕੀਤੀ। ਮੈਨੂੰ ਵੀ ਅੰਮ੍ਰਿਤ ਬਖਸ਼ ਕੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣਾਓ।

ਸੱਤਰਾਂ ਸਏ ਛਿਪੰਜੇ ਸਾਲ।
ਬੈਸਾਖੀ ਸੰਕ੍ਰਾਂਤ ਨਿਹਾਲ।
ਜਾਨ ਲਗੀ ਪੁਰਬੀ ਤਿਸ ਕਾਲੈਂ।
ਸਤਿਗੁਰ ਉਦਮ ਕੀਉ ਬਿਸਾਲੈਂ।
ਤਖਤ ਕੇਸਗੜ੍ਹ ਅਤਿ ਸੈ ਪਾਵਨ।
ਅਬ ਲੌਂ ਜਹਿ ਸਿੱਖ ਮਾਥ ਝੁਕਾਵਨ।
ਪੰਥ ਰਚਾਵਨ ਤਹਿ ਗੁਰ ਠਾਟਾ।
ਲੋਹੇ ਕਾ ਮੰਗਵਾ ਕੈ ਬਾਟਾ।
ਤਾ ਮੈਂ ਸਤਲੁਜ ਕਾ ਜਲ ਪਾਯੋ।
ਖੰਡਾ ਲਘੂ ਦੁਧਾਰ ਗਹਾਯੋ।
ਪਾਂਚੋ ਪਿਆਰੇ ਜੋ ਅਜ਼ਮਾਏ।
ਸੁਕਲ ਬਸਨ ਸਭ ਅੰਗ ਸਜਾਏ।
ਕਮਰ ਕਛਹਿਰੇ ਸਜੇ ਅਛਹਿਰੇ।
ਜੰਞੁ ਸਮ ਤੇਗੇ ਗੁਰ ਪਹਿਰੇ।

ਸੁਧੇ ਦਾਹੜੇ ਅਰ ਦਸਤਾਰੇ।
ਕਿਤਕ ਦੂਰ ਸਨਮੁਖੈ ਖਲਾਰੇ।
ਕਹਯੋ ਧਿਆਨ ਅੰਮ੍ਰਿਤ ਮਹਿ ਰਾਖੋ।
ਵਾਹਿਗੁਰੂ ਮੰਤਰ ਮੁਖੋਂ ਭਾਖੋ।
ਜਪੁਜੀ ਸਾਹਿਬ ਸ੍ਰੀ ਗੁਰੂ ਮੰਤਰ।
ਜਪਨ ਲਗੇ ਜਬ ਗੁਰੂ ਸੁਤੰਤਰ।
ਸੁਣ ਹਵਾਲ ਤਬ ਮਾਤਾ ਸਾਹਿਬ।
ਸ੍ਰੀ ਜੀਤੋ ਜੀ ਸਾਥ ਉਛਾਇਬ।
ਬਾਮ ਭਾਗ ਗੁਰੂ ਆਇ ਖਿਰਾਈ।
ਦਏ ਪਤਾਸੇ ਬਾਟੇ ਪਾਈ।
ਸਭ ਸੰਗਤ ਨੇ ਜਨਨਿ ਜਨਕ ਪਿਖ।
ਸੀਸ ਨਿਵਾਏ ਈਸ ਰਮਾਂ ਲਖ।
ਅੰਮ੍ਰਿਤ ਕਰ ਤਿਆਰ ਗੁਰ ਬੋਲੇ।
ਕਰਿਓ ਕਾਮ ਤੁਮ ਨੀਕ ਅਮੋਲੇ।
ਮੰਤਰ ਜਪ ਸਿਧ ਹੋਇ ਸੋਈ
ਬਾਮਿ ਭਾਗ ਪਤਨੀ ਜਬ ਹੋਈ।
ਪੁੰਨ ਇਸ ਅੰਮ੍ਰਿਤ ਵੀਚ ਮਿਠਾਈ।
ਕੀਨੋ ਭਲ ਜੋ ਤੁਮ ਨੇ ਪਾਈ
ਨਾਹਿ-ਤ ਅੰਮ੍ਰਿਤ ਸਰਬ ਲੋਹ ਕਾ
ਕਾਰਨ ਹੋਤੇ ਅਧਿਕ ਛੋਹ ਕਾ।
ਛਕਨੇ ਵਾਲੇ ਆਪਸ ਮਾਹੀ।
ਲਰ ਮਰਤੇ ਟਰਤੇ ਨਾਹਿ ਕਦਾਂਹੀ।
ਆਪਸ ਮਾਂਹਿ ਮੇਲ ਅਬ ਰਖ ਹੈਂ।
ਭਾਈ ਸਿੰਘ ਸਿੰਘ ਕੋ ਲਖ ਹੈਂ।
ਫਿਰ ਅੰਮ੍ਰਿਤ ਕੀ ਕਰ ਅਰਦਾਸ।
ਗੁਰ ਕ੍ਰਿਪਾਨ ਸੈ ਛਕ ਕੇ ਖਾਸ।
ਪੁਨ ਪਾਂਚਨ ਸਿੰਘਨ ਢਿਗ ਜਾਕੈ।
ਦਹਿਨੇ ਇਕ ਦੋ ਤਲੇ ਬੈਠਾਕੈ।
ਬਾਏ ਕਰ ਪਰ ਦਹਿਨ ਧਰਾਕੈ।
ਪਾਂਚ ਬੇਰ ਭਰ ਚੁਲ੍ਹੇ ਛਕਾ ਕੈ।
ਸਾਥ ਫਤੇ ਬੋਲੀ ਬੁਲਵਾਈ।
ਇਸੀ ਭਾਂਤ ਕੇਸਾਂ ਮੈਂ ਪਾਈ।
ਪਾਂਚ ਬੇਰ ਨੈਨਨ ਛਿਰਕਾਏ।
ਫਤੇ ਪਰਤੇਕ ਚੁਲੈ ਸੋ ਗਾਏ।

(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ ਸਫ਼ਾ ੨੩੦-੨੩੧)

ਨੀਚਹੁ ਊਚ ਕਰੈ ਮੇਰਾ ਗੋਬਿੰਦ

ਇਹ 'ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨਾ ਡਰੇ' ਵਾਲੀ ਆਸ ਪੂਰੀ ਕਰਨ ਵਾਲਾ ਮਹਾਨ ਕਾਰਨਾਮਾ ਆਪਣੇ ਅੰਦਰ ਬੜੇ ਗੂੜ੍ਹ ਤੱਤ ਰਖਦਾ ਹੈ। ਨੌਂ ਜਾਮਿਆਂ ਵਿਚ ਤਿਆਗ ਤੇ ਆਪਾਵਾਰ ਦੀ ਜੋ ਭਾਵਨਾ ਭਰੀ ਜਾ ਰਹੀ ਸੀ ਉਸ ਦੀ ਪਰਖ ਆਪ ਨੇ ਸੀਸ ਮੰਗ ਕੇ ਲਈ, 'ਜਿਨ ਸਿਖਹੁ ਕੋ ਪਾਹੁਲ ਦੇਣੀ ਥੀ ਤਿਨਹੁ ਸੇ ਸੀਸ ਮੰਗਣੇ ਕਾ ਭਾਵ ਇਹ ਹੈ ਜੋ ਬ੍ਰਾਹਮਣੋ ਛਤ੍ਰੀਅਹੁ ਲੋਗਹੁ ਕੋ ਜਨੇਊ ਉਤਾਰਨ ਮ੍ਰਿਤਯ ਕੇ ਤੁਲ ਹੈ। ਇਸ ਬਾਤ ਸੇ ਰਾਜੇ ਫਿਰ ਗਏ ਥੇ, ਤਿਸ ਨਮਿਤ ਕਹਾ ਜੋ ਪਰਮ ਸਿਦਕਵਾਨ ਸਿੱਖ ਹੋਵਿਹਗੇ, ਤਿਨ ਕੋ ਇਸ ਮਾਰਗ ਕਾ ਮੁਖੀਆ ਕਰੂਉਗਾ। ਅਥਵਾ ਜਿਨਹੁ ਕੋ ਸ੍ਰੀ ਸਤਿਗੁਰੂ ਜੀ ਨੇ ਆਪਣੇ ਹਸਤ ਕਮਲਹੁ ਸੋਂ ਅੰਮ੍ਰਿਤ ਛਕਾਵਨਾ ਹੈ ਉਨਹੁ ਕੋ ਮੁਕਤ ਕਰਨਾ ਹੈ। ਸੋ ਮੁਕਤੀ ਤਬੀ ਹੋਤੀ ਹੈ ਜਦ ਦੇਹ ਅਭਿਮਾਨ ਛੁਟੈ। ਇਸ ਪਰੀਖਯਾ ਨਮਿਤ ਉਨ ਸੇ ਸੀਸ ਮਾਂਗੇ।

(ਅੰਮ੍ਰਿਤ ਗੁਟਕਾ ਹਸਤ ਲਿਖਤ, ਪੰਜਾਬ ਰਿਕਾਰਡ ਆਫਿਸ)

ਸਤਿਗੁਰਾਂ ਨੇ ਚਰਨ ਪਾਹੁਲ ਦੀ ਥਾਂ ਲੋਹੇ ਦੇ ਬਾਟੇ ਵਿਚ ਸਤਲੁਜ ਦਾ ਨਿਰਮਲ ਜਲ (ਜੋ ਕਈ ਪਹਾੜੀ ਧਾਤਾਂ ਤੇ ਜੜ੍ਹੀ-ਬੂਟੀਆਂ ਦਾ ਅਸਰ ਕਬੂਲਦਾ ਆਉਂਦਾ ਹੈ) ਪਾ ਕੇ ਖੰਡੇ ਦੀ ਰਗੜ ਵਿਚਕਾਰ ਜਪੁ, ਜਾਪ, ਚਉਪਈ ਅਕਾਲ ਉਸਤਤ ਦੇ 10 (ਸੁਧਾ) ਸਵੈਯੇ ਅਤੇ ਆਨੰਦ ਸਾਹਿਬ ਦੀਆਂ ਪੰਜ ਪਹਿਲੀਆਂ ਤੇ ਅੰਤਲੀਆਂ ਪੌੜੀਆਂ ਪੜ੍ਹਕੇ ਅੰਮ੍ਰਿਤ ਤਿਆਰ ਕੀਤਾ, ਜਿਸ ਵਿਚ ਪਤਾਸੇ ਮਾਤਾ ਜੀਤੋ ਜੀ ਨੇ ਆਨ ਪਾਏ। ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਹੱਥਾਂ ਦੇ ਸਪ੍ਰਸ਼, ਅੰਮ੍ਰਿਤ ਝਰਦੇ ਨੈਣਾਂ ਦੀ ਤੱਕਣੀ ਸੁਰੀਲੇ ਗਲੇ 'ਚੋਂ ਨਿਕਲੀ ਰਸੀਲੀ ਬਾਣੀ ਦੇ ਜਾਦੂ ਨੇ ਪਾਣੀ ਵਿਚ ਲੋਹਾ, ਅੱਗ, ਮਿੱਠਤ ਤੇ ਅਮਰ ਜੀਵਨ ਭਰ ਦਿੱਤੇ, ਕਨਿੰਘਮ ਨੇ ਸੱਚ ਹੀ ਤਾਂ ਆਖਿਆ ਹੈ:-

"Gobind saw what was vital and relumed it with promethian fire."

ਸੁਆਹ ਵਿਚ ਦੱਬੀਆਂ ਚੰਗਿਆੜੀਆਂ ਨੂੰ ਸੂਰਮੇ ਗੁਰੂ ਨੇ ਭਾਂਬੜ ਵਿਚ ਬਦਲ ਦਿੱਤਾ। ਇਹ ਕੁਝ ਉਨ੍ਹਾਂ ਦੇ ਜੀਵਨ ਬਖ਼ਸ਼ ਸਾਹ ਦਾ ਅਸਰ ਸੀ ਅਤੇ ਕੁਝ ਔਰੰਗਜ਼ੇਬ ਦੇ ਜ਼ੁਲਮ ਦਾ ਜਿਸ ਨੂੰ ਵੰਗਾਰਦਿਆਂ ਹਜ਼ੂਰ ਨੇ ਇਨ੍ਹਾਂ ਭਖਦੀਆਂ ਚਿੰਗਿਆੜੀਆਂ ਤੋਂ ਬਣੇ ਭਾਂਬੜ (ਖਾਲਸੇ) ਦਾ ਜ਼ਿਕਰ ਕੀਤਾ, ਜ਼ਫ਼ਰਨਾਮੇ ਵਿਚ:

ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾਂ ਕੁਨੀ।
ਕਿ ਆਤਿਸ ਦਮਾਰਾ ਬਦਓਰਾ ਕੁਨੀ ॥੭੯॥

ਅਰਥਾਤ ਇਹ ਵੀ ਕੋਈ ਮਰਦਊਪੁਣਾ ਹੈ ਕਿ ਸਾਹਿਬਜ਼ਾਦਿਆਂ ਵਰਗੀਆਂ ਚਿੰਗਿਆੜੀਆਂ ਨੂੰ ਬੁਝਾ ਛੱਡਿਆ, ਜਦ ਕਿ ਤੂੰ ਆਪਣੇ ਜ਼ੁਲਮ ਨਾਲ ਭਾਂਬੜਾਂ ਨੂੰ ਹਵਾ ਦੇ ਰਿਹਾ ਏਂ।

ਪਿਛਾਂਹ ਖਿੱਚੂਆਂ ਦੀ ਨਾਂਹ

ਅੰਮ੍ਰਿਤ ਛਕਾਉਣ ਸਮੇਂ ਹਜ਼ੂਰ ਨੇ ਆਮ ਜਨਤਾ ਨੂੰ ਅੰਮ੍ਰਿਤ ਛਕਣ ਦਾ ਸੱਦਾ ਦਿੱਤਾ, ਉਸ ਦੀ ਜੋ ਰੀਪੋਰਟ ਸਮੇਂ ਦੀ ਹਕੂਮਤ ਦੇ ਖ਼ੁਫ਼ੀਆ ਨਵੀਸ ਵਲੋਂ ਭੇਜੀ ਗਈ ਉਸ ਵਿਚੋਂ ਵੀ ਗੁਰੂ ਸਾਹਿਬ ਦੀ ਊਚ ਨੀਚ ਮੇਟਦੀ ਅਤੇ ਰੂੜ੍ਹੀਵਾਦਤਾ ਉਤੇ ਲੀਕ ਫੇਰਦੀ ਵੰਗਾਰ ਦਾ ਜ਼ਿਕਰ ਹੈ, ਆਪੋ ਵਿਚ ਪਿਆਰ ਤੇ ਭਰਾਤਰੀ ਭਾਵ ਦਾ ਜੋ ਏਕਤਾ ਭੂਪਣ ਦਾ ਕਾਰਨ

ਬਣਦੇ ਹਨ, ਉਲੇਖ ਹੈ, ਜਿਵੇਂ ਕਿ ਰਹਿਤਨਾਮੇ ਵਿਚ ਸਿੰਘ ਦਾ ਸਿੰਘ ਨਾਲ ਦੰਗਾ ਫਸਾਦ ਕਰਨਾ ਕੁਰਹਿਤ ਦੱਸੀ ਗਈ ਹੈ:

ਸਿੰਘ ਸਿੰਘ ਪਰ ਸ਼ਸਤਰ ਨ ਕਰੈ।
ਜਾਣ ਗੁਰੂ ਖਾਲਸੇ ਤੇ ਡਰੈ।

ਮੁਗਲੀਆ ਖੁਫ਼ੀਆ ਪੋਲੀਸ ਦਾ ਰਿਪੋਰਟਰ ਲਿਖਦਾ ਹੈ ਕਿ ਗੁਰੂ ਸਾਹਿਬ ਨੇ ਫੁਰਮਾਇਆ, 'ਸਾਰੇ ਇਕ ਮਜ਼ਹਬ ਵਿਚ ਆਉਣ ਤਾਂ ਜੋ ਦੂਈ ਵਿਚਾਲਿਓਂ ਮਿਟ ਜਾਏ, ਹਿੰਦੂ ਕੌਮ ਦੇ ਚਾਰ ਵਰਣ ਬ੍ਰਾਹਮਣ, ਛੱਤ੍ਰੀ, ਸ਼ੂਦਰ ਤੇ ਵੈਸ਼ ਹਨ। ਧਰਮ ਸ਼ਾਸਤਰ ਅਨੁਸਾਰ ਇਨ੍ਹਾਂ ਦੇ ਦੀਨ ਵੱਖੋ-ਵੱਖਰੇ ਨੀਯਤ ਕੀਤੇ ਗਏ ਹਨ। ਉਨ੍ਹਾਂ ਨੂੰ ਤਿਆਗ ਕੇ ਸਾਰੇ ਇਕ ਸਾਰ ਸਲੂਕ ਕਰਨ, ਕਿਉਂਕਿ ਸਭ ਬਰਾਬਰ ਹਨ। ਕੋਈ ਆਪਣੇ ਆਪ ਨੂੰ ਦੂਜੇ ਤੋਂ ਉਚੇਰਾ ਨਾ ਸਮਝੇ, ਅਜਿਹੀ ਭਾਵਨਾ ਤੇ ਪ੍ਰਥਾ ਛੱਡ ਕੇ ਤਰੱਕੀ ਕਰਨ। ਗੁਰੂ ਨਾਨਕ ਸਾਹਿਬ ਅਤੇ ਦੂਜੇ ਸਤਿਗੁਰਾਂ ਤੋਂ ਬਿਨਾਂ ਤੀਰਥਾਂ ਅਤੇ ਦੇਵੀ ਦੇਵਤਿਆਂ ਵਿਚੋਂ-ਜਿਨ੍ਹਾਂ ਦੀ ਉੱਚਤਾ ਦੀ ਤਾਕੀਦ ਵੇਦਾਂ ਅਤੇ ਸ਼ਾਸਤਰਾਂ ਦੀ ਤਾਲੀਮ ਕਰਦੀ ਹੈ, ਵਿਸ਼ਵਾਸ ਕੱਢ ਕੇ ਚੌਹਾਂ ਵਰਨਾਂ ਦੇ ਲੋਕ ਮੇਰੇ ਕੋਲੋਂ ਪਾਹੁਲ ਲੈ ਕੇ ਇਕੋ ਭਾਂਡੇ 'ਚ ਖਾਣ। ਇਕ ਦੂਜੇ ਤੋਂ ਘ੍ਰਿਣਾ ਨਾ ਕਰਨ। ਇਸ ਤਰ੍ਹਾਂ ਦੇ ਕਈ ਬਚਨ ਗੁਰੂ ਨੇ ਆਖੇ। ਜਦ ਲੋਕਾਂ ਨੇ ਇਹ ਸੁਣੇ ਤਦ ਬਹੁਤ ਸਾਰੇ ਲੋਕ, ਬ੍ਰਾਹਮਣ ਤੇ ਛੱਤਰੀ ਉਠ ਖੜੋਤੇ ਤੇ ਕਹਿਣ ਲੱਗੇ, 'ਅਸੀਂ ਗੁਰੂ ਨਾਨਕ ਅਤੇ ਹੋਰ ਗੁਰੂਆਂ ਦੇ ਪੰਥ ਦੇ ਕਾਇਲ ਨਹੀਂ ਹੋਵਾਂਗੇ। ਜੋ ਧਰਮ ਵੇਦਾਂ ਸ਼ਾਸਤਰਾਂ ਦਾ ਵਿਰੋਧੀ ਹੈ, ਉਹ ਸਾਨੂੰ ਕਬੂਲ ਨਹੀਂ। ਅਸੀਂ ਇਕ ਛੋਕਰੇ ਦੇ ਕਹਿਣ ਉਤੇ ਆਪਣੇ ਵਡੇਰਿਆਂ ਦਾ ਸਨਾਤਨ ਧਰਮ ਨਹੀਂ ਛੱਡਾਂਗੇ।' ਪਰ ਫੇਰ ਵੀ ਵੀਹ ਹਜ਼ਾਰ ਲੋਕਾਂ ਨੇ ਆਪਣੀ ਰਜ਼ਾਮੰਦੀ ਪ੍ਰਗਟ ਕਰਕੇ ਗੁਰੂ ਦੀ ਤਾਬੇਦਾਰੀ ਕਬੂਲ ਕੀਤੀ

ਚਿਰੀਅਨ ਪੈ ਜਬ ਬਾਜ ਤੁਰਾਊਂ

ਪੰਥ ਦੀ ਸਾਜਨਾ ਇਉਂ ਪ੍ਰੋਹਤਵਾਦ, ਮਸੰਦ ਗਰਦੀ ਤੇ ਸਿਆਸੀ ਜ਼ੁਲਮ ਸਿਤਮ ਦੀ ਮੌਤ ਦਾ ਅਲਾਰਮ ਸੀ। ਪ੍ਰੋਹਤਵਾਦ ਚੀਖ਼ ਉਠਿਆ, 'ਅਸੀਂ ਤੁਹਾਡਾ ਦਾਨ ਗ੍ਰਹਿਣ ਨਹੀਂ ਕਰਾਂਗੇ।' ਗੁਰੂ ਸਾਹਿਬ ਨੇ ਉਤਰ ਦਿੱਤਾ, 'ਅੱਗੋਂ ਨੂੰ ਅਸੀਂ ਦਾਨ ਆਪਣੇ ਮਹਾਂ ਬ੍ਰਾਹਮਣ ਖਾਲਸੇ ਨੂੰ ਦੇਵਾਂਗੇ। ਇਹਨੂੰ ਦਿੱਤਿਆਂ ਹੀ ਦਾਨ ਸਫ਼ਲ ਹੋਵੇਗਾ':

ਸੇਵ ਕਰੀ ਇਨ ਕੀ ਮਨ ਭਾਵਤ,
ਔਰ ਕੀ ਸੇਵ ਸੁਹਾਤ ਨ ਜੀਕੋ।
ਦਾਨ ਦੀਯੋ ਇਨ ਹੀ ਕੋ ਭਲੋ,
ਅਰ ਆਨ ਕੋ ਦਾਨ ਨ ਲਾਗਤ ਨੀਕੋ।
ਆਗੇ ਫਲੋ ਇਨ ਹੀ ਕੋ ਦੀਓ,
ਜਗ ਮੈਂ ਜਸ ਔਰ ਦੀਓ ਸਭ ਫੀਕੋ।
ਮੈਂ ਗ੍ਰਿਹਿ ਮੇਂ ਤਨ ਤੇ ਮਨ ਤੇ ਸਿਰ ਲੌ,
ਧਨ ਹੈ, ਸਭ ਹੀ ਇਨ ਹੀ ਕੋ।

ਸੁਰਮਤਾ ਦੇ ਅਖੌਤੀ ਅਜਾਰਾਦਾਰ ਬਾਈ ਧਾਰ ਦੇ ਰਜਵਾੜੇ ਬੋਲੇ 'ਇਹ ਨਵੇਂ ਸਜੇ ਖਾਲਸੇ ਜਿਨ੍ਹਾਂ ਨੂੰ ਅਜ ਗੁਰੂ ਨੇ ਰਾਜ ਕਰਨ ਦਾ ਵਰ ਦਿੱਤਾ ਹੈ ਤੇ ਸਾਡੇ ਬਰਾਬਰ ਸਿੰਘ ਦੀ ਪਦਵੀ ਦੇ ਕੇ ਜਿਨ੍ਹਾਂ ਨੂੰ ਉਚਿਆਇਆ ਹੈ, ਕਲ੍ਹ ਦੇ ਜੱਟ, ਝੀਊਰ ਨਾਈ ਸਾਡੇ ਕੰਮੀ ਹਨ।

ਅਸੀਂ ਬਾਜ਼ ਤੇ ਸ਼ਿਕਰੇ ਹਾਂ, ਸਾਡੇ ਸਾਹਮਣੇ ਇਨ੍ਹਾਂ ਚਿੜੀਆਂ ਦੀ ਕੀ ਮਜਾਲ ਹੈ ਕਿ ਉਭਾਸਰ ਵੀ ਸਕਣ।' ਗੁਰੂ ਨੇ ਪ੍ਰਤਿੱਗਿਆ ਕੀਤੀ ਕਿ ਮੈਂ ਅਸਿਪਾਨ ਅਕਾਲ ਪੁਰਖ ਦਾ ਪੁੱਤਰ ਤਦ ਹੋਵਾਂਗਾ ਜਦ ਇਹ ਚਿੜੀਆਂ ਬਾਜ਼ਾਂ ਦੀਆਂ ਧੌਣਾਂ ਮਰੋੜ ਲੈਣਗੀਆਂ।

ਇਹ ਸਭ ਚਿਰੀ ਲਖੇ ਮਹਾਰਾਜਾ।
ਹਮ ਹੈ ਰਾਜਪੂਤ ਬਡ ਰਾਜਾ।
ਕਿਹ ਬਿਧਿ ਕਰਨ ਰਾਜ ਇਨ ਦੈ ਹੈ?
ਅਜਾ ਸਿੰਘ ਜਿਮ ਸੁ ਮਾਰ ਲੈ ਹੈਂ ॥੧੫੭॥
ਯੌਂ ਸੁਨਿ ਕੇ ਤਿਨ ਕੀ ਪ੍ਰਭ ਬਾਨੀ
ਬੀਚ ਦਿਵਾਨ ਸੁ ਗਰਜ ਬਖਾਨੀ।
ਮੈ ਅਸਿਪਾਨਜ ਤਦਪ ਕਹਾਊਂ।
ਚਿਰੀਅਨ ਪੈ ਜਬ ਬਾਜ ਤੁਰਾਊਂ ॥੧੮੫॥

ਸ੍ਰੀ ਇੰਦੂ ਭੂਸ਼ਨ ਬੈਨਰਜੀ ਕਰਤਾ 'Evolution of the Khalsa' ਦੇ ਸ਼ਬਦਾਂ ਵਿਚ ਉਨ੍ਹਾਂ (ਗੁਰੂ ਗੋਬਿੰਦ ਸਿੰਘ) ਨੇ ਨਵੇਂ ਢੰਗ ਦੇ ਲੋਕਾਂ ਨੂੰ ਜਨਮ ਦਿੱਤਾ ਅਤੇ ਭਾਰਤ ਦੇ ਇਤਿਹਾਸ ਵਿਚ ਇਕ ਨਵੀਂ ਬਲਵਾਨ ਸ਼ਕਤੀ ਉਤਪੰਨ ਕਰ ਦਿੱਤੀ। ਉਨ੍ਹਾਂ ਨੇ ਹਾਰੀਆਂ ਹੋਈਆਂ ਸ਼੍ਰੇਣੀਆਂ ਵਿਚੋਂ ਇਕ ਨਵੀਂ ਕੌਮ ਸਾਜੀ ਉਨ੍ਹਾਂ ਲੋਕਾਂ ਵਿਚੋਂ ਜਿਹੜੇ ਕਿ ਪਹਿਲਾਂ ਅਪਵਿੱਤਰ ਅਤੇ ਨੀਚ ਸਮਝੇ ਜਾਂਦੇ ਸਨ ਅਤੇ ਨੀਚ ਜਾਤਾਂ ਵਿਚ ਜਨਮ ਲੈਣ ਦੇ ਕਾਰਨ ਪੜਦੇ ਪਿੱਛੇ ਸੁੱਟੇ ਹੋਏ ਸਨ। ਇਹ ਸਭ ਕੁਝ ਖਾਲਸਾ ਪੰਥ ਦੀ ਸਾਜਨਾ ਦੇ ਬਲਵਾਨ ਪ੍ਰਭਾਵ ਦੇ ਕਾਰਨ ਹੋਇਆ।

ਭੁਲਾਵੇ ਤੇ ਭੁਚਲੇਵੇ

ਕਵੀ ਸੰਤੋਖ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਖਾਲਸੇ ਦੀ ਰਹਿਤ ਇਉਂ ਦਸੀ:

ਮੀਣੇ ਅਰੁ ਮਸੰਦ ਧਿਰਮਲੀਏ।
ਕੁੜੀ, ਮਾਰ ਰਮਰਈ ਨ ਮਿਲੀਏ।
ਸਵਾ ਰਜਤਪਣ ਅੰਮ੍ਰਿਤਸਰ ਜੀ।
ਤਿਮ ਦੇ ਪਾਹੁਲ ਦਾ ਜੋ ਗੁਰ ਜੀ ॥੩੫॥

ਪਠਹੁ ਪ੍ਰੇਮ ਕਰਿ ਨਿਤ ਗੁਰਬਾਨੀ।
ਸਿੰਘਨ ਸੇਵਾ ਕਰਹੁ ਮਹਾਨੀ।
ਆਪਸ ਬਿਖੈ ਪ੍ਰੇਮ ਕੋ ਧਰਨਾ।
ਗੁਰੂ ਨਿੰਦਕ ਸ਼ਤ੍ਰਨਿ ਹਤਿ ਕਰਨਾ ॥੩੬॥

ਸ਼ਸਤ੍ਰਨ ਕੋ ਨਿਤ ਪ੍ਰਤਿ ਅਭਿਯਾਸਹੁ।
ਨਹੀਂ ਤੁਰਕ ਪਰ ਉਰ ਬਿਸਵਾਸਹੁ।
ਕੇਸਨ ਅਦਬ, ਨ ਕਛ ਬਿਨ ਰਹਿਨਾ।
ਅਰਧ ਨਾਮ ਸਿੰਘ ਨਿ ਨਹਿੰ ਕਹਨਾ ॥੩੭॥

ਕਾਤੁਰਤਾ ਉਰ ਤੇ ਪਰ ਹਰਿਨੀ।
ਬਲਕੇ ਸਹਿਤ ਸੂਰਤਾ ਧਰਨੀ।
ਜੋਧੇ ਕੀ ਭੁਜ ਕੇ ਅਨੁਸਰੇ।
ਦੁਊ ਲੋਕ ਲਟਕਤਿ ਹੈਂ ਪਰੇ ॥੩੮॥

ਜੇ ਜੀਤਹਿ ਸੁਖ ਇਸ ਜਗ ਮਾਂਹੀ।
ਭਏ ਮ੍ਰਿਤਕ ਆਗੇ ਸੁਖ ਪਾਹੀ।
ਸੂਰ, ਸੂਰ ਮੰਡਲ ਕੇ ਭੇਦੀ।
ਪਹੁੰਚਤਿ ਉਪਰ ਸਦਾ ਅਖੇਦੀ ॥੩੯॥

ਕਰ ਅਰਦਾਸੁ ਰਹਿਤ ਕੀ ਭਲੇ।
ਪੰਚਾਮ੍ਰਿਤ ਅਰਿ ਪਾਂਚਹੁ ਮਿਲੇ।
ਜਾਤਿ ਪਾਤਿ ਕੇ ਭੇਦ ਨ ਕੋਈ।
ਚਾਰ ਬਰਨ ਅਚਵਹਿਂ ਇਕ ਹੋਈ ॥੪੨॥

ਮਤਿ ਊਚੀ ਰਾਖਹੁ ਮਨ ਨੀਵਾ।
ਸਿਮਰਹੁ ਵਾਹਗੁਰੂ ਸੁਖ ਸੀਵਾ।
ਗੋਰ ਮੜ੍ਹੀ ਅਰ ਪੰਥ ਅਨੇਕਾ।
ਆਨ ਨ ਮਾਨਹ ਰਾਖ ਬਿਬੇਕਾ ॥੪੩॥

(ਰੁਤ ਤੀਜੀ, ਅੰਸੂ ੧੯)

ਰਹਿਤ ਬਤਾਈ ਪੁਨ: 'ਧਰੋ ਸਦਾ ਸਿੰਘ ਮਨ,
ਬੇਸਵਾ ਸੋਂ ਰਮਨ ਨਹਿਂ ਕੀਜੇ ਕਬਿ ਸ਼ੰਕ ਕਰਿ।
ਸੁਚ ਸੋਂ ਰਹਿਨ ਉਠ ਪ੍ਰਾਤਿ ਮੈਂ ਸ਼ਨਾਨੋ ਤਨ,
ਸ਼ਸਤ੍ਰਨ ਤੇ ਛੂਛੋ ਨਹੀਂ ਰਹੁ ਰਿਪ ਭੰਗ ਕਰਿ।
ਕੇਸ ਕਛ, ਕਰਦ ਗੁਰੂ ਕੀ ਤੀਨ ਮੁੱਦ੍ਰਾ ਇਹ,
ਪਾਸ ਤੇ ਨਾ ਦੂਰ ਕਰਹੁ ਸਦਾ ਅੰਗ ਸੰਗ ਧਰਿ। (ਰੁਤ ਤੀਜੀ, ਅੰਸੂ 20)

ਇਕ ਫ਼ਾਰਸੀ ਦੇ ਕਵੀ ਨੇ ਕੇਸਾਂ ਨੂੰ ਸਿੱਖੀ ਦਾ ਸਰਬੋਤਮ ਚਿੰਨ੍ਹ ਦੱਸਿਆ ਹੈ ਕਿ ਕੇਸਾਂ ਬਿਨਾਂ ਹੋਰ ਚਿੰਨ ਨਿਰਾਰਥਕ ਹਨ:-

ਨਿਸ਼ਾਨੇ ਸਿਖੀ ਅਸਤ ਈਂ ਪੰਜ ਕਾਫ।
ਹਰਗਿਜ਼ ਨਾ ਬਾਸ਼ਦ ਈਂ ਪੰਜ ਮੁਆਫ।
ਕੜਾ ਕਾਰਦੋ ਕਛ ਕੰਘਾ ਬਿਦਾਂ।
ਬਿਲਾ ਕੇਸ਼ ਹੇਚ ਅਸਤ ਜੁਮਲਾ ਨਿਸ਼ਾਂ।

ਸ਼ਾਇਦ ਇਸੇ ਲਈ ਅੰਮ੍ਰਿਤ ਅਤੇ 'ਸਾਬਤ ਸੂਰਤ ਦਸਤਾਰ ਸਿਰਾ' ਦਾ ਸਰੂਪ ਦੇ ਕੇ ਖਾਲਸਾ ਸਾਜਣ ਦੇ ਅਸਥਾਨ ਨੂੰ ਕੇਸਗੜ੍ਹ ਆਖਿਆ ਗਿਆ ਹੈ ਤੇ ਕੇਸਾਂ ਨੂੰ ਗੁਰੂ ਕੀ ਮੁਹਰ। ਇਸ ਸੰਬੰਧ ਵਿਚ ਵੀ ਚਤੁਰ ਤੇ ਚੁੰਚ ਗਿਆਨੀਆਂ ਵਲੋਂ ਨਵੇਂ ਸਜੇ ਖਾਲਸੇ ਨੂੰ ਭੁਲੇਖਾ ਪਾ ਕੇ ਗੁੰਮਰਾਹ ਕਰਨ ਦਾ ਯਤਨ ਕੀਤਾ ਗਿਆ ਕਿ ਮਾਤਾ ਪਿਤਾ ਦੇ ਮਰਨ 'ਤੇ ਭੱਦਨ

ਕਰਵਾਉਣਾ ਜ਼ਰੂਰੀ ਹੈ। ਪਰ ਗੁਰੂ ਸਾਹਿਬ ਨੇ ਇਹ ਭੁਲੇਖਾ ਦੂਰ ਕਰ ਦਿੱਤਾ ਕਿ ਖਾਲਸੇ ਦੇ ਮਾਪੇ ਅਬਿਨਾਸ਼ੀ ਵਾਹਿਗੁਰੂ ਜੀ ਹਨ, ਇਉਂ ਮਾਪਿਆਂ ਦੇ ਮਰਨ ਤੇ ਭੱਦਨ ਕਰਵਾਉਣ ਦਾ ਸਵ ਹੀ ਪੈਦਾ ਨਹੀਂ ਹੁੰਦਾ। ਕੇਸਾਂ ਦੀ ਬੇਅਬਦੀ ਕਿਸੇ ਹਾਲਤ ਵਿਚ ਨਹੀਂ ਕਰਨੀ। ਕਵੀ ਸੈਨਾਪਤੀ ਲਿਖਦੇ ਹਨ:

ਚੌਪਈ- *ਹੁੱਕਾ ਤਿਆਗੈ ਹਰਿਗੁਨ ਗਾਵੈ।*
ਇਛਾ ਭੋਜਨ ਹਰਿ ਰਸ ਪਾਵੈ।
ਭੱਦਰ ਤਿਆਗ ਕਰੋ ਰੇ ਭਾਈ
ਤਬ ਸਿਖਨ ਯਿਹ ਬਾਤ ਸੁਨਾਈ॥੨੧॥੧੩੭॥

ਮਾਤਿ ਪਿਤਾ ਮਰੇ ਜੇ ਕੋਈ
ਤਉ ਭੀ ਕਰਤ ਨ ਭੱਦਰ ਹੋਈ।
ਮਾਤਾ ਪਿਤਾ ਗੋਬਿੰਦ ਹਮਾਰਾ।
ਏ ਸੰਸਾਰੀ ਝੂਠ ਪਸਾਰਾ॥੨੨॥ ੧੩੮॥

ਤਾ ਪਰ ਭੱਦਰ ਭੂਲ ਨ ਕੀਜੈ।
ਯਹ ਉਪਦੇਸ ਸਤਿ ਕਰ ਲੀਜੈ।
ਭੱਦਰ, ਭਰਮ ਧਰਮ ਕਛੁ ਨਾਹੀ।
ਨਿਹਚੈ ਜਾਨਿ ਸੰਤ ਮਨ ਮਾਹੀਂ॥੨੩॥੧੩੯॥

ਦੋਹਰਾ- *ਸੰਗਤਿ ਭਦਰ ਮਤਿ ਕਰੋ ਖੁਰ ਨ ਲਾਵਉ ਸੀਸ।*
ਮਾਤ ਪਿਤਾ ਕੋਈ ਮਰੈ ਸਤਿਗੁਰ ਕਹੀ ਹਦੀਸ॥੨੪॥੧੪੦॥

(ਸ੍ਰੀ ਗੁਰੂ ਸੋਭਾ ਸਫ਼ਾ ੪੦)

ਚਮਕਦਾ ਲਿਸ਼ਕਦਾ ਖਾਲਸਾ

ਪ੍ਰਗਟਾ ਅਤੇ ਆਪਣੀ ਹੋਂਦ ਮਹਿਸੂਸ ਕਰਵਾਉਣਾ ਖ਼ਾਲਸੇ ਦਾ ਮੀਰੀ ਗੁਣ ਦੱਸਿਆ ਗਿਆ ਹੈ। ਕੋਈ ਸਿੰਘ ਲੁਕ ਕੇ ਵੀ ਲੁਕਿਆ ਨਹੀਂ ਰਹਿ ਸਕਦਾ ਜਿਵੇਂ 'ਗੁੱਝੀ ਹੀਰ ਨ ਰਹੇ ਹਜ਼ਾਰ ਵਿਚੋਂ' ਇਸ ਗੁਣ ਦੀਆਂ ਜੜ੍ਹਾਂ ਹਜ਼ੂਰ ਦੀ ਉਸ ਪ੍ਰਤਿੱਗਿਆ ਵਿਚ ਹਨ ਜੋ ਆਪ ਨੇ ਆਪਣੇ ਗੁਰਦੇਵ ਪਿਤਾ ਦੀ ਸ਼ਹਾਦਤ ਸਮੇਂ ਦਿੱਲੀ ਦੀ ਸੰਗਤ ਵਲੋਂ ਸ਼ਹੀਦ ਗੁਰੂ ਦੇ ਪਵਿੱਤਰ ਧੜ ਦਾ ਸਸਕਾਰ ਕਰਨੋਂ ਕੀਤੀ ਗਈ ਕੋਤਾਹੀ ਨੂੰ ਤੱਕ ਕੇ ਕੀਤੀ ਸੀ। ਹਜ਼ੂਰ ਨੇ ਫ਼ੁਰਮਾਇਆ ਸੀ: ਹੁਣ ਮੈਂ ਪੰਥ ਨੂੰ ਅਜਿਹੀ ਸ਼ਕਲ ਸੂਰਤ ਪ੍ਰਦਾਨ ਕਰਾਂਗਾ ਕਿ ਮੇਰਾ ਸਿੱਖ ਸਹਿਜੇ ਹੀ ਪਛਾਣਿਆ ਜਾ ਸਕੇ, ਜਿਵੇਂ ਬਗਲਿਆਂ ਵਿਚੋਂ ਹੰਸ, ਪਹਾੜਾਂ ਵਿਚੋਂ ਸੁਮੇਰ ਤੇ ਮਿਰਗ ਵਿਚੋਂ ਸ਼ੇਰ। 'ਕਿਉਂਕਿ ਜਿਨ੍ਹਾਂ ਪ੍ਰਾਚੀਨ ਧਰਮਾਂ ਨੇ ਇਨਕਲਾਬੀ ਰੂਪ ਧਾਰਨ ਕੀਤਾ ਉਹਨਾਂ ਦੇ ਆਚਾਰੀਆਵਾਂ ਨੇ ਆਪਣੀ ਰਹਿਤ ਮਰਯਾਦਾ ਵਿਚ 'ਨੀਮੇ ਦਰੂੰ ਨੀਮੇ ਬਰੂੰ' ਵਾਲੀ ਦੁਚਿਤੀ ਅਤੇ ਵੰਡੀਆਂ ਹੋਈਆਂ ਵਫ਼ਾਦਾਰੀਆਂ ਲਈ ਕੋਈ ਥਾਂ ਨਹੀਂ ਰੱਖੀ। ਹਜ਼ਰਤ ਈਸਾ ਨੇ ਜੋ ਸਦਾ ਭੇਖਾਂ ਨੂੰ ਨਿੰਦਦੇ ਰਹੇ, ਆਪਣੇ ਧਰਮ ਵਿਚ ਦਾਖ਼ਲੇ ਲਈ ਬਕਾਇਦਾ ਬਿਪਤਸਮਾਂ ਲੈਣ 'ਤੇ ਜ਼ੋਰ ਦਿੱਤਾ। ਨਿਕੋਡੀਮਸ ਜੋ ਰਾਜ ਦਰਬਾਰ ਵਿਚ ਰਸੂਖ ਵਾਲਾ ਬੰਦਾ ਸੀ, ਲੁਕ ਛਿਪ ਕੇ

ਹਜ਼ਰਤ ਨੇ ਸਾਫ ਉਤਰ ਦਿੱਤਾ ਕਿ ਈਸਾਈਅਤ ਦੀ ਬਾਦਸ਼ਾਹ ਵਿਚ ਦਾਖ਼ਲ ਹੋਣ ਲਈ ਬਿਪਤਸਮਾਂ ਲੈਣਾ ਜ਼ਰੂਰੀ ਹੈ। ਜਦ ਡੱਲੇ ਨੇ ਸੰਗਤ ਵਿਚ ਪੀੜ੍ਹੀ ਜੋਗੀ, ਤਦ ਗੁਰੂ ਗੋਬਿੰਦ ਸਿੰਘ ਨੇ ਫ਼ੁਰਮਾਇਆ ਸੀ, ਡੱਲਿਆ ਅੰਮ੍ਰਿਤ ਛੱਕ ਕੇ ਸਿੰਘ ਸੱਜ ਜਾ।

ਖਾਲਸੇ ਦੀ ਤਾਰੀਫ਼

'ਖਾਲਸਾ' ਮੁਗਲ ਹਕੂਮਤ ਸਮੇਂ ਉਹਨਾਂ ਜ਼ਮੀਨਾਂ ਨੂੰ ਆਖਿਆ ਜਾਂਦਾ ਸੀ, ਜੋ ਜਾਗੀਰਦਾਰੀ ਤੋਂ ਆਜ਼ਾਦ ਸਿੱਧੀਆਂ ਬਾਦਸ਼ਾਹ ਦੇ ਅਧੀਨ ਹੋਣ, ਗੁਰੂ ਗੋਬਿੰਦ ਸਿੰਘ ਨੇ, ਭਾਈ ਗੁਰਦਾਸ ਸਿੰਘ ਦੇ ਸ਼ਬਦਾਂ 'ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ' ਅਨੁਸਾਰ ਸੰਗਤ ਨੂੰ ਮਨੁੱਖਤਾ ਦੀ ਜਾਗੀਰਦਾਰੀ 'ਚੋਂ ਕੱਢ ਕੇ ਅਤੇ ਮਸੰਦਾਂ ਦੀ ਸਰਦਾਰੀ ਤੋਂ ਆਜ਼ਾਦ ਕਰ ਕੇ ਅਕਾਲ ਪੁਰਖ ਨਾਲ ਜੋੜ ਕੇ ਖ਼ਾਲਸਾ ਕੀਤਾ। ਇਹ ਕਾਰਜ ਅਕਾਲ ਪੁਰਖ ਦੀ ਮੌਜ ਮਨਮਰਜ਼ੀ ਅਨੁਸਾਰ ਹੋਇਆ ਅਤੇ ਇਕ ਸੰਤ ਸਿਪਾਹੀਆਂ ਦੀ ਫ਼ੌਜ ਤਿਆਰ ਹੋ ਗਈ।

ਖ਼ਾਲਸਾ ਅਕਾਲ ਪੁਰਖ ਕੀ ਫ਼ੌਜ। ਪ੍ਰਗਟਿਓ ਖਾਲਸਾ ਪਰਮਾਤਮਾ ਕੀ ਮੌਜ।

(ਸਰਬ ਲੋਹ)

'ਖ਼ਾਲਸਾ', ਗੁਰੂ ਪੁਰ ਵਾਸੀ ਭਾਈ ਵੀਰ ਸਿੰਘ ਦੇ ਸ਼ਬਦਾਂ ਵਿਚ 'ਉਸ ਕੌਮ ਦਾ ਨਾਉਂ ਹੈ ਜੋ ਅਜ ਵੈਸਾਖੀ ਦੇ ਦਿਨ ਪੈਦਾ ਹੋਈ। ਖਾਲਸਾ ਹਰੇਕ ਫਰਦ ਦਾ ਨਾਉਂ ਹੈ, ਜਿਹਨਾਂ ਦੇ ਮੂੰਹ ਤੋਂ ਇਹ ਕੌਮ ਬਣੀ। ਖਾਲਸਾ ਗੁਰੂ ਗੋਬਿੰਦ ਸਿੰਘ ਆਪ ਹੈ, ਜਿਹਨਾਂ ਨੇ ਖਾਲਸਾ ਪੈਦਾ ਕੀਤਾ। ਖ਼ਾਲਸਾ ਆਦਰਸ਼ ਹੈ। ਜਿਸ ਤੱਕ ਅਪੜਨੇ ਦੀ ਹਰੇਕ ਸਿੱਖ ਖਾਲਸਾ ਹੁੰਦਿਆਂ, ਖਾਲਸਾ ਕਹਾਉਂਦਿਆਂ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ ਤੇ ਉਹ ਆਦਰਸ਼ ਹਰ ਸਿੱਖ ਦੇ ਨੈਣਾਂ ਅੱਗੇ ਉਸ ਦੀ ਉਚਤਾ ਦੀ ਪਹੁੰਚ ਦਾ ਸਦਾ ਉਚੇਰਾ ਨਿਸ਼ਾਨਾ ਬਣਕੇ ਉਸਨੂੰ ਖਿੱਚਦਾ ਰਹਿੰਦਾ ਹੈ, ਹਰੇਕ ਸਿੱਖ ਲਈ ਉਹ ਇਕ ਉਮਾਹ ਉਛਾਲ ਦਾ ਪਦ ਹੈ ਜੋ ਉਸ ਵਿਚ ਬੀਰਤਾ, ਧੀਰਤਾ, ਕੁਰਬਾਨੀ ਸੇਵਾ ਬਦਲੀ ਤੇ ਉਚ ਜੀਵਨ ਦੇ ਭਾਵਾਂ ਨੂੰ ਉਮਾਹ ਵਿਚ ਲੈ ਆਉਂਦਾ ਹੈ।'

ਇਹ ਉਸ ਸ੍ਵੈ ਭਰੋਸੇ ਦੀ ਚਟਾਨ ਹੈ ਕਿ ਜੋ ਸਿੱਖ ਵਿਚ ਉਸ ਦੇ ਸਦਾ ਵਾਹਿਗੁਰੂ ਦੇ ਹੋਣ ਦਾ ਭਰੋਸਾ ਤੇ ਜਿੱਤ ਦੇ ਭਾਵ ਨੂੰ ਲਈ ਟਿਕਿਆ ਰਹਿੰਦਾ ਹੈ!

ਖ਼ਾਲਸਾ ਇਕ ਸਮੁਦਾਇ ਹੈ ਜੋ ਇਕ ਆਦਰਸ਼ ਦੇ ਹੁਮਾ-ਸਾਏ ਹੇਠ ਤੁਰਦਾ ਹੈ ਤੇ ਹਰ ਸਿੱਖ ਉਸ ਲਈ ਕੁਰਬਾਨੀ ਕਰਨ ਨੂੰ ਫ਼ਖਰ ਸਮਝਦਾ ਹੈ। ਖ਼ਾਲਸਾ ਸਿੱਖ ਹੈ, ਖ਼ਾਲਸਾ ਗੁਰੂ ਹੈ ਤੇ ਓਤਪੋਤ ਇਕ ਜੀਉਂਦੀ ਜਾਗਦੀ ਪ੍ਰਾਗਿਲਭ ਹਸਤੀ ਹੈ।

'ਖ਼ਾਲਸਾ ਕਿਸੇ ਫਿਰਕਾਪ੍ਰਸਤ ਜਮਾਤ ਦਾ ਨਾਂ ਨਹੀਂ। ਇਹ ਪੂਰਨ-ਮਨੁੱਖਤਾ ਦੀ ਸਿਖਰ ਹੈ। ਇਹਦਾ ਵਿਸ਼ਵਾਸ ਬਿਨਾਂ ਤਮੀਜ਼ ਅਤੇ ਵਿਤਕਰੇ ਦੇ ਸਰਬੱਤ ਦੇ ਭਲੇ ਵਿਚ ਹੈ। ਇਹਦਾ ਅਕੀਦਾ ਹੈ ਕਿ ਜੁਰਮ ਉਥੇ ਪਲਦੇ ਹਨ ਜਿਥੇ ਖਿਰਾਜ ਤੇ ਮਾਲ ਦੀ ਤਸ਼ਵੀਸ਼ ਹੋਵੇ। ਇਸੇ ਅਕੀਦੇ ਦੇ ਧਾਰਨੀ ਨੂੰ ਹੀ ਰਾਜ ਕਰਨ ਦਾ ਹੱਕ ਹੈ, ਜੋ ਉਸਨੂੰ ਆਪਣੇ ਸਾਜਨਹਾਰ ਤੋਂ ਵਾਰ ਸਰੂਪ ਪ੍ਰਾਪਤ ਹੋਇਆ। ਸੂਰਜ ਪ੍ਰਕਾਸ਼ ਦੇ ਕਰਤਾ ਲਿਖਦੇ ਹਨ:

ਦੋਹਰਾ- ਬਿਦਿਆ, ਗਿਆਨ ਸੁ ਜੋਗ ਤਿਮ ਸਿਧ ਪਦਾਰਥ ਚਾਰ।
ਪੁੰਨ ਮੈ ਸ਼੍ਰੀਮਦ ਖਾਲਸੇ ਨਿਜ ਤਨ ਧਰਯੋ ਸੁਧਾਰ।

ਖਾੜੀ ਲਗ ਲੱਛਮੀ ਸਗਰੀ ਆਨੇ ਸਾਰ।
ਖੜੇ ਲੜ ਸੰਗ੍ਰਾਮ ਮਹਿ ਖ਼ਾਲਕ ਕਰੇਗੀ ਪਾਰ।
ਖ਼ਾਨ ਖਾਏ ਲਸ਼ਕਰ ਲੜੇ ਕਰੇ ਸਾਰ ਕਾ ਮੇਲ
ਖੰਜੋਗੀ ਲੋਭ ਸਮੇਂ ਸਾਰ ਸੰਘਣੇ ਮਾਂਝ।
ਸੁਨ ਗਿਆਨ ਗੁਨ ਧਿਆਨ ਮੈ ਕਰੇ ਖਾਲਸਾ ਸਾਂਝ।

ਅਰਥਾਤ ਖਾਲਸਾ ਸਮੁੰਦਰ ਤਕ ਦੀ ਮਾਇਆ ਸਮੇਟ ਲਿਆਵੇਗਾ। ਉਹ ਰਣ ਵਿਚ ਪਿੱਠ ਨਹੀਂ ਦੇਵੇਗਾ ਸਗੋਂ ਡੱਟ ਕੇ ਲੜੇਗਾ। ਵਾਹਿਗੁਰੂ ਉਹਨੂੰ (ਸੰਗ੍ਰਾਮ ਦੇ ਸਾਗਰ ਵਿਚੋਂ ਪਾਰ ਕਰੇਗਾ। ਉਹ ਜ਼ਾਲਮ ਖ਼ਾਨਾਂ ਨਵਾਬਾਂ ਨੂੰ ਖਾ ਜਾਏਗਾ ਅਤੇ ਯੁੱਧ ਵਿਚ ਤੇਗਾਂ ਦਾ ਮੇਲ ਕਰੇਗਾ। ਭੋਗਾਂ ਦੇ ਸੁੱਖਾਂ ਅਤੇ ਜੰਗਲਾਂ ਦੇ ਦੁੱਖਾਂ ਵਿਚ ਉਹ ਇਕ ਰਸ ਰਹੇਗਾ ਜੋਗੀ ਬਣਕੇ ਗਿਆਨ ਧਿਆਨ ਅਤੇ ਗੁਣਾਂ ਦੀ ਸਾਂਝ ਕਰੇਗਾ। ਇਹ ਵਰਦਾਨ ਪੂਰੇ ਹੋਏ ਅਤੇ ਅੱਗੋਂ ਪੂਰੇ ਹੁੰਦੇ ਰਹਿਣਗੇ। ਇਹ ਆਸ ਪੂਰਤੀ ਹੀ ਖ਼ਾਲਸੇ ਦੀ ਲਾਜਵਾਬ ਅਬਿਨਾਸ਼ੀ ਜ਼ਿੰਦਗੀ ਹੈ। ਅਜਿਹੇ ਜੀਵਨ ਵਾਲੇ ਖਾਲਸੇ ਦੀ ਸਾਜਨਾ ਦੀ ਘਟਨਾ ਇਤਿਹਾਸ ਦਾ ਬੇਮਿਸਾਲ ਕਾਰਨਾਮਾ ਹੈ:-

The Creation of the Khalsa in India is the culmination of Guru Nanak's genius, and the written character of his word. The Amritam of Tenth Guru completely transmuted the men drawn from the low or high castes of India, drawn from Hindus or the Musalmans. After the Amritam, the Khalsa resmbles no parent type of his own.....

In the Khalsa is his [Guru Gobind Singh's] type of the universal 'Superman' dead drunk with the glories and powers of the Infinite, yet sweet as a woman, innocent as a child, the Bhai, 'brother of all, striking fear in naught, nor himself afraid of aught. "He has given to him also a form which the Great master dreamt for the future universal man of God belonging to no one country, caste or creed. In the Khalsa there is seen the blending of the whole spiritual character of man of the past and future, as if it were a new creation: [Prof. Puran Singh, Ten Masters].

ਭਾਵ ਕਿ ਭਾਰਤ ਵਿਚ ਖਾਲਸੇ ਦੀ ਸਾਜਨਾ ਗੁਰੂ ਨਾਨਕ ਸਾਹਿਬ ਦੀ ਪ੍ਰਤਿਭਾ ਅਤੇ ਬਾਣੀ ਦੀ ਸਫਲਤਾ ਦਾ ਨਤੀਜਾ ਸੀ। ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤਪਾਨ ਕਰਨ ਵਾਲੇ ਲੋਕ ਭਾਵੇਂ ਉਹ ਹਿੰਦੂਆਂ ਦੀਆਂ ਨੀਵੀਆਂ ਜਾਂ ਉੱਚੀਆਂ ਜ਼ਾਤਾਂ ਵਿਚ ਸਨ ਜਾਂ ਮੁਸਲਮਾਨਾਂ ਵਿਚੋਂ ਮੂਲੋਂ ਹੀ ਬਦਲ ਗਏ। ਖਾਲਸੇ ਵਿਚ ਉਹਨਾਂ ਦੇ ਸਾਰਵ ਭੌਮਿਕ ਪਰਮ ਮਨੁੱਖ ਦਾ ਸਰੂਪ ਹੈ ਜਿਸ ਵਿਚ ਰੱਬੀ ਸ਼ਾਨ ਅਤੇ ਸ਼ਕਤੀ ਓਤਪੋਤ ਨਿੱਹਤ ਹੈ ਪਰ ਫੇਰ ਵੀ ਉਹ ਇਸਤਰੀ ਜਿਹਾ ਮ੍ਰਿਦੁਲ ਆਨ, ਬੱਚੇ ਜਿਹਾ ਮਾਸੂਮ, ਸਭ ਦਾ ਭਾਈ ਜੋ 'ਭੈ ਕਾਹੂ ਕੋ ਦੇਤ ਨਾਹਿ, ਨਹਿ ਭੈ ਮਾਨਤ ਆਨ' ਦੇ ਅਸੂਲ ਦਾ ਧਾਰਨੀ ਹੈ। ਦਸਮੇਸ਼ ਜੀ ਨੇ ਖਾਲਸੇ ਨੂੰ ਉਹ ਸਰੂਪ ਵੀ ਦਿੱਤਾ ਜੋ ਉਹਨਾਂ ਦੇਸ਼ ਜਾਤੀ ਤੇ ਫਿਰਕੂ ਆਦਰਸ਼ ਦੇ ਭਾਵ ਤੋਂ ਉਚੇਰੇ

ਭਾਵੀ ਵਿਸ਼ਵ-ਮਨੁੱਖ ਨੂੰ ਮੂਰਤੀਮਾਨ ਕਰਨ ਲਈ ਕਲਪਿਆ। ਖ਼ਾਲਸੇ ਵਿਚ ਬੀਤੇ ਅਤੇ ਭਵਿੱਖ ਦੇ ਮਨੁੱਖ ਦੇ ਸਮੂਹਕ ਆਤਮਕ ਆਚਰਨ ਦਾ ਸੁਮੇਲ ਹੈ ਜਿਵੇਂ ਕਿ ਇਹ ਕੋਈ ਨਵੀਂ ਉਪਜ ਹੋਵੇ।

ਇਸ ਸੰਦਰਭ ਵਿਚ ਖਾਲਸੇ ਦੀ ਸਾਜਨਾ, ਗੁਰੂ ਨਾਨਕ ਸਾਹਿਬ ਦੇ ਮਾਰਗ ਦੀ ਸੰਪੂਰਨਤਾ ਦੀ ਮਹਾਨ ਤੇ ਅਦੁੱਤੀ ਘਟਨਾ ਹੈ ਜੋ 1699 ਈਸਵੀ ਦੀ ਵਿਸਾਖੀ ਨੂੰ ਇਨਕਲਾਬੀ ਹੈਸੀਅਤ ਦਿੰਦੀ ਹੈ ਅਜੋਕੀ ਪੀੜ੍ਹੀ ਦੇ ਨੌਜਵਾਨ ਜੋ ਆਪਣੇ ਨਾਂ ਨਾਲ ਸਿੰਘ ਸ਼ਬਦ ਜੋੜਨ ਦੀ ਥਾਂ ਮਨੁੱਖਤਾ ਦੇ ਟੁੱਕੜੇ ਕਰਦੀਆਂ ਤੇ ਉਚ ਨੀਚ ਦੀ ਦੁਰਭਾਵਨਾ ਜਗਾਉਂਦੀਆਂ ਪੁਰਾਤਨ ਜਾਤਾਂ ਗੋਤਾਂ (ਜਿਨ੍ਹਾਂ ਦੀ ਸੁਤੰਤਰ ਭਾਰਤ ਦੇ ਸੰਵਿਧਾਨ ਅਨੁਸਾਰ ਵੀ ਕੋਈ ਵਿਸ਼ੇਸ਼ਤਾ ਤੇ ਕੀਮਤ ਲਈ (ਨਹੀਂ ਰਹੀ) ਦਾ ਪੱਛੇਤਰ ਲਾਉਣ ਵਿਚ ਮਾਣ ਸਮਝਦੇ ਅਤੇ ਅੰਮ੍ਰਿਤ ਦੀ ਜੀਵਨ ਦਾਤੀ ਅਮੁੱਲ ਦਾਤ ਕਬੂਲਣੋਂ ਸੰਗਦੇ ਹਨ, ਇਸ ਪ੍ਰਸੰਗ ਵਿਚ ਸੋਚਣਾ ਹੈ ਕਿ ਉਹ ਅੰਮ੍ਰਿਤ ਦਾਤਾ ਦੇ ਰਿਣੀ ਹੁੰਦੇ ਹੋਏ ਉਹਨਾਂ ਦਾ ਰਿਣ ਚੁਕਾਉਣ ਲਈ ਕੀ ਕਰ ਰਹੇ ਹਨ?

ਗੁਰਮਤਿ ਪ੍ਰਕਾਸ਼-ਅਪਰੈਲ, 1966.
ਗੁਰਮਤਿ ਮਾਰਗ-ਬੰਬਈ ਅਪਰੈਲ, 1968

ਗੁਰੂ ਗੋਬਿੰਦ ਸਿੰਘ ਜੀ ਦੀਆਂ ਵਿਸਾਖੀਆਂ

'ਮਾਹ ਦਿਵਸ ਮੂਰਤ ਭਲੇ ਜਿਨ ਕਉ ਨਦਰਿ ਕਰੇ।' ਅਨੁਸਾਰ ਸਮੇਂ ਦੇ ਓਹ ਭਾਗ, ਮਹੀਨੇ, ਦਿਨ, ਮਹੂਰਤ ਭਲੇ ਹਨ, ਜਿਨ੍ਹਾਂ ਉਤੇ ਉਹਦੀ ਮੋਹਰ ਹੋਵੇ ਅਤੇ ਓਹ ਇਤਿਹਾਸ ਵਿਚ ਆਪਣੀ ਮਹੱਤਤਾ ਬਣਾ ਲੈਂਦੇ ਹਨ। ਅਜਿਹੇ ਦਿਨਾਂ ਵਿਚੋਂ ਵਿਸਾਖੀ ਵੀ ਇਕ ਹੈ। ਭਾਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਾਵਨ ਤੇ ਪਵਿੱਤਰ ਮਹਾਨ ਉੱਚ ਜੀਵਨ ਦਾ ਹਰ ਪਲ ਤੇ ਘੜੀ, ਕਿਸੇ ਨਾ ਕਿਸੇ, ਪ੍ਰਸਿੱਧ ਜਾਂ ਅਪ੍ਰਸਿੱਧ ਵਡਭਾਗੀ ਘਟਨਾ ਨਾਲ ਉਜਾਗਰ ਹੋਏ ਹਨ ਤੇ ਘਟਨਾਵਾਂ ਉਨ੍ਹਾਂ ਦੀ ਪਵਿੱਤਰ ਛੁਹ ਪ੍ਰਾਪਤ ਕਰਕੇ ਮਹਾਨ ਵਿਪਲਵਾਂ ਤੇ ਕਰਾਂਤੀਆਂ ਦੇ ਪੇਸ਼ ਖੇਮੇ ਸਾਬਤ ਹੋਈਆਂ ਹਨ, ਪਰ ਵਿਸਾਖੀ ਦਾ ਸ਼ੁਭ ਦਿਵਸ ਆਪ ਦੇ ਲਾਸਾਨੀ ਜੀਵਨ ਦੇ ਮਹਾਨ ਕਾਰਨਾਮਿਆਂ ਨਾਲ ਸੰਬੰਧਤ ਹੈ।

ਕੌਮੀ ਤਿਉਹਾਰ-

ਨੌਵੀਂ ਤੇ ਦਸਵੀਂ ਪਾਤਸ਼ਾਹੀ ਦੇ ਸਫਰਾਂ ਦੀ ਸਾਖੀ ਪੋਥੀ ਅਨੁਸਾਰ ਕੈਥਲ ਦੇ ਇਕ ਸਿੱਖ ਦੇ ਪ੍ਰਸ਼ਨ ਦੇ ਉੱਤਰ ਵਿਚ ਗੁਰੂ ਤੇਗ ਬਹਾਦਰ ਸਾਹਿਬ ਨੇ ਫੁਰਮਾਇਆ ਕਿ ਵਿਸਾਖੀ ਗੁਰੂ-ਪੂਜਾ ਦਾ ਦਿਨ ਹੈ। ਇਸ ਪਵਿੱਤਰ ਦਿਨ ਦੀ ਮਹਾਨਤਾ ਤੇ ਮਹੱਤਤਾ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਸ਼ੁਰੂ ਹੋ ਜਾਂਦੀ ਹੈ। ਵਿਸਾਖ ਵਿਚ ਆਪ ਦਾ ਸੁਲੱਖਣਾ ਜਨਮ ਦਿਨ ਮੰਨਣ ਵਾਲਿਆਂ ਵਿਚੋਂ ਪੰਚ ਖੰਡ ਦੇ ਵਿਦਵਾਨ ਇਸ ਸੁਭਾਗੇ ਦਿਨ, ਵਿਸਾਖੀ 27 ਮਾਰਚ, 1468 ਨੂੰ ਹੀ ਆਪ ਦਾ ਅਵਤਾਰ ਦਿਹਾੜਾ ਮੰਨਦੇ ਹਨ। ਪ੍ਰੋ: ਸਾਹਿਬ ਸਿੰਘ ਅਨੁਸਾਰ ਹਜ਼ੂਰ 27 ਮਾਰਚ, 1508 ਨੂੰ ਹਰਦਵਾਰ ਪੁੱਜੇ ਸਨ, ਜਿਥੇ ਆਪ ਨੇ ਲਹਿੰਦੇ ਵਲ ਪਾਣੀ ਦੇ ਕੇ ਸੂਰਜ ਪੂਜਾ ਦਾ ਖੰਡਣ ਕੀਤਾ। 1623 ਦੀ ਵਿਸਾਖੀ ਤੋਂ ਇਹ ਦਿਵਸ, ਗੁਰੂ ਅਮਰਦਾਸ ਜੀ ਦੇ ਹੁਕਮ ਅਨੁਸਾਰ ਭਾਈ ਪਾਰੋ ਨੇ ਹਰ ਸਾਲ ਮਨਾਉਣਾ ਪ੍ਰਚਲਿਤ ਕੀਤਾ ਅਤੇ ਓਦੋਂ ਤੋਂ ਇਹ ਸਿੱਖਾਂ ਦਾ ਕੌਮੀ ਤਿਉਹਾਰ ਬਣ ਗਿਆ। ਹਰ ਸਾਲ ਸਿੱਖ, ਸਤਿਗੁਰਾਂ ਦੇ ਹਜ਼ੂਰ ਧਾਕੇ ਪੁੱਜਦੇ। ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਜੋਤੀ ਜੋਤ ਸਮਾਉਣ ਬਾਦ, ਉਨ੍ਹਾਂ ਵਲੋਂ ਕੀਤੇ ਸੰਕੇਤ 'ਬਾਬਾ ਬਕਾਲੇ' ਦੀ ਪੂਰਤੀ ਲਈ ਜਦ ਨੌਵੇਂ ਪਾਤਸ਼ਾਹ ਦੀ ਢੂੰਡ ਹੋਈ ਤਦ ਭਾਈ ਮੱਖਣ ਸ਼ਾਹ ਲੁਬਾਣੇ ਨੇ 1665 ਈਸਵੀ ਦੀ ਵਿਸਾਖੀ ਸਮੇਂ-ਤਪੀ ਤੇਗ ਬਹਾਦਰ 'ਚੋਂ ਗੁਰੂ ਲੱਭ ਲਿਆ।

ਦਸਮੇਸ਼ ਜੀ ਦੀ ਗੱਦੀ ਨਸ਼ੀਨੀ

11 ਨਵੰਬਰ 1675, ਵੀਰਵਾਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਿੱਲੀ ਦੀ ਜੇਲ੍ਹ ਦੇ ਪਿੱਪਲ ਹੇਠ, ਔਰੰਗਜ਼ੇਬ ਦੇ ਸਿਰ, ਆਪਣੇ ਪਵਿੱਤਰ ਸਰੀਰ ਦਾ ਠੀਕਰਾ ਭੰਨ ਕੇ

ਜੋਤੀ ਜੋਤ ਸਮਾ ਗਏ। ਗਿਆਨੀ ਗਿਆਨ ਸਿੰਘ ਅਨੁਸਾਰ, ਉਨ੍ਹਾਂ ਦੇ ਸਾਹਿਬਜ਼ਾਦੇ, ਗੋਬਿੰਦ ਰਾਏ, 1676 ਦੀ ਵਿਸਾਖੀ (ਜੋ ਵੀਰਵਾਰ 29 ਮਾਰਚ ਨੂੰ ਸੀ) ਵਾਲੇ ਦਿਨ ਗੁਰਗੱਦੀ ਤੇ ਬਿਰਾਜਮਾਨ ਹੋਏ। ਬਾਬੇ ਬੁੱਢੇ ਦੀ ਅੰਸ਼ 'ਚੋਂ ਭਾਈ ਰਾਮ ਕੋਇਰ ਨੇ ਤਿਲਕ ਕੀਤਾ। ਇਸ ਮੌਕੇ ਤੇ ਦਿੱਲੀ ਦੀ ਸੰਗਤ ਨਾਲ ਆਏ ਭਾਈ ਲੱਖੀ ਸ਼ਾਹ ਲੁਬਾਣੇ ਨੇ ਦੱਸਿਆ ਕਿ ਕਿਵੇਂ ਹਕੂਮਤ ਵਲੋਂ ਚੈਲੰਜ ਕੀਤਾ ਗਿਆ ਸੀ ਕਿ ਜਿਸ ਦੀ ਹਿੰਮਤ ਹੋਵੇ, ਸ਼ਹੀਦ ਗੁਰੂ ਦਾ ਧੜ ਸਸਕਾਰ ਲਈ ਲੈ ਜਾਏ, ਪਰ ਡਰਦਾ ਮਾਰਾ ਕੋਈ ਨਾ ਨਿਤਰਿਆ। ਭਾਈ ਉਦੇ ਦੀ ਪ੍ਰੇਰਨਾ ਅਤੇ ਗੁਰੂ ਦੀ ਪ੍ਰਦਾਨ ਕੀਤੀ ਅਣਖੀਲੀ ਹਿੰਮਤ ਨਾਲ ਓਹਨੇ ਵਗਦੇ ਝੱਖੜ ਅਤੇ ਸਰਕਾਰੀ ਪਹਿਰੇ ਵਿਚ ਗੁਰੂ ਜੀ ਦੇ ਪਵਿੱਤ੍ਰ ਧੜ ਨੂੰ ਚੁੱਕ ਕੇ ਆਪਣੇ ਗੱਡੇ ਵਿਚ ਰੱਖ ਲਿਆ ਅਤੇ ਘਰ ਜਾ ਕੇ ਆਪਣੇ ਕੋਠੇ ਨੂੰ ਅੱਗ ਲਾ ਕੇ ਸਸਕਾਰ ਕਰ ਦਿੱਤਾ। ਬਾਲ-ਗੁਰੂ ਇਹ ਸਭ ਕੁਝ ਬੜੇ ਠਰ੍ਹੰਮੇ, ਗੌਹ ਅਤੇ ਤੌਖਲੇ ਨਾਲ ਸੁਣਦੇ ਰਹੇ। ਅਖੀਰ ਬੜੇ ਜਲਾਲ ਵਿਚ ਆ ਕੇ, ਭਾਈ ਸੰਤੋਖ ਸਿੰਘ ਅਨੁਸਾਰ ਫੁਰਮਾਉਣ ਲੱਗੇ ਕਿ ਹੁਣ ਸਿੱਖਾਂ ਨੂੰ ਮੈਂ ਅਜਿਹਾ ਬਾਣਾ ਤੇ ਤਿਆਗ ਭਰੀ ਅਣਖ ਪ੍ਰਦਾਨ ਕਰਾਂਗਾ ਕਿ ਉਹ ਜ਼ੁਲਮ ਸਿਤਮ ਸਾਹਵੇਂ ਛੁਪ ਕੇ ਤੇ ਛਹਿ ਕੇ ਨਹੀਂ ਰਹਿਣਗੇ, ਓਹ ਇਉਂ ਪ੍ਰਗਟ ਹੋਣਗੇ ਜਿਵੇਂ ਮਿਰਗਾਂ 'ਚੋਂ ਸ਼ੇਰ:

ਸ੍ਰੀ ਗੋਬਿੰਦ ਸਿੰਘ ਸੁਨਿ ਕਰ ਐਸੇ
ਗਰਜਤ ਬੋਲੇ ਜਲਧਰ ਜੈਸੇ।
ਇਸ ਬਿਧ ਕੋ ਅਬਿ ਪੰਥ ਬਨਾਵੌਂ।
ਸਕਲ ਜਗਤ ਮਹਿਂ ਬਹੁ ਬਿਦਤਾਵੌਂ ॥੮॥
ਲਾਖਹੁੰ ਜਗ ਕੇ ਨਰ ਕੇ ਇਕ ਥਾਇ।
ਤਿਨ ਮਹਿਂ ਮਿਲੇ ਏਕ ਸਿਖ ਜਾਇ।
ਸਭ ਮਹਿਂ ਪ੍ਰਥਕ ਪਛਾਨਯੋ ਪਰੈ।
ਰਲੇ ਨ ਕਯੋਹੂੰ ਕੈ ਸਿਹੁੰ ਸਿਉਂ ਕਰੈਂ ॥੯॥
ਜਥਾ ਬਕਨ ਮਹਿ ਹੰਸ ਨਾ ਛਿਪੈ।
ਗ੍ਰਿਸ਼ਿਨਿ ਵਿਖੈ ਮੇਰੁ ਜਿਮ ਦਿਪੈ।
ਜਿਉਂ ਖਰਗਨ ਮੈਂ ਬਲੀ ਤੁਰੰਗ।
ਜਥਾ ਮ੍ਰਿਗਨ ਮੈਂ ਕੇਹਰਿ ਅੰਗ ॥੧੦॥
ਤਿਮ ਨਾਨਾ ਭੇਖਨ ਕੋ ਮਾਂਹਿ।
ਮਮ ਸਿਖ ਕੋ ਸਗਲੇ ਪਰਖਾਂਹਿ।
ਸੁਨਤਿ ਸਭਾ ਸਭ ਬਿਸਮੈ ਹੋਈ
ਬਾਕ ਅਚਾਨਕ ਜਾਨਤਿ ਸੋਈ ॥੧੧॥ ਸੂਰਜ ਪ੍ਰਕਾਸ਼; ਰੁਤ ਪਹਿਲੀ ਅੰਸੂ-7

ਇਹ ਮਹਾਨ ਪ੍ਰਤਿੱਗਿਆ 23 ਸਾਲ ਬਾਦ 1699 ਈਸਵੀ ਦੀ ਵਿਸਾਖੀ ਨੂੰ ਪੂਰੀ ਹੋਈ। ਇਸ ਦੀ ਪੂਰਤੀ ਲਈ 10 ਸਾਲ ਦੀ ਆਯੂ ਦੇ ਬਾਲ ਗੁਰੂ 33 ਸਾਲ ਦੀ ਉਮਰ ਤੱਕ ਮਨੁੱਖਤਾ ਦੀ ਉਲਝੀ ਤਾਣੀ ਸੁਲਝਾਉਣ ਦਾ ਨਿਰੰਤਰ ਯਤਨ ਕਰਦੇ ਰਹੇ। ਗੁਰਬਾਣੀ ਦੀ ਸੰਭਾਲ ਲਈ ਵੀ ਪੌਰਖ ਕਰਦੇ ਰਹੇ। ਇਸ ਮੌਕੇ (1733 ਬਿਕਰਮੀ ਦੀ ਵਿਸਾਖੀ ਤੇ) ਆਪ

ਜੀ ਦੇ ਦਰਬਾਰੀ ਲਿਖਾਰੀ ਭਾਈ ਹਰਦਾਸ ਜੀ ਦੀ ਨੌਵੇਂ ਪਾਤਸ਼ਾਹ ਦੇ ਸਮੇਂ ਆਰੰਭ ਕੀਤੀ 'ਆਦਿ ਗ੍ਰੰਥ ਸਾਹਿਬ ਦੀ ਬੀੜ, ਨੌਵੇਂ ਮਹਲ ਦੀ ਬਾਣੀ ਸਮੇਤ ਸੰਪੂਰਨ ਹੋਈ। ਇਹ ਬੀੜ ਇਸ ਸਮੇਂ ਸਿੱਖ ਰੈਫ੍ਰੈਂਸ ਲਾਇਬ੍ਰੇਰੀ ਅੰਮ੍ਰਿਤਸਰ ਵਿਚ ਬਿਰਾਜਮਾਨ ਹੈ। ਆਰੰਭ ਵਿਚ ਨੌਵੇਂ ਪਾਤਸ਼ਾਹ ਦਾ ਨੀਸਾਣ ਹੈ ਅਤੇ ਅੰਤ ਵਿਚ ਲਿਖਾਰੀ ਦੀ ਲਿਖਤ 'ਚੋਂ ਨਿਮਰਤਾ ਤੇ ਗੁਰੂ ਭਗਤੀ ਡੁਲ੍ਹ ਡੁਲ੍ਹ ਪੈਂਦੀ ਹੈ।

'ਗ੍ਰੰਥ ਸੰਪੂਰਨ ਹੋਆ, ਲਿਖਿਆ ਹਰਿਦਾਸ ਲਿਖਾਰੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਲਿਖਿਆ, ਭੂਲ ਚੁਕ ਹੋਵੇ ਸੋ ਸੋਧਨਾ, ਗੁਲਾਮ ਪਤਿਤ ਅਘ ਪਤਿਤ ਹਰਿਦਾਸ ਲਿਖਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ।'

ਸ੍ਰੀ ਮਾਤਾ ਜੀਤੋ ਜੀ ਨਾਲ ਸੰਬੰਧ

ਸੰਮਤ 1737, ਵੈਸਾਖੀ (29 ਮਾਰਚ, 1680, ਸੋਮਵਾਰ) ਦੇ ਮਹਾਂ ਸਮਾਗਮ ਪੁਰ ਆਇਆ ਇਕ ਲਾਹੌਰ ਵਾਸੀ ਕੁਮਰਾਓ ਖੱਤਰੀ ਆਪਣੀ ਕੰਨਿਆਂ 'ਜੀਤੋ' ਦਾ ਸ਼ਗਨ ਸਾਹਿਬਾਂ ਦੇ ਪੱਲੇ ਪਾ ਗਿਆ। ਸ਼ਾਦੀ ਕਰਨ ਲਈ ਆਪ ਲਾਹੌਰ ਨਾ ਗਏ, ਸਗੋਂ ਮਾਖੋਵਾਲ (ਆਨੰਦਪੁਰ) ਤੋਂ ਤਿੰਨ-ਚਾਰ ਕੋਹ ਦੀ ਵਿੱਥ 'ਤੇ ਆਪਣੇ ਲਾਹੌਰੀ ਸਹੁਰਾ ਸਾਹਿਬ ਦੀ ਇੱਛਾ ਪੂਰਨ ਕਰਨ ਹਿੱਤ ਆਪ ਨੇ 'ਗੁਰੂ ਕਾ ਲਾਹੌਰ' ਵਸਾਇਆ। ਇਥੇ 22 ਜੂਨ, 1686 ਐਤਵਾਰ, (24 ਹਾੜ 1743 ਬਿਕਰਮੀ) ਨੂੰ ਸ੍ਰੀ ਮਾਤਾ ਜੀਤੋ ਜੀ ਨਾਲ ਸ਼ਾਦੀ ਕੀਤੀ। ਉਨ੍ਹਾਂ ਦੇ ਉਦਰੋਂ ਤਿੰਨ ਪੁੱਤਰ ਰਤਨ ਉਤਪੰਨ ਹੋਏ। ਸੰਮਤ 1746 ਚੇਤਰ 21 (19 ਮਾਰਚ1989 ਮੰਗਲਵਾਰ) ਨੂੰ ਸਾਹਿਬ ਜ਼ੋਰਾਵਰ ਸਿੰਘ ਅਤੇ 1753 ਮੱਘਰ 29 (29 ਨਵੰਬਰ 1696 ਐਤਵਾਰ) ਨੂੰ ਸਾਹਿਬ ਜੁਝਾਰ ਸਿੰਘ ਜੀ ਅਤੇ 29 ਮਾਘ 1754 (28 ਜਨਵਰੀ 1698 ਵੀਰਵਾਰ) ਨੂੰ ਸਾਹਿਬਜ਼ਾਦਾ ਫਤਹ ਸਿੰਘ ਜੀ।

ਸੰਗਤ ਕੀਨੀ ਖਾਲਸਾ

1690 ਦੀ ਵਿਸਾਖੀ ਸਮੇਂ ਭਾਈ ਦੂਨੀ ਚੰਦ ਕਾਬੁਲ ਤੋਂ ਬਹੁਤ ਵਧੀਆ ਤੇ ਸੁੰਦਰ ਊਨੀ ਸ਼ਮਿਆਨਾ ਭੇਟਾ ਕਰਨ ਆਇਆ। ਇਸ ਉਤੇ ਸੋਨੇ ਚਾਂਦੀ ਦੀਆਂ ਤਾਰਾਂ ਨਾਲ ਕਮਾਲ ਕਾਰੀਗਰੀ ਦਾ ਫੁੱਲ ਬੂਟੇ ਦਾ ਕੰਮ ਕੀਤਾ ਹੋਇਆ ਸੀ। ਇਹ ਤੰਬੂ ਸ਼ਾਹੀ ਖੇਮੇ ਤੋਂ ਵਧ ਕੀਮਤੀ ਅਤੇ ਸੁੰਦਰ ਸੀ। ਇਕ ਅਨੁਮਾਨ ਅਨੁਸਾਰ, ਗੁਰੂ ਸਾਹਿਬ ਨੂੰ ਭੇਟ ਕੀਤੀਆਂ ਵਸਤਾਂ ਵਿਚੋਂ ਇਹ ਸਭ ਤੋਂ ਵੱਧ ਮੁੱਲਵਾਨ ਸ਼ੈ ਸੀ, ਜਿਸ ਉੱਤੇ ਢਾਈ ਲੱਖ ਰੁਪਈਆ ਖਰਚ ਆਇਆ ਸੀ।

The Costliest and most magnificient of such present said to have been made to him on the occasion of Basiakhi in 1680, was a woollen tent on which were embroidered in gold and silver Numerous objects and scences of beauty and splendour. The tent was the humble offering of a sikh from Kabul named Dunichand. Others also

helped him in preparation. Its magnificence surpassed that even the emperor

(Page 259, Advanced studies in ths history of Punjab by Dr. G. S. Chhabra)

ਇਸ ਅਦੁੱਤੀ ਤੰਬੂ ਦੀ ਸ਼ਾਨ ਪ੍ਰਸਾਦੀ ਹਾਥੀ ਭੇਟ ਕੀਤੇ ਜਾਣ ਨਾਲ ਹੋਰ ਵੀ ਵਧ ਗਈ। ਇਹ ਚਿੱਟਾ ਹਾਥੀ (ਪ੍ਰਿੰਸੀਪਲ ਸਾਹਿਬ ਸਿੰਘ ਅਨੁਸਾਰ) ਗੋਰੀਪੁਰ (ਜੋ ਢਾਕੇ ਤੋਂ ਉਤਰ ਵਲ ਪੂਰਬੀ ਬੰਗਾਲ-ਪਾਕਿਸਤਾਨ ਵਿਚ ਹੈ) ਦੇ ਜ਼ਿਮੀਂਦਾਰ ਅਤੇ ਗੁਰੂ ਤੇਗ ਬਹਾਦਰ ਸਾਹਿਬ ਦੇ ਸਿੱਖ, ਰਾਜਾ ਰਾਮ ਰਾਏ ਦੇ ਪੁੱਤਰ ਰਤਨ ਰਾਏ ਨੇ ਆਪਣੇ ਪਿਤਾ ਦੀ ਮ੍ਰਿਤੂ ਪਿਛੋਂ, ਆਪਣੀ ਮਾਤਾ ਸਮੇਤ, ਗੁਰੂ ਦਰਸ਼ਨ ਕਰਕੇ ਆਨੰਦਪੁਰ ਆਕੇ ਭੇਂਟ ਕੀਤਾ। ਇਹਨਾਂ ਅਮੁੱਲ ਵਸਤੂਆਂ ਨੂੰ ਕਿਸੇ ਆਨੇ ਬਹਾਨੇ ਪ੍ਰਾਪਤ ਕਰਨ ਵਿਚ ਅਸਫਲ ਰਹਿਕੇ ਰਾਜਾ ਭੀਮ ਚੰਦ ਨੇ, ਆਪਣੇ ਕੁੜਮ ਫਤਹ ਸ਼ਾਹ ਗੜ੍ਹਵਾਲੀਏ ਤੋਂ ਗੁਰੂ ਸਾਹਿਬ ਉਤੇ ਹੱਲਾ ਕਰਵਾਇਆ, ਜਿਸਦੇ ਫਲ ਸਰੂਪ ਭੰਗਾਣੀ ਯੁੱਧ ਹੋਇਆ। (ਸਿੱਖ ਇਤਿਹਾਸ ਵਿੱਚ ਵਿਸਾਖੀਆਂ-ਸ੍. ਰਣਜੀਤ ਸਿੰਘ 'ਖੜਗ' ਦਾ ਲੇਖ)—ਸੰਪਾਦਕ

ਭਾਈ ਨੰਦ ਲਾਲ ਗੋਯਾ

'ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ' ਸਫ਼ਾ 85 'ਤੇ ਦਰਜ ਹੈ ਕਿ ਸੰਮਤ 1739 ਬਸੋਏ ਦਰਸ, ਯਾਨੀ ਵਿਸਾਖੀ (ਬੁਧਵਾਰ, 29 ਮਾਰਚ 1682) ਉਪਰ ਮੁਲਤਾਨੀ ਸੰਗਤ ਨਾਲ ਫਾਰਸੀ ਦੇ ਉਤਮ ਵਿਦਵਾਨ ਤੇ ਸ਼ਾਇਰ ਭਾਈ ਨੰਦ ਲਾਲ ਗੋਯਾ ਸਤਿਗੁਰਾਂ ਦੀ ਸ਼ਰਨ ਆਏ, ਆਪਣੀ ਰਚੀ ਪੁਸਤਕ 'ਬੰਦਗੀਨਾਮਾ' ਸਾਹਿਬਾਂ ਦੇ ਭੇਟ ਕਰਕੇ, ਸਿੱਖੀ ਦਾਨ ਮੰਗਿਆ। ਸਾਹਿਬਾਂ ਜਥਾ ਜੋਗ ਆਦਰ ਕਰਕੇ ਸਿੱਖ ਸਜਾਇਆ ਤੇ ਪੁਸਤਕ ਦਾ ਨਾਮ ਬਦਲ ਕੇ ਜ਼ਿੰਦਗੀ-ਨਾਮਾ ਰਖਿਆ।

ਭਾਈ ਸਾਹਿਬ ਦੀ ਕਵਿਤਾ ਖ਼ਾਲਸ ਪ੍ਰੇਮ ਸਿਦਕ ਤੇ ਸ਼ਰਧਾ ਹੈ, ਸਿੱਖੀ ਦੀ ਵਿਆਖਿਆ ਹੈ ਤੇ ਸਿੱਖਾਂ ਵਲੋਂ ਫਾਰਸੀ ਸਾਹਿਤ ਨੂੰ ਅਮੁੱਲ ਦੇਣ ਹੈ। ਉਹ ਗੁਰੂ ਗੋਬਿੰਦ ਸਿੰਘ ਦੇ ਆਸ਼ਿਕੇ ਸਾਦਿਕ ਸਨ ਜੋ ਆਪਣੇ ਮਹਿਬੂਬ ਦੀ ਹਜ਼ੂਰੀ ਨੂੰ ਬਹਾਰ ਦਾ ਦਰਜਾ ਦਿੰਦੇ ਹਨ ਅਤੇ ਆਪਣੇ ਪ੍ਰੀਤਮ ਦੇ ਅਮੁੱਲ ਤੇ ਪਵਿੱਤਰ ਕੇਸਾਂ ਦੀ ਇਕ ਇਕ ਤਾਰ ਤੋਂ ਦੋਨੋਂ ਜਹਾਨ ਵਾਰਦੇ ਹਨ:-

ਦੀਨ ਦੁਨੀਆਂ ਦਰ ਕਮੰਦੇ ਆਂ ਪਰੀ ਰੁਖ਼ਸਾਰੇ ਮਾ।
ਹਰ ਦੋ ਆਲਮ ਕੀਮਤੇ ਯਕ ਤਾਰੇ ਮੂਏ ਯਾਰੇ ਮਾ।

ਸੰਮਤ 1740 (1683 ਈ:) ਵਿਚ ਭਾਈ ਸਾਹਿਬ, ਸਤਿਗੁਰਾਂ ਦੀ ਸਫ਼ਾਰਸ਼ ਨਾਲ ਬਾਦਸ਼ਾਹਜ਼ਾਦਾ ਮੁਅੱਜ਼ਮ ਦੀ ਸਰਕਾਰ ਵਿਚ ਪੇਸ਼ਕਾਰ ਲਗ ਗਏ, ਭਾਈ ਸਾਹਿਬ ਦੀ ਮਾਰਫ਼ਤ ਸਿਆਸੀ ਔਕੜਾਂ ਹੱਲ ਹੁੰਦੀਆਂ ਰਹੀਆਂ। ਰਾਜਾ ਅਜਮੇਰ ਚੰਦ ਬਿਲਾਸਪੁਰੀਏ ਦੀ ਉਕਸਾਹਟ 'ਤੇ 20 ਨਵੰਬਰ 1693 ਨੂੰ ਕਿਲਿਕਿਲਾ ਦੇ ਮੁਕਾਮ ਤੋਂ ਔਰੰਗਜ਼ੇਬ ਨੇ ਫੌਜਦਾਰ

ਸਰਹੰਦ ਰਾਹੀਂ ਗੁਰੂ ਸਾਹਿਬ ਨੂੰ ਤਾੜਨਾ ਕਰ ਭੇਜੀ ਕਿ ਉਹ ਸੱਚਾ ਪਾਤਸ਼ਾਹ ਨਾ ਅਖਵਾਉਣ*, ਲਸ਼ਕਰ ਜਮਾ ਨਾ ਕਰਨ, ਝਰੋਖੇ ਬਹਿ ਕੇ (ਬਾਦਸ਼ਾਹਾਂ ਵਾਂਗ) ਦਰਸ਼ਨ ਨਾ ਦੇਣ, ਵਰਨਾ ਉਨ੍ਹਾਂ ਦਾ ਘਰ ਘਾਟ ਬਰਬਾਦ ਕਰਕੇ ਉਨ੍ਹਾਂ ਨੂੰ ਦੇਸੋਂ ਕੱਢ ਦਿੱਤਾ ਜਾਵੇਗਾ। ਫੇਰ 13 ਜੁਲਾਈ 1696 ਨੂੰ ਸ਼ਹਿਜ਼ਾਦੇ ਮੁਅੱਜ਼ਮ ਨੂੰ ਮੁਲਤਾਨ ਦੀ ਸੂਬੇਦਾਰੀ ਦੇ ਕੇ, ਆਗਰੇ ਤੋਂ ਪੰਜਾਬ ਤੋਰਿਆ ਗਿਆ। ਭਾਈ ਸਾਹਿਬ ਦੀ ਪ੍ਰੇਰਨਾ ਕਰਕੇ ਸ਼ਹਿਜ਼ਾਦਾ ਆਨੰਦਪੁਰ ਵਲ ਨਾ ਢੁਕਾ। ਬਾਦਸ਼ਾਹ ਨੇ ਇਹ ਤੱਕ ਕੇ, ਸ਼ਹਿਜ਼ਾਦੇ ਦੇ ਵਕੀਲ ਜਾਫਰ ਬੇਗ ਨੂੰ, ਗੁਰੂ ਸਾਹਿਬ ਬਾਰੇ ਰੀਪੋਰਟ ਭੇਜਣ ਲਈ ਨੀਯਤ ਕੀਤਾ। ਓਹਨੇ ਸਾਰੀ ਸਹੀ ਹਕੀਕਤ ਦਸ ਕੇ ਪਹਾੜੀ ਰਾਜਿਆਂ ਦੀ ਕੁੱਟਲਤਾ ਨੂੰ ਉਜਾਗਰ ਕੀਤਾ। ਪਰ ਸ਼ੱਕੀ ਸੁਭਾਅ ਵਾਲੇ ਔਰੰਗਜ਼ੇਬ ਦੀ ਤਸੱਲੀ ਫੇਰ ਵੀ ਨਾ ਹੋਈ। ਸ਼ਹਿਜ਼ਾਦੇ ਨੂੰ ਅਹਿਦੀਏ ਭੇਜਣ ਦੀ ਤਾਕੀਦ ਕੀਤੀ ਗਈ। ਸ਼ਹਿਜ਼ਾਦੇ ਨੇ ਆਨੰਦਪੁਰ ਦੇ ਗੁਆਂਢੀ ਪਹਾੜੀ ਰਾਜਿਆਂ ਪਾਸੋਂ ਕਰ ਉਗ੍ਰਾਹੁਣ ਲਈ ਅਹਿਦੀਏ ਭੇਜ ਦਿੱਤੇ, ਜਿਨ੍ਹਾਂ ਮਿਰਜ਼ਾ ਬੇਗ ਦੀ ਰਿਪੋਰਟ ਦੀ ਪੁਸ਼ਟੀ ਕੀਤੀ। 1756 ਫਗਣ 3 (31 ਜਨਵਰੀ 1700) ਤੋਂ ਕਾਬਲ ਦੀ ਸੂਬੇਦਾਰੀ ਦੇ ਨਾਲ ਨਾਲ ਸ਼ਹਿਜ਼ਾਦਾ ਮੁੱਅਜ਼ਮ ਨੂੰ ਲਾਹੌਰ ਦਾ ਸੂਬੇਦਾਰ ਵੀ ਨੀਯਤ ਕੀਤਾ ਗਿਆ। ਭਾਈ ਸਾਹਿਬ ਦੇ ਅਸਰ ਰਸੂਖ ਸਦਕੇ ਸ਼ਹਿਜ਼ਾਦੇ ਦੀ ਸਿੱਧੀ ਟੱਕਰ ਹਜ਼ੂਰ ਨਾਲ ਨਾ ਹੋਈ। ਇਸਦਾ ਹੀ ਫਲ ਸੀ ਕਿ ਔਰੰਗਜ਼ੇਬ ਦੀ ਮੌਤ ਤੋਂ ਬਾਦ, ਭਾਈ ਸਾਹਿਬ ਦੇ ਆਖਣ 'ਤੇ ਹਜ਼ੂਰ ਨੇ ਇਸ ਸ਼ਹਿਜ਼ਾਦੇ ਦੀ ਮਦਦ ਲਈ ਆਪਣਾ ਲਸ਼ਕਰ ਅਤੇ ਅਸੀਸ ਭੇਜੀ, ਸ਼ਹਿਜ਼ਾਦਾ ਜਿੱਤ ਗਿਆ।

ਰਵਾਲਸਰ ਤੇ ਹਰਿਦਵਾਰ

ਅੰਧੀ ਅਤੇ ਗਿਆਨ-ਵਿਹੂਣੀ ਰਈਅਤ ਨੂੰ ਗਿਆਨ-ਚਾਨਣ, ਆਤਮ ਤ੍ਰਾਣ ਅਤੇ ਅਣਖ ਆਣ ਬਖਸ਼ਣ ਲਈ ਹਜ਼ੂਰ ਨੇ ਆਪਣਾ ਪ੍ਰਚਾਰ-ਘੇਰਾ ਹੋਰ ਚੌੜਾ ਕੀਤਾ ਅਤੇ ਜਨਤਾ ਨਾਲ ਸੰਪਰਕ ਵਧਾਇਆ। ਹਕੂਮਤ ਵਿਰੁਧ ਖੜਾ ਕਰਨ ਲਈ ਅਖੌਤੀ ਲੜਾਕੇ ਰਾਜਪੂਤ ਰਾਜਿਆਂ ਨੂੰ ਵੰਗਾਰ ਕੇ ਇਕ ਥਾਂ ਜੁੜ ਬਹਿਣ ਲਈ ਆਖਿਆ। ਸੰਮਤ 1748 ਦੀ ਵਿਸਾਖੀ (ਐਤਵਾਰ, 29 ਮਾਰਚ 1691) ਨੂੰ ਆਪ ਰਾਜਿਆਂ ਦੇ ਇਕੱਠ ਉਪਰ ਰਵਾਲਸਰ ਦੇ ਪ੍ਰਸਿੱਧ ਤੀਰਥ 'ਤੇ ਪੁਜੇ। ਰਾਜਿਆਂ ਨੂੰ ਆਪਣਾ ਉਦੇਸ਼ ਤੇ ਆਦਰਸ਼ ਦੱਸਿਆ। ਜਖ ਰਾਜ ਤੇ ਭੁਜੰਗ ਸਰਦਾਰ ਨਾਲ ਵਿਚਾਰ ਕਰਕੇ ਅਗਲੇ ਜੰਗ ਜੁਧਾਂ ਦਾ ਪ੍ਰੋਗਰਾਮ ਡੌਲਿਆ। ਇਥੇ

---

* ਗੁਰੂ ਜੀ ਵਲੋਂ ਇਸਦਾ ਮੁਨਾਸਿਬਿ- ਹਾਲ ਉਤਰ ਦੇ ਦਿੱਤਾ ਗਿਆ ਅਰੁ ਧਰਮ-ਯੁੱਧ ਦੀਆਂ ਤਿਆਰੀਆਂ ਅਰੰਭ ਦਿੱਤੀਆਂ ਗਈਆਂ। ਪੰਥ ਜੁਦਾ ਕਰਨ ਲਈ ਪੱਕਾ ਇਰਾਦਾ ਕਰਕੇ, ਦੇਸ਼ ਪਰਦੇਸਾਂ ਵਿਚ ਮਸੰਦਾਂ ਵਲ ਹੁਕਮਨਾਮੇ ਭੇਜ ਦਿੱਤੇ ਗਏ ਕਿ "ਕੋਈ ਸਿੱਖ ਕਿਸੇ ਹਾਲਤ ਵਿਚ ਭੀ ਹਜਾਮਤ (ਭੱਦਣ) ਨਾ ਕਰਾਵੇ। ਸਾਰੇ ਸਾਬਿਤ ਸੂਰਤਿ ਰਹਿਣ ਤੇ ਸੰਤਾਨ ਦੇ ਕੇਸ ਜਮਾਂਦਰੂ ਕਾਇਮ ਰੱਖਣ। ਸਾਰੇ ਸਿੱਖ ਸ਼ਸਤ੍ਰਧਾਰੀ ਬਣਨ। ਅਗਲੀ ਵੈਸਾਖੀ ਪਰ ਦਰਸ਼ਨ ਕਰਨ ਔਣ ਤਾਂ ਸਕੇਸ਼ ਤੇ ਸੁਸ਼ਤ੍ਰ ਹੋਣ।"

"1693, 20 November-News from sirhind-Gobind declared himself Nanak. Faurjdar orderd to prevent him from assembling a force,' ਅਖ਼ਬਾਰਾਤ ਦਰਬਾਰ ਮੁਅੱਲਾ 'ਸਿੱਖ ਇਤਿਹਾਸ ਦੇ ਪ੍ਰਤੱਖ ਦਰਸ਼ਨ'

ਹੀ ਰਾਣੀਆਂ ਨਾਲ ਦਰਸ਼ਨ ਕਰਨ ਆਈ ਅਨਿਨ ਸ਼ਰਧਾਵਾਨ ਚੰਬੇ ਦੀ ਰਾਜ ਕੁਮਾਰੀ ਪਦਮਾ ਨੂੰ ਹਜ਼ੂਰ ਤੋਂ ਜੀਅ ਦਾਨ ਪ੍ਰਾਪਤ ਹੋਇਆ। ਮੱਥਾ ਟੇਕਣ ਆਈ ਰਾਜਕੁਮਾਰੀ ਦੀ ਪਿੱਠ 'ਤੇ ਆਪ ਨੇ ਆਪਣੀ ਕਮਾਨ ਨਾਲ ਥਾਪੜਾ ਦਿੱਤਾ। ਸ਼ੰਕਾ ਕਰਨ 'ਤੇ ਆਪਨੇ ਫੁਰਮਾਇਆ ਕਿ ਆਪ ਨੇ ਸਿਵਾਏ ਆਪਣੀ ਮਾਤਾ ਜੀ ਅਤੇ ਪਤਨੀਆਂ ਤੋਂ, ਕਿਸੇ ਗ਼ੈਰ ਇਸਤਰੀ ਨੂੰ ਕਦੇ ਨਹੀਂ ਛੋਹਿਆ।

ਇਸ ਤਰ੍ਹਾਂ ਜੀਵਾਂ ਦਾ ਉਧਾਰ ਕਰਦੇ ਆਪ 1752, ਚੇਤਰ 2 (ਵੀਰਵਾਰ 28 ਫਰਵਰੀ 1695 ਈਸਵੀ) ਨੂੰ ਹਰਿਦਵਾਰ ਪੁੱਜ ਗਏ। ਵਿਸੋਏ ਦਾ ਜੋੜ ਮੇਲ ਆਪ ਨੇ ਇਥੇ ਈ ਕੀਤਾ ਅਤੇ ਕਈ ਜਗਿਆਸੂਆਂ ਨੂੰ ਜੀਆ ਦਾਨ ਦਿੱਤਾ।

ਬਚਿੱਤਰ ਨਾਟਕ ਦੀ ਰਚਨਾ

ਕਿਵੇਂ ਇਕ ਛੋਟੀ ਘਟਨਾ ਦੇ ਬੀਜ 'ਚੋਂ ਮਹਾਨ ਘਟਨਾ ਦਾ ਬ੍ਰਿਛ ਉਗ ਪੈਂਦਾ ਹੈ, ਇਹ ਹਜ਼ੂਰ ਦੀ ਬਚਿੱਤ੍ਰ ਨਾਟਕ ਦੀ ਰਚਨਾ ਤੋਂ ਪ੍ਰਗਟ ਹੁੰਦਾ ਹੈ। ਇਹ ਵੀ ਗਿਆਨ ਵਿਹੂਣੀ ਜਨਤਾ ਵਿਚ ਗਿਆਨ ਪ੍ਰਸਾਰਨ ਦੇ ਯਤਨਾਂ ਦੀ ਇਕ ਕੜੀ ਸੀ। ਪੰਜ ਸਿੱਖਾਂ ਨੂੰ ਉਚੇਰੀ ਵਿਦਿਆ ਪ੍ਰਾਪਤੀ ਲਈ ਆਪ ਨੇ ਕਾਂਸ਼ੀ ਭੇਜਿਆ। ਆਪਣੇ ਦਰਬਾਰੀ ਕਵੀਆਂ ਪਾਸੋਂ ਪੁਰਾਤਨ ਗ੍ਰੰਥਾਂ ਦਾ ਅਨੁਵਾਦ ਕਰਵਾਇਆ, ਜਿਹਾ ਕਿ ਮਹਾਂ ਭਾਰਤ, ਚਾਣਕਯ ਨੀਤੀ, ਹਿਤੋਪਦੇਸ਼, ਪਿੰਗਲ ਸਾਰ ਆਦਿ। ਇਸ ਸੰਬੰਧ ਵਿਚ ਆਪ ਨੇ ਆਪਣੀ ਲੇਖਣੀ ਦੇ ਜੌਹਰ ਵੀ ਦੱਸੇ। ਸੰ: 1754 ਦੀ ਵੈਸਾਖੀ (ਸੋਮਵਾਰ, 29 ਮਾਰਚ 1697) ਦੇ ਮਹਾਂ ਸਮਾਗਮ ਉਪਰ ਇਕੱਠੀ ਹੋਈ ਸੰਗਤ ਵਿਚੋਂ, ਇਕ ਪਵਿੱਤਰ ਆਤਮਾ ਸਿੱਖ ਨੇ ਅਭਿਲਾਖੀਆਂ ਦੇ ਕਲਿਆਨ ਹਿਤ, ਸਤਿਗੁਰਾਂ ਪਾਸ ਪ੍ਰਾਰਥਨਾ ਕੀਤੀ ਕਿ:

'ਸਭ ਪ੍ਰਤਾਪ ਜਗਦੀਸ ਕੋ, ਕਹੋ ਸਕਲ ਬਿਧਿ ਤੈਨ?'

(ਅਕਾਲ ਉਸਤਤ)

ਇਸ ਪ੍ਰਸ਼ਨ ਦੀ ਪੂਰਤੀ ਹਿੱਤ ਸਤਿਗੁਰਾਂ ਨੇ ਬਚਿੱਤਰ ਨਾਟਕ ਗ੍ਰੰਥ ਲਿਖਿਆ, ਜੋ

'ਨਮਸਕਾਰ ਸ੍ਰੀ ਖੜਗ ਕੋ, ਕਰੌਂ ਸੁ ਹਿਤ ਚਿਤ ਲਾਇ।
ਪੂਰਨ ਕਰੌਂ ਗ੍ਰੰਥ ਇਹੁ, ਤੁਮ ਮੋਹਿ ਕਰਹੁ ਸਹਾਇ।'

ਤੋਂ ਆਰੰਭ ਹੋ ਕੇ ਅਵਤਾਰ ਲੀਲਾ ਦਾ ਅੰਤਕਾ-ਸ਼ਬਦ ਸ੍ਵੈਯਾਂ ਉਪਰ ਪੂਰਨ ਹੁੰਦਾ ਹੈ। ਇਸ ਵਿਚ ਪੂਰਵ-ਆਰੀਆ ਅਤੇ ਆਰੀਆ ਕਾਲ ਦੇ ਮਿਥਿਹਾਸਕ ਸਾਹਿਤ ਦਾ ਖ਼ਜ਼ਾਨਾ ਭਰਿਆ ਪਿਆ ਹੈ। ਇਸ ਵਿਚ ਵਿਸ਼ਨੂੰ, ਬ੍ਰਹਮਾ, ਸ਼ਿਵ ਦੇ ਅਵਤਾਰਾਂ ਅਤੇ ਕਲਕੀ ਤੇ ਮੀਰ ਮਹਿੰਦੀ ਦੀਆਂ ਕਥਾਆਂ ਅਤੇ ਚੰਡੀ ਚਰਿੱਤਰ ਤੋਂ ਬਿਨਾਂ ਹਜ਼ੂਰ ਨੇ ਆਪਣੀਆਂ ਜੀਵਨ ਘਟਨਾਵਾਂ ਲਿਖੀਆਂ ਹਨ। ਅਜਿਹਾ ਅਦੁੱਤੀ ਮਹਾਨ ਗ੍ਰੰਥ ਭਾਰਤ ਦੀ ਹੋਰ ਕਿਸੇ ਭਾਸ਼ਾ ਵਿਚ ਨਹੀਂ ਲਿਖਿਆ ਗਿਆ।

ਪੰਥ ਦੀ ਸਾਜਨਾ

ਗੁਰੂ ਨਾਨਕ ਦੇਵ ਜੀ ਨੇ 1499 ਵਿਚ ਵੇਈਂ ਨਦੀ ਵਿਚ ਚੁੱਭਾ ਲਾ ਕੇ ਸਤਿਨਾਮ ਦਾ ਮੰਤਰ ਲਿਆਂਦਾ ਤੇ 'ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ' ਦਾ ਨਾਹਰਾ ਲਾ ਕੇ ਮਨੁੱਖਤਾ ਦੀ ਏਕਤਾ ਦਾ ਦ੍ਰਿੜ੍ਹ ਸੰਕਲਪ ਜਗਤ ਦੇ ਸਾਹਮਣੇ ਰਖਿਆ ਅਤੇ ਇਨਸਾਨ ਨੂੰ ਹੁਕਮ

ਰਜਾਈਂ ਚੱਲ ਕੇ ਸਚਿਆਰਾ ਬਣਨ ਦਾ ਗੁਰ ਦੱਸਿਆ। ਗੁਰੂ ਅੰਗਦ ਦੇਵ ਜੀ ਨੇ ਸੇਵਾ ਤੇ ਸਿਮਰਨ ਦਾ ਆਦਰਸ਼ ਸਾਹਮਣੇ ਰੱਖਿਆ। ਗੁਰੂ ਅਮਰਦਾਸ ਜੀ ਨੇ ਕੱਚੇ ਤੇ ਸੱਚੇ ਗੁਰੂ ਦੀ ਪਛਾਣ ਦੱਸੀ। ਗੁਰੂ ਰਾਮਦਾਸ ਜੀ ਨੇ ਸਿੱਖੀ ਦਾ ਕੇਂਦਰ ਕਾਇਮ ਕੀਤਾ। ਗੁਰੂ ਅਰਜਨ ਦੇਵ ਨੇ ਸਾਂਝਾ ਉਪਦੇਸ਼ ਦੇਣ ਲਈ ਧਰਮ ਗ੍ਰੰਥ ਰਚਿਆ ਅਤੇ ਸੱਚ ਉਤੋਂ ਬਲੀਦਾਨ ਹੋਣਾ ਦੱਸਿਆ ਛੇਵੇਂ ਸਤਿਗੁਰੂ ਨੇ ਦੇਗ ਦੀ ਸੰਭਾਲ ਲਈ ਤੇਗ ਦੀ ਵਰਤੋਂ ਕਰਨ ਲਈ ਦੋ ਤਲਵਾਰਾਂ ਬੱਧੀਆਂ ਅਤੇ ਅਕਾਲ ਤਖਤ ਕਾਇਮ ਕਰਕੇ ਸੱਚੀ ਪਾਤਸ਼ਾਹਤ ਦਾ ਡੰਕਾ ਵਜਾਇਆ। ਆਪ ਦੇ ਢਾਡੀਆਂ ਨੇ ਆਪ ਦੀ ਅਜ਼ਮਤ ਜਹਾਂਗੀਰ ਤੋਂ ਉਚੇਰੀ ਦੱਸੀ ਹੈ।

ਦੋ ਤਲਵਾਰੀ ਬੱਧੀਆਂ ਇਕ ਮੀਰੀ ਦੀ ਇਕ ਪੀਰੀ ਦੀ।
ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ।
ਹਿਮਤ ਬਾਹਾਂ ਕੋਟ ਗੜ੍ਹ, ਦਰਵਾਜ਼ਾ ਬਲਖ਼ ਬਖ਼ੀਰ ਦੀ।
ਕਟਕ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗੀਰ ਜੀ।
ਪੱਗ ਤੇਰੀ, ਕੀ ਜਹਾਂਗੀਰ ਦੀ।

ਸੱਤਵੇਂ ਪਾਤਸ਼ਾਹ ਨੇ ਜ਼ਾਲਿਮ ਤੇ ਗ਼ਾਸਿਬ ਭਰਾ ਦੇ ਟਾਕਰੇ ਤੇ ਦਾਰਾ ਸ਼ਿਕੋਹ ਦੀ ਮਦਦ ਕਰਕੇ ਔਰੰਗਜ਼ੇਬ ਦੀ ਕਰੋਪੀ ਸਹੀ। ਅੱਠਵੇਂ ਸਤਿਗੁਰਾਂ ਨੇ ਸਿੱਖਾਂ ਨੂੰ ਸੱਚੇ ਗੁਰੂ ਦੀ ਚੋਣ ਦਾ ਪਰਚਾ ਪਾਇਆ। ਨੌਵੇਂ ਨਾਨਕ ਨੇ ਮਜ਼ਲੂਮਾਂ ਦੀ ਬਾਂਹ ਫੜ ਕੇ ਧਰਮ ਹੇਤ ਸਾਕਾ ਕੀਤਾ। ਇਸ ਸਮੇਂ ਤੱਕ ਗੁਰੂ ਨਾਨਕ ਦੇ ਕਲਪਿਤ 'ਸਚਿਆਰੇ' ਦੀ ਰੂਪ ਰੇਖਾ ਮੁਕੰਮਲ ਹੋ ਚੁੱਕੀ ਸੀ। ਹੁਣ ਉਸ ਤਸਵੀਰ ਨੂੰ ਬੁਰਸ਼ ਦੀ ਆਖਰੀ ਛੁਹ ਦੀ ਲੋੜ ਸੀ। 23 ਸਾਲ ਦੀਆਂ ਸੋਚਾਂ ਤੇ ਘਾਲਣਾਂ ਉਪਰੰਤ ਸੂਰਮੇ ਗੁਰੂ ਦੇ ਦਿਮਾਗ਼ ਵਿਚੋਂ ਖਾਲਸੇ ਦਾ ਤਸੱਵਰ ਪਰਪੱਕ ਹੋ ਕੇ ਨਿਕਲਿਆ। ਜਦ ਆਪ ਦੇ ਰਵਾਲਸਰ ਦੇ ਉਪਦੇਸ਼ ਦਾ ਜਾਤ ਅਭਿਮਾਨੀ ਪਹਾੜੀ ਰਾਜਿਆਂ ਤੇ ਕੋਈ ਅਸਰ ਨਾ ਹੋਇਆ ਤਾਂ ਆਮ ਨੇ ਬਿਗਾਨੇ ਪੁੱਤਰਾਂ ਦਾ ਮੂੰਹ ਚੁੰਮਣ ਦੀ ਥਾਂ ਆਪਣੇ ਪੁੱਤਰਾਂ-ਸਿੱਖਾਂ ਨੂੰ ਹੀ ਅੰਮ੍ਰਿਤ ਛਕਾ ਕੇ ਪਾਤਸ਼ਾਹੀ ਦੇਣ ਦਾ ਮਨ ਬਣਾ ਲਿਆ—

ਫਿਰ ਸਤਿਗੁਰੁ ਚਿਤ ਸੋਝੀ ਆਈ।
ਏਹ ਕਬ ਸਿੱਖ ਬਨੈਂ ਹਮ ਆਈ।
ਮੁਖਤ ਨਿਆਮਤ ਇਨ ਕਿਮ ਦਯੈ॥
ਕਿਮ ਪੁਤ ਬਿਗਾਨੇ ਮੁੱਖ ਚੁਮਯੈ।੧੬।

ਓਇ ਪੱਥਰ ਪੂਜਕ ਭਿੱਜ ਨ ਨੀਰੋ।
ਓਇ ਆਦਿ ਅਕ੍ਰਿਤਘਣ ਘਰ ਗੁਰ ਤੀਰੋ।

ਰਜਪੂਤ ਸਦਾਵੈਂ ਆਪ ਸਿਪਾਹੀ।
ਓਇ ਕਹੈਂ ਕਦੋਂ ਗੁਰ ਦਈ ਪਤਿਸ਼ਾਹੀ॥੧੭॥
ਅਬ ਦਯੈ ਪਤਿਸਾਹੀ ਗਰੀਬਨ ਉਠਾਇ।
ਵੇ ਜਾਨੈ ਗੁਰੁ ਦਈ ਹੈ ਮਾਇ।੧੮।
ਦੋਹਰਾ
ਦਯੀ ਚੀਜ਼ ਚਹੈ ਗ੍ਰੀਬ ਕਉ,
ਕਿਉ ਅਤਿ ਦਯੋ ਅਖਾਇ।

ਯਹਿ ਦਯਾਵਾਨ ਘਰ ਗੁਰੂ ਕੋ,
ਅਰ ਗਰੀਬ ਨਿਵਾਜ ਅਵਾਇ॥੧੯॥

ਚੌਪਈ
ਇਨ ਗ੍ਰਿਬ ਸਿੰਘਨ ਕੌ ਦਯੈ ਪਾਤਸ਼ਾਹੀ।
ਏ ਯਾਦ ਰਖੈਂ ਹਮਰੀ ਗੁਰਆਈ
ਤੌ ਸਦਿ ਸਤਿਗੁ ਸਿਖ ਲਲਕਾਰੇ।
ਫੜੋ ਸ਼ਸਤ੍ਰਨ ਲਿਹੁ ਤੁਰਕਨ ਮਾਰ॥੨੩॥

ਇਸੇ ਲਈ ਸਤਿਗੁਰਾਂ ਨੇ ਸਿੱਖਾਂ ਨੂੰ ਸਨੱਧਬੱਧ ਰਹਿਣ ਦਾ ਹੁਕਮ ਦਿੱਤਾ। ਫੇਰ ਵੀ ਕਈ ਸਿੱਖ ਪੂਰਨ ਭਾਂਤ ਅਭੈ ਨਹੀਂ ਸਨ ਹੁੰਦੇ। ਜਾਣੀ ਜਾਣ ਸਤਿਗੁਰਾਂ ਨੂੰ ਇਹ ਚਰਨ ਪਾਹੁਲ ਦਾ ਨਤੀਜਾ ਦਿਸ ਪਿਆ। ਇਸ ਲਈ ਆਪ ਨੇ ਖੰਡੇ ਦੀ ਤੇਜ ਪਾਹੁਲ ਅਤੇ ਕੋਈ ਉਚੇ ਭਾਵ ਤੇ ਦਾਈਏ ਵਾਲਾ ਨਾਉਂ ਦੇਣ ਦਾ ਫੈਸਲਾ ਕੀਤਾ—

ਸੇਹਲੀ ਟੋਪੀ ਸਿਰਧਰੈਂ, ਦਾਸਹਿ, ਨਾਮ ਕਹਾਇ॥
ਹੁਤੀ ਦਯਾ ਮੱਧ ਰੂਪ ਬਹੁ ਇਹ ਨਤਿੰ ਸ਼ਸਤ੍ਰ ਫੜਾਇ॥੩੦॥
ਅਬ ਸਿੱਖਨ ਰੂਪ ਪਲਟਾਈਐ
ਤੇਜ ਧਾਰੀ ਜਿਮ ਲਖ ਭੌ ਖਾਈਐ
ਤੇਜ ਨਾਮ ਕੋਊ ਇਨੈ ਧਰੱਯੈ
ਕਰ ਪਾਹੁਲ ਇਨੈ ਤੇਜ਼ ਪਿੱਲਯੈ॥੩੧॥ (ਰਤਨ ਸਿੰਘ ਭੰਗੂ)

ਇਕ ਹੋਰ ਕਾਰਨ 'ਖਾਲਸਾ' ਕਰਨ ਦਾ, ਮਸੰਦ ਪ੍ਰਥਾ ਦਾ ਪਤਨ ਸੀ। ਮਸੰਦ ਫਾਰਸੀ ਸ਼ਬਦ ਮਸਨਦ ਦਾ ਅਪਨਾਇਆ ਹੋਇਆ ਰੂਪ ਹੈ, ਜਿਸ ਦਾ ਅਰਥ ਤਖ਼ਤ, ਗੱਦੀ ਆਦਿ ਹੈ। ਇਹ ਸ਼ਬਦ ਸਿੱਖਾਂ ਵਿਚੋਂ ਉਨ੍ਹਾਂ ਉੱਚ ਕਰਨੀ ਵਾਲੇ ਮਹਾਂ ਪੁਰਖਾਂ ਲਈ ਵਰਤਿਆ ਜਾਂਦਾ ਸੀ ਜੋ ਸਿੱਖੀ ਦਾ ਪ੍ਰਚਾਰ ਕਰਦੇ ਸਨ ਅਤੇ ਸੰਗਤਾਂ ਦੇ ਮੋਹਰੀ ਹੁੰਦੇ ਸਨ। ਜਿਹੜੇ ਸਤਿਗੁਰਾਂ ਵਲੋਂ ਬਖ਼ਸ਼ੀਆਂ ਮੰਜੀਆਂ ਤੇ ਪੀੜ੍ਹਿਆਂ 'ਤੇ ਬੈਠ ਕੇ ਉਪਦੇਸ਼ ਕਰਦੇ ਤੇ ਜੋ ਦੂਰ ਬੈਠੇ ਸਿੱਖ ਗੁਰੂ ਸਾਹਿਬ ਦੇ ਹਜ਼ੂਰ ਨਾ ਆ ਸਕਦੇ ਹੋਣ ਉਨ੍ਹਾਂ ਦੀ ਕਾਰ ਭੇਟ ਇਕੱਠੀ ਕਰ ਲਿਆਉਣ। ਮੋਹਸਨ ਫਾਨੀ ਕਰਤਾ ਦਬਿਸਤਾਨੇ ਮਜਾਹਬ ਲਿਖਦਾ ਹੈ-

ਮਰਦਮ ਬਤਵਸਤੇ ਆਂ ਮਸੰਦ, ਸਿਖੇ ਗੁਰੂ ਸ਼ੁਦਨ ਗ੍ਰਿਫਤੰਦ ਵਾ ਮਸੰਦਾਨੇ ਬਜ਼ੁਰਗ ਕਿ ਜਮਏ ਕਸੀਰ ਬਤਵਸਤੇ ਤੇ ਏਸ਼ਾਂ ਸਿਖੇ ਗੁਰੂ ਸ਼ੁਦੰਦ, ਅਜ਼ ਜਾਨ ਬੇਖ਼ੁਦ ਨਾਇਬਾਂ ਤਈਅਨ ਨਮੂਦੰਦ ਤਾਂ ਦਰ ਹਰ ਜਾਏ ਵ ਮਹੱਲੇ ਬਤਵਸਤੇ ਗੁਮਾਸ਼ਤਾਏ ਮਸੰਦ, ਮੇਲੀਏ ਆਂ ਮਸੰਦ ਸ਼ੁਦਾ ਸਿਖੇ ਗੁਰੂ ਗਰਦੰਦ।

ਭਾਵ ਕਿ ਮਸੰਦਾਂ ਦੀ ਮਾਰਫਤ ਲੋਕ ਗੁਰੂ ਦੇ ਸਿੱਖ ਬਣਨ ਲਗੇ। ਜਿਹੜੇ ਮਸੰਦਾਂ ਰਾਹੀਂ ਬਹੁਤ ਗਿਣਤੀ ਵਿਚ ਲੋਕ ਗੁਰੂ ਕੇ ਸਿੱਖ ਬਣਦੇ ਸਨ, ਉਨ੍ਹਾਂ ਨੇ ਆਪਣੀ ਵਲੋਂ ਆਪਣੇ ਨਾਇਬ (ਸਹਾਇਕ) ਨੀਯਤ ਕੀਤੇ। ਇਸ ਤਰ੍ਹਾਂ ਹਰ ਗਲੀ ਮਹੱਲੇ ਵਿਚ ਇਨ੍ਹਾਂ ਸਹਾਇਕਾਂ ਰਾਹੀਂ ਲੋਕ ਸਿੱਖ ਬਣਨ ਲਗੇ, ਜਿਨ੍ਹਾਂ ਨੂੰ ਮਸੰਦਾਂ ਦੇ ਮੇਲੀ ਆਖਿਆ ਜਾਂਦਾ ਸੀ। ਪਰ ਮਾਇਆ ਦੇ ਪ੍ਰਭਾਵ ਹੇਠ ਇਹ ਮਸੰਦ ਲੋਕ ਲਾਲਚੀ ਤੇ ਬੇਈਮਾਨ ਹੋ ਗਏ। ਸਿੱਖ ਇਨ੍ਹਾਂ ਹੱਥੋਂ ਦੁਖੀ ਹੋ ਗਏ। ਇਸ ਲਈ ਵੀ ਸਤਿਗੁਰਾਂ ਨੇ ਸੰਗਤ ਨੂੰ ਸਿੱਧੇ ਤੌਰ 'ਤੇ ਆਪਣੇ ਨਾਲ ਜੋੜ

ਲਿਆ। ਮਸੰਦਾਂ ਦੀ ਵਿਚੋਲਗੀਰੀ ਖ਼ਤਮ ਕਰਕੇ ਸੰਗਤ ਨੂੰ ਖਾਲਸਾ ਕਰ ਲਿਆ। ਖਾਲਸਾ ਦਾ ਅਰਥ ਹੈ ਉਹ ਜ਼ਮੀਨਾਂ, ਜੋ ਸਿੱਧੀਆਂ ਬਾਦਸ਼ਾਹ ਦੇ ਅਧੀਨ ਹੋਣ, ਜਾਗੀਰਦਾਰਾਂ ਕੋਲ ਨਾ।

ਇਸ ਦ੍ਰਿਸ਼ਟੀ-ਕੋਣ ਤੋਂ ਦੂਜਾ ਪੱਖ ਇਹ ਸੀ ਕਿ ਦੇਵੀ ਦੇਵਤਿਆਂ ਦੀ ਤਾਬਿਆ 'ਚੋਂ ਵਹਿਮੀ ਲੋਕਾਂ ਨੂੰ ਆਜ਼ਾਦ ਕਰਾ ਕੇ ਇਕ ਅਕਾਲ ਪੁਰਖ ਦੇ ਲੜ ਲਾ ਕੇ ਖਾਲਸਾ ਪੈਦਾ ਕੀਤਾ:

'ਅੰਮ੍ਰਿਤ ਛਕਾ ਸਾਨੂੰ ਗੋਦੀ ਤੈਂ ਲੀਤਾ,
ਅਣਖ ਜਗਾਈ ਉੱਚਾ ਵੇ ਕੀਤਾ,

ਦਿਤਾ ਜੋੜ ਸਾਈਂ ਦੇ ਨਾਲ ਜੀ ਜੋਤਾਂ ਅੰਦਰ ਜਗਾਈਆਂ।
ਕਲਗੀ ਵਾਲਿਆ ਤੇਰੇ ਕਮਾਲ ਜੀ ਕੌਮਾਂ ਮੋਈਆਂ ਜਵਾਈਆਂ।

(ਭਾਈ ਵੀਰ ਸਿੰਘ)

ਇਹ ਮਹਾਨ ਕਾਰਨਾਮਾ 1756 ਬਿ: ਦੀ ਵਿਸਾਖੀ ਨੂੰ ਹੋਇਆ, ਜਿਸ ਸਾਲ ਕਿ ਮਹਾਨ ਕੁੰਭ ਸੀ ਅਤੇ ਜੋਤਸ਼ੀ ਕਹਿ ਰਹੇ ਸਨ ਕਿ ਇਸ ਸਾਲ ਕੋਈ ਅਲੋਕਾਰੀ ਹੋਵੇਗੀ। ਇਹ ਅਲੋਕਾਰੀ ਖਾਲਸਾ ਪ੍ਰਗਟ ਹੋਣ ਦੇ ਰੂਪ ਵਿਚ ਮੂਰਤੀਮਾਨ ਹੋਈ। ਆਪ ਦੇ ਵੰਗਾਰ ਪਾਉਣ 'ਤੇ ਪੰਜ ਪੂਰਨ ਤਿਆਗੀ 'ਪੰਚ ਪ੍ਰਵਾਨ' ਬਣ ਕੇ ਨਿਕਲੇ। ਇਨ੍ਹਾਂ ਨੂੰ ਪਹਿਲਾਂ ਆਪ ਨੇ ਅੰਮ੍ਰਿਤ ਛਕਾਇਆ ਤੇ ਪਿਛੋਂ ਇਨ੍ਹਾਂ ਤੋਂ ਆਪ ਛਕਿਆ ਅਤੇ ਗੁਰ-ਚੇਲਾ ਅਖਵਾਏ:

ਹਰਿ ਸਚੇ ਤਖਤ ਰਚਾਇਆ ਸਤਸੰਗਤ ਮੇਲਾ।
ਨਾਨਕ ਨਿਰਭਉ ਨਿਰੰਕਾਰ ਵਿਚ ਸਿਧਾਂ ਖੇਲਾ।
ਗੁਰ ਸਿਮਰ ਮਨਾਈ ਕਾਲਕਾ ਖੰਡੇ ਦੀ ਵੇਲਾ।
ਪੀਵਹੁ ਪਾਹੁਲ ਖੰਡੇਧਾਰ ਹੋਏ ਜਨਮ ਸੁਹੇਲਾ।
ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ।

ਆਦਿ ਗ੍ਰੰਥ ਦਾ ਪੁਨਰ ਸੰਕਲਣ

ਡਾਕਟਰ ਇੰਦੂ ਭੂਸ਼ਨ ਬੈਨਰਜੀ ਦੇ ਸ਼ਬਦਾਂ ਵਿਚ ਭਾਵੇਂ ਕੁਝ ਵੀ ਹੋਵੇ, ਇਸ ਗੱਲ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਗੁਰੂ ਗੋਬਿੰਦ ਸਿੰਘ ਨੂੰ ਹਿੰਦੂਸਤਾਨ ਦੇ ਸਾਰੇ ਸਮਿਆਂ ਦੇ ਸਭ ਤੋਂ ਵੱਡੇ ਵਿਅਕਤੀਆਂ ਵਿਚੋਂ ਗਿਣਿਆ ਜਾਣਾ ਚਾਹੀਦਾ ਹੈ.....। ਉਨ੍ਹਾਂ ਨੇ ਨਿਰਾਸਤਾ, ਢੈਂਹਦੀਆਂ ਕਲਾਂ ਦੇ ਹਨੇਰੇ ਚੌਗਿਰਦੇ ਵਿਚ ਆਸ ਤੇ ਆਜ਼ਾਦੀ ਦਾ ਸੁਨੇਹਾ ਦਿੱਤਾ। ਉਨ੍ਹਾਂ ਨੇ ਕਰੋ ਜਾਂ ਮਰੋ ਦਾ ਦ੍ਰਿੜ੍ਹ ਇਰਾਦਾ ਪੈਦਾ ਕਰ ਦਿੱਤਾ। ਉਨ੍ਹਾਂ ਨੇ ਨਾ ਕੇਵਲ ਇਕ ਚੇਤੰਨ ਤੇ ਜੀਉਂਦੀ ਜਾਗਦੀ ਇਖਲਾਕੀ ਸ਼ਕਤੀ ਨੂੰ ਜਨਮ ਦਿੱਤਾ, ਸਗੋਂ ਇਸ ਸ਼ਕਤੀ ਦੇ ਮਗਰ ਪਦਾਰਥਾਂ ਤੇ ਵਸੀਲਿਆਂ ਦੀ ਮਾਇਕ ਗੱਡੀ ਨੂੰ ਵੀ ਜੋ ਦਿੱਤਾ। ਉਹ ਸੰਤ ਵੀ ਸਨ ਤੇ ਸਿਪਾਹੀ ਵੀ। ਜਿਹਾ ਕਿ ਉਨ੍ਹਾਂ ਖੁਦ ਆਖਿਆ ਉਨ੍ਹਾਂ ਦੀ ਕਿਸੇ ਨਾਲ ਦੁਸ਼ਮਣੀ ਨਹੀਂ ਸੀ, ਪਰ ਉਹ ਜ਼ੁਲਮ ਤੇ ਧੱਕੇ ਦੇ ਆਦੀ-ਸਦੀਵੀ ਦੁਸ਼ਮਣ ਸਨ, ਭਾਵੇਂ ਜ਼ੁਲਮ ਸਮਾਜਕ ਹੋਵੇ ਭਾਵੇਂ ਧਾਰਮਿਕ, ਭਾਵੇਂ ਰਾਜਨੀਤਕ ਤੇ ਭਾਵੇਂ ਕਿਸੇ ਹੋਰ ਕਿਸਮ ਦਾ। ਉਨ੍ਹਾਂ ਨੇ ਇਸ ਵਿਰੁੱਧ ਇਕ ਅਮੁਕ ਜੰਗ ਦਾ ਐਲਾਨ ਕਰ ਦਿੱਤਾ ਤੇ ਇਸ ਜੰਗ ਨੂੰ ਲੜੀ ਚੱਲਣ ਲਈ ਖਾਲਸੇ ਨੂੰ ਜਨਮ ਦਿੱਤਾ। ਇਹ

ਕੋਈ ਅਤਿਕਥਨੀ ਨਹੀਂ ਸੀ। ਖਾਲਸੇ ਦੇ ਜਨਮ ਤੋਂ ਬਾਦ ਗੁਰੂ ਸਾਹਿਬ ਨੂੰ ਚੈਨ ਨਾਲ ਬੈਠਣਾ ਨਸੀਬ ਨਹੀਂ ਹੋਇਆ। ਉਨ੍ਹਾਂ ਨੂੰ ਆਨੰਦਪੁਰ ਛੱਡਣਾ ਪਿਆ। ਚਾਰ ਜਿਗਰ ਦੇ ਟੋਟੇ, ਪਿਆਰੀ ਮਾਤਾ ਅਤੇ ਹਜ਼ਾਰਾਂ ਸਿੱਖ ਆਪਣੇ ਆਦਰਸ਼ ਤੋਂ ਕੁਰਬਾਨ ਕਰ ਦਿੱਤੇ। ਚਮਕੌਰ ਯੁੱਧ ਤੋਂ ਬਾਦ ਮਾਛੀਵਾੜੇ, ਰਾਏ ਕੋਟ, ਦੀਨੇ ਕਾਂਗੜ ਥੋੜਾ ਚਿਰ ਠਹਿਰਦੇ ਆਪ ਮੁਕਤਸਰ ਯੁੱਧ ਪਿਛੋਂ ਸਾਬੋ ਕੀ ਤਲਵੰਡੀ (ਦਮਦਮੇ ਸਾਹਿਬ) ਆ ਟਿਕੇ ਇਥੇ ਦੂਜਾ ਆਨੰਦਪੁਰ ਕਾਇਮ ਹੋ ਗਿਆ। ਸਿੱਖ ਦੂਰੋਂ ਦੂਰੋਂ ਪਹੁੰਚ ਪਏ। ਡਾਕਟਰ ਟ੍ਰੰਪ ਅਨੁਸਾਰ ਇਥੇ ਇੱਕ ਲੱਖ ਵੀਹ ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ। ਇਥੇ ਵਿਦਿਅਕ ਕੇਂਦਰ ਕਾਇਮ ਕਰ ਕੇ ਆਪਨੇ ਇਹਨੂੰ ਗੁਰੂ ਕੀ ਕਾਸ਼ੀ ਹੋਣ ਦਾ ਮਾਣ ਦਿੱਤਾ ਤੇ ਮਾਲਵੇ ਦੀ ਮਾਰੂ ਧਰਤੀ, ਜਿਥੇ ਕਿੱਕਰਾਂ, ਕਰੀਰਾਂ, ਪੀਲੂਆਂ, ਪੀਂਝੂਆਂ ਤੋਂ ਬਿਨਾਂ ਕੁਝ ਘਟ ਹੀ ਉਗਦਾ ਸੀ, ਨੂੰ ਵਰਦਾਨ ਦਿੱਤਾ ਕਿ ਇਥੇ ਨਹਿਰਾਂ ਵਗਣਗੀਆਂ। ਕਣਕਾਂ, ਕਮਾਦਾਂ ਫਲਾਂ ਫੁੱਲਾਂ ਨਾਲ ਇਹ ਧਰਤੀ ਗੁਲਜ਼ਾਰ ਹੋਵੇਗੀ। ਇਥੇ ਹੀ ਮਾਤਾ ਸੁੰਦਰੀ ਜੀ ਨੂੰ ਆਪ ਨੇ ਧਰਵਾਸ ਦਿੰਦੇ ਹੋਏ ਇਹ ਇਤਿਹਾਸਕ ਮਹਾਂ ਵਾਕ ਉਚਾਰਨ ਕੀਤਾ ਸੀ ਕਿ ਆਪਣੇ ਪੁੱਤਰਾਂ ਦੇ ਬਲੀਦਾਨ ਦਾ ਗ਼ਮ ਨਾ ਕਰੋ, ਖਾਲਸਾ ਤੁਹਾਡੀ ਅਮਰ ਔਲਾਦ ਹੈ:

ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।
ਚਾਰ ਮੁਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।

ਇਥੇ ਹੀ 1706 ਈਸਵੀ ਦੀ ਵਿਸਾਖੀ ਨੂੰ ਆਪ ਨੇ ਮੁੜ ਓਹ ਮਹਾਨ ਕਾਰਜ ਆਰੰਭ ਕੀਤਾ ਜੋ ਗੁਰੂ ਅਰਜਨ ਦੇਵ ਅੰਮ੍ਰਿਤਸਰ ਦੇ ਕੰਢੇ ਸੌ ਸਾਲ ਪਹਿਲਾਂ ਪੂਰਾ ਕਰ ਚੁੱਕੇ ਸਨ। ਆਦਿ ਗ੍ਰੰਥ ਦੇ ਪ੍ਰਚਲਿਤ ਉਤਾਰਿਆਂ ਵਿਚ ਰਲੇ ਪੈ ਚੁੱਕੇ ਸਨ। ਮੌਲਕ ਗ੍ਰੰਥ ਧੀਰ ਮੱਲੀਆਂ ਦੇ ਕਬਜ਼ੇ ਵਿਚ ਆ ਚੁੱਕਾ ਸੀ। ਇਸ ਲਈ ਫੇਰ ਕਿਸੇ ਮੁਸਤਨਿਦ ਪ੍ਰਤੀ ਦੀ ਲੋੜ ਸੀ ਜਿਸ ਵਿਚ ਗੁਰੂ ਤੇਗ ਬਹਾਦਰ ਦੀ ਬਾਣੀ ਵੀ ਹੋਵੇ। ਇਸ ਮਹਾਨ ਕੰਮ ਨੂੰ ਸਿਰੰਜਾਮ ਦੇਣ ਲਈ ਆਪ ਨੇ ਭਾਈ ਮਨੀ ਸਿੰਘ ਨੂੰ ਆਪਣੀ ਆਤਮਕ ਸ਼ਕਤੀ ਨਾਲ ਆਦਿ ਗ੍ਰੰਥ ਮੁੜ ਲਿਖਵਾਇਆ ਅਤੇ ਨਾਲ ਨਾਲ ਅਰਥ ਵੀ ਦੱਸਦੇ ਗਏ। ਇਸ ਰਚਨਾ ਨੂੰ ਇਸ ਲਈ ਦਸਵੇਂ ਪਾਤਸ਼ਾਹ ਦਾ ਗ੍ਰੰਥ (ਭਾਵੇਂ ਆਪ ਦੇ ਸ੍ਰੀ ਮੁਖ ਵਾਕਾਂ ਦੀ ਅਡਰੀ ਰਚਨਾ ਦਸਮ ਗ੍ਰੰਥ ਦੇ ਰੂਪ ਵਿਚ ਹੈ) ਆਖਦੇ ਹਨ ਪਰ ਪ੍ਰਸਿੱਧ ਨਾਮ ਦਮਦਮੀ ਬੀੜ ਹੈ।

ਇਸ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ 59 ਸ਼ਬਦ ਅਤੇ 57 ਸਲੋਕ ਹਨ। ਨੌਵੇਂ ਪਾਤਸ਼ਾਹ ਦੀ ਕੁਝ ਬਾਣੀ ਜੈਜਾਵੰਤੀ ਰਾਗ ਵਿਚ ਹੋਣ ਕਰਕੇ ਇਕ ਰਾਗ ਵਧ ਗਿਆ ਹੈ। ਪਹਿਲੇ ਤੀਹ ਸਨ ਹੁਣ ਇਕੱਤੀ ਹਨ। ਸੋਦਰ ਵਿਚ, ਸੋ ਪੁਰਖ ਤੋਂ ਲੈ ਕੇ ਅਖੀਰਲੇ ਚਾਰ ਸ਼ਬਦਾਂ ਦਾ ਵਾਧਾ ਕੀਤਾ ਗਿਆ। ਕਬੀਰ ਜੀ ਦੀ ਬਾਣੀ ਵਿਚ ਸ਼ਬਦ 'ਖਲਾਸੇ' ਦੀ ਥਾਂ ਖਾਲਸੇ ਕੀਤਾ। ਸੁਰਗਵਾਸੀ ਪ੍ਰੋ: ਪੂਰਨ ਸਿੰਘ ਜੀ ਲਿਖਦੇ ਹਨ:

ਇਕ ਪੁਰਾਤਨ ਸਫ਼ਰਾਂ ਦੀ ਸਾਖੀ ਪੋਥੀ ਅਨੁਸਾਰ,

"ਵੈਸਾਖੀ ਤੋਂ ਨਿੱਤ ਬਾਣੀ ਦੀ ਰਚਨਾ ਹੋਵੇ, ਸਵਾ ਪਹਿਰ ਦਿਹੁ ਚੜੇ ਤੱਕ ਉਤਾਰੇ ਭੀ ਹੋਵਨ। ਬੀੜ ਦੇ ਪੂਰਨ ਹੋਣ ਤੇ ਗੁਰੂ ਜੀ ਨੇ ਭਾਰੀ ਜਗ ਕੀਤਾ। ਭਾਦੋਂ ਵਦੀ ਤੀਨ ਨੂੰ ਕੜਾਹ ਪ੍ਰਸਾਦਿ ਦੀ ਦੇਗ ਵਰਤੀ, ਤਰਾਤਰੀ। ਗੁਰੂ ਤੇਗ ਬਹਾਦਰ ਜੀ ਦੀ ਬਾਣੀ, ਚੜ੍ਹੀ, ਹੋਰ ਭੋਗ ਮੁੰਦਾਵਣੀ ਤੇ ਪਾਇਆ ਗੁਰੂ ਗ੍ਰੰਥ ਜੀ ਕਾ। ਭਾਦੋਂ ਵਦੀ ਤੀਨ ਨੂੰ ਏਕਮ ਤੋਂ ਬਹੁਤ ਉਤਸ਼ਾਹ ਕੀਤਿਆ। ਅੰਮ੍ਰਿਤ ਛਕਾਏ, ਚੌਰਾਸੀ ਕੱਟੀ ਖਾਲਸੇ ਦੀ, ਤਾਂ ਬੜੇ ਬਰਦੀਨੇ ਇਸ

ਅਸਥਾਨ ਕੋ।......ਭਾਈ ਮਨੀ ਸਿੰਘ ਹੋਰਾਂ ਨੂੰ ਹੁਕਮ ਹੋਇਆ ਸ੍ਰੀ ਅੰਮ੍ਰਿਤਸਰ ਵਿਖੇ ਜਾਏ ਤੁਰਤ ਹੀ ਹਜ਼ੂਰ ਆਵਹੁ, ਬੀੜ ਨੂੰ ਹਰਿਮੰਦਰ ਵਿਖੇ ਥਾਪਣ ਕਰੋ ਉਤਾਰਾ ਏਸ ਦਾ, ਹੋਰ ਬੀਮਾ ਹੋਰਨਾਂ ਥਾਈਂ ਗੁਰਧਾਮਾਂ ਨੂੰ ਹਜ਼ੂਰ ਨੇ, ਤਾਂ ਸਰਬਤ ਜੈ ਜੈ ਕਾਰ ਹੋਇਆ। ਸਭ ਸਿੱਖਾਂ ਨੂੰ ਆਗਿਆ ਕਰੀ, ਗੁਰੂ ਕੀ ਖੁਸ਼ੀ ਇਹ ਹੈ ਸਭ ਘਰਾਂ ਨੂੰ ਜਾਏ ਅਉ ਤੁਰਤ, ਦਖਣ ਦੇਸ ਦੀ ਤਿਆਰੀ ਹੈ ਅਸਾਡੀ ਭਾਈ ਦੀਪ ਸਿੰਘ ਜੀ ਨੂੰ ਹੁਕਮ ਕੀਤਾ, "ਘਰ ਇਕ ਵਾਰ ਜਾਇ ਅਉ ਫੇਰ ਨਾ ਜਾਵਨਾ ਈਹ ਗੁਰ ਸੇਵਾ ਕਰਨੀ ਗੁਰਧਾਮ ਦੀ।"....ਹਜ਼ੂਰ ਦਾ ਬਚਨ ਹੋਆ ਭਾਈ ਫਤਹ ਸਿੰਘ ਪ੍ਰਤੀ 'ਭਾਈ ਈ ਹੈ ਰਹਿਣਾ, ਭਾਈ ਦੀਪ ਸਿੰਘ ਦੇ ਆਵਣੇ ਤੀਕ ਸੇਵਾ ਕਰਨੀ ਗੁਰੂ ਕੀ ਕਾਂਸ਼ੀ ਕੀ। ਇਥੇ ਬੈਲ ਬੁਢੇ ਵੀ ਪੜ੍ਹਨਗੇ, ਗਿਆਨੀ ਹੋਵਨਗੇ ਤਤਬੇਤੇ' (ਗੁਰਦੁਆਰਾ ਗਜ਼ਟ ਨਵੰਬਰ 1964, ਸਫਾ 87, ਅਖੀਰ 1708 ਵਿਚ ਜੋਤੀ ਜੋਤ ਸਮਾਉਣ ਸਮੇਂ ਇਸੇ ਦਮਦਮੀ ਬੀੜ ਨੂੰ ਸਦਾ ਲਈ ਗੁਰੂ ਥਾਪਿਆ ਗਿਆ)

Granth Sahib had a second birth from the Master Guru Gobind Singh and it come out of his soul, as came his Khalsa. In this copy of Granth Sahib he changed only one word, Khulsa (Freed man) was dictated by the Tenth Guru as Khalsa (The King's own). And there was a slight variation of one letter in other place in reproducing the whole volume out of his intense Dhyanam.

(Book of The Masters)

ਮਹਲਾ ਚੜਿਆ

ਭਾਈ ਵੀਰ ਸਿੰਘ ਸੰਪਾਦਿਤ, 'ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ' ਅਨੁਸਾਰ, ਹਜ਼ੂਰ ਨੇ ਆਨੰਦਪੁਰ ਪਾਈ ਪਰਪਾਟੀ ਅਨੁਸਾਰ, ਹੋਲੇ ਦੇ ਥਾਂ, ਇਥੇ ਵਿਸਾਖੀ ਤੋਂ ਦੂਜੇ ਦਿਨ ਮਹੱਲਾ ਕੱਢਣ ਦਾ ਹੁਕਮ ਦਿੱਤਾ। 'ਫੇਰ ਅਗਲੇ ਦਿਹੁੰ ਮਹਲੇ ਚੜ੍ਹੇ। ਅਸਵਾਰ ਪੈਦਲ ਕਢੇ। ਨਿਸਾਨੋਂ ਸਾਥ, ਸ਼ਬਦ ਕੀ ਚੌਂਕੀ ਹੁੰਦੀ ਹੈ ਕੋਈ ਸ਼ੁਮਾਰ ਨਹੀਂ ਆਉਂਦਾ ਅਗਾੜੀ ਪਛਾੜੀ ਕਾ। ਇਸੀ ਤਰ੍ਹਾਂ ਸੋਦਰ ਆਨਿ ਪੜ੍ਹਿਆ। ਆਪ ਉਚੇ ਦਮਦਮੇ ਬੈਠਕੇ ਦੀਦਾਰ ਦੇਂਦੇ ਹੈਨ। ਜੋ ਕੋਈ ਜੈਸੀ ਭਾਵਨਾ ਕਰਦਾ ਹੈ, ਤਿਸਕੀ ਪੂਰੀ ਕਰਦੇ ਹੈਨ।੮੦॥

ਇਥੇ ਹੀ ਚਬੇਂ ਪਿੰਡ (ਮਾਝੇ) ਦੀ ਮਾਈ ਨੇ ਪੁਤ੍ਰ ਹੋਣ ਦੀ ਅਰਦਾਸ ਕੀਤੀ:

ਵੈਨ ਕਰੇਂਦੀ ਗੁਰੂ ਗੋਬਿਦ ਸਿੰਘ ਅੱਗੇ, ਸੋਹਣੀ ਦਾੜ੍ਹੀ ਬੀਬੀਏ ਪਗੇ।
ਗੋਤ ਵੜਾਇਚ ਪਿੰਡ ਹੈ ਚਬੇ, ਖਾਲੀ ਚਲੀ ਜੇ ਇਕ ਫਲ ਲਗੇ।

ਗੁਰੂ ਸਾਹਿਬ ਨੇ ਇਕ ਦੀ ਥਾਂ ਸਤ ਪੁੱਤ੍ਰ ਬਖਸ਼ੇ।

ਇਸੇ ਵਿਸਾਖੀ ਦੇ ਸਮੇਂ 'ਸਿੱਖ ਸਿੱਖਣੀਆਂ ਦੇ, ਕਿ ਗੁਰੂ ਦੇ', ਦਾ ਕੌਤਕ ਰਚਿਆ। ਇਕ ਸਿੱਖ ਨੂੰ ਸਦਿਆ, ਬਚਨ ਕੀਤਾ: 'ਤੇਰੀ ਸਿੱਖਣੀ ਕਿਥੇ ਹੈ?' ਉਹ ਕਹਿੰਦਾ, 'ਜੀ ਮੇਰੀ ਸਿਖਣੀ ਅਹੁ ਖੜੀ ਹੈ।' ਇਕ ਸਿਖਣੀ ਨੂੰ ਸਦਿਆ, ਬਚਨ ਕੀਤਾ: 'ਸਿੱਖਣੀਏ! ਤੇਰਾ ਸਿੱਖ ਕਿਥੇ ਹੈ?' ਉਸ ਆਖਿਆ ਜੀ ਮੇਰਾ ਸਿੱਖ ਉਹ ਬੈਠਾ ਹੈ।'

ਗੁਰੂ ਜੀ ਕਹਿੰਦੇ, 'ਭਾਈ ਅਰਦਾਸੀਆ! ਦੇਖਿਆ, ਗੁਰੂ ਕੇ ਸਿੱਖ ਕੋਈ ਬਿਰਲੇ ਹੈਨ।' ਫੇਰ ਇਕ ਸਿੱਖ ਨੂੰ ਗੁਰੂ ਸਦਿਆ, ਬਚਨ ਕੀਤਾ: 'ਸਿੱਖਾ, ਤੇਰਾ ਕੋਈ ਸਨਬੰਧੀ ਭੀ ਹੈ?' ਸਿੱਖ ਨੇ ਮੱਥਾ ਟੇਕਿਆ, ਆਖਿਆ ਜੀ ਗਰੀਬੀ ਨਿਵਾਜੀ ਆਪਣੇ ਸੁਖ ਕੇ ਹੈਨ, ਮੇਰਾ ਕੋਈ ਨਹੀਂ ਜੀ। ਮੇਰਾ ਸਤਿਗੁਰੂ ਹੈ, ਇਸ ਲੋਕ ਕਾ ਭੀ, ਪਰਲੋਕ ਕਾ ਭੀ, ਤੈਥੋਂ ਭੁਲਿਆ ਠੋਰ ਨ ਠਾਉਂ.......।' ਇਹ ਬਿਰਲਾ ਸਿੱਖ ਸੀ।

ਇਉਂ ਵਿਸਾਖੀ ਤੇ ਹੋਏ ਗੁਰੂ ਗੋਬਿੰਦ ਸਿੰਘ ਜੀ ਦੇ ਕੌਤਕ ਸਿੱਖ ਸਿਧਾਂਤਾਂ ਨੂੰ ਨਿਰੂਪਨ ਕਰਦੇ ਸਿੱਖੀ ਦੀ ਅਗਵਾਈ ਕਰਦੇ ਹਨ, ਸਿੱਖ ਰਹੁ ਰੀਤੀ ਅਤੇ ਰਵਾਇਤਾਂ ਦੀਆਂ ਲੀਹਾਂ ਪਾਉਂਦੇ ਹਨ।

ਨਿਰਭਓ ਨਿਰਵੈਰ ਦੀ ਸੰਥਾ ਲੈ, ਸਿੱਖਾਂ ਤੋਂ ਸਿੰਘ ਉਹ ਫੇਰ ਬਣੇ।
ਉਹ ਕਰਨ ਮਖੌਲਾਂ ਮੌਤ ਨੂੰ ਜੋ ਪੀ ਅੰਮ੍ਰਿਤ ਗਿਦੜੋਂ ਸ਼ੇਰ ਬਣੇ।—'ਖੜਗ'

ਗੁਰਮਤਿ ਪ੍ਰਕਾਸ਼-ਜੂਨ, 1960

ਯੁੱਧ ਭੰਗਾਣੀ

ਭੰਗਾਣੀ ਸਾਹਿਬ, ਪਾਉਂਟਾ ਸਾਹਿਬ ਤੋਂ ਕੋਈ 6 ਕੁ ਮੀਲ ਦੀ ਵਿੱਥ 'ਤੇ ਹੈ। ਇਹ ਥਾਂ ਗੁਰੂ ਸਾਹਿਬ ਦੇ ਸਮੇਂ ਰਿਆਸਤ ਸਿਰਮੌਰ ਵਿਚ ਸੀ ਜਿਸਦੀ ਰਾਜਧਾਨੀ ਨਾਹਨ ਸੀ, ਜੋ ਅੱਜ ਕੱਲ੍ਹ ਹਿਮਾਚਲ ਪ੍ਰਦੇਸ਼ ਦੇ ਇਸ ਨਾਂ ਦੇ ਜ਼ਿਲ੍ਹੇ ਦਾ ਸਦਰ ਮੁਕਾਮ ਹੈ। ਗੱਦੀ ਬੈਠਦਿਆਂ ਹੀ ਸੱਤਵੇਂ ਪਾਤਸ਼ਾਹ, ਗੁਰੂ ਹਰਿ ਰਾਏ ਕਰਤਾ ਗੁਰੂ ਨੂੰ ਕੀਰਤਪੁਰ ਛੱਡ ਕੇ ਕੁਝ ਚਿਰ, ਬਿਲਾਸਪੁਰੀਏ ਰਾਜੇ ਉੱਤੇ ਸ਼ਾਹੀ ਫੌਜ ਦੀ ਚੜ੍ਹਾਈ ਕਾਰਨ, ਇਸ ਰਿਆਸਤ ਦੇ ਇਕ ਪਿੰਡ ਰਹਿਣਾ ਪਿਆ। ਗੁਰੂ ਤੇਗ ਬਹਾਦਰ ਸਾਹਿਬ ਦੀ ਮਹਾਨ ਸ਼ਹਾਦਤ ਤੋਂ ਬਾਅਦ ਦਸ ਕੁ ਸਾਲ ਦੇ ਅਰਸੇ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਵਿਚ ਨਵਾਂ ਜੋਸ਼ ਭਰ ਦਿੱਤਾ ਸੀ। ਗੁਰੂ ਹਰਿ ਗੋਬਿੰਦ ਸਾਹਿਬ ਦਾ ਸਮਾਂ ਮੁੜ ਤਾਜ਼ਾ ਹੋ ਗਿਆ ਸੀ। ਆਤਮਾ ਦੇ ਧਰਮ ਪੱਖੋਂ ਉੱਚੀ ਸੱਚੀ ਹੋਣ ਦੇ ਨਾਲ ਨਾਲ, ਸਿੱਖਾਂ ਨੂੰ ਨਿਰਭੈਤਾ ਪ੍ਰਦਾਨ ਕਰਕੇ ਉਨ੍ਹਾਂ ਨੂੰ ਸੈਨਿਕ ਸੂਰਮੇ ਵੀ ਬਣਾ ਦਿੱਤਾ ਗਿਆ। ਆਨੰਦਪੁਰ ਬੇਗਮਪੁਰਾ ਹੋ ਨਿਬੜਿਆ ਸੀ। ਰਣਜੀਤ ਨਗਾਰੇ ਤੇ ਕੇਸਰੀ ਨਿਸ਼ਾਨ ਸਾਹਿਬ ਨੇ ਇਹਨੂੰ ਗਣਤੰਤਰਾਤਮਕ ਰਾਜ ਦੀ ਸ਼ਕਲ ਦੇ ਦਿੱਤੀ। ਬਿਲਾਸਪੁਰੀਆ ਰਾਜਾ ਭੀਮਚੰਦ, ਜਿਸਦੇ ਰਾਜ ਵਿਚ ਆਨੰਦਪੁਰ ਆਬਾਦ ਹੋਇਆ ਸੀ, ਗੁਰੂ ਸਾਹਿਬ ਦੀਆਂ ਇਨ੍ਹਾਂ ਕਾਰਵਾਈਆਂ ਨੂੰ ਤੌਖਲੇ ਨਾਲ ਤੱਕ ਰਿਹਾ ਸੀ। ਉਹ ਹਜ਼ੂਰ ਨੂੰ ਕਿਸੇ ਆਨੇ ਬਹਾਨੇ ਲੜਾਈ ਵਿਚ ਉਲਝਾ ਕੇ ਉਨ੍ਹਾਂ ਤੋਂ ਆਪਣਾ ਦਬਦਬਾ ਮਨਵਾਉਣਾ ਚਾਹੁੰਦਾ ਸੀ। ਚੁਨਾਂਚਿ ਉਹਨੇ ਆਪਣੇ ਪੁੱਤਰ ਅਜਮੇਰ ਚੰਦ ਦੀ ਕੁੜਮਾਈ ਸਮੇਂ ਆਪਣੇ ਸਾਲੇ ਕੇਸਰੀ ਚੰਦ ਜਸਵਾਰੀਏ ਰਾਹੀਂ ਗੁਰੂ ਸਾਹਿਬ ਤੋਂ ਪ੍ਰਸਾਦੀ ਹਾਥੀ ਅਤੇ ਰੇਸ਼ਮੀ ਤੰਬੂ ਮੰਗ ਘੱਲਿਆ ਜੋ ਆਪਨੇ, ਇਨ੍ਹਾਂ ਭੇਟਾਆਂ ਦੇ ਦੇਣ ਹਾਰਿਆਂ ਦੀ ਇੱਛਾ ਅਨੁਸਾਰ ਨਾ ਦਿੱਤੀਆਂ। ਭੀਮਚੰਦ ਨੇ ਇਸ ਇਨਕਾਰ ਨੂੰ ਆਪਣੀ ਹੱਤਕ ਸਮਝ ਕੇ ਵੈਰ ਦਾ ਮੁੱਢ ਬੰਨ੍ਹ ਲਿਆ ਅਤੇ ਜੰਗ ਦੀਆਂ ਧਮਕੀਆਂ ਦਿੱਤੀਆਂ, ਜਿਸ ਲਈ ਸੁਖ-ਰਹਿਣੇ ਮਸੰਦਾਂ ਦੇ ਦਿਲ ਦਹਿਲ ਗਏ। ਪਰ ਗੁਰੂ ਸਾਹਿਬ ਦੀ ਦ੍ਰਿੜ੍ਹਤਾ ਅਤੇ ਕੁਝ ਆਪਣੇ ਸਲਾਹਕਾਰਾਂ ਦੇ ਮਸ਼ਵਰੇ ਸਾਹਵੇਂ ਰਾਜਾ ਢੈਲਾ ਪੈ ਗਿਆ।

ਇਨ੍ਹਾਂ ਦਿਨਾਂ ਵਿਚ ਹੀ ਨਾਹਨ ਨਰੇਸ਼ ਮੇਦਨੀ ਪ੍ਰਕਾਸ਼ (ਜਿਸ ਨੂੰ ਮੁਗਲੀਆ ਲਿਖਤਾਂ ਵਿਚ ਬਰਫ਼ੀ ਰਾਜਾ ਇਸ ਲਈ ਲਿਖਿਆ ਗਿਆ ਕਿਉਂਕਿ ਨਾਹਨ ਦੇ ਰਾਜੇ ਮੁਗਲ ਪਾਤਸ਼ਾਹਾਂ ਨੂੰ ਬਰਫ਼ ਪਹੁੰਚਾਇਆ ਕਰਦੇ ਸਨ) ਦੇ ਕੁਝ ਇਲਾਕੇ ਟੇਹਰੀ ਗੜ੍ਹਵਾਲ ਦੇ ਰਾਜੇ ਫਤਹ ਸ਼ਾਹ ਨੇ ਸਾਂਭ ਲਏ ਸਨ। ਇਹ ਰਾਜਾ ਬਾਬਾ ਰਾਮ ਰਾਏ ਦਾ ਸ਼ਰਧਾਲੂ ਸੀ। ਰਾਜੇ ਨੇ ਸਮਾਂ ਤੇ ਸਥਿਤੀ ਵਿਚਾਰ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਉਧਾਰਕ ਸਮਝ ਕੇ ਆਪਣੇ ਵਜ਼ੀਰ ਸੋਭਾ ਰਾਮ ਰਾਹੀਂ ਨਾਹਨ ਆਉਣ ਦਾ ਸੱਦਾ ਦਿੱਤਾ। ਮਸੰਦਾਂ ਨੇ ਇਸਨੂੰ ਗੈਬੀ ਵਰਦਾਨ ਸਮਝ ਕੇ ਗੁਰੂ ਘਰ ਦੇ ਇਸ ਸੱਦੇ ਨੂੰ ਪ੍ਰਵਾਨ ਕਰਨ 'ਤੇ ਜ਼ੋਰ ਦਿੱਤਾ। ਗੁਰੂ ਸਾਹਿਬ ਨੇ ਚੂੰਕਿ ਆਪਣਾ ਕੁਝ ਦੈਵੀ ਕਾਰਜ ਇੱਥੇ ਸੰਪੰਨ ਕਰਨਾ ਸੀ, ਕਾਲਸੀ ਦੇ ਰਿਖੀ ਅਤੇ ਸਈਅਦ

ਬਦਰੁੱਦੀਨ ਸਾਢੌਰਵੀ ਦਾ ਉਧਾਰ ਕਰਨਾ ਸੀ, ਸਬਰਕੱਤੀ ਬਾਣੀ ਉਚਾਰਨੀ ਸੀ ਤੇ ਦੂਜੇ ਇਕ ਬੇਆਸਰੇ ਨੂੰ ਆਸਰਾ ਦੇਣਾ ਸੀ, ਆਪ ਆਨੰਦਪੁਰ ਮਾਖੋਵਾਲ ਦੀ ਰਾਖੀ ਲਈ ਬਾਬਾ ਸੂਰਜਮੱਲ ਦੇ ਪੋਤਰਿਆਂ ਗੁਲਾਬ ਰਾਏ ਅਤੇ ਸ਼ਿਆਮ ਦਾਸ ਨੂੰ ਛੱਡ ਕੇ, ਨਾਹਨ ਵੱਲ ਤੁਰ ਪਏ*। ਆਪ ਇਥੇ 17 ਵਿਸਾਖ ਸੰਮਤ 1742 ਨੂੰ ਪੁੱਜੇ। ਨਾਹਨ ਤੋਂ ਕੁਝ ਫਾਸਲੇ 'ਤੇ ਜਮਨਾ ਦੇ ਕੰਢੇ ਦੀ ਰਮਣੀਕ ਥਾਂ ਆਪ ਨੂੰ ਪਸੰਦ ਆਈ, ਜੋ ਪਿੱਛੋਂ ਆਪ ਦੇ ਇੱਥੇ ਪਾਂਵ-ਟਿਕਾਉਣ ਕਾਰਨ ਪਾਂਵਟਾ ਸਾਹਿਬ ਪ੍ਰਸਿੱਧ ਹੋਈ। ਆਪ ਦੀ ਰਿਹਾਇਸ਼ ਲਈ ਇਥੇ ਕਿਲਾਨੁਮਾ ਇਮਾਰਤ ਤਿਆਰ ਹੋਈ, ਜੋ (ਸਿਰਮੌਰ ਗਜ਼ਟੀਅਰ ਅਨੁਸਾਰ) ਰਾਜੇ ਅਤੇ ਗੁਰੂ ਸਾਹਿਬ ਦੇ ਸੇਵਕਾਂ ਦੇ ਸਾਂਝੇ ਪ੍ਰੀਸ਼ਰਮ ਨਾਲ 12 ਦਿਨਾਂ ਵਿਚ ਉਸਾਰੀ ਗਈ। ਇਉਂ ਆਪ ਨੇ 'ਸ਼ਹਿਰ ਪਾਂਵਟਾ ਕੀ ਸੁਧ ਲਈ।'

ਟੂਟੀ ਗਾਂਢਣ ਹਾਰ ਗੋਪਾਲ

ਜਦ ਗੁਰੂ ਘਰ ਤੋਂ ਟੁੱਟੇ ਬਾਬਾ ਰਾਮ ਰਾਏ ਜੀ ਨੂੰ ਆਪ ਦੇ ਇਥੇ ਆਵਣ ਦਾ ਪਤਾ ਲੱਗਾ ਤਾਂ ਉਨ੍ਹਾਂ ਦੇ ਦਿਲ ਵਿਚ ਗੁਰੂ ਘਰ ਨਾਲ ਪੁਨਰ ਮਿਲਣ ਦੀ ਚਾਹ ਪੈਦਾ ਹੋਈ। ਕੁਝ ਆਪਣੀਆਂ ਮੰਦ ਕਰਨੀਆਂ ਉਤੇ ਪਛਤਾਵਾ ਵੀ ਹੋਇਆ, ਕੁਝ ਇਸ ਲਈ ਵੀ ਕਿ ਉਹ ਆਪਣੇ ਮੂੰਹ ਜ਼ੋਰ ਮਸੰਦਾਂ, ਖਾਸ ਕਰ ਭਾਈ ਬਹਿਲੋ ਦੇ ਪੋਤੇ ਗੁਰਦਾਸ ਅਤੇ ਤਾਰਾ, ਜਿਨ੍ਹਾਂ ਉਹਨੂੰ ਗੁਰੂ ਕਹਾਉਣ ਲਈ ਮਜਬੂਰ ਕੀਤਾ ਸੀ-ਹੱਥੋਂ ਬਹੁਤ ਦੁਖੀ ਸਨ।

ਆਪ ਨੇ ਗੁਰੂ ਸਾਹਿਬ ਨਾਲ ਮੁਲਾਕਾਤ ਦਾ ਸਮਾਂ ਨੀਅਤ ਕਰਕੇ, ਪਾਉਂਟੇ ਸਾਹਿਬ ਤੋਂ ਤਿੰਨ ਕੁ ਮੀਲ ਉਤਰ ਪੂਰਬ ਵੱਲ ਰਾਮਪੁਰ ਘਾਟ ਉੱਤੇ ਹਜ਼ੂਰ ਨਾਲ ਮੁਲਾਕਾਤ ਕੀਤੀ ਤੇ ਮੁੜ ਗੁਰੂ ਘਰ ਨਾਲ ਜੁੜ ਗਏ ਜਿਵੇਂ ਬਾਬਾ ਸ੍ਰੀ ਚੰਦ ਜੀ, ਬਾਬਾ ਗੁਰਦਿਤਾ ਜੀ ਨੂੰ ਆਪਣੀ ਗੱਦੀ ਦੇ ਕੇ ਜੁੜ ਗਏ ਸਨ। ਬਾਬਾ ਜੀ ਨੇ ਗੁਰੂ ਦਰਸ਼ਨ ਬਾਅਦ ਆਪਣੀ ਸੰਗਤ ਨੂੰ ਮਨਮੁਖ ਤੇ ਭਤਨੀ ਅਤੇ ਗੁਰੂ ਸੰਗਤ ਨੂੰ ਸਨਮੁਖ ਸਾਧ ਸੰਗਤਿ ਹੋਣ ਦਾ ਐਲਾਨ ਕੀਤਾ, ਜਿਸ ਤੋਂ ਖਿਝ ਕੇ ਬਾਬਾ ਜੀ ਦੇ ਮਸੰਦਾਂ ਨੇ ਮੌਕਾ ਲੱਭ ਕੇ ਸਮਾਧੀ ਸਥਿਤ ਰਾਮ ਰਾਏ ਜੀ ਨੂੰ ਮੁਰਦਾ ਹੋਣ ਦਾ ਰੌਲਾ ਪਾ ਕੇ ਉਨ੍ਹਾਂ ਦੀ ਸੁਪਤਨੀ ਪੰਜਾਬ ਕੌਰ ਦੇ ਹਾਲ ਪਾਰਿਆਂ ਕਰਦਿਆਂ, ਜਿਉਂਦਾ ਜਲਾ ਦਿੱਤਾ। ਪੰਜਾਬ ਕੌਰ ਦੇ ਬੇਨਤੀ ਕਰ ਘੱਲਣ ਉੱਤੇ ਗੁਰੂ ਸਾਹਿਬ ਦੇਹਰਾਦੂਨ ਗਏ ਅਤੇ

---

*ਸਰਦਾਰ ਖੁਸ਼ਵੰਤ ਸਿੰਘ ਨਾਹਨ-ਯਾਤਰਾ ਦਾ ਇਕ ਅਨੋਖਾ ਕਾਰਨ ਦੱਸਦੇ ਹਨ ਕਿ ਸਿੱਖ ਨੇਤਾ ਕਿਸ਼ੋਰ ਗੁਰੂ ਪ੍ਰਤੀ ਔਰੰਗਜ਼ੇਬ ਵਲੋਂ ਚਿੰਤਾਤੁਰ ਸਨ ਉਹਨਾਂ ਨੂੰ ਤੌਖਲਾ ਸੀ ਕਿ ਗੁਰੂ ਨੂੰ ਹਕੂਮਤ ਯਰਗਮਾਲ ਵਜੋਂ ਦਿੱਲੀ ਖੜ ਲਏਗੀ। ਇਸ ਲਈ ਉਨ੍ਹਾਂ ਗੁਰੂ ਨੂੰ ਨਾਹਨ ਦੀ ਨਵੇਕਲੀ ਜਿਹੀ ਰਿਆਸਤ 'ਚ ਭੇਜ ਦਿੱਤਾ।

"....The leaders of the Sikh Community were concerned about the safety of Gobind, for the possibility of his being taken to Delhi as a hostage not be ruled out. To avoid any chances, the young Guru & his entourage were shifted from Anandpur into the mountains at Pounta."

[History of the Sikhs, vol.I, page 76]

ਦੋਸ਼ੀਆਂ ਨੂੰ ਉਨ੍ਹਾਂ ਦੇ ਕਰਮਾਂ ਦਾ ਯਥਾਯੋਗ ਦੰਡ ਦਿੱਤਾ। ਗੁਰੂ ਸਾਹਿਬ ਦੀ ਕੀਰਤੀ ਸੁਣ ਕੇ ਫਤਹ ਸ਼ਾਹ ਸ੍ਰੀਨਗਰ ਗੜ੍ਹਵਾਲ ਦਾ ਰਾਜਾ ਵੀ ਆਪ ਦੇ ਦਰਸ਼ਨ ਕਰਨ ਆਇਆ। ਆਪ ਨੇ ਸਾਲਸੀ ਕਰਕੇ ਨਾਹਨ ਦੇ ਖੁਸੇ ਇਲਾਕੇ ਮੇਦਨੀ ਪ੍ਰਕਾਸ਼ ਨੂੰ ਮੁੜਵਾ ਦਿੱਤੇ। ਦੋਹਾਂ ਰਾਜਾਂ ਦੀ ਕਲਹਿ ਮਿਟ ਗਈ।

ਦੁਖ-ਹਰਨ ਦੀਨਾ ਨਾਥ ਜੀ ਨੇ ਇੱਥੇ ਰਹਿੰਦਿਆਂ, ਗਰੀਬ ਤੇ ਅਨਾਥ ਪਰਜਾ ਦੀ ਪ੍ਰਤਪਾਲਣਾ ਕੀਤੀ। ਜੰਗਲੀ ਜਾਨਵਰ ਕਿਸਾਨਾਂ ਦੀਆਂ ਖੇਤੀਆਂ ਉਜਾੜਦੇ, ਉਨ੍ਹਾਂ ਦੇ ਪਸ਼ੂਆਂ ਨੂੰ ਖਾ ਜਾਂਦੇ ਅਤੇ ਕਈ ਵਾਰ ਮਨੁੱਖ ਹੱਤਿਆ ਵੀ ਕਰ ਜਾਂਦੇ। ਆਪ ਨੇ ਇੱਥੇ ਦੇ ਜਮਨਾ ਕੰਢੇ ਦੇ ਝਲਾਂ ਝਾੜੀਆਂ ਵਿਚ ਰਹਿੰਦੇ ਸ਼ੇਰਾਂ ਰਿੱਛਾਂ ਅਤੇ ਨੀਲ ਗਾਂ ਆਦਿਕ ਹਿੰਸਕ ਦਰਿੰਦਿਆਂ ਦਾ ਨਾਸ਼ ਕੀਤਾ।

ਕਾਲਿੰਦ੍ਰੀ ਤਟ ਕਰੇ ਬਿਲਾਸਾ। ਅਨਿਕ ਭਾਂਤ ਕੇ ਪੇਖ ਤਮਾਸਾ।੨।
ਤਹ ਕੇ ਸਿੰਘ ਘਨੇ ਚੁਨਿ ਮਾਰੇ। ਰੋਝ ਰੀਝ ਬਹੁਤ ਭਾਂਤ ਬਿਦਾਰੇ।.....

ਸਾਹਿਤ ਸਿਰਜਨਾ

ਪ੍ਰੋਫੈਸਰ ਸਾਹਿਬ ਸਿੰਘ ਕਰਤਾ ਜਾਪ ਸਾਹਿਬ ਸਟੀਕ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਦਿਆਂ ਹੀ ਵੇਖ ਲਿਆ ਸੀ ਕਿ ਹੁਣ ਖੰਡਾ ਖੜਕਣ ਦਾ ਵੇਲਾ ਫਿਰ ਨੇੜੇ ਆ ਰਿਹਾ ਹੈ, ਤੇ ਇਸ ਸਮੇਂ ਵਿਚ ਪੂਰੇ ਉਤਰਨ ਲਈ ਗੁਰੂ ਨਾਨਕ ਦੇਵ ਜੀ ਦੇ ਨਾਮ ਲੇਵਾ ਸਿੱਖਾਂ ਵਿਚ ਬੀਰ ਰਸ ਭਰਨ ਦੀ ਲੋੜ ਹੈ, ਤੌਰ ਤਰੀਕੇ ਵਰਤਣ ਨਾਲ ਇਹ ਵੀ ਜ਼ਰੂਰੀ ਹੈ ਕਿ ਜੋਸ਼ ਭਰੀ ਕਵਿਤਾ ਤਿਆਰ ਕੀਤੀ ਜਾਵੇ ਅਤੇ ਇਸਦੇ ਸੁਣਨ ਪੜ੍ਹਨ ਦਾ ਵੀ ਲਾਭ ਆਮ ਸਿੱਖਾਂ ਵਿਚ ਪ੍ਰਚਾਰ ਹੋਵੇ। ਅਜਿਹੇ ਪ੍ਰਚਾਰ ਦਾ ਸਭ ਤੋਂ ਸੌਖਾ ਤਰੀਕਾ ਕਵੀ ਦਰਬਾਰ ਹੀ ਹੋ ਸਕਦਾ ਹੈ। ਸੋ ਸ੍ਰੀ ਕਲਗੀਧਰ ਜੀ ਦੀ ਨਿਗਰਾਨੀ ਵਿਚ ਉਤਸ਼ਾਹ ਜਨਕ ਕਵੀ ਦਰਬਾਰ ਵੀ ਹੁੰਦੇ ਸਨ, ਰਿਆਸਤ ਨਾਹਨ ਵਿਚ ਬਣੇ ਗੁਰਦੁਆਰਾ ਪਾਉਂਟਾ ਸਾਹਿਬ ਦੇ ਕਵੀ ਦਰਬਾਰਾਂ ਵਿਚ ਹਜ਼ੂਰ ਦੀ ਆਪਣੀ ਬਾਣੀ ਵੀ ਸੁਣਾਈ ਜਾਂਦੀ ਸੀ.....

ਜਮਨਾ ਨਦੀ ਦੇ ਕੰਢੇ ਦੀ ਇਕਾਂਤ ਵਿਚ ਜਾਪੁ ਸਾਹਿਬ, ਸਵਈਏ ਅਤੇ ਅਕਾਲ ਉਸਤਤਿ ਆਦਿ ਬਾਣੀਆਂ ਉਚਾਰੀਆਂ ਗਈਆਂ। ਜਾਪੁ ਸਾਹਿਬ, ਜੇ ਇਥੇ ਉਚਰਿਆ ਗਿਆ ਮੰਨਿਆ ਜਾਵੇ ਤਾਂ ਇਸ ਦੀ ਪ੍ਰਸਿੱਧੀ ਤੇ ਹਰਮਨ ਪਿਆਰਤਾ ਚਾਣਚਕ ਹੋ ਗਈ ਇਸ ਹਕੀਕਤ ਤੋਂ ਸਾਬਤ ਹੁੰਦੀ ਹੈ ਕਿ ਇਕ ਸ਼ਿਲਪਕਾਰ ਸਿੱਖ ਨੇ ਹਜ਼ੂਰ ਦੇ ਜੰਗ ਵਿਚ ਪਹਿਨਣ ਲਈ ਧਾਤ ਦੀ ਇਕ ਐਸੀ ਪੇਟੀ ਬਣਾਈ, ਜਿਸ ਉਪਰ ਜਾਪ ਸਾਹਿਬ ਉਕਰਿਆ ਹੋਇਆ ਸੀ। ਇਹ ਪੇਟੀ ਹਜ਼ੂਰ ਨੇ ਭੰਗਾਣੀ ਯੁੱਧ ਵਿਚ ਪਹਿਨੀ, ਇਸ ਵਿਚ ਹੀ ਆ ਕੇ ਹਰੀ ਚੰਦ ਦਾ ਤੀਰ ਵੱਜਾ ਸੀ। ਇਹ ਗੁਰੂ ਦੀ ਪਵਿੱਤਰ ਨਿਸ਼ਾਨੀ ਮਹਾਰਾਜਾ ਸਾਹਿਬ ਪਟਿਆਲਾ ਕੋਲ ਮੌਜੂਦ ਹੈ। (Foot note I. at page 175. The Sikh Review, Calcutta, Guru Gobind Singh's Third Birth Centenary Number vol. I. Dec. 66-Jan.67) ਇਹ ਦੱਸ ਪਾਉਣ ਵਾਲੇ ਡਾ: ਤ੍ਰਿਲੋਚਨ ਸਿੰਘ ਦਾ ਵਿਚਾਰ ਹੈ ਜਾਪ ਸਾਹਿਬ ਅਤੇ ਕ੍ਰਿਸ਼ਨਾ

ਅਵਤਾਰ ਦਾ ਕੁਝ ਭਾਗ (ਗਿਆਰਾਂ ਹਜ਼ਾਰ ਬਾਨਵੇਂ ਛੰਦ) ਹਜ਼ੂਰ ਨੇ ਅਨੰਦਪੁਰ ਹੀ ਉਚਾਰਨ ਕੀਤਾ। ਕ੍ਰਿਸ਼ਨ ਚਰਿੱਤ੍ਰ ਸੰਪੂਰਨ ਕੀਤਾ ਪਾਂਵਟੇ ਆ ਕੇ, 24 ਜੁਲਾਈ 1688 ਨੂੰ। ਇਸ ਤੋਂ ਇਕ ਮਹੀਨਾ ਬਾਦ, ਗੁਰੂ ਜੀ ਨੂੰ ਸ਼ਾਂਤਿਮਯ ਕਾਰਵਾਈਆਂ ਵਿਚ ਰੁੱਝਾ ਤੱਕ ਕੇ, ਸ੍ਰੀਨਗਰ, ਬਿਲਾਸਪੁਰ ਅਤੇ ਸ਼ਿਵਾਲਕ ਪਹਾੜੀਆਂ ਦੇ ਦੂਜੇ ਰਾਜਿਆਂ ਨੇ ਮਿਲਵਾਂ ਮਾਰੂ ਹੱਲਾ ਕੀਤਾ।

ਸ: ਰਣਧੀਰ ਸਿੰਘ ਕਰਤਾ 'ਦਸਮ ਗ੍ਰੰਥ ਦਾ ਇਤਿਹਾਸ' ਅਨੁਸਾਰ ਜਮਨਾ ਦੇ ਕਿਨਾਰੇ ਖ਼ੂਬ ਕੌਤ ਤਮਾਸ਼ੇ ਕੀਤੇ ਤੇ ਪ੍ਰਭੂ ਦੀ ਲੀਲਾ ਦੇ ਵੰਨ ਸੁਵੰਨੇ ਰੰਗ ਵੇਖੇ। ਤਾਜ਼ੇ ਵਤਨ-ਵਿਛੋੜੇ ਦੇ ਬਿਰਹੇ, ਉਥੇ ਜਾ ਕੇ ਆਪ ਨੇ ਕ੍ਰਿਸ਼ਨ ਜੀ ਦੀਆਂ ਪ੍ਰੇਮੀ ਗੋਪੀਆਂ ਦੇ ਬਿਰਹ ਬਿਛੋਹ ਦੇ ਪਜਿ ਗਾਏ। ਇਨ੍ਹਾਂ 134 ਛੰਦਾਂ ਦਾ (ਗੋਪੀ ਬਿਰਹ ਨਾਟਕ) ਦਾ ਰਚਨ ਕਾਲ ਆਪ ਨੇ ਖੁਦ ਹੀ ਸੰਮਤ ਸਤਾਰਾਂ ਸੈ ਚਉਤਾਲੀ ਸਾਵਣ (ਜੁਲਾਈ, 1687) ਦੱਸਿਆ ਹੈ :

ਸਤ੍ਰਹ ਸੈ ਚਤਵਾਲ ਮੈ, ਸਾਵਨ ਸੁਦਿ ਬੁਧਵਾਰਿ
*ਨਗਰ ਪਾਵਟਾ ਮੋ ਤੁਮੋ ਰਚਯੋ ਗ੍ਰੰਥ ਸੁਧਾਰ। ਕ੍ਰਿਸ਼ਨਾਵਤਾਰ ੯੮੩**

ਇਕ ਹੋਰ ਥਾਂ, ਆਪ ਲਿਖਦੇ ਹਨ, ਕ੍ਰਿਸ਼ਨਾ ਅਵਤਾਰ, ਚੰਡੀ ਚਰਿੱਤ੍ਰ ਤੇ ਚੰਡੀ ਦੀ ਵਾਰ ਤਿੰਨੇ ਪ੍ਰਸੰਗ 1745 ਬਿਕਰਮੀ (ਵੀਹ ਵਰ੍ਹੇ ਦੀ ਉਮਰ) ਤੱਕ ਦੀਆਂ ਰਚਨਾਵਾਂ ਹਨ।

ਚੰਡੀ ਦੀ ਵਾਰ ਨੂੰ ਪੰਜਾਬੀ ਬੀਰਾਂ ਅੰਦਰ ਜੁਧ-ਜੰਗ ਲਈ ਜੋਸ਼ ਭਰਨ ਹਿਤ, ਦੇਸੀ ਬੋਲੀ ਦੇ ਮਨ ਪਿਆਰੇ ਕਾਵਿ, ਵਾਰ ਦਾ ਰੂਪ ਦਿੱਤਾ, ਜਿਸਨੇ ਹਟਵਾਣੀਆਂ ਤੇ ਹਾਲੀਆਂ ਪਾਲੀਆਂ ਤੇ ਸਾਧਾਂ ਫਕੀਰਾਂ ਨੂੰ ਵੀ ਸੰਦਲ ਬਾਰ ਦੇ ਸ਼ੇਰ ਬੱਬਰ ਬਣਾ ਦਿੱਤਾ। ਇਸ ਬੀਰ ਰਚਨਾ ਦੇ ਅਸਰ ਦਾ ਪ੍ਰਤੱਖ ਸਬੂਤ ਛੇਤੀ ਹੀ ਬਾਅਦ, ਭੰਗਾਣੀ ਦੀ ਭੈ ਭਰਪੂਰ ਰਣ ਭੂਮੀ ਵਿਚ ਦੁਨੀਆਂ ਨੇ ਦੇਖ ਲਿਆ। ਗੁਰੂ ਜੀ ਦੀ ਸੈਨਿਕ ਪ੍ਰਤਿਭਾ ਦੀ ਮੂੰਹ ਬੋਲਦੀ ਨਿਸ਼ਾਨੀ ਪਾਂਵਟੇ ਵਿਚ ਸ੍ਰੀ ਤਲਬ ਅਸਥਾਨ ਹੈ ਜਿੱਥੇ ਬੈਠ ਕੇ ਆਪ ਕਈ ਫੌਜੀ ਕੰਮ ਨਿਭਾਉਂਦੇ ਤੇ ਤਲਬਾਂ ਤਾਰਦੇ ਸਨ।

ਪਾਂਵਟੇ ਵਿਚ ਕਵੀ ਦਰਬਾਰਾਂ ਦੇ ਸੰਪੰਨ ਹੋਣ ਦਾ ਸਬੂਤ ਹੁਣ ਤੱਕ 'ਕਵੀ ਦਰਬਾਰ ਅਸਥਾਨ' ਦੇ ਰੂਪ ਵਿਚ ਮੌਜੂਦ ਹੈ। ਆਪ ਦੀ ਹਜ਼ੂਰੀ ਵਿਚ ਅਣਗਿਣਤ ਕਵੀ ਕੋਵਿਦ ਆ ਜੁੜੇ ਅਤੇ ਆਪਣੀਆਂ ਰਚਨਾਵਾਂ ਬਦਲੇ ਬਹੁਮੱਲੇ ਇਨਾਮ ਇਕਰਾਮ ਲੈ ਕੇ ਨਿਹਾਲ ਹੋਏ। ਇਨ੍ਹਾਂ ਵਿਦਵਾਨਾਂ ਵਿਚ ਕੇਸ਼ੋ ਦਾਸ, ਦੱਤਾ ਨੰਦ ਅਤੇ ਰਘੁਨਾਥ ਸੰਸਕ੍ਰਿਤ ਦੇ ਪ੍ਰਕਾਂਡ ਪੰਡਿਤ ਸਨ। ਉਨ੍ਹਾਂ ਦੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣੋਂ ਨਾਂਹ ਕਰਨ 'ਤੇ ਹਜ਼ੂਰ ਨੇ ਆਪਣੇ ਪੰਜ ਹੋਣਹਾਰ ਸਿੱਖਾਂ, ਗੰਡਾ ਸਿੰਘ, ਵੀਰ ਸਿੰਘ, ਕਰਮ ਸਿੰਘ, ਸੈਣਾ ਸਿੰਘ, ਰਾਮ ਸਿੰਘ ਨੂੰ, ਸਫੈਦ ਵਸਤਰ ਪੁਆ ਕੇ ਨਿਰਮਲੇ ਹੋਣ ਦੀ ਉੱਚ ਉਪਾਧੀ ਦੇ ਕੇ ਬਨਾਰਸ ਉੱਚ ਵਿੱਦਿਆ ਪ੍ਰਾਪਤੀ ਲਈ ਭੇਜਿਆ। ਸੱਤ ਸਾਲ ਇਹ ਗੁਰਮੁਖਿ ਪ੍ਰਾਚੀਨ ਗ੍ਰੰਥ ਪੜ੍ਹਦੇ ਰਹੇ ਅਤੇ ਮਹਾਨ ਸਮਾਜ ਦੇ ਉਸਰੀਏ ਬਣੇ, ਜਿਸ ਨੇ ਪੰਡਤ ਤਾਰਾ ਸਿੰਘ ਨਰੋਤਮ, ਗਿਆਨੀ ਗਿਆਨ ਸਿੰਘ ਵਰਗੇ ਰਤਨ ਸਿੱਖ ਪੰਥ ਨੂੰ ਦਿੱਤੇ।

---

* ਇਹ ਅੰਕ ਛਾਪੇ ਵਾਲੀ ਬੀੜ ਦਾ ਹੈ, 989 ਅੰਕ ਭਾਈ ਮਨੀ ਸਿੰਘ ਜੀ 'ਸ਼ਹੀਦ' ਵਾਲੀ ਬੀੜ ਵਿੱਚ ਹੈ। 3918 ਅੰਕ ਪਟਨਾ ਸਾਹਿਬ ਵਾਲੀ ਬੀੜ ਦਾ ਹੈ, (ਹਵਾਲਾ-ਸ੍ਰ. ਰਣਧੀਰ ਸਿੰਘ)।
—ਸੰਪਾਦਕ

ਜੀਅ ਦਾਨ ਦੇ ਦਾਤੇ

ਕਹਿੰਦੇ ਹਨ ਕਿ ਹੁਣ ਤੱਕ, ਪਿੱਛੋਂ ਸ਼ੋਰ ਪਾਉਂਦੀ ਆਉਂਦੀ ਜਮਨਾ ਦਾ ਇਥੇ (ਪਾਂਵਟੇ ਸਾਹਿਬ) ਚੁੱਪ ਚਾਪ ਸ਼ਾਂਤ ਵੇਗ ਨਾਲ ਚੱਲਣ ਦਾ ਕਾਰਨ ਗੁਰੂ ਸਾਹਿਬ ਦਾ ਆਤਮਕ ਸ਼ਕਤੀ ਨਾਲ ਮੂੰਹ ਜ਼ੋਰ ਨਦੀ ਨੂੰ ਮਨੁੱਖਤਾ ਕਲਿਆਣ ਲਈ ਦਿੱਤਾ ਆਦੇਸ਼ ਹੈ।

ਗੁਰੂ ਸਿੱਖਾਂ ਦੀ ਆਤਮਕ ਕਲਿਆਣ ਲਈ ਆਪ ਨੇ ਜੋ ਉਪਰਾਲੇ ਕੀਤੇ, ਉਨ੍ਹਾਂ ਦੇ ਸਬੂਤ ਕਈ ਯਾਦਗਾਰੀ ਅਸਥਾਨਾਂ ਤੋਂ ਮਿਲਦੇ ਹਨ। ਖਾਸ ਗੁਰਦੁਆਰਾ ਪਾਂਵਟਾ ਸਾਹਿਬ ਦੇ ਅੰਦਰਲੇ ਨੌਂ ਦਰਵਾਜ਼ੇ ਆਨੰਦ ਸਾਹਿਬ ਦੀ ਤੁਕ 'ਨਉ ਦਰਵਾਜ਼ੇ ਪ੍ਰਗਟ ਕੀਏ ਦਸਵਾਂ ਗੁਪਤ ਰਖਾਇਆ' ਵਲ ਸੰਕੇਤ ਕਰਦੇ, ਦਸਮ ਦੁਆਰ ਦੀ ਪ੍ਰਾਪਤੀ ਲਈ ਪ੍ਰੋਤਸਾਹਨ ਕਰਦੇ ਹਨ। ਕਾਲਸੀ ਦੇ ਰਿਖੀ ਦੀ ਯਾਦਗਾਰ ਦੇ ਨਾਲ ਨਾਲ ਪਰਮ ਸੰਤ ਕਿਰਪਾਲ ਉਦਾਸੀ ਦੀ ਕਾਲੀ ਸਿਲ ਵੀ ਵਿਦਮਾਨ ਹੈ, ਜਿੱਥੇ ਇਸ ਸੂਰਮੇ ਸੰਤ ਸਿਪਾਹੀ ਦੇ ਪੰਜ ਸੌ ਸਾਧਾਂ ਦਾ ਡੇਰਾ ਸੀ। ਕਿਰਪਾਲ ਉਦਾਸੀ ਨੇ ਗੁਰੂ ਚਰਨਾਂ ਵਿਚ ਬੈਠ ਕੇ ਆਤਮਕ ਤੇ ਸਰੀਰਕ ਦੋਨੋਂ ਪ੍ਰਕਾਰ ਦੀ ਉਨਤੀ ਕੀਤੀ। ਸ੍ਰੀ ਦਸਤਾਰ ਅਸਥਾਨ ਉਹ ਪਵਿੱਤ੍ਰ ਥਾਂ ਜਿਥੋਂ ਮੀਲਾਂ ਤਕ ਸਰਸਬਜ਼ ਪਹਾੜੀਆਂ ਦੇ ਦਰਸ਼ਨ ਹੁੰਦੇ ਹਨ। ਇੱਥੇ ਆਪ ਦਸਤਾਰ ਸਜਾਇਆ ਕਰਦੇ ਸਨ। ਇੱਥੇ ਹੀ ਜਲਵਾ ਅਫ਼ਰੋਜ਼ ਹੁੰਦਿਆਂ ਆਪ ਨੇ ਭੰਗਾਣੀ ਯੁੱਧ ਤੋਂ ਬਾਅਦ ਪੀਰ ਬੁੱਧੂ ਸ਼ਾਹ ਨੂੰ ਆਪਣੀ ਛੋਟੀ ਦਸਤਾਰ, ਕੰਘਾ ਸਣੇ ਕੇਸ ਛੋਟੀ ਸ੍ਰੀ ਸਾਹਿਬ ਅਤੇ ਇਕ ਹੁਕਮਨਾਮਾ ਬਖਸ਼ਿਆ।

ਮੁਸਲਮਾਨਾਂ ਦੇ ਇਸ ਸਿਰਕੱਢ ਪੀਰ ਨੇ ਹਜ਼ੂਰ ਦੀ ਕੀਰਤੀ ਸੁਣਕੇ ਸਾਢੌਰੇ ਤੋਂ ਮੁਰੀਦਾਂ ਸਣੇ ਆਣ ਕੇ ਦੀਦਾਰ ਕੀਤੇ। ਹਜ਼ੂਰ ਨੇ ਪੀਰ ਦੀ ਆਤਮਕ ਅਗਵਾਈ ਕਰਦਿਆਂ ਉਹਦੀ ਉਨਤੀ ਦੇ ਰਾਹ ਦੀਆਂ ਰੋਕਾਂ ਭੰਨੀਆਂ। ਪੀਰ ਨੂੰ ਅੰਦਰੋਂ ਬਾਹਰੋਂ ਸੱਚ ਤੇ ਸੁੱਚ ਦਾ ਮੁਜੱਸਮਾ ਬਣਨ ਲਈ ਸਭਿਆਚਾਰੀ ਹੋਣ ਦਾ ਉਪਦੇਸ਼ ਦਿੱਤਾ:-

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ ਤਨੁ ਕਰੈ ਹਛਾ ਧੋਇ॥
ਸਚ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥
ਸਚੁ ਤਾਪਰੁ ਜਾਣੀਐ ਜਾ ਜੁਗਤਿ ਜਾਣੇ ਜੀਉ॥
ਧਰਤਿ ਕਾਇਆ ਸਾਧਿ ਕੈ ਵਿਚਿ ਦੇਇ ਕਰਤਾ ਬੀਉ॥
ਸਚੁ ਤਾ ਪਰ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨੁ ਕਰੇਇ॥
ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥ ਕਰੇ ਨਿਵਾਸ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕੁ ਵਖਾਣੈ ਬੈਨਤੀ ਜਿਨ ਸਚੁ ਪਲੈ ਹੋਇ॥

ਆਸਾ ਵਾਰ ੧, ਪੰਨਾ ੪੬੮

ਪੀਰ ਨੇ ਸੱਚੀ ਸਿੱਖਿਆ ਸੁਣੀ, ਮੰਨੀ ਤੇ ਮਨ ਵਿਚ ਪਿਆਰ ਤੇ ਸਤਿਕਾਰ ਨਾਲ ਵਸਾ ਲਈ। ਉਹ ਸੱਚੇ ਆਚਾਰ ਦੇ ਮਾਰਗ 'ਤੇ ਤੁਰ ਪਿਆ। ਦਾਮਲਾ ਪਿੰਡ ਦੇ ਉਹਦੇ ਪੰਜ ਸੌ ਮੁਰੀਦਾਂ ਨੂੰ ਔਰੰਗਜ਼ੇਬੀ ਫੌਜ 'ਚੋਂ ਕੱਢ ਦਿੱਤਾ ਗਿਆ ਸੀ, ਉਹ ਨਿਰਾਸ਼ੇ ਪੀਰ ਜੀ ਕੋਲ ਪੁੱਜੇ ਕਿ ਕੋਈ ਉਨ੍ਹਾਂ ਦੀ ਰੋਜ਼ੀ ਦਾ ਮੁੜ ਪ੍ਰਬੰਧ ਹੋ ਸਕੇ। ਪੀਰ ਨੇ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਕੋਲ ਉਨ੍ਹਾਂ ਦੀ ਸਿਫਾਰਸ਼ ਕੀਤੀ ਜੋ ਮਨਜ਼ੂਰ ਹੋਈ। ਪੰਜਾਂ ਸਰਦਾਰਾਂ ਕਾਲੇ ਖਾਂ, ਭੀਖਣ ਖਾਂ, ਨਜਾਬਤ ਖਾਂ, ਹਯਾਤਖਾਂ ਅਤੇ ਉਮਰ ਖਾਂ ਨੂੰ ਪੰਜ ਰੁਪਏ ਅਤੇ ਸਿਪਾਹੀਆਂ ਨੂੰ ਇਕ ਇਕ ਰੁਪਏ ਰੋਜ਼ੀਨਾ ਦੇ ਕੇ ਗੁਰੂ ਦੀ ਫੌਜ ਵਿਚ ਸ਼ਾਮਲ ਕੀਤਾ ਗਿਆ।

ਫ਼ਤਹ ਸ਼ਾਹ ਕੋਪਾ

ਇਨ੍ਹਾਂ ਸਾਰੀਆਂ ਗੱਲਾਂ ਦੀ ਕਨਸੋਅ ਜਦ ਭੀਮ ਚੰਦ ਨੂੰ ਪੁੱਜੀ ਤਾਂ ਉਹ ਕ੍ਰੋਧਵਾਨ ਹੋ ਕੇ ਗੁਰੂ ਸਾਹਿਬ ਦੀ ਪ੍ਰਭਤਾ ਦਾ ਈਰਸ਼ਾਲੂ ਹੋ ਕੇ ਅੰਗਿਆਰਾਂ 'ਤੇ ਲਿਟਣ ਲੱਗ ਪਿਆ ਅਤੇ ਉਹਨੂੰ ਮੌਕਾ ਹੱਥ ਆਇਆ, ਆਪਣੇ ਪੁੱਤ੍ਰ ਦੀ ਸ਼ਾਦੀ ਸਮੇਂ। ਸ੍ਰੀਨਗਰ ਗੜ੍ਹਵਾਲ (ਰਾਜਾ ਫਤਹ) ਨੂੰ ਜੰਜ ਪਾਂਵਟੇ ਵਿਚੋਂ ਜਾਣੀ ਸੀ ਤੇ ਜਮਨਾ ਦੇ ਰਾਜ ਘਾਟ ਤੋਂ ਉਨ੍ਹਾਂ ਦਰਿਆ ਪਾਰ ਕਰਨਾ ਸੀ। ਉਹਨੇ ਵਿਉਂਤ ਬਣਾਈ ਕਿ ਇਸ ਮੌਕੇ ਗੁਰੂ ਨਾਲ ਦੋ ਦੋ ਹੱਥ ਹੋ ਜਾਣ ਕਿਉਂਕਿ ਭੀਮ ਚੰਦ ਦੀ ਖਾਮ ਖਿਆਲੀ ਸੀ ਕਿ ਗੁਰੂ ਦੀ ਜੱਟਾਂ, ਝਿਊਰਾਂ, ਨਾਈਆਂ, ਹਲਵਾਈਆਂ ਦੀ ਨਵੀਂ ਤਿਆਰ ਹੋਈ ਨਾਤਜਰਬਾਕਾਰ ਫੌਜ ਨੂੰ ਪਹਿਲੇ ਹੱਲੇ ਹੀ ਪਸ਼ੂਆਂ ਵਾਂਗ ਹੱਕ ਕੇ ਅੱਗੇ ਲਾ ਲਵਾਂਗੇ ਪਰ ਇਹ ਖਾਮ ਖਿਆਲੀ ਰਾਜੇ ਨੂੰ ਮਹਿੰਗੀ ਪਈ। ਦਕਸ਼ ਯੋਧੇ ਗੁਰੂ ਨੇ, ਯੁੱਧ ਦੇ ਮੁਢਲੇ ਅਸੂਲ 'ਵੈਰੀ ਤੋਂ ਆਪਣਾ ਸੈਨਿਕ ਪ੍ਰਬੰਧ ਤੇ ਯੋਜਨਾ ਲੁਕੋ ਕੇ ਰੱਖੋ,' ਅਨੁਸਾਰ, ਰਾਜ ਘਾਟ ਤੇ ਜੰਜ ਦਾ ਅੱਗਾ ਰੋਕ ਲਿਆ। ਰਾਜਾ ਜ਼ਖ਼ਮੀ ਸੱਪ ਵਾਂਗ ਵਿਸ ਘੋਲਦਾ ਹੈਰਾਨ ਰਹਿ ਗਿਆ। ਉਹਨੂੰ ਲੈਣ ਦੇ ਥਾਂ ਦੇਣਾ ਪੈ ਗਿਆ। ਗੁਰੂ ਸਾਹਿਬ ਨੇ ਇਹ ਖੁਲ੍ਹ ਦਿਲੀ ਵਰਤੀ ਕਿ ਲਗਣਾਂ ਉੱਤੇ ਪਹੁੰਚਣ ਲਈ ਅਜਮੇਰ ਚੰਦ ਦੇ ਪੁੱਤ੍ਰ ਤੇ ਪ੍ਰੋਹਤ ਨੂੰ ਇਸ ਰਾਹੋਂ ਲੰਘਣ ਦੀ ਆਗਿਆ ਮਿਲ ਸਕਦੀ ਹੈ, ਜੰਜ ਵਲਾ ਪਾ ਕੇ ਜਾਵੇ। ਭੀਮ ਚੰਦ ਨੂੰ ਉਹਦੇ ਝੂਠੇ ਵਕਾਰ ਨੂੰ ਪੈਰਾਂ ਥੱਲੇ ਮਧੋਲਦੀ ਇਹ ਕੌੜੀ ਗੋਲੀ ਸੰਘੋਂ ਲੰਘਾਉਣੀ ਹੀ ਪਈ।

ਫਤਹ ਸ਼ਾਹ ਨੂੰ ਇਸ ਗੱਲ ਦਾ ਪਤਾ ਨਹੀਂ ਸੀ। ਸਗੋਂ ਉਹਨੇ ਗੁਰੂ ਸਾਹਿਬ ਦਾ ਸ਼ਰਧਾਲੂ ਹੋਣ ਦੇ ਨਾਤੇ ਹਜ਼ੂਰ ਨੂੰ ਆਪਣੀ ਪੁੱਤ੍ਰੀ ਦੇ ਵਿਆਹ ਦਾ ਸੱਦਾ ਪੱਤ੍ਰ ਭੇਜਿਆ। ਹਜ਼ੂਰ ਨੇ ਸਮਾਂ ਵਿਚਾਰ ਕੇ ਆਪ ਜਾਣ ਦੀ ਥਾਂ ਦੀਵਾਨ ਨੰਦ ਚੰਦ ਤੇ ਪ੍ਰੋਹਤ ਦਯਾਰਾਮ ਨੂੰ ਕੁਝ ਸਾਥੀਆਂ ਸਣੇ ਸਵਾ ਲੱਖ ਦਾ ਕੰਨਿਆ ਦਾਨ ਤੇ ਹੋਰ ਗਹਿਣੇ ਕੱਪੜੇ ਦੇ ਕੇ ਭੇਜਿਆ। ਜੰਜ ਪੁੱਜਣ 'ਤੇ ਜਦ ਫਤਹ ਸ਼ਾਹ ਦੇ ਪ੍ਰੋਹਤ ਵਲੋਂ ਕੰਨਿਆਦਾਨਾਂ ਦਾ ਵੇਰਵਾ ਹੋਕਿਆ ਗਿਆ ਤਾਂ ਭੀਮਚੰਦ ਦੀ ਸੱਤੀਂ ਕੱਪੜੀਂ ਅੱਗ ਲੱਗ ਗਈ ਕਿ ਗੁਰੂ ਦੀ ਵਡਿਆਈ ਅੱਖਾਂ ਚੁੰਧਿਆਉਂਦੀ ਲਿਸ਼ਕ ਇਥੇ ਵੀ ਆ ਪੁੱਜੀ ਹੈ। ਉਹਨੇ ਕੰਨਿਆਦਾਨ ਮੋੜਨ ਤੇ ਨੰਦ ਚੰਦ ਦਾ ਡੇਰਾ ਲੁੱਟ ਲੈਣ 'ਤੇ ਜ਼ੋਰ ਦਿੱਤਾ। ਉਹਨੇ ਫਤਹ ਸ਼ਾਹ ਨੂੰ ਵਿਚ ਵਿਚਾਲਤ ਨਾ ਹੁੰਦਿਆਂ ਤੱਕ ਕੇ ਧਮਕੀ ਦਿੱਤੀ ਕਿ ਜੇ ਅਜਿਹਾ ਨਾ ਕੀਤਾ ਗਿਆ ਤਾਂ ਉਹ ਉਹਦੀ ਵਿਆਂਹਦੜ ਪੁੱਤ੍ਰੀ ਦਾ ਡੋਲਾ ਛੱਡ ਜਾਵੇਗਾ। ਫਤਹ ਸ਼ਾਹ ਦੀ ਹਾਲਤ 'ਸੱਪ ਦੇ ਮੂੰਹ ਆਈ ਕਿਰਲੀ' ਵਾਲੀ ਸੀ। ਅਖੀਰ

ਲੋਕ ਲਾਜ ਗਾਲਿਬ ਆਈ। ਕੰਨਿਆ ਦਾਨ ਤਾਂ ਕੀ ਮੋੜਨਾ ਸੀ, ਉਹਨੇ ਨੰਦ ਚੰਦ ਦੇ ਸਾਥੀਆਂ ਨੂੰ ਘੇਰ ਲੈਣ ਦਾ ਆਦੇਸ਼ ਦੇ ਦਿੱਤਾ, ਪਰ ਨੰਦ ਚੰਦ ਆਪਣੇ ਸਾਥੀਆਂ ਸਣੇ ਬਚ ਕੇ ਨਿਕਲ ਗਿਆ। ਭੀਮ ਚੰਦ ਦੇ ਆਖੇ ਲੱਗ ਫਤਹ ਸ਼ਾਹ ਗੁਰੂ ਉੱਤੇ ਹਮਲਾ ਕਰਨ ਵਾਲੀ ਮਿਲਵੀਂ ਸੈਨਿਕ ਸ਼ਕਤੀ ਦਾ ਆਗੂ ਹੋ ਕੇ ਮੋਹਰੇ ਲੱਗ ਤੁਰਿਆ। ਗੁਰੂ ਜੀ ਨੇ ਸੱਚ ਹੀ ਆਖਿਆ ਸੀ ਕਿ ਅਕਾਰਨ ਹੀ ਉਹ ਸਾਡੇ ਗਲ ਪਿਆ। **'ਫਤਹ ਸ਼ਾਹ ਕੋਪਾ ਤਬ ਰਾਜਾ। ਲੋਹ ਪੜਾ ਹਮ ਸੋਂ ਬਿਨ ਕਾਜਾ।'**

ਯੁੱਧ ਭੰਗਾਣੀ

ਗਿਆਨੀ ਗਿਆਨ ਸਿੰਘ ਕਰਤਾ ਤਵਾਰੀਖ ਗੁਰੂ ਖਾਲਸਾ ਅਨੁਸਾਰ ਫਤਹ ਸ਼ਾਹ ਨਾਲ ਰਲ ਕੇ ਆਏ : (1) ਭੀਮ ਚੰਦ ਕਹਿਲੂਰੀਆ, (2) ਗੋਪਾਲ ਚੰਦ ਗੁਲੇਰੀਆ, (3) ਕਿਰਪਾਲ ਚੰਦ ਕਟੋਚ (ਕਾਂਗੜਾ), (4) ਬੀਰ ਸੈਣ ਸਧਰ ਸੈਣ ਮੰਡੀ, (5) ਕੇਸਰੀ ਚੰਦ ਤੇ ਉਮੇਦ ਸਿੰਘ ਜਸਵਾਲੀਏ, (6) ਦਿਆਲ ਚੰਦ ਕਾਠਗੜ੍ਹ, (7) ਹਰੀ ਚੰਦ ਹਿਡੂਰੀਆ (ਨਾਲਾਗੜ੍ਹ), (8) ਕਰਮ ਚੰਦ ਭੰਬੋਰ, (9) ਅਨੰਤ ਚੰਦ ਪ੍ਰਿਥੀਪੁਰ (20) ਝਗੜ ਚੰਦ ਮਨਸਾਵਾਲੀਆ, (11) ਭਾਊ ਸਿੰਘ ਸੀਬੇ ਵਾਲਾ, (12) ਧਰਮ ਪਾਲ ਕੁਟਲਹਿੜੀਆ, (13) ਦਯਾ ਸਿੰਘ ਨੂਰ ਪੁਰ, (14) ਭਾਗ ਸਿੰਘ ਤਿਲਕੋਪੁਰ, (15) ਟੇਕ ਸਿੰਘ ਕਿਸ਼ਤਵਾੜ, (16) ਗੁਰਭਜ ਇੰਦੌਰ, (17) ਜੈ ਚੰਦ ਬਿਝੜ ਵਾਲ (18) ਠੋਡੀ ਸਿੰਘ ਸੰਧਰੀਵਾਲ, (19) ਸੰਸਾਰ ਚੰਦ ਨਾਦੌਨ, (20) ਹਰੀ ਚੰਦ ਕੋਟੀਵਾਲਾ, (21) ਲਛੂ ਚੰਦ ਕਸੌਲੀ, (22) ਭੂਪ ਸਿੰਘ ਥਿਉਗ।*

ਨੰਦ ਚੰਦ ਦੇ ਪੁੱਜਣ 'ਤੇ ਗੁਰੂ ਸਾਹਿਬ ਵਧੇਰੇ ਚੌਕਸ ਹੋ ਗਏ। ਜੰਗ ਸਿਰ 'ਤੇ ਆਇਆ ਤੱਕ ਕੇ ਕਿਰਪਾਲ ਉਦਾਸੀ ਦੇ ਦੁੱਧ ਪੀਣੇ ਮਜਨੂੰ ਪੰਜ ਸੌ ਸਾਧ ਰਾਤੋ ਰਾਤ ਨੱਸ ਗਏ ਅਤੇ ਪੰਜ ਸੌ ਪਠਾਣਾਂ ਵਿਚੋਂ 400 ਗੁਰੂ ਨਾਲ ਧੋਖਾ ਕਰਕੇ ਗਦਾਰੀ ਕਰ ਗਏ ਤੇ ਰਾਜਿਆਂ ਨਾਲ ਜਾ ਮਿਲੇ, ਕੇਵਲ ਕਾਲੇ ਖਾਂ ਆਪਣੇ ਸੌ ਸਵਾਰਾਂ ਸਣੇ ਵਫਾਦਾਰ ਰਿਹਾ। ਯੋਧੇ ਗੁਰੂ ਨੇ ਰਤਾ ਵੀ ਦਿਲ ਭੰਵੀ ਨਾ ਖਾਧੀ। ਉਹਨਾਂ ਨੂੰ ਆਪਣੀ ਸਚਾਈ ਦਾ ਅਤੇ ਆਪਣੇ ਅਕਾਲ ਦੀ ਕਿਰਪਾ ਦਾ ਪੱਕਾ ਨਿਸਚਾ ਸੀ। ਉਹਨਾਂ ਨੇ ਰਣ-ਕੌਸ਼ਲਤਾ ਦਾ ਇਕ ਹੋਰ ਪਰਿਚਯ ਦਿੱਤਾ। ਸ਼ਤਰੂ ਦੇ ਆ ਕੇ ਅਵੇਸਲੇ ਆ ਪੈਣ ਦੀ ਉਡੀਕ ਨਾ ਕਰਕੇ ਭਾਈ ਰਾਮ ਕੌਇਰ, ਮੋਹਰੇ ਤੇ ਕਾਲੇ ਨੂੰ ਪਾਂਵਟੇ ਦੀ ਰਾਖੀ ਲਈ ਛੱਡ ਕੇ ਰਣ ਮੰਡ ਲਿਆ। ਉਹਨਾਂ ਨੇ ਸ਼ਹਿਰੀ ਵਸੋਂ ਤੋਂ 6-7 ਮੀਲ ਪਰੇ ਰਤਾ ਉੱਚੇ ਥਾਂ ਭੰਗਾਣੀ ਪਿੰਡ ਕੋਲ ਜੋ ਸੱਜੇ ਪਾਸੇ ਜਮਨਾ

---

* ਸਰ ਗੋਕਲ ਚੰਦ ਨਾਰੰਗ ਜੋ ਭੰਗਾਣੀ ਯੁੱਧ ਖਾਲਸਾ ਸਾਜਣ ਪਿੱਛੋਂ ਹੋਇਆ ਪ੍ਰਗਟ ਕਰਦਾ ਹੈ, ਦੱਸਦਾ ਹੈ ਕਿ ਆਕਰਮਣਕਾਰੀ ਰਾਜਿਆਂ ਵਿਚ ਭੀਮ ਚੰਦ ਬਿਲਾਸਪੁਰ, ਕ੍ਰਿਪਾਲ ਚੰਦ ਕਟੋਚ, ਕੇਸਰੀ ਚੰਦ ਜਸਵਾਰੀਆ, ਸੁਖਦਯਾਲ ਜਸਰੋਟਾ, ਹਰੀ ਚੰਦ ਨਾਲਾਗੜ੍ਹ, ਪ੍ਰਿਥੀ ਚੰਦ ਡਡਵਾਲੀਆ ਅਤੇ ਫਤਹ ਸ਼ਾਹ ਸ੍ਰੀ ਨਗਰੀਆ ਸ਼ਾਮਲ ਹੋਏ। ਇਹਨਾਂ ਦੀ ਫੌਜੀ ਨਫ਼ਰੀ ਦਸ ਹਜ਼ਾਰ ਸੀ ਅਤੇ ਗੁਰੂ ਦੀ ਦੋ ਹਜ਼ਾਰ, ਜਿਨ੍ਹਾਂ ਵਿਚੋਂ ਚਾਰ ਸੌ ਪਠਾਨ ਨੱਸ ਗਏ।

[Transformation of Sikhism, page 89]

ਤੋਂ ਅਤੇ ਪਿਛਲੇ ਪਾਸੇ ਗਿਰੀ ਨਦੀ ਦੇ ਪਾਣੀਆਂ ਨਾਲ ਸੁਰੱਖਿਅਤ ਸੀ।** ਘੋੜੇ ਦੀ ਖੁਰੀ ਦੀ ਸ਼ਕਲ ਵਿਚ ਫੌਜ ਨੂੰ ਤਰਤੀਬ ਦੇ ਕੇ ਸ਼ਤਰੂ ਦਾ ਅੱਗਾ ਫੇਰ ਜਾ ਰੋਕਿਆ।*** ਇਹਨਾਂ ਦੀ ਥੋੜ੍ਹੀ ਫੌਜ ਨਾਲ ਆਪਣੇ ਵਲੋਂ ਨੌਕਰ ਰਖਵਾਏ ਪੰਜ ਸੌ ਪਠਾਣਾਂ ਦੇ ਵਿਸਾਹਘਾਤ ਦੀ ਹਿਰਦੇ ਵੇਧਕ ਖਬਰ ਸੁਣਕੇ, ਪੀਰ ਬੁੱਧੂ ਸ਼ਾਹ ਆਪਣੇ ਚੌਂਹ ਪੁੱਤਰਾਂ, ਭਰਾਵਾਂ ਅਤੇ 700 ਮੁਰੀਦਾਂ ਨੂੰ ਨਾਲ ਲੈ ਕੇ ਆ ਹਾਜ਼ਰ ਹੋਇਆ। ਇਸ ਛੋਟੀ ਜਿਹੀ ਫੌਜ ਦੀਆਂ ਟੁਕੜੀਆਂ ਦੇ ਮੁਖੀ ਲੜਾਕੇ ਸਨ, ਆਪ ਜੀ ਦੀ ਭੂਆ ਦੇ ਪੰਜ ਰਾਠ ਪੁੱਤਰ, ਸੰਗੋ ਸ਼ਾਹ, ਜੀਤ ਮੱਲ, ਗੁਲਾਬ ਰਾਏ, ਗੰਗਾ ਰਾਮ ਤੇ ਮਾਹਰੀ ਚੰਦ, ਆਪ ਦੇ ਮਾਮਾ ਕਿਰਪਾਲ ਚੰਦ, ਭਾਈ ਬਿਧੀ ਚੰਦ ਦਾ ਪੁੱਤ੍ਰ ਲਾਲ ਚੰਦ, ਦੀਵਾਨ ਨੰਦ ਚੰਦ, ਭਾਈ ਊਦਾ (ਉਦੈ ਸਿੰਘ) ਬਚਿੱਤ੍ਰ (ਸਿੰਘ) ਆਲਮ (ਸਿੰਘ) ਚੰਦਨ ਰਾਏ, ਪ੍ਰੋਹਤ ਗੰਗਾ ਰਾਮ, ਸਾਹਿਬ ਚੰਦ, ਸੰਗਤੀਆ, ਬੁੱਧੂ ਸ਼ਾਹ, ਕਾਲੇ ਖਾਂ। ਆਪ ਦੀ ਆਤਮ ਸ਼ਕਤੀ ਨਾਲ ਅਤੇ ਸੈਨਿਕ ਪ੍ਰਤਿਭਾ ਦਾ ਸਦਕਾ ਇਆਲੀ, ਪਾਲੀ (ਕਾਹਰੂ ਮਾਹਰੂ) ਲਾਲ ਚੰਦ ਵਰਗੇ ਹਲਵਾਈ ਗਾਜ਼ੀ ਬਣ ਕੇ ਰਣ ਵਿਚ ਨਿਤਰੇ। ਬਨਾਰਸ ਦੇ ਭਾਈ ਰਾਮਾ ਨੇ ਸ਼ਿਲਪਕਾਰੀ ਦਾ ਅਲੌਕਿਕ ਕ੍ਰਿਸ਼ਮਾ ਦੱਸਿਆ। ਉਹਨੇ ਕਾਠ ਦੀਆਂ ਤੋਪਾਂ ਘੜ ਲਈਆਂ, ਜਿਨ੍ਹਾਂ ਗੋਲੇ ਵਰ੍ਹਾਉਣ ਦਾ ਕਮਾਲ ਕਰ ਵਿਖਾਇਆ। ਪਰ ਸਭ ਤੋਂ ਅਜੀਬ ਗੱਲ ਇਹ ਹੋਈ ਕਿ ਰਾਜਾ ਮੇਦਨੀ ਪ੍ਰਕਾਸ਼ ਗੁਰੂ ਦੀ ਮਦਦ ਨੂੰ ਨਾ ਆਇਆ, ਉਹ ਇਕ ਜਾਨਿਬ ਰਿਹਾ। ਹੋ ਸਕਦਾ ਹੈ ਗੁਰੂ ਸਾਹਿਬ ਨੇ ਆਪ ਹੀ ਵਰਜ ਦਿੱਤਾ ਹੋਵੇ ਇਹ ਵਿਚਾਰ ਕੇ ਕਿ ਉਨ੍ਹਾਂ ਦੇ ਉਥੋਂ ਟੁਰ ਜਾਣ ਤੇ ਕਹਿਲੂਰੀਆ ਯਾ ਸ੍ਰੀਨਗਰੀਆ ਇਸ ਉੱਤੇ ਸ਼ਾਇਦ ਚੜ੍ਹ ਆਵਣ।

ਹਯਾਤ ਖਾਂ ਤੇ ਕਿਰਪਾਲ ਉਦਾਸੀ

ਰਾਜਿਆਂ ਨੇ ਪਹਿਲਾਂ ਪਠਾਣਾਂ ਨੂੰ ਅੱਗੇ ਝੋਕਿਆ, ਪਰ ਧਰਮੀ ਯੋਧੇ ਸਿੱਖਾਂ ਦੇ ਹੱਲਿਆਂ ਸਾਵੇਂ ਇਨ੍ਹਾਂ ਭਾੜੇ ਦੇ ਟੱਟੂਆਂ ਦੀ ਕੋਈ ਪੇਸ਼ ਨਾ ਗਈ। ਸ਼ਤਰੂ ਦੇ ਅਣਗਿਣਤ ਆਦਮੀ ਮਾਰੇ ਗਏ। ਜਿਸ ਨਾਲ ਰਾਜਿਆਂ ਦੀ ਸੈਨਾ ਵਿਚ ਖਲਬਲੀ ਮੱਚ ਗਈ। ਫਤਹ ਸ਼ਾਹ ਦੀ ਸਹਾਇਤਾ ਲਈ ਗੋਪਾਲ ਗੁਲੇਰੀਆ ਅਤੇ ਹਰੀ ਚੰਦ ਹੰਡੂਰੀਆ ਅੱਗੇ ਵਧੇ। ਉਨ੍ਹਾਂ ਨੇ ਪਠਾਨਾਂ ਨੂੰ ਮਿਹਣੇ ਮਾਰ ਕੇ ਜੋਸ਼ ਦਿਵਾਇਆ ਤੇ ਹਯਾਤ ਖਾਂ ਬੋਲੀ ਨਾ ਸਹਾਰਦਾ ਅੱਗੇ ਵਧਿਆ। ਇਹਦੇ ਟਾਕਰੇ ਲਈ ਗਦਾ ਧਾਰੀ ਕਿਰਪਾਲ ਉਦਾਸੀ ਆਇਆ ਅਤੇ ਉਹਨੂੰ ਲੂਣ ਹਰਾਮੀ ਕਹਿ ਕੇ ਵੰਗਾਰਿਆ। ਗੁੱਸਾ ਖਾ ਕੇ ਪਠਾਣ ਨੇ ਤਲਵਾਰ ਦਾ ਭਰਪੂਰ ਵਾਰ ਕੀਤਾ ਜੋ ਸੰਤ ਨੇ ਲੋਹੇ ਦੀ ਮੜ੍ਹੀ ਗਦਾ 'ਤੇ ਰੋਕ ਲਿਆ ਤੇ ਬੜੀ ਫੁਰਤੀ ਨਾਲ ਗਦਾ ਦਾ ਕਾਰੀ ਵਾਰ ਖਾਨ ਦੇ ਸਿਰ ਤੇ ਕੀਤਾ, ਉਹਦਾ ਭੇਜਾ ਫਟ ਕੇ ਸਫੈਦ ਮਿਝ ਵਗ ਤੁਰੀ ਜਿਵੇਂ ਕਾਹਨ ਨੇ ਦਹੀਂ ਭਰੀ ਮਟਕੀ ਤੋੜੀ ਹੋਵੇ :

ਕ੍ਰਿਪਾ ਕੁਪਿਯੰ ਕੁਤਕੋ ਸੰਭਾਰੀ।
ਹਠੀ ਖਾਨ ਹਯਾਤ ਕੇ ਸੀਸ ਝਾਰੀ।

** ਡਾਕਟਰ ਫੌਜਾ ਸਿੰਘ ਦਾ ਲੇਖ 'ਸਿਖ ਰੀਵੀਊ' ਦਸੰਬਰ 66–ਜਨਵਰੀ 67, ਸਫਾ 48।

***'ਮਾਨਵਤਾ ਕੇ ਗੁਰੂ' ਗੁਰੂ ਗੋਬਿੰਦ ਸਿੰਘ ਜੀ, ਕ੍ਰਿਤ ਸੋਹਣ ਸਿੰਘ ਸੀਤਲ।

(ਸਫ਼ਾ 169)

ਉਠੀ ਛਿੱਛਿ ਇੱਛੰ ਕਢਾ ਮੇਝ ਜੋਰੰ।
ਮਨੋ ਮਾਖਨੰ ਮਟੱਕੀ ਕਾਨ੍ਹ ਫੋਰੰ ॥੭॥ ਬਚਿਤ੍ਰ ਨਾਟਕ ਅਧਿਆਇ ੮

ਹਯਾਤ ਖਾਂ ਨੂੰ ਮਰਦਾ ਤੱਕ ਕੇ ਨਜਾਬਤ ਖਾਂ ਆਪਣੇ ਸਿਪਾਹੀਆਂ ਨੂੰ ਲੈ ਕੇ ਅੱਗੇ ਵਧਿਆ ਅਤੇ ਇਹਦਾ ਟਾਕਰਾ ਨੰਦ ਚੰਦ ਨਾਲ ਹੋਇਆ। ਨੰਦ ਚੰਦ ਬੜੀ ਵੀਰਤਾ ਨਾਲ ਲੜਿਆ ਅਤੇ ਸੋਢੀਆਂ ਦੀ ਕੁਲ ਦੀ ਲਾਜ ਰੱਖ ਲਈ :

ਤਹਾਂ ਨੰਦ ਚੰਦੰ ਕੀਯੋ ਕੋਪ ਭਾਰੋ।
ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ।
ਤੁਟੀ ਤੇਗ ਤ੍ਰਿਖੀ ਕਢੇ ਜੰਮਦੱਢੰ।
ਹਠੀ ਰਾਖਯੰ ਲਜ ਬੰਸੰ ਸਨੱਢੰ ॥੮॥ ਬਚਿਤ੍ਰ ਨਾਟਕ, ਅਧਿਆਇ ੮

ਇਸੇ ਸਮੇਂ ਮਾਮਾ ਕ੍ਰਿਪਾਲ ਚੰਦ ਨੇ ਵੀ ਕਸ਼ਾਤਰਤਾ ਦਾ ਸਬੂਤ ਦਿੱਤਾ। ਪਰੋਹਤ ਦਯਾ ਰਾਮ ਨੇ ਦਰੋਣਾਚਾਰੀਆ ਵਾਂਗ ਯੁੱਧ ਕੀਤਾ। ਮਾਹਰੀ ਚੰਦ ਦਾ ਚਿਹਰਾ ਜੋਸ਼ ਨਾਲ ਸ਼ਹਾਬ ਤਾਰੇ ਵਾਂਗ ਚਮਕ ਰਿਹਾ ਸੀ। ਇਹਨਾਂ ਨੇ ਕਈ ਖੂਨੀ ਖਾਨਾਂ ਨੂੰ ਰਣ ਖੇਤਰ ਵਿਚ ਪਾਰ ਬੁਲਾਇਆ। ਦੂਜੇ ਪਾਸੇ ਗੁਲੇਰੀਆ ਗੋਪਾਲ ਵੀ ਭੁੱਖੇ ਸ਼ੇਰ ਵਾਂਗ ਗੁਰੂ ਦੀਆਂ ਫੌਜਾਂ 'ਤੇ ਝਪਟ ਰਿਹਾ ਸੀ। ਨਿਰਪੱਖੀ ਤੇ ਨਿਰਵੈਰ ਗੁਰੂ ਦੀ ਖੁਲ੍ਹ ਦਿਲੀ ਤੇ ਈਮਾਨਦਾਰ ਸਾਹਿਤਕਾਰੀ ਦਾ ਨਮੂਨਾ ਹੈ।

ਤਹਾਂ ਸ਼ਾਹ ਸੰਗ੍ਰਾਮ ਕੀਨੇ ਅਖਾਰੇ।
ਘਨੇ ਖੇਤ ਮੋਖਾਨ ਖੂਨੀ ਲਤਾਰੇ।
ਨ੍ਰਿਪੰ ਗੋਪਾਲਾਯੰ ਖਰੋ ਖੇਤ ਗਾਜੈ।
ਮ੍ਰਿਗਾ ਝੁੰਡ ਸਧਿਯੰ ਮਨੋ ਸਿੰਘ ਰਾਜੈ ॥੧੧॥ ਬਚਿਤ੍ਰ ਨਾਟਕ ਅਧਿਆਇ ੮

ਜੀਤ ਮਲ ਤੇ ਸੰਗੋ ਸ਼ਾਹ ਸ਼ਹੀਦ

ਇਉਂ ਹੀ ਗੁਰਦੇਵ ਨੇ ਹਰੀ ਚੰਦ ਹੰਡੂਰੀਏ ਦੀ ਯੁੱਧ ਕੌਸ਼ਲਤਾ ਦੀ ਤਾਰੀਫ ਕੀਤੀ ਹੈ। ਇਹਦੇ ਟਾਕਰੇ 'ਤੇ ਜੀਤ ਮੱਲ ਖੜ੍ਹਾ ਹੋਇਆ। ਇਹੋ ਦੋਨੋਂ ਤੀਰ-ਅੰਦਾਜ਼ੀ ਦੇ ਮਾਹਰ ਸਨ। ਇਕ ਦੂਜੇ 'ਤੇ ਕਾਰੀ ਵਾਰ ਕਰਦੇ ਰਹੇ। ਜੀਤ ਮੱਲ ਵੀਰ ਗਤੀ ਨੂੰ ਪ੍ਰਾਪਤ ਹੋਇਆ ਅਤੇ ਹਰੀ ਚੰਦ ਮੂਰਛਿਤ ਹੋ ਕੇ ਡਿੱਗ ਪਿਆ। ਰਾਜਿਆਂ ਦੀ ਫੌਜ ਵਿਚ ਭਾਜੜ ਪੈ ਗਈ। ਜਸਵਾਲੀਆ ਕੇਸਰੀ ਚੰਦ, ਡਢਵਾਲੀਆ ਮਧੁਕਰ ਸ਼ਾਹ ਘੋੜਿਆਂ ਨੂੰ ਭਜਾ ਕੇ ਰਣ ਖੇਤਰ ਵਿਚੋਂ ਨੱਸ ਗਏ, ਸਣੇ ਆਪਣੀ ਸੈਨਾ ਦੇ।

ਭਜਿਯੋ ਸ਼ਾਹ ਪਾਹਾੜ ਤਾਜੀ ਤ੍ਰਿਪਾਯੰ
ਚਲਿਯੋ ਬੀਰੀਯਾ ਤੀਰੀਯਾ ਚਲਾਯੰ।
ਜਸੋ ਡੱਢਵਾਲੰ ਮੱਧੁਕਰ ਸੁ ਸ਼ਾਹੰ।
ਭਜੇ ਸੰਗਿ ਲੈਕੇ ਸੁ ਸਾਰੀ ਸਿਪਾਹੰ ॥੨੦॥ ਬਚਿਤ੍ਰ ਨਾਟਕ ਅਧਿਆਇ ੮

ਪਰ ਚੰਦੇਲੀਆ ਗਾਜ਼ੀ ਚੰਦ ਅਤੇ ਮੂਰਛਾ ਤੋਂ ਮੁਕਤ ਹੋ ਕੇ ਹਰੀ ਚੰਦ ਰਣਤੱਤੇ ਵਿਚ ਦ੍ਰਿੜ੍ਹਤਾ ਨਾਲ ਜੂਝਦੇ ਰਹੇ। ਨਜਾਬਤ ਖਾਂ ਨੇ ਸੰਗੋ ਸ਼ਾਹ ਨੂੰ ਲਲਕਾਰਿਆ। ਦੋਨੋਂ ਸੂਰਮੇ ਲੜਦੇ ਲੜਦੇ ਵੀਰਗਤੀ ਨੂੰ ਪ੍ਰਾਪਤ ਹੋਏ। ਗੁਰੂ ਸਾਹਿਬ ਫੁਰਮਾਉਂਦੇ ਹਨ, ਸੰਗੋ ਸ਼ਾਹ ਇਕੱਲੇ ਨਜਾਬਤ ਤੋਂ ਮਰਨ ਵਾਲਾ ਨਹੀਂ ਸੀ, ਹੋਰ ਕਈ ਖੂਨੀ ਖਾਨਾਂ ਦੇ ਤੀਰਾਂ ਨੇ ਉਹਦੇ ਪ੍ਰਾਣ ਲੈ ਲਏ।

ਤਹਾ ਖਾਨ ਨੈਜਾਬਤੈ ਆਨ ਕੈ ਕੈ।
ਹਨਿਓ ਸ਼ਾਹ ਸੰਗ੍ਰਾਮ ਕੌ ਸ਼ਸ਼ਤਰ ਲੈ ਕੈ।
ਕਿਤੇ ਖਾਨ ਬਾਨੀਨ ਹੂ ਅਸਤਰ ਝਾਰੇ।
ਸਹੀ ਸ਼ਾਹ ਸੰਗ੍ਰਾਮ ਸੁਰਗੰ ਸਿਧਾਰੇ।੨੨। ਬਚਿਤ੍ਰ ਨਾਟਕ ਅਧਿਆਇ ੮

ਗੁਰਦੇਵ ਆਪ ਰਣਤੱਤੇ ਵਿਚ

ਸੰਗੋ ਸ਼ਾਹ ਦੀ ਸ਼ਹੀਦੀ ਤੋਂ ਬਾਅਦ ਗੁਰੂ ਮਹਾਰਾਜ ਆਪ ਮੈਦਾਨ ਵਿਚ ਉਤਰੇ, ਤੀਰਾਂ ਦੀ ਵਰਖਾ ਕਰਨ ਲੱਗੇ। ਗ਼ੱਦਾਰ ਪਠਾਣ ਭੀਖਣ ਖਾਂ, ਫਤਹ ਸ਼ਾਹ ਦਾ ਚੁਕਿਆ ਹੋਇਆ, ਫੜ੍ਹਾਂ ਮਾਰਦਾ 'ਮੈਂ ਹੀ ਗੁਰੂ ਨੂੰ ਭਾਂਜ ਦੇ ਕੇ ਤੁਹਾਡੇ ਸਾਹਮਣੇ ਬੰਨ੍ਹ ਕੇ ਹਾਜ਼ਰ ਕਰਦਾ ਹਾਂ,' ਗੁਰੂ ਸਾਹਿਬ ਦੇ ਸਾਹਮਣੇ ਹੋਇਆ। ਗੁਰੂ ਦੇ ਇਕੋ ਸੱਪ ਵਰਗੇ ਤੀਰ ਨੇ ਭੀਖਣ ਖਾਂ ਦੇ ਪ੍ਰਾਣ ਪੀ ਲਏ :

ਲਖੇ ਸ਼ਾਹ ਸੰਗ੍ਰਾਮ ਜੁੱਝੇ ਜੁਝਾਰੰ।
ਤਵੰ ਕੀਟ ਬਾਣੰ ਕਮਾਣੰ ਸੰਭਾਰੰ॥
ਹਨਿਯੋ ਏਕ ਖਾਨੰ ਖਿਆਲੰ ਖਤੰਗ॥
ਡਸਿਯੋ ਸੱਤਰੁ ਕੋ ਜਾਨ ਸਯਾਮੰ ਭੁਜੰਗੰ॥੨੪॥

ਗਿਰਿਯੋ ਭੂਮ ਸੋ ਬਾਣ ਦੂਜੋ ਸੰਭਾਰਿਯੋ
ਮੁਖੰ ਭੀਖਨੰ ਖਾਨ ਕੇ ਤਾਨ ਮਾਰਿਯੋ॥
ਭਜਿਯੋ ਖਾਨ ਖੂਨੀ ਰਹਿਯੋ ਖੇਤ ਤਾਜੀ॥
ਤਜੇ ਪ੍ਰਾਣ ਤੀਜੇ ਲਗੇ ਬਾਣ ਬਾਜੀ॥੨੫॥

ਪਠਾਣਾਂ ਨੇ ਆਪਣੇ ਸਰਦਾਰ ਦੀ ਮੌਤ ਦਾ ਬਦਲਾ ਲੈਣ ਲਈ ਬੜਾ ਭਿਆਨਕ ਜੰਗ ਕੀਤਾ ਅਤੇ ਪੀਰ ਬੁੱਧੂ ਸ਼ਾਹ ਤੇ ਕਾਲੇ ਖਾਂ ਦੇ ਸਾਂਝੇ ਮੋਰਚੇ ਉਤੇ ਗੋਪਾਲ ਗੁਲੇਰੀਏ ਨੇ ਹਮਲਾ ਕਰਕੇ ਪੀਰ ਸਾਹਿਬ ਦੇ ਦੋਂਹ ਪੁੱਤਰਾਂ ਨੂੰ ਸ਼ਹੀਦ ਕਰ ਦਿੱਤਾ। ਪੀਰ ਸਾਹਿਬ ਦੇ ਮੁਰੀਦਾਂ ਰੋਹ ਵਿਚ ਆ ਕੇ ਉਹ ਤਲਵਾਰ ਚਲਾਈ ਕਿ ਰਾਜਿਆਂ ਦੀਆਂ ਸੱਤੇ ਸੁੱਧਾਂ ਭੁੱਲ ਗਈਆਂ। ਇਹ ਤੱਕ ਕੇ ਹਰੀ ਚੰਦ ਹੰਡੂਰੀਆ ਅਣਖ ਖਾ ਕੇ ਗੁਰੂ ਮਹਾਰਾਜ ਦੇ ਸਾਹਵੇਂ ਹੋਇਆ। ਇਹਨੂੰ ਆਪਣੀ ਧਨੁਰ ਵਿਦਿਆ ਉੱਤੇ ਬਹੁਤ ਮਾਣ ਸੀ। ਇਹਨੇ ਪੈਂਦੀ ਸੱਟੇ ਤਿੰਨ ਤੀਰ ਸਮੇਂ ਦੇ ਸਭ ਤੋਂ ਵੱਡੇ ਅਤੇ ਖੱਬੇ ਹੱਥ ਨਾਲ ਤੀਰ ਚਲਾਉਣ ਵਾਲੇ ਗੁਰੂ ਸਾਹਿਬ ਨੂੰ ਮਾਰੇ। ਪਹਿਲਾ ਘੋੜੇ ਨੂੰ ਲੱਗਾ, ਦੂਜਾ ਕੰਨ ਨੂੰ ਛੋਹ ਕੇ ਅੱਗੇ ਲੰਘ ਗਿਆ ਅਤੇ ਅਕਾਲ ਨੇ ਰੱਖਿਆ ਕੀਤੀ। ਤੀਜਾ ਹਜ਼ੂਰ ਦੀ ਕਮਰ ਬੱਧੀ ਪੇਟੀ ਵਿਚ ਲੱਗਾ ਜੋ ਚਿਲਤੇ ਨੂੰ ਪਾਰ ਕਰਕੇ ਅੱਗੇ ਲੰਘ ਗਿਆ, ਪਰ ਬਹੁਤਾ ਖੇਦ ਨਾ ਹੋਇਆ, ਨੋਕ ਨੇ ਮਾਸ ਨੂੰ ਮਾਮੂਲੀ ਹੀ ਪਿਆਰ ਕੀਤਾ, ਕਲੰ ਕੇਵਲੰ ਨੇ ਗੁਰੂ ਮਹਾਰਾਜ ਨੂੰ ਦਾਸ ਜਾਣ ਕੇ ਬਚਾ ਲਿਆ।

ਇਹ ਬਾਣ ਲਗਦਿਆਂ ਹੀ ਗੁਰੂ ਜੀ ਨੇ ਮੋੜਵਾਂ ਵਾਰ ਕੀਤਾ ਅਤੇ ਹਰੀ ਚੰਦ ਤੇ ਉਹਦੇ ਸਾਥੀ ਮਾਰੇ ਗਏ। ਪਹਾੜੀ ਰਾਜਿਆਂ ਦੀ ਸੈਨਾ ਮੈਦਾਨ ਵਿਚੋਂ ਨੱਸ ਤੁਰੀ। ਅਕਾਲ ਪੁਰਖ ਨੇ ਫਤਹ ਗੁਰੂ ਗੋਬਿੰਦ ਸਿੰਘ ਨੂੰ ਹੀ ਦਿੱਤੀ :

ਜਬੈ ਬਾਣ ਲਾਗਯੋ। ਤਬੈ ਰੋਸ ਜਾਗਯੋ॥
ਕਰੰ ਲੈ ਕਮਾਣੰ॥ ਹਨੰ ਬਾਣ ਤਾਣੰ॥੩੧॥

ਸਬੈ ਬੀਰ ਧਾਏ। ਸਰੋਘੰ ਚਲਾਏ॥
ਤਬੈ ਤਾਕਿ ਬਾਣੰ॥ ਹਨਯੋ ਏਕ ਜੁਆਣੰ॥੩੨॥

ਹਰੀ ਚੰਦ ਮਾਰੇ॥ ਸੋ ਜੋਧਾ ਲਤਾਰੇ॥
ਸੁ ਕਾਰੋੜ ਰਾਯੰ॥ ਵਹੈ ਕਾਲ ਘਾਯੰ॥੩੩॥

ਰਣੰ ਤਯਾਗਿ ਭਾਗੇ॥ ਸਬੈ ਤ੍ਰਾਸ ਪਾਗੇ॥
ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥੩੪॥

ਰਣੰ ਜੀਤਿ ਆਏ॥ ਜਯੰ ਗੀਤ ਗਾਏ॥
ਧਨੰਧਾਰ ਬਰਖੇ॥ ਸਬੈ ਸੂਰ ਹਰਖੇ॥੩੫॥

ਬਚਿੱਤ੍ਰ ਨਾਟਕ, ਅਧਿਆਇ ੮

ਸੂਰਮਿਆਂ ਦਾ ਮਾਣ ਸਤਿਕਾਰ

ਹਜ਼ੂਰ ਆਪ ਫ਼ੁਰਮਾਉਂਦੇ ਹਨ ਕਿ ਸੂਰਮਿਆਂ ਨੂੰ ਸੂਰਮਗਤੀ ਲਈ ਖੁੱਲ੍ਹਾ ਧਨ ਆਦਿ ਦੇ ਕੇ ਸਨਮਾਨਿਆ ਗਿਆ, ਉਤਸ਼ਾਹਿਤ ਕੀਤਾ ਗਿਆ। ਭਾਈ ਸੰਗੋ ਸ਼ਾਹ ਅਤੇ ਜੀਤ ਮੱਲ ਨੂੰ ਉਨ੍ਹਾਂ ਦੀ ਸ਼ਹਾਦਤ ਦੇ ਸਤਿਕਾਰ ਵਜੋਂ ਕ੍ਰਮ ਅਨੁਸਾਰ ਸੰਗਰਾਮ ਸ਼ਾਹ ਅਤੇ ਹੱਠੀ ਦੀਆਂ ਮਰਨ-ਉਪਰੰਤ ਉਪਾਧੀਆਂ (Posthumous awards) ਦਿੱਤੀਆਂ ਗਈਆਂ। ਪੀਰ ਬੁੱਧੂ ਸ਼ਾਹ ਨੂੰ ਉਨ੍ਹਾਂ ਦੀ ਮਹਾਨ ਸੇਵਾ ਦੀ ਪ੍ਰਸੰਸਾ ਕਰਦਿਆਂ ਸਤਿਗੁਰੂ ਜੀ ਨੇ ਸ੍ਰੀ ਦਸਤਾਰ ਅਸਥਾਨ ਉਤੇ ਆਪਣਾ ਕੰਘਾ ਸਣੇ ਕੇਸ, ਛੋਟੀ ਦਸਤਾਰ, ਇਕ ਕਟਾਰ ਅਤੇ ਹੁਕਮਨਾਮਹ ਜਿਸ ਵਿਚ ਪੀਰ ਸਾਹਿਬ ਦੀ ਸੇਵਾ, ਉਨ੍ਹਾਂ ਦੇ ਦੋਂਹ ਪੁੱਤਰਾਂ ਦੇ ਬਲੀਦਾਨ ਅਤੇ ਮੁਰੀਦਾਂ ਦੇ ਜੀ ਤੋੜ ਕੇ ਲੜਨ ਦੀ ਪ੍ਰਸੰਸਾ ਕੀਤੀ ਗਈ, ਪ੍ਰਦਾਨ ਕੀਤੇ। ਪੀਰ ਸਾਹਿਬ ਨੂੰ ਸਢੌਰੇ ਦੇ ਮੌਤਸਿਬ ਮੁਸਲਮਾਨ ਹਾਕਮ ਉਸਮਾਨ ਖਾਂ ਨੇ ਉਨ੍ਹਾਂ ਦੀ ਗੁਰੂ ਭਗਤੀ ਨੂੰ ਕੁਫ਼ਰ ਦੱਸ ਕੇ ਸ਼ਹੀਦ ਕਰਵਾ ਦਿੱਤਾ ਸੀ ਅਤੇ ਪੀਰ ਸਾਹਿਬ ਨੇ ਸ਼ਹਾਦਤ ਤੋਂ ਪਹਿਲਾਂ ਆਪਣੇ ਮਹਿਬੂਬ ਦੀਆਂ ਮੁਤਬੱਰਕ ਨਿਸ਼ਾਨੀਆਂ ਇਕ ਸੰਦੂਕੜੀ ਵਿਚ ਬੰਦ ਕਰਕੇ ਕੰਧ ਵਿਚ ਦੱਬ ਦਿੱਤੀਆਂ ਸਨ। ਕੋਈ 1813 ਈਸਵੀ ਦੇ ਲਾਂਭ ਚਾਂਭ ਜਦ ਕਵੀ ਸੰਤੋਖ ਸਿੰਘ ਜੀ ਬੂੜੀਏ ਰਾਜ ਦੇ ਰਾਜ ਕਵੀ ਸਨ, ਇਹ ਕੰਧ ਡਿੱਗ ਪਈ ਅਤੇ ਪੀਰ ਦੇ ਵੰਸ਼ਜ਼ ਇਹ ਵਸਤਾਂ ਤੇ ਹੁਕਮਨਾਮਾ ਲੈ ਕੇ ਬੂੜੀਏ ਨਰੇਸ਼ ਕੋਲ ਆਏ ਸਨ, ਸਰਦਾਰ ਭਗਵਾਨ ਸਿੰਘ ਨੇ ਉਨ੍ਹਾਂ ਦਾ ਯਥਾ ਯੋਗ ਆਦਰ ਕੀਤਾ। ਪਿੱਛੋਂ ਇਹ ਇਤਿਹਾਸਕ ਵਸਤਾਂ ਮਹਾਰਾਜਾ ਨਾਭਾ ਨੇ ਬਹੁਤ ਸਾਰਾ ਧਨ ਲੈ ਕੇ ਪ੍ਰਾਪਤ ਕਰ ਲਈਆਂ ਜੋ ਗੁਰਦੁਆਰਾ ਸਿਰੋਪਾ ਸਾਹਿਬ ਵਿਚ ਸੁਰੱਖਿਅਤ ਹਨ। ਹੁਕਮਨਾਮਾ ਪੀਰ ਜੀ ਦੇ ਵੰਸ਼ਜ਼ਾਂ ਕੋਲ ਹੀ ਰਿਹਾ।

ਰਾਜਾ ਮੇਦਨੀ ਪ੍ਰਕਾਸ਼ ਨੂੰ ਹਜ਼ੂਰ ਨੇ ਆਪਣੀ ਤਲਵਾਰ ਬਖ਼ਸ਼ੀ ਜਿਸ ਦੀ ਮੁੱਠ ਉੱਤੇ ਇਸਦੇ ਬਣਨ ਦਾ ਸੰਮਤ 1739 ਬਿਕਰਮੀ ਅੰਕਿਤ ਹੈ। (ਜੀਵਨ ਸੰਦੇਸ਼ ਪਟਿਆਲਾ ਦਾ ਇਤਿਹਾਸ ਅੰਕ ਸਫਾ 68)

ਕੁਸ਼ਲ ਸੈਨਾ-ਨਾਇਕ ਅਤੇ ਅਨੁਸ਼ਾਸਨ ਪਾਲਕ ਗੁਰੂ ਨੇ ਜਿੱਥੇ ਸੂਰਮਿਆਂ ਦਾ ਸਨਮਾਨ ਕੀਤਾ ਉਥੇ ਕਾਇਰਾਂ ਤੇ ਗੱਦਾਰਾਂ ਨੂੰ ਸਜ਼ਾਵਾਂ ਵੀ ਦਿੱਤੀਆਂ :

ਜੇ ਜੇ ਨਰ ਤਹਾਂ ਨ ਭਿਰੈ, ਦੀਨੇ ਨਗਰ ਨਿਕਾਰ॥
ਜੋ ਤਿਹਾਂ ਠੌਰ ਭਲੇ ਭਿਰੇ, ਤਿਨੇ ਕਰੀ ਪ੍ਰਤਿਪਾਰ॥੩੭..

ਇਹ ਜੰਗ ਵੀ ਹਜ਼ੂਰ ਦੇ ਜੀਵਨ ਉਦੇਸ਼ 'ਸੰਤ ਉਬਾਰਨ ਦੁਸ਼ਟ ਸਭਨ ਕੋ ਮੂਲ ਉਪਾਰਨ' ਦੀ ਇਕ ਕੜੀ ਸੀ, ਕੋਈ ਸਿਆਸੀ ਮੰਤਵ ਨਹੀਂ ਸੀ। ਬਿਨਾਂ ਕੋਈ ਇਲਾਕਾ ਫਤਹ ਕੀਤੇ ਯਾ ਕੋਈ ਭੂਮੀ ਦਾ ਟੁੱਕੜਾ ਆਨੰਦਪੁਰ ਨਗਰ ਨਾਲ ਰਲਾਏ, ਆਪ ਉਥੋਂ (ਪਾਂਵਟੇ ਤੋਂ) ਮੁੜ ਮਾਖੋਵਾਲ ਪਰਤ ਆਏ। ਇਸ ਨਗਰੀ ਨੂੰ ਹੋਰ ਵਿਸ਼ਾਲ ਕਰਕੇ ਨਵਾਂ ਰੂਪ ਦੇ ਕੇ ਇਸਦਾ ਨਾਮ ਆਨੰਦਪੁਰ ਰੱਖਿਆ :

ਜੁੱਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਂਵ॥
ਕਹਿਲੂਰ ਮੈਂ ਬਾਂਧਿਓ ਆਨ ਆਨੰਦਪੁਰ ਗਾਂਵ॥

ਇਸ ਸੰਸਾਰ ਦੀਆਂ ਅੱਖਾਂ ਚੁੰਧਿਆਉਂਦੀ ਅਤੇ ਸਮੇਂ ਨੂੰ ਹੈਰਾਨ ਕਰਨ ਵਾਲੀ ਵਿਜੈ ਨੇ ਇਤਿਹਾਸ ਦੀ ਧਾਰਾ ਬਦਲ ਕੇ ਰੱਖ ਦਿੱਤੀ। ਇਹ ਸਿੱਧ ਕਰਕੇ ਕਿ 'ਅੰਧੀ ਰਈਅਤ ਗਿਆਨ ਵਿਹੂਣੀ' ਜਾਗ ਪਈ ਹੈ ਤੇ ਅਖੌਤੀ ਦਬੇਲ ਕਾਂਦੂ ਕਮੀਣ, ਰਾਜਿਆਂ ਤੇ ਪਾਤਸ਼ਾਹਾਂ ਦੇ ਖੁਦਾਈ ਹੱਕ ਨੂੰ ਚੁਣੌਤੀ ਦੇਣ ਯੋਗ ਬਣ ਗਏ ਹਨ। ਰਾਜੇ, ਰਜਵਾੜੇ, ਰਾਜਪੂਤ ਯਾ ਪਠਾਨ ਜੋ ਸੂਰਵੀਰਤਾ ਉੱਤੇ ਆਪਣੀ ਅਜ਼ਾਰਾਦਾਰੀ ਸਮਝੀ ਬੈਠੇ ਸਨ, ਅਜਿੱਤ ਨਹੀਂ ਹਨ। ਇਹ ਰਾਜੇ ਤਦੋਂ ਔਰੰਗਜ਼ੇਬ ਵਿਰੁੱਧ ਗੁਰੂ ਸਾਹਿਬ ਦੀ ਮਦਦ ਮੰਗਣ ਲੱਗ ਪਏ, ਜਿਸ ਦੀ ਮਿਸਾਲ ਨਦੌਣ ਦਾ ਯੁੱਧ ਹੈ। ਨਾਰੰਗ ਦੇ ਸ਼ਬਦਾਂ ਵਿਚ : "The battle of Bhangani made a great impression upon the hill chiefs and they now began to regard the Guru's propaganda with the seriousness it deserved. They hastened to make an offensive and defensive alliance with him and supported by the Guru at once took up the course of passivse resistance and refused to send up their yearly tribute to the imperial exchequer." *(Transformation of Sikhism. page 90)*

ਗੁਰੂ ਗੋਬਿੰਦ ਸਿੰਘ ਦੀ ਅਗਵਾਈ ਹੇਠ ਹਲਵਾਈ, ਹਾਲੀ ਪਾਲੀ ਕੁਸ਼ਲ ਸੈਨਿਕ ਬਣ ਗਏ, ਜਿਨ੍ਹਾਂ ਨੇ ਪਹਿਲੇ ਯੁੱਧ ਵਿਚ ਹੀ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਦੇ ਹੌਸਲੇ ਇੱਡੇ ਬੁਲੰਦ ਹੋ ਗਏ ਕਿ ਉਹ ਬਿਲਾਸਪੁਰ ਤੇ ਸ੍ਰੀਨਗਰ ਨੂੰ ਫਤਹ ਕਰਨ ਦੇ ਨਾਲ ਨਾਲ ਦਿੱਲੀ ਪਤਿ ਨੂੰ ਵੀ ਚੁਣੌਤੀ ਦੇਣ ਦੇ ਦਾਈਏ ਬੰਨ੍ਹ ਬੈਠੇ, ਗੁਰ ਬਿਲਾਸ ਪਾਤਸ਼ਾਹੀ ਦਸਵੀਂ ਦੇ ਕਰਤਾ ਭਾਈ ਸੁੱਖਾ ਸਿੰਘ ਦੇ ਸ਼ਬਦਾਂ ਵਿਚ :

ਮਿਲ ਮਿਲ ਬੀਰ ਅਧਿਕ ਅਵਤਾਰੀ।
ਆਨ ਹਜ਼ੂਰ ਕਹੈਂ ਬਿਸਥਾਰੀ।
ਅਬ ਹਮ ਕੋ ਆਇਸ ਕਰ ਦੀਜੈ।
ਜੀਤ ਧਰਨ ਸਗਰੀ ਕਰ ਲੀਜੈ।

ਸ੍ਰੀ ਨਗਰ ਪੁਰ ਕੇ ਚੜ੍ਹ ਜਾਵੈ।
ਦਿੱਲੀ ਕਹੋ ਲੂਟ ਲੇ ਆਵੈ।
ਜੋ ਹਮ ਸੋ ਆ ਵਧ ਰਣ ਧਰੈ।
ਤਾਕੋ ਕਤਲ ਖਾਲਸਾ ਕਰੈ।
ਆਨੰਦਪੁਰ ਇਹ ਠੌਰ ਮਝਾਰਾ।
ਏਕ ਰਾਜ ਕਰੀਏ ਬਿਸਥਾਰਾ।

ਪਰ ਗੁਰੂ ਸਾਹਿਬ ਕੋਈ ਆਪਣਾ ਰਾਜ ਸਥਾਪਨ ਕਰਨ ਲਈ ਨਹੀਂ ਆਏ ਸਨ, ਉਹ ਤਾਂ ਦੱਬੀ ਕੁੱਚਲੀ ਜਨਤਾ 'ਚੋਂ ਸ਼ਾਸਕ ਉਤਪੰਨ ਕਰਨ ਆਏ ਸਨ, ਰਤਨ ਸਿੰਘ ਭੰਗੂ ਅਨੁਸਾਰ:

ਇਨ ਗ੍ਰੀਬ ਸਿਖਨ ਕੌ ਦਯੋ ਪਾਤਿਸ਼ਾਹੀ।
ਏਹ ਯਾਦ ਰਖੈਂ ਹਮਰੀ ਗੁਰਿਆਈ।

ਇਹ ਨਿਸ਼ਕਾਮ ਗੁਰਿਆਈ ਹੀ ਉਨ੍ਹਾਂ ਦਾ ਮਨੁੱਖਤਾ ਉੱਤੇ ਸਭ ਤੋਂ ਵੱਡਾ ਅਹਿਸਾਨ ਸੀ, ਜਿਸ ਲਈ ਅਹਿਸਾਨਮੰਦ ਮਨੁੱਖਤਾ ਸਦਾ ਗੁਰੂ ਗੋਬਿੰਦ ਸਿੰਘ ਦੀ ਰਿਣੀ ਰਹੇਗੀ। ਡਾਕਟਰ ਹਰੀ ਰਾਮ ਗੁਪਤਾ ਲਿਖਦੇ ਹਨ : 'ਇਹ ਸੰਸਾਰ ਵਿਚ ਕੁਝੇ ਅਜਿਹੇ ਵਿਅਕਤੀ ਵੀ ਹੁੰਦੇ ਹਨ ਜਿਨ੍ਹਾਂ ਨੂੰ ਕੁਦਰਤ ਵਲੋਂ ਪੂਰਨ ਪਰਬੀਨਤਾ ਪ੍ਰਾਪਤ ਕਰਨ ਦਾ ਗੁਣ ਮਿਲਦਾ ਹੈ। ਅਮਨ ਦੇ ਦਿਨਾਂ ਵਿਚ ਉਹ ਮਨੁੱਖਤਾ ਵਿਚ ਸ਼ਾਂਤੀ ਵਰਤਾਉਂਦੇ ਸਦ ਉਪਦੇਸ਼ ਦੇਂਦੇ ਹਨ ਅਤੇ ਮਨੁੱਖਤਾ ਦੀ ਉਨਤੀ ਦੇ ਰੱਥ ਦੀ ਪ੍ਰਗਤੀ ਲਈ ਰਾਹ ਪੱਧਰਾ ਕਰਦੇ ਹਨ। ਸੰਕਟ ਤੇ ਬਿਪਤਾ ਸਮੇਂ, ਉਹ ਜਨਤਾ ਦੀ ਅਗਵਾਈ ਲਈ ਮੈਦਾਨ ਵਿਚ ਕੁੱਦ ਪੈਂਦੇ ਦਿਸਦੇ ਹਨ। ਉਹ ਪੂਰੀ ਸਖਤ ਜਾਨੀ ਨਾਲ ਦੁੱਖਾਂ ਮੁਸੀਬਤਾਂ ਦੇ ਹੱਲੇ ਸਹਾਰਦੇ ਹਨ। ਕ੍ਰਿਤਗ ਮਨੁੱਖਤਾ ਗੁਰੂ ਗੋਬਿੰਦ ਸਿੰਘ ਨੂੰ ਇਕ ਅਜਿਹਾ ਵਿਅਕਤੀ ਮੰਨੇਗੀ।

ਯੁੱਧ ਕਦੋਂ ਹੋਇਆ ?

ਰੋਜ਼ਾਨਾ 'ਜੱਥੇਦਾਰ' ਜਲੰਧਰ ਦੇ ਕਲਗੀਧਰ ਅੰਕ ਜਨਵਰੀ 1967 ਦੇ ਪੰਨਾ 3 ਤੇ ਛਪੇ ਲੇਖ 'ਸ਼ਹਿਰ ਪਾਂਵਟਾ ਕੀ ਸੁਧ ਲਈ' ਦੇ ਲੇਖਕ ਜੀ ਦੱਸਦੇ ਹਨ ਕਿ ਇਹ ਯੁੱਧ ਤੇਰਾਂ ਦਿਨ ਹੁੰਦਾ ਰਿਹਾ। ਪਰ ਜੰਗ ਨਾਮਾ ਭੰਗਾਣੀ ਦੇ ਕਰਤਾ ਕਹਿੰਦੇ ਹਨ ਕਿ ਯੁੱਧ ਕੇਵਲ ਇਕ ਦਿਨ 'ਵੀਰਵਾਰ' ਨੂੰ ਹੋਇਆ :

ਹੋਆ ਜੰਗ ਮੁਕਾਬਲਾ ਰੋਜ਼ੇ ਵੀਰ ਵਾਰਮ।

ਇਸ ਅਤੇ ਹੋਰ ਜੰਗਨਾਮਿਆਂ ਦੇ ਸੰਚੇ 'ਪ੍ਰਾਚੀਨ ਜੰਗ ਨਾਮੇ' ਦੇ ਸੰਪਾਦਕ ਅਸ਼ੋਕ ਜੀ ਦਾ ਵਿਚਾਰ ਹੈ ਕਿ ਯੁੱਧ 1738-39 ਬਿਕਰਮੀ ਦੇ ਲਾਂਭ ਚਾਂਭ ਹੋਇਆ। ਸ਼ਾਇਦ ਉਨ੍ਹਾਂ ਨਾਹਨ ਨਰੇਸ਼ ਨੂੰ ਗੁਰੂ ਵਲੋਂ ਬਖਸ਼ੀ ਤਲਵਾਰ ਉਤੇ ਉਕਰੇ ਸੰਮਤ ਤੋਂ ਇਹ ਅਨੁਮਾਨ ਲਾਇਆ, ਯਾ ਪਹਾੜੀ ਰਿਆਸਤਾਂ ਦਾ ਹਾਲ ਲਿਖਣ ਵਾਲੇ ਹਰੀਸਨ ਦੇ ਲੇਖ ਤੋਂ ਪ੍ਰਭਾਵਿਤ ਹੋਏ। ਇਹ ਅੰਗਰੇਜ਼ ਲੇਖਕ ਕਹਿੰਦਾ ਹੈ ਕਿ ਭੀਮ ਚੰਦ ਨਾਲ ਹਜ਼ੂਰ ਦੀ ਪਹਿਲੀ ਜੰਗ 1682 ਈਸਵੀ (1739 ਬਿਕਰਮੀ) ਵਿਚ ਹੋਈ ਤੇ ਦੂਜੀ 1685 ਈਸਵੀ ਵਿਚ। ਭਾਈ ਸੁੱਖਾ ਸਿੰਘ ਇਹ ਯੁੱਧ 1689 ਵਿਚ ਹੋਇਆ ਦੱਸਦੇ ਹਨ।

ਡਾਕਟਰ ਫੌਜਾ ਸਿੰਘ ਯੁੱਧ ਦੀ ਤਾਰੀਖ ਸਤੰਬਰ 1688 ਦੱਸਦੇ ਹਨ ਜਿਸਦੀ ਪੁਸ਼ਟੀ ਪ੍ਰੋ: ਪਦਮ ਦੀ ਲਿਖਤ ਤੋਂ ਹੁੰਦੀ ਹੈ। ਪ੍ਰੋ: ਪਿਆਰਾ ਸਿੰਘ ਪਦਮ ਦਾ ਮੱਤ ਹੈ ਕਿ ਪਾਂਵਟੇ ਸਾਹਿਬ 1743 ਬਿਕਰਮੀ ਵਿਚ 29 ਮਾਘ ਨੂੰ, ਮਾਤਾ ਜੀਤੋ ਦੀ ਕੁੱਖੋਂ ਸਾਹਿਬਜ਼ਾਦਾ ਅਜੀਤ

ਸਿੰਘ ਸਾਹਿਬ ਦਾ ਜਨਮ ਹੋਇਆ। ਅਗਲੇ ਸਾਲ ਭਾਦੋਂ ਸੁਦੀ ਅਸ਼ਟਮੀ ਨੂੰ ਬਾਬਾ ਰਾਮ ਰਾਏ ਜੀ ਸਮਾਏ, ਇਸ ਤੋਂ ਅਗਲੇ ਸਾਲ 1745 ਬਿਕਰਮੀ ਵਿਚ ਸਾਵਣ ਸੁਦੀ 7 ਨੂੰ ਕ੍ਰਿਸ਼ਨਾ-ਅਵਤਾਰ ਦੀ ਕਥਾ ਲਿਖਣ ਤੋਂ ਬਾਅਦ ਅੱਸੂ ਦੇ 18 ਪਰਵਿਸ਼ਟੇ ਨੂੰ ਭੰਗਾਣੀ ਦਾ ਯੁੱਧ ਹੋਇਆ। ਆਨੰਦਪੁਰ ਮੁੜਦਿਆਂ ਰਾਹ ਵਿਚ 28 ਕੱਤਕ ਨੂੰ ਕਪਾਲ ਮੋਚਨ ਦਰਸ਼ਨ ਦਿੱਤੇ। (ਸਮੇਂ ਦੀ ਵੰਗਾਰ, ਪਟਿਆਲਾ, ਗੁਰੂ ਗੋਬਿੰਦ ਸਿੰਘ ਅੰਕ 1967, ਸਫ਼ਾ 63) ਇਸੇ ਅੰਕ ਦੇ ਸਫਾ 62 ਉਤੇ ਸ: ਹਰਨਾਮ ਸਿੰਘ ਤੇਗ, ਯੁੱਧ ਦੀ ਤਾਰੀਖ 18 ਵਿਸਾਖ 1844 (1687 ਈਸਵੀ) ਦੱਸਦੇ ਹਨ।

ਭਾਈ ਸੰਤੋਖ ਸਿੰਘ ਕਰਤਾ ਗੁਰ ਪ੍ਰਤਾਪ ਸੂਰਜ ਗ੍ਰੰਥ ਤੋਂ ਸੇਧ ਲੈ ਕੇ ਡਾ: ਗੰਡਾ ਸਿੰਘ ਤੇ ਪ੍ਰਿੰਸੀਪਲ ਤੇਜਾ ਸਿੰਘ ਲਿਖਦੇ ਹਨ ਕਿ ਗੁਰੂ ਸਾਹਿਬ ਦੇ ਪਾਂਵਟਾ ਸਾਹਿਬ ਤੋਂ ਮੁੜ ਆਨੰਦਪੁਰ ਆਉਣ ਤੋਂ 9 ਮਹੀਨੇ ਬਾਅਦ ਸਾਹਿਬਜ਼ਾਦਾ ਅਜੀਤ ਸਿੰਘ ਜੀ ਦਾ ਜਨਮ ਹੋਇਆ, ਜਿਸ ਦੀ ਤਾਰੀਖ ਆਮ ਮਨੌਤ ਅਨੁਸਾਰ ਮਾਘ ਸੁਦੀ 4, ਸੰਮਤ 1743 (9 ਨਵੰਬਰ 1686) ਹੈ। ਇਉਂ ਭੰਗਾਣੀ ਯੁੱਧ ਦੀ ਤਾਰੀਖ ਫਰਵਰੀ 1686 ਵਿਚ ਜਾ ਪੈਂਦੀ ਹੈ। ਇਸ ਦੀ ਪੁਸ਼ਟੀ ਪੀਰ ਬੁੱਧੂ ਸ਼ਾਹ ਨੂੰ ਹਜ਼ੂਰ ਵਲੋਂ ਬਖਸ਼ੇ ਹੁਕਮਨਾਮੇ ਦੀ ਤਾਰੀਖ ਤੋਂ ਵੀ ਹੁੰਦੀ ਹੈ। ਇਹ ਹੁਕਮਨਾਮਾ ਫੱਗਣ ਸੁਦੀ 12, ਸੰਮਤ 1742 (25 ਫਰਵਰੀ 1686)* ਨੂੰ ਲਿਖਿਆ ਗਿਆ, ਜੋ ਭੰਗਾਣੀ ਯੁੱਧ ਤੋਂ ਥੋੜ੍ਹਾ ਪਿੱਛੋਂ ਦੀ ਤਾਰੀਖ ਤੋਂ ਹੀ ਹੋ ਸਕਦੀ ਹੈ। ਇਸ ਹਿਸਾਬ ਭੰਗਾਣੀ ਯੁੱਧ ਫਰਵਰੀ ਦੇ ਅੱਧ ਦੇ ਏੜ ਗੇੜ ਹੋਇਆ ਪ੍ਰਤੀਤ ਹੁੰਦਾ ਹੈ।

ਗੁਰਮਤਿ ਪ੍ਰਕਾਸ਼-ਦਸੰਬਰ 1968

---

* ਪ੍ਰੋ. ਕਰਤਾਰ ਸਿੰਘ 'Life of Guru Gobind Singh' ਇਹ ਤਾਰੀਖ ਭਰੋਸੇਯੋਗ ਹਵਾਲਿਆਂ ਤੋਂ ਅਪਰੈਲ, 1689 ਦਿੰਦੇ ਹਨ। ਉਹ ਕਹਿੰਦੇ ਹਨ ਕਿ ਗੁਰੂ ਸਾਹਿਬ ਦੇ ਆਪਣੇ ਸ਼ਬਦਾਂ ਵਿਚ, ਕ੍ਰਿਸ਼ਨਾਵਾਤਾਰ ਦਾ ਦਸਵਾਂ ਅਧਿਆਇ ਭਾਗਵਤ, ਪਾਉਂਟਾ ਵਿਖੇ ਸਾਵਨ ਸੁਦੀ 7, 1745 ਬਿ. ਯਾ ਜੁਲਾਈ, 1699 ਨੂੰ ਸਮਾਪਤ ਹੋਇਆ। ਗੁਰੂ ਸਾਹਿਬ ਭੰਗਾਣੀ ਯੁੱਧ ਤੋਂ ਬਾਦ ਹੀ ਆਨੰਦਪੁਰ ਵਾਪਸ ਪਰਤ ਆਏ ਅਤੇ ਯੁੱਧ ਬਾਦ ਪਾਉਂਟੇ, ਉਹਨਾਂ ਕੋਈ ਹੋਰ ਸਾਹਿਤਕ ਰਚਨਾ ਨਹੀਂ ਕੀਤੀ ਅਤੇ ਯੁੱਧ ਜ਼ਰੂਰ ਹੀ ਜੁਲਾਈ 1688 (ਸਾਵਨ ਸੁਦੀ 4, 1745) ਤੋਂ ਬਾਦ ਹੀ ਲੜਿਆ ਗਿਆ ਹੋਵੇਗਾ। ਭਾਈ ਕਾਹਨ ਸਿੰਘ ਨਾਭਾ ਵੈਸਾਖ 18, 1746 (16 ਅਪਰੈਲ, 1689) ਅਤੇ ਸੁੱਖਾ ਸਿੰਘ ਗੁਰ ਵਿਲਾਸ ਪਾਤਸ਼ਾਹੀ ਦੱਸਵੀਂ, ਸਾਲ 1689 ਦੱਸਦੇ ਹਨ। ਪ੍ਰੋ. ਕਰਤਾਰ ਸਿੰਘ ਲਿਖਦੇ ਹਨ ਕਿ ਡਾ. ਗੰਡਾ ਸਿੰਘ ਜੀ ਨੇ ਵੀ ਇਸ ਨਾਲ ਆਪਣੀ ਸਹਿਮਤੀ ਪ੍ਰਗਟਾਈ ਹੈ ਅਤੇ ਕਿਹਾ ਕਿ ਭਾਈ ਕਾਹਨ ਸਿੰਘ ਨਾਭਾ ਵਲੋਂ ਦਿੱਤੀ ਤਾਰੀਖ ਨੂੰ ਠੀਕ ਮੰਨਿਆ ਜਾਵੇ।-ਸੰਪਾਦਕ

ਮਰਦਊਪੁਣੇ ਦਾ ਪ੍ਰਤੀਕ—ਹੋਲਾ

ਹੋਲਾ ਮਹੱਲਾ, ਹੋਲੀ ਦੇ ਮੁਕਾਬਲੇ ਉਤੇ ਮਰਦਊਪੁਣੇ ਦਾ ਤਿਉਹਾਰ ਹੈ। ਸਦੀਆਂ ਤੋਂ ਹਿੰਦੁਸਤਾਨ ਵਿਚ ਹੋਲੀ ਦਾ ਤਿਉਹਾਰ ਹਰਨਾਕਸ਼ ਦੀ ਭੈਣ ਹੋਲਿਕਾ ਦੀ ਯਾਦ ਵਿਚ ਮਨਾਇਆ ਜਾਂਦਾ ਰਿਹਾ ਹੈ। ਭਰਾ ਦੇ ਆਖਣ ਤੇ ਇਹਨੇ ਈਸ਼ਵਰ-ਭਗਤ ਪ੍ਰਹਿਲਾਦ ਨੂੰ ਗੋਦ ਵਿਚ ਲੈ ਕੇ, ਅੱਗ ਵਿਚ ਬੈਠ ਕੇ ਉਹਨੂੰ ਜਲਾਉਣ ਦਾ ਮਤਾ ਪਕਾਇਆ। ਪਰ 'ਹਰਨਾਕਸ਼ ਦੁਸ਼ਟ ਹਰਿ ਮਾਰਿਆ ਪ੍ਰਹਿਲਾਦ ਤਰਾਇਆ' ਅਨੁਸਾਰ ਹਰਨਾਕਸ਼ ਤੇ ਹੋਲਿਕਾ ਦੋਨੋਂ ਮਾਰੇ ਗਏ, ਈਸ਼ਵਰ ਭਗਤ ਅਤੇ ਭਗਤੀ ਨਾ ਜਲ ਸਕੀ: **'ਜਲ ਅਗਨੀ ਵਿਚ ਘਤਿਆ ਜਲੇ ਨਾ ਡੁਬੇ ਗੁਰ ਪ੍ਰਸਾਦਿ।'** ਰਾਵਨ ਦੇ ਪੁੱਤਲੇ ਵਾਂਗ ਹੋਲਿਕਾ ਨੂੰ ਹਰ ਸਾਲ ਜਲਾ ਜਲਾ ਕੇ ਉਹਨੂੰ ਇਕ ਭਾਂਤ ਅਮਰ ਕਰ ਲਿਆ ਗਿਆ। ਇਸ ਦਾ ਸੰਬੰਧ ਕ੍ਰਿਸ਼ਨ ਜੀ ਦੀ ਹੋਲੀ (ਫਾਗ ਖੇਲਣ) ਨਾਲ ਵੀ ਹੈ, ਸਮਾਂ ਬੀਤਣ ਨਾਲ ਇਹ ਰਸਮ ਅਸਲੀਅਤ ਤੋਂ ਕੋਹਾਂ ਦੂਰ ਜਾ ਕੇ ਹਾਸੇ ਮਸ਼ਕੂਲ ਦਾ ਸਾਧਨ ਬਣ ਗਈ, ਅਤਰ ਅੰਬੀਰ (ਅਬੀਰ) ਦੀਆਂ ਪਿਚਕਾਰੀਆਂ ਨੇ ਗੰਦ ਮੰਦ ਦੀ ਸੂਰਤ ਅਖਤਿਆਰ ਕਰ ਲਈ। ਇਥੋਂ ਤੱਕ ਕਿ ਬਦੇਸ਼ੀ ਹਮਲਾਆਵਰਾਂ ਨੇ ਇਸ ਗਿਰਾਵਟ ਨੂੰ ਭਾਰਤੀਆਂ ਦਾ ਸੁਭਾਅ ਹੀ ਸਮਝ ਲਿਆ। ਆਖਿਆ ਜਾਂਦਾ ਹੈ ਕਿ ਜਦ ਮਹਿਮੂਦ ਨੇ ਹਿੰਦ ਉਤੇ ਪਹਿਲਾ ਹਮਲਾ ਕੀਤਾ ਤਾਂ ਹੋਲੀਆਂ ਦੇ ਦਿਨਾਂ ਵਿਚ ਲੋਕਾਂ ਨੂੰ ਗੰਦ ਮੰਦ ਉਛਾਲਦਿਆਂ, ਸਿਰ ਵਿਚ ਖੇਹ ਸੁਆਹ ਪਾਉਂਦਿਆਂ ਤਕ ਕੇ ਖੁਸ਼ ਹੋ ਕੇ ਆਖਿਆ ਕਿ ਜੋ ਲੋਕ ਆਪ ਹੀ ਆਪਣੀ ਪਾਣ ਪੱਤ ਲਾਹ ਸਕਦੇ ਹਨ, ਉਨ੍ਹਾਂ ਦਾ ਫਤਹ ਕਰ ਲੈਣਾ ਕੋਈ ਮੁਸ਼ਕਲ ਨਹੀਂ।

ਗੁਰਮਤਿ ਵਿਚ ਇਸ ਤਿਉਹਾਰ ਨੂੰ 'ਸੰਤ ਸੇਵਾ' ਕਰਕੇ ਮਨਾਉਣ ਦੀ ਪ੍ਰਪਾਟੀ ਪਾਈ ਗਈ, ਜਿਵੇਂ ਬਸੰਤ ਨੂੰ ਬੇਅੰਤ ਪ੍ਰਭੂ ਦੇ ਗੁਣ ਗਾਉਣ ਦਾ ਮੌਸਮ ਮੰਨਿਆ ਗਿਆ। ਦੂਜੇ ਸ਼ਬਦਾਂ ਵਿਚ ਸੰਤ ਸੇਵਾ ਨੂੰ ਹੋਲੀ ਦਾ ਉਮਾਹ ਅਤੇ ਪ੍ਰਭੂ ਦੇ ਗੁਨਾਣਵਾਦ ਨੂੰ ਬਸੰਤ ਦੀ ਖੁਸ਼ੀ ਮਾਨਣ ਦਾ ਸਾਧਨ ਦੱਸਿਆ ਗਿਆ, ਜਿਵੇਂ ਦਸ਼ਮੇਸ਼ ਪਿਤਾ ਮਾਲਤੀ ਦੇ ਫੁੱਲਾਂ ਦੇ ਖੇੜੇ 'ਚੋਂ ਵਾਹਿਗੁਰੂ ਦੀ ਕੀਰਤੀ ਦੀ ਸੁਗੰਧੀ ਅਤੇ ਖੇੜਾ ਮਾਣਦੇ ਸਨ: **'ਕੀਰਤੀ ਤਿਹਾਰੀ ਰਹੀ ਮਾਲਤੀ ਸੀ ਫੂਲ ਕੈ।'** ਸ੍ਰੀ ਗੁਰੂ ਅਰਜਨ ਦੇਵ ਦਾ ਫੁਰਮਾਨ ਹੈ:

ਬਸੰਤ ਮਹਲਾ ੫
ਗੁਰ ਸੇਵਉ ਕਰ ਨਮਸਕਾਰ
ਆਜੁ ਹਮਾਰੇ ਮੰਗਲਚਾਰ।
ਆਜੁ ਹਮਾਰੇ ਮਹਾਂ ਅਨੰਦ।
ਚਿੰਤ ਲਥੀ ਭੇਟੇ ਗੋਬਿੰਦ ॥੧॥
ਆਜੁ ਹਮਾਰੈ ਗ੍ਰਿਹਿ ਬਸੰਤ।
ਗੁਣ ਗਾਏ ਪ੍ਰਭ ਤੁਮ ਬੇਅੰਤ ॥੧॥ ਰਹਾਉ॥
ਆਜੁ ਹਮਾਰੇ ਬਨੇ ਫਾਗ।
ਪ੍ਰਭ ਸੰਗੀ ਮਿਲਿ ਖੇਲਣ ਲਾਗ।

ਹੋਲੀ ਕੀਨੀ ਸੰਤ ਸੇਵ।
ਰੰਗੁ ਲਾਗਾ ਅਤਿ ਲਾਲ ਦੇਵ ॥੨॥
ਮਨੁ ਤਨੁ ਮਉਲਿਓ ਅਤਿ ਅਨੂਪ।
ਸੂਕੈ ਨਾਹੀ ਛਾਵ ਧੂਪ।
ਸਗਲੀ ਰੂਤੀ ਹਰਿ ਹੋਇ।
ਸਦ ਬਸੰਤ ਗੁਰ ਮਿਲੇ ਦੇਵ ॥੩॥
ਬਿਰਖੁ ਜਮਿਓ ਹੈ ਪਾਰਜਾਤ।
ਫੂਲ ਲਗੇ ਫਲ ਰਤਨ ਭਾਂਤਿ।
ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ।
ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪॥੧॥ ਸ.ਫਾ-੧੧੮੦

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਦੇ ਸਾਹਮਣੇ 'ਸੰਤ ਸਮੂਹ ਪ੍ਰਸੰਨ ਫਿਰੇ ਜਗ ਸਤਰੁ ਸਬੇ ਅਵਿਲੋਕ ਚਪੈਂਗੇ।' ਦਾ ਆਦਰਸ਼ ਰੱਖ ਕੇ ਹੋਲੀ ਦੇ ਇਸਤਰੀ ਰੂਪ ਨੂੰ ਮਰਦਊਪੁਣੇ ਵਿਚ ਬਦਲ ਕੇ ਦੂਜੇ ਦਿਨ ਹੋਲਾ ਮਹੱਲਾ ਮਨਾਉਣ ਦਾ ਹੁਕਮ ਦਿੱਤਾ:-

ਦੁਆਪਰ ਕੇ ਅੰਤ ਤਿਨੈ ਇਨੈ ਕਲੁਜਗੇ ਆਦਿ।
ਤਾਕੀ ਗਿਰਾ ਭੀਨੀ ਇਨੇ ਸਿੰਘ ਬੋਲ ਬੋਲਾ ਹੈ।
ਰਾਗਤਾ ਗਵਯੱਨ ਕੋ ਇਨੇ ਰਾਗੀ ਸਿੰਘਨ ਕੋ,
ਤਿਨ ਲੀ ਗੁਲਾਲੀ ਯਾ ਗੁਲਾਲ ਲਯੋ ਅਤੋਲਾ ਹੈ।
ਕੇਸਰ ਗੁਲਾਲ ਜੁਗਲ ਰਤਯੋ ਨਿਹਾਲ ਸਿੰਘ,
ਘੋਰਿਓ ਤਿਨ ਰੰਗ ਇਨ ਕਈ ਰੰਗ ਘੋਲਾ ਹੈ।
ਕਾਨ੍ਹ ਜੁ ਮਚਾਈ ਹੋਲੀ ਬ੍ਰਿਜ, ਤਯੋ ਗੋਬਿੰਦ ਸਿੰਘ।
ਸ੍ਰੀ ਅਨੰਦਪੁਰ ਮੈ ਮਚਾਇਓ ਖੂਬ ਹੋਲਾ ਹੈ। *(ਕਵੀ ਨਿਹਾਲ ਸਿੰਘ)*

ਕਵੀ ਸੰਤੋਖ ਸਿੰਘ ਜੀ ਨੇ ਵੀ ਕੁਝ ਇਉਂ ਹੀ ਲਿਖਿਆ ਹੈ-ਹਜ਼ੂਰ ਖ਼ਜ਼ਾਨਚੀ ਨੂੰ ਸੱਦ ਕੇ ਫਾਗ ਮਨਾਉਣ ਦੀ ਤਿਆਰੀ ਕਰਨ ਦਾ ਹੁਕਮ ਦਿੱਤਾ।

ਦੈਖਿ ਅਜਾਇਬ ਕੋ ਰੁਤ ਫਾਗਣ ਸਾਹਿਬ ਆ-ਇਸ ਆਪ ਉਚਾਰੀ।
ਕੋਸ਼ਪ ਕੋ ਬੁਲਵਾਇ ਹਦੂਰ ਕਹਿਓ ਸਭ ਕੀਜੈ ਐਫਾਗ ਕੀ ਤਿਆਰੀ।
ਔਰ ਕਹਿਓ ਸਭ ਸਿਖਨ ਸੰਗ ਜਥਾ ਸਕਤੀ ਕਰ ਸੋਜਨਿ ਸਾਰੀ।
ਲਾਲ ਗੁਲਾਲ ਬਿਸਾਲ ਅੰਬੀਰਨ ਰੰਗ ਨਿਕਾਰ ਅਨੇਕ ਪ੍ਰਕਾਰੀ ॥੨॥
ਬ੍ਰਿੰਦ ਭਏ ਸਿੱਖ ਸੰਗਤ ਆਦਿ ਅਨੰਦ ਬਿਲੰਦ ਗੁਰੂ ਦਰਬਾਰਾ।
ਲੰਗਰ ਹੋਤ ਅਤੋਟ ਜਹਾਂ ਕਹਿੰ ਜੋ ਜਹਿ ਚਾਹਿਤ ਖਾਇ ਅਹਾਰਾ।
ਭੂਰ ਮਿਲੇ ਚਹੁੰ ਕੋਦ ਤੇ ਮੋਦਿਤ ਆਵਤ ਹੈਂ ਮਿਲ ਟੋਲਿ ਹਜ਼ਾਰਾ।
ਭੀਰ ਭਈ ਭਰਪੂਰ ਭਯੋ ਪੁਰਿ ਭਾਓ ਭਰੇ ਭਲ ਭਾਗ ਲਿਲਾਰਾ ॥੪॥

ਸੂਰਜ ਪ੍ਰਕਾਸ਼ ਰੁਤ-੩, ਅੰਸੂ-੨੭

ਲੰਗਰ ਤਾਂ ਓਹੀ ਚਲਦਾ ਸੀ, 'ਗੁਰੂ ਸਬਦ ਹਰਿ' ਵਾਲਾ ਜੋ ਗੁਰੂ ਅੰਗਦ ਸਾਹਿਬ ਦੇ ਸਮੇਂ ਤੋਂ ਚਲਦਾ ਆਇਆ ਸੀ, ਜਿਥੇ ਨਾਮ ਦੀ 'ਦਉਲਤ' ਅਤੇ ਘਿਆਲੀ ਖੀਰ ਵੰਡੀ ਜਾਂਦੀ ਸੀ ਅਤੇ ਲਾਲ ਗੁਲਾਲ ਓਹੀ ਨਾਮ ਦੀ ਦੈਵੀ ਲਾਲ ਰੰਗਣ ਸੀ। 'ਲਾਲ ਗੁਲਾਲ ਅੰਬੀਰਨ' ਦਾ ਭਾਵ, ਭਾਈ ਸਾਹਿਬ ਨੇ ਦੀਵਾਨ ਨੰਦ ਲਾਲ ਗੋਇਆ ਦੇ ਸ਼ਬਦਾਂ 'ਚੋਂ ਲਿਆ ਜਾਪਦਾ ਹੈ:

ਗੁਲੇ ਹੋਲੀ ਬਬਾਗੇ ਦਹਿਰ ਬੂ ਕਰਦ।
ਲਬਿ ਚੂੰ ਗੁੰਚਹ ਰਾ ਫਰਖੰਦਾ ਖ਼ੂ ਕਰਦ।
ਗੁਲਾਬੋ, ਅੰਬਰੋ, ਮੁਸ਼ਕੋ ਅਬੀਰੋ,
ਚੂੰ ਬਾਰਾ ਬਾਰਸ਼ੇ ਸੂ ਬਸੂ ਕਰਦ।
ਜ਼ਹੇ ਪਿਚਕਾਰੀਏ ਪੁਰ ਜ਼ਾਫ਼ਰਾਨੀ
ਕਿ ਹਰ ਬੇਰੰਗ ਰਾ ਖੁਸ਼ ਰੰਗੋ ਬੂ ਕਰਦ।
ਗੁਲਾਲ ਅਫ਼ਸਾਨੀਏ ਦਸਤੇ ਮੁਬਾਰਕ,
ਜ਼ਮੀਨੋ ਆਸਮਾਂ ਰਾ ਸੁਰਖਰੂ ਕਰਦ।
ਦੋ ਆਲਮ ਗਸ਼ਤ ਰੰਗੀਂ ਅਜ਼ ਤੁਫ਼ੈਲਸ਼।
ਚੋ ਸ਼ਾਹਮ ਜਾਮਾ ਰੰਗੀਂ ਦਰ ਗੁਲੂ ਕਰਦ।
ਕਸੇ ਕੋ ਦੀਦ ਦੀਦਾਰ ਮਕੱਦਸ,
ਮੁਰਾਦੇ ਉਮਰ ਰਾ ਹਾਸਿਲ ਨਿਕੋ ਕਰਦ।
ਸ਼ਵੱਦ ਕੁਰਬਾਨ ਖ਼ਾਕ ਰਾਹੇ ਸੰਗਤ,
ਦਿਲੋ ਗੋਯਾ ਹਮੀਂ ਰਾ ਆਰਜ਼ੂ ਕਰਦ। ਗਜ਼ਲ ਨੰ: ੩੩

ਅਰਥਾਤ:(ਗੁਰੂ ਗੋਬਿੰਦ ਸਿੰਘ ਦੇ ਦੀਦਾਰ ਦੀ) ਹੋਲੀ ਦੇ ਫੁੱਲ ਨੇ ਜ਼ਮਾਨੇ ਦੇ ਬਾਗ਼ ਨੂੰ ਸੁਗੰਧਿਤ ਕਰ ਦਿੱਤਾ। ਡੋਡੀ ਨੂੰ ਹੱਸਦੇ ਬੁੱਲ੍ਹਾਂ ਵਾਂਗ ਹੱਸਣ ਦੀ ਆਦਤ ਪਾ ਦਿੱਤੀ। ਬਰਸਾਤ ਦੀ ਝੜੀ ਵਾਂਗ ਗੁਲਾਬ, ਅੰਬਰ ਮੁਸ਼ਕ ਨਾਫ਼ੇ ਨੇ ਗੁਲਾਲ ਦੀ ਬਾਰਸ਼ ਕਰ ਦਿੱਤੀ। ਕੇਸਰੀ ਰੰਗ ਦੀ ਭਰੀ ਪਿਚਕਾਰੀ ਦਾ ਕੀ ਕਹਿਣਾ ਹਰ (ਨਾਮ ਦੇ) ਰੰਗ ਤੋਂ ਬਿਹੂਣੇ ਨੂੰ (ਪ੍ਰਭੂ ਸਿਮਰਨ) ਦੇ ਰੰਗ ਅਤੇ ਸੁਗੰਧ ਨਾਲ ਭਰ ਦਿੱਤਾ। ਗੁਰੂ ਦੇ ਹਸਤ ਕੰਵਲਾਂ ਤੋਂ ਗੁਲਾਲ ਅਜਿਹਾ ਉਛਲਿਆ ਕਿ ਧਰਤ ਆਕਾਸ਼ ਨਾਲ ਬਿੰਬ ਹੋ ਗਏ। ਉਹਦੇ ਤਫੈਲ ਨਾਲ ਦੋਨੋਂ ਆਲਮ ਉਹਦੀ ਰੰਗਣ ਵਿਚ ਰੰਗੇ ਗਏ। ਜਦ ਮੇਰੇ ਸ਼ਾਹਨਸ਼ਾਹ (ਗੁਰੂ ਗੋਬਿੰਦ ਸਿੰਘ) ਨੇ ਰੰਗੀਨ ਜਾਮਾ ਮੁਬਾਰਕ ਗਲੇ ਪਾਇਆ, ਜਿਨ ਉਹਦੇ ਪਵਿੱਤਰ ਦਰਸ਼ਨ ਕੀਤੇ, ਉਹਨੇ ਆਪਣਾ ਜੀਵਨ ਸਫ਼ਲ ਕਰ ਲਿਆ। ਗੋਇਆ ਦੇ ਦਿਲ ਦੀ ਇਹੋ ਹੀ ਚਾਹ ਹੈ ਕਿ ਸੰਗਤ ਦੀ ਰਾਹ ਦੀ ਧੂੜ ਤੋਂ ਕੁਰਬਾਨ ਹੋਵਾਂ।' ਇਉਂ ਗੁਰੂ ਗੋਬਿੰਦ ਸਿੰਘ ਦਾ ਫਾਗ ਖੇਲਣਾ ਗੁਰੂ ਅਰਜਨ ਦੇਵ ਜੀ ਦੇ 'ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਏ) ਦੀ ਖ਼ੁਸ਼ੀ ਮਾਨਣਾ ਹੀ ਸੀ।

ਇਹ ਸੀ ਗੁਰੂ ਦੀ ਹੋਲੀ, ਗੁਰੂ ਦੀ ਜਮਾਲੀ ਤਸਵੀਰ ਤੇ ਹੋਲਾ ਸੀ ਉਨ੍ਹਾਂ ਦੀ ਮਹਾਨ ਹਸਤੀ ਦਾ ਜਲਾਲੀ ਪਹਿਲੂ, ਭਗਤੀ ਦੇ ਨਾਲ ਸ਼ਕਤੀ ਦਾ ਪ੍ਰਗਟਾ। ਗੁਰੂ ਮਹਾਰਾਜ ਨੇ 16 ਚੇਤ ਵਦੀ ਏਕਮ 1757 ਹੋਲਾ ਮਨਾਉਣ ਦੀ ਪਰਿਪਾਟੀ ਪਾਈ। ਹੋਲਾ ਅਨੰਦਪੁਰ ਤੋਂ ਬਿਨਾਂ ਪਾਉਂਟੇ ਸਾਹਿਬ ਵੀ ਮਨਾਇਆ ਜਾਂਦਾ ਹੈ ਜਿਥੋਂ ਦੀ ਸੱਚੀ ਲਿਵ ਇਹ ਬਰਦਾਸ਼ਤ ਨਾ ਕਰ ਸਕੀ ਕਿ ਜਮਨਾ ਦੀ ਰਵਾਨੀ ਦਾ ਸ਼ੋਰ ਇਸ ਨੂੰ ਭੰਗ ਕਰ ਸਕੇ ਅਤੇ ਨਾ ਸਿੱਖੀ ਦੀ ਸਾਣ ਚੜ੍ਹੀ ਅਣਖ ਇਹ ਬਰਦਾਸ਼ਤ ਕਰ ਸਕੀ ਕਿ ਫਤਹ ਸ਼ਾਹ ਰਾਜੇ ਦੇ ਪ੍ਰਕੋਪ ਦੀ ਸ਼ਹਿ ਉਤੇ ਭੀਮ ਚੰਦ ਵੰਗਾਰ ਪਾ ਕੇ ਭੰਗਾਣੀ ਵਿਚ ਦੋ ਦੋ ਹੱਥ ਕੀਤੇ ਬਿਨਾਂ ਸੁੱਕਾ ਨਿਕਲ ਜਾਏ। ਅਣਖ ਆਨ ਦੀ ਇਹ ਪਰਾਕਾਸ਼ਟਾ ਦਾ ਪ੍ਰਵਾਹ ਗੁਰੂ ਨਾਨਕ ਸਾਹਿਬ ਦੀ ਸਿੱਖਿਆ 'ਖਤ੍ਰੀਆਂ ਤਾਂ ਧਰਮ ਛੋਡਿਆ ਮਲੇਛ ਭਾਖਿਆ ਗਹੀ' ਚੋਂ ਤੁਰਿਆ। ਗੁਰੂ ਅਰਜਨ ਦੇਵ ਦੀ 'ਗੁਸ਼ਾਈਂ ਦੇ

ਪਹਿਲਵਾਨੜੇ' ਦੀ ਭਾਵਨਾ 'ਚੋਂ ਲੰਘ ਕੇ ਮੀਰੀ ਪੀਰੀ* ਦੇ ਪਾਤਸ਼ਾਹ ਦੇ ਸੈਨਿਕ ਜੀਵਨ 'ਚੋਂ ਵਿਕਾਸ ਮਾਣਦਾ ਗੁਰੂ ਗੋਬਿੰਦ ਸਿੰਘ ਤੱਕ ਅੱਪੜਿਆ। ਰਾਮਕਲੀ ਦੀ ਵਾਰ ਦੇ ਕਰਤਿਆਂ ਰਾਏ ਬਲਵੰਡ ਅਤੇ ਸੱਤੇ ਨੇ ਤਾਂ ਗੁਰੂ ਅਮਰਦਾਸ ਸਾਹਿਬ ਨੂੰ ਵੀ ਸ਼ਾਹਸਵਾਰ ਤੇ ਸ਼ਸਤਰ ਧਾਰੀ ਦੇ ਰੂਪ ਵਿਚ ਚਿਤਰਿਆ ਹੈ। ਗੁਰੂ ਦਾ ਘੋੜਾ ਸਹਿਜ ਦਾ ਹੈ ਜਿਸ ਉਤੇ ਜਤ ਦਾ ਪਾਲਣਾ ਹੈ। ਉਨ੍ਹਾਂ ਦੀ ਕਮਾਨ ਸੱਚ ਦੀ ਹੈ ਅਤੇ ਪਰਮੇਸ਼ਰ ਦੇ ਜਸ ਦਾ ਤੀਰ ਜੋ ਕਬੀਰ ਜੀ ਦੇ ਸ਼ਬਦਾਂ ਵਿਚ ਕਲੇਜੇ ਵਿਚ ਕਾਰੀ ਛੇਕ ਕਰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਦੀਆਂ ਸੁੱਤੀਆਂ ਸ਼ਕਤੀਆਂ ਨੂੰ ਹੋਰ ਝੰਜੋੜਿਆ ਅਤੇ ਉਨ੍ਹਾਂ ਅੰਦਰ ਭਗਤੀ ਦੇ ਨਾਲ ਨਾਲ ਉਹ ਫੌਲਾਦ ਦਾਖ਼ਲ ਕਰ ਦਿੱਤਾ ਕਿ ਉਹ ਕਹਾਵਤ ਬਣ ਗਈ ਕਿ ਸਿੱਖ ਬਚਾ ਪੱਗ ਪਿਛੋਂ ਬੰਨ੍ਹਣੀ ਸਿੱਖਦਾ ਹੈ, ਪਹਿਲਾਂ ਤੇਗ ਦਾ ਧਨੀ ਬਣਦੀ ਹੈ। ਇਤਿਹਾਸਕਾਰ ਹੈਰਾਨ ਹਨ ਕਿ ਬੰਦੂਕ ਸਿੰਘ ਲਈ ਬਣੀ ਹੈ ਜਾਂ ਸਿੰਘ ਬੰਦੂਕ ਲਈ, ਜਿਹਨੂੰ ਉਹ ਰਾਮ ਜੰਗਾਂ ਆਖਦਾ ਸੀ। ਸੱਯਦ ਗੁਲਾਮ ਅਲੀ ਕਰਤਾ ਅਮਾਦੁਲ ਸੁਆਦਤ ਦੇ ਸ਼ਬਦਾਂ 'ਬੰਦੂਕੇ ਸ਼ਾਂ ਬਰ ਨਿਹਸਦ ਕਦਮ ਖ਼ਬਰੇ ਆਦਮ ਮੇ ਗੀਰਦ'-ਉਨ੍ਹਾਂ ਦੀ ਬੰਦੂਕ 900 ਕਦਮ ਤੇ ਆਦਮੀ ਦੀ ਖ਼ਬਰ ਲੈ ਲੈਂਦੀ ਹੈ। ਸ਼ਸਤਰਾਂ ਦਾ ਪ੍ਰੇਮ, ਸਤਿਕਾਰ ਅਤੇ ਪ੍ਰਯੋਗ ਦੀ ਲੋੜ ਦ੍ਰਿੜ੍ਹਾਉਣ ਲਈ ਉਨ੍ਹਾਂ ਨੇ ਸਿੱਖੀ ਦੇ ਆਚਰਨ ਵਿਚ ਸ਼ਸਤਰਾਂ ਨੂੰ ਮਹੱਤਤਾ ਦਿੱਤੀ। ਆਪਣੀ ਬਾਣੀ ਵਿਚ ਵਾਹਿਗੁਰੂ ਨੂੰ ਸ਼ਸਤਰਧਾਰੀ ਦਾ ਰੂਪ ਦਿੱਤਾ।

ਕਰੰ ਬਾਮ ਚਾਪਯੰ ਕ੍ਰਿਪਾਣੰ ਕਰਾਲੰ।
ਮਹਾਂ ਤੇਜ ਤੇਜੰ ਬਿਰਾਜੈ ਬਿਸਾਲੰ।
ਮਹਾਂ ਦਾੜ ਦਾੜੰ ਸੁ ਸੋਭ ਅਪਾਰੰ।
ਜਿਨੈ ਚਰਬੀਯੰ ਜੀਵ ਜਗਯੰ ਹਜਾਰੰ ॥੧੮॥ ਬਚਿੱਤ੍ਰ ਨਾਟਕ

ਅਤੇ ਸ਼ਸਤਰਾਂ ਨੂੰ ਰੱਬ ਦਾ ਰੂਪ ਦੱਸਿਆ:-

ਅਸ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ।
ਸੈਫ ਸਰੋਹੀ ਸੈਹਥੀ ਯਹੈ ਹਮਾਰੈ ਪੀਰ ॥੧੩॥ ਸ਼ਸਤਰ ਨਾਮ ਮਾਲਾ

ਆਪ ਨੇ ਆਪਣੇ ਆਪ ਨੂੰ ਸੂਰਬੀਰ (ਖੱਤਰੀ) ਦਾ ਪੁੱਤਰ ਹੋਣ 'ਖਤਰੀ ਕੋ ਪੂਤਹਉਂ ਬਾਮਨ ਕੋ ਨਾਹਿ' ਦਾ ਫ਼ਖਰ ਕਰ ਕੇ ਜਨਮ ਨੂੰ ਸੂਰਬੀਰਤਾ ਦਾ ਧਰਮ ਅਪਨਾਉਣ ਦੀ ਪ੍ਰੇਰਣਾ ਦਿੱਤੀ ਜੀਹਦੇ ਸਾਹਮਣੇ ਧਨ ਦੌਲਤ, ਰਿੱਧੀਆਂ ਜੋਗ ਜੁਗਤ ਹੇਚ ਹਨ:

ਜਉ ਕਿਛੁ ਇੱਛ ਕਰੌਂ ਧਨ ਕੀ ਤਉ ਚਲਯੋ ਧਨੁ ਦੇਸਨ ਦੇਸ ਤੇ ਆਵੈ।
ਅਉ ਸਬ ਰਿੱਧਨ ਸਿੱਧਨ ਪੈ ਹਮਰੋ ਨਹੀਂ ਨੈਕ ਹੀਯੋ ਲਲਚਾਵੈ।
ਅਉਰ ਸੁਨੋਂ ਕਛੁ ਜੋਗ ਬਿਖੈ ਕਹਿ ਕਉਨ ਇਤੋ ਤਪ ਕੈ ਤਨ ਤਾਵੈ।
ਜੂਝ ਮਰੋਂ ਰਨ ਮੈ ਤਜਿ ਭੈ ਤੁਮ ਤੇ ਪ੍ਰਭੁ ਸਯਾਮ ਇਹੈ ਬਰੁ ਪਾਵੈ।

(ਕ੍ਰਿਸ਼ਨਾ ਅਵਤਾਰ ੧੯੦੧)

---

1. ਕਨਿੰਘਮ ਅਨੁਸਾਰ ਗੁਰੂ ਸਾਹਿਬ ਦੇ ਅਸਤਬਲ ਵਿਚ ਅੱਠ ਸੌ ਘੋੜੇ ਤਿੰਨ ਸੌ ਘੋੜ ਸਵਾਰ ਅਨੁਯਾਈ ਸਨ। ਜੋ ਹਰ ਸਮੇਂ ਉਹਨਾਂ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਸੱਠ ਬੰਦੂਕਚੀ ਉਹਨਾਂ ਦੇ ਸਰੀਰ ਰਕਸ਼ਕ ਸਨ:

He had a stable of eight hunderd horses, three hundred mounted followers constantly in attendance upon him, and a guard of sixty match-lock men secured the safety of his person (History of the Sikhs. Page 83)

ਉਨ੍ਹਾਂ ਆਪਣੇ ਸਿੱਖਾਂ ਨੂੰ ਸ਼ਸਤਰਾਂ ਦਾ ਧਾਰਨਾ ਹਿੰਦੂ ਦੇ ਜਨੇਊ ਧਾਰਨ ਵਾਂਗ ਲਾਜ਼ਮੀ ਦੱਸਿਆ:-

ਸਿਖ ਹੋਏ ਬਿਨ ਲੋਹ ਜੋ ਫਿਰੈ।
ਆਵਤ ਜਾਵਤ ਜਨਮੈਂ ਮਰੈ। (ਤਨਖਾਹ ਨਾਮਾ ਭਾਈ ਨੰਦ ਲਾਲ)

ਸ਼ਸਤਰਾਂ ਦਾ ਪ੍ਰਯੋਗ ਜਿਥੇ ਸਵੈ ਰੱਖਿਆ ਲਈ ਜ਼ਰੂਰੀ ਹੈ, ਉਥੇ ਧਰਮ ਦੀ ਬ੍ਰਿਧੀ ਅਤੇ ਦੇਸ਼ ਦੀ ਆਜ਼ਾਦੀ ਲਈ ਵੀ ਜ਼ਰੂਰੀ ਹੈ:-

ਬੈਠ ਤਬੈ ਗਿਰਜਾ ਅਰੁ ਦੇਵਨ ਬੁੱਧਿ ਇਹੈ ਮਨ ਮੱਧਿ ਬਿਚਾਰੀ।
ਜੁੱਧ ਕੀਏ ਬਿਨੁ ਫੇਰ ਫਿਰੈ ਨਹਿ ਭੂਮ ਸਭੈ ਅਪਨੀ ਅਵਧਾਰੀ।
(ਚੰਡੀ ਚਰਿੱਤਰ ਉਕਤ ਬਿਲਾਸ ੭੮)

ਇਸ ਲਈ ਸੂਰਬੀਰ ਪੁੱਤਰ ਤੋਂ ਸਦਾ ਇਹ ਆਸ ਕੀਤੀ ਜਾਂਦੀ ਰਹੀ ਹੈ ਕਿ ਉਹ ਆਪਣੇ ਵਡਕਿਆਂ ਦੀ ਖੁੱਸੀ ਹੋਈ ਧਰਤੀ ਆਜ਼ਾਦ ਕਰਾ ਕੇ ਸਪੁੱਤਰ ਹੋਣ ਦਾ ਮਾਣ ਪ੍ਰਾਪਤ ਕਰੇ:

ਪੁਤੇ ਜਾਇ ਕਵਣੁ ਗੁਣ ਅਵਗੁਣ ਕਵਨ ਮੁਏਣ।
ਜਾਂ ਬੱਧੀ ਕੀ ਭੁੰਹੜੀ ਚੰਪਜਇ ਅਵਰੇਣ। (ਪ੍ਰਾਕ੍ਰਤ ਵਿਆਕਰਣ)

ਅਰਥਾਤ:-ਉਸ ਪੁੱਤਰ ਦੇ ਜਨਮੇ ਦਾ ਕੀ ਫਾਇਦਾ ਤੇ ਮਰਨ ਦੀ ਕੀ ਹਾਨੀ ਹੈ, ਜਿਸ ਦੇ ਪਿਉ ਦੀ ਭੂਮੀ ਬਿਗਾਨਿਆਂ ਨੇ ਦਬਾ ਛੱਡੀ ਹੋਵੇ। ਕੁਝ ਇਸੇ ਤਰ੍ਹਾਂ ਦੀ ਅਣਖ ਜਗਾਊ ਭਾਵਨਾ ਅਧੀਨ ਹਜ਼ੂਰ ਨੇ ਸਿੱਖਾਂ ਨੂੰ ਰਾਜ ਭਾਗ ਦਾ ਵਰਦਾਨ ਦਿੱਤਾ, ਭਾਈ ਰਤਨ ਸਿੰਘ ਭੰਗੂ ਦੇ ਸ਼ਬਦਾਂ ਵਿਚ:

ਇਨ ਗ੍ਰੀਬ ਸਿਖਨ ਕੋ ਦੇਊ ਪਾਤਸ਼ਾਹੀ
ਇਹ ਯਾਦ ਰਖੈਂ ਹਮਰੀ ਗੁਰਿਆਈ।

ਰਾਜ ਪ੍ਰਾਪਤੀ ਦਾ ਸਾਧਨ ਹੈ ਸ਼ਸਤਰਾਂ ਦੁਆਰਾ ਯੁੱਗ-ਜੰਗ। ਪਰ ਇਹ ਰਾਜ ਪ੍ਰਾਪਤੀ ਦਾ ਵਰਦਾਨ ਕਿਸੇ ਸਾਮਰਾਜੀ ਵਿਸਥਾਰ ਦੀ ਭਾਵਨਾ ਨਾਲ ਨਹੀਂ ਸੀ ਦਿੱਤਾ ਗਿਆ ਸਗੋਂ ਦੱਬੂ ਦਬੇਲਾਂ ਨੂੰ ਜ਼ਾਲਮ ਹਕੂਮਤ ਤੋਂ ਮੁਕਤ ਕਰਾਉਣ ਲਈ ਸੀ ਤੇ ਸਾਰੀ ਖੇਲ ਅਕਾਲ ਦੀ ਓਟ ਆਸਰੇ ਹੋਣੀ ਸੀ। '**ਮੁੱਖ ਤੇ ਹਰਿ ਚਿਤ ਮੈਂ ਜੁਧ ਬਿਚਾਰੇ**' ਦੇ ਕਰਤੱਬ ਨਾਲ। ਗੁਰੂ ਗ੍ਰੰਥ ਸਾਹਿਬ ਵਿਚ ਆਦਰਸ਼ਕ ਰਾਜ-'ਬੇਗਮਪੁਰਾ' ਦਾ ਖ਼ਿਆਲ ਦਿੱਤਾ ਜਾ ਚੁੱਕਾ ਸੀ ਅਤੇ '**ਕੀੜਾ ਥਾਪਿ ਦੇਇ ਪਾਤਸਾਹੀ ਲਸਕ ਕਰੇ ਸੁਆਹ**' ਦਾ ਆਸ਼ਾਵਾਦੀ ਸੁਨੇਹਾ ਵੀ ਦਿੱਤਾ ਜਾ ਚੁੱਕਾ ਸੀ। ਗੁਰੂ ਗੋਬਿੰਦ ਸਿੰਘ ਨੇ ਵਾਹਿਗੁਰੂ ਨੂੰ ਜਿਥੇ ਸ਼ਸਤਰ ਧਾਰੀ ਰੂਪ ਵਿਚ ਪੇਸ਼ ਕੀਤਾ ਉਥੇ ਜ਼ਾਲਮ ਉਤੇ ਜਰਵਾਣਿਆਂ ਗਰੀਬਾਂ, ਆਜਿਜ਼ਾਂ ਨੂੰ ਜਿੱਤ ਦੁਆਉਣ ਵਾਲਾ ਵੀ ਦੱਸਿਆ:-

.ਗਨੀਮੁਲ ਸ਼ਕਸਤੈ। ਗਰੀਬੁਲ ਪ੍ਰਸਤੇ।

ਅਰਥਾਤ ਸ਼ਸਤਰੂਆਂ ਨੂੰ ਹਰਾਉਣ ਵਾਲਾ ਅਤੇ ਗਰੀਬਾਂ ਨੂੰ ਪਾਲਣ ਵਾਲਾ ਗਿਆਨ ਪ੍ਰਬੋਧ ਵਿਚ ਉਸਨੂੰ ਜ਼ਾਲਮ ਦਾ ਖ਼ੂਨ ਮਾਫ ਕਰਨ ਵਾਲਾ '**ਖ਼ੂਨ ਮਾਫ਼ ਕੋ ਕੁਨਿੰਦਾ**' ਦੱਸਿਆ। ਜਾਪ ਵਿਚ ਫ਼ੁਰਮਾਇਆ:-

ਹਰੀਫੁਲ ਸ਼ਿਕਨ ਹੈ। ਹਿਰਾਸੁਲ ਫਿਕਨ ਹੈ।

ਅਰਥਾਤ ਦੁਸ਼ਮਣਾਂ ਨੂੰ ਮਾਰਨ ਵਾਲਾ ਅਤੇ ਡਰ ਭੈ ਦੂਰ ਕਰਨ ਵਾਲਾ। ਇਸ ਆਸ਼ਾ ਜਨਮ ਪੈਗਾਮ ਨਾਲ ਸਿੱਖਾਂ ਨੂੰ ਸ਼ਸਤਰ ਚੁੱਕਣ ਦੀ ਪ੍ਰੇਰਨਾ ਮਿਲੀ ਅਤੇ ਸ਼ਸਤਰ

(ਕ੍ਰਿਪਾਨ) ਸਿੱਖੀ ਦਾ ਅਟੁੱਟ ਅੰਗ ਬਣ ਗਿਆ ਹੈ, ਧਰਮ ਦਾ ਚਿੰਨ੍ਹ ਅਤੇ ਰਾਜ ਦਾ ਰਾਖਾ :

ਸੁਸਤਰਨ ਕੇ ਅਧੀਨ ਹੈ ਰਾਜ।
ਜੋ ਨ ਧਰਹਿ ਤਿਸ ਬਿਗਰੈ ਕਾਜ।
ਯਾਂਤੇ ਸਰਬ ਖਾਲਸਾ ਸੁਣਿਆਹਿ।
ਆਯੁਧ ਧਰਯੋ ਉਤਮ ਗੁਣ ਆਹਿ।
ਜਬ ਹਮਰੇ ਦਰਸ਼ਨ ਕੋ ਆਵਹੁ।
ਬਨ ਸੁਚੇਤ ਸ਼ਸਤਰ ਸਜਾਵਹੁ।
ਕਮਰ ਕਸਾ ਕਰ ਦਿਹੁ ਦਿਖਾਈ।
ਹਮਰੀ ਖੁਸ਼ੀ ਹੋਇ ਅਧਕਾਈ। (ਸੂਰਜ ਪ੍ਰਕਾਸ ਰੁਤ ੩)

ਭੰਗੂ ਜੀ ਅਨੁਸਾਰ ਸਿੱਖਾਂ ਨੂੰ ਸਿੰਘ ਜਾਮਾ ਤੇ ਰੋਅਬ ਦਾਬ ਵਾਲੀ ਸ਼ਕਲ ਪ੍ਰਦਾਨ ਕਰਨ ਲਈ ਵੀ ਇਉਂ ਕੀਤਾ ਗਿਆ:

ਸੇਹਲੀ ਟੋਪੀ ਸਿਰ ਧਰੈ ਦਾਸਹਿ ਨਾਮ ਕਹਾਇ।
ਹੁਤੀ ਦਯਾ ਮੱਧ ਰੂਪ ਬਹੁ ਇਮ ਨਹਿੰ ਸ਼ਸਤਰ ਫੜਾਇ॥੩੦॥

ਜਿਵੇਂ ਛੇਵੇਂ ਜਾਮੇ ਵਿਚ ਚਾਰ ਯੁੱਧ ਜਿੱਤ ਕੇ ਸਿੱਖਾਂ ਦਾ ਝਾਕਾ ਲਾਹ ਦਿੱਤਾ ਗਿਆ ਸੀ, ਉਸੇ ਤਰ੍ਹਾਂ ਸਭ ਤੋਂ ਪਹਿਲੇ ਯੁੱਧ ਭੰਗਾਣੀ ਦੀ ਜਿੱਤ ਨੇ ਸਿੱਖਾਂ ਨੂੰ ਆਸ਼ਾਵਾਦੀ ਬਣਾ ਦਿੱਤਾ। ਇਸ ਜੰਗ ਤੋਂ ਬਾਦ ਆਪ ਛੇਤੀ ਹੀ ਅਨੰਦਪੁਰ ਵਾਪਸ ਆ ਗਏ ਅਤੇ ਉਸ ਸ਼ਹਿਰ ਨੂੰ ਵਧੇਰਾ ਸਹਾਵਣਾ ਬਣਾਇਆ:

ਜੁੱਧ ਜੀਤ ਆਏ ਜਬੈ ਟਿਕੈ ਨ ਤਿਹ ਪੁਰ ਪਾਵ॥
ਕਾਹਲੂਰ ਮੈਂ ਬਾਂਧਿਯੋ ਆਨ ਆਨੰਦਪੁਰ ਗਾਂਵ॥੩੬॥ ਬਚਿਤ੍ਰ ਨਾਟਕ, ਅੰਕ ੮

ਸੈਨਾ ਨੂੰ ਸਨੱਧ ਬੱਧ ਅਤੇ ਤਿਆਰ ਬਰ ਤਿਆਰ ਰੱਖਣ ਲਈ ਆਪ ਨੇ ਇਹ ਵਿਉਂਤ ਬਣਾਈ ਕਿ ਬਸੰਤ ਤੋਂ ਲੈ ਕੇ ਹੋਲੀਆਂ ਤੱਕ ਦੇ ਸਵਾ ਕੁ ਮਹੀਨੇ ਲਈ ਕੁਝ ਫੌਜ ਅਨੰਦਪੁਰ ਹਾਜ਼ਰੀ ਦੇਵੇ ਅਤੇ ਦੋਹਾਂ ਦਲਾਂ ਵਿਚ ਫੋਕੀ ਲੜਾਈ ਹੋਵੇ। ਸਿੰਘ ਪੂਰਨ ਭਾਂਤ ਲੈਸ ਹੋ ਕੇ ਸ਼ਸਤਰ ਅਸਤ੍ਰ ਸਜਾ ਕੇ ਸਤਲੁਜ ਦੇ ਕੰਢੇ ਪੁੱਜਦੇ। ਧੌਂਸਿਆਂ ਨਗਾਰਿਆਂ ਦੀ ਗੂੰਜ ਵਿਚਾਲੇ ਖਾਲਸਈ ਨਿਸ਼ਾਨ ਝੂਲਦਾ। ਯੋਧਿਆਂ ਨੂੰ ਗਿੱਠ ਗਿੱਠ ਲਾਲੀ ਚੜ੍ਹਦੀ। ਫ਼ੌਜਾਂ ਦੇ ਵਾਲੀ ਸਾਹਮਣੇ ਵਾਲੀ ਪਹਾੜੀ ਨੂੰ ਦੁਸ਼ਮਣ ਦਾ ਝੂਠਾ ਮੂਠਾ ਕਿਲ੍ਹਾ ਦੱਸ ਕੇ ਧਾਵੇ ਦਾ ਹੁਕਮ ਦਿੰਦੇ ਤਦ ਤੋਪਾਂ ਦੀ ਸ਼ਲਕ ਹੁੰਦੀ, ਗੋਲਿਆਂ ਤੇ ਤੀਰਾਂ ਦੀ ਬੁਛਾੜ ਹੁੰਦੀ। ਸਿੰਘ ਫਤਹਿ ਦੇ ਡੰਕੇ ਵਜਾਉਂਦੇ ਅਤੇ ਨਿਹੰਗ ਇਉਂ ਆਖਦੇ 'ਮਾਰਿਆ ਉਰੰਗਾ ਤੁਰਕੜਾ ਜਿਨ ਕਿਓ ਹੰਕਾਰਾ', ਬਾਜ਼ਾਂ ਵਾਲੇ ਨੂੰ ਆ ਸਲਾਮੀ ਦਿੰਦੇ। ਇਹ ਹੋਲਾ ਮਹੱਲਾ ਸਿੰਘਾਂ ਦਾ ਬਾਰੂਦ ਸੁਕਾ ਰੱਖਣ ਦਾ ਸਾਧਨ ਬਣ ਗਿਆ।

ਅੱਜ ਕੱਲ੍ਹ ਇਹ ਮਹੱਲਾ ਮਾਤਾ ਜੀਤੋ ਜੀ ਦੇ ਗੁਰਦੁਆਰੇ ਅਗਮਪੁਰਾ ਪੁੱਜ ਕੇ ਸਮਾਪਤ ਹੁੰਦਾ ਹੈ। ਹੁਸ਼ਿਆਰਪੁਰ ਡਿਸਟ੍ਰਿਕਟ ਗਜ਼ੇਟੀਅਰ ਇਸ ਪੁਰਬ ਦਾ ਵੇਰਵਾ ਇਉਂ ਦਿੰਦਾ ਹੈ: 'ਇਸ ਜ਼ਿਲ੍ਹੇ ਦਾ ਵੱਡਾ ਮੇਲਾ ਆਨੰਦਪੁਰ ਮਾਖੋਵਾਲ ਹੋਲੀ ਦੇ ਤਿਉਹਾਰ ਸਮੇਂ ਹੁੰਦਾ ਹੈ। ਇਹ ਮੇਲਾ ਆਨੰਦਪੁਰ ਦੋ ਦਿਨ ਰਹਿੰਦਾ ਹੈ ਅਤੇ ਦੂਜੇ ਦਿਨ ਦੁਪਹਿਰ ਮਗਰੋਂ ਅੱਡ ਅੱਡ ਗੁਰਦੁਆਰਿਆਂ ਦੇ ਪੁਜਾਰੀ ਆਪਣੇ ਨਿਸ਼ਾਨ ਲੈ ਕੇ ਬਾਹਰ ਨਿਕਲਦੇ ਹਨ ਤੇ ਸ਼ਬਦ ਗਾਉਂਦੇ, ਨਾਲ ਦੇ ਹੋਲੇ ਵਿਚ ਆਉਂਦੇ ਹਨ। ਜਦੋਂ ਸਾਰੇ ਨਿਸ਼ਾਨ ਸਾਹਿਬ ਇਕੱਠੇ ਹੋ ਜਾਂਦੇ ਹਨ ਤਾਂ

ਨਜ਼ਾਰਾ ਬਹੁਤ ਹੀ ਦਿਲਖਿਚਵਾਂ ਅਤੇ ਸੁਹਾਵਣਾ ਹੁੰਦਾ ਹੈ। ਪੁਜਾਰੀਆਂ ਅਤੇ ਸਿੱਖਾਂ ਦੀਆਂ ਟੋਲੀਆਂ ਆਪਣੇ ਆਪਣੇ ਨਿਸ਼ਾਨ ਸਾਹਿਬ ਦੇ ਦੁਆਲੇ ਹੌਲੀ ਹੌਲੀ ਪਰਕਰਮਾ ਕਰਦੀਆਂ ਅੱਗੇ ਵਧਦੀਆਂ ਹਨ ਤੇ ਲੋਕਾਂ ਪਾਸੋਂ ਪੂਜਾ ਲੈਂਦੀਆਂ ਅਸ਼ੀਰਵਾਦ ਦਿੰਦੀਆਂ ਜਾਂਦੀਆਂ ਹਨ।'

'ਆਨੰਦਪੁਰ ਦੇ ਗੁਰਦੁਆਰੇ ਦਾ ਕਾਲਾ ਨਿਸ਼ਾਨ ਸਾਹਿਬ ਅਤੇ ਉਸਦੇ ਨਾਲ ਨੀਲੇ ਬਾਣੇ ਅਤੇ ਨੋਕਦਾਰ ਦਸਤਾਰਿਆਂ (ਜਿਨ੍ਹਾਂ ਉਤੇ ਲੋਹੇ ਦੇ ਚੱਕਰ ਲੱਗੇ ਹੁੰਦੇ ਹਨ) ਵਾਲੇ ਨਿਹੰਗ ਖਾਸ ਤੌਰ 'ਤੇ ਵੇਖਣ ਯੋਗ ਹੁੰਦੇ ਹਨ। ਬਹੁਤ ਸਾਰੇ ਨਿਹੰਗ ਘੋੜਿਆਂ ਪੁਰ ਸਵਾਰ ਹੁੰਦੇ ਹਨ ਅਤੇ ਜੋਸ਼ ਵਿਚ ਆਪਣੇ ਘੋੜਿਆਂ ਨੂੰ ਇਸ ਤਰ੍ਹਾਂ ਇਧਰ ਉਧਰ ਦੁੜਾਉਂਦੇ ਹੋਏ ਸਤਿ ਸ੍ਰੀ ਅਕਾਲ ਦੇ ਜੈਕਾਰੇ ਛੱਡਦੇ ਹਨ, ਸੈਨਤਾਂ ਕਰਦੇ ਹਨ ਜਿਵੇਂ ਕਿ ਸੱਚਮੁੱਚ ਉਹ ਵੈਰੀ ਦਲ ਤੋਂ ਆਪਣੇ ਕੌਮੀ ਝੰਡੇ ਦੀ ਰੱਖਿਆ ਕਰ ਰਹੇ ਹੁੰਦੇ ਹਨ। ਕਦੇ ਕਦੇ ਕਿਸੇ ਟੋਲੀ ਵਲੋਂ ਗੁਰੂ ਜੀ ਦੀ ਉਸਤਤਿ ਵਿਚ, ਲੰਮੀ ਡੂੰਘੀ ਸੁਰ ਵਿਚ ਕੋਈ ਸ਼ਬਦ ਉਚਾਰਨ ਕੀਤਾ ਜਾਂਦਾ ਹੈ।

'ਸੋਢੀ ਆਪਣੇ ਸ਼ਿੰਗਾਰੇ ਹੋਏ ਹਾਥੀਆਂ ਅਤੇ ਘੋੜਿਆਂ ਉਤੇ ਚੜ੍ਹ ਕੇ ਬਾਹਰ ਆਉਂਦੇ ਹਨ, ਸੰਗਤਾਂ ਦੇ ਇਕੱਠ ਵਿਚ ਦਰਸ਼ਨ ਦਿੰਦੇ ਹਨ। *ਬੜੀ ਸਰਕਾਰ ਦੇ ਟਿੱਕਾ ਸਾਹਿਬ ਹਾਥੀ ਉਤੇ ਚੜ੍ਹੇ ਹੋਏ ਆਉਂਦੇ ਹਨ। ਉਹਨਾਂ ਦੇ ਸਿਰ ਉਤੇ ਚੌਰ ਝੁੱਲ ਰਿਹਾ ਹੁੰਦਾ ਹੈ ਅਤੇ ਲੋਕੀਂ ਉਹਨਾਂ ਨੂੰ ਨਮਸਕਾਰ ਕਰਦੇ ਹਨ ਅਤੇ ਟਿੱਕਾ ਸਾਹਿਬ ਲੋਕਾਂ ਪਾਸੋਂ ਭੇਟਾ ਲੈਂਦੇ ਹਨ। ਇਸ ਸਮੇਂ ਕੋਈ ਤੀਹ ਹਜ਼ਾਰ ਦਾ ਇਕੱਠ ਹੁੰਦਾ ਹੈ।

'ਸ਼ਾਮ ਵੇਲੇ ਜਲੂਸ ਦੀ ਸ਼ਕਲ ਵਿਚ ਨਿਸ਼ਾਨ ਸਾਹਿਬ ਅੱਡ ਅੱਡ ਗੁਰਦੁਆਰਿਆਂ ਵਿੱਚ ਲਿਜਾਏ ਜਾਂਦੇ ਹਨ ਅਤੇ ਇਉਂ ਪਰਤੀਤ ਹੁੰਦਾ ਹੈ, ਮਾਨੋ ਉਹ ਜਿੱਤ ਪ੍ਰਾਪਤ ਕਰ ਕੇ ਘਰ ਵਾਪਸ ਆਉਂਦੇ ਹਨ। ਸੂਰਜ ਡੁੱਬਦੇ ਨਾਲ ਨੇੜੇ ਤੇੜੇ ਦੇ ਲੋਕੀਂ ਆਪਣੇ ਆਪਣੇ ਪਿੰਡਾਂ ਨੂੰ ਤੁਰ ਜਾਂਦੇ ਹਨ ਤੇ ਭੀੜ ਭੜੱਕਾ ਬਹੁਤ ਹੱਦ ਤੱਕ ਘਟ ਜਾਂਦਾ ਹੈ।

---

* ਬੜੀ ਸਰਕਾਰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਸਪੁੱਤਰ ਬਾਬਾ ਸੂਰਜ ਮੱਲ ਦੇ ਪੋਤਰੇ ਬਾਬਾ ਸ਼ਿਆਮ ਸਿੰਘ ਦੇ ਵੰਸ਼ਜ ਹਨ। ਇਹਨਾਂ ਦੀ ਪੀਹੜੀ ਸੋਢੀ ਨਾਹਰ ਸਿੰਘ ਜੀ ਤੋਂ ਚਲੀ। ਡਾਕਟਰ ਗੰਡਾ ਸਿੰਘ ਲਿਖਦੇ ਹਨ:

Since the sack of Anandpur in Dec. 1704, When Guru Gobind Singh vacated it for the last time it never regained its past glory. (Page 26, Banda Singh Bahadur)......The land of Anandpur was taken possession of by the Kahluria Raja Bhim Chand of Bilaspur. The Sodhi brothers Shyam Singh & Gulab Rai (grandsons of Baba Suraj Mall), who had left for Nahan, returned to Anandpur after some time. They purchased the old theh from Raja of Bilaspur for sixty thousand rupees and rebuilt the town destroyed by the enemy. Gulab Rai was a man of some influence, and he largely helped his brother in restoring the social position of the family step by step suffice it to say that from Nahar Singh, Udai Singh, Khem Singh & Chaur Singh, the four sons of Baba Sham Singh, are descended the Anandpur Sodhis in four branches, known as Bari Sarkar Dusri, Tisri Chauthi Sarkars. (Foot note page 173. ibib)

'ਇਹ ਮੇਲਾ ਸਦਾ ਹੀ ਪੋਲੀਟੀਕਲ ਮਹਾਨਤਾ ਵਾਲਾ ਸਮਝਿਆ ਜਾਂਦਾ ਰਿਹਾ ਹੈ, ਕਿਉਂਕਿ ਇਸ ਸਮੇਂ ਬਹੁਤ ਸਾਰੇ ਜੋਸ਼ੀਲੇ ਨਿਹੰਗ ਇਥੇ ਜੁੜਦੇ ਹਨ। ਇਕ ਵੇਰ ਸੰਨ 1864 ਵਿਚ ਲੁਧਿਆਣਾ ਦੇ ਇਕ ਈਸਾਈ ਪਾਦਰੀ ਨੂੰ ਕਿਸੇ ਜੋਸ਼ੀਲੇ ਸਿੱਖ ਨੇ ਮਾਰ ਦਿੱਤਾ ਸੀ। ਇਸ ਲਈ ਸਦਾ ਮੇਲੇ ਸਮੇਂ ਪ੍ਰਬੰਧ ਹੁੰਦਾ ਕਿ ਇਕ ਤਜਰਬੇਕਾਰ ਮੈਜਿਸਟਰੇਟ ਅਤੇ ਸੁਪਰਿਨਟੈਂਡੈਂਟ ਪੋਲੀਸ ਬਹੁਤ ਭਾਰੀ ਪੋਲੀਸ ਗਾਰਦ ਸਮੇਤ ਇਸ ਥਾਂ ਇਸ ਸਮੇਂ ਡਿਊਟੀ 'ਤੇ ਰਹਿਣ।

'ਇਹ ਮੇਲਾ ਹੋਲੀ ਸਮੇਂ ਹੋਣ ਕਰਕੇ ਇਸ ਵਿਚ ਬਹੁਤ ਸਾਰਾ ਖਰੂਦ ਹੁੰਦਾ ਹੈ ਤੇ ਗੰਦੇ ਮੰਦੇ ਗੀਤ ਗਾਵੇ ਜਾਂਦੇ ਹਨ।'

ਇਹ ਗੱਲਾਂ ਸਿੱਖ ਰਾਜ ਤੋਂ ਬਾਅਦ ਹੋਏ ਸਾਡੇ ਪਤਨ ਸਮੇਂ ਦੀਆਂ ਹਨ। ਗੁਰਦੁਆਰਾ ਸੁਧਾਰ ਅੰਦੋਲਨ ਤੋਂ ਬਾਦ ਇਹ ਕੁਬਾਹਤਾਂ ਕਾਫ਼ੀ ਹੱਦ ਤਕ ਦੂਰ ਹੋ ਗਈਆਂ ਹਨ। ਅੰਮ੍ਰਿਤਸਰ ਦੀਆਂ ਦੀਵਾਲੀਆਂ ਵਾਂਗ ਹੋਲੇ ਮਹੱਲੇ ਨੇ ਵੀ ਆਨੰਦਪੁਰ ਦੇ ਕਈ ਉਤਰਾ ਚੜ੍ਹਾ ਵੇਖੇ ਹਨ। 1704 ਵਿਚ ਗੁਰੂ ਸਾਹਿਬ ਦੇ ਆਨੰਦਪੁਰ ਤਿਆਗ ਤੋਂ ਬਾਅਦ ਇਹ ਨਗਰੀ ਵੈਰਾਨ ਹੋ ਗਈ। ਉਦਾਸੀ ਸੰਤ ਗੁਰਬਖ਼ਸ਼ ਜੀ ਦੇਖ ਭਾਲ ਕਰਦੇ ਰਹੇ। ਕਹਲੂਰੀਏ ਰਾਜੇ ਨੇ ਇਥੇ ਚੌਕੀ ਪੁਆ ਦਿੱਤੀ ਅਤੇ ਕਮਾਦ ਪੀੜਨ ਦੇ ਵੇਲਣੇ ਲੁਆ ਦਿੱਤੇ। ਗੁਲਾਬ ਰਾਏ ਸੋਢੀ ਤੇ ਉਸ ਦੇ ਭਰਾ ਸ਼ਾਮ ਸਿੰਘ ਨੇ ਜੋ ਨਾਹਣ ਚਲੇ ਗਏ ਸਨ, 60 ਹਜ਼ਾਰ ਤੋਂ ਫੇਰ ਅਨੰਦਪੁਰ ਦੀ ਧਰਤੀ ਖਰੀਦ ਕੇ ਇਹਨੂੰ ਆਬਾਦ ਕੀਤਾ। ਸੰਤ ਗੁਰਬਖਸ਼ ਦੇ ਮਨ੍ਹਾ ਕਰਨ ਦੇ ਬਾਵਜੂਦ ਉਹ ਗੁਰੂ ਬਣ ਬੈਠਾ, ਪਰ ਇਹ ਚਾਰ ਦਿਨ ਦੀ ਹੀ ਚਾਂਦਨੀ ਸੀ, ਔਲਾਦ ਸਣੇ ਖ਼ਤਮ ਹੋ ਗਿਆ। ਪਹਾੜੀ ਰਾਜਿਆਂ ਦੀਆਂ ਪਾਬੰਦੀਆਂ ਦੇ ਬਾਵਜੂਦ ਸਿਦਕੀ ਸਿੰਘ ਇਥੇ ਹੋਲਾ ਜ਼ਰੂਰ ਮਨਾਉਂਦੇ ਰਹੇ। ਦੁਰਾਨੀ ਦੇ ਹੱਲਿਆਂ ਵੇਲੇ, ਇਧਰ ਉਹਦਾ ਜ਼ੋਰ ਘੱਟ ਹੋਣ ਕਰ ਕੇ ਸਿੱਖ ਬਚਾਓ ਲਈ ਆ ਜਾਂਦੇ ਰਹੇ। ਦੁਆਬੇ ਦਾ ਹਾਕਮ ਅਦੀਨਾਬੇਗ ਕਦੇ ਉਨ੍ਹਾਂ ਨਾਲ ਉਲਝ ਪੈਂਦਾ ਕਦੇ ਆਪਣੇ ਸੁਆਰਥ ਲਈ ਚੁੱਪ ਵੱਟੀ ਰੱਖਦਾ। ਅਜਿਹੇ ਇਕ ਸਮੇਂ 1748 ਵਿਚ ਪੰਜ ਮਾਰਚ ਨੂੰ ਹੋਲਾ ਮਨਾ ਕੇ ਸਿੰਘ ਅਦੀਨਾਬੇਗ ਨੂੰ ਹਰਾਉਂਦੇ ਅੰਮ੍ਰਿਤਸਰ ਦੀ ਪਵਿੱਤਰਤਾ ਲਈ ਜੂਝਣ ਖ਼ਾਤਰ ਸਲਾਬਤ ਖਾਂ ਉਤੇ ਜਾ ਪਏ ਸਨ। 1753 ਵਿਚ ਅਦੀਨਾਬੇਗ ਨੇ ਹੋਲੇ ਮਹੱਲੇ ਦੇ ਮੌਕੇ 'ਤੇ ਹੀ ਸਿੰਘਾਂ ਉਤੇ ਹੱਲਾ ਬੋਲਿਆ ਸੀ। ਓਹ ਅਜਿਹੇ ਹੱਲਿਆਂ ਨੂੰ ਝਲਣਾ ਅਤੇ ਨਾਕਾਮ ਕਰਨਾ ਗਿੱਝ ਗਏ ਸਨ। ਕੁਝ ਸ਼ਹੀਦ ਹੋ ਗਏ, ਕੁੱਝ ਫੱਟੜ ਹੋ ਗਏ ਅਤੇ ਰਹਿੰਦਿਆਂ ਨੇ ਅਦੀਨਾਬੇਗ ਨੂੰ ਨਸਾ ਦਿੱਤਾ।

ਆਨੰਦਪੁਰ ਤਿਆਗ ਤੋਂ ਬਾਦ ਆਪਨੇ ਦਮਦਮੇ ਸਾਹਿਬ ਵੈਸਾਖੀ ਤੋਂ ਦੂਜੇ ਦਿਨ ਮਹੱਲਾ ਕੱਢਣ ਦੀ ਪਰਿਪਾਟੀ ਪਾਈ।

ਹੋਲੇ ਮਹੱਲੇ ਦੀ ਭਾਵਨਾ ਨੇ ਪੰਥ ਨੂੰ ਸੁਰਜੀਤ ਰੱਖਿਆ ਹੈ ਅਤੇ ਪੰਥ ਦੇ ਗਾਜ਼ੀਆਂ ਨੂੰ ਸਦਾ ਫ਼ਤਹ ਦੁਆਈ ਹੈ। ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਅਤੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹ ਦੇ ਨਾਹਰਿਆਂ ਨਾਲ ਹੀ ਸਿੰਘਾਂ ਨੇ ਵੈਰੀਆਂ ਨੂੰ ਭਾਜੜਾਂ ਪਾਈਆਂ ਹਨ। ਆਨੰਦਪੁਰ ਸਾਹਿਬ ਦੇ ਘੇਰਿਆਂ ਦੇ ਹਿੱਲੇ ਹੋਏ ਚਾਲੀ ਮੁਕਤਿਆਂ ਨੇ ਮੁਕਤਸਰ ਦੀ ਯੁੱਧ ਭੂਮੀ ਵਿਚ ਥੋੜੀ ਗਿਣਤੀ ਵਿਚ ਹੁੰਦਿਆਂ ਹੋਇਆਂ ਰਾਤ ਨੂੰ ਵੈਰੀ ਨੂੰ ਦੂਰ ਰੱਖਣ ਲਈ ਇਕ ਨਾਹਰੇ ਨਾਲ ਸਫਲਤਾ ਪ੍ਰਾਪਤ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਦੀ ਚਲਾਈ ਫ਼ਤਹ ਦਰਸ਼ਨ ਦੇ ਥਾਂ ਵਾਹਿਗੁਰੂ ਜੀ ਕੀ ਫ਼ਤਹ ਨੇ ਹੀ ਖਾਲਸੇ ਨੂੰ ਕਾਮਰਾਨੀ ਦਿੱਤੀ ਅਤੇ ਗੁਰੂ ਗੋਬਿੰਦ ਸਿੰਘ ਦੇ ਵਰਦਾਨ ਅਨੁਸਾਰ ਭੂਰੀਆਂ ਵਾਲ ਓੜਕ ਰਾਜੇ ਬਣੇ। ਹੁਣ ਤੱਕ ਵੀ ਸਿੱਖ ਯੋਧੇ ਸਤਿ ਸ੍ਰੀ ਅਕਾਲ ਦੇ ਨਾਹਰਿਆਂ ਨਾਲ ਚਮਤਕਾਰੀ ਕਰਤੱਬ ਕਰ ਵਿਖਾਉਂਦੇ

ਹਨ। ਮਸਲਨ 1948 ਦੇ ਕਸ਼ਮੀਰ ਉਤੇ ਕਬਾਇਲੀਆਂ ਦੇ ਹਮਲੇ ਵੇਲੇ ਸੂਰਬੀਰ ਸੂਬੇਦਾਰ ਨੰਦ ਸਿੰਘ ਵੀ. ਸੀ. ਨੇ ਤੀਹ ਸਿਪਾਹੀਆਂ ਨਾਲ ਕੋਹਾਲੇ ਦਾ ਪੁਲ ਪਾਰ ਕਰ ਕੇ ਪਾਕਿਸਤਾਨੀ ਇਲਾਕੇ ਵਿਚ ਦਮ ਤੋੜਿਆ। ਰਾਵਲਪਿੰਡੀ ਵਿਚ ਉਸ ਜੋਧੇ ਦੀ ਲਾਸ਼ ਦਾ ਜਲੂਸ ਪਾਕਿਸਤਾਨੀ ਮੁਜਾਹਦਾਂ ਨੇ ਕੱਢ ਕੇ ਬੜੇ ਫ਼ਖਰ ਨਾਲ ਆਖਿਆ ਸੀ ਕਿ ਵੇਖੋ ਅਸੀਂ ਏਡੇ ਵੱਡੇ ਭਾਰਤੀ ਲੜਾਕੇ ਨੂੰ ਮਾਰ ਦਿੱਤਾ ਹੈ। ਸ: ਮਹਿਬੂਬ ਸਿੰਘ ਰਿਟਾਇਰਡ ਸੂਬੇਦਾਰ ਮੇਜਰ ਅਨੁਸਾਰ ਸਤਿ ਸ੍ਰੀ ਅਕਾਲ' ਦੇ ਨਾਹਰੇ ਦੀ ਸਫਲਤਾ ਅਤੇ ਯੋਗਤਾ ਤੋਂ ਪ੍ਰਭਾਵਿਤ ਹੋ ਕੇ ਇਹ ਜ਼ਰੂਰੀ ਸਮਝਿਆ ਗਿਆ ਕਿ ਹਰ ਉਸ ਚੌਕੀ ਵਿਚ ਜਿਥੇ ਗੈਰ ਸਿੱਖ ਸਿਪਾਹੀ ਹੁੰਦੇ, ਇਕ ਦੋ ਸਿੰਘ ਸਿਪਾਹੀ ਭੇਜੇ ਜਾਣ ਜੋ ਸਤਿ ਸ੍ਰੀ ਅਕਾਲ ਦਾ ਨਾਹਰਾ ਅਸਲੀ ਸਿੱਖ ਧੁਨੀ ਵਿਚ ਲਗਾ ਸਕਣ ਕਿਉਂਕਿ ਕਬਾਇਲੀ ਸਿੱਖ ਸਿਪਾਹੀਆਂ ਅਤੇ ਗੈਰ ਸਿੱਖ ਸਿਪਾਹੀਆਂ ਦੇ ਨਾਹਰੇ ਦਾ ਫਰਕ ਪਛਾਨਣ ਲਗ ਪਏ ਸਨ। (ਖਾਲਸਾ ਐਡਵੋਕੇਟ ਅੰਮ੍ਰਿਤਸਰ ਨਵੰਬਰ 1965)

ਇਸ ਸਾਲ ਦਾ ਹੋਲਾ ਮਹੱਲਾ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਇੰਗਲੈਂਡ ਤੋਂ ਪਰਤੇ ਪਵਿੱਤਰ ਸ਼ਸਤਰਾਂ ਦੇ ਸਵਾਗਤ ਦੇ ਮਾਹੌਲ ਵਿਚ ਆ ਰਿਹਾ ਹੈ। ਕਲਗੀ ਵਾਲੇ ਦੀ ਕਲਗੀ ਭਾਵੇਂ ਹਾਲੇ ਅਲੋਪ ਹੈ, ਪਰ (ਜਲੰਧਰ ਦੇ ਇਕ ਅਖ਼ਬਾਰ ਮਿਤੀ 2.1.66 ਦੀ ਰੀਪੋਰਟ ਅਨੁਸਾਰ) ਯਕਮ ਜਨਵਰੀ 1966 ਦੀ ਸਵੇਰ ਨੂੰ ਜਦ ਪਵਿੱਤਰ ਸ਼ਸਤਰ ਹਵਾਈ ਜਹਾਜ਼ ਵਿੱਚੋਂ ਉਤਾਰੇ ਜਾ ਰਹੇ ਸਨ, ਚਿੱਟਾ ਬਾਜ਼ ਉਚੇ ਤੇ ਵਿਸ਼ਾਲ ਅਕਾਸ਼ ਵਿਚ ਤਰਾਰੇ ਭਰ ਰਿਹਾ ਸੀ, ਜਿਵੇਂ ਕਿ ਗੁਰੂ ਕੇ ਬਾਗ ਦੇ ਮੋਰਚੇ ਅਤੇ ਕਾਰ ਸੇਵਾ ਸਮੇਂ ਸ੍ਰੀ ਅੰਮ੍ਰਿਤਸਰ ਉਤੇ ਅਤੇ 1948 ਵਿਚ ਪਟਿਆਲੇ ਦੇ ਦੂਖ ਨਿਵਾਰਨ ਦੇ ਸਰੋਵਰ ਉਤੇ ਤਕਿਆ ਗਿਆ ਸੀ। ਇਉਂ ਹੋਲੇ ਮਹੱਲੇ ਦੀ ਭਾਵਨਾ ਹੋਰ ਵੀ ਤੀਬਰ ਹੋ ਉਠੀ ਹੈ। ਕੇਸਾਧਾਰੀ ਖ਼ਾਲਸਾ ਆਪਣੇ ਤਖਤ ਅਤੇ ਗੜ੍ਹ-ਕੇਸਗੜ੍ਹ ਸਾਹਿਬ ਉਤੇ ਇਸ ਦਿਨ ਆਪਣੇ ਅੰਮ੍ਰਿਤ ਦਾਤਾ ਗੁਰਦੇਵ ਪਿਤਾ ਦੀ ਯਾਦ ਵਿਚ ਜੁੜਦਾ ਹੈ। ਅਕਾਲ ਨੂੰ ਪੂਜਦਾ ਹੈ। 'ਦੁਕਾਲ ਪ੍ਰਣਾਸੀ ਦਯਾਲੰ ਸਰੂਪ। ਸਦਾ ਅੰਗ ਸੰਗੇ ਅਭੰਗੇ ਬਿਭੂਤੇ, ਦਾ ਧਿਆਨ ਧਰਦਾ ਹੈ, ਸਿਮਰਦਾ ਹੈ। ਉਹਦਾ ਕੀਰਤਨ ਕਰਦਾ ਉਹਦੇ ਜਮਾਲੀ ਅਤੇ ਜਲਾਲੀ ਰੂਪ ਨੂੰ ਹਿਰਦੇ ਵਿਚ ਵਸਾਂਦਾ ਹੈ। 'ਧਰਨ ਗਗਨ ਨਵ ਖੰਡ' ਨੂੰ ਸੁਰਖਰੂ ਹੋਇਆ ਤਕ ਕੇ ਸ਼ਾਇਰੇ ਸਿਦਕੋ ਸਫ਼ਾ 'ਗੋਇਆ' ਦੇ ਬੁੱਤੇ ਅੱਯਾਰੇ ਦੇ ਦਸਤੇ ਮੁਬਾਰਕ ਦੀ ਗੁਲਾਲ ਅਫ਼ਸਾਨੀ ਦੀ ਕਲਪਨਾ ਕਰਦਾ ਉਸ ਤੋਂ ਬਲਿਹਾਰ ਬਲਿਹਾਰ ਜਾਂਦਾ ਹੈ। ਆਪਣੇ ਆਤਮਕ ਬਲ ਅਤੇ ਸਰੀਰਕ ਸ਼ਕਤੀ ਦਾ ਪ੍ਰਗਟਾ ਕਰਨ ਲਈ ਮਹੱਲਾ ਕੱਢਦਾ ਹੈ, ਜੋ ਭਗਤੀ ਅਤੇ ਸ਼ਕਤੀ ਦਾ ਸੁਮੇਲ ਦਾ ਪ੍ਰਤੀਕ ਹੈ ਅਤੇ ਇਸ ਗੱਲ ਦੀ ਗਵਾਹੀ ਹੈ ਕਿ ਹੁਣ ਦਾ ਵਿਸ਼ਵਾ ਮਿੱਤਰ ਰਾਕਸ਼ਸ਼ਾਂ ਤੇ ਦੈਂਤਾਂ ਕੋਲੋਂ ਆਪਣੇ ਯਗ ਦੇ ਹਵਨ ਕੁੰਡ ਦੀ ਰਾਖੀ ਆਪਣੇ ਡੌਲਿਆਂ ਦੇ ਬਲ ਨਾਲ ਕਰ ਸਕਦਾ ਹੈ ਅਤੇ ਲੋੜ ਪੈਣ ਉਤੇ ਗੁਲਾਲ ਬਾਰੂਦ ਬਣ ਜਾਂਦਾ ਹੈ।

ਗੁਰਮਤਿ ਪ੍ਰਕਾਸ਼ ਮਾਰਚ 1966

ਹਥਲੀ ਪੁਸਤਕ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਮਹਾਨ ਸ਼ਖ਼ਸੀਅਤ, ਉਹਨਾਂ ਦਾ ਕਾਰਜ ਖੇਤਰ, ਬਾਣੀ, ਫਾਰਸੀ ਰਚਨਾਵਾਂ ਅਤੇ ਉਹਨਾਂ ਦੇ ਜੀਵਨ ਦੀਆਂ, ਘਟਨਾਵਾਂ ਦੀ ਖੋਜ ਭਰਪੂਰ ਜਾਣਕਾਰੀ ਦਰਜ ਹੈ। ਇਹ ਲੇਖ ਵੱਖ-ਵੱਖ ਸਮੇਂ ਵਿਚ ਪ੍ਰਮੁੱਖ ਪੱਤਰਕਾਵਾਂ ਵਿੱਚ ਛਪਦੇ ਰਹੇ, ਇਹਨਾਂ ਨੂੰ ਸੰਪਾਦਿਤ ਕਰਕੇ ਕਿਤਾਬੀ ਸੂਰਤ ਦਿੱਤੀ ਗਈ ਹੈ। ਦਸਮ ਪਾਤਸ਼ਾਹ ਦੀ ਵਿਚਾਰਧਾਰਾ, ਅਧਿਆਤਮਕ ਅਤੇ ਮਾਨਵਤਾਵਾਦੀ ਉਪਦੇਸ਼ ਨੂੰ ਉਹਨਾਂ ਨੇ ਬਹੁਤ ਡੂੰਘੀ ਸੋਚ, ਅਕਾਦਮਿਕ ਨੁਕਤਾ ਨਿਗਾਹ ਨਾਲ ਵਰਨਣ ਕੀਤਾ ਹੈ।

ਦਸਮ ਪਿਤਾ ਦੇ ਫਲਸਫੇ ਨਾਲ ਸੰਬੰਧਿਤ ਖੋਜ ਪੱਤਰ ਸਾਹਿਤਕ ਪੱਖੋਂ ਬਹੁਤ ਵਿਸ਼ੇਸ਼ਤਾ ਰੱਖਦੇ ਹਨ। ਲੇਖਕ ਨੇ ਬਹੁਤ ਤਰਕਸ਼ੀਲ ਤਰੀਕੇ ਨਾਲ ਹਰ ਵਿਸ਼ੇ ਨੂੰ ਜਾਚਿਆ ਅਤੇ ਆਪਣੀ ਵਿਵੇਕਪੂਰਣ ਰਾਏ ਬਹੁਤ ਸਫਲਤਾ ਪੂਰਵਕ ਪੇਸ਼ ਕੀਤੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਾਣੀ ਅਤੇ ਫਲਸਫੇ ਨਾਲ ਸੰਬੰਧਿਤ ਖੋਜ ਪੱਤਰ ਸੰਕਲਨ ਅਤੇ ਸੰਪਾਦਿਤ ਕਰਕੇ ਪੁਸਤਕ ਰੂਪ ਵਿਚ ਪ੍ਰਸਤੁਤ ਕਰਨ ਵਿਚ ਮੈਨੂੰ ਅਤਿਅੰਤ ਖੁਸ਼ੀ ਮਹਿਸੂਸ ਹੋ ਰਹੀ ਹੈ।

ਇੰਜ. ਕਰਮਜੀਤ ਸਿੰਘ

Forever Learning

ISBN 978-93-5068-302-6

9 789350 683026

www.unistarbooks.com ₹ 500/-